ਖਾਲਸੇ ਦੀ ਉਤਪਤੀ

ਜਿਲਦ ਦੂਜੀ

ਇੰਦੂਭੂਸ਼ਨ ਬੈਨਰਜੀ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਖਾਲਸੇ ਦੀ ਉਤਪਤੀ

(ਜਿਲਦ ਦੂਜੀ)

ਲੇਖਕ
ਇੰਦੂਭੂਸ਼ਨ ਬੈਨਰਜੀ

ਅਨੁਵਾਦਕ
ਪ੍ਰੀਤਪਾਲ ਸਿੰਘ ਅਤੇ ਐਸ. ਐਸ. ਸੋਢੀ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਵਿਸ਼ੇ-ਸੂਚੀ

+7

+7

+7

©
ਪੰਜਾਬੀ ਭਾਸ਼ਾ ਵਿਕਾਸ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

KHALSE DI **UTPATI** (*Punjabi*)
(A translation of *Evolution of the Khalsa*)
by
INDUBHUSHAN BANERJI

ਵਿਭਾਗੀ ਸੰਪਾਦਕ
ਬਲਬੀਰ ਸਿੰਘ ਨੰਦਾ

ISBN 81-7380-251-3

1996
ਕਾਪੀਆਂ : 1100
ਮੁੱਲ : 75-00

ਡਾਕਟਰ ਰਣਬੀਰ ਸਿੰਘ ਐਮ. ਏ., (ਅੰਗਰੇਜ਼ੀ), ਪੀ-ਐਚ. ਡੀ, ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵੱਲੋਂ ਪ੍ਰਕਾਸ਼ਿਤ ਅਤੇ ਮੈਂ/ਸ. ਫੈਰੀ ਪ੍ਰਿੰਟਰਜ਼, ਪਟਿਆਲਾ ਵਿਖੇ ਛਪੀ।

ਵਿਭਾਗੀ ਸ਼ਬਦ
(ਪਹਿਲਾ ਸੰਸਕਰਣ)

ਪੰਜਾਬੀ ਵਿਉਂਤ-ਵਿਕਾਸ ਵਿਭਾਗ ਅਤੇ ਅਨੁਵਾਦ ਵਿਭਾਗ ਵੱਲੋਂ ਯੂਨੀਵਰਸਿਟੀ ਦੀ ਪ੍ਰਮੁੱਖ ਨੀਤੀ ਦੀ ਪੂਰਤੀ ਲਈ ਪੰਜਾਬੀ ਵਿਕਾਸ ਲਈ ਆਮ ਕਰਕੇ ਅਤੇ ਉੱਚ-ਪੱਧਰੀ ਸਿਖਿਆ ਦੇ ਮਾਧਿਅਮ ਪਰਿਵਰਤਨ ਲਈ ਖ਼ਾਸ ਕਰਕੇ ਬਾਕਾਇਦਾ ਉਪਰਾਲੇ ਕੀਤੇ ਜਾ ਰਹੇ ਹਨ। ਇਸ ਲਈ ਵੱਖ ਵੱਖ ਮਜ਼ਮੂਨਾਂ ਉਪਰ ਮੌਲਿਕ ਕਿਤਾਬਾਂ ਤਿਆਰ ਕੀਤੀਆਂ ਜਾ ਰਹੀਆਂ ਹਨ ਅਤੇ ਕੁਝ ਪ੍ਰਮਾਣਿਕ ਪੁਸਤਕਾਂ ਦਾ ਅਨੁਵਾਦ ਵੀ ਕਰਵਾਇਆ ਜਾ ਰਿਹਾ ਹੈ। ਹੁਣ ਜਦ ਕਿ ਯੂਨੀਵਰਸਿਟੀ ਨੇ 1981-82 ਦੇ ਅਕਾਦਮਿਕ ਸਾਲ ਤੋਂ ਐਮ. ਏ. ਦੇ ਕੁਝ ਇਮਤਿਹਾਨਾਂ ਲਈ ਪੰਜਾਬੀ ਮਾਧਿਅਮ ਦੀ ਛੋਟ ਦੇਣ ਦਾ ਫੈਸਲਾ ਲੈ ਲਿਆ ਹੈ, ਇਹ ਵਧੇਰੇ ਲਾਜ਼ਮੀ ਹੋ ਗਿਆ ਹੈ ਕਿ ਇਹਨਾਂ ਵਿਸ਼ਿਆਂ ਬਾਰੇ ਪੁਸਤਕਾਂ ਪ੍ਰਕਾਸ਼ਿਤ ਕਰਕੇ ਵਿਦਿਆਰਥੀਆਂ ਤਕ ਪਹੁੰਚਾਈਆਂ ਜਾਣ। ਇਤਿਹਾਸ ਵੀ ਇਹਨਾਂ ਮਜ਼ਮੂਨਾਂ ਵਿਚੋਂ ਇਕ ਹੈ ਜਿਸ ਦੀ ਐਮ. ਏ. ਦੇ ਇਮਤਿਹਾਨ ਲਈ ਛੋਟ ਦਿੱਤੀ ਗਈ ਹੈ।

ਇਹ ਹੱਥਲੀ ਪੁਸਤਕ ਪ੍ਰੋਫ਼ੈਸਰ ਇੰਦੂਭੂਸ਼ਨ ਬੈਨਰਜੀ ਦੀ ਪ੍ਰਸਿੱਧ ਪੁਸਤਕ "ਐਵੋਲਿਊਸ਼ਨ ਆਫ਼ ਦੀ ਖਾਲਸਾ" ਦੀ ਜਿਲਦ ਦੂਜੀ ਦਾ ਪੰਜਾਬੀ ਅਨੁਵਾਦ ਹੈ। ਜਿਲਦ ਪਹਿਲੀ ਦਾ ਅਨੁਵਾਦ ਇਸ ਵਿਭਾਗ ਵਲੋਂ ਪਹਿਲਾਂ ਹੀ ਛਾਪਿਆ ਜਾ ਚੁੱਕਿਆ ਹੈ। ਇਹਨਾਂ ਦੋਹਾਂ ਜਿਲਦਾਂ ਦੇ ਛਪਣ ਨਾਲ ਗੁਰੂ ਕਾਲ ਦਾ ਇਤਿਹਾਸ ਪੂਰਾ ਹੋ ਜਾਂਦਾ ਹੈ। ਪਹਿਲੀ ਜਿਲਦ ਵਿਚ ਪਹਿਲੇ ਪੰਜ ਗੁਰੂ ਸਾਹਿਬਾਨਾਂ ਦੇ ਸਮੇਂ ਦੇ ਇਤਿਹਾਸ ਦਾ ਵਰਣਨ ਹੈ ਅਤੇ ਇਸ ਦੂਸਰੀ ਜਿਲਦ ਵਿਚ ਗੁਰੂ ਹਰਿਗੋਬਿੰਦ ਸਾਹਿਬ ਤੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤਕ ਦਾ ਜ਼ਿਕਰ ਹੈ। ਇਹ ਇਕ 'ਇਤਿਹਾਸਕ ਸੰਜੋਗ' ਦੀ ਗੱਲ ਹੈ ਕਿ ਪੰਜਾਬ ਦੇ ਇਤਿਹਾਸ ਵਿਚ 'ਗੁਰੂ ਕਾਲ' ਅਤੇ ਭਾਰਤ ਦੇ ਇਤਿਹਾਸ ਦਾ 'ਕਾਰਗਰ ਮੁਗ਼ਲ ਕਾਲ' ਦੋਵੇਂ ਹੀ ਸਮਕਾਲੀ ਕਾਲ ਹਨ। ਪੰਜਾਬ ਦੇ ਇਸ ਵੇਲੇ ਦੇ ਇਤਿਹਾਸ ਦਾ ਪ੍ਰਭਾਵ ਸਹਿਜੇ ਹੀ ਅਨੁਭਵ ਕੀਤਾ ਜਾ ਸਕਦਾ ਹੈ।

ਇਹ ਪੁਸਤਕ ਪ੍ਰੋਫ਼ੈਸਰ ਬੈਨਰਜੀ ਨੇ ਆਪਣੇ ਪੜ੍ਹਾਉਣ ਦੇ ਲੰਮੇ ਸਮੇਂ ਦੇ ਤਜਰਬੇ ਤੋਂ ਲਿਖੀ ਸੀ ਅਤੇ ਗੁਰੂ ਕਾਲ ਦੇ ਇਤਿਹਾਸ ਵਿਚ ਪਏ ਕੁਝ ਸ਼ੰਕੇ ਦੂਰ ਕਰਨ ਦਾ ਉਪਰਾਲਾ ਵੀ ਇਸ ਵਿਦਵਾਨ ਨੇ ਕੀਤਾ ਹੈ। ਪੁਸਤਕ ਦੇ ਅਖੀਰ ਵਿਚ ਪ੍ਰੋਫ਼ੈਸਰ ਬੈਨਰਜੀ ਨੇ ਚਾਰ ਪਰਿਸ਼ਿਸ਼ਟ ਸ਼ਾਮਲ ਕੀਤੇ ਹਨ ਜਿਹਨਾਂ ਵਿਚੋਂ ਪਰਿਸ਼ਿਸ਼ਟ 'ੳ' ਗੁਰੂ ਹਰਿਗੋਬਿੰਦ ਦੇ ਕਾਲ-ਕ੍ਰਮ ਅਤੇ ਪਰਿਸ਼ਿਸ਼ਟ 'ਅ' ਗੁਰੂ ਗੋਬਿੰਦ ਸਿੰਘ ਜੀ ਦੇ ਕਾਲ-ਕ੍ਰਮ ਬਾਰੇ ਹੈ। ਪ੍ਰੋਫ਼ੈਸਰ ਬੈਨਰਜੀ ਨੇ ਇਹਨਾਂ ਪਰਿਸ਼ਿਸ਼ਟਾਂ ਵਿਚ ਇਹਨਾਂ ਦੋਹਾਂ ਗੁਰੂ ਸਾਹਿਬਾਨਾਂ

ਦੇ ਕਾਲ-ਕ੍ਰਮਾਂ ਨੂੰ ਵਧੇਰੇ ਨਿਸ਼ਚਿਤ ਰੂਪ ਵਿਚ ਸਪੱਸ਼ਟ ਕਰਨ ਦਾ ਉਪਰਾਲਾ ਕੀਤਾ ਹੈ। ਖ਼ਾਸ ਤੌਰ ਤੇ ਗੁਰੂ ਹਰਿਗੋਬਿੰਦ ਜੀ ਦੀ ਕੈਦ ਦੇ ਸਮੇਂ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਕੌਮੀ ਜੀਵਨ ਦੇ ਸ਼ੁਰੂ ਹੋਣ ਦੇ ਸਮੇਂ ਬਾਰੇ ਵਿਸ਼ੇਸ਼ ਸਪੱਸ਼ਟਤਾ ਪ੍ਰਦਾਨ ਕੀਤੀ ਹੈ। ਪਰਿਸ਼ਿਸ਼ਟ 'ੲ' ਵਿਚ ਬਚਿੱਤ੍ਰ ਨਾਟਕ ਦਿੱਤਾ ਗਿਆ ਹੈ ਜਿਹੜਾ ਕਿ ਉਸ ਸਮੇਂ ਦੇ ਰਾਜਨੀਤਿਕ ਇਤਿਹਾਸ ਦੇ ਵਿਦਿਆਰਥੀਆਂ ਲਈ ਲਾਭਦਾਇਕ ਹੈ। ਪਰਿਸ਼ਿਸ਼ਟ 'ਸ' ਵਿਚ ਇਕ ਸੰਖੇਪ ਪੁਸਤਕਾਵਲੀ ਦਿੱਤੀ ਗਈ ਹੈ ਜਿਸ ਵਿਚ ਗੁਰਮੁੱਖੀ, ਫ਼ਾਰਸੀ ਅਤੇ ਅੰਗਰੇਜ਼ੀ ਦੀਆਂ ਕੁਝ ਕੁ ਮਹੱਤਵਪੂਰਨ ਹਵਾਲਾ-ਪੁਸਤਕਾਂ ਦਾ ਜ਼ਿਕਰ ਕੀਤਾ ਗਿਆ ਹੈ।

ਇਸ ਪੁਸਤਕ ਦਾ ਅਨੁਵਾਦ ਸ. ਪ੍ਰੀਤਪਾਲ ਸਿੰਘ ਅਤੇ ਸ. ਐਸ. ਐਸ. ਸੋਢੀ ਦੁਆਰਾ ਕੀਤਾ ਗਿਆ ਹੈ। ਅਨੁਵਾਦਕਾਂ ਹਰ ਸੰਭਵ ਯਤਨ ਕੀਤਾ ਹੈ ਕਿ ਇਸ ਪੁਸਤਕ ਨੂੰ ਸਰਲ ਭਾਸ਼ਾ ਵਿਚ ਵਿਦਿਆਰਥੀਆਂ ਅਗੇ ਪੇਸ਼ ਕੀਤਾ ਜਾਵੇ। ਪੂਰੀ ਉਮੀਦ ਹੈ ਕਿ ਇਹ ਪੁਸਤਕ ਜਿਥੇ ਅਧਿਆਪਕਾਂ ਅਤੇ ਵਿਦਿਆਰਥੀਆਂ ਲਈ ਸਹਾਈ ਸਿੱਧ ਹੋਵੇਗੀ ਉਥੇ ਆਮ ਪਾਠਕ ਵੀ ਇਸ ਤੋਂ ਲਾਭ ਪ੍ਰਾਪਤ ਕਰ ਸਕਣਗੇ।

ਪੰਜਾਬੀ ਵਿਕਾਸ, **ਅਮਰਜੀਤ ਸਿੰਘ**
ਪੰਜਾਬੀ ਯੂਨੀਵਰਸਿਟੀ, ਪਟਿਆਲਾ ਡਾਇਰੈਕਟਰ

ਪਹਿਲੇ ਸੰਸਕਰਣ ਦੀ ਭੂਮਿਕਾ

ਇਸ ਪੁਸਤਕ ਦੀ ਪਹਿਲੀ ਸੈਂਚੀ ਸੰਨ 1936 ਵਿਚ ਪ੍ਰਕਾਸ਼ਿਤ ਕੀਤੀ ਗਈ ਸੀ ਅਤੇ ਦੂਸਰੀ ਸੈਂਚੀ ਵਿਚ ਇਤਨਾ ਸਮਾਂ ਲੈਣ ਕਾਰਣ ਮੈਂ ਆਪਣੇ ਪਾਠਕਾਂ ਤੋਂ ਖਿਮਾਂ ਦਾ ਜਾਚਕ ਹਾਂ। ਪਰ ਇਹ ਦੇਰੀ ਅਜਿਹੇ ਹਾਲਾਤ ਕਾਰਣ ਹੋਈ ਹੈ ਜਿਨ੍ਹਾਂ ਉਤੇ ਮੇਰਾ ਕੋਈ ਨਿਯੰਤਰਣ ਨਹੀਂ ਸੀ ਅਤੇ ਹੁਣ ਵੀ, ਜਦੋਂ ਅੰਤ ਨੂੰ ਇਹ ਪੁਸਤਕ ਪ੍ਰਕਾਸ਼ਿਤ ਹੋ ਰਹੀ ਹੈ, ਮੈਂ ਇਸ ਨੂੰ ਅਜਿਹੇ ਰੂਪ ਵਿਚ ਨਹੀਂ ਪੇਸ਼ ਕਰ ਸਕਿਆ ਜਿਸ ਰੂਪ ਵਿਚ ਮੈਂ ਇਸ ਨੂੰ ਪੇਸ਼ ਕਰਨਾ ਚਾਹੁੰਦਾ ਸਾਂ। ਮੈਨੂੰ ਵਿਸ਼ੇਸ਼ ਤੌਰ ਤੇ ਅਫ਼ਸੋਸ ਹੈ ਕਿ ਛਾਪੇਖ਼ਾਨੇ ਦੀਆਂ ਔਕੜਾਂ ਕਰਕੇ ਮੈਂ ਪੁਸਤਕ ਵਿਚ ਮਾਤਰਿਕ ਚਿੰਨ੍ਹ ਨਹੀਂ ਦੇ ਸਕਿਆ, ਭਾਵੇਂ, ਮੈਂ ਉਮੀਦ ਕਰਦਾ ਹਾਂ, ਕਿ ਅੰਤਿਕਾ ਵਿਚ ਦਿੱਤੀ ਸ਼ਬਦਾਵਲੀ ਇਸ ਨੂੰ ਕਾਫ਼ੀ ਪੂਰਾ ਕਰ ਦੇਵੇਗੀ।

ਮੈਂ ਆਪਣੇ ਮਿੱਤਰ ਅਤੇ ਸਾਥੀ, ਡਾ. ਏ. ਸੀ. ਬੈਨਰਜੀ, ਦਾ ਬਹੁਤ ਆਭਾਰੀ ਹਾਂ ਜਿਨ੍ਹਾਂ ਵੱਲੋਂ ਖਿੜੇ ਮੱਥੇ ਕੀਤੀ ਗਈ ਸਹਾਇਤਾ ਤੋਂ ਬਿਨਾਂ, ਵਰਤਮਾਨ ਔਕੜਾਂ ਭਰੇ ਹਾਲਾਤ ਵਿਚ, ਇਹ ਪੁਸਤਕ ਛਪਾਉਣਾ ਮੇਰੇ ਲਈ ਅਸੰਭਵ ਹੋਣਾ ਸੀ। ਮੈਸਰਜ਼ ਏ. ਮੁਕਰਜੀ ਅਤੇ ਕੰਪਨੀ ਦੇ ਸ੍ਰੀ ਏ. ਮੁਕਰਜੀ ਦਾ ਵੀ ਮੈਂ ਧੰਨਵਾਦੀ ਹਾਂ ਜਿਨ੍ਹਾਂ ਨੇ ਮੇਰੀ ਲਗਾਤਾਰ ਸਹਾਇਤਾ ਕੀਤੀ ਹੈ।

ਇੰਦੂਭੂਸ਼ਨ ਬੈਨਰਜੀ

ਕਲਕੱਤਾ
20 ਜੂਨ, 1947

ਅਧਿਆਇ 1

ਗੁਰੂ ਹਰਿਗੋਬਿੰਦ ਸਾਹਿਬ
ਅਤੇ
ਹਥਿਆਰਬੰਦ ਪ੍ਰਤਿਰੋਧ ਦਾ ਆਰੰਭ

I. ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ

ਇਹ ਕਿਹਾ ਜਾ ਚੁਕਿਆ ਹੈ ਕਿ ਸੁਧਾਰਾਂ ਦੇ ਫਲਸਰੂਪ, ਵਿਸ਼ੇਸ਼ ਕਰਕੇ ਗੁਰੂ ਅਰਜਨ ਜੀ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੁਆਰਾ ਕੀਤੇ ਸੰਗਠਨ ਕਾਰਨ, "ਹੌਲੇ ਹੌਲੇ ਇਕ ਰਾਜ ਹੋਂਦ ਵਿਚ ਆ ਚੁਕਾ ਸੀ, ਜਿਹੜਾ ਸ਼ਾਂਤਮਈ ਅਤੇ ਬੇਲਾਗ ਸੀ"[1] ਅਤੇ ਸਿੱਖ ਭਾਈਚਾਰਾ, "ਰਾਜ ਦੇ ਅੰਤਰਗਤ ਰਾਜ" ਅਰਥਾਤ ਮੁਗਲ ਸਾਮਰਾਜ ਅੰਦਰ ਇਕ ਵੱਖਰੀ ਰਾਜ ਪ੍ਰਬੰਧ ਦੀ ਸਥਿਤੀ ਪ੍ਰਾਪਤ ਕਰ ਚੁਕਿਆ ਸੀ। ਇਹ ਪ੍ਰਸ਼ਨ ਸਹਿਜੇ ਹੀ ਉਠਾਇਆ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੁਆਰਾ ਲਿਆਂਦੇ ਗਏ ਸੁਧਾਰਾਂ ਨੂੰ ਸਿੱਧੇ ਤੌਰ ਤੇ ਰਾਜਸੀ ਆਸ਼ੇ ਨਾਲ ਸੰਬੰਧਿਤ ਦਸਿਆ ਜਾ ਸਕਦਾ ਹੈ ਪਰੰਤੂ ਇਨ੍ਹਾਂ ਸੁਧਾਰਾਂ ਨੇ ਬਹੁਤ ਹੱਦ ਤਕ ਉਸ ਰਾਜਸੀ ਉੱਨਤੀ ਦਾ ਰਾਹ ਤਿਆਰ ਕੀਤਾ ਜਿਹੜੀ ਗੁਰੂ ਅਰਜਨ ਜੀ ਦੇ ਉੱਤਰਾਧਿਕਾਰੀਆਂ ਸਮੇਂ ਸਿੱਖਾਂ ਨੂੰ ਨਸੀਬ ਹੋਈ। 1604 ਈਸਵੀ ਤਕ ਸੁਯੋਗ ਅਤੇ ਵਿਸ਼ਾਲ ਜਥੇਬੰਦੀ ਦੀ ਅਗਵਾਈ ਹੇਠ ਸਿੱਖ ਬਹੁਤ ਹੱਦ ਤਕ ਇਕ ਸੰਗਠਿਤ ਸੰਪਰਦਾਇ ਵਿਚ ਬਝ ਚੁਕੇ ਸਨ, ਜਿਹੜੀ ਕਿ ਪ੍ਰਾਂਤ ਦੀਆਂ ਸੀਮਾਵਾਂ ਤੋਂ ਵੀ ਪਾਰ ਫੈਲ ਰਹੀ ਸੀ। 'ਸੰਗਤ' ਅਤੇ 'ਮਸੰਦ' ਸੰਸਥਾਵਾਂ ਨੇ ਨਾ ਕੇਵਲ ਸਿੱਖਾਂ ਨੂੰ ਸੰਗਠਿਤ ਅਤੇ ਆਪਣੇ ਨੇਤਾ ਨਾਲ ਜੋੜੀ ਰਖਿਆ, ਸਗੋਂ ਸਾਂਝੇ ਕਾਰਜਾਂ ਲਈ ਪੈਸੇ ਦਾ ਪ੍ਰਬੰਧ ਵੀ ਕੀਤਾ ਅਤੇ ਉਨ੍ਹਾਂ ਦੀ ਇਕ ਪ੍ਰਕਾਰ ਦੇ ਸ੍ਵੈਸ਼ਾਸਨ ਨਾਲ ਜਾਣਕਾਰੀ ਕਰਵਾਈ, ਭਾਵੇਂ ਇਹ ਸ਼ਾਸਨ ਕਿੰਨਾ ਹੀ ਅਧੂਰਾ ਸੀ। ਉਦਾਸੀਆਂ ਤੋਂ ਨਿਖੇੜ ਅਤੇ ਸੰਨਿਆਸੀਆਂ ਲਈ ਦਰਵਾਜ਼ੇ ਬੰਦ ਹੋਣ ਕਾਰਨ ਸਿੱਖ ਧਰਮ ਦੁਨੀਆਦਾਰਾਂ ਦਾ ਧਰਮ ਬਣ ਗਿਆ ਸੀ—ਇਕ ਅਜੇਹਾ ਧਰਮ ਜਿਸ ਦਾ ਆਸ਼ਾ ਯੋਗ ਦੁਨਿਆਵੀ ਧੰਧਿਆਂ ਨੂੰ ਸੱਚੇ ਧਾਰਮਿਕ ਜੀਵਨ ਨਾਲ ਇਕਸੁਰ ਕਰਨਾ ਸੀ। ਅਜੇਹੀ ਵਿਸ਼ਾਲ ਜਥੇਬੰਦੀ ਲਈ ਇਕ ਧਾਰਮਿਕ ਉਪਦੇਸ਼ਕ ਦਾ ਆਗੂ ਹੋਣਾ, ਜਿਸ ਦੇ ਅਨੁਯਾਈਆਂ ਨੂੰ ਆਪਣੇ ਗੁਰੂ ਲਈ ਸਭ ਕੁਝ ਵਾਰ ਦੇਣ ਦੀ ਸਿਖਿਆ ਦਿੱਤੀ ਗਈ ਹੋਵੇ ਅਤੇ ਜਿਨ੍ਹਾਂ ਦੇ ਭਰਾਤਰੀ ਭਾਵ ਅਤੇ ਪਰਸਪਰ ਪਿਆਰ ਭਾਵਨਾ ਹੋਰ ਸਾਰੀਆਂ ਭਾਵਨਾਵਾਂ ਨਾਲੋਂ ਪ੍ਰਬਲ ਸਨ, ਇਕ ਸਰਬਉੱਚ ਅਤੇ ਅਤਿਅੰਤ ਸ਼ਲਾਘਾਯੋਗ ਕਾਰਜ ਸੀ, ਅਤੇ ਇਹ ਸਥਾਪਿਤ ਰਾਜ ਦੇ ਟਿਕਾਉ ਨੂੰ ਹਿਲਾ ਸਕਦੀ ਸੀ ਅਤੇ ਸਪੱਸ਼ਟ ਤੌਰ ਤੇ ਇਕ ਅਜੇਹਾ ਸੰਕਟ

---

1. Narang, *Transformation of Sikhism* (Second Edition), p. 76

ਆ ਰਿਹਾ ਸੀ ਜਦੋਂ ਸਿੱਧੀ ਟਕਰ ਨੂੰ ਟਾਲਣਾ ਮੁਸ਼ਕਿਲ ਸੀ।

ਇਹ ਸੰਕਟ ਇਸ ਨਾਲ ਹੋਰ ਤੀਬਰ ਹੋ ਗਿਆ ਜਿਸ ਨੂੰ ਗੁਰੂ ਅਰਜਨ ਦੇਵ ਦੇ ਜੀਵਨ ਦੀ ਇਕੋ ਇਕ ਗਲਤੀ ਕਿਹਾ ਗਿਆ ਹੈ। ਕਿਵੇਂ ਨਾ ਕਿਵੇਂ ਗੁਰੂ ਅਰਜਨ ਦੇਵ ਸ਼ਹਿਜ਼ਾਦਾ ਖੁਸਰੋ ਦੀ ਬਗਾਵਤ ਵਿਚ ਉਲਝ ਗਏ ਅਤੇ ਉਨ੍ਹਾਂ ਨੂੰ ਸ਼ਹਿਨਸ਼ਾਹ ਜਹਾਂਗੀਰ ਦੇ ਹੁਕਮ ਅਨੁਸਾਰ ਮੌਤ ਦੀ ਸਜ਼ਾ ਦਿੱਤੀ ਗਈ। ਸ਼ਹਿਜ਼ਾਦੇ ਦੀ ਬਗਾਵਤ ਵਿਚ ਗੁਰੂ ਜੀ ਦਾ ਭਾਗ ਲੈਣਾ ਕਿਸ ਪ੍ਰਕਾਰ ਦਾ ਸੀ, ਕੁਝ ਅਨਿਸ਼ਚਿਤ ਹੈ, ਪਰੰਤੂ ਇਹ ਸਪੱਸ਼ਟ ਹੈ ਕਿ ਇਹ ਨਾ ਬਹੁਤਾ ਗੰਭੀਰ ਸੀ ਤੇ ਨਾ ਹੀ ਬਹੁਤ ਵਿਸਤ੍ਰਿਤ ਸੀ। ਜਹਾਂਗੀਰ[1] ਲਿਖਦਾ ਹੈ, "ਆਖੀਰ ਜਦ ਖੁਸਰੋ ਇਸ ਸੜਕ ਤੋਂ ਲੰਘਿਆ ਤਾਂ ਇਸ ਤੁਛ ਜਿਹੇ ਆਦਮੀ (ਗੁਰੂ ਅਰਜਨ ਦੇਵ) ਨੇ ਉਸ ਨੂੰ ਮਿਲਣ ਦੀ ਵਿਉਂਤ ਬਣਾਈ। ਅਜੇਹਾ ਹੋਇਆ ਕਿ ਜਿਥੇ ਉਹ ਸੀ, ਖੁਸਰੋ ਵੀ ਉਥੇ ਆ ਠਹਿਰਿਆ ਅਤੇ ਉਸ ਨੇ ਬਾਹਰ ਆ ਕੇ ਸ਼ਰਧਾਂਜਲੀ ਭੇਟ ਕੀਤੀ। ਉਸ ਨੇ ਖੁਸਰੋ ਨਾਲ ਵਿਸ਼ੇਸ਼ ਢੰਗ ਨਾਲ ਵਿਵਹਾਰ ਕੀਤਾ ਅਤੇ ਉਸ ਦੇ ਮੱਥੇ ਉਤੇ ਕੇਸਰ ਦਾ ਨਿਸ਼ਾਨ ਲਾਇਆ, ਜਿਸ ਨੂੰ ਹਿੰਦੂ 'ਤਿਲਕ' ਆਖਦੇ ਹਨ ਤੇ ਜੋ ਸ਼ੁਭ ਸ਼ਗਨ ਸਮਝਿਆ ਜਾਂਦਾ ਹੈ।" ਦੂਜੇ ਪਾਸੇ ਮੋਹਸਿਨ ਫ਼ਾਨੀ ਆਖਦਾ ਹੈ ਕਿ ਗੁਰੂ ਨੇ ਖੁਸਰੋ ਲਈ ਕੇਵਲ ਅਰਦਾਸ ਹੀ ਕੀਤੀ ਸੀ,[2] ਜਦ ਕਿ ਮੈਕਾਲਿਫ ਦਾ ਵਿਚਾਰ ਹੈ ਕਿ ਦਇਆ ਵਜੋਂ ਗੁਰੂ ਨੇ ਸ਼ਹਿਜ਼ਾਦੇ ਨੂੰ ਕਾਬੁਲ ਵਲ ਭੇਜਣ ਦੇ ਖਰਚ ਲਈ ਪੰਜ ਹਜ਼ਾਰ ਰੁਪਏ ਦਿੱਤੇ ਸਨ।[3] ਕਿਵੇਂ ਵੀ ਹੋਵੇ, ਇਸ ਵਿਚ ਸ਼ੱਕ ਨਹੀਂ ਕਿ ਗੁਰੂ ਜੀ ਨੇ ਆਪਣੇ ਆਪ ਨੂੰ ਪੱਕੀ ਤਰ੍ਹਾਂ ਸ਼ੱਕੀ ਕਰ ਲਿਆ ਅਤੇ ਸ਼ਹਿਜ਼ਾਦੇ ਦੀ ਬਗਾਵਤ ਵਿਚ ਉਨ੍ਹਾਂ ਦਾ ਅਖੌਤੀ ਹਿੱਸਾ ਭਾਵੇਂ ਕਿੰਨਾ ਹੀ ਮਾਮੂਲੀ ਸੀ ਪਰ ਇਹ ਗੰਭੀਰ ਜੁਰਮ ਸਮਝਿਆ ਜਾ ਸਕਦਾ ਸੀ ਅਤੇ ਸਮਝਿਆ ਗਿਆ।

ਪਰ ਸਿੱਖ ਲੇਖਕ ਇਸ ਮੁਆਮਲੇ ਨੂੰ ਕੁਝ ਵਖਰੇ ਢੰਗ ਨਾਲ ਪੇਸ਼ ਕਰਦੇ ਹਨ। ਇਨ੍ਹਾਂ ਵਿਚੋਂ ਕੁਝ ਗੁਰੂ ਜੀ ਦਾ ਖੁਸਰੋ ਦੀ ਬਗਾਵਤ ਵਿਚ ਹੱਥ ਹੋਣ ਬਾਰੇ ਬਿਲਕੁਲ ਚੁਪ ਹਨ ਅਤੇ ਗੁਰੂ ਜੀ ਦੇ ਕਤਲ ਦਾ ਮੂਲ ਕਾਰਨ ਚੰਦੂ ਸ਼ਾਹ ਦੀਆਂ ਸਾਜ਼ਿਸ਼ਾਂ ਦਸਦੇ ਹਨ। ਉਹ ਉਦੋਂ ਤੋਂ ਹੀ ਗੁਰੂ ਜੀ ਦਾ ਕੱਟੜ ਦੁਸ਼ਮਣ ਬਣ ਗਿਆ ਹੋਇਆ ਸੀ ਜਦੋਂ ਕਿ ਗੁਰੂ ਜੀ ਨੇ ਚੰਦੂ ਦੀ ਧੀ ਦਾ ਰਿਸ਼ਤਾ ਅਪਣੇ ਪੁੱਤਰ ਲਈ ਲੈਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਇਸ ਨਾਲ "ਚੰਦੂ ਲੋਕਾਂ ਦੀਆਂ ਨਜ਼ਰਾਂ ਵਿਚ ਬੇਪਤ ਹੋ ਗਿਆ ਸੀ।"[4] ਸਾਨੂੰ ਇਹ ਦਸਿਆ ਗਿਆ ਹੈ ਕਿ ਇਸ ਅੰਤਿਮ ਘਟਨਾ ਤੋਂ ਪਹਿਲਾਂ ਵੀ ਚੰਦੂ ਸ਼ਾਹ ਗੁਰੂ ਜੀ ਦੇ ਵਿਰੁੱਧ ਸ਼ਹਿਨ-ਸ਼ਾਹ ਦੇ ਕੰਨ ਭਰਨ ਦਾ ਕਈ ਵਾਰ ਜਤਨ ਕਰ ਚੁਕਾ ਸੀ ਪਰ ਵਿਸ਼ਾਲ ਦਿਲ ਅਕਬਰ

1. ਰੋਜਰਜ਼ ਅਤੇ ਬਿਵਰਿਜ, ਤੁਜ਼ਕ-ਏ-ਜਹਾਂਗੀਰੀ, ਸੈਂਚੀ ਪਹਿਲੀ, ਪੰਨਾ 72
2. ਟਰੋਇਰ ਅਤੇ ਸ਼ੀਆ, ਦਬਿਸਤਾਨ, ਸੈਂਚੀ ਦੂਜੀ, ਪੰਨਾ 272
3. Macauliffe, *Sikh Religion*, Vol. III, p. 85.
4. ਸਿੱਖਾਂ ਦੇ ਰਾਜ ਦੀ ਵਿਥਿਆ ਵਿਚ ਅੰਕਿਤ ਚੰਦੂ ਸ਼ਾਹ ਦਾ ਨਿਰਾਦਰ, ਜਿਵੇਂ ਕਿ ਨਾਰੰਗ ਸਾਨੂੰ ਦਸਦਾ ਹੈ (ਉਪਰੋਕਤ ਰਚਨਾ, ਪੰਨਾ 80 ਫੁ. ਨੋ. 1) ਆਦਰ-ਇੱਜ਼ਤ ਦੇ ਇਸ ਝੂਠੇ ਸੰਕਲਪ ਤੋਂ ਪੈਦਾ ਹੁੰਦਾ ਹੈ ਕਿ ਕੁਲੀਨ ਖਤਰੀ ਜੇਕਰ ਆਪਣੀ ਧੀ ਲਈ ਇਕ ਵਾਰ ਵਰ ਚੁਣ ਲਏ ਤਾਂ ਉਸ ਦੀ ਦੂਜੀ ਥਾਂ ਸ਼ਾਦੀ ਨਹੀਂ ਕਰਦਾ।

ਉਸ ਦੇ ਮਨਸੂਬਿਆਂ ਨੂੰ ਸਮਝਣ ਲਈ ਕਾਫ਼ੀ ਸਿਆਣਾ ਸੀ ਕਿਉਂਕਿ ਵਿਸ਼ੇਸ਼ ਤੌਰ ਤੇ ਉਹ ਗੁਰੂ ਜੀ ਦੇ ਆਚਰਣ ਅਤੇ ਪਵਿਤਰਤਾ ਬਾਰੇ ਬੜੀ ਉੱਚੀ ਰਾਏ ਰਖਦਾ ਸੀ। ਪਰੰਤੂ ਅਕਬਰ ਦੀ ਮੌਤ ਅਤੇ ਜਹਾਂਗੀਰ ਦੀ ਜਾਨਸ਼ੀਨੀ ਨਾਲ ਚੰਦੂ ਨੂੰ ਇੱਛਿਤ ਮੌਕਾ ਮਿਲ ਗਿਆ ਅਤੇ ਅੰਤ ਵਿਚ ਉਹ ਸਫਲ ਹੋ ਗਿਆ।[1] ਦੂਜੀਆਂ ਲਿਖਤਾਂ ਗੁਰੂ ਜੀ ਦਾ ਖੁਸਰੋ ਨੂੰ ਸਹਾਇਤਾ ਦੇਣਾ ਮੰਨਦੀਆਂ ਹਨ ਪਰੰਤੂ ਇਸ ਨੂੰ ਚੰਦੂ ਸ਼ਾਹ ਦੀ ਸਾਜ਼ਿਸ਼ ਨਾਲੋਂ ਬਹੁਤ ਘਟ ਮਹਾਨਤਾ ਵਾਲਾ ਦਿਖਾਉਂਦੀਆਂ ਹਨ। ਇਹ ਵੀ ਕਿਹਾ ਗਿਆ ਹੈ ਕਿ ਪ੍ਰਿਥੀਏ ਦੀਆਂ ਸਾਜ਼ਿਸ਼ਾਂ ਨੇ ਵੀ ਚੰਦੂ ਦੇ ਹੱਥਾਂ ਨੂੰ ਤਕੜਿਆਂ ਕੀਤਾ।[2] ਪ੍ਰਿਥੀਆ ਗੁਰੂ ਜੀ ਦਾ ਵੱਡਾ ਭਰਾ ਸੀ ਅਤੇ ਜਦ ਤੋਂ ਉਹ ਗੁਰ-ਗੱਦੀ ਤੋਂ ਵੰਚਿਤ ਰਹਿ ਗਿਆ ਸੀ, ਗੁਰੂ ਜੀ ਦਾ ਜਾਨੀ ਦੁਸ਼ਮਣ ਬਣ ਗਿਆ ਹੋਇਆ ਸੀ। ਇਸ ਦੇ ਨਾਲ ਕਾਜ਼ੀਆਂ ਬ੍ਰਾਹਮਣਾਂ ਦੇ ਵਿਰੋਧ ਨੇ ਵੀ ਚੰਦੂ ਨੂੰ ਸ਼ਹਿ ਦਿੱਤੀ। ਗੁਰੂ ਜੀ ਵਿਰੁੱਧ ਬਾਕਾਇਦਾ ਸਾਜ਼ਿਸ਼ ਕੀਤੀ ਗਈ ਅਤੇ ਸਾਨੂੰ ਦਸਿਆ ਗਿਆ ਹੈ ਕਿ ਖੁਸਰੋ ਦੀ ਬਗਾਵਤ ਵਿਚ ਸ਼ਾਮਿਲ ਹੋਣ ਤੋਂ ਇਲਾਵਾ ਗੁਰੂ ਜੀ ਵਿਰੁਧ ਲਾਏ ਗਏ ਆਰੋਪਾਂ ਵਿਚ ਇਹ ਆਰੋਪ ਭੀ ਸ਼ਾਮਿਲ ਸਨ ਕਿ ਉਹ ਆਪਣੇ ਆਪ ਨੂੰ 'ਸੁੱਚਾ ਪਾਤਸ਼ਾਹ' ਕਹਿੰਦੇ ਹਨ, ਕਿ ਉਹਨਾਂ ਨੇ ਸ਼ਹਿਨਸ਼ਾਹ ਵਿਰੁੱਧ ਜੰਗ ਕਰਨ ਦੇ ਆਸ਼ੇ ਨਾਲ ਇਕ ਵੱਡੀ ਜਥੇਬੰਦੀ ਸਥਾਪਿਤ ਕੀਤੀ ਹੋਈ ਹੈ, ਕਿ ਉਹਨਾਂ ਨੇ ਇਕ ਗ੍ਰੰਥ ਸੰਪਾਦਿਤ ਕੀਤਾ ਹੋਇਆ ਹੈ ਜਿਸ ਵਿਚ ਹਿੰਦੂਆਂ ਅੰਤੇ ਮੁਸਲਮਾਨਾਂ ਦੋਹਾਂ ਦਾ ਨਿਰਾਦਰ ਕੀਤਾ ਗਿਆ ਹੈ।[3]

ਸੋ ਇਉਂ ਪ੍ਰਤੀਤ ਹੁੰਦਾ ਹੈ ਕਿ ਸਿੱਖ ਰਵਾਇਤ ਅਨੁਸਾਰ ਗੁਰੂ ਜੀ ਦਾ ਖੁਸਰੋ ਦੀ ਬਗਾਵਤ ਵਿਚ ਹਿੱਸਾ ਲੈਣਾ, ਨਿਰਸੰਦੇਹ, ਉਨ੍ਹਾਂ ਨੂੰ ਸ਼ਹੀਦ ਕਰਨ ਦਾ ਬਾਹਰੀ ਬਹਾਨਾ ਸੀ ਪਰੰਤੂ ਅਸਲ ਕਾਰਨ ਹੋਰ ਸਨ। ਸਿੱਖ ਮਤ ਦੀ ਸੰਗਠਨਮਈ ਸ਼ਕਤੀ, ਇਕ ਨਿੱਗਰ ਸੰਪਰਦਾਇ ਦੇ ਨੇਤਾ ਦੇ ਤੌਰ ਤੇ ਗੁਰੂ ਜੀ ਦੀ ਪਦਵੀ, ਉਨ੍ਹਾਂ ਨੇ ਅਨੁਯਾਈਆਂ ਵਲੋਂ ਸੱਚਾ ਪਾਤਸ਼ਾਹ ਕਿਹਾ ਜਾਣਾ ਅਤੇ ਉਨ੍ਹਾਂ ਦੁਆਰਾ ਇਕ ਅਜੇਹੇ ਗ੍ਰੰਥ ਦਾ ਸੰਕਲਨ ਜਿਸ ਵਿਚ ਹਿੰਦੂ ਧਰਮ ਅਤੇ ਇਸਲਾਮ ਮਤ ਦੀਆਂ ਪ੍ਰਚੱਲਿਤ ਕੁਰੀਤੀਆਂ ਦਾ ਕੋਈ ਲਿਹਾਜ਼ ਨਹੀਂ ਕੀਤਾ ਗਿਆ ਸੀ, ਇਹ ਸਭ ਕੁਝ ਨੂੰ ਗੁਰੂ ਜੀ ਦੇ ਵਿਰੁੱਧ ਪ੍ਰਤਿਭਾਵ ਪੈਦਾ ਕਰਨ ਲਈ ਵਰਤਿਆ ਗਿਆ ਅਤੇ ਧਾਰਮਿਕ ਹਠਧਰਮੀ ਨੂੰ ਭੜਕਾਉਣ ਦਾ ਵੀ ਯਤਨ ਕੀਤਾ ਗਿਆ। ਪਰ ਅਨੋਖੀ ਗੱਲ ਹੈ ਕਿ ਜੋ ਕੁਝ ਆਪ ਸਮਰਾਟ ਨੇ ਆਪਣੀ ਪੁਸਤਕ ਤੁਜ਼ਕ-ਏ-ਜਹਾਂਗੀਰੀ ਵਿਚ ਲਿਖਿਆ ਹੈ, ਉਸ ਤੋਂ ਇਸ ਮਾਮਲੇ ਸੰਬੰਧੀ ਇਸ ਦ੍ਰਿਸ਼ਟੀਕੋਣ ਦੀ ਚੋਖੀ ਪੁਸ਼ਟੀ ਹੁੰਦੀ ਹੈ। ਜਹਾਂਗੀਰ ਲਿਖਦਾ ਹੈ, "ਗੋਇੰਦਵਾਲ ਵਿਚ, ਜੋ ਬਿਆਹ (ਬਿਆਸ) ਦਰਿਆ ਦੇ ਕੰਢੇ ਉਤੇ ਹੈ, ਸੰਤਾਂ ਫਕੀਰਾਂ ਦੇ ਭੇਸ ਵਿਚ ਅਰਜਨ ਨਾਮੀ ਇਕ ਹਿੰਦੂ ਰਹਿੰਦਾ ਸੀ। ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂ, ਬਲਕਿ ਮੂਰਖ ਤੇ ਬੇਸਮਝ ਮੁਸਲਮਾਨਾਂ ਨੂੰ

---

1. ਸਿੱਖਾਂ ਦੇ ਰਾਜ ਦੀ ਵਿਥਿਆ, ਪੰਨਾ 22; Forster's *Travels*, Vol. I, p. 258.
2. ਐਪਰ ਪ੍ਰਿਥੀਆ, ਗੁਰੂ ਜੀ ਦੀ ਸ਼ਹੀਦੀ ਤੋਂ ਕੁਝ ਚਿਰ ਪਹਿਲਾਂ ਮਰ ਗਿਆ ਸੀ। (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 89)।
3. ਮੈਕਾਲਿਫ, ਉਹੀ, ਪੰਨਾ 81, 82, 87-90

ਵੀ ਆਪਣੀਆਂ ਰਹੁਰੀਤਾਂ ਦਾ ਅਨੁਯਾਈ ਬਣ ਕੇ ਆਪਣੀ ਪੀਰੀ ਤੇ ਵਲੀਪੁਣੇ ਦਾ ਢੋਲ ਬਹੁਤ ਉੱਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਭ ਪਾਸਿਆਂ ਤੋਂ ਫਰੇਬੀ ਅਤੇ ਫਰੇਬ ਦੇ ਪੁਜਾਰੀ ਉਸ ਕੋਲ ਆ ਕੇ ਉਸ ਪੁਰ ਪੂਰੀ ਪੂਰੀ ਸ਼ਰਧਾ ਪ੍ਰਗਟ ਕਰਦੇ ਸਨ। ਤਿੰਨ ਚਾਰ ਆਤਮਿਕ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ। ਕਿੰਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਬੰਦ ਕਰਾਂ ਜਾਂ ਉਸ ਨੂੰ ਮੁਸਲਮਾਨਾਂ ਦੇ ਮਜ਼੍ਹਬ ਵਿਚ ਲੈ ਆਵਾਂ।"[1] ਸੋ ਇਹ ਸਪੱਸ਼ਟ ਹੈ ਕਿ ਗੁਰੂ ਅਰਜਨ ਜੀ ਦੇ ਖੁਸਰੋ ਦੀ ਬਗਾਵਤ ਵਿਚ ਹਿੱਸਾ ਲੈਣ ਤੋਂ ਪਹਿਲਾਂ ਹੀ ਜਹਾਂਗੀਰ ਜਬਰਨ ਗੁਰੂ ਜੀ ਨੂੰ ਇਸਲਾਮ ਦੀ ਸਫ਼ ਵਿਚ ਲਿਆਉਣ ਲਈ ਸੋਚ ਰਿਹਾ ਸੀ ਜਾਂ ਉਸ ਦਾ ਅਤੇ ਉਸ ਦੇ ਸਿੱਖ ਮਤ ਦਾ ਖਾਤਮਾ ਕਰਨਾ ਚਾਹੁੰਦਾ ਸੀ। ਸਾਨੂੰ ਸਮਝ ਨਹੀਂ ਆਉਂਦੀ ਕਿ ਅਜੇਹੇ ਸਪੱਸ਼ਟ ਅਤੇ ਨਿਰਵਿਵਾਦ ਪ੍ਰਮਾਣ ਦੇ ਹੁੰਦੇ ਹੋਏ ਵੀ ਸਰਕਾਰ ਕਿਉਂ ਕਹਿੰਦਾ ਹੈ ਕਿ "ਗੁਰੂ ਅਰਜਨ ਨੇ ਇਕ ਰਾਜਸੀ ਅਪਰਾਧੀ ਦੀ ਰਸਮੀ ਸਜ਼ਾ ਭੁਗਤੀ"[2] ਕਿਉਂਕਿ ਜ਼ਾਹਰਾ ਬਹਾਨਾ ਕੁਝ ਵੀ ਹੋਵੇ, ਇਸ ਵਿਚ ਰਤਾ ਸੰਦੇਹ ਨਹੀਂ ਹੋ ਸਕਦਾ ਕਿ ਗੁਰੂ ਅਰਜਨ ਜੀ ਮਜ਼੍ਹਬੀ ਤੰਗਦਿਲੀ ਦਾ ਸ਼ਿਕਾਰ ਬਣੇ। ਮੈਕਾਲਿਫ ਕਹਿੰਦਾ ਹੈ: "ਸੋ ਗੁਰੂ ਅਰਜਨ ਆਪਣੀ ਪਵਿੱਤਰਤਾ, ਹਿੰਦੂਆਂ, ਮੁਸਲਮਾਨਾਂ ਨੂੰ ਸਿੱਖ ਬਣਾਉਣ, ਗ੍ਰੰਥ ਸਾਹਿਬ ਦਾ ਸੰਕਲਨ ਕਰਨ, ਅਤੇ ਆਪਣੇ ਪਹਿਲੇ ਹਿਤਕਾਰੀ ਦੇ ਪੋਤੇ ਨੂੰ ਸਹਾਇਤਾ ਦੇਣ ਖਾਤਰ ਮੁਸਲਮਾਨ ਸ਼ਹਿਨਸ਼ਾਹ ਦੇ ਜ਼ੁਲਮ ਅਤੇ ਧਾਰਮਿਕ ਕਟੜਤਾ ਦਾ ਸ਼ਿਕਾਰ ਬਣੇ।"[3] ਜੋ ਕੁਝ ਸ਼ਹਿਨਸ਼ਾਹ ਨੂੰ ਆਪਣੀ 'ਤੁਜ਼ਕ' ਵਿਚ ਲਿਖਿਆ ਹੈ ਉਸ ਦੇ ਹੁੰਦੇ ਹੋਏ ਅਸੀਂ ਇਸ ਮੁਆਮਲੇ ਸੰਬੰਧੀ ਕੋਈ ਯੁਕਤੀ-ਪੂਰਬਕ ਉਚੇਚਾ ਦ੍ਰਿਸ਼ਟੀਕੋਣ ਨਹੀਂ ਸੋਚ ਸਕਦੇ।

ਸ਼ਹਿਨਸ਼ਾਹ ਲਿਖਦਾ ਹੈ, "ਜਦ ਮੈਨੂੰ ਇਸ ਖਬਰ (ਗੁਰੂ ਅਰਜਨ ਅਤੇ ਖੁਸਰੋ ਬਾਰੇ) ਦਾ ਪਤਾ ਲੱਗਾ ਤਾਂ ਮੈਂ ਝੱਟ ਪੱਟ ਸਮਝ ਗਿਆ ਕਿ ਇਹ ਉਸ ਦੀ ਮੂਰਖਤਾ ਹੈ। ਮੈਂ ਹੁਕਮ ਦਿੱਤਾ ਕਿ ਉਸ ਨੂੰ ਪੇਸ਼ ਕੀਤਾ ਜਾਏ ਅਤੇ ਉਸ ਦਾ ਘਰ, ਰਿਹਾਇਸ਼ੀ ਥਾਵਾਂ ਅਤੇ ਬੱਚੇ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦਿੱਤੇ। ਉਸ ਦੀ ਜਾਇਦਾਦ ਜ਼ਬਤ ਕਰਨ ਮਗਰੋਂ ਮੈਂ ਉਸ ਨੂੰ ਮੌਤ ਦੇ ਘਾਟ ਉਤਾਰ ਦੇਣ ਦਾ ਹੁਕਮ ਦਿੱਤਾ।"[4] ਦੂਜੇ ਪਾਸੇ ਮੋਹਸਿਨ ਫਾਨੀ ਕਹਿੰਦਾ ਹੈ, "ਪਾਤਸ਼ਾਹ ਨੂਰ-ਉਦ-ਦੀਨ ਜਹਾਂਗੀਰ ਨੇ ਅਰਜਨ ਮਲ ਨੂੰ ਖੁਸਰੋ ਲਈ ਅਰਦਾਸ ਕਰਨ ਕਰਕੇ ਦਰਬਾਰ ਵਿਚ ਬੁਲਾਇਆ ਸੀ, ਜਿਸ ਨੇ ਕਿ ਆਪਣੇ ਪਿਤਾ ਵਿਰੁੱਧ ਬਗਾਵਤ ਕੀਤੀ ਹੋਈ ਸੀ। ਖੁਸਰੋ ਦੇ ਪਕੜੇ ਜਾਣ ਕਰਕੇ ਬਾਦਸ਼ਾਹ ਨੇ ਅਰਜਨ ਮਲ ਨੂੰ ਕੈਦ ਕਰਨ ਦਾ

---

1. ਰੋਜਰਜ਼ ਅਤੇ ਬਿਵਰਿਜ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 72.
2. J. N. Sarkar, *History of Aurangzib*, Vol. III, p. 308.
3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 100.
4. ਰੋਜਰਜ਼ ਅਤੇ ਬਿਵਰਿਜ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 72, 73.

ਹੁਕਮ ਦੇ ਦਿੱਤਾ ਕਿਉਂਕਿ ਉਹ ਉਸ ਪਾਸੋਂ ਬਹੁਤ ਜ਼ਿਆਦਾ ਧਨ ਵਸੂਲ ਕਰਨਾ ਚਾਹੁੰਦਾ ਸੀ। ਗੁਰੂ ਬੇਬਸ ਸੀ; ਉਸ ਨੂੰ ਲਾਹੌਰ ਦੇ ਰੇਤਲੇ ਇਲਾਕੇ ਵਿਚ ਕੈਦੀ ਬਣਾ ਕੇ ਰਖਿਆ ਗਿਆ ਜਿਥੇ ਉਹ ਸੂਰਜ ਦੀ ਤਪਸ਼ ਅਤੇ ਭੈੜੇ ਸਲੂਕ ਕਾਰਨ ਮਰ ਗਿਆ।"[1] ਫਿਰ ਸਿੱਖ ਰਵਾਇਤ ਇਹ ਪੁਸ਼ਟੀ ਕਰਦੀ ਹੈ ਕਿ ਜਦ ਗੁਰੂ ਜੀ ਨੂੰ ਸ਼ਹਿਨਸ਼ਾਹ ਦੇ ਸਾਹਮਣੇ ਪੇਸ਼ ਕੀਤਾ ਗਿਆ ਤਾਂ ਉਨ੍ਹਾਂ ਤੋਂ ਪੁਛਿਆ ਗਿਆ ਕਿ ਉਨ੍ਹਾਂ ਨੇ ਖੁਸਰੋ ਦੀ ਸਹਾਇਤਾ ਕਿਉਂ ਕੀਤੀ ਸੀ। ਗੁਰੂ ਜੀ ਨੇ ਉੱਤਰ ਦਿੱਤਾ ਕਿ ਖੁਸਰੋ ਨੂੰ ਦਿੱਤੀ ਗਈ ਸਹਾਇਤਾ ਦਾ ਸ਼ਹਿਨਸ਼ਾਹ ਦੀ ਵਿਰੋਧਤਾ ਨਾਲ ਕੋਈ ਸੰਬੰਧ ਨਹੀਂ ਸੀ। ਉਨ੍ਹਾਂ ਨੇ ਖੁਸਰੋ ਨੂੰ ਲਾਚਾਰ ਦੇਖ ਕੇ ਉਸ ਨੂੰ ਆਪਣਾ ਸਫਰ ਜਾਰੀ ਰੱਖਣ ਲਈ ਕੁਝ ਰੁਪਏ ਦਿੱਤੇ ਸਨ ਕਿਉਂਕਿ ਜੇਕਰ ਉਹ ਆਪਣੇ ਪਹਿਲੇ ਉਪਕਾਰੀ ਸ਼ਹਿਨਸ਼ਾਹ ਅਕਬਰ ਦੇ ਪੋਤੇ ਲਈ ਕੁਝ ਦਇਆ ਨਾ ਪ੍ਰਗਟ ਕਰਦੇ ਤਾਂ ਉਨ੍ਹਾਂ ਲਈ ਇਹ ਮਨ ਦੀ ਕਠੋਰਤਾ ਅਤੇ ਅਕ੍ਰਿਤਘਣ ਹੋਣ ਦੇ ਤੁਲ ਸੀ। ਇਹ ਕੁਦਰਤੀ ਸੀ ਕਿ ਅਜੇਹਾ ਉੱਤਰ ਜਹਾਂਗੀਰ ਨੂੰ ਸੰਤੁਸ਼ਟ ਨਹੀਂ ਕਰ ਸਕਦਾ ਸੀ। ਸੋ ਉਸ ਨੇ ਦੋ ਲਖ ਰੁਪਏ ਦਾ ਭਾਰੀ ਜੁਰਮਾਨਾ ਅਦਾ ਕਰਨ ਅਤੇ ਗ੍ਰੰਥ ਸਾਹਿਬ ਵਿਚੋਂ ਹਿੰਦੂਆਂ ਅਤੇ ਮੁਸਲਮਾਨਾਂ ਦੇ ਧਰਮ ਵਿਰੋਧੀ ਸ਼ਬਦਾਂ ਨੂੰ ਕੱਢਣ ਦਾ ਹੁਕਮ ਦੇ ਦਿੱਤਾ।[2] ਗੁਰੂ ਜੀ ਨੇ ਇਹ ਸ਼ਰਤਾਂ ਪੂਰੀਆਂ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਇਸ ਤੇ ਉਨ੍ਹਾਂ ਨੂੰ ਕਈ ਢੰਗਾਂ ਨਾਲ ਤਸੀਹੇ ਦਿੱਤੇ ਗਏ, ਅਤੇ ਅੰਤ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸੋ ਇਹ ਦੇਖਿਆ ਜਾ ਸਕੇਗਾ ਕਿ ਜੋ ਕੁਝ ਵੀ ਵਾਪਰਿਆ ਸੀ, ਉਹ ਪੂਰਨ-ਭਾਂਤ ਸਪੱਸ਼ਟ ਨਹੀਂ ਹੈ। ਸ਼ਹਿਨਸ਼ਾਹ ਉਸ ਭਾਰੀ ਜੁਰਮਾਨੇ ਬਾਰੇ ਕੁਝ ਨਹੀਂ ਕਹਿੰਦਾ ਜਿਹੜਾ ਕਿ ਉਹ ਗੁਰੂ ਜੀ ਤੋਂ ਮੁੱਛ ਲੈਣਾ ਚਾਹੁੰਦਾ ਸੀ ਅਤੇ ਗੁਰੂ ਜੀ ਨੂੰ ਨਿਰਦਈ ਤਸੀਹੇ ਇਸ ਜ਼ਬਰਦਸਤੀ ਵਸੂਲੀ ਲਈ ਹੀ ਦਿੱਤੇ ਜਾਪਦੇ ਹਨ। ਪਰ ਮੋਹਸਿਨ ਫਾਨੀ ਅਤੇ ਸਿੱਖ ਇਤਿਹਾਸਕਾਰ ਇਸ ਬਾਰੇ ਦਾਅਵੇ ਨਾਲ ਕਹਿੰਦੇ ਹਨ। ਸਿੱਖ ਲੇਖਕ ਆਖਦੇ ਹਨ ਕਿ ਪ੍ਰਸਿੱਧ ਫਕੀਰ ਮੀਆਂ ਮੀਰ ਨੇ ਗੁਰੂ ਜੀ ਵਲੋਂ ਵਿਚੋਲਗੀ ਕੀਤੀ ਸੀ[3] ਅਤੇ ਇਹ ਹੋ ਸਕਦਾ ਹੈ ਕਿ ਮੌਤ ਦੀ ਸਜ਼ਾ ਨੂੰ ਭਾਰੀ ਜੁਰਮਾਨੇ ਵਿਚ ਬਦਲ ਦਿੱਤਾ ਗਿਆ ਹੋਵੇ। ਪਰੰਤੂ ਗੁਰੂ ਜੀ ਜਾਂ ਤਾਂ ਇਹ ਰੁਪਇਆ ਦੇ ਨਹੀਂ ਸਕਦੇ ਸਨ ਜਾਂ ਦੇਣਾ ਨਹੀਂ ਚਾਹੁੰਦੇ ਸਨ। ਮੋਹਸਿਨ ਫਾਨੀ ਕਹਿੰਦਾ ਹੈ ਕਿ ਜਦ ਇਹ ਭਾਰੀ ਜੁਰਮਾਨਾ ਲਗਾ ਦਿੱਤਾ ਗਿਆ ਤਾਂ ਗੁਰੂ ਜੀ ਬੇਬਸ ਸਨ, ਜਦ ਕਿ ਸਿੱਖ ਰਵਾਇਤ ਦਾ ਦਾਅਵਾ ਹੈ ਕਿ ਗੁਰੂ ਜੀ ਦੇ ਸ਼ਰਧਾਲੂਆਂ ਨੇ ਜਦ ਇਹ ਰਕਮ ਇਕੱਠੀ ਕਰਨ ਦਾ ਯਤਨ ਕੀਤਾ ਤਾਂ ਉਨ੍ਹਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਗਿਆ, "ਸਾਡੇ ਕੋਲ ਜਿਹੜੀ ਮਾਇਆ ਹੈ, ਉਸ ਗਰੀਬਾਂ, ਲੋੜਵੰਦਾਂ, ਨਿਆਸਰਿਆਂ ਤੇ ਪਰਦੇਸੀਆਂ ਦੀ ਸਹਾਇਤਾ ਵਾਸਤੇ ਹੈ।"[4] ਦੋਵੇਂ ਤਰ੍ਹਾਂ ਹੀ ਗੁਰੂ ਅਰਜਨ ਜੀ ਨੂੰ ਅਨਗਿਣਤ ਤਸੀਹੇ

---

1. ਦਬਿਸਤਾਨ, ਸੈਂਚੀ ਪਹਿਲੀ, ਪੰਨਾ 72, 73
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 91
3. ਉਹੀ, ਪੰਨਾ 94
4. ਉਹੀ, ਪੰਨਾ 91

ਸਹਿਣ ਲਈ ਮਜਬੂਰ ਹੋਣਾ ਪਿਆ, ਜਿਨ੍ਹਾਂ ਨਾਲ ਅੰਤ ਵਿਚ ਉਨ੍ਹਾਂ ਦੀ ਮ੍ਰਿਤੂ ਹੋ ਗਈ।

ਮੋਹਸਿਨ ਫ਼ਾਨੀ ਕਹਿੰਦਾ ਹੈ ਕਿ ਗੁਰੂ ਜੀ ਸੂਰਜ ਦੀ ਤਪਸ਼ ਅਤੇ ਭੈੜੇ ਸਲੂਕ ਕਾਰਨ ਮਾਰੇ ਗਏ ਸਨ। ਇਹ ਘਟਨਾ ਉਦੋਂ ਵਾਪਰੀ ਸੀ ਜਦ ਕਿ ਗਰਮੀ ਆਪਣੇ ਸਿਖਰ ਤੇ ਸੀ (ਗੁਰੂ ਜੀ ਦਾ ਦਿਹਾਂਤ 1606 ਈਸਵੀ ਨੂੰ ਹੋਇਆ ਸੀ) ਅਤੇ ਇਹ ਪ੍ਰਤੀਤ ਹੁੰਦਾ ਹੈ ਕਿ ਲਾਹੌਰ ਦੀ ਭਿਆਨਕ ਗਰਮੀ ਗੁਰੂ ਜੀ ਦੇ ਅਤਿਆਚਾਰੀਆਂ ਲਈ ਉਪਯੋਗੀ ਸਿੱਧ ਹੋਈ। ਸਾਨੂੰ ਦਸਿਆ ਗਿਆ ਹੈ ਕਿ ਸ਼ਹਿਨਸ਼ਾਹ ਦੇ ਜਲਾਦਾਂ ਨੇ "ਗੁਰੂ ਜੀ ਦੇ ਉਤੇ ਤਪਦਾ ਰੇਤਾ ਪਾਇਆ, ਉਨ੍ਹਾਂ ਨੂੰ ਤਪਦੀਆਂ ਲੋਹਾਂ ਤੇ ਬੈਠਾਇਆ ਅਤੇ ਉਬਲਦੇ ਪਾਣੀ ਵਿਚ ਨੁਹਾਇਆ।"[1] ਸਰਕਾਰ ਕਹਿੰਦਾ ਹੈ ਕਿ ਇਸ ਵਿਚ ਕੋਈ ਅਸਾਧਾਰਨ ਗੱਲ ਨਹੀਂ ਹੈ ਕਿਉਂਕਿ "ਉਨ੍ਹਾਂ ਦਿਨਾਂ ਵਿਚ ਮਾਮਲਾ ਨਾ ਭਰਨ ਵਾਲਿਆਂ ਨੂੰ ਇਹੋ ਜੇਹੀਆਂ ਸਜ਼ਾਵਾਂ ਆਮ ਦਿੱਤੀਆਂ ਜਾਂਦੀਆਂ ਸਨ।[2] ਪਰੰਤੂ ਸਾਨੂੰ ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਨੂੰ ਜੁਰਮਾਨਾ ਭਰਨ ਦੀ ਅਸਮਰਥਾ ਜਾਂ ਇਨਕਾਰ ਕਰ ਦੇਣ ਕਾਰਣ ਬਾਕ਼ੀਦਾਰ ਦਸਣਾ ਅਤੇ ਉਨ੍ਹਾਂ ਦੀ ਮੌਤ ਨਾਲ ਸੰਬੰਧਿਤ ਦੂਜੀਆਂ ਸਾਰੀਆਂ ਪਰਿਸਥਿਤੀਆਂ ਤੋਂ ਬੇਮਖ ਹੋ ਕੇ, ਪ੍ਰਚੱਲਿਤ ਰਵਾਇਤਾਂ ਦੇ ਆਧਾਰ ਤੇ ਉਨ੍ਹਾਂ ਦੇ ਤਸੀਹਿਆਂ ਨੂੰ ਸਹੀ ਸਿੱਧ ਕਰਨਾ ਅਪੂਰਨ ਨਿਰਣਾ ਹੈ ਜਿਸ ਲਈ ਇਕ ਇਤਿਹਾਸਕਾਰ ਨੂੰ ਮਾਫ਼ੀ ਨਹੀਂ ਦਿੱਤੀ ਜਾ ਸਕਦੀ।

ਕੁਝ ਵੀ ਹੋਵੇ, ਇਸ ਵਿਚ ਰਤਾ ਸੰਦੇਹ ਨਹੀਂ ਕਿ ਸਿੱਖ ਇਸ ਮਾਮਲੇ ਨੂੰ ਬਿਲਕੁਲ ਹੀ ਵਖਰੇ ਦ੍ਰਿਸ਼ਟੀਕੋਣ ਤੋਂ ਲੈਂਦੇ ਹਨ ਅਤੇ ਇਹ ਕਾਫ਼ੀ ਹੱਦ ਤਕ ਸੁਭਾਵਿਕ ਹੈ ਕਿ ਉਹ ਆਪਣੇ ਪਿਆਰੇ ਗੁਰੂ, ਜਿਹੜੇ ਆਪਣੇ ਆਚਰਣ ਦੀ ਪਵਿੱਤਰਤਾ ਲਈ ਪ੍ਰਸਿੱਧ ਸਨ, ਅਤੇ ਜਿਨ੍ਹਾਂ ਦੁਆਲੇ ਸਾਰੇ ਪਾਸਿਆਂ ਤੋਂ ਲੋਕ ਆਤਮਿਕ ਸ਼ਾਂਤੀ ਅਤੇ ਪ੍ਰਕਾਸ਼ ਲਈ ਆ ਜੁੜਦੇ ਸਨ[3], ਦੀ ਮੌਤ ਦਾ ਕਾਰਨ ਮੁਸਲਮਾਨ ਸਰਕਾਰ ਦੇ ਜ਼ੁਲਮ ਅਤੇ ਹੱਠ-ਧਰਮੀ ਦੱਸਣਗੇ। ਹੁਣ ਤਕ ਸਿੱਖ ਸੰਪਰਦਾਇ ਦੀ ਉੱਨਤੀ, ਸਰਕਾਰ ਦੇ ਬਿਨਾਂ ਕਿਸੇ ਦਖ਼ਲ ਦੇ ਹੁੰਦੀ ਰਹੀ ਸੀ। ਇਸ ਦੇ ਉਲਟ ਸਰਕਾਰ ਨੇ ਇਸ ਨੂੰ ਕਈ ਢੰਗਾਂ ਨਾਲ ਸਹਾਇਤਾ ਦਿੱਤੀ ਪਰੰਤੂ ਹੁਣ ਇਹ ਪ੍ਰਤੱਖ ਹੋ ਗਿਆ ਕਿ ਪਰਿਸਥਿਤੀਆਂ ਬਦਲ ਚੁਕੀਆਂ ਸਨ ਅਤੇ ਬਿਨਾਂ ਹਥਿਆਰਬੰਦ

---

1. ਮੈਕਾਲਿਫ, ਉਪਰੋਕਤ ਰਚਨਾ, ਪੰਨਾ 92, 93
'ਪੰਥ ਪ੍ਰਕਾਸ਼' ਵਿਚ ਗੁਰੂ ਜੀ ਨੂੰ ਦਿੱਤੇ ਗਏ ਤਸੀਹਿਆਂ ਦਾ ਵੇਰਵੇ ਸਹਿਤ ਵਰਣਨ ਹੈ (ਪੰਨਾ 97)। ਪਰ ਸਿੱਖ ਲਿਖਤਾਂ ਗੁਰੂ ਜੀ ਦੀਆਂ ਆਖਰੀ ਘੜੀਆਂ ਉਤੇ ਪਰਦਾ ਪਾਉਂਦੀਆਂ ਹਨ ਅਤੇ ਦੀਨਦਾਰੀ ਨਾਲ ਕਹਿੰਦੀਆਂ ਹਨ ਕਿ ਗੁਰੂ ਜੀ ਨੇ ਰਾਵੀ ਇਸ਼ਨਾਨ ਕਰਨ ਦੀ ਆਗਿਆ ਲੈ ਲਈ ਅਤੇ ਦਰਿਆ ਵਿਚ ਅਲੋਪ ਹੋ ਗਏ। Cunningham, *History of the Sikhs*, Garret's edition, p. 53).

2. ਜੇ. ਐਨ. ਸਰਕਾਰ, ਉਪਰੋਕਤ ਰਚਨਾ, ਪੰਨਾ 308

3. ਕਿਹਾ ਜਾਂਦਾ ਹੈ ਕਿ ਪ੍ਰਸਿੱਧ ਮੁਸਲਮਾਨ ਫਕੀਰ ਮੀਆਂ ਮੀਰ ਗੁਰੂ ਜੀ ਦੇ ਦਰਸ਼ਨਾਂ ਨੂੰ ਆਇਆ ਸੀ। (Rose, *Glossary of Punjab Tribes and Castes*, Vol. I, p. 683)

ਰੱਖਿਆ ਦੇ ਸਿੱਖ ਭਾਈਚਾਰੇ ਨੂੰ ਸੁਰੱਖਿਅਤ ਰੱਖਣਾ ਅਸੰਭਵ ਸੀ । ਟਰੰਪ ਦੇ ਕਹਿਣ ਦਾ ਇਹੀ ਕਾਰਣ ਹੈ ਕਿ "ਗੁਰੂ ਅਰਜਨ ਜੀ ਦੀ ਮ੍ਰਿਤੂ ਭਾਈਚਾਰੇ ਦੀ ਉੱਨਤੀ ਵਿਚ ਇਕ ਮਹੱਤਵਪੂਰਨ ਮੋੜ ਹੈ ਕਿਉਂਕਿ ਇਸ ਸਮੇਂ ਤੋਂ ਸੰਘਰਸ਼ ਆਰੰਭ ਹੋ ਗਿਆ ਜਿਸ ਨੇ ਸੁਧਾਰਵਾਦੀ ਧਾਰਮਿਕ ਲਹਿਰ ਦਾ ਸਮੁੱਚਾ ਸੁਭਾ ਹੀ ਬਦਲ ਦਿੱਤਾ ।"[1] ਸੁਰੱਖਿਆ ਲਈ ਸਿੱਖ ਹਥਿਆਰਬੰਦ ਹੋ ਗਏ ਅਤੇ ਸਰਕਾਰ ਇਸ ਨਵੇਂ ਵਿਕਾਸ ਨੂੰ ਅੱਖੋਂ ਉਹਲੇ ਨਹੀਂ ਕਰ ਸਕਦੀ ਸੀ, ਵਿਸ਼ੇਸ਼ ਤੌਰ ਤੇ ਸਿੱਖ ਮਤ ਦੀ ਜਥੇਬੰਦੀ ਅਤੇ ਇਸ ਦੇ ਏਕੀਕ੍ਰਿਤ ਨੇਤਾ ਨੇ ਇਸ ਨੂੰ ਇੰਨਾ ਸ਼ਕਤੀਸ਼ਾਲੀ ਬਣਾ ਦਿੱਤਾ ਸੀ ਕਿ ਇਹ ਕਿਸੇ ਸਮੇਂ ਵੀ ਰਾਜਸੀ ਅਸ਼ਾਂਤੀ ਦਾ ਗੜ੍ਹ ਬਣ ਸਕਦੀ ਸੀ । ਸੋ ਇਹ ਸੰਘਰਸ਼ ਬਹੁਤ ਹੱਦ ਤਕ ਅਟੱਲ ਬਣਦਾ ਜਾ ਰਿਹਾ ਸੀ ਅਤੇ ਗੁਰੂ ਅਰਜਨ ਜੀ ਦੇ ਪੁੱਤਰ ਅਤੇ ਉੱਤਰਾਧਿਕਾਰੀ ਗੁਰੂ ਹਰਿਗੋਬਿੰਦ ਦੇ ਸਮੇਂ ਇਹ ਖੁਲਮ-ਖੁਲ੍ਹਾ ਛਿੜ ਪਿਆ ।

II. ਗੁਰੂ ਹਰਿਗੋਬਿੰਦ ਸਾਹਿਬ ਦੀ ਨਜ਼ਰਬੰਦੀ

ਮੋਹਸਿਨ ਫਾਨੀ ਕਹਿੰਦਾ ਹੈ ਕਿ ਗੁਰੂ ਅਰਜਨ ਦੇਵ ਜੀ ਮਗਰੋਂ ਉਨ੍ਹਾਂ ਦਾ ਭਰਾ ਬਰਾਥਾ ਗੱਦੀ ਉਤੇ ਬੈਠਿਆ ਪਰੰਤੂ ਉਨ੍ਹਾਂ ਦੇ ਪੁੱਤਰ ਹਰਿਗੋਬਿੰਦ ਨੇ ਵੀ ਗੁਰ-ਗੱਦੀ ਲਈ ਹੱਕ ਜਤਾਇਆ ਅਤੇ ਆਪਣੇ ਪਿਤਾ ਵਾਲਾ ਸਥਾਨ ਪ੍ਰਾਪਤ ਕੀਤਾ ।[2] ਬਰਾਥਾ ਵਾਸਤਵ ਵਿਚ ਪ੍ਰਿਥੀਏ ਦਾ ਹੀ ਵਿਗੜਿਆ ਰੂਪ ਹੈ ਜਿਹੜਾ ਕਿ ਗੁਰੂ ਅਰਜਨ ਜੀ ਦੇ ਵੱਡੇ ਭਰਾ ਦਾ ਨਾਮ ਸੀ । ਮੋਹਸਿਨ ਫਾਨੀ ਦਾ ਬਰਾਥਾ ਦੇ ਅਨੁਯਾਈਆਂ ਨੂੰ ਅਤੇ ਮੀਣਿਆਂ ਨੂੰ ਇਕੋ ਦੱਸਣਾ ਇਸ ਗੱਲ ਨੂੰ ਸਪੱਸ਼ਟ ਭਾਂਤ ਸਿਧ ਕਰ ਦਿੰਦਾ ਹੈ । ਜਦੋਂ ਤੋਂ ਪ੍ਰਿਥੀਆ ਗੁਰ-ਗੱਦੀ ਤੋਂ ਵੰਚਿਤ ਰਹਿ ਗਿਆ ਸੀ ਉਦੋਂ ਤੋਂ ਹੀ ਉਹ ਗੁਰੂ ਅਰਜਨ ਜੀ ਦਾ ਜਾਨੀ ਦੁਸ਼ਮਣ ਬਣ ਗਿਆ ਹੋਇਆ ਸੀ ਅਤੇ ਇਹ ਅਸੰਭਵ ਨਹੀਂ ਕਿ ਉਸ ਨੇ ਆਪਣੇ ਭਰਾ ਦੀ ਮ੍ਰਿਤੂ ਹੋਣ ਮਗਰੋਂ ਔਕੜਾਂ ਪੈਦਾ ਕੀਤੀਆਂ ਹੋਣ । ਪਰੰਤੂ ਲਿਖਤਾਂ ਵਿਚ ਇਹ ਵਰਣਿਤ ਹੈ ਕਿ ਪ੍ਰਿਥੀਏ ਦੀ ਮੌਤ ਉਸ ਸੰਕਟ ਸਮੇਂ ਹੋ ਚੁਕੀ ਸੀ ਜਦ ਕਿ ਉਸ ਦੀਆਂ ਗੁਰੂ ਜੀ ਵਿਰੁੱਧ ਗੋਂਦਾਂ ਫਲ ਲਿਆਉਣ ਵਾਲੀਆਂ ਸਨ । ਇਹ ਵੀ ਹੋ ਸਕਦਾ ਹੈ ਕਿ ਪ੍ਰਿਥੀਏ ਦੇ ਪੁੱਤਰ ਮਿਹਰਬਾਨ ਨੇ ਗੁਰ-ਗੱਦੀ ਦੀ ਪ੍ਰਾਪਤੀ ਲਈ ਕੁਝ ਔਕੜਾਂ ਪੈਦਾ ਕੀਤੀਆਂ ਹੋਣ ਪਰ ਗੁਰੂ ਹਰਿਗੋਬਿੰਦ ਉਸ ਦੇ ਟਾਕਰੇ ਤੇ ਵਧੇਰੇ ਸ਼ਕਤੀਸ਼ਾਲੀ ਸਨ ।

ਕਿਹਾ ਜਾਂਦਾ ਹੈ ਕਿ ਆਪਣੇ ਪੁੱਤਰ ਅਤੇ ਉੱਤਰਾਧਿਕਾਰੀ ਹਰਿਗੋਬਿੰਦ ਲਈ ਗੁਰੂ ਅਰਜਨ ਜੀ ਦਾ ਆਖਰੀ ਸੰਦੇਸ਼ ਇਸ ਪ੍ਰਕਾਰ ਸੀ : "ਮੇਰਾ ਪੁੱਤਰ, ਪੂਰਨ ਤੌਰ ਤੇ ਸ਼ਸਤਰਧਾਰੀ ਹੋ ਕੇ ਤਖਤ ਤੇ ਬੈਠੇ ਅਤੇ ਵੱਧ ਤੋਂ ਵੱਧ ਫੌਜ ਰੱਖਣ ਦਾ ਯਤਨ ਕਰੇ ।" ਸਾਨੂੰ ਦਸਿਆ ਗਿਆ ਹੈ ਕਿ ਨਵਾਂ ਗੁਰੂ ਭਾਵੇਂ ਉਸ ਸਮੇਂ 11 ਸਾਲ ਦਾ ਲੜਕਾ ਹੀ ਸੀ ਪਰ ਫਿਰ ਵੀ ਉਸ ਨੇ ਆਪਣੇ ਪਿਤਾ ਦੇ ਹੁਕਮ ਦੀ ਤੁਰੰਤ ਪਾਲਣਾ ਕੀਤੀ । ਅਸੀਂ ਦੇਖ ਚੁਕੇ ਹਾਂ ਕਿ ਤੁਜ਼ਕ

---

1. ਟਰੰਪ, ਆਦਿ ਗ੍ਰੰਥ, ਪੰਨਾ lxxxii.
2. ਦਬਿਸਤਾਨ, ਸੈਂਚੀ ਦੂਜੀ, ਪੰਨਾ 273

ਅਨੁਸਾਰ, ਸ਼ਹਿਨਸ਼ਾਹ ਨੇ ਗੁਰੂ ਅਰਜਨ ਜੀ ਦੇ ਪਰਿਵਾਰ ਅਤੇ ਮਕਾਨ ਆਦਿ ਮੁਰਤਜ਼ਾ ਖ਼ਾਂ ਦੇ ਹਵਾਲੇ ਕਰ ਦਿੱਤੇ ਸਨ ਪਰੰਤੂ ਇਉਂ ਪ੍ਰਤੀਤ ਹੁੰਦਾ ਹੈ ਕਿ ਨਵੇਂ ਗੁਰੂ ਦੀਆਂ ਕਾਰਵਾਈਆਂ ਉਤੇ ਕੋਈ ਪ੍ਰਤਿਬੰਧ ਨਹੀਂ ਲਗਾਇਆ ਗਿਆ ਅਤੇ ਬਹੁਤ ਹੱਦ ਤੱਕ ਉਨ੍ਹਾਂ ਨੂੰ ਆਪਣੀ ਇੱਛਿਆ ਅਨੁਸਾਰ ਵਿਚਰਨ ਦੀ ਖੁਲ੍ਹ ਸੀ । ਸਿੱਖ ਲੇਖਕਾਂ ਦਾ ਕਹਿਣਾ ਹੈ ਕਿ ਗੁਰੂ ਹਰਿਗੋਬਿੰਦ ਦੇ ਪਹਿਲੇ ਕੰਮਾਂ ਵਿਚ ਇਕ ਆਪਣੇ ਦੁਆਲੇ ਫੌਜ ਇਕੱਠੀ ਕਰਨਾ ਵੀ ਸੀ। ਆਪ ਨੇ ਗੁਰ-ਗੱਦੀ ਦੇ ਆਰੰਭ ਵਿਚ ਹੀ ਭਾਈ ਬੁੱਢਾ ਨੂੰ ਦਸਿਆ ਸੀ: "ਤੁਹਾਡੀ ਭਵਿਖ ਬਾਣੀ ਪੂਰੀ ਕਰਨ ਦਾ ਮੇਰਾ ਯਤਨ ਹੋਵੇਗਾ । ਮੇਰੀ ਸੇਲੀ ਤਲਵਾਰ ਦੀ ਪੇਟੀ ਹੋਵੇਗੀ ਤੇ ਮੈਂ ਆਪਣੀ ਪਗੜੀ ਸ਼ਾਹੀ ਕਲਗੀ ਲਾ ਕੇ ਬੰਨ੍ਹਾਂਗਾ ।"[1] ਅਨੇਕਾਂ ਜੋਧੇ ਉਨ੍ਹਾਂ ਦੀ ਸੇਵਾ ਵਿਚ ਆ ਗਏ ਅਤੇ ਕਾਫੀ ਸੰਖਿਆ ਵਿਚ ਮਾਝੇ ਦੇ ਨੌਜਵਾਨ ਇਸ ਮਨੋਰਥ ਸਿਧੀ ਲਈ ਆ ਭਰਤੀ ਹੋਏ । ਗੁਰੂ ਜੀ ਕੋਲ, ਛੇਤੀ ਹੀ 500 ਜਵਾਨਾਂ ਦਾ ਇਕ ਜੱਥਾ ਬਣ ਗਿਆ ਅਤੇ ਮਸੰਦਾਂ ਦੇ ਨਾਂ ਇਕ ਫਰਮਾਨ ਜਾਰੀ ਕੀਤਾ ਗਿਆ ਕਿ ਜਿਹੜੇ ਮਸੰਦ ਰੁਪਏ ਪੈਸੇ ਦੀ ਥਾਂ ਘੋੜੇ ਅਤੇ ਸ਼ਸਤਰ ਭੇਟ ਕਰਨਗੇ ਉਨ੍ਹਾਂ ਤੇ ਗੁਰੂ ਜੀ ਬਹੁਤ ਖੁਸ਼ ਹੋਣਗੇ । "ਸ਼ੀਘਰ ਹੀ ਅਨੇਕਾਂ ਆਦਮੀ ਜਿਨ੍ਹਾਂ ਕੋਲ ਕਰਨ ਲਈ ਕੋਈ ਕੰਮ ਨਹੀਂ ਸੀ, ਗੁਰੂ ਜੀ ਦੇ ਝੰਡੇ ਹੇਠ ਆ ਇਕੱਠੇ ਹੋਏ ।" ਦੂਜੇ ਅਜੇਹੇ ਲੋਕ ਵੀ "ਜੋ ਕੇਵਲ ਇਸ ਗੱਲ ਨਾਲ ਸੰਤੁਸ਼ਟ ਸਨ ਕਿ ਉਨ੍ਹਾਂ ਨੂੰ ਹਰ ਰੋਜ਼ ਦੋ ਵੇਲੇ ਦਾ ਖਾਣਾ ਅਤੇ ਹਰ ਛੇ ਮਹੀਨੇ ਪਿਛੋਂ ਨਵੀਂ ਵਰਦੀ ਮਿਲਦੀ ਰਹੇ", ਗੁਰੂ ਜੀ ਕੋਲ ਆ ਗਏ ।[2] ਪਾਲਿਸੀ ਵਿਚ ਇਹ ਅਚਾਨਕ ਪਰਿਵਰਤਨ ਦਾ ਗੁਰੂ ਜੀ ਦੀ ਮਾਤਾ ਅਤੇ ਭਾਈ ਬੁੱਢਾ ਨੇ ਵਿਰੋਧ ਕੀਤਾ ਪਰ ਗੁਰੂ ਜੀ ਨੇ ਇਹ ਕਹਿ ਕੇ ਉਨ੍ਹਾਂ ਦੋਹਾਂ ਨੂੰ ਚੁਪ ਕਰਾ ਦਿੱਤਾ ਕਿ ਭਾਈ ਬੁੱਢਾ ਜੀ ਦੀ ਆਪਣੀ ਭਵਿੱਖ ਬਾਣੀ ਦੀ ਪੂਰਤੀ ਹਿੱਤ ਉਹ ਦੋ ਤਲਵਾਰਾਂ ਧਾਰਨ ਕਰ ਰਹੇ ਹਨ--- ਇਕ ਪੀਰੀ ਦੀ ਅਤੇ ਇਕ ਮੀਰੀ ਦੀ। ਉਨ੍ਹਾਂ ਕਿਹਾ, "ਗੁਰੂ ਘਰ ਵਿਚ ਧਰਮ ਅਤੇ ਸੰਸਾਰਕ ਪਦਾਰਥ ਇਕੱਠੇ ਕਰ ਦਿੱਤੇ ਜਾਣਗੇ ।"[3] ਇਹ ਜ਼ਰੂਰੀ ਸੀ ਕਿ ਗੁਰੂ ਜੀ ਦੀਆਂ ਆਦਤਾਂ ਵਿਚ ਪਰਿਵਰਤਨ ਆਇਆ ਅਤੇ ਸਾਨੂੰ ਦਸਿਆ ਗਿਆ ਹੈ ਕਿ ਉਨ੍ਹਾਂ ਨੇ ਨਿਯਮਪੂਰਵਕ ਆਪਣਾ ਧਿਆਨ ਸ਼ਿਕਾਰ ਅਤੇ ਹੋਰ ਜੰਗੀ ਮਾਮਲਿਆਂ ਵਲ ਮੋੜਿਆ। ਮਾਸ ਖਾਣ ਦੀ ਖੁਲ੍ਹ ਦੇ ਦਿੱਤੀ ਗਈ ਅਤੇ ਇਸ ਨੂੰ ਉਤਸ਼ਾਹ ਦਿੱਤਾ ਗਿਆ ਅਤੇ "ਉਨ੍ਹਾਂ ਦੇ ਅਨੁਯਾਈ ਛੇਤੀ ਹੀ ਆਪਣੇ ਗੁਰੂ ਦੀਆਂ ਪੁਸ਼ਟਕਾਰੀ ਆਦਤਾਂ ਦੀ ਨਕਲ ਕਰਨ ਲੱਗ ਪਏ ।"

ਪਰੰਤੂ ਗੁਰੂ ਜੀ ਨੂੰ ਇਸ ਤਰ੍ਹਾਂ ਬਹੁਤ ਦੇਰ ਨਾ ਚਲਣ ਦਿੱਤਾ ਗਿਆ । ਸ਼ਹਿਨਸ਼ਾਹ ਨੇ ਉਨ੍ਹਾਂ ਨੂੰ ਛੇਤੀ ਹੀ ਦਿੱਲੀ ਬੁਲਵਾ ਭੇਜਿਆ ਅਤੇ ਫਿਰ ਗਵਾਲੀਅਰ ਦੇ ਕਿਲ੍ਹੇ ਵਿਚ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 2
2. ਉਹੀ, ਪੰਨਾ 4-5
3. ਉਹੀ, ਪੰਨਾ 4

ਨਜ਼ਰਬੰਦ ਕਰ ਦਿੱਤਾ। ਗੁਰੂ ਜੀ ਨੂੰ ਬੰਦੀ ਬਣਾਉਣ ਦੇ ਕਾਰਣ, ਅਤੇ ਉਨ੍ਹਾਂ ਨੂੰ ਰਿਹਾ ਕਰਨ ਦਾ ਢੰਗ, ਸਪੱਸ਼ਟ ਨਹੀਂ ਹਨ। ਸਿੱਖ ਇਤਿਹਾਸਕਾਰਾਂ ਨੇ ਇਸ ਘਟਨਾ ਨੂੰ ਮਿਥਿਹਾਸਕ ਘਟਨਾਵਾਂ ਦੇ ਜਾਲ ਹੇਠ ਦਬਿਆ ਹੋਇਆ ਹੈ ਜਿਨ੍ਹਾਂ ਦੀ ਤਹਿ ਤਕ ਜਾਣਾ ਸੌਖਾ ਨਹੀਂ ਹੈ। ਸਿੱਖ ਜੋ ਕਹਾਣੀ ਦਸਦੇ ਹਨ, ਕੁਝ ਇਸ ਪ੍ਰਕਾਰ ਹੈ: ਚੰਦੂ ਸ਼ਾਹ ਨੇ ਹੁਣ ਫਿਰ ਗੁਰੂ ਹਰਿਗੋਬਿੰਦ ਨਾਲ ਆਪਣੀ ਪੁੱਤਰੀ ਦਾ ਰਿਸ਼ਤਾ ਪੇਸ਼ ਕੀਤਾ। ਗੁਰੂ ਜੀ ਨੂੰ ਲਿਖੇ ਪੱਤਰ ਵਿਚ ਚੰਦੂ ਸ਼ਾਹ ਨੇ ਕਿਹਾ ਕਿ ਹੁਣ ਉਹ ਪਹਿਲੀ ਦੁਸ਼ਮਣੀ ਭੁਲਾ ਚੁੱਕਾ ਹੈ ਅਤੇ ਉਹ ਗੁਰੂ ਜੀ ਨੂੰ ਆਪਣਾ ਜਵਾਈ ਬਣਾਉਣ ਵਿਚ ਖੁਸ਼ੀ ਪ੍ਰਾਪਤ ਕਰੇਗਾ, ਪਰੰਤੂ ਇਸ ਦੇ ਨਾਲ ਹੀ ਉਹ ਗੁਰੂ ਜੀ ਨੂੰ ਇਹ ਧਮਕੀ ਦੇਣੋਂ ਨਾ ਉਕਿਆ ਕਿ ਜੇਕਰ ਉਹ ਇਸ ਤਜਵੀਜ਼ ਨਾਲ ਸਹਿਮਤ ਨਹੀਂ ਹੋਣਗੇ ਤਾਂ ਉਨ੍ਹਾਂ ਨਾਲ ਐਸਾ ਹੀ ਵਿਵਹਾਰ ਕੀਤਾ ਜਾਵੇਗਾ ਜਿਸ ਤਰ੍ਹਾਂ ਦਾ ਉਨ੍ਹਾਂ ਦੇ ਪਿਤਾ ਨਾਲ ਕੀਤਾ ਗਿਆ ਸੀ। ਗੁਰੂ ਜੀ ਨੇ ਕੇਵਲ ਇਕ ਮਾਤਰ ਉੱਤਰ ਭੇਜਿਆ ਕਿ ਉਸ ਵਿਅਕਤੀ ਨਾਲ, ਜਿਸ ਨੂੰ ਉਹ ਆਪਣੇ ਪਿਤਾ ਦਾ ਕਾਤਲ ਸਮਝਦੇ ਹਨ, ਕਿਸੇ ਤਰ੍ਹਾਂ ਦਾ ਲਗਾਉ ਰੱਖਣ ਲਈ ਤਿਆਰ ਨਹੀਂ ਹਨ। ਇਸ ਨੇ ਚੰਦੂ ਨੂੰ ਲੋਹਾ ਲਾਖਾ ਕਰ ਦਿੱਤਾ ਅਤੇ ਉਹ ਤੁਰੰਤ ਆਪਣੀਆਂ ਗੋਂਦਾਂ ਗੁੰਦਣ ਲੱਗ ਪਿਆ। ਉਸ ਨੇ ਸ਼ਹਿਨਸ਼ਾਹ ਕੋਲ ਜਾ ਕੇ ਕਿਹਾ ਕਿ ਵਰਤਮਾਨ ਗੁਰੂ ਨੇ ਆਪਣੇ ਪਿਤਾ ਦਾ ਬਦਲਾ ਲੈਣ ਦੀ ਕਸਮ ਖਾਧੀ ਹੈ ਅਤੇ ਉਸ ਦੀਆਂ ਕਾਰਵਾਈਆਂ ਨੂੰ ਗਹੁ ਨਾਲ ਵਾਚਣ ਦੀ ਲੋੜ ਹੈ ਅਤੇ ਚੰਗਾ ਹੋਵੇ ਜੇਕਰ ਉਸ ਨੂੰ ਦਿੱਲੀ ਸਦਿਆ ਜਾਵੇ ਅਤੇ ਸ਼ਹਿਨਸ਼ਾਹ ਉਸ ਨੂੰ ਖੁਦ ਤਾੜਨਾ ਦੇਣ। ਇਸ ਤੇ ਗੁਰੂ ਜੀ ਨੂੰ ਦਿੱਲੀ ਬੁਲਾਇਆ ਗਿਆ। ਉਹ ਕੁਝ ਸਮਾਂ ਉਥੇ ਰਹੇ ਅਤੇ ਸ਼ਹਿਨਸ਼ਾਹ ਨਾਲ ਕਈ ਵਾਰ ਭੇਟ ਹੋਈ। ਪਰੰਤੂ ਉਨ੍ਹਾਂ ਦੇ ਆਪਣੇ ਅਤੇ ਆਪਣੇ ਮਿੱਤਰਾਂ ਦੇ ਯਤਨਾਂ ਦੇ ਬਾਵਜੂਦ ਵੀ ਜਹਾਂਗੀਰ ਦਾ ਸ਼ੱਕ ਨਾ ਘਟਿਆ। ਇਸੇ ਸਮੇਂ ਸ਼ਹਿਨਸ਼ਾਹ ਆਗਰੇ ਵਿਚ ਸਖਤ ਬਿਮਾਰ ਹੋ ਗਿਆ ਅਤੇ ਬਿਮਾਰੀ ਤੋਂ ਠੀਕ ਹੋਣ ਉਪਰੰਤ ਤਖਤ ਤੇ ਬੈਠਣ ਦੀ ਸ਼ੁਭ ਘੜੀ ਦਾ ਮਹੂਰਤ ਕੱਢਣ ਲਈ ਇਕ ਜੋਤਸ਼ੀ ਦੀ ਸਲਾਹ ਲਈ ਗਈ। ਚੰਦੂ ਨੇ ਜੋਤਸ਼ੀ ਨੂੰ ਰਿਸ਼ਵਤ ਦਿੱਤੀ ਅਤੇ ਜੋਤਸ਼ੀ ਨੇ ਦਸਿਆ ਕਿ ਸ਼ਹਿਨਸ਼ਾਹ ਉਤੇ ਕੋਈ ਭਾਰੀ ਮੁਸੀਬਤ ਆਉਣ ਵਾਲੀ ਹੈ ਅਤੇ ਇਸ ਤੋਂ ਕੇਵਲ ਤਾਂ ਹੀ ਬਚਾਅ ਹੋ ਸਕਦਾ ਹੈ ਜੇਕਰ ਕੋਈ ਧਾਰਮਿਕ ਵਿਅਕਤੀ ਉਨ੍ਹਾਂ ਲਈ ਗਵਾਲੀਅਰ ਦੇ ਕਿਲ੍ਹੇ ਵਿਚ ਪ੍ਰਾਸ਼ਚਿਤ ਕਰਨ ਲਈ ਭੇਜਿਆ ਜਾਵੇ ਅਤੇ ਫਿਰ ਚੰਦੂ ਦੀ ਉਕਸਾਹਟ ਤੇ ਸ਼ਹਿਨਸ਼ਾਹ ਦੇ ਸਲਾਹਕਾਰ ਇਸ ਗੱਲ ਤੇ ਸਹਿਮਤ ਹੋ ਗਏ ਕਿ ਇੱਛਿਤ ਧਾਰਮਿਕ ਪੁਰਸ਼ ਗੁਰੂ ਹਰਿਗੋਬਿੰਦ ਹੈ ਅਤੇ ਸਿੱਟੇ ਵਜੋਂ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਭੇਜ ਦਿੱਤਾ ਗਿਆ।[1]

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 8-20। ਕੁਝ ਬਦਲੀ ਕਰ ਕੇ ਇਹ ਕਹਾਣੀ ਟਰੰਪ ਨੇ ਵੀ ਦਿੱਤੀ ਹੈ (ਉਪਰੋਕਤ ਰਚਨਾ ਪੰਨਾ xxxiii)। ਇਹ ਗੁਰ ਬਿਲਾਸ ਅਤੇ ਸੂਰਜ ਪ੍ਰਕਾਸ਼ ਵਿਚ ਵੀ ਹੈ।

ਇਹ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਕਿ ਉਪਰੋਕਤ ਵਰਣਨ ਇਤਿਹਾਸ ਨਾਲੋਂ ਵਧੇਰੇ ਮਿਥਿਹਾਸਕ ਕਥਾ ਹੈ ਅਤੇ ਇਸ ਵਿਚ ਸ਼ੱਕ ਨਹੀਂ ਹੋ ਸਕਦਾ ਕਿ ਗੁਰੂ ਜੀ ਨੂੰ ਨਜ਼ਰ-ਬੰਦ ਕਰਨ ਦੇ ਵਧੇਰੇ ਮੰਨਣਯੋਗ ਕਾਰਨ ਦਬਿਸਤਾਨ ਵਿਚ ਦਿੱਤੇ ਹੋਏ ਹਨ। ਮੋਹਸਿਨ ਫਾਨੀ ਕਹਿੰਦਾ ਹੈ : "ਉਸ ਹਰਿਗੋਬਿੰਦ ਦੇ ਸਾਹਮਣੇ ਬਹੁਤ ਮੁਸ਼ਕਲਾਂ ਸਨ। ਉਨ੍ਹਾਂ ਵਿਚੋਂ ਇਕ ਇਹ ਸੀ ਕਿ ਉਸ ਨੇ ਇਕ ਜੋਧੇ ਦਾ ਢੰਗ ਅਖਤਿਆਰ ਕਰ ਲਿਆ ਸੀ। ਆਪਣੇ ਪਿਤਾ ਦੇ ਉਲਟ ਉਹ ਤਲਵਾਰ ਧਾਰਨ ਕਰਦਾ ਸੀ, ਨੌਕਰ ਚਾਕਰ ਰਖਦਾ ਸੀ, ਅਤੇ ਸ਼ਿਕਾਰ ਕਰਨਾ ਆਰੰਭ ਕਰ ਦਿੱਤਾ ਸੀ। ਸ਼ਹਿਨਸ਼ਾਹ ਨੇ ਉਸ ਤੋਂ ਅਰਜਨ ਮਲ ਤੇ ਲਾਏ ਜੁਰਮਾਨੇ ਦੀ ਵਸੂਲੀ ਕਰਨ ਦੇ ਬਹਾਨੇ ਉਸ ਨੂੰ ਗਵਾਲੀਅਰ ਭੇਜਿਆ ਸੀ।"[1] ਇਸ ਗੱਲ ਵਿਚ ਕੁਝ ਵੀ ਅਸੰਭਵ ਨਹੀਂ ਜਾਪਦਾ ਅਤੇ ਅਸੀਂ ਦੇਖ ਚੁਕੇ ਹਾਂ ਕਿ ਸਿੱਖ ਲਿਖਤਾਂ ਇਸ ਗੱਲ ਤੇ ਸਹਿਮਤ ਹਨ ਕਿ ਗੁਰੂ ਜੀ ਨੇ ਗੱਦੀ ਤੇ ਬੈਠਣ ਸਮੇਂ ਤੋਂ ਹੀ ਇਕ ਤਰ੍ਹਾਂ ਨਾਲ ਆਪਣੇ ਪਹਿਲੇ ਗੁਰੂਆਂ ਦੀ ਨੀਤੀ ਨੂੰ ਤਿਆਗ ਦਿੱਤਾ ਸੀ ਅਤੇ ਹਥਿਆਰਬੰਦ ਸੁਰੱਖਿਆ ਦੀ ਨੀਤੀ ਗ੍ਰਹਿਣ ਕਰ ਲਈ ਸੀ। ਇਕ ਲੜਕੇ ਦੀ ਨਿਰਬਲ ਅਤੇ ਅਲਪ ਜੇਹੀ ਫੌਜੀ ਤਿਆਰੀ ਕੋਈ ਮਹੱਤਤਾ ਨਹੀਂ ਰਖਦੀ ਸੀ ਪਰ ਇਸ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਸ਼ਹਿਨਸ਼ਾਹ ਦਾ ਗੁਰੂ ਜੀ ਨੂੰ ਬੰਦੀ ਬਣਾ ਕੇ ਰੱਖਣ ਦਾ ਮਨੋਰਥ, ਗੁਰੂ ਅਰਜਨ ਦੇਵ ਤੇ ਲਾਏ ਜੁਰਮਾਨੇ ਦੀ ਵਸੂਲੀ ਕਰਨਾ ਜਾਪਦਾ ਸੀ ਜਿਹੜਾ ਅਦਾ ਨਹੀਂ ਕੀਤਾ ਗਿਆ ਸੀ, ਅਤੇ ਸਿੱਖਾਂ ਨੂੰ ਆਗਿਆਕਾਰੀ ਰੱਖਣਾ ਸੀ। ਇਸ ਦੇ ਨਾਲ, ਸਿੱਖ ਲਿਖਤਾਂ ਵਿਚ ਦਰਜ ਗੁਰੂ ਜੀ ਅਤੇ ਉਨ੍ਹਾਂ ਦੇ ਪਰਿਵਾਰ ਦੇ ਵੈਰੀਆਂ ਦੀਆਂ ਸਾਜ਼ਿਸ਼ਾਂ ਨੂੰ ਮੂਲੋਂ ਹੀ ਅੱਖੋਂ ਪਰੋਖੇ ਨਹੀਂ ਕਰਨਾ ਚਾਹੀਦਾ। ਜਿਵੇਂ ਕਿ ਬੈਨੀ ਪ੍ਰਸਾਦ ਸੁਝਾ ਦਿੰਦਾ ਹੈ[2] ਕਿ ਤੁਜ਼ਕ ਵਿਚਲੇ ਸ਼ਹਿਨਸ਼ਾਹ ਦੇ ਆਪਣੇ ਕਥਨ ਤੋਂ ਬਹੁਤ ਹੱਦ ਤਕ ਇਹ ਸਪੱਸ਼ਟ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਕਤਲ ਵਰਗੇ ਗੰਭੀਰ ਮੁਆਮਲੇ ਵਿਚ ਵੀ ਉਸ ਨੇ ਦੂਜੇ ਲੋਕਾਂ ਦੀ ਉਕਸਾਹਟ ਨਾਲ ਅਮਲ ਕੀਤਾ ਸੀ ਅਤੇ ਇਹ ਸੰਭਵ ਹੋ ਸਕਦਾ ਹੈ ਕਿ ਉਨ੍ਹਾਂ ਹੀ ਆਦਮੀਆਂ ਨੇ ਗੁਰੂ ਹਰਿਗੋਬਿੰਦ ਨੂੰ ਨਜ਼ਰਬੰਦ ਕਰਵਾਇਆ ਹੋਵੇ। ਜਹਾਂਗੀਰ ਕਾਬਲ ਜਾਣ ਸਮੇਂ ਅਤੇ ਵਾਪਸ ਆਉਣ ਸਮੇਂ, 1607 ਈ ਨੂੰ ਅਤੇ 1608 ਈ. ਦੇ ਆਰੰਭ ਵਿਚ, ਕੁਝ ਦਿਨ ਲਾਹੌਰ ਠਹਿਰਿਆ ਸੀ। ਹੋ ਸਕਦਾ ਹੈ ਕਿ ਇਨ੍ਹਾਂ ਮੌਕਿਆਂ ਉਤੇ ਗੁਰੂ ਹਰਿਗੋਬਿੰਦ ਦੇ ਦੁਸ਼ਮਣ ਸ਼ਹਿਨਸ਼ਾਹ ਨਾਲ ਮਿਲੇ ਹੋਣ ਅਤੇ ਉਸ ਨੂੰ ਜੁਆਨ ਗੁਰੂ ਵਿਰੁੱਧ ਕਿਹਾ ਹੋਵੇ।

ਮੋਹਸਿਨ ਫਾਨੀ ਆਖਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਗਵਾਲੀਅਰ ਦੇ ਕਿਲ੍ਹੇ

---

1. ਅਸੀਂ ਵਿਚਾਰ ਗੋਚਰੇ ਪੈਰ੍ਹੇ ਦਾ ਅਨੁਵਾਦ ਮੈਕਾਲਿਫ ਵਾਲਾ ਦਿੱਤਾ ਹੈ। ਟਰੌਇਰ ਦਾ ਅਨੁਵਾਦ ਪ੍ਰਤੱਖ ਰੂਪ ਵਿਚ ਗਲਤ ਹੈ ਅਤੇ ਭਾਰੀ ਭੁਲੇਖਾ ਪੈਦਾ ਕਰਦਾ ਹੈ।
2. ਬੈਨੀ ਪ੍ਰਸਾਦ, ਜਹਾਂਗੀਰ, ਪੰਨਾ 150, ਪਦ ਟਿਪਣੀ।

ਵਿਚ ਬਾਰਾਂ ਸਾਲ ਅਲਪ ਭੋਜਨ[1] ਉਤੇ ਨਜ਼ਰਬੰਦ ਰਹੇ । ਅਸੀਂ ਆਪਣੇ ਦ੍ਰਿਸ਼ਟੀਕੋਣ ਨੂੰ, ਕਿ ਗੁਰੂ ਜੀ ਦਾ ਨਜ਼ਰਬੰਦੀ ਦਾ ਸਮਾਂ ਬਹੁਤ ਛੋਟਾ ਸੀ, ਅਤੇ ਗੁਰੂ ਜੀ ਨੂੰ 1611 ਈ. ਦੇ ਲਗਪਗ ਰਿਹਾ ਕੀਤਾ ਗਿਆ ਸੀ, ਕਿਸੇ ਹੋਰ ਥਾਂ ਦੇ ਚੁਕੇ ਹਾਂ ।[2] ਗੁਰੂ ਜੀ ਨੂੰ ਕਿਸ ਤਰ੍ਹਾਂ ਰਿਹਾ ਕੀਤਾ ਗਿਆ ਸੀ ਇਹ ਬਹੁਤਾ ਸਪੱਸ਼ਟ ਨਹੀਂ ਹੈ । ਸਿੱਖ ਲੇਖਕਾਂ, ਜਿਨ੍ਹਾਂ ਵਿਚੋਂ ਬਹੁਤੇ ਗੁਰੂ ਜੀ ਦੀ ਨਜ਼ਰਬੰਦੀ ਦਾ ਸਮਾਂ ਕੇਵਲ 40 ਦਿਨ ਹੀ ਦਸਦੇ ਹਨ, ਦਾ ਕਹਿਣਾ ਹੈ ਕਿ ਇਕ ਭਾਈ ਜੇਠਾ ਨਾਂ ਦਾ ਧਾਰਮਿਕ ਸਿੱਖ "ਸ਼ਹਿਨਸ਼ਾਹ ਨੂੰ ਆਰਾਮ ਦੇਣ ਵਿਚ ਸਫਲ ਹੋ ਗਿਆ ਸੀ ਜਿਸ ਨੂੰ ਭਿਆਨਕ ਸੁਪਨੇ ਤੰਗ ਕਰਦੇ ਸਨ" ਅਤੇ ਇਸ ਦੇ ਬਦਲੇ ਅਤੇ ਇਕ ਮੁਗਲ ਅਫ਼ਸਰ ਵਜ਼ੀਰ ਖ਼ਾਂ ਦੇ ਗੁਰੂ ਜੀ ਵਲੋਂ ਹਾਮੀ ਭਰਨ ਤੇ ਜਹਾਂਗੀਰ ਨੇ ਗੁਰੂ ਹਰਿਗੋਬਿੰਦ ਨੂੰ ਦਰਬਾਰ ਵਿਚ ਬੁਲਾਇਆ ।[3] ਮੋਹਸਿਨ ਫਾਨੀ ਕਹਿੰਦਾ ਹੈ ਕਿ ਗੁਰੂ ਸਾਹਿਬ ਦੀ ਗਵਾਲੀਅਰ ਵਿਚ ਨਜ਼ਰਬੰਦੀ ਸਮੇਂ ਬਹੁਤ ਸਾਰੇ ਸਿੱਖ ਉਥੇ ਆਉਂਦੇ ਸਨ ਅਤੇ ਕਿਲ੍ਹੇ ਦੀਆਂ ਕੰਧਾਂ ਨੂੰ ਮੱਥਾ ਟੇਕਦੇ ਸਨ । ਅੰਤ ਵਿਚ ਸ਼ਹਿਨਸ਼ਾਹ ਨੇ ਦਇਆ ਵਜੋਂ ਗੁਰੂ ਜੀ ਦੀ ਰਿਹਾਈ ਦਾ ਹੁਕਮ ਦੇ ਦਿੱਤਾ ।[4] ਫਿਰ ਇਹ ਵੀ ਕਿਹਾ ਗਿਆ ਹੈ ਕਿ ਇਕ ਪ੍ਰਸਿੱਧ ਸੰਤ ਮੀਆਂ ਮੀਰ, ਜਿਸ ਦੇ ਨਾਂ ਤੇ ਲਾਹੌਰ ਦੀ ਛਾਉਣੀ ਦਾ ਨਾਂ ਰਖਿਆ ਗਿਆ ਸੀ, ਅਤੇ ਜਿਹੜਾ ਗੁਰੂ ਜੀ ਦੇ ਪਰਿਵਾਰ ਦਾ ਮਿੱਤਰ ਸੀ, ਨੇ ਗੁਰੂ ਜੀ ਵਲੋਂ ਵਿਚੋਲਗੀ ਕੀਤੀ ਅਤੇ ਉਨ੍ਹਾਂ ਨੂੰ ਰਿਹਾ ਕਰਵਾਇਆ ਸੀ ।[5] ਪਰ ਗੁਰੂ ਜੀ ਦੀ ਰਿਹਾਈ ਦੇ ਮੂਲ ਕਾਰਨ ਕੁਝ ਵੀ ਹੋਣ, ਇਹ ਗੱਲ ਸਪੱਸ਼ਟ ਹੈ ਕਿ ਇਸ ਤੋਂ ਅੱਗੇ ਲਈ ਸ਼ਹਿਨਸ਼ਾਹ ਦੇ ਗੁਰੂ ਅਤੇ ਸਿੱਖਾਂ ਪ੍ਰਤਿ ਵਿਵਹਾਰ ਵਿਚ ਪੂਰੀ ਤਬਦੀਲੀ ਆ ਗਈ । ਸਿੱਖ ਰਵਾਇਤ ਦਾ ਇਹ ਕਹਿਣਾ ਹੈ ਕਿ ਜਦ ਸ਼ਹਿਨਸ਼ਾਹ ਨੇ ਗੁਰੂ ਜੀ ਦੀ ਰਿਹਾਈ ਦਾ ਹੁਕਮ ਦਿੱਤਾ, ਤਾਂ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਹੋਰ ਰਾਜੇ ਜੋ ਗੁਰੂ ਜੀ ਦੀ ਸੰਗਤ ਵਿਚ ਕੈਦ ਦਾ ਦੁਖ ਭੁਲ ਗਏ ਸਨ, ਗੁਰੂ ਜੀ ਤੋਂ ਵਿਛੋੜੇ ਦਾ ਸਮਾਂ ਲਾਗੇ ਆਉਣ ਤੇ ਉਨ੍ਹਾਂ ਨੇ ਇਤਨਾ ਵਿਰਲਾਪ ਕੀਤਾ ਕਿ ਗੁਰੂ ਜੀ ਸ਼ਹਿਨਸ਼ਾਹ ਨੂੰ ਇਹ ਸੂਚਨਾ ਦੇਣ ਲਈ ਮਜਬੂਰ ਹੋ ਗਏ ਕਿ ਜਦ ਤਕ ਉਨ੍ਹਾਂ ਦੇ ਸਾਥੀ ਬੰਦੀ ਰਾਜਿਆਂ ਨੂੰ ਰਿਹਾ ਨਹੀਂ ਕੀਤਾ ਜਾਂਦਾ ਉਦੋਂ ਤਕ ਉਹ ਆਪ ਵੀ ਰਿਹਾ

---

1. ਦਬਿਸਤਾਨ, ਸੈਂਚੀ ਦੂਜੀ, ਪੰਨਾ 274 । ਸਿੱਖ ਲਿਖਤਾਂ ਇਸ ਨੂੰ ਅਸਿੱਧੇ ਰੂਪ ਵਿਚ ਮੰਨਦੀਆਂ ਹਨ । "ਗੁਰੂ ਜੀ ਕੁਝ ਆਹਾਰ ਨਹੀਂ ਕਰਦੇ ਸਨ, ਉਹ ਆਪਣਾ ਰਾਸ਼ਨ, ਲੋੜਵੰਦ ਕੈਦੀਆਂ ਨੂੰ ਵੰਡ ਦਿੰਦੇ ਸਨ ।" (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 23) ।

2. ਦੇਖੋ ਪਰਿਸ਼ਿਸ਼ਟ 'ੳ' ।

3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 24-26 । ਫ਼ਾਰਸਟਰ ਕਹਿੰਦਾ ਹੈ ਕਿ ਮਹਬਤ ਖ਼ਾਂ ਨਾਮੀ ਇਕ ਅਫ਼ਸਰ ਨੇ ਗੁਰੂ ਜੀ ਵਲੋਂ ਵਿਚੋਲਗੀ ਕੀਤੀ (ਉਪਰੋਕਤ ਰਚਨਾ ਪੰਨਾ 259) ।

4. ਦਬਿਸਤਾਨ, ਸੈਂਚੀ ਦੂਜੀ, ਪੰਨਾ 274

5. ਨਾਰੰਗ, ਉਪਰੋਕਤ ਰਚਨਾ, ਪੰਨਾ 83

ਹੋਣ ਲਈ ਤਿਆਰ ਨਹੀਂ ਹਨ। ਜਹਾਂਗੀਰ ਨੇ ਪਹਿਲਾਂ ਇਨਕਾਰ ਕਰ ਦਿੱਤਾ ਪਰੰਤੂ ਗੁਰੂ ਜੀ ਦੀ ਜ਼ਾਮਨੀ ਦੇਣ ਉਤੇ ਉਨ੍ਹਾਂ ਨੂੰ ਵੀ ਰਿਹਾ ਕਰ ਦਿੱਤਾ ਗਿਆ। ਇਸੇ ਕਾਰਨ ਹੀ ਉਨ੍ਹਾਂ ਨੂੰ "ਬੰਦੀ ਛੋੜ ਬਾਬਾ"[1] ਹੋਣ ਦੀ ਪਦਵੀ ਪ੍ਰਾਪਤ ਹੋਈ।

ਇਨ੍ਹਾਂ ਕਥਾਵਾਂ ਤੋਂ ਛੁਟ, ਇਉਂ ਜਾਪਦਾ ਹੈ ਕਿ ਹੁਣ ਹਾਲਾਤ ਗੁਰੂ ਜੀ ਦੇ ਦੁਸ਼ਮਣਾਂ ਦੇ ਵਿਰੁੱਧ ਹੋ ਗਏ ਸਨ ਅਤੇ ਉਨ੍ਹਾਂ ਨੂੰ ਚੰਦੂ ਸ਼ਾਹ ਤੋਂ ਬਦਲਾ ਲੈਣ ਦਾ ਇੱਛਿਤ ਅਵਸਰ ਮਿਲ ਗਿਆ ਸੀ ਜਿਹੜਾ ਕਿ ਉਨ੍ਹਾਂ ਦਾ ਕੱਟੜ ਵੈਰੀ ਸੀ। ਸਾਨੂੰ ਦਸਿਆ ਗਿਆ ਹੈ ਕਿ ਚੰਦੂ ਸ਼ਾਹ ਦੇ ਧ੍ਰੋਹ ਬਾਰੇ ਸ਼ਹਿਨਸ਼ਾਹ ਨੂੰ ਪੂਰਨ ਵਿਸ਼ਵਾਸ ਹੋ ਗਿਆ ਅਤੇ ਉਸ ਨਾਲ ਮਨ-ਇੱਛਿਤ ਵਿਵਹਾਰ ਕਰਨ ਲਈ ਗੁਰੂ ਜੀ ਦੇ ਹਵਾਲੇ ਕਰ ਦਿੱਤਾ। ਸਿੱਖ ਲਿਖਤਾਂ ਵਿਚ ਚੰਦੂ ਨਾਲ ਹੋਈ ਨਿਰਾਦਰੀ ਅਤੇ ਕਠੋਰ ਝਾੜ ਝੰਬ ਬਾਰੇ ਵੇਰਵੇ ਸਹਿਤ ਲਿਖਿਆ ਹੋਇਆ ਹੈ। "ਗੁਰੂ ਜੀ ਦੇ ਇਸ਼ਾਰੇ ਤੇ ਭਾਈ ਬਿਧੀ ਚੰਦ ਅਤੇ ਭਾਈ ਜੇਠਾ ਨੇ ਚੰਦੂ ਨੂੰ ਕਾਬੂ ਕਰ ਲਿਆ, ਉਸ ਦੀ ਪਗੜੀ ਉਤਾਰ ਦਿੱਤੀ ਗਈ, ਉਸ ਦੇ ਹੱਥ ਪਿੱਠ ਪਿੱਛੇ ਬੰਨ੍ਹ ਦਿੱਤੇ ਗਏ ਅਤੇ ਉਸ ਦੇ ਸਿਰ ਤੇ ਜੁੱਤੀਆਂ ਦੀ ਬੁਛਾੜ ਕੀਤੀ ਗਈ। ਇਸ ਤਰ੍ਹਾਂ ਝਾੜ ਝੰਬ ਮਗਰੋਂ ਉਸ ਨੂੰ ਸ਼ਹਿਰ ਦੀਆਂ ਗਲੀਆਂ ਵਿਚ ਲਿਜਾਇਆ ਗਿਆ ਤਾਂ ਕਿ ਸਾਰਿਆਂ ਨੂੰ ਚੇਤਾਵਨੀ ਹੋ ਸਕੇ। ਉਸ ਉਤੇ ਵੱਟੇ, ਚਿੱਕੜ ਗੰਦ ਸੁਟਿਆ ਗਿਆ ਅਤੇ ਕਈ ਲੋਕਾਂ ਨੇ ਉਸ ਦੇ ਮੂੰਹ ਤੇ ਥੁਕਿਆ......। ਇਸ ਤਰ੍ਹਾਂ ਗੰਦ ਮੰਦ ਉਸ ਉਤੇ ਸੁਟਿਆ ਜਾਂਦਾ ਰਿਹਾ ਅਤੇ ਉਸ ਦੀ ਅਜੇਹੀ ਹਾਲਤ ਬਣਾ ਦਿੱਤੀ ਗਈ ਕਿ ਉਸ ਨੂੰ ਕੋਈ ਪਛਾਣ ਨਹੀਂ ਸਕਦਾ ਸੀ।[2] ਕਿਵੇਂ ਵੀ ਹੋਵੇ, ਚੰਦੂ ਦੀ ਮੌਤ ਨਾਲ ਗੁਰੂ ਜੀ ਦੇ ਜੀਵਨ ਵਿਚ ਇਕ ਨਿਸਚਿਤ ਯੁਗ ਦਾ ਅੰਤ ਹੁੰਦਾ ਹੈ ਅਤੇ ਅਸੀਂ ਉਨ੍ਹਾਂ ਦੇ ਜੀਵਨ ਦੇ ਦੂਜੇ ਪਹਿਲੂ ਵਿਚ ਪ੍ਰਵੇਸ਼ ਕਰਦੇ ਹਾਂ ਜਿਸ ਵਿਚ ਅਸੀਂ ਗੁਰੂ ਜੀ ਦਾ ਜਹਾਂਗੀਰ ਅਤੇ ਉਸ ਦੀ ਸਰਕਾਰ ਨਾਲ ਸੰਬੰਧ ਇਕ ਮਿੱਤਰ ਸਹਿਕਾਰੀ ਦੇ ਰੂਪ ਵਿਚ ਦੇਖਦੇ ਹਾਂ।

III. ਗੁਰੂ ਹਰਿਗੋਬਿੰਦ ਸਾਹਿਬ ਅਤੇ ਮੁਗਲ ਸਰਕਾਰ : ਮਿੱਤਰ-ਭਾਵੀ ਸਹਿਕਾਰਿਤਾ ਦਾ ਸਮਾਂ

ਮੋਹਸਿਨ ਫਾਨੀ ਕਹਿੰਦਾ ਹੈ : "ਹਰਿਗੋਬਿੰਦ ਸਦਾ ਹੀ ਵਿਜੇਈ ਜਹਾਂਗੀਰ ਦੇ ਨਾਲ ਰਹਿੰਦਾ ਸੀ" ਅਤੇ "ਜਹਾਂਗੀਰ ਦੀ ਮੌਤ ਮਗਰੋਂ ਉਹ ਵਿਜੇਈ ਸ਼ਾਹਜਹਾਨ ਦੀ ਸੇਵਾ ਵਿਚ ਚਲਾ ਗਿਆ।"[3] ਸੋ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੀ ਗਵਾਲੀਅਰ ਤੋਂ ਰਿਹਾਈ ਦੇ ਸਮੇਂ

---

1. ਮੈਕਾਲਿਫ, ਉਹੀ, ਸੈਂਚੀ ਚੌਥੀ, ਪੰਨਾ 26, 27। ਇਹ ਸੰਭਵ ਹੈ ਕਿ ਗੁਰੂ ਜੀ ਨੇ ਪਿੱਛੋਂ ਕੁਝ ਭਗੌੜੇ ਰਾਜਿਆਂ ਅਤੇ ਵਜ਼ੀਰਾਂ ਨੂੰ ਦਿੱਤੀ ਸ਼ਰਨ ਇਸ ਕਥਾ ਦੇ ਮੂਲ ਦਾ ਆਧਾਰ ਹੋਵੇ।
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 30
3. ਦਬਿਸਤਾਨ, ਸੈਂਚੀ ਦੂਜੀ, ਪੰਨਾ 273, 274

ਤੋਂ ਲੈ ਕੇ ਸ਼ਾਹਜਹਾਨ ਦੇ ਆਰੰਭ ਤਕ, ਗੁਰੂ ਜੀ ਇਕ ਜਾਂ ਦੂਜੇ ਅਹੁਦੇ ਤੇ ਮੁਗਲ ਸਰਕਾਰ ਨਾਲ ਸੰਬੰਧਿਤ ਸਨ। ਪਰ ਉਨ੍ਹਾਂ ਦੀ ਅਸਲ ਪਦਵੀ ਕੀ ਸੀ ਇਹ ਕਹਿਣਾ ਕਠਿਨ ਹੈ। ਗੁਰੂ ਹਰਿਗੋਬਿੰਦ ਸਾਹਿਬ ਦਾ ਅਜੇਹੀ ਸੇਵਾ ਸ੍ਵੀਕਾਰ ਕਰਨ ਬਾਰੇ ਅਧਿਕ ਮਹੱਤਵਪੂਰਣ ਸਿੱਖ ਲਿਖਤਾਂ ਚੁਪ ਹਨ ਪਰੰਤੂ ਪਿਛਲੇਰੀਆਂ ਦੋ ਕ੍ਰਿਤਾਂ ਦਸਦੀਆਂ ਹਨ ਕਿ ਗੁਰੂ ਜੀ ਨੂੰ ਪੰਜਾਬ ਦੇ ਕਰਮਚਾਰੀਆਂ ਉਤੇ ਨਿਗਰਾਨ ਦੇ ਤੌਰ ਤੇ ਲਗਾਇਆ ਗਿਆ ਸੀ ਅਤੇ ਉਨ੍ਹਾਂ ਦੀ ਕਮਾਨ ਹੇਠ 700 ਘੋੜੇ, 1000 ਪਿਆਦਾ ਅਤੇ 7 ਤੋਪਾਂ ਸਨ।[1] ਇਹ ਗੱਲ ਨਿਰਾਰਥਕ ਜਾਪਦੀ ਹੈ ਅਤੇ ਤੁਜ਼ਕ-ਏ-ਜਹਾਂਗੀਰੀ ਵਿਚ ਇਸ ਸੰਬੰਧ ਵਿਚ ਪ੍ਰਮਾਣ ਦੀ ਅਣਹੋਂਦ ਕਾਰਨ ਇਹ ਪੂਰੀ ਤਰ੍ਹਾਂ ਰੱਦ ਹੁੰਦੀ ਹੈ। ਉਸ ਡਾਇਰੀ ਵਿਚ "ਸਾਰੇ ਫ਼ਸਾਦਾਂ ਅਤੇ ਬਗਾਵਤਾਂ, ਲੜਾਈਆਂ ਅਤੇ ਜਿੱਤਾਂ ਦਾ ਪੂਰਾ ਵੇਰਵਾ ਦਿੱਤਾ ਹੋਇਆ ਹੈ। ਇਸ ਵਿਚ ਸਾਰੇ ਸ਼ਾਹੀ ਨੇਮ ਦਿੱਤੇ ਹੋਏ ਹਨ। ਸਾਰੀਆਂ ਮਹੱਤਵਪੂਰਣ ਨਿਯੁਕਤੀਆਂ, ਤਰੱਕੀਆਂ ਅਤੇ ਬਰਤਰਫੀਆਂ ਵਰਣਿਤ ਹਨ। ਪ੍ਰਮੁਖ ਅਮੀਰਾਂ ਅਤੇ ਵਜ਼ੀਰਾਂ ਤਥਾ ਅਫਸਰਾਂ ਦੇ ਜੀਉਂਦੇ ਜਾਗਦੇ ਰੇਖਾ ਚਿਤ੍ਰ ਖਿਚੇ ਹਨ" ਅਤੇ "ਸ਼ਹਿਨਸ਼ਾਹ ਦੀ ਸ੍ਵੈਜੀਵਨੀ ਬੇਲਾਗ ਅਤੇ ਸਾਫ ਸਾਫ ਉਘੜਦੀ ਹੈ।"[2] ਇਹ ਤਥ ਕਿ ਜਹਾਂਗੀਰ ਦੀ ਸ੍ਵੈਜੀਵਨੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਦਾ ਨਾਮ ਨਾ ਆਉਣਾ ਇਹ ਸਿੱਧ ਕਰਦਾ ਜਾਪ੍ਹਦਾ ਹੈ ਕਿ ਗੁਰੂ ਜੀ ਦੇ ਜਹਾਂਗੀਰ ਨਾਲ ਸੰਬੰਧ ਇੰਨੇ ਗੂਹੜੇ ਨਹੀਂ ਸਨ ਜਿੰਨੇ ਕਿ ਸਿੱਖ ਲਿਖਾਰੀ ਸਾਨੂੰ ਮੰਨਣ ਲਈ ਕਹਿੰਦੇ ਹਨ ਅਤੇ ਉਨ੍ਹਾਂ ਦੀ ਪਦਵੀ ਵੀ ਮਾਮੂਲੀ ਜੇਹੀ ਹੀ ਹੋਵੇਗੀ ਜਿਸ ਵਲ ਸ਼ਹਿਨਸ਼ਾਹ ਨੇ ਧਿਆਨ ਦੇਣਾ ਉਚਿਤ ਨਹੀਂ ਸਮਝਿਆ। ਮੋਹਸਿਨ ਫਾਨੀ ਦੀ ਗਵਾਹੀ ਵੀ ਨਿਸ਼ਚਿਤ ਤੌਰ ਤੇ ਇਸ ਨਤੀਜੇ ਵਲ ਇਸ਼ਾਰਾ ਕਰਦੀ ਹੈ ਕਿਉਂਕਿ ਉਹ ਕਹਿੰਦਾ ਹੈ ਕਿ ਗੁਰੂ ਸਾਹਿਬ ਕੁਝ ਸਮੇਂ ਲਈ ਯਾਰ ਖ਼ਾਂ ਨਾਲ ਰਹੇ ਸਨ। ਉਹ ਹੀਜੜਾ ਸੀ ਅਤੇ ਪੰਜਾਬ ਦੇ ਨਵਾਬ ਹੇਠ ਫੌਜਦਾਰ ਸੀ ਅਤੇ ਗੁਰੂ ਸਾਹਿਬ ਨੇ ਉਸ ਦੀ ਰਾਜ ਪ੍ਰਬੰਧ ਵਿਚ ਸਹਾਇਤਾ ਕੀਤੀ ਸੀ।[3] ਸੋ ਗੁਰੂ ਹਰਿਗੋਬਿੰਦ ਸਾਹਿਬ ਦੀ ਰਾਜ ਪ੍ਰਬੰਧ ਵਿਚ ਪਦਵੀ ਅਵੱਸ਼ ਹੀ ਛੋਟੀ ਸੀ ਅਤੇ ਘੱਟੋ ਘੱਟ ਕੁਝ ਸਮੇਂ ਲਈ ਉਹ ਕੇਵਲ ਇਕ ਫੌਜਦਾਰ ਦੇ ਸਹਾਇਕ ਹੀ ਸਨ।

ਫਿਰ ਵੀ, ਸਮੁੱਚੇ ਤੌਰ ਤੇ, ਗੁਰੂ ਜੀ ਦੇ ਮੁਗਲ ਸਰਕਾਰ ਨਾਲ ਸੰਬੰਧ, ਗਵਾਲੀਅਰ ਤੋਂ ਰਿਹਾਈ ਤੋਂ ਲੈ ਕੇ ਸ਼ਾਹਜਹਾਨ ਦੇ ਰਾਜ ਦੇ ਆਰੰਭ ਤਕ, ਜਦੋਂ ਕਿ ਖੁਲ੍ਹਮ ਖੁਲ੍ਹੀ ਦੁਸ਼ਮਣੀ ਹੋ ਚੁਕੀ ਸੀ, ਅਸਪੱਸ਼ਟ ਹਨ ਅਤੇ ਤੱਥਾਂ ਨੂੰ ਥਾਂ ਸਿਰ ਤੇ ਨਿਯਮ ਪੂਰਵਕ ਰੱਖਣਾ ਆਸਾਨ ਨਹੀਂ ਹੈ ਅਤੇ ਉਨ੍ਹਾਂ ਮਨੋਰਥਾਂ, ਜਿਨ੍ਹਾਂ ਨੇ ਗੁਰੂ ਜੀ ਨੂੰ ਉਤਸ਼ਾਹਿਤ ਕੀਤਾ ਸੀ, ਨੂੰ ਸਮਝਣਾ ਸਹਿਲ ਨਹੀਂ ਹੈ। ਸਮੁੱਚੇ ਤੌਰ ਤੇ, ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਉਹ ਸਰਕਾਰ ਨਾਲ ਸ਼ਾਂਤੀ ਨਾਲ ਰਹੇ ਅਤੇ ਰਾਜ ਪ੍ਰਬੰਧ ਵਿਚ ਇਕ ਛੋਟਾ ਜੇਹਾ ਅਹੁਦਾ ਵੀ ਰਖਦੇ ਸਨ। ਪਰੰਤੂ ਮੋਹਸਿਨ ਫਾਨੀ ਦੇ ਇਸ ਕਥਨ ਤੋਂ ਇਲਾਵਾ, ਕਿ ਕੁਝ ਸਮੇਂ ਲਈ

---

1. ਪੰਥ ਪ੍ਰਕਾਸ਼, ਪੰਨਾ 107, ਇਤਿਹਾਸ ਗੁਰੂ ਖਾਲਸਾ, ਪੰਨਾ 128
2. ਬੈਨੀ ਪ੍ਰਸਾਦ, ਜਹਾਂਗੀਰ, ਪੰਨਾ 454
3. ਦਬਿਸਤਾਨ, ਸੈਂਚੀ ਦੂਜੀ, ਪੰਨਾ 274

ਉਹ ਫੌਜਦਾਰ ਯਾਰ ਖ਼ਾਂ ਨਾਲ ਸੰਬੰਧਿਤ ਰਹੇ ਸਨ, ਸਾਨੂੰ ਉਨ੍ਹਾਂ ਦੇ ਜੀਵਨ ਦੇ ਇਸ ਪੱਖ ਬਾਰੇ ਕੋਈ ਗਿਆਨ ਨਹੀਂ । ਸਿੱਖ ਲੇਖਕ ਨਿਰਸੰਦੇਹ, ਦਸਦੇ ਹਨ ਕਿ ਗੁਰੂ ਜੀ ਸ਼ਹਿਨਸ਼ਾਹ ਦੇ ਗੂਹੜੇ ਮਿੱਤਰ ਬਣ ਗਏ ਸਨ ਅਤੇ ਇਕ ਵਾਰ ਉਸ ਨਾਲ ਕਸ਼ਮੀਰ[1] ਵੀ ਗਏ ਸਨ ਅਤੇ ਰਾਜਾ ਤਾਰਾ ਚੰਦ ਨਾਲਾਗੜ੍ਹ ਦੇ ਵਿਰੁੱਧ ਉਨ੍ਹਾਂ ਨੂੰ ਫੌਜ ਦੀ ਕਮਾਨ ਵੀ ਦਿੱਤੀ ਗਈ ਸੀ ਜਿਸ ਨੂੰ ਪ੍ਰਾਧੀਨ ਕਰਨ ਮਗਰੋਂ ਸ਼ਹਿਨਸ਼ਾਹ ਸਾਹਮਣੇ ਪੇਸ਼ ਕੀਤਾ ਸੀ ।[2] ਪਰੰਤੂ ਇਨ੍ਹਾਂ ਕਥਨਾਂ ਦੀ ਸੁਤੰਤਰ ਪੁਸ਼ਟੀ ਨਹੀਂ ਮਿਲਦੀ ਅਤੇ ਜਿਸ ਤਰ੍ਹਾਂ ਸਿੱਖ ਇਤਿਹਾਸਕਾਰਾਂ ਨੇ ਗ਼ੈਰ ਜ਼ਿੰਮੇਵਾਰ ਢੰਗ ਨਾਲ ਵਾਰਤਾ ਨੂੰ ਗੁੰਦਿਆ ਹੈ, ਨੂੰ ਧਿਆਨ ਵਿਚ ਰੱਖੀਏ ਤਾਂ ਸਾਡੀ ਸਥਿਤੀ ਵਿਚ ਕੋਈ ਪ੍ਰਸੰਸਾਯੋਗ ਸੁਧਾਰ ਨਹੀਂ ਹੁੰਦਾ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੇ ਜਹਾਂਗੀਰ ਸਰਕਾਰ ਨਾਲ ਸੰਬੰਧ ਕੁਝ ਹੱਦ ਤਕ ਅਨੁਮਾਨ ਦੇ ਮੰਡਲ ਵਿਚ ਹੀ ਰਹਿੰਦੇ ਹਨ ।

ਹੱਥਲੇ ਪ੍ਰਸ਼ਨ ਨਾਲ ਭਾਵੇਂ ਇਨ੍ਹਾਂ ਦਾ ਕੋਈ ਸੰਬੰਧ ਹੈ ਜਾਂ ਨਹੀਂ, ਫਿਰ ਵੀ ਕਈ ਤਥ ਵਧੇਰੇ ਸਪੱਸ਼ਟ ਹੋ ਕੇ ਉਘੜੇ ਹਨ । ਜਾਪਦਾ ਹੈ ਕਿ ਗੁਰੂ ਜੀ ਦੀ ਨਜ਼ਰਬੰਦੀ ਨੇ ਉਨ੍ਹਾਂ ਦੇ ਫੌਜੀ ਉਤਸ਼ਾਹ ਨੂੰ ਮਠਿਆਂ ਨਹੀਂ ਸੀ ਕੀਤਾ ਅਤੇ ਇਸ ਗੱਲ ਦੇ ਸਬੂਤ ਹਨ ਕਿ ਗੁਰ-ਗੱਦੀ ਦੇ ਆਰੰਭ ਵਿਚ ਅਪਣਾਈ ਹੋਈ ਪੁਰਾਣੀ ਪਾਲਿਸੀ ਨੂੰ ਹੀ ਜਾਰੀ ਰਖਿਆ । ਉਹ ਆਪਣੇ ਕੋਲ ਫੌਜ ਰੱਖਣ ਲਈ ਉਤਾਵਲੇ ਸਨ ਭਾਵੇਂ ਇਹ ਕਿੰਨੀ ਥੋੜ੍ਹੀ ਹੀ ਹੋਵੇ ਪਰ ਜਿਸ ਨੂੰ ਸੰਕਟ ਸਮੇਂ ਸੁਰੱਖਿਆ ਦੇ ਮੰਤਵਾਂ ਲਈ ਵਰਤਿਆ ਜਾ ਸਕੇ । ਸਾਨੂੰ ਦਸਿਆ ਗਿਆ ਹੈ ਕਿ ਪੁਰਾਣੀ ਫੌਜ ਫਿਰ ਛੇਤੀ ਹੀ ਖੜ੍ਹੀ ਕਰ ਲਈ ਗਈ । ਮੋਹਸਿਨ ਫਾਨੀ ਕਹਿੰਦਾ ਹੈ ਕਿ ਗੁਰੂ ਜੀ ਕੋਲ ਅੱਠ ਸੌ ਘੋੜੇ ਸਨ, ਤਿੰਨ ਸੌ ਘੋੜ ਚੜ੍ਹੇ ਅਤੇ ਸੱਠ ਬੰਦੂਕਚੀ ਸਨ ਜੋ ਸਦਾ ਉਨ੍ਹਾਂ ਦੀ ਸੇਵਾ ਵਿਚ ਰਹਿੰਦੇ ਸਨ ।[3] ਇਹ ਫੌਜ, ਜਿਵੇਂ ਕਨਿੰਘਮ ਸੁਝਾ

1. ਜਿਸ ਉਲੇਖ ਨੂੰ ਮੈਕਾਲਿਫ ਨੇ ਲਿਆ ਹੈ ਉਸ ਵਿਚ ਕੇਵਲ ਇੰਨਾ ਹੀ ਵਰਣਿਤ ਹੈ ਕਿ ਸ਼ਹਿਨਸ਼ਾਹ ਨੇ ਗੁਰੂ ਜੀ ਨੂੰ ਕਸ਼ਮੀਰ ਜਾਣ ਲਈ ਪ੍ਰਾਰਥਨਾ ਕੀਤੀ ਪਰ ਇਹ ਪ੍ਰਤੀਤ ਨਹੀਂ ਹੁੰਦਾ ਕਿ ਗੁਰੂ ਜੀ ਨੇ ਉਸ ਦੀ ਪ੍ਰਾਰਥਨਾ ਮੰਨੀ । ਨਿਰਸੰਦੇਹ, ਗੁਰੂ ਜੀ ਨੇ ਪਿਛੋਂ ਕਸ਼ਮੀਰ ਦੀ ਯਾਤਰਾ ਕੀਤੀ ਸੀ ਪਰੰਤੂ ਇਹ ਕੇਵਲ ਸੇਵਾ ਦਾਸ ਦੀ ਮਾਤਾ ਦੀ ਸ਼ਰਧਾ ਅਤੇ ਪਿਆਰ ਕਾਰਨ ਸੀ । ਸੇਵਾ ਦਾਸ ਇਕ ਬ੍ਰਾਹਮਣ ਸੀ ਜਿਸ ਨੂੰ ਗੁਰੂ ਜੀ ਨੇ ਸਿੱਖ ਬਣਾਇਆ ਸੀ (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 31, 60, 61) ।

2. ਪੰਥ ਪ੍ਰਕਾਸ਼, ਪੰਨਾ 107, ਇਤਿਹਾਸ ਗੁਰੂ ਖਾਲਸਾ, ਪੰਨਾ 128 । ਐਪਰ ਮੈਕਾਲਿਫ ਇਸ ਬਾਰੇ ਚੁਪ ਹੈ । ਨਾਰੰਗ ਇਸ ਕਥਨ ਲਈ ਦਬਿਸਤਾਨ ਦਾ ਪ੍ਰਮਾਣਿਕ ਹਵਾਲਾ ਮੰਨਦਾ ਹੈ । ਮੋਹਸਿਨ ਫਾਨੀ ਇਕ ਹੋਰ ਸੰਬੰਧ ਵਿਚ ਕਹਿੰਦਾ ਹੈ ਕਿ ਗੁਰੂ ਜੀ ਨੇ ਕੀਰਤਪੁਰ ਪਨਾਹ ਲਈ "ਜਿਹੜਾ ਪੰਜਾਬ ਦੇ ਪਹਾੜੀ ਜ਼ਿਲੇ ਵਿਚ ਹੈ । ਅਤੇ ਫਿਰ ਰਾਜਾ ਤਾਰਾ ਚੰਦ ਤੇ ਨਿਰਭਰ ਹੋ ਗਏ, ਜਿਸ ਨੇ ਕਦੇ ਬਾਦਸ਼ਾਹ ਸ਼ਾਹਜਹਾਨ ਨੂੰ ਖਰਾਜ ਨਹੀਂ ਦਿੱਤਾ ਸੀ" (ਦਬਿਸਤਾਨ ਸੈਂਚੀ ਦੂਜੀ, ਪੰਨਾ 276) । ਨਾਰੰਗ ਦਾ ਰੌਲਾ ਸ਼ਾਇਦ ਇਸ ਕਰਕੇ ਹੈ ਕਿ ਦੋਹਾਂ ਰਾਜਿਆਂ ਦਾ ਨਾਂ ਤਾਰਾ ਚੰਦ ਹੈ, ਪਰ ਕੀਰਤਪੁਰ ਕਹਲੂਰ ਦੇ ਰਾਜੇ ਦੀ ਰਿਆਸਤ ਵਿਚ ਸੀ । ਸੋ ਦੋਵੇਂ ਰਾਜ ਇਕ ਹੀ ਆਦਮੀ ਦੇ ਨਹੀਂ ਹੋ ਸਕਦੇ ।

3. ਦਬਿਸਤਾਨ, ਸੈਂਚੀ ਦੂਜੀ, ਪੰਨਾ 227

ਦਿੰਦਾ ਹੈ,[1] ਗੁਰੂ ਜੀ ਦੀ ਅੰਗ-ਰੱਖਿਅਕ ਸੀ ਅਤੇ ਉਨ੍ਹਾਂ ਦੀ ਸਰੀਰਕ ਰੱਖਿਆ ਕਰਦੀ ਸੀ। ਕਿਹਾ ਜਾਂਦਾ ਹੈ ਕਿ ਇਨ੍ਹਾਂ ਤੋਂ ਇਲਾਵਾ ਗੁਰੂ ਜੀ ਨੇ ਬਹੁਤ ਸਾਰੇ ਅਸੰਤੁਸ਼ਟ ਅਤੇ ਭਗੌੜਿਆਂ ਨੂੰ ਵੀ ਭਰਤੀ ਕਰ ਲਿਆ ਹੋਇਆ ਸੀ ਅਤੇ ਆਪਣੀ ਸੇਵਾ ਵਿਚ ਬਹੁਤ ਸਾਰੇ ਡਾਕੂਆਂ ਅਤੇ ਲੁਟੇਰਿਆਂ ਨੂੰ ਵੀ ਲੈ ਆਂਦਾ ਸੀ। ਮੋਹਸਿਨ ਫਾਨੀ ਦਾ ਕਥਨ ਵੀ ਇਸ ਦੀ ਪੁਸ਼ਟੀ ਕਰਦਾ ਜਾਪਦਾ ਹੈ ਕਿ "ਜਿਹੜਾ ਆਪਣੇ ਘਰ ਤੋਂ ਭਗੌੜਾ ਹੋ ਜਾਂਦਾ ਸੀ, ਉਹ ਉਨ੍ਹਾਂ ਕੋਲ ਆ ਸ਼ਰਨ ਲੈਂਦਾ ਸੀ।"[2] ਗੁਰੂ ਹਰਿਗੋਬਿੰਦ ਨੇ ਤਨਖਾਹਦਾਰ ਪਠਾਣਾਂ ਦੇ ਜਥੇ ਵੀ ਭਰਤੀ ਕੀਤੇ ਹੋਏ ਸਨ ਅਤੇ ਇਕ ਪਠਾਣ ਸਰਦਾਰ ਜਿਸ ਦਾ ਨਾਮ ਪੈਂਦਾ ਖ਼ਾਂ ਸੀ ਗੁਰੂ ਜੀ ਦਾ ਅਤਿ ਯੋਗ ਅਤੇ ਭਰੋਸੇ ਵਾਲਾ ਸੇਵਕ ਬਣ ਗਿਆ ਸੀ।[3] ਗੁਰੂ ਹਰਿਗੋਬਿੰਦ ਜੀ ਦੇ ਸ਼ਾਹਜਹਾਨ ਦੇ ਰਾਜ ਦੇ ਆਰੰਭ ਵਿਚ ਮੁਗਲ ਅਧਿਕਾਰੀਆਂ ਨਾਲ ਖੁਲ੍ਹਮ ਖੁਲ੍ਹੇ ਵਿਰੋਧ ਤੋਂ ਇਹ ਸਪਸ਼ਟ ਦਿਖਾਈ ਦਿੰਦਾ ਹੈ ਕਿ ਗੁਰੂ ਜੀ ਦੇ ਪਿੱਛੇ ਕਾਫੀ ਤਕੜੀ ਫੌਜੀ ਸ਼ਕਤੀ ਸੀ ਭਾਵੇਂ ਇਹ ਮੁਗਲ ਸਾਮਰਾਜ ਦੇ ਸ਼ਕਤੀਸ਼ਾਲੀ ਸਾਧਨਾਂ ਦੇ ਟਾਕਰੇ ਵਿਚ ਅਲਪ ਅਤੇ ਤੁੱਛ ਸੀ।

ਦੂਜੀ ਗੱਲ ਅਸੀਂ ਇਹ ਦੇਖਦੇ ਹਾਂ ਕਿ ਗੁਰੂ ਜੀ ਇਸ ਵਿਚਾਰ ਅਧੀਨ ਸਮੇਂ ਦੇ ਦੌਰਾਨ ਬਹੁਤ ਕਰਕੇ ਅੰਮ੍ਰਿਤਸਰ ਤੋਂ ਦੂਰ ਰਹਿੰਦੇ ਸਨ ਅਤੇ ਉਥੋਂ ਦੇ ਸਿੱਖਾਂ ਦੇ ਮਨਾਂ ਵਿਚ ਗੁਰੂ ਪ੍ਰਤਿ ਵਿਆਕੁਲਤਾ ਅਤੇ ਬੇਚੈਨੀ ਨੂੰ ਸਿੱਖ ਲਿਖਤਾਂ ਵਿਚ ਆਮ ਲਿਖਿਆ ਹੈ। ਵਾਸਤਵ ਵਿਚ ਸਬੂਤ ਪ੍ਰਗਟ ਕਰਦੇ ਹਨ ਕਿ ਗੁਰੂ ਜੀ ਵੱਧ ਘੱਟ ਫਿਰਤੂ ਜੀਵਨ ਹੀ ਬਤੀਤ ਕਰਦੇ ਰਹੇ ਸਨ। ਇਹ ਅਤੇ ਇਨ੍ਹਾਂ ਦੀਆਂ ਹੋਰ ਦੂਜੀਆਂ ਘਾੜਤਾਂ ਕਾਰਨ ਬਹੁਤ ਹੱਦ ਤਕ ਗਲਤ ਫਹਿਮੀਆਂ ਪੈਦਾ ਹੋ ਗਈਆਂ ਸਨ। ਪ੍ਰਗਟ ਤੌਰ ਤੇ ਪੁਰਾਣੇ ਸਿੱਖਾਂ ਨੇ ਗੁਰੂ ਜੀ ਦੀਆਂ ਇਨ੍ਹਾਂ ਨਵੀਆਂ ਘਾੜਤਾਂ ਨੂੰ ਪਸੰਦ ਨਹੀਂ ਕੀਤਾ ਅਤੇ ਉਹ ਸੋਚਦੇ ਸਨ ਕਿ "ਉਹ ਮੁਸਲਮਾਨਾਂ ਅਤੇ ਫੌਜੀ ਕਾਰਵਾਈਆਂ ਵਿਚ ਜ਼ਿਆਦਾ ਖਚਿਤ ਸਨ।" ਗੁਰੂ ਜੀ ਬਹੁਤ ਵਾਰ ਆਪਣੇ ਸਿੱਖਾਂ ਵਲੋਂ ਮਿਲੇ ਚੜ੍ਹਾਵੇ ਨੂੰ ਆਪਣੇ ਮੁਸਲਮਾਨ ਅਨੁਯਾਈਆਂ ਵਿਚਕਾਰ ਵੰਡ ਦਿੰਦੇ ਸਨ। ਪੈਂਦਾ ਖ਼ਾਂ ਨੂੰ ਵਿਸ਼ੇਸ਼ ਤੌਰ ਤੇ, ਹਰ ਪ੍ਰਕਾਰ ਪ੍ਰਸੰਨ ਰਖਿਆ ਗਿਆ ਸੀ। ਸਿੱਖ ਇਸ ਨੂੰ ਚੰਗਾ ਨਹੀਂ ਸਮਝਦੇ ਸਨ ਅਤੇ ਅਖੀਰ ਇਹ ਮਤਾ ਪਾਸ ਕੀਤਾ ਗਿਆ ਕਿ ਕੁਝ ਪਤਵੰਤ ਸਿੱਖਾਂ ਦਾ ਵਫ਼ਦ ਭਾਈ ਗੁਰਦਾਸ ਨੂੰ ਮਿਲੇ, ਜਿਸ ਦਾ ਗੁਰੂ ਜੀ ਤੇ ਕਾਫੀ ਪ੍ਰਭਾਵ ਸੀ ਅਤੇ ਉਸ ਨੂੰ ਗੁਰੂ ਜੀ ਦੇ ਆਮ ਚਲਣ ਬਾਰੇ, ਗੁਰੂ ਜੀ ਕੋਲ ਰੋਸ ਪ੍ਰਗਟ ਕਰਨ ਲਈ ਕਿਹਾ ਜਾਵੇ। ਕਿਹਾ ਜਾਂਦਾ ਹੈ ਕਿ ਇਸ ਅਵਸਰ ਤੇ ਭਾਈ ਗੁਰਦਾਸ ਨੇ ਉਸ ਮਹੱਤਵਪੂਰਨ ਪਉੜੀ ਦੀ ਰਚਨਾ ਕੀਤੀ ਸੀ ਜੋ 26ਵੀਂ ਵਾਰ ਵਿਚ ਆਉਂਦੀ ਹੈ। ਵਫ਼ਦ ਦੇ ਜਾਣ ਦੀ ਵਾਰਤਾ ਸੱਚੀ ਹੋਵੇ ਜਾਂ ਨਹੀਂ, ਅਤੇ ਹੋ ਸਕਦਾ ਹੈ ਪਉੜੀ ਹੀ ਇਸ ਦੀ ਬਾਦ ਦਾ ਆਧਾਰ ਹੋਵੇ, ਕਿਉਂਕਿ ਅਜਿਹੇ ਦ੍ਰਿਸ਼ਟਾਂਤਾਂ ਦੀ ਖਾਸ ਤੌਰ ਤੇ ਸਿੱਖ ਸਾਹਿਤ

1. ਕਨਿੰਘਮ, ਉਪਰੋਕਤ ਰਚਨਾ, ਪੰਨਾ 56
2. ਦਬਿਸਤਾਨ, ਸੈਂਚੀ ਦੂਜੀ, ਪੰਨਾ 277
3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 52, 76

ਵਿਚ ਘਾਟ ਨਹੀਂ,[1] ਪਰੰਤੂ ਇਨ੍ਹਾਂ ਸਤਰਾਂ ਵਿਚਲੀ ਗਵਾਹੀ ਆਪਣੇ ਆਪ ਵਿਚ ਨਿਰਵਿਵਾਦ ਹੈ। ਇਸ ਦੀ ਅੰਦਰਲੀ ਗਵਾਹੀ ਤੋਂ ਇਹ ਪ੍ਰਤੱਖ ਹੈ ਜਿਹੜੀ ਇਹ ਸਿੱਧ ਕਰਦੀ ਹੈ ਕਿ ਇਸ ਪਉੜੀ ਦੀ ਰਚਨਾ, ਗੁਰੂ ਜੀ ਦੇ ਗਵਾਲੀਅਰ ਤੋਂ ਰਿਹਾ ਹੋਣ ਮਗਰੋਂ ਦੀ ਹੈ। ਭਾਈ ਗੁਰਦਾਸ 1629 ਈ: ਵਿਚ ਸੁਰਗਵਾਸ ਹੋਏ ਸਨ। ਇਸ ਕਰਕੇ ਇਹ ਸਪੱਸ਼ਟ ਹੈ ਕਿ ਇਹ ਹਰਿਗੋਬਿੰਦ ਸਾਹਿਬ ਦੇ ਜੀਵਨ ਦੇ ਉਸ ਖਾਸ ਦੌਰ ਵਿਚ ਲਿਖੀ ਗਈ ਸੀ, ਜਿਸ ਨੂੰ ਹੁਣ ਅਸੀਂ ਵਿਚਾਰ ਰਹੇ ਹਾਂ। ਹੱਥਲੀ ਪਉੜੀ ਦੀ ਮਹੱਤਤਾ ਦਾ ਖੰਡਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਭਾਈ ਗੁਰਦਾਸ ਗੁਰੂ ਜੀ ਦੇ ਸਮਕਾਲੀ ਸਨ ਅਤੇ ਪ੍ਰਸ਼ੰਸਕ ਵੀ, ਸੋ ਸਾਨੂੰ ਇਥੇ ਸਾਰੀ ਪਉੜੀ ਦੇਣ ਲਈ ਖਿਮਾਂ ਦੀ ਯਾਚਨਾ ਕਰਨ ਦੀ ਲੋੜ ਨਹੀਂ।

ਪਉੜੀ ਇਸ ਪ੍ਰਕਾਰ ਹੈ :

ਧਰਮਸਾਲ ਕਰਿ ਬਹੀਦਾ,
ਇਕਤ ਥਾਉਂ ਨ ਟਿਕੈ ਟਿਕਾਇਆ।
ਪਾਤਿਸਾਹੁ ਘਰਿ ਆਵਦੇ,
ਗੜਿ ਚੜਿਆ ਪਾਤਿਸਾਹ ਚੜਾਇਆ।
ਉਮਤਿ ਮਹਲੁ ਨ ਪਾਵਦੀ,
ਨਠਾ ਫਿਰੈ ਨ ਡਰੈ ਡਰਾਇਆ।
ਮੰਜੀ ਬਹਿ ਸੰਤੋਖਦਾ,
ਕੁਤੇ ਰਖਿ ਸ਼ਿਕਾਰ ਖਿਲਾਇਆ।
ਬਾਣੀ ਕਰਿ ਸੁਣਿ ਗਾਵਦਾ,
ਕਥੈ ਨ ਸੁਣੇ ਨ ਗਾਵਿ ਸੁਣਾਇਆ।
ਸੇਵਕ ਪਾਸ ਨ ਰਖੀਅਨਿ,
ਦੋਖੀ ਦੁਸਟ ਆਗੂ ਮੁਹਿ ਲਾਇਆ।
ਸਚੁ ਨ ਲੁਕੈ ਲੁਕਾਇਆ,
ਚਰਣ ਕਵਲ ਸਿਖ ਭਵਰ ਲੁਭਾਇਆ।
ਅਜਰੁ ਜਰੈ ਨ ਆਪੁ ਜਣਾਇਆ।[2]

ਇਹ ਧਿਆਨ ਰੱਖਣ ਵਾਲੀ ਗੱਲ ਹੈ ਕਿ ਆਖਰੀ ਚਰਨਾਂ ਵਿਚ ਭਾਈ ਗੁਰਦਾਸ ਲੋਕਾਂ ਦੇ ਆਰੋਪਾਂ ਦੀ ਜ਼ਾਹਰੀ ਸਚਾਈ ਦਾ ਵਿਰੋਧ ਨਹੀਂ ਕਰਦਾ ਪਰੰਤੂ ਫਿਰ ਆਪਣਾ ਦ੍ਰਿੜ ਵਿਸ਼ਵਾਸ ਪ੍ਰਗਟ ਕਰਦਾ ਹੈ ਕਿ ਗੁਰੂ ਜੀ ਦਾ ਮੰਤਵ ਛੇਤੀ ਹੀ ਸਪੱਸ਼ਟ ਹੋ ਜਾਵੇਗਾ ਅਤੇ ਹਰੇਕ ਉਨ੍ਹਾਂ ਦੇ ਕਾਰਜਾਂ ਦੀ ਉਸਤਤ ਕਰੇਗਾ। ਗੁਰੂ ਜੀ ਦੀਆਂ ਨਵੀਆਂ ਕਾਢਾਂ ਗਲਤ ਫਹਿਮੀ ਪੈਦਾ ਕਰ ਰਹੀਆਂ ਸਨ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਸਦਾ ਸਮਕਾਲੀਆਂ

---

1 ਦੇਖੋ ਇਸੇ ਕ੍ਰਿਤ ਦੀ ਪਹਿਲੀ ਸੈਂਚੀ, ਪੰਨਾ 44

2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 76, 77

ਦੁਆਰਾ ਸਲਾਹੀਆਂ ਨਹੀਂ ਸਨ ਗਈਆਂ। ਮੋਹਸਿਨ ਫਾਨੀ ਦੁਆਰਾ ਵਰਣਿਤ ਪਰਤਾਬ ਮਲ ਬਾਰੇ ਦੋ ਪ੍ਰਸੰਗਾਂ ਤੋਂ ਵੀ ਇਹ ਪ੍ਰਤੱਖ ਉਘੜ ਆਉਂਦਾ ਹੈ।[1] ਸੋ ਇਸ ਵਿਚ ਰਤਾ ਸੰਦੇਹ ਨਹੀਂ ਹੋ ਸਕਦਾ ਕਿ ਗੁਰੂ ਜੀ ਦੇ ਹੱਥਾਂ ਵਿਚ ਸਿੱਖ ਮਤ ਦਾ ਕਾਇਮ ਕਲਪ ਹੋ ਰਿਹਾ ਸੀ ਅਤੇ ਇਹ ਸਾਰੇ ਪਾਸੇ ਸ਼ੰਕਾ ਪੈਦਾ ਕਰ ਰਿਹਾ ਸੀ।

ਟਰੰਪ ਕਹਿੰਦਾ ਹੈ ਕਿ "ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਗੁਰੂ ਜੀ ਦੀ ਪ੍ਰਸਿੱਧੀ ਪਿੰਡਾਂ ਦੀ ਹਿੰਦੂ ਜਨਤਾ ਵਿਚ ਬੜੀ ਤੇਜ਼ੀ ਨਾਲ ਫੈਲ ਗਈ, ਜਿਨ੍ਹਾਂ ਨਾਲ ਭੈੜਾ ਸਲੂਕ ਹੁੰਦਾ ਸੀ, ਕਿਉਂਕਿ ਗੁਰੂ ਜੀ ਦੀਆਂ ਲਗਪਗ ਸਾਰੀਆਂ ਮੁਹਿੰਮਾਂ ਮੁਸਲਮਾਨਾਂ ਅਤੇ ਸੂਬੇ ਦੇ ਲੁਟ ਘਸੁਟ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਨ। ਹਰੇਕ ਭਗੌੜੇ ਜਾਂ ਦੁਖੀ ਆਦਮੀ ਨੇ ਗੁਰੂ ਜੀ ਦੀ ਸ਼ਰਨ ਲਈ ਕਿਉਂਕਿ ਉਸ ਨੂੰ ਯਕੀਨ ਸੀ ਕਿ ਇਥੇ ਧਰਮ ਦੇ ਝਗੜੇ ਤੋਂ ਬਿਨਾਂ ਹੀ ਉਸ ਨੂੰ ਖੁਸ਼ੀ ਖੁਸ਼ੀ ਜੀ ਆਇਆਂ ਕਿਹਾ ਜਾਵੇਗਾ। ਫਿਰਤੂ ਜੀਵਨ ਅਤੇ ਲੁਟ-ਮਾਰ ਦੀ ਆਸ ਨੇ ਲੜਾਕੇ ਜੱਟਾਂ ਨੂੰ ਆਪ ਵਲ ਅਧਿਕ ਸੰਖਿਆ ਵਿਚ ਆਕ੍ਰਸ਼ਿਤ ਕੀਤਾ ਅਤੇ ਉਨ੍ਹਾਂ ਨੇ ਖੁਸ਼ੀ ਨਾਲ ਉਨ੍ਹਾਂ ਨੂੰ ਆਪਣਾ ਗੁਰੂ ਪ੍ਰਵਾਨ ਕਰ ਲਿਆ। ਗੁਰੂ ਜੀ ਵਲੋਂ ਉਨ੍ਹਾਂ ਦੇ ਅਨੁਯਾਈਆਂ ਨੂੰ ਗਾਂ ਦੇ ਮਾਸ ਤੋਂ ਸਵਾਏ ਹਰ ਤਰ੍ਹਾਂ ਦੇ ਮਾਸ ਖਾਣ ਦੀ ਖੁਲ੍ਹ ਮਿਲਣ ਨਾਲ ਵੀ ਹੋਰ ਲੋਕ ਇਸ ਵਿਚ ਆ ਗਏ।"[2] ਇਹ ਪਹਿਲੋਂ ਵੀ ਦੇਖ ਚੁਕੇ ਹਾਂ ਕਿ ਗੁਰੂ ਜੀ ਨੇ ਆਪਣੀ ਸੇਵਾ ਵਿਚ ਲੁਟੇਰੇ ਅਤੇ ਡਾਕੂਆਂ ਨੂੰ ਦਾਖਲ ਕਰ ਲਿਆ ਸੀ ਅਤੇ ਭਗੌੜੇ ਅਤੇ ਅਸੰਤੁਸ਼ਟ ਲੋਕ ਵੀ ਉਨ੍ਹਾਂ ਦੇ ਝੰਡੇ ਦੁਆਲੇ ਇੱਕਠੇ ਹੋ ਗਏ ਸਨ। ਜੇ ਜੱਟਾਂ ਦੀ ਲੜਾਕੂ ਅਤੇ ਲੁਟ-ਮਾਰ ਦੀ ਪ੍ਰਵਿਰਤੀ ਨੂੰ ਧਿਆਨ ਵਿਚ ਰਖਿਆ ਜਾਏ ਤਾਂ ਇਹ ਸੱਚ ਹੋ ਸਕਦਾ ਹੈ ਕਿ ਇਨ੍ਹਾਂ ਵਿਚੋਂ ਬਹੁਤ ਸਾਰੇ ਕਿਸੇ ਉਚੇ-ਧਾਰਮਿਕ ਆਸ਼ੇ ਨਾਲੋਂ ਵਧੇਰੇ ਲੁਟ-ਮਾਰ ਅਤੇ ਬਹਾਦਰੀ ਦੇ ਕੰਮਾਂ ਕਰਕੇ ਖਿਚੇ ਗਏ ਸਨ। ਇਹ ਲੋਕ ਪਹਿਲਾਂ ਹੀ ਸਿੱਖ ਸੰਪਰਦਾਇ ਦੀ ਰੀੜ ਦੀ ਹੱਡੀ ਸਨ। ਪਰ ਸਾਨੂੰ ਸਮਝ ਨਹੀਂ ਆਉਂਦੀ ਕਿ ਟਰੰਪ ਕਿਸ ਆਧਾਰ ਤੇ ਕਹਿੰਦਾ ਹੈ ਕਿ ਗੁਰੂ ਜੀ ਨੇ ਮੁਸਲਮਾਨਾਂ ਅਤੇ ਸੂਬੇ ਦੇ ਅਤਿਆਚਾਰੀ ਅਧਿਕਾਰੀਆਂ ਵਿਰੁੱਧ ਮੁਹਿੰਮਾਂ ਕੀਤੀਆਂ ਸਨ ਅਤੇ ਇਸ ਕਾਰਨ ਉਹ ਪਿੰਡਾਂ ਦੀ ਹਿੰਦੂ ਜਨਤਾ ਵਿਚ ਅਤਿਅੰਤ ਹਰਮਨ ਪਿਆਰੇ ਹੋ ਗਏ ਸਨ। ਜਿਵੇਂ ਕਿ ਪਿਛੋਂ ਸਪਸ਼ਟ ਹੋ ਜਾਵੇਗਾ, ਗੁਰੂ ਜੀ ਦੀਆਂ ਫੌਜੀ ਕਾਰਵਾਈਆਂ ਵਧੇਰੇ ਸੁਰੱਖਿਅਕ ਢੰਗ ਦੀਆਂ ਸਨ ਅਤੇ ਸਾਰੀਆਂ ਘਟਨਾਵਾਂ ਵਿਚ ਉਹ ਮੁਹਿੰਮ ਲੈ ਕੇ ਗਏ ਨਹੀਂ ਸਨ ਸਗੋਂ ਮੁਹਿੰਮਾਂ ਉਨ੍ਹਾਂ ਵਿਰੁੱਧ ਲਿਆਂਦੀਆਂ ਗਈਆਂ ਸਨ। ਉਹ ਜਾਣਦੇ ਸਨ ਕਿ ਮੁਗਲਾਂ ਨਾਲ ਟੱਕਰ ਵਿਚ ਉਨ੍ਹਾਂ ਦੀ ਜਿੱਤਣ ਦੀ ਕੋਈ ਸੰਭਾਵਨਾ ਨਹੀਂ ਸੀ ਪਰ ਉਹ ਸਰਕਾਰ ਦੇ ਰਹਿਮ ਤੇ ਵੀ ਰਹਿਣਾ ਨਹੀਂ ਚਾਹੁੰਦੇ ਸਨ। ਸੋ ਜਦ ਬੇਪਤੀ ਅਤੇ ਤਬਾਹੀ ਸਾਹਮਣੇ ਉਨ੍ਹਾਂ ਕੋਲ ਕੇਵਲ ਵਿਰੋਧ ਕਰਨ ਦਾ ਹੀ ਰਾਹ ਖੁਲ੍ਹਾ ਸੀ ਤਾਂ ਉਹ ਵਿਰੋਧ ਕਰਨ ਲਈ ਲਾਚਾਰ ਹੋ ਗਏ। ਇਹ ਯਾਦ

---

1. ਦਬਿਸਤਾਨ, ਸੈਂਚੀ ਦੂਜੀ, ਪੰਨਾ 112, 113; ਇਹ ਕਥਾਵਾਂ ਇਸ ਕ੍ਰਿਤ ਦੀ ਪਹਿਲੀ ਸੈਂਚੀ ਵਿਚ ਲਭ ਸਕਦੀਆਂ ਹਨ।
2. ਟਰੰਪ, ਉਪਰੋਕਤ ਰਚਨਾ, ਪੰਨਾ Lxxxiv

ਰੱਖਣਾ ਜ਼ਰੂਰੀ ਹੈ, ਨਹੀਂ ਤਾਂ ਸੰਭਾਵਨਾ ਹੋ ਸਕਦੀ ਹੈ ਕਿ ਅਸੀਂ ਗੁਰੂ ਜੀ ਦੀ ਪਾਲਿਸੀ ਅਤੇ ਕਾਰਨਾਮਿਆਂ ਨੂੰ ਉੱਕਾ ਹੀ ਗਲਤ ਸਮਝੀਏ।

ਵਾਸਤਵ ਵਿਚ, ਨਾਲਾਗੜ੍ਹ ਦੇ ਰਾਜੇ ਵਿਰੁੱਧ ਮੁਹਿੰਮ ਤੋਂ ਇਲਾਵਾ, ਜਿਸ ਦਾ ਪਹਿਲੇ ਸੰਕੇਤ ਕੀਤਾ ਗਿਆ ਸੀ, ਸਾਡੇ ਵਿਚਾਰ ਅਧੀਨ ਕਾਲ ਵਿਚ ਕੇਵਲ ਇਕ ਨਾਨਕ ਮਤੇ ਦੀ ਮੁਹਿੰਮ ਹੈ। ਇਹ ਬਹੁਤੀ ਮੱਹਤਾ ਵਾਲੀ ਨਹੀਂ ਅਤੇ ਇਸ ਨੂੰ ਗੁਰੂ ਹਰਿਗੋਬਿੰਦ ਦੇ ਫੌਜੀ ਕਾਰਨਾਮਿਆਂ ਵਿਚ ਗਿਣਨਾ ਕਠਿਨ ਹੈ। ਸਾਨੂੰ ਦਸਿਆ ਗਿਆ ਹੈ ਕਿ ਇਕ ਅਲਮਸਤ ਨਾਮ ਦੇ ਉਦਾਸੀ ਨੇ ਗੁਰੂ ਜੀ ਕੋਲ ਸ਼ਕਾਇਤ ਕੀਤੀ ਕਿ "ਉਸ ਨੂੰ ਜੋਗੀਆਂ ਨੇ ਉਸ ਦੇ ਮੱਠ ਵਿਚੋਂ ਬਾਹਰ ਕੱਢ ਦਿੱਤਾ ਸੀ ਅਤੇ ਜਿਸ ਪਿਪਲ ਹੇਠ ਗੁਰੂ ਨਾਨਕ ਨੇ ਗੋਰਖ ਨਾਥ ਦੇ ਚੇਲਿਆਂ ਨਾਲ ਗੋਸ਼ਟੀ ਕੀਤੀ ਸੀ; ਉਸ ਨੂੰ ਵੀ ਸਾੜ ਦਿੱਤਾ ਸੀ।" ਮੱਠ ਨੂੰ ਬਚਾਉਣ ਅਤੇ ਇਸ ਨੂੰ ਅਲਮਸਤ ਨੂੰ ਦਵਾਉਣ ਵਿਚ ਕੋਈ ਕਠਿਨਾਈ ਨਹੀਂ ਆਈ। ਗੁਰੂ ਜੀ "ਅਲਮਸਤ ਦੀ ਅਗਵਾਈ ਹੇਠ ਨਿਯਮਕ ਸਿੱਖ ਸਵਾ ਦੇ ਸੰਗਠਨ ਦੇ ਕੰਮ ਵਿਚ ਰੁਝੇ ਰਹੇ" ਅਤੇ ਕੁਝ ਸਮਾਂ ਉਥੇ ਹੀ ਠਹਿਰੇ ਰਹੇ। ਉਸ ਸਮੇਂ ਤੋਂ ਹੀ "ਇਸ ਸਥਾਨ ਦਾ ਨਾਂ ਨਾਨਕ ਮਤਾ ਪਿਆ ਅਤੇ ਸਿੱਖ ਉਦਾਸੀਆਂ ਦੇ ਕਬਜ਼ੇ ਵਿਚ ਹੈ।"[1]

ਗੁਰੂ ਹਰਿਗੋਬਿੰਦ ਦੇ ਕਾਰਨਾਮਿਆਂ ਵਿਚ ਇਹ ਘਟਨਾ ਭਾਵੇਂ ਮਾਮੂਲੀ ਜਾਪਦੀ ਹੈ ਪਰੰਤੂ ਇਹ ਇਕ ਹੋਰ ਪੱਖੋਂ ਮਹੱਤਵਪੂਰਨ ਹੈ। ਇਹ ਇਸ ਗੱਲ ਦੀ ਗਵਾਹੀ ਦਿੰਦੀ ਹੈ ਕਿ ਇਸ ਸਮੇਂ ਤਕ ਦੀਆਂ ਸਰਗਰਮੀਆਂ ਪੰਜਾਬ ਤੋਂ ਬਾਹਰ ਫੈਲ ਰਹੀਆਂ ਸਨ ਅਤੇ ਕਦੇ ਕਦੇ ਅਤਿ ਦੁਰੇਡੀਆਂ ਥਾਵਾਂ ਉਤੇ ਪਸਰ ਰਹੀਆਂ ਸਨ ਅਤੇ ਸਿੱਖ ਸੰਗਠਨ ਮੱਲੋ ਮੱਲੀ ਵਿਸ਼ਾਲ ਹੋ ਰਿਹਾ ਸੀ। ਗੁਰੂ ਹਰਿਗੋਬਿੰਦ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਹੇਠ 'ਸੰਗਤ' ਅਤੇ 'ਮਸੰਦ' ਸੰਸਥਾ ਦੀ ਪ੍ਰਬੰਧ-ਪ੍ਰਨਾਲੀ ਨੂੰ ਅਨੇਕਾਂ 'ਧੂੰਏ' (ਧੂਣੇ) ਅਤੇ 'ਬਖਸ਼ੀਸ਼ਾਂ'[2] ਰਾਹੀਂ ਸ਼ਕਤੀਸ਼ਾਲੀ ਕੀਤਾ ਗਿਆ। ਇਨ੍ਹਾਂ ਸੰਸਥਾਵਾਂ ਵਿਚ ਸਾਮਾਨ ਰੂਪ ਵਾਲੀ ਗੱਲ ਹੈ ਕਿ ਉਦਾਸੀ ਸਦਾ ਸਿੱਖਾਂ ਨਾਲ ਮਿੱਤਰਭਾਵੀ ਸਹਿਯੋਗ ਨਾਲ ਰਹਿੰਦੇ ਰਹੇ ਹਨ। ਜਪ ਅਤੇ ਤਪ ਤੋਂ ਬਿਨਾਂ ਇਨ੍ਹਾਂ ਦੇ ਸਾਰੇ ਬੁਨਿਆਦੀ ਅਸੂਲ ਸਿੱਖਾਂ ਵਾਲੇ ਹੀ ਸਨ। ਸਾਨੂੰ ਇਹ ਵੀ ਦਸਿਆ ਗਿਆ ਹੈ ਕਿ ਬਾਬਾ ਸ੍ਰੀ ਚੰਦ ਜੋ ਗੁਰੂ ਨਾਨਕ ਦਾ ਵੱਡਾ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 50-54। ਇਹ ਕਿਹਾ ਜਾਂਦਾ ਹੈ "ਕਿ ਇਸ ਜਾਂ ਹੋਰ ਅਲਮਸਤ ਨੂੰ ਛੇਵੇਂ ਗੁਰੂ ਨੇ ਢਾਕੇ ਲਾਗੇ ਸੁਜਾਤਪੁਰ ਭੇਜਿਆ ਸੀ, ਜਿਥੇ ਉਸ ਨੇ ਇਕ ਸੰਗਤ ਸਥਾਪਿਤ ਕੀਤੀ। ਇਹ ਸੰਗਤ ਅਲਮਸਤ ਗੱਦੀ ਦੀ ਤੇ ਤੀਜੇ ਵਾਰਿਸ ਨਥਾ ਸਾਹਿਬ ਦੇ ਨਾਂ ਨਾਲ ਜਾਣੀ ਜਾਂਦੀ ਹੈ। ਇਹ ਮਹੱਤਵਪੂਰਨ ਕਿ ਹੈ ਖੂਹ ਦੇ ਪੱਥਰ ਤੇ ਇਸ ਦੇ ਮੁਢਲੇ ਥਾਨੀ ਦਾ ਨਾਂ ਦਰਜ ਹੈ ਅਤੇ ਉਸ ਦਾ ਪਹਿਲਾ ਟਿਕਾਣਾ ਨਾਨਕ ਮਤਾ ਦਸਿਆ ਹੈ। ਇਸ ਨਵੀਂ ਸੰਗਤ ਦਾ ਨਾਂ ਨਾਨਕ ਮਤਾ ਨਹੀਂ ਪਰ ਇਹ ਨੈਨੀਤਾਲ ਵਿਚ ਨਾਨਕ ਮਤੇ ਦੇ ਡੇਰੇ ਅਧੀਨ ਹੈ ਅਤੇ ਇਥੋਂ ਦੇ ਭਾਈਆਂ ਨੂੰ ਉਸ ਡੇਰੇ ਦਾ ਮੁਖੀ ਹੀ ਲਗਾ ਜਾਂ ਹਟਾ ਸਕਦਾ ਹੈ। (Gurbux Singh "*Sikh Relics in Eastern Bangal,*" *Dacca Review*, 1916, p. 228)। ਇਹ ਉਸ ਸਮੇਂ ਹੋਏ ਸਿੱਖ ਸੰਗਠਨ ਦੇ ਵਿਸਤਾਰ ਨੂੰ ਪ੍ਰਤਖ ਦਸਦੀ ਹੈ।
2, Teja Singh, *Sikhism. Its Ideals and Institutions*, p. 72, 73.

ਪੁੱਤਰ ਸੀ ਅਤੇ ਉਦਾਸੀ ਮਤ ਦਾ ਮੋਢੀ ਸੀ ਨੇ ਆਪਣੀ ਮੌਤ ਤੋਂ ਪਹਿਲਾਂ 1629 ਈ: ਵਿਚ ਗੁਰੂ ਹਰਿਗੋਬਿੰਦ ਦੇ ਵੱਡੇ ਪੁੱਤਰ ਬਾਬਾ ਗੁਰਦਿਤਾ ਨੂੰ ਮੁਤਬਨਾ ਬਣਾ ਲਿਆ ਸੀ। "ਮੁਤਬਨਾ ਬਣਾਉਣ ਅਤੇ ਜਾਨਸ਼ੀਨੀ ਦੀ ਰਸਮ ਵਜੋਂ ਉਸ ਨੇ ਗੁਰਦਿਤਾ ਦੇ ਸਿਰ ਤੇ ਇਰਾਨੀ ਟੋਪੀ ਰੱਖੀ ਅਤੇ ਗਲ ਵਿਚ ਕੌਲਡੋਡਿਆਂ ਦੀ ਮਾਲਾ ਪਹਿਨਾਈ ਸੀ।"[1] ਸੋ ਇਹ ਦੋਵੇਂ ਮਤ ਹੋਰ ਨੇੜੇ ਆ ਗਏ ਅਤੇ ਉਦਾਸੀ ਜਿਨ੍ਹਾਂ ਨੇ ਪਿੱਛੇ ਆਪਣੇ ਪਰਿਵਾਰ ਦੀ ਦੇਖ ਭਾਲ ਨਹੀਂ ਕਰਨੀ ਹੁੰਦੀ ਸੀ, ਲਈ ਦੁਰੇਡਿਆ ਅਤੇ ਦੁਰਗਮ ਸਥਾਨਾਂ ਤੇ ਜ਼ਿਮੇਵਾਰੀਆਂ ਨੂੰ ਨਿਭਾਣਾ ਸੌਖਾ ਸੀ। ਗੁਰੂ ਹਰਿਗੋਬਿੰਦ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਨੇ ਸਿੱਖ ਧਰਮ ਦੇ ਪ੍ਰਚਾਰ ਅਤੇ ਸੰਗਠਨ ਨੂੰ ਵਿਸ਼ਾਲ ਕਰਨ ਹਿੱਤ ਇਨ੍ਹਾਂ ਦੀ ਵਰਤੋਂ ਨਿਸ਼ੰਗ ਕੀਤੀ ਹੈ।

ਕੁਝ ਵੀ ਹੋਵੇ, ਪ੍ਰਤੀਤ ਇਹ ਹੁੰਦਾ ਹੈ ਕਿ ਗੁਰੂ ਜੀ ਸਰਕਾਰ ਨਾਲ ਸ਼ਾਂਤੀ ਨਾਲ ਰਹਿਣ ਵਿਚ ਸਫਲ ਹੋ ਗਏ ਅਤੇ ਲਗਪਗ ਜਹਾਂਗੀਰ ਦੇ ਰਾਜ ਦੇ ਅੰਤ ਤਕ ਉਹ ਮਿੱਤਰਾਚਾਰੀ ਅਤੇ ਸਹਿਯੋਗ ਨਾਲ ਰਹਿੰਦੇ ਰਹੇ। ਪਰੰਤੂ ਗੁਰੂ ਜੀ ਦੀ ਸਥਿਤੀ ਅਤਿ ਕਠਿਨ ਸੀ ਅਤੇ ਕਦੇ ਨਾ ਕਦੇ ਅਜੇਹੀਆਂ ਘਟਨਾਵਾਂ ਵਾਪਰਦੀਆਂ ਸਨ ਜਿਨ੍ਹਾਂ ਵਿਚ ਉਹ ਸਰਕਾਰ ਨਾਲ ਝਗੜੇ ਵਿਚ ਉਲਝ ਪੈਂਦੇ। ਇਕ ਅਜੇਹੀ ਘਟਨਾ ਕੌਲਾਂ ਦੀ ਸੀ ਜੋ ਲਾਹੌਰ ਦੇ ਕਾਜ਼ੀ ਦੀ ਧੀ ਸੀ। ਕੁਝ ਉਸ ਨੂੰ ਉਸ ਦੀ ਰਖੇਲ[2] ਦਸਦੇ ਹਨ। ਕਾਜ਼ੀ ਅਤੇ ਗੁਰੂ ਜੀ ਦੇ ਸੰਬੰਧ ਪਹਿਲੋਂ ਹੀ ਚੰਗੇ ਨਹੀਂ ਸਨ ਅਤੇ ਇਸ ਘਟਨਾ ਨੇ ਹਾਲਤ ਹੋਰ ਵੀ ਭੈੜੀ ਕਰ ਦਿੱਤੀ। ਸਾਨੂੰ ਦਸਿਆ ਗਿਆ ਹੈ ਕਿ ਇਕ ਸੁਜਾਨ ਨਾਂ ਦਾ ਮਸੰਦ ਕਾਬਲ ਤੋਂ ਇਕ ਸੁੰਦਰ ਘੋੜਾ ਲਿਆ ਰਿਹਾ ਸੀ। ਇਸ ਨੂੰ ਇਕ ਸ਼ਾਹੀ ਅਫਸਰ ਨੇ ਜ਼ਬਰਦਸਤੀ ਫੜ ਲਿਆ ਅਤੇ ਉਸ ਨੇ ਅੱਗੋਂ ਘੋੜਾ ਸ਼ਹਿਨਸ਼ਾਹ ਨੂੰ ਭੇਟ ਕਰ ਦਿੱਤਾ। ਅੱਗੋਂ ਜਹਾਂਗੀਰ ਨੇ ਲਾਹੌਰ ਦੇ ਕਾਜ਼ੀ ਨੂੰ ਤੋਹਫੇ ਵਜੋਂ ਦੇ ਦਿੱਤਾ ਪਰੰਤੂ ਗੁਰੂ ਨੇ ਜ਼ਬਰਦਸਤੀ ਮੁੜ ਪ੍ਰਾਪਤ ਕਰ ਲਿਆ ਅਤੇ ਇਸ ਵਿਚ ਵਾਧਾ ਇਹ ਹੋਇਆ ਕਿ ਕੌਲਾਂ ਕਾਜ਼ੀ ਦਾ ਘਰ ਛੱਡ ਕੇ ਅੰਮ੍ਰਿਤਸਰ ਵਿਖੇ ਗੁਰੂ ਜੀ ਦੀ ਸ਼ਰਨ ਵਿਚ ਆ ਗਈ। ਸਿੱਖ ਇਤਿਹਾਸਕਾਰ ਕੌਲਾਂ ਨੂੰ ਲਾਹੌਰ ਦੇ ਕਾਜ਼ੀ ਦੀ ਧੀ ਦਸਦੇ ਹਨ। ਉਹ ਬਚਪਨ ਤੋਂ ਹੀ ਧਾਰਮਿਕ ਸੁਭਾਉ ਵਾਲੀ ਸੀ ਅਤੇ ਸਾਈਂ ਮੀਆਂ ਮੀਰ ਦੀ ਚੇਲੀ ਬਣ ਗਈ ਸੀ। ਉਸ ਦਾ ਪਿਤਾ ਇਹ ਸਭ ਕੁਝ ਪਸੰਦ ਨਹੀਂ ਕਰਦਾ ਸੀ ਅਤੇ ਜਦ ਕੁੜੀ ਨੇ ਜੁਆਨ ਹੋ ਕੇ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੱਤਾ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 130
2. ਸਿੱਖ ਸਰਬਸੰਮਤੀ ਨਾਲ ਕਹਿੰਦੇ ਹਨ ਕਿ ਉਹ ਕਾਜ਼ੀ ਦੀ ਧੀ ਸੀ। ਪਰ ਤਾਰੀਖ-ਏ-ਪੰਜਾਬ ਵਿਚ ਉਸ ਨੂੰ ਕੇਵਲ ਰਖੇਲ ਹੀ ਦਸਿਆ ਗਿਆ ਹੈ। ਜੋ ਕੁਝ ਨਾਰੰਗ ਲੜਕੀ ਬਾਰੇ ਕਹਿੰਦਾ ਹੈ ਉਸ ਵਿਚ ਕੁਝ ਮਹੱਤਤਾ ਹੈ: "ਕਨਿੰਘਮ ਅਨੁਸਾਰ ਮੁਸਲਮਾਨ ਉਸ ਨੂੰ ਰਖੇਲ ਦਸਦੇ ਹਨ ਅਤੇ ਕੁੜੀ ਦਾ ਹਿੰਦੀ ਦਾ ਨਾਮ ਕੌਲਾਂ, ਇਸ ਦ੍ਰਿਸ਼ਟੀ ਦੀ ਪੁਸ਼ਟੀ ਕਰਦਾ ਹੈ। ਹੋ ਸਕਦਾ ਹੈ ਕਿ ਲੜਕੀ ਹਿੰਦੂ ਹੋਵੇ ਅਤੇ ਕਾਜ਼ੀ ਉਸ ਨੂੰ ਜਬਰਦਸਤੀ ਉਠਾ ਕੇ ਲੈ ਗਿਆ ਹੋਵੇ। ਅਜੇਹਾ ਉਨ੍ਹਾਂ ਦਿਨਾਂ ਵਿਚ ਆਮ ਹੁੰਦਾ ਸੀ। ਗੁਰੂ ਜੀ ਨੂੰ ਹਿੰਦੂ ਧਰਮ ਦਾ ਰਾਖਾ ਜਾਣ ਕੇ, ਹੋ ਸਕਦਾ ਹੈ, ਉਹ ਉਨ੍ਹਾਂ ਦੀ ਸ਼ਰਨ ਵਿਚ ਦੌੜ ਆਈ ਹੋਵੇ।" (ਨਾਰੰਗ, ਉਪਰੋਕਤ ਰਚਨਾ, ਪੰਨਾ 107, 108 ਪਦ ਟਿੱਪਣੀ)।

ਤਾਂ ਉਹ ਹੋਰ ਸਹਿਣ ਨਾ ਕਰ ਸਕਿਆ ਅਤੇ ਲੜਕੀ ਨਾਲ ਬਦਸਲੂਕੀ ਕਰਨੀ ਸ਼ੁਰੂ ਕਰ ਦਿੱਤੀ। ਇਸ ਤੇ ਕੌਲਾਂ ਨੇ ਮੀਆਂ ਮੀਰ ਨਾਲ ਸਲਾਹ ਕੀਤੀ ਜਿਸ ਨੇ ਉਸ ਨੂੰ ਰਖਿਆ ਲਈ ਗੁਰੂ ਜੀ ਦੀ ਸ਼ਰਨ ਵਿਚ ਜਾਣ ਦੀ ਸਲਾਹ ਦਿੱਤੀ। ਫਲਸਰੂਪ, ਉਹ ਰਾਤ ਨੂੰ ਚੋਰੀ ਆਪਣੇ ਪਿਤਾ ਦੇ ਘਰੋਂ ਨਿਕਲ ਕੇ ਅੰਮ੍ਰਿਤਸਰ ਵਿਚੇ ਗੁਰੂ ਜੀ ਦੀ ਸ਼ਰਨ ਵਿਚ ਆ ਗਈ। ਕਾਜ਼ੀ ਨੂੰ ਹੋਰ ਗੁੱਸਾ ਚੜ੍ਹ ਗਿਆ। ਉਸ ਨੇ ਸ਼ਹਿਨਸ਼ਾਹ ਕੋਲ ਸਾਰੇ ਮੁਆਮਲੇ ਨੂੰ ਇਕ ਉਧਾਲੇ ਦੀ ਸ਼ਕਲ ਵਿਚ ਪੇਸ਼ ਕੀਤਾ ਅਤੇ ਘੋੜੇ ਦੇ ਸੰਬੰਧ ਵਿਚ ਗੁਰੂ ਜੀ ਵਿਰੁੱਧ ਆਪਣੀ ਸ਼ਿਕਾਇਤ ਨੂੰ ਮੁੜ ਦੁਹਰਾਇਆ। ਪਰੰਤੂ ਜਹਾਂਗੀਰ ਨੇ ਇਸ ਮਾਮਲੇ ਵਿਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਇਹ ਇਥੇ ਹੀ ਠੱਪ ਹੋ ਗਿਆ।[1] ਹੋ ਸਕਦਾ ਹੈ ਕਿ ਸ਼ਹਿਨਸ਼ਾਹ ਦੇ ਫੈਸਲੇ ਨੂੰ, ਬਹੁਤ ਹੱਦ ਤਕ ਇਸ ਤੱਥ ਨੇ ਪ੍ਰਭਾਵਿਤ ਕੀਤਾ ਹੋਵੇ ਕਿ ਮੀਆਂ ਮੀਰ ਕਿਵੇਂ ਨਾ ਕਿਵੇਂ ਇਸ ਮਾਮਲੇ ਵਿਚ ਉਲਝਿਆ ਹੋਇਆ ਸੀ ਅਤੇ ਜਹਾਂਗੀਰ ਦੇ ਮਨ ਵਿਚ ਇਸ ਸੰਤ ਲਈ ਅਤਿਅੰਤ ਸ਼ਰਧਾ ਅਤੇ ਸਤਿਕਾਰ ਸੀ। ਕਿਤੇ ਕਿਤੇ ਸਿੱਖ ਲਿਖਤਾਂ ਵਿਚ ਦਸਿਆ ਗਿਆ ਹੈ ਕਿ ਮੀਆਂ ਮੀਰ ਗੁਰੂ ਘਰ ਦਾ ਗੂਹੜਾ ਮਿੱਤਰ ਸੀ ਅਤੇ ਇਹ ਅਸੰਭਵ ਨਹੀਂ ਜਾਪਦਾ ਕਿ ਉਸ ਦਾ ਅਸਰ ਰਸੂਖ ਬਹੁਤ ਹੱਦ ਤਕ ਗੁਰੂ ਹਰਿਗੋਬਿੰਦ ਜਹਾਂਗੀਰ ਦੇ ਸਮੇਂ ਸਰਕਾਰ ਨਾਲ ਮਿੱਤਰਾਚਾਰੀ ਸੰਬੰਧਾਂ ਵਿਚ ਸਹਾਈ ਹੋਇਆ ਹੋਵੇ।

IV. ਗੁਰੂ ਹਰਿਗੋਬਿੰਦ ਅਤੇ ਮੁਗਲ ਸਰਕਾਰ
ਖੁਲ੍ਹਮ ਖੁਲ੍ਹੇ ਵਿਰੋਧ ਦਾ ਸਮਾਂ

ਜਹਾਂਗੀਰ ਦੀ ਮੌਤ ਨਾਲ ਅਸੀਂ ਗੁਰੂ ਜੀ ਦੇ ਜੀਵਨ ਦੇ ਨਵੇਂ ਪੱਖ ਵਿਚ ਪ੍ਰਵੇਸ਼ ਕਰਦੇ ਹਾਂ। ਮੋਹਸਿਨ ਫਾਨੀ ਕਹਿੰਦਾ ਹੈ ਕਿ ਸ਼ਾਹ ਜਹਾਨ ਦੇ ਤਖਤ ਉਤੇ ਬੈਠਣ ਤੋਂ ਮਗਰੋਂ ਵੀ ਗੁਰੂ ਜੀ ਮੁਗਲ ਸਰਕਾਰ ਦੀ ਨੌਕਰੀ ਵਿਚ ਰਹੇ ਪਰ ਪ੍ਰਤੀਤ ਇਹ ਹੁੰਦਾ ਹੈ ਕਿ ਉਨ੍ਹਾਂ ਨੂੰ ਇਹ ਪਦਵੀ ਛੇਤੀ ਹੀ ਛਡਣੀ ਪਈ। ਤੱਤਕਾਲੀ ਕਾਰਨ ਕੋਈ ਵੀ ਹੋਵੇ, ਇਹ ਸਪਸ਼ਟ ਹੈ ਕਿ ਗੁਰੂ ਜੀ ਦੁਆਰਾ ਅਪਣਾਈ ਜਾ ਰਹੀ ਪਾਲਿਸੀ ਨੇ ਉਨ੍ਹਾਂ ਨੂੰ ਪਹਿਲੋਂ ਜਾਂ ਮਗਰੋਂ ਅਵੱਸ਼ ਹੀ ਸਰਕਾਰ ਨਾਲ ਟੱਕਰ ਵਿਚ ਲੈ ਆਉਣਾ ਸੀ ਅਤੇ ਇਹ ਗੱਲ ਗੁਰੂ ਜੀ ਦੀ ਯੋਗਤਾ ਅਤੇ ਰਾਜਸੀ ਨਿਪੁੰਨਤਾ ਨੂੰ ਪ੍ਰਗਟ ਕਰਦੀ ਹੈ ਕਿ ਹੁਣ ਤਕ ਉਹ ਇਸ ਟੱਕਰ ਨੂੰ ਟਾਲਣ ਵਿਚ ਸਫਲ ਹੋਏ ਸਨ। ਗੁਰੂ ਜੀ ਦਾ ਇਨਸਾਫ ਤੋਂ ਅਸੰਤੁਸ਼ਟ ਅਤੇ ਭਗੌੜਿਆਂ ਨੂੰ ਭਰਤੀ ਕਰਨ ਅਤੇ ਬਾਗੀ ਰਾਜਿਆਂ[2] ਨੂੰ ਸ਼ਰਨ ਦੇਣ ਤੋਂ ਇਹ ਸਾਫ ਸਾਫ ਦਿਖਾਈ ਦਿੰਦਾ ਹੈ ਕਿ ਗੁਰੂ ਜੀ ਸਥਾਪਿਤ ਸਰਕਾਰ ਲਈ ਤਕੜੇ ਖਤਰੇ ਦਾ ਸੋਮਾ ਅਤੇ ਬਗਾਵਤ ਦਾ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 43-49
2. ਕਿਹਾ ਜਾਂਦਾ ਹੈ ਕਿ ਜੈਸਲਮੇਰ ਦੇ ਭਗੌੜੇ ਰਾਜੇ ਰਾਮ ਪ੍ਰਤਾਪ ਨੇ ਅਤੇ ਯਾਰ ਖਾਂ ਅਤੇ ਖਵਾਜਾ ਸਰਾਇ, ਜੋ ਮੁਗਲ ਫੌਜ ਦੇ ਹਟਾਏ ਹੋਏ ਕਮਾਂਡਰ ਸਨ, ਨੇ ਗੁਰੂ ਜੀ ਕੋਲ ਪਨਾਹ ਲਈ ਸੀ। (ਨਾਰੰਗ, ਉਪਰੋਕਤ ਰਚਨਾ, ਪੰਨਾ 106, ਪਦ ਟਿੱਪਣੀ 1)। ਸਾਨੂੰ ਇਹ ਵੀ ਦਸਿਆ ਗਿਆ ਹੈ ਕਿ ਦੋ ਪਠਾਨ ਸਰਦਾਰਾਂ ਨੇ ਸਰਕਾਰ ਦੀ ਨੌਕਰੀ ਛੱਡ ਕੇ ਗੁਰੂ ਹਰਿਗੋਬਿੰਦ ਕੋਲ ਸ਼ਰਨ ਲਈ ਹੋਈ ਸੀ। ਇਹ ਅਨਵਰ ਅਤੇ ਹਸਨ ਖਾਂ ਸਨ। (ਤਵਾਰੀਖ ਗੁਰੂ ਖਾਲਸਾ: ਦੇਖੋ ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 100)।

ਗੜ੍ਹ ਬਣ ਰਹੇ ਸਨ। ਆਪਣੇ ਅਨੁਯਾਈਆਂ ਤੋਂ ਇਲਾਵਾ, ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਉਨ੍ਹਾਂ ਤੋਂ ਤਨਖਾਹਦਾਰ ਪਠਾਣਾਂ ਦੇ ਜੱਥੇ ਭਰਤੀ ਕੀਤੇ ਹੋਏ ਸਨ ਅਤੇ ਫੌਜ ਵਿਚ ਆਏ ਲੁਟੇਰਿਆਂ ਅਤੇ ਡਾਕੂਆਂ ਨੇ ਉਨ੍ਹਾਂ ਨੂੰ ਫਸਾਦਾਂ ਅਤੇ ਖਰੂਦ ਦਾ ਕੇਂਦਰ ਬਣਾ ਦਿੱਤਾ ਸੀ। ਸਾਨੂੰ ਇਹ ਵੀ ਭੁਲਣਾ ਨਹੀਂ ਚਾਹੀਦਾ ਕਿ ਇਸ ਸਭ ਕੁਝ ਦੇ ਪਿਛੇ ਇਕ ਠੋਸ, ਸੰਗਠਿਤ ਅਤੇ ਜੋਸ਼ੀਲਾ ਧਾਰਮਿਕ ਆਦਰਸ਼ ਸੀ। ਸੋ ਉਹ ਸਥਿਤੀ ਜੋ ਗੁਰੂ ਅਰਜਨ ਜੀ ਦੀ ਗੁਰਿਆਈ ਦੇ ਅੰਤ ਸਮੇਂ ਪੈਦਾ ਹੋਈ ਸੀ, ਜਿਸ ਨੂੰ ਅਸੀਂ ਪਹਿਲਾਂ ਵਿਚਾਰ ਚੁਕੇ ਹਾਂ ਹੁਣ ਹੋਰ ਵਧੇਰੇ ਖਰਾਬ ਹੋ ਗਈ ਸੀ। ਭਾਵੇਂ ਇਹ ਸ਼ਕਤੀ ਮੁਗਲ ਸਾਮਰਾਜ ਦੇ ਸ਼ਕਤੀ-ਸ਼ਾਲੀ ਸਾਧਨਾਂ ਸਾਹਮਣੇ ਤੁਛ ਜਾਪਦੀ ਸੀ ਅਤੇ ਬਹੁਤ ਧਿਆਨ ਦੀ ਮੰਗ ਨਹੀਂ ਕਰਦੀ ਸੀ ਪਰ ਫਿਰ ਵੀ ਇਸ ਦੀ ਸੰਭਵਤਾ ਨੂੰ ਝੁਠਲਾਇਆ ਨਹੀਂ ਜਾ ਸਕਦਾ। ਮੂਲ ਰੂਪ ਵਿਚ ਸਰਕਾਰ ਦੀ ਨੌਕਰੀ ਸ੍ਵੀਕਾਰ ਕਰਨ ਕਾਰਨ ਹੀ ਗੁਰੂ ਜੀ ਏਨਾਂ ਸਮਾਂ ਸ਼ਾਂਤਮਈ ਨਾਲ ਚਲਦੇ ਰਹੇ ਕਿਉਂਕਿ ਇਹ ਕੁਝ ਹੱਦ ਤਕ ਉਨ੍ਹਾਂ ਦੀਆਂ ਆਪਣੀਆਂ ਅਨੀਤੀਆਂ ਨੂੰ ਪ੍ਰਮਾਣਿਕ ਕਰਨ ਅਤੇ ਸਥਾਨਿਕ ਅਫ਼ਸਰਾਂ ਦੇ ਸ਼ੰਕੇ ਨਵਿਰਤ ਕਰਾਉਣ ਵਿਚ ਸਹਾਈ ਹੋਈ।

ਪਰ ਇਹ ਸਥਿਤੀ ਬਹੁਤ ਦੇਰ ਨਾ ਚਲ ਸਕੀ ਅਤੇ ਸ਼ਾਹ ਜਹਾਨ ਦੇ ਤਖ਼ਤ ਉਤੇ ਬੈਠਣ ਤੋਂ ਛੇਤੀ ਹੀ ਬਾਅਦ ਖੁਲ੍ਹਮ ਖੁਲ੍ਹਾ ਵਿਰੋਧ ਸ਼ੁਰੂ ਹੋ ਗਿਆ। ਇਹ ਇਸ ਤਰ੍ਹਾਂ ਹੋਇਆ ਕਿ ਇਕ ਦਿਨ ਜਦ ਸ਼ਾਹ ਜਹਾਨ ਅੰਮ੍ਰਿਤਸਰ ਦੇ ਨੇੜੇ ਤੇੜੇ ਸ਼ਿਕਾਰ ਤੇ ਗਿਆ ਹੋਇਆ ਸੀ, ਗੁਰੂ ਜੀ ਵੀ ਸ਼ਿਕਾਰ ਖੇਡ ਰਹੇ ਸਨ। ਗੁਰੂ ਜੀ ਦੇ ਸਿੱਖਾਂ ਅਤੇ ਸ਼ਾਹੀ ਨੌਕਰਾਂ ਵਿਚਕਾਰ ਇਕ ਪੰਛੀ (ਬਾਜ਼) ਬਾਰੇ ਝਗੜਾ ਹੋ ਪਿਆ ਅਤੇ ਆਖੀਰ ਸ਼ਾਹੀ ਆਦਮੀਆਂ ਨੂੰ ਮਾਰ ਮਾਰ ਕੇ ਉਥੋਂ ਭਜਾ ਦਿੱਤਾ ਗਿਆ। ਇਹ ਅਪਰਾਧ ਏਨਾ ਵੱਡਾ ਸੀ ਕਿ ਇਸ ਨੂੰ ਸਹਿਜੇ ਹੀ ਅਣਡਿਠ ਨਹੀਂ ਕੀਤਾ ਜਾ ਸਕਦਾ ਸੀ। "ਗੁਰੂ ਜੀ ਦੇ ਵੈਰੀਆਂ ਨੇ ਸ਼ਾਹ ਜਹਾਨ ਕੋਲ ਗੁਰੂ ਜੀ ਦੇ ਭੈੜੇ ਕੰਮਾਂ ਅਤੇ ਉਨ੍ਹਾਂ ਵਿਰੁੱਧ ਜੁਰਮ ਦੁਹਰਾਉਣ ਦਾ ਚੰਗਾ ਅਵਸਰ ਸਮਝਿਆ।" ਮੁਖਲਿਸ ਖਾਂ ਦੀ ਸਰਦਾਰੀ ਹੇਠ ਗੁਰੂ ਜੀ ਵਿਰੁੱਧ ਮੁਹਿੰਮ ਭੇਜੀ ਗਈ ਅਤੇ ਇਹ ਲੜਾਈ ਅੰਮ੍ਰਿਤਸਰ ਵਿਚ ਅਤੇ ਉਸਦੇ ਆਲੇ ਦੁਆਲੇ ਲੜੀ ਗਈ। ਸਿੱਖ ਇਸ ਜੰਗ ਦਾ ਵਰਣਨ ਵੇਰਵੇ ਸਹਿਤ[1] ਕਰਦੇ ਹਨ ਅਤੇ ਗੁਰੂ ਜੀ ਨੂੰ ਪੂਰੀ ਤਰ੍ਹਾਂ ਵਿਜਈ ਹੋਇਆ ਦਸਦੇ ਹਨ। ਮੋਹਸਿਨ ਫਾਨੀ ਕਹਿੰਦਾ ਹੈ "ਗੁਰੂ ਹਰਿਗੋਬਿੰਦ ਵਿਰੁੱਧ ਸ਼ਾਹ ਜਹਾਨ ਦੁਆਰਾ ਭੇਜੀ ਫੌਜ ਨੇ ਰਾਮਦਾਸਪੁਰ (ਅੰਮ੍ਰਿਤਸਰ) ਉਤੇ ਹਮਲਾ ਕੀਤਾ ਅਤੇ ਗੁਰੂ ਜੀ ਦੇ ਮਾਲ ਧਨ ਨੂੰ ਲੁਟਿਆ ਗਿਆ।"[2] ਜਾਪਦਾ ਹੈ ਕਿ ਸਿੱਖਾਂ ਨੇ ਵੀ ਮੋਹਸਿਨ ਫਾਨੀ ਦੇ ਕਥਨ ਦੀ ਪੁਸ਼ਟੀ ਕੀਤੀ ਹੈ ਪਰ ਬੜੇ ਅਨੋਖੇ ਢੰਗ ਨਾਲ। ਇਹ ਕਿਹਾ ਜਾਂਦਾ ਹੈ ਕਿ ਲੋਹਗੜ੍ਹ ਵਿਚ ਸਿੱਖ ਫੌਜੀ ਦਸਤਾ ਹਮਲਾਵਰਾਂ ਨਾਲ ਟਾਕਰਾ ਕਰਨ ਲਈ ਬਹੁਤ ਛੋਟਾ ਸੀ। ਮੁਸਲਮਾਨਾਂ ਨੇ ਇਨ੍ਹਾਂ ਨੂੰ ਛੇਤੀ ਹੀ ਮਾਰ ਮੁਕਾਇਆ ਅਤੇ ਗੁਰੂ ਜੀ ਦੇ ਮਹੱਲ ਤੇ ਕਬਜ਼ਾ ਕਰ ਲਿਆ। ਅਗਲਾ ਦਿਨ ਗੁਰੂ ਜੀ ਦੀ ਸਪੁੱਤਰੀ ਵੀਰੋ ਦੀ ਸ਼ਾਦੀ ਲਈ ਨਿਯਤ ਸੀ ਅਤੇ ਵਿਆਹ ਲਈ ਮਕਾਨ ਅੰਦਰ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 92-93; ਗੁਰ ਬਿਲਾਸ (ਗੁਲਾਬ ਸਿੰਘ ਐਂਡ ਸਨਜ਼ ਦੁਆਰਾ ਪ੍ਰਕਾਸ਼ਿਤ), ਪੰਨਾ 271-291; ਪੰਥ ਪ੍ਰਕਾਸ਼, ਪੰਨਾ 113-114
2. ਦਬਿਸਤਾਨ, ਸੈਂਚੀ ਦੂਜੀ, ਪੰਨਾ 275

ਮਠਿਆਈ ਦਾ ਭੰਡਾਰ ਇਕੱਠਾ ਕੀਤਾ ਹੋਇਆ ਸੀ। ਮੁਸਲਮਾਨਾਂ ਨੇ ਪੇਟ ਭਰ ਭਰ ਕੇ ਖਾਧੀ ਅਤੇ ਮਠਿਆਈ ਨਾਲ ਆਫਰੇ ਉਹ ਸੌਣੋਂ ਨਾ ਹਰਿ ਸਕੇ ਅਤੇ ਗੁਰੂ ਜੀ ਦੇ ਆਦਮੀਆਂ ਨੇ ਉਨ੍ਹਾਂ ਤੇ ਅਚਨਚੇਤੀ ਹੱਲਾ ਕਰ ਦਿੱਤਾ ਅਤੇ ਉਨ੍ਹਾਂ ਨੂੰ ਚੰਗੀ ਹਾਰ ਦਿੱਤੀ। ਇਸ ਲੜਾਈ ਵਿਚ ਮੁਖਲਿਸ ਖਾਂ ਮਾਰਿਆ ਗਿਆ।[1] ਇਸ ਵਾਰਤਾ ਦੇ ਗੁਣਾਂ ਨੂੰ ਵਿਚਾਰਨ ਦੀ ਲੋੜ ਨਹੀਂ। ਇਹੀ ਕਹਿਣਾ ਕਾਫੀ ਹੈ ਕਿ ਸਪਸ਼ਟ ਤੌਰ ਤੇ ਇਸ ਅਵਸਰ ਤੇ ਮੁਸਲਮਾਨਾਂ ਨੇ ਗੁਰੂ ਜੀ ਦੇ ਘਰ ਨੂੰ ਲੁਟਿਆ ਸੀ, ਉਨ੍ਹਾਂ ਦੀ ਦੱਸੀ ਜਾਂਦੀ ਜਿੱਤ ਉਨ੍ਹਾਂ ਨੂੰ ਤੁਰੰਤ ਅੰਮ੍ਰਿਤਸਰ ਛਡਣ ਤੋਂ ਰੋਕ ਨਾ ਸਕੀ। ਮੋਹਸਿਨ ਫਾਨੀ ਕਹਿੰਦਾ ਹੈ ਕਿ ਗੁਰੂ ਜੀ ਕਰਤਾਰਪੁਰ ਨੱਠ ਗਏ[2] ਅਤੇ ਲਿਖਤਾਂ ਵੀ ਇਸ ਦੀ ਪ੍ਰੋੜਤਾ ਕਰਦੀਆਂ ਹਨ।[3]

ਜਾਪਦਾ ਹੈ ਕਿ ਗੁਰੂ ਹਰਿਗੋਬਿੰਦ ਕਰਤਾਰਪੁਰ, ਜਿਹੜਾ ਰਾਵੀ ਅਤੇ ਬਿਆਸ ਵਿਚਾਲੇ ਜਲੰਧਰ ਦੁਆਬੇ ਵਿਚ ਸਥਿਤ ਸੀ, ਜ਼ਿਆਦਾ ਦੇਰ ਨਹੀਂ ਠਹਿਰੇ, ਉਨ੍ਹਾਂ ਨੇ ਆਪਣਾ ਸਫਰ ਜਾਰੀ ਰਖਿਆ ਅਤੇ ਬਿਆਸ ਪਾਰ ਕਰਕੇ "ਉਨ੍ਹਾਂ ਨੇ ਆਪਣਾ ਕੈਂਪ ਇਕ ਪੁਰਾਣੇ ਪਿੰਡ ਦੇ ਥੇਹ ਤੇ ਲਾ ਲਿਆ।" ਗੁਰੂ ਜੀ ਨੇ ਸੋਚਿਆ ਕਿ ਇਹ ਸ਼ਹਿਰ ਵਸਾਉਣ ਲਈ ਇਕ ਅਤਿ ਉਚਿਤ ਸਥਾਨ ਹੈ ਅਤੇ ਹੁਕਮ ਦੇ ਦਿੱਤਾ ਕਿ ਇਸ ਦੀ ਨੀਂਹ ਛੇਤੀ ਹੀ ਰੱਖੀ ਜਾਵੇ ਅਤੇ ਸਾਰਾ ਕਾਰਜ ਕਿਸੇ ਢਿਲ ਬਿਨਾਂ ਪੂਰਾ ਕੀਤਾ ਗਿਆ। ਸਾਨੂੰ ਦਸਿਆ ਗਿਆ ਹੈ ਕਿ ਉਸ ਇਲਾਕੇ ਦੇ ਲੋਕਾਂ ਨੇ ਗੁਰੂ ਜੀ ਦਾ ਬੜਾ ਨਿੱਘਾ ਸੁਆਗਤ ਕੀਤਾ ਪਰ ਉਸ ਥਾਂ ਦੇ ਘੇਰੜ ਜਾਤੀ ਦੇ ਇਕ ਖਤਰੀ ਭਗਵਾਨ ਦਾਸ ਨੇ ਜਿਹੜਾ ਕਿ ਉਥੋਂ ਦਾ ਜਾਗੀ-ਰਦਾਰ ਅਤੇ ਚੌਧਰੀ ਸੀ, ਔਕੜਾਂ ਪੈਦਾ ਕੀਤੀਆਂ ਜਿਨ੍ਹਾਂ ਦਾ ਅੰਤ ਇਕ ਲੜਾਈ ਨਾਲ ਹੋਇਆ ਜਿਸ ਵਿਚ ਜਾਗੀਰਦਾਰ ਮਾਰਿਆ ਗਿਆ। ਉਸ ਦਾ ਪੁੱਤਰ ਰਤਨ ਚੰਦ ਚੰਦੂ ਸ਼ਾਹ ਦੇ ਪੁੱਤਰ ਕਰਮ ਚੰਦ ਨਾਲ ਜਾ ਮਿਲਿਆ, ਜਿਨ੍ਹਾਂ ਨੇ ਜਲੰਧਰ ਦੇ ਸੂਬੇਦਾਰ ਕੋਲ ਸ਼ਿਕਾਇਤ ਕੀਤੀ। ਸੂਬੇਦਾਰ ਨੇ ਥੋੜ੍ਹੀ ਜਿਹੀ ਫੌਜ ਗੁਰੂ ਜੀ ਵਿਰੁੱਧ ਭੇਜ ਦਿੱਤੀ ਜਿਸ ਨੂੰ ਗੁਰੂ ਹਰਿਗੋਬਿੰਦ ਭਾਂਜ ਦੇਣ ਵਿਚ ਸਫਲ ਹੋ ਗਏ ਅਤੇ ਸ੍ਰੀ ਹਰਿਗੋਬਿੰਦਪੁਰ ਦੀ ਅਗਲੀ ਉਸਾਰੀ, ਜਿਹਾ ਕਿ ਇਸ ਅਸਥਾਨ ਨੂੰ ਕਿਹਾ ਜਾਣ ਲੱਗ ਪਿਆ ਸੀ, ਨਿਰਵਿਘਨ ਹੁੰਦੀ ਰਹੀ।[4]

ਪ੍ਰਤੀਤ ਹੁੰਦਾ ਹੈ ਕਿ ਇਸ ਤੋਂ ਪਿੱਛੋਂ ਗੁਰੂ ਜੀ ਕੁਝ ਦੇਰ ਸ਼ਾਂਤੀ ਨਾਲ ਰਹੇ ਪਰ ਉਨ੍ਹਾਂ ਦੇ ਘੋੜਿਆਂ ਲਈ ਸ਼ੌਕ ਨੇ ਅਤੇ ਕੋਈ ਵਧੀਆ ਨਸਲ ਅਤੇ ਤੇਜ਼ ਚਾਲ ਵਾਲਾ ਘੋੜਾ ਮਿਲਣ ਤੇ ਸਰਕਾਰੀ ਅਫਸਰਾਂ ਦੀ ਇਸ ਨੂੰ ਕਾਬੂ ਕਰਨ ਦੀ ਅਸਾਧ ਆਦਤ ਨੇ ਉਨ੍ਹਾਂ ਨੂੰ ਫਿਰ ਸਰਕਾਰ ਨਾਲ ਉਲਝਾ ਦਿੱਤਾ।[5] ਕਿਹਾ ਜਾਂਦਾ ਹੈ ਕਿ ਦੋ ਮਸੰਦ ਬਖਤ ਮਲ ਅਤੇ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 84; ਪੰਥ ਪ੍ਰਕਾਸ਼, ਪੰਨਾ 113
2. ਦਬਿਸਤਾਨ, ਸੈਂਚੀ ਦੂਜੀ, ਪੰਨਾ 275
3. ਮੈਕਾਲਿਫ, ਉਹੀ, ਪੰਨਾ 96; ਪੰਥ ਪ੍ਰਕਾਸ਼, ਪੰਨਾ 114
4. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 102-119; ਪੰਥ ਪ੍ਰਕਾਸ਼, ਪੰਨਾ 115; ਦੇਖੋ ਮੈਕਾਲਿਫ ਦੀ ਟਿੱਪਣੀ, ਪੰਨਾ 104
5. ਸਿੱਖ ਲਿਖਤਾਂ ਵਿਚ ਦਿੱਤੇ ਦ੍ਰਿਸ਼ਟਾਂਤਾਂ ਤੋਂ ਇਲਾਵਾ ਸਾਨੂੰ ਮੋਹਸਿਨ ਫਾਨੀ ਵਿਚ ਵੀ ਇਕ ਦ੍ਰਿਸ਼ਟਾਂਤ ਮਿਲਦਾ ਹੈ। ਸਾਨੂੰ ਦਸਿਆ ਗਿਆ ਹੈ ਕਿ ਸਦੋ ਨੇ ਗੁਰੂ ਜੀ ਲਈ ਤਿੰਨ ਇਰਾਕੀ ਘੋੜੇ ਲਿਆਂਦੇ ਸਨ ਪਰ ਇਨ੍ਹਾਂ ਨੂੰ ਖਲੀਲ ਬੇਗ ਨੇ ਫੜ ਲਿਆ ਸੀ। (ਦਬਿਸਤਾਨ, ਸੈਂਚੀ ਦੂਜੀ, ਪੰਨਾ 284)।

ਤਾਰਾ ਚੰਦ ਗੁਰੂ ਜੀ ਲਈ ਦੋ ਅਤਿ "ਸੁੰਦਰ ਅਤੇ ਤਿੱਖੇ ਘੋੜੇ" ਲਿਆ ਰਹੇ ਸਨ ਪਰੰਤੂ ਇਨ੍ਹਾਂ ਨੂੰ ਫਿਰ ਸ਼ਹਿਨਸ਼ਾਹ ਦੇ ਅਫਸਰਾਂ ਨੇ ਕਾਬੂ ਕਰ ਲਿਆ। ਗੁਰੂ ਜੀ ਦਾ ਇਕ ਪੱਕਾ ਸ਼ਰਧਾਲੂ ਬਿਧੀ ਚੰਦ, ਜਿਹੜਾ ਪਹਿਲਾਂ ਇਕ ਨਾਮੀ ਡਾਕੂ ਸੀ, ਘੋੜਿਆਂ ਨੂੰ ਲਾਹੌਰ ਦੇ ਸ਼ਾਹੀ ਅਸਤਬਲ ਵਿਚੋਂ ਵਾਪਸ ਲਿਆਉਣ ਵਿਚ ਸਫਲ ਹੋ ਗਿਆ ਸੀ। ਇਸ ਤੇ ਗੁਰੂ ਜੀ ਵਿਰੁੱਧ ਫੌਜ ਭੇਜੀ ਗਈ। ਗੁਰੂ ਜੀ ਨੇ ਕਿਸੇ ਬਚਾਉ ਵਾਲੇ ਸਥਾਨ ਤੇ ਪਨਾਹ ਲੈਣੀ ਹੀ ਉਚਿਤ ਸਮਝੀ। ਦਸਿਆ ਜਾਂਦਾ ਹੈ ਕਿ ਉਹ ਸਤਲੁਜ ਦਰਿਆ ਦੇ ਦੱਖਣ ਵੱਲ ਬਠਿੰਡੇ ਦਿਆਂ ਉਜਾੜਾਂ ਵਿਚ ਚਲੇ ਗਏ ਜਿਥੇ ਉਨ੍ਹਾਂ ਦਾ ਪਿੱਛਾ ਕਰਨਾ ਬੇਕਾਰ ਸੀ ਜਾਂ ਖਤਰਿਆਂ ਭਰਪੂਰ ਸੀ। ਇਹ ਘਟਨਾ 1631 ਈ: ਵਿਚ ਹੋਈ ਦੱਸੀ ਜਾਂਦੀ ਹੈ।

ਮੋਹਸਿਨ ਫਾਨੀ ਉਪਰੋਕਤ ਵਰਣਿਤ ਦੋਹਾਂ ਘਟਨਾਵਾਂ ਬਾਰੇ ਕੋਈ ਸਪਸ਼ਟ ਸੰਕੇਤ ਨਹੀਂ ਦਿੰਦਾ। ਪਰੰਤੂ ਉਹ ਇਹ ਕਹਿੰਦਾ ਹੈ ਕਿ ਕਰਤਾਰਪੁਰ ਦੀ ਲੜਾਈ ਤੋਂ ਪਹਿਲਾਂ ਅਤੇ ਮਗਰੋਂ, ਜਿਹੜੀ ਕਿ ਗੁਰੂ ਜੀ ਦੀ ਮੁਗਲ ਸਰਕਾਰ ਵਿਰੁੱਧ ਆਖਰੀ ਸੀ, 'ਉਨ੍ਹਾਂ ਨੂੰ ਜੰਗ ਦੇ ਖਤਰੇ ਦਾ ਸਾਮ੍ਹਣਾ ਕਰਨਾ ਪਿਆ ਸੀ।" ਅੰਮ੍ਰਿਤਸਰ ਦੀ ਲੜਾਈ ਬਾਰੇ ਨਿਸ਼ਚਿਤ ਸੰਕੇਤ ਮਿਲਦਾ ਹੈ। ਸੋ ਇਹ ਜਾਪਦਾ ਹੈ ਕਿ ਇਸ ਦੇ ਦੌਰਾਨ ਅਰਥਾਤ ਅੰਮ੍ਰਿਤਸਰ ਦੀ ਪਹਿਲੀ ਲੜਾਈ ਕਰਤਾਰਪੁਰ ਦੀ ਆਖਰੀ ਲੜਾਈ ਦੇ ਵਿਚਲੇ ਸਮੇਂ ਵਿਚ ਗੁਰੂ ਜੀ ਨੂੰ ਕੁਝ ਹੋਰ ਛੋਟੀਆਂ ਮੋਟੀਆਂ ਲੜਾਈਆਂ ਲੜਨੀਆਂ ਪਈਆਂ ਸਨ ਅਤੇ ਇਹ ਕਥਨ ਕਿ "ਪਰਮਾਤਮਾ ਦੀ ਸਹਾਇਤਾ ਨਾਲ ਉਹ ਬਿਲਕੁਲ ਸਾਫ ਬਚ ਨਿਕਲੇ, ਭਾਵੇਂ ਆਪਣੀ ਜਾਇਦਾਦ ਗੁਆ ਬੈਠੇ"[1] ਇਸ ਗੱਲ ਵਲ ਸੰਕੇਤ ਕਰਦਾ ਜਾਪਦਾ ਹੈ ਕਿ ਉਨ੍ਹਾਂ ਦੀ ਨਿਰਣੈਜਨਕ ਹਾਰ ਨਹੀਂ ਹੋਈ ਸੀ। ਮੋਹਸਿਨ ਫਾਨੀ ਦਾ ਇਹ ਕਥਨ ਗੁਰੂ ਜੀ ਦੀ ਸਰੀਰਕ ਸੁਰੱਖਿਆ ਵਲ ਵੀ ਸੰਕੇਤ ਕਰਦਾ ਹੈ ਪਰੰਤ ਫਿਰ ਵੀ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਗੁਰੂ ਜੀ ਦੀ ਆਖਰੀ ਲੜਾਈ ਕਰਤਾਰਪੁਰ ਵਿਖੇ ਲੜੀ ਗਈ ਸੀ। ਸੋ ਇਹ ਸਪਸ਼ਟ ਹੈ ਕਿ ਲਹਿਰਾ ਦੀ ਲੜਾਈ ਮਗਰੋਂ ਗੁਰੂ ਹਰਿਗੋਬਿੰਦ ਦੀ ਸ਼ਕਤੀ ਵਧ ਗਈ ਸੀ ਅਤੇ ਉਹ ਆਪਣੇ ਪਨਾਹ ਦੇ ਟਿਕਾਣੇ ਛੱਡ ਕੇ ਫਿਰ ਮੈਦਾਨਾਂ ਵਿਚ ਆ ਗਏ ਸਨ। ਸੋ ਇਹ ਪ੍ਰਤੀਤ ਹੁੰਦਾ ਹੈ ਕਿ ਜੋ ਕੁਝ ਮੋਹਸਿਨ ਫਾਨੀ ਨੇ ਕਿਹਾ ਹੈ, ਉਸ ਦੇ ਬਾਵਜੂਦ ਸਿੱਖਾਂ ਦੇ ਲਹਿਰਾਂ ਵਿਖੇ ਵਿਜੇ ਦੇ ਦਾਹਵੇ ਤੋਂ ਉੱਕਾ ਹੀ ਇਨਕਾਰ ਨਹੀਂ ਕੀਤਾ ਜਾ ਸਕਦਾ। ਸਾਨੂੰ ਦਸਿਆ ਗਿਆ ਹੈ ਕਿ ਗੁਰੂ ਜੀ ਨੇ ਅਤਿ ਲਾਭਦਾਇਕ ਸਥਿਤੀ ਅਪਣਾਈ ਹੋਈ ਸੀ। "ਗੁਰੂ ਜੀ ਦੀ ਫੌਜ ਇਲਾਕੇ ਵਿਚ ਇਕੋ ਇਕ ਤਲਾਬ ਦੁਆਲੇ ਇਸ ਪ੍ਰਕਾਰ ਖੜ੍ਹੀ ਕੀਤੀ ਹੋਈ ਸੀ ਕਿ ਜਦ ਦੁਸ਼ਮਣ ਦੇ ਆਦਮੀ ਪਹੁੰਚੇ ਤਾਂ ਉਹਨਾਂ ਨੂੰ ਤਲਾਬ ਤੱਕ ਨਹੀਂ ਪਹੁੰਚਣ ਦਿੱਤਾ। ਸੋ ਉਹ ਅੱਵਸ਼ ਹੀ ਪਿਆਸ ਨਾਲ ਮਰ ਗਏ ਹੋਣਗੇ।"[2] ਇਹ ਪ੍ਰਤੀਤ ਹੁੰਦਾ ਹੈ ਕਿ ਸ਼ਾਹੀ ਫੌਜਾਂ ਪਰਿਸਥਿਤੀਆਂ ਦੀਆਂ ਕੁਦਰਤੀ ਕਠਿਨਾਈਆਂ ਦਾ ਮੁਕਾਬਲਾ ਨਾ ਕਰ ਸਕੀਆਂ ਅਤੇ ਗੁਰੂ

---

1. ਦਬਿਸਤਾਨ, ਸੈਂਚੀ ਦੂਜੀ, ਪੰਨਾ 275
2. ਮੈਕਾਲਿਫ ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 179;
ਪੰਥ ਪ੍ਰਕਾਸ਼, ਪੰਨਾ 117

ਜੀ ਨੂੰ ਉਨ੍ਹਾਂ ਨੂੰ ਭਾਂਜ ਦੇਣ ਵਿਚ ਬਹੁਤ ਮੁਸ਼ਕਿਲ ਨਾ ਆਈ।

ਇਸ ਪਿੱਛੋਂ ਗੁਰੂ ਜੀ ਮੌਕੇ ਦੀ ਤਾੜ ਵਿਚ ਰਹੇ ਅਤੇ ਛੇਤੀ ਹੀ ਕਰਤਾਰਪੁਰ ਵਾਪਸ ਆ ਗਏ। ਇਉਂ ਜਾਪਦਾ ਹੈ ਕਿ ਕੁਝ ਸਮਾਂ ਉਹ ਅਮਨ ਅਮਾਨ ਨਾਲ ਰਹੇ ਪਰੰਤੂ ਪੈਂਦਾ ਖਾਂ ਦੇ ਚਲੇ ਜਾਣ ਨਾਲ ਫਿਰ ਬਖੇੜਾ ਆਰੰਭ ਹੋ ਗਿਆ। ਪੈਂਦਾ ਖਾਂ ਕੌਣ ਸੀ, ਇਹ ਚੰਗੀ ਤਰ੍ਹਾਂ ਸਪਸ਼ਟ ਨਹੀਂ ਹੈ। ਕੁਝ ਸਿੱਖ ਲਿਖਤਾਂ ਦੀ ਗਵਾਹੀ ਦੇ ਆਧਾਰ ਤੇ ਕਨਿੰਘਮ ਕਹਿੰਦਾ ਹੈ, "ਪੈਂਦਾ ਖਾਂ, ਜਿਹੜਾ ਆਪਣੇ ਇਲਾਕੇ ਵਿਚ ਪ੍ਰਸਿੱਧ ਹੋ ਗਿਆ ਹੋਇਆ ਸੀ, ਦੀ ਮਾਂ ਗੁਰੂ ਹਰਿਗੋਬਿੰਦ ਦੀ ਨਰਸ ਸੀ ਅਤੇ ਗੁਰੂ ਜੀ ਆਪਣੇ ਦੁਧ-ਭਾਈ ਵਲ ਸਦਾ ਹੀ ਉਦਾਰ ਚਿਤ ਰਹੇ ਸਨ।"[1] ਮੈਕਾਲਿਫ ਦੇ ਵਰਣਨ ਤੋਂ ਕੇਵਲ ਇਹ ਪ੍ਰਤੀਤ ਹੁੰਦਾ ਹੈ ਕਿ ਪੈਂਦਾ ਖਾਂ ਇਕ ਤਨਖਾਹਦਾਰ ਪਠਾਣ ਸੀ[2] ਜੋ ਗੁਰੂ ਜੀ ਦੀ ਫੌਜ ਵਿਚ ਭਰਤੀ ਸੀ ਅਤੇ ਗੁਰੂ ਜੀ ਦੀ ਮਿਹਰ ਦਾ ਪਾਤਰ ਬਣ ਗਿਆ ਸੀ। ਉਸ ਨੇ ਅੰਮ੍ਰਿਤਸਰ ਦੀ ਲੜਾਈ ਵਿਚ ਗੁਰੂ ਜੀ ਦੀ ਫੌਜ ਦੀ ਅਗਵਾਈ ਕੀਤੀ ਸੀ, ਅਤੇ ਗੁਰੂ ਜੀ ਦੀ ਜਿੱਤ ਦਾ ਕਾਰਨ ਵੀ ਵਿਸ਼ੇਸ਼ ਤੌਰ ਤੇ ਉਸ ਦੀ ਯੋਗਤਾ ਅਤੇ ਦਲੇਰੀ ਹੀ ਸੀ। ਮੋਹਸਿਨ ਫ਼ਾਨੀ ਕੇਵਲ ਇੰਨਾ ਹੀ ਕਹਿੰਦਾ ਹੈ ਕਿ ਉਹ ਫੱਤ੍ਹਾ ਖਾਂ ਗਨੈਦਾ[3] ਦਾ ਪੁੱਤਰ ਸੀ ਪਰ ਇਰਵਿਨ ਉਸ ਨੂੰ ਸ਼ਾਹੀ ਕਮਾਂਡਰ ਦਸਦਾ ਹੈ।[4] ਸ਼ਾਇਦ ਇਰਵਿਨ ਦੀ ਇਹ ਰਾਏ ਇਸ ਤੱਥ ਕਾਰਨ ਬਣੀ ਹੈ ਕਿ ਕਰਤਾਰਪੁਰ ਦੀ ਲੜਾਈ ਸਮੇਂ ਗੁਰੂ ਹਰਿਗੋਬਿੰਦ ਸਾਹਿਬ ਦੀ ਵਿਰੋਧੀ ਫ਼ੌਜ ਦਾ ਕਮਾਂਡਰ ਪੈਂਦਾ ਖਾਂ ਸੀ ਪਰ ਇਹ ਪੈਂਦਾ ਖਾਂ ਗੁਰੂ ਜੀ ਨਾਲ ਇਕ ਬਾਜ਼ ਤੇ ਝਗੜ ਪਿਆ[5] ਅਤੇ ਸਾਮਰਾਜੀਆਂ ਨਾਲ ਜਾ ਮਿਲਿਆ। ਹੁਣ ਇਸ ਦੇ ਬਾਦਸ਼ਾਹ ਨੇ ਪੈਂਦਾ ਖਾਂ ਦੀ ਸਰਦਾਰੀ ਹੇਠ ਇਕ ਹੋਰ ਮੁਹਿੰਮ ਗੁਰੂ ਜੀ ਵਿਰੁੱਧ ਭੇਜੀ। ਕਿਹਾ ਜਾਂਦਾ ਹੈ ਕਿ ਇਸ ਵਾਰ ਫਿਰ ਸ਼ਾਹੀ ਫ਼ੌਜਾਂ ਨੂੰ ਪੂਰੀ ਤਰ੍ਹਾਂ ਹਾਰ ਹੋਈ ਅਤੇ ਪੈਂਦਾ ਖਾਂ ਕਤਲ ਕਰ ਦਿੱਤਾ ਗਿਆ।[6] ਮੋਹਸਿਨ ਫ਼ਾਨੀ ਵੀ ਸਿੱਖ ਇਤਿਹਾਸਕਾਰਾਂ ਦੀ ਰਾਏ ਦੀ ਪੁਸ਼ਟੀ ਕਰਦਾ ਜਾਪਦਾ ਹੈ ਕਿਉਂਕਿ ਉਹ ਵੀ

---

1. ਕਨਿੰਘਮ, ਉਪਰੋਕਤ ਰਚਨਾ, ਪੰਨਾ 58
2. ਮੈਕਾਲਿਫ, ਉਹੀ, ਪੰਨਾ 54
3. ਦਬਿਸਤਾਨ, ਸੈਂਚੀ ਦੂਜੀ, ਪੰਨਾ 275
4. Irvin, *Latter Mughals*, Vol. I, p. 77.
5. ਕਨਿੰਘਮ, ਉਪਰੋਕਤ ਰਚਨਾ, ਪੰਨਾ 58। ਸਿੱਖ ਲੇਖਕ ਇਸ ਮੁਆਮਲੇ ਨੂੰ ਕੁਝ ਵਿਸ਼ਾਲ ਬਣਾ ਦਿੰਦੇ ਹਨ। ਇਕ ਚਿਤਰ ਸੈਨ ਨਾਂ ਦੇ ਸਿੱਖ ਨੇ ਗੁਰੂ ਜੀ ਨੂੰ ਇਕ ਘੋੜਾ, ਇਕ ਬਾਜ਼, ਇਕ ਸਰੋਪਾ ਅਤੇ ਕੁਝ ਫੌਜੀ ਹਥਿਆਰ ਭੇਂਟ ਕੀਤੇ। ਗੁਰੂ ਜੀ ਨੇ ਬਾਜ਼ ਆਪਣੇ ਪੁੱਤਰ ਗੁਰਦਿਤਾ ਨੂੰ ਦੇ ਦਿੱਤਾ ਅਤੇ ਬਾਕੀ ਦੀਆਂ ਚੀਜ਼ਾਂ ਪੈਂਦਾ ਖਾਂ ਨੂੰ ਦੇ ਦਿੱਤੀਆਂ। ਪਰੰਤੂ ਆਸਮਾਨ ਖਾਂ, ਜੋ ਪੈਂਦਾ ਖਾਂ ਦਾ ਜੁਆਈ ਸੀ, ਨੇ ਆਪਣੀ ਸੱਸ ਦੀ ਸਹਾਇਤਾ ਨਾਲ ਇਹ ਚੀਜ਼ਾਂ ਆਪਣੇ ਕਬਜ਼ੇ ਵਿਚ ਕਰ ਲਈਆਂ ਅਤੇ ਗੁਰਦਿਤਾ ਵਾਲਾ ਬਾਜ਼ ਵੀ ਚੋਰੀ ਕਰ ਲਿਆਇਆ। ਜਦ ਬਾਜ਼ ਬਾਰੇ ਪੁਛਿਆ ਗਿਆ ਤਾਂ ਪੈਂਦਾ ਖਾਂ ਮੁੱਕਰ ਗਿਆ ਕਿ ਉਸ ਦੇ ਘਰ ਨਹੀਂ ਹੈ, ਤਾਂ ਗੁਰੂ ਜੀ ਨੇ ਪੈਂਦਾ ਖਾਂ ਨੂੰ ਕੱਢ ਦਿੱਤਾ। (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 190-193; ਪੰਥ ਪ੍ਰਕਾਸ਼, ਪੰਨਾ 118; ਨਾਰੰਗ, ਉਪਰੋਕਤ ਰਚਨਾ, ਪੰਨਾ 111 ਦੀ ਟਿੱਪਣੀ 2 ਵੀ ਵੇਖੋ)।
6. ਮੈਕਾਲਿਫ, ਉਹੀ, ਪੰਨਾ 189-212; ਪੰਥ ਪ੍ਰਕਾਸ਼, ਪੰਨਾ 18-19.

ਕਹਿੰਦਾ ਹੈ ਕਿ ਇਸ ਘਟਨਾ ਵਿਚ ਮੀਰ ਬਦਰਾਹ ਅਤੇ ਪੈਂਦਾ ਖਾਂ ਮਾਰੇ ਗਏ ਸਨ ।[1] ਮੀਰ ਬਦਰਾਹ ਕੌਣ ਸੀ ਇਸ ਬਾਰੇ ਸਾਨੂੰ ਕੁਝ ਪਤਾ ਨਹੀਂ ਹੈ । ਸੰਭਵ ਹੈ ਕਿ ਉਹ ਇਕ ਸ਼ਾਹੀ ਅਫਸਰ ਹੋਵੇ ਜਿਹੜਾ ਮੁਹਿੰਮ ਨਾਲ ਆਇਆ ਸੀ । ਪਰੰਤੂ ਇਸ ਵਿਚ ਸ਼ੱਕ ਨਹੀਂ ਹੋ ਸਕਦਾ ਕਿ ਮੋਹਸਿਨ ਫਾਨੀ ਦਾ ਪੈਂਦਾ ਖਾਂ ਉਹ ਵਿਅਕਤੀ ਹੈ ਜਿਸ ਨੂੰ ਅਸੀਂ ਵਿਚਾਰ ਰਹੇ ਹਾਂ ।

ਗੁਰੂ ਜੀ ਦੇ ਬਾਕੀ ਦੇ ਕਾਰਨਾਮੇ ਸ਼ੀਘਰ ਹੀ ਦੱਸ ਦਿੱਤੇ ਗਏ ਹਨ । ਮੋਹਸਿਨ ਫਾਨੀ ਕਹਿੰਦਾ ਹੈ ਕਿ 'ਗੁਰੂ ਹਰਿਗੋਬਿੰਦ, ਕਰਤਾਰਪੁਰ ਦੀ ਲੜਾਈ ਤੋਂ ਪਿੱਛੋਂ, ਫਗਵਾੜੇ ਆ ਗਏ ਪਰ ਇਹ ਲਾਹੌਰ ਦੇ ਨੇੜੇ ਹੋਣ ਕਰਕੇ ਗੁਰੂ ਜੀ ਨੂੰ ਕੁਝ ਔਕੜਾਂ ਦਾ ਸਾਹਮਣਾ ਕਰਨਾ ਪਿਆ ਅਤੇ ਛੇਤੀ ਹੀ ਪਿਛੋਂ ਗੁਰੂ ਜੀ ਕੀਰਤਪੁਰ ਚਲੇ ਗਏ ਜਿਹੜਾ ਕਿ ਪੰਜਾਬ ਦੇ ਪਹਾੜੀ ਜ਼ਿਲੇ ਵਿਚ ਸਥਿਤ ਹੈ ।"[2] ਸਿੱਖ ਲਿਖਤਾਂ ਵਿਚ ਵੀ ਇਹ ਵਰਣਿਤ ਹੈ ਕਿ ਕਰਤਾਰਪੁਰ ਦੀ ਲੜਾਈ ਮਗਰੋਂ, ਜਿਹੜੀ 1634 ਈ: ਵਿਚ ਹੋਈ ਕਹੀ ਜਾਂਦੀ ਹੈ, ਗੁਰੂ ਜੀ ਨੇ ਇਸ ਅਸਥਾਨ ਨੂੰ ਛਡ ਦਿੱਤਾ ਅਤੇ ਸਫਰ ਦੇ ਦੌਰਾਨ ਉਹ ਫਗਵਾੜੇ ਪਹੁੰਚੇ । "ਪਰ ਇਹ ਕਸਬਾ ਲਾਹੌਰ ਵਾਲੀ ਸੜਕ ਤੇ ਸੀ, ਜਿਥੇ ਕਿ ਉਨ੍ਹਾਂ ਵਿਰੁੱਧ ਕੁਮਕ ਆਸਾਨੀ ਨਾਲ ਭੇਜੀ ਜਾ ਸਕਦੀ ਸੀ, ਇਸ ਲਈ ਗੁਰੂ ਜੀ ਨੇ ਕੀਰਤਪੁਰ ਜਾਣ ਲਈ ਆਪਣਾ ਸਫਰ ਜਾਰੀ ਰਖਿਆ ।"[3] ਇਹ ਸਹਿਜ ਹੀ ਸਮਝਿਆ ਜਾ ਸਕਦਾ ਹੈ ਕਿ ਅਲਪ ਸਾਧਨਾਂ ਦੁਆਰਾ ਗੁਰੂ ਜੀ ਲਈ ਖੁਲ੍ਹਮ ਖੁਲ੍ਹਾ ਵਿਰੋਧੀ ਵਿਵਹਾਰ ਹੋਰ ਦੇਰ ਜਾਰੀ ਰੱਖਣਾ ਸੰਭਵ ਨਹੀਂ ਸੀ । ਇਸ ਲਈ ਗੁਰੂ ਜੀ ਨੂੰ ਭਾਵੇਂ ਕਰਤਾਰਪੁਰ ਦੀ ਜੰਗ ਵਿਚ ਜਿੱਤ ਪ੍ਰਾਪਤ ਹੋਈ ਪਰ ਫਿਰ ਵੀ ਉਨ੍ਹਾਂ ਨੇ ਕਿਸੇ ਪਹਾੜੀ ਟਿਕਾਣੇ ਤੇ ਪਨਾਹ ਲੈਣ ਵਿਚ ਹੀ ਸਿਆਣਪ ਸਮਝੀ ।

ਇਸ ਨਾਲ ਗੁਰੂ ਜੀ ਦੀ ਮੁਗਲ ਸਰਕਾਰ ਨਾਲ ਲੜਾਈਆਂ ਦੀ ਕਹਾਣੀ ਖਤਮ ਹੁੰਦੀ ਹੈ । ਫਾਰਸਟਰ ਕਹਿੰਦਾ ਹੈ : "ਜਿਹੜੀ ਨਾੜੀ ਇਸ ਅਸੰਗਤ ਕਹਾਣੀ ਵਿਚ ਇਸ ਫੌਜੀ ਧਰਮਾਤਮਾ ਦੀਆਂ ਪ੍ਰਾਪਤੀਆਂ ਵਿਚੋਂ ਲੰਘਦੀ ਹੈ ਇਤਿਹਾਸ ਦੀ ਵਰਤੋਂ ਲਈ ਕਿਸੇ ਨਿਕਾਸ ਨੂੰ ਰੋਕਦੀ ਹੈ ।"[4] ਨਿਰਸੰਦੇਹ ਇਹ ਸੱਚ ਹੈ ਜੇਕਰ ਕੇਵਲ ਸਿੱਖਾਂ ਦੇ ਕਥਨਾਂ ਨੂੰ ਹੀ ਲਿਆ ਜਾਵੇ, ਪਰ ਸਾਡੇ ਚੰਗੇ ਭਾਗਾਂ ਨੂੰ ਦਬਿਸਤਾਨ ਵਿਚ ਦਿੱਤੇ ਗਏ ਵੇਰਵੇ, ਭਾਵੇਂ ਇਹ ਕਿੰਨੇ ਹੀ ਅਲਪ ਹਨ ਸਾਨੂੰ ਸਿੱਖ ਲਿਖਤਾਂ ਦੀ ਪੜਤਾਲ ਕਰਨ ਦੇ ਯੋਗ ਬਣਾਉਂਦੇ ਹਨ ਅਤੇ ਜਿਵੇਂ ਕਿ ਅਸੀਂ ਉਪਰ ਦੇਖ ਚੁੱਕੇ ਹਾਂ, ਇਹ ਦੋਵੇਂ ਕਈ ਮਹੱਤਵਪੂਰਨ ਨੁਕਤਿਆਂ ਉਤੇ, ਵਿਸ਼ੇਸ਼ ਕਰਕੇ ਘਟਨਾਵਾਂ ਦੀ ਆਮ ਤਰਤੀਬ ਤੇ ਸਹਿਮਤ ਹਨ । ਸਿੱਖ ਲੇਖਕਾਂ ਦਾ ਆਪਣੇ ਗੁਰੂ ਦੇ ਕਾਰਨਾਮਿਆਂ ਨੂੰ ਵਧਾ ਚੜ੍ਹਾ ਕੇ ਮਹੱਤਾ ਦੇਣਾ ਸਾਨੂੰ ਕੁਰਾਹੇ ਨਹੀਂ ਪਾ ਸਕਦਾ ਕਿਉਂਕਿ ਇਸ ਨਿਸ਼ਚਿਤ ਹੈ ਕਿ ਗੁਰੂ ਹਰਿਗੋਬਿੰਦ ਜੀ ਦੇ ਕਾਰਨਾਮੇ ਅਜੇਹੇ ਸਨ ਕਿ ਇਰਵਿਨ ਇਨ੍ਹਾਂ ਨੂੰ "ਇਕ ਛੋਟੀ ਬਗਾਵਤ"[5] ਦਸਦਾ ਹੈ । ਜੇਕਰ ਅਜੇਹਾ

---

1. ਦਬਿਸਤਾਨ, ਸੈਂਚੀ ਦੂਜੀ, ਪੰਨਾ 275
2. ਉਹੀ
3. ਮੈਕਾਲਿਫ, ਉਹੀ, ਪੰਨਾ 213; ਪੰਥ ਪ੍ਰਕਾਸ਼. ਪੰਨਾ 119
4. ਫਾਰਸਟਰ, ਉਪਰੋਕਤ ਰਚਨਾ, ਪੰਨਾ 259
5. ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 7

ਨਾ ਹੁੰਦਾ ਤਾਂ ਸਮਕਾਲੀ ਮੁਸਲਮਾਨ ਲੇਖਕਾਂ ਨੇ ਜ਼ਰੂਰ ਹੀ ਇਨ੍ਹਾਂ ਨੂੰ ਧਿਆਨ ਗੋਚਰ ਕਰਨਾ ਸੀ।

V. ਗੁਰੂ ਹਰਿਗੋਬਿੰਦ ਸਾਹਿਬ ਦਾ ਇਕਾਂਤ-ਵਾਸ

ਜਾਪਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਆਪਣਾ ਬਾਕੀ ਦਾ ਸਾਰਾ ਜੀਵਨ, 1645 ਈ: ਵਿਚ ਜੋਤੀ ਜੋਤ ਸਮਾਉਣ ਤਕ, ਕੀਰਤਪੁਰ ਵਿਖੇ, ਅਮਨ ਸ਼ਾਂਤੀ ਨਾਲ ਬਿਤਾਇਆ। ਇਹ ਸਥਾਨ ਕਹਲੂਰ ਪਹਾੜ ਦੇ ਮੁੱਢ ਵਿਚ ਸਥਿਤ ਹੈ ਅਤੇ ਸਾਨੂੰ ਦਸਿਆ ਗਿਆ ਹੈ ਕਿ ਇਸ ਸ਼ਹਿਰ ਨੂੰ ਗੁਰੂ ਹਰਿਗੋਬਿੰਦ ਦੇ ਵੱਡੇ ਪੁੱਤਰ ਬਾਬਾ ਗੁਰਦਿਤਾ ਨੇ ਵਸਾਇਆ ਸੀ। ਪ੍ਰਤੀਤ ਹੁੰਦਾ ਹੈ ਕਿ ਗੁਰੂ ਨਾਨਕ ਜੀ ਇਕ ਵਾਰ ਇਥੇ ਆਏ, ਜਿਥੇ ਕਿ ਉਹ ਇਕ ਮੁਸਲਮਾਨ ਫਕੀਰ ਬੁੱਢਣ ਸ਼ਾਹ ਨੂੰ ਮਿਲੇ। ਜਦ ਬਾਬਾ ਗੁਰਦਿਤਾ ਨੇ ਆਪਣੇ ਪਿਤਾ ਦੀਆਂ ਹਦਾਇਤਾਂ ਅਨੁਸਾਰ ਨੀਂਹ ਰੱਖੀ ਤਾਂ ਇਹ ਫਕੀਰ ਤਦੋਂ ਉਥੇ ਹੀ ਰਹਿ ਰਿਹਾ ਸੀ। ਇਸ ਸਥਾਨ ਦਾ ਨਾਮ ਕੀਰਤਪੁਰ ਰਖਿਆ ਗਿਆ ਕਿਉਂਕਿ "ਇਥੇ ਹਰ ਵੇਲੇ ਪ੍ਰਭੂ ਦਾ ਜਸ ਗਾਇਆ ਜਾਂਦਾ ਸੀ।"[1] ਗੁਰੂ ਹਰਿਗੋਬਿੰਦ ਜੀ ਨੇ ਇਥੇ ਹੁਣ ਪੱਕੀ ਰਿਹਾਇਸ਼ ਕਰ ਲਈ ਅਤੇ ਜਾਪਦਾ ਹੈ ਕਿ ਇਸ ਇਕਾਂਤ ਵਜੋਂ ਮਿਲੀ ਸ਼ਾਂਤੀ ਅਤੇ ਆਰਾਮ ਤੋਂ ਲਾਭ ਉਠਾਇਆ, ਜਿਹੜਾ ਕਿ ਉਨ੍ਹਾਂ ਦੇ ਪਹਿਲੇ ਕਾਰਨਾਮਿਆਂ ਦੀ ਬੇਚੈਨੀ ਅਤੇ ਔਕੜਾਂ ਪਿਛੋਂ ਅਤਿ ਲੋੜੀਂਦਾ ਸੀ।

ਕਰਤਾਰਪੁਰ ਵਿਖੇ, ਗੁਰੂ ਜੀ ਦੇ ਜੀਵਨ ਬਾਰੇ ਅਸੀਂ ਬਹੁਤ ਕੁਝ ਨਹੀਂ ਜਾਣਦੇ। ਪਰ ਇਹ ਸਪਸ਼ਟ ਦਿਖਾਈ ਦਿੰਦਾ ਹੈ ਕਿ ਹਾਲ ਦੀ ਘੜੀ ਲਈ ਹਥਿਆਰ-ਬੰਦ ਵਿਰੋਧ ਦੀ ਪਾਲਿਸੀ ਨੂੰ ਮਜਬੂਰਨ ਤਿਆਗਣਾ ਪਿਆ ਸੀ[2] ਅਤੇ ਗੁਰੂ ਜੀ ਨੇ ਆਪਣੇ ਆਪ ਨੂੰ ਸ਼ਾਂਤਮਈ ਕਾਰਵਾਈਆਂ ਵਿਚ ਰੁਝਾ ਲਿਆ ਸੀ। ਹੁਣ ਤਕ ਉਨ੍ਹਾਂ ਕੋਲ ਪ੍ਰਚਾਰ ਅਤੇ ਸੰਗਠਨ ਦੇ ਅਤਿ ਮਹੱਤਵਪੂਰਨ ਕਾਰਜ ਲਈ ਸਮਾਂ ਨਹੀਂ ਸੀ ਅਤੇ ਜਾਪਦਾ ਹੈ ਕਿ ਗੁਰੂ ਜੀ ਦੀ ਇਹ ਜ਼ਿਮੇਵਾਰੀ ਬਾਬਾ ਗੁਰਦਿਤਾ ਨੂੰ ਸੌਂਪੀ ਹੋਈ ਸੀ। ਪਰ ਹੁਣ ਗੁਰੂ ਜੀ ਕੋਲ ਇਨ੍ਹਾਂ ਮਾਮਲਿਆਂ ਲਈ ਕਾਫੀ ਸਮਾਂ ਸੀ ਅਤੇ ਕਿਹਾ ਜਾਂਦਾ ਹੈ ਕਿ ਗੁਰੂ ਜੀ ਦੀਆਂ ਹਦਾਇਤਾਂ ਅਨੁਸਾਰ ਬਾਬਾ ਗੁਰਦਿੱਤਾ ਨੇ 1636 ਈ: ਵਿਚ ਚਾਰ ਪ੍ਰਚਾਰਕ ਫੂਲ, ਅਲਮਸਤ, ਗੋਂਦਾ ਅਤੇ ਬਲੂ ਹਸਨਾ ਨਿਯੁਕਤ ਕੀਤੇ, ਜਿਨ੍ਹਾਂ ਨੇ "ਧੂਏ" ਜਾਂ ਧੂਣ[3] ਸਥਾਪਿਤ ਕੀਤੇ ਅਤੇ ਸਿੱਖ ਧਰਮ ਦੇ ਸੰਦੇਸ਼ ਨੂੰ ਦੂਰ ਦੁਰਾਡੇ ਫੈਲਾਇਆ। ਸਿੱਖ ਇਹ ਵੀ ਦਾਅਵਾ ਕਰਦੇ ਹਨ ਕਿ ਗੁਰੂ ਜੀ ਨੇ ਪਹਾੜੀ ਰਾਜਿਆਂ ਨੂੰ ਕਾਫੀ ਪ੍ਰਭਾਵਿਤ ਕੀਤਾ ਅਤੇ ਦਸਿਆ ਜਾਂਦਾ ਹੈ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 140-142
2. ਖਜ਼ਾਨ ਸਿੰਘ ਦਾ ਕਥਨ ਹੈ ਕਿ ਕੀਰਤਪੁਰ ਵਿਖੇ ਇਕਾਂਤ ਵਾਸ ਸਮੇਂ ਵੀ, ਗੁਰੂ ਜੀ ਘੱਟੋ ਘੱਟ ਇਕ ਵਾਰ ਫੌਜੀ ਮੁਹਿੰਮ ਵਿਚ ਰੁਝੇ ਸਨ। ਕਿਹਾ ਜਾਂਦਾ ਹੈ ਕਿ 1942 ਈ: ਵਿਚ ਗੁਰੂ ਜੀ ਦੀ ਫੌਜ ਰਾਜਾ ਤਾਰਾ ਚੰਦ ਦੀ ਮਦਦ ਲਈ ਗਈ ਅਤੇ ਰੋਪੜ ਦੇ ਨਵਾਬ ਨੂੰ ਹਰਾਉਣ ਵਿਚ ਸਹਾਇਤਾ ਕੀਤੀ। (*History and Philosophy of the Sikh Religion*, Vol. I, p. 139.)
3. ਤੇਜਾ ਸਿੰਘ, ਉਪਰੋਕਤ ਰਚਨਾ, ਪੰਨਾ 72

ਕਿ ਇਨ੍ਹਾਂ ਵਿਚੋਂ ਬਹੁਤਿਆਂ ਨੇ ਸਿੱਖ ਮਤ ਕਬੂਲ ਕਰ ਲਿਆ ਸੀ। ਸਿੱਖ ਇਤਿਹਾਸਕਾਰਾਂ ਦਾ ਕਹਿਣਾ ਹੈ ਕਿ ਗੁਰੂ ਅਮਰ ਦਾਸ ਦੇ ਸਮੇਂ ਹਰੀਪੁਰ ਦਾ ਰਾਜਾ ਸਿੱਖ ਬਣ ਗਿਆ ਸੀ[1] ਅਤੇ ਕੁੱਲੂ, ਸੁਕੇਤ, ਹਰੀਪੁਰ ਅਤੇ ਚੰਬੇ ਦੇ ਪਹਾੜੀ ਰਾਜੇ ਗੁਰੂ ਅਰਜਨ ਦੇ ਦਰਸ਼ਨਾਂ ਨੂੰ ਆਏ ਸਨ ਅਤੇ ਮੰਡੀ ਦੇ ਰਾਜੇ ਵਾਂਗ, ਜੋ ਪਹਿਲੋਂ ਹੀ ਗੁਰੂ ਜੀ ਦਾ ਸ਼ਰਧਾਲੂ ਬਣ ਚੁਕਾ ਸੀ, ਇਹ ਵੀ ਗੁਰੂ ਜੀ ਦੇ ਸ਼ਰਧਾਲੂ ਬਣ ਗਏ[2] ਕਿਹਾ ਜਾਂਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਨੇ ਕਾਂਗੜਾ ਅਤੇ ਪੀਲੀ ਭੀਤ ਦੇ ਰਾਜਿਆਂ ਨੂੰ ਸਿੱਖ ਬਣਾਇਆ।[3] ਸੋ ਜਦ ਗੁਰੂ ਜੀ ਕੀਰਤਪੁਰ ਗਏ ਤਾਂ ਪਹਾੜੀ ਇਲਾਕਿਆਂ ਵਿਚ ਸਿੱਖ ਮਤ ਪਹਿਲਾਂ ਹੀ ਕਾਫੀ ਪ੍ਰਭਾਵਸ਼ਾਲੀ ਹੋ ਚੁਕਿਆ ਹੋਇਆ ਸੀ। ਹੁਣ ਜਦ ਗੁਰੂ ਜੀ ਨੇ ਉਥੇ ਆਪ ਦਰਸ਼ਨ ਦਿੱਤੇ ਅਤੇ ਕੀਰਤਪੁਰ ਰਿਹਾਇਸ਼ ਬਣਾ ਲਈ ਤਾਂ ਸਿੱਖ ਧਰਮ ਅਵੱਸ਼ ਹੀ ਹੋਰ ਸ਼ਕਤੀਸ਼ਾਲੀ ਬਣ ਗਿਆ ਹੋਵੇਗਾ। ਇਸ ਤੱਥ ਦੀ ਪੁਸ਼ਟੀ ਦਬਿਸਤਾਨ ਦਾ ਲੇਖਕ ਵੀ ਕਰਦਾ ਹੈ। ਇਸ ਸੰਬੰਧ ਵਿਚ ਮੋਹਸਿਨ ਫਾਨੀ ਅਤਿ ਦਿਲਚਸਪ ਵਾਰਤਾ ਦਸਦਾ ਹੈ। ਰਾਜਾ ਤਾਰਾ ਚੰਦ ਦੀ ਰਿਆਸਤ ਦੇ ਲੋਕ ਬੁੱਤ ਪੂਜਾ ਕਰਦੇ ਸਨ ਅਤੇ ਇਕ ਫਸੀਲੰਦਾਰ ਚੋਟੀ ਉਤੇ ਉਨ੍ਹਾਂ ਨੇ 'ਨਾਰਾਇਣ' ਦਾ ਬੁਤ ਬਣਾਇਆ ਹੋਇਆ ਸੀ, ਜਿਥੇ ਰਾਜਾ ਅਤੇ ਹੋਰ ਪਤਵੰਤੇ ਲੋਕ ਤੀਰਥ ਯਾਤਰਾ ਕਰਦੇ ਸਨ। ਜਦ ਗੁਰੂ ਹਰਿਗੋਬਿੰਦ ਉਥੇ ਗਏ, ਤਾਂ ਇਕ ਭੈਰੋ ਨਾਮੀ ਸਿੱਖ ਨੇ ਮੰਦਰ ਅੰਦਰ ਵੜ ਕੇ ਬੁੱਤ ਦਾ ਨੱਕ ਤੋੜ ਦਿੱਤਾ। ਰਾਜੇ ਨੇ ਗੁਰੂ ਜੀ ਕੋਲ ਸ਼ਿਕਾਇਤ ਕੀਤੀ ਪਰੰਤੂ ਭੈਰੋ ਮੁਕਰ ਗਿਆ। ਪਰ ਰਾਜ ਦੇ ਨੌਕਰਾਂ ਨੇ ਕਿਹਾ ਕਿ ਉਹ ਨਿਸ਼ਚਿਤ ਤੌਰ ਤੇ ਇਸ ਆਦਮੀ ਨੂੰ ਜਾਣਦੇ ਹਨ। ਭੈਰੋ ਨੇ ਉੱਤਰ ਦਿਤਾ, 'ਹੇ ਰਾਜਾ, ਆਪਣੇ ਦੇਵਤਾ ਤੋਂ ਪੁੱਛ, ਜੇਕਰ ਉਹ ਮੇਰਾ ਨਾਂ ਲਵੇ ਤਾਂ ਮੈਨੂੰ ਮੌਤ ਕਬੂਲ ਹੈ।" ਰਾਜੇ ਨੇ ਕਿਹਾ, "ਤੂੰ ਮੂਰਖ ਹੈਂ, ਦੇਵਤਾ ਕਿਵੇਂ ਬੋਲੇਗਾ ?" ਭੈਰੋ ਹਸ ਪਿਆ ਅਤੇ ਕਿਹਾ, 'ਹੁਣ ਇਹ ਸਪਸ਼ਟ ਹੋ ਗਿਆ ਹੈ ਕਿ ਕੌਣ ਮੂਰਖ ਹੈ। ਜੇਕਰ ਦੇਵਤਾ ਆਪਣੀ ਰਖਿਆ ਨਹੀਂ ਕਰ ਸਕਦਾ ਜਾਂ ਜਿਸ ਨੇ ਉਸ ਨੂੰ ਮਾਰਿਆ ਹੈ ਦੱਸ ਨਹੀਂ ਸਕਦਾ, ਤਾਂ ਤੁਸੀਂ ਉਸ ਤੋਂ ਕੀ ਲਾਭ ਦੀ ਆਸ ਰਖਦੇ ਹੋ ਅਤੇ ਉਸ ਦੀ ਸ਼ਕਤੀ ਨੂੰ ਕਿਉਂ ਪੂਜਦੇ ਹੋ ?" ਕਿਹਾ ਜਾਂਦਾ ਹੈ ਕਿ ਭੈਰੋ ਦੇ ਉੱਤਰ ਨੇ ਬਹੁਤ ਅਸਰ ਕੀਤਾ ਅਤੇ ਮੋਹ-ਸਿਨ ਫਾਨੀ ਕਹਿੰਦਾ ਹੈ ਕਿ "ਇਸ ਸਮੇਂ ਤੋਂ ਗੁਰੂ ਜੀ ਦੇ ਚੇਲਿਆਂ ਦੀ ਸੰਖਿਆ ਬਹੁਤ ਵਧ ਗਈ ਅਤੇ ਇਸ ਪਹਾੜੀ ਦੇਸ਼ ਵਿਚ ਤਿਬਤ ਅਤੇ ਖੋਟਾ ਦੀਆਂ ਹੱਦਾਂ ਤਕ ਮੁਸਲਮਾਨਾਂ ਦਾ ਨਾਮ ਨਿਸ਼ਾਨ ਨਹੀਂ ਸੀ।"[4] ਪਰ ਪਿਛੋਂ ਵਾਪਰੀਆਂ ਘਟਨਾਵਾਂ ਸਾਨੂੰ ਮੂਲੋਂ ਹੀ ਵਖਰੀ ਤਸ-ਵੀਰ ਪੇਸ਼ ਕਰਦੀਆਂ ਹਨ। ਇਨ੍ਹਾਂ ਤੋਂ ਪ੍ਰਤੱਖ ਪ੍ਰਗਟ ਹੈ ਕਿ ਸਿੱਖ ਮਤ ਦੇ ਪ੍ਰਸਾਰ ਵਿਚ ਪਹਾੜਾਂ ਵਿਚ ਬਹੁਤੀ ਉਨਤੀ ਨਹੀਂ ਹੋ ਸਕਦੀ ਅਤੇ ਪਹਾੜੀ ਰਾਜੇ ਅਖੀਰ ਤਕ ਗੁਰੂ ਗੋਬਿੰਦ ਸਿੰਘ ਦੇ ਕੱਟੜ ਦੁਸ਼ਮਣ ਬਣੇ ਰਹੇ। ਕਾਂਗੜੇ ਦੀਆਂ ਪਹਾੜੀਆਂ ਸਦਾ ਹੀ ਹਿੰਦੂ ਮਤ ਦੀਆਂ ਗੜ੍ਹ ਰਹੀਆਂ ਹਨ ਅਤੇ ਇਸ ਸਾਰੇ ਇਲਾਕੇ ਵਿਚ ਇਕ ਤਰ੍ਹਾਂ ਦੇ ਰਾਜਪੂਤ ਭਾਈ-

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 62
2. ਮੈਕਾਲਿਫ, ਉਹੀ, ਸੈਂਚੀ ਤੀਜੀ, ਪੰਨਾ 70
3. ਪੰਥ ਪ੍ਰਕਾਸ਼
4. ਦਬਿਸਤਾਨ, ਸੈਂਚੀ ਦੂਜੀ, ਪੰਨਾ 276

ਚਾਰੇ ਦਾ ਜ਼ੋਰ ਪ੍ਰਤੱਖ ਹੈ। ਵਿਸ਼ੇਸ਼ ਰਾਜਸੀ ਹੱਕਾਂ ਸਮਾਜਿਕ ਵਖਰਤਾ ਅਤੇ ਜ਼ਾਤੀ ਅਭਿਮਾਨ ਸਾਰਿਆਂ ਨੇ ਰਲ ਕੇ ਪਹਾੜੀ ਰਾਜਿਆਂ ਨੂੰ ਸਿੱਖ ਧਰਮ ਦੇ ਵਿਰੁੱਧ ਸਾਂਝਾ ਮੁਹਾਜ਼ ਖੜਾ ਕਰਨ ਲਈ ਪ੍ਰੇਰਿਆ ਅਤੇ ਗੁਰੂ ਗੋਬਿੰਦ ਸਿੰਘ ਦਾ ਮਿਸ਼ਨ ਪਹਾੜਾਂ ਵਿਚ, ਲਗਪਗ ਸਪਸ਼ਟ ਰੂਪ ਵਿਚ ਅਸਫਲ ਸਿੱਧ ਹੋਇਆ। ਸੋ ਇਹ ਪ੍ਰਤੱਖ ਹੈ ਕਿ ਜੇਕਰ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਸਿੱਖ ਧਰਮ ਦੇ ਹਿੱਤ ਵਿਚ ਉਥੇ ਕੋਈ ਲਹਿਰ ਸੀ ਤਾਂ ਇਹ ਸਿਰਫ ਆਰਜ਼ੀ ਜਿਹੀ ਸੀ। ਪਰ ਬਾਹਰੀ ਰੂਪ ਵਿਚ ਗੁਰੂ ਜੀ ਦੇ ਪਹਾੜੀ ਰਾਜਿਆਂ ਨਾਲ ਮਿਤਰਾਚਾਰੀ ਦੇ ਸੰਬੰਧ ਸਨ ਅਤੇ ਉਨ੍ਹਾਂ ਵਿਚ ਉਨ੍ਹਾਂ ਨੇ ਕਾਫੀ ਪ੍ਰਸਿਧੀ ਪ੍ਰਾਪਤ ਕਰ ਲਈ। ਇਹ ਗੱਲ ਇਸ ਤੱਥ ਤੋਂ ਵੀ ਸਿੱਧ ਹੋ ਜਾਂਦੀ ਹੈ ਕਿ ਪੈਰੂਾਂ ਕੇਵਾਨ, ਯਜ਼ਦਾਨੀਆਂ, ਗੁਰੂ ਜੀ ਦੇ ਨਾਮ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਦੇ ਦਰਸ਼ਨਾਂ ਨੂੰ ਆਇਆ ਸੀ।[1]

ਪਰੰਤੂ ਇਉਂ ਜਾਪਦਾ ਹੈ ਕਿ ਘਰੇਲੂ ਦੁੱਖਾਂ ਅਤੇ ਔਕੜਾਂ ਕਰਕੇ ਗੁਰੂ ਜੀ ਦੇ ਜੀਵਨ ਦਾ ਇਹ ਹਿੱਸਾ ਉਤਨਾ ਸ਼ਾਂਤਮਈ ਅਤੇ ਸੁਖਦਾਈ ਨਹੀਂ ਸੀ ਜਿਤਨਾ ਕਿ ਹੋਣਾ ਚਾਹੀਦਾ ਸੀ। ਸਿੱਖ ਲਿਖਤਾਂ ਸਰਬਸੰਮਤੀ ਨਾਲ ਕਹਿੰਦੀਆਂ ਹਨ ਕਿ ਗੁਰੂ ਹਰਿਗੋਬਿੰਦ ਦਾ ਵੱਡਾ ਪੁੱਤਰ ਬਾਬਾ ਗੁਰਦਿਤਾ ਸੰਤ ਸੁਭਾਉ ਵਾਲਾ ਵਿਅਕਤੀ ਸੀ ਅਤੇ ਹਰ ਤਰ੍ਹਾਂ ਨਾਲ ਸਿੱਖ ਮਤ ਦਾ ਨੇਤਾ ਬਣਨ ਦੀ ਯੋਗਤਾ ਰਖਦਾ ਸੀ। ਅਸੀਂ ਵੇਖ ਚੁਕੇ ਹਾਂ ਕਿ ਉਸ ਨੂੰ ਸੰਗਠਨ ਅਤੇ ਪ੍ਰਚਾਰ ਦਾ ਅਤਿ ਮਹੱਤਵਪੂਰਨ ਕਾਰਜ ਸੌਂਪਿਆ ਹੋਇਆ ਸੀ ਅਤੇ ਇਸ ਵਿਚ ਸ਼ੱਕ ਨਹੀਂ ਕਿ ਉਹ ਇਸ ਕਾਰਜ ਨੂੰ ਚੰਗੀ ਤਰ੍ਹਾਂ ਨਿਭਾ ਰਿਹਾ ਸੀ। ਮੰਦੇ ਭਾਗਾਂ ਨੂੰ ਗੁਰਦਿਤਾ ਦਾ ਆਪਣੇ ਪਿਤਾ ਨਾਲ ਮਤ ਭੇਦ ਹੋ ਗਿਆ ਜਿਸ ਦਾ ਕਾਰਨ ਇਹ ਸੀ ਕਿ ਉਹ ਨਗੁਰਾ ਨਾਮੀ ਸਿੱਖ ਦੀ ਪੁੱਤਰੀ ਨਾਲ ਵਿਆਹ ਕਰਾਉਣਾ ਚਾਹੁੰਦਾ ਸੀ। ਪਰ ਜਦ ਗੁਰੂ ਜੀ ਨੇ ਇਸ ਰਿਸ਼ਤੇ ਬਾਰੇ ਬੁਰਾ ਭਲਾ ਕਿਹਾ ਤਾਂ ਉਸ ਨੇ ਪ੍ਰਤਿਰੋਧ ਨਾ ਕੀਤਾ।[2] ਕਿਹਾ ਜਾਂਦਾ ਹੈ ਕਿ ਫਿਰ ਉਸ ਨੇ ਕਰਾਮਾਤਾਂ ਦਿਖਾ ਕੇ ਆਪਣੇ ਪਿਤਾ ਨੂੰ ਗੁੱਸੇ ਕਰ ਲਿਆ ਕਿਉਂਕਿ ਕਰਾਮਾਤਾਂ ਨੂੰ ਸਿੱਖ ਗੁਰੂ ਸਦਾ ਹੀ ਘ੍ਰਿਣਾ ਨਾਲ ਵੇਖਦੇ ਸਨ।[3] ਇਨ੍ਹਾਂ ਤੋਂ ਛੁਟ 1638 ਈ: ਵਿਚ ਉਸ ਦੀ ਅਚਨਚੇਤੀ ਮੌਤ ਹੋ ਗਈ। ਇਸ ਨਾਲ ਅਵੱਸ਼ ਹੀ ਗੁਰੂ ਜੀ ਨੂੰ ਭਾਰੀ ਸਦਮਾ ਲਗਿਆ ਹੋਵੇਗਾ ਅਤੇ ਇਹ ਸਦਮਾ ਹੋਰ ਵੀ ਭਾਰੀ ਹੋ ਗਿਆ ਜਦ ਗੁਰਦਿਤਾ ਦੇ ਵੱਡੇ ਪੁੱਤਰ ਧੀਰ ਮਲ ਨੇ ਆਪਣੇ ਦਾਦਾ ਪ੍ਰਤਿ ਦੁਸ਼ਮਣਾਂ ਵਾਲਾ ਵਤੀਰਾ ਧਾਰਨ ਕਰ ਲਿਆ। ਸਿੱਖ ਲਿਖਤਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਜਦ ਗੁਰੂ ਜੀ ਕੀਰਤਪੁਰ ਚਲੇ ਆਏ ਤਾਂ ਇਹ ਧੀਰ ਮਲ ਆਪਣੀ ਮਾਤਾ ਨੱਥੀ ਨਾਲ ਪਿਛੇ ਕਰਤਾਰਪੁਰ ਵਿਚ ਹੀ ਰਿਹਾ ਅਤੇ ਗੁਰੂ ਜੀ ਦੇ ਮਾਲ ਧਨ ਅਤੇ ਸ੍ਰੀ ਗ੍ਰੰਥ ਸਾਹਿਬ ਦੀ ਅਨਮੋਲ ਮੂਲ ਲਿਖਤ ਉਤੇ ਕਬਜ਼ਾ ਕਰ ਲਿਆ। ਉਸਨੂੰ ਇਹ ਪਵਿਤਰ ਗ੍ਰੰਥ ਗੁਰੂ ਜੀ ਨੂੰ ਵਾਪਸ ਕਰਨ ਲਈ ਕਈ ਵਾਰ ਕਿਹਾ ਗਿਆ ਪਰੰਤੂ ਉਸ ਨੇ ਆਨੇ ਬਹਾਨੇ ਗ੍ਰੰਥ ਸਾਹਿਬ ਨੂੰ ਆਪਣੇ ਕੋਲ ਹੀ ਰਖਿਆ ਅਤੇ ਇਸ ਤਰ੍ਹਾਂ ਹੀ ਗੁਰੂ ਜੀ ਵਲੋਂ ਕੀਰਤਪੁਰ ਆਉਣ ਦੇ ਸੱਦੇ ਨੂੰ ਵੀ ਉਸ ਨੇ

1. ਦਬਿਸਤਾਨ, ਸੈਂਚੀ ਦੂਜੀ, ਪੰਨਾ 280
2. ਉਹੀ, ਪੰਨਾ 281-82
3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 220-221

ਠੁਕਰਾ ਦਿੱਤਾ। ਜਦ ਗੁਰਦਿਤਾ ਦੀ ਮੌਤ ਹੋਈ ਤਾਂ ਇਸ ਮੌਕੇ ਤੇ ਗੁਰੂ ਜੀ ਨੇ ਪੜ੍ਹਨ ਲਈ ਇਸ ਪਵਿਤਰ ਗ੍ਰੰਥ ਦੀ ਮੰਗ ਕੀਤੀ ਤਾਂ ਕਿ ਉਨ੍ਹਾਂ ਦੇ ਪੁੱਤਰ ਦੀ ਆਤਮਾ ਨੂੰ ਸ਼ਾਂਤੀ ਮਿਲ ਸਕੇ ਅਤੇ ਨਾਲ ਹੀ ਧੀਰ ਮਲ ਨੂੰ ਕੀਰਤਪੁਰ ਆਉਣ ਲਈ ਸੱਦ ਭੇਜਿਆ ਤਾਂ ਕਿ ਉਸ ਨੂੰ ਆਪਣੇ ਪਿਤਾ ਜੀ ਜਾਇਦਾਦ ਦਾ ਮਾਲਕ ਅਤੇ ਉੱਤਰਾਧਿਕਾਰੀ ਬਣਨ ਦੀ ਰਸਮ ਵਜੋਂ ਗੁਰੂ ਜੀ ਦੇ ਹੱਥੋਂ ਪਗੜੀ ਦਿੱਤੀ ਜਾ ਸਕੇ। ਪਰ ਸਾਨੂੰ ਦਸਿਆ ਗਿਆ ਹੈ ਕਿ ਧੀਰ ਮਲ ਪਹਿਲਾਂ ਹੀ ਗੁਰੂ ਜੀ ਦੇ ਦੁਸ਼ਮਣਾਂ ਨਾਲ ਰਲਿਆ ਹੋਇਆ ਸੀ ਅਤੇ ਗੁਰੂ ਜੀ ਦੇ ਸਾਰੇ ਸੁਝਾ ਉਸ ਨੇ ਅਣਸੁਣੇ ਕਰ ਦਿੱਤੇ। ਆਖਰ ਆਪਣੀ ਮਾਂ ਦੇ ਬਾਰ ਬਾਰ ਕਹਿਣ ਤੇ ਕਿਹਾ ਜਾਂਦਾ ਹੈ ਕਿ ਉਹ ਕੀਰਤਪੁਰ ਗਿਆ ਪਰ ਉਹ ਆਪਣੀ ਗੁਸਤਾਖੀ, ਹੰਕਾਰ ਅਤੇ ਹੈਂਕੜ ਕਾਰਨ ਉਥੇ ਨਾ ਰਹਿ ਸਕਿਆ ਅਤੇ ਛੇਤੀ ਹੀ ਕਰਤਾਰਪੁਰ ਪਰਤ ਆਇਆ। ਪ੍ਰਤੀਤ ਹੁੰਦਾ ਹੈ ਕਿ ਉਸ ਨੂੰ ਭੁਲੇਖਾ ਸੀ ਕਿ ਕਿਉਂਕਿ ਗ੍ਰੰਥ ਸਾਹਿਬ, "ਜਿਹੜਾ ਕਿ ਬਾਹਰੀ ਅਤੇ ਪ੍ਰਤੱਖ ਗੁਰਿਆਈ ਦਾ ਚਿੰਨ੍ਹ ਸੀ," ਉਸ ਦੇ ਕਬਜ਼ੇ ਵਿਚ ਹੈ ਇਸ ਲਈ ਗੱਦੀ ਪ੍ਰਾਪਤ ਕਰਨ ਵਿਚ ਉਸ ਨੂੰ ਕੋਈ ਕਠਿਨਾਈ ਨਹੀਂ ਹੋਵੇਗੀ ਭਾਵੇਂ ਅੰਤ ਵਿਚ ਗੁਰੂ ਹਰਿਗੋਬਿੰਦ ਜੀ ਜਿਸ ਨੂੰ ਮਰਜ਼ੀ ਚਾਹੇ ਆਪਣਾ ਉੱਤਰਾਧਿਕਾਰੀ ਨਿਯੁਕਤ ਕਰ ਜਾਣ।

ਧੀਰ ਮਲ ਦੇ ਇਸ ਵਤੀਰੇ ਨੇ ਗੁਰੂ ਜੀ ਦੇ ਅੰਤਲੇ ਦਿਨਾਂ ਨੂੰ ਅਵੱਸ਼ ਹੀ ਬਹੁਤ ਦੁਖਦਾਈ ਬਣਾਇਆ ਹੋਵੇਗਾ ਅਤੇ ਉਨ੍ਹਾਂ ਨੇ ਆਪਣੇ ਸੰਬੰਧੀਆਂ ਅਤੇ ਮਿੱਤਰਾਂ ਦੀ ਥੁੜ੍ਹ ਨੂੰ ਗੰਭੀਰਤਾ ਸਹਿਤ ਮਹਿਸੂਸ ਕੀਤਾ ਹੋਵੇਗਾ। ਉਨ੍ਹਾਂ ਦਾ ਇਕ ਪੁੱਤਰ ਅਟਲ ਰਾਇ ਛੋਟਾ ਹੁੰਦਾ ਹੀ ਮਰ ਗਿਆ ਸੀ ਜਦ ਕਿ ਉਹ ਅੰਮ੍ਰਿਤਸਰ ਵਿਚ ਸਨ। ਫਿਰ ਉਨ੍ਹਾਂ ਦੀ ਪਹਿਲੀ ਪਤਨੀ ਦਮੋਦਰੀ ਦੀ 1631 ਈ: ਵਿਚ ਮਿਰਤੂ ਹੋ ਗਈ। ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਬਾਬਾ ਗੁਰਦਿਤਾ 1638 ਈ: ਵਿਚ ਕਾਲਵਸ ਹੋ ਗਏ ਅਤੇ ਕੁਝ ਵਰ੍ਹਿਆਂ ਪਿਛੋਂ ਉਨ੍ਹਾਂ ਦੀ ਦੂਜੀ ਪਤਨੀ ਮਰਵਾਹੀ ਦਾ ਦਿਹਾਂਤ ਹੋ ਗਿਆ। ਉਨ੍ਹਾਂ ਸੇਵਕਾਂ ਵਿਚੋਂ ਜਿਨ੍ਹਾਂ ਨੇ ਗੁਰੂ ਜੀ ਦੇ ਦੁੱਖਾਂ ਅਤੇ ਮੁਸੀਬਤਾਂ ਵਿਚ ਅਣੱਕ ਸੇਵਾ ਕੀਤੀ ਸੀ, ਬਹੁਤੇ ਪਹਿਲਾਂ ਹੀ ਮਰ ਚੁਕੇ ਸਨ, ਵਿਸ਼ੇਸ਼ ਤੌਰ ਤੇ ਜੀਤ ਮਲ ਅਤੇ ਬਿਧੀ ਚੰਦ। ਗੁਰੂ ਜੀ ਨੇ ਅਨੁਭਵ ਕੀਤਾ ਕਿ ਉਨ੍ਹਾਂ ਦਾ ਅੰਤ ਵੀ ਨੇੜੇ ਆ ਰਿਹਾ ਹੈ ਅਤੇ ਆਪਣਾ ਉਤੱਰਾਧਿਕਾਰੀ ਨਿਯਤ ਕਰਨ ਦਾ ਪ੍ਰਬੰਧ ਕਰਨ ਲੱਗੇ। ਕਿਹਾ ਜਾਂਦਾ ਹੈ ਕਿ ਕੁਝ ਸਿੱਖਾਂ ਨੇ ਗੁਰੂ ਜੀ ਦੇ ਦੂਜੇ ਪੁੱਤਰ ਸੂਰਜ ਮਲ ਦੀ ਨਿਯੁਕਤੀ ਲਈ ਜ਼ੋਰ ਦਿੱਤਾ ਪਰੰਤੂ ਗੁਰੂ ਜੀ ਨੇ ਕਿਹਾ, "ਗੁਰਿਆਈ ਇਕ ਬਹੁਤ ਵੱਡਾ ਭਾਰ ਹੈ। ਇਸ ਨੂੰ ਕੋਈ ਯੋਗ ਵਿਅਕਤੀ ਹੀ ਉਠਾ ਸਕਦਾ ਹੈ। ਇਸ ਦੀ ਇੱਛਾ ਰੱਖਣ ਵਾਲੇ ਨੂੰ ਗਿਆਨ ਹੋਣਾ ਚਾਹੀਦਾ ਹੈ ਕਿ ਭਵਿਸ਼ ਬਾਣੀ ਕਿਵੇਂ ਕਰਨੀ ਹੈ ਪਰ ਉਹ ਆਪਣਾ ਭੇਦ ਆਪਣੇ ਕੋਲ ਰੱਖ ਸਕੇ। ਜੇਕਰ ਉਹ ਅਪਰਾਧੀ ਦੇਖੇ ਤਾਂ ਮੁਆਫ ਕਰ ਦੇਵੇ। ਉਸ ਨੂੰ ਮੁਸੀਬਤ ਦੇ ਸਮੇਂ ਸਿੱਖਾਂ ਦੀ ਸਹਾਇਤਾ ਕਰਨੀ ਚਾਹੀਦੀ ਹੈ ਅਤੇ ਸੇਵਕਾਂ ਨੂੰ ਉਨ੍ਹਾਂ ਦੀ ਸੇਵਾ ਦਾ ਫਲ ਦੇਣਾ ਚਾਹੀਦਾ ਹੈ। ਇਸ ਸੰਸਾਰ ਦੇ ਪਦਾਰਥਾਂ ਨੂੰ ਨਾਸ਼ਮਾਨ ਸਮਝ ਕੇ, ਉਸ ਨੂੰ ਇਨ੍ਹਾਂ ਦੀ ਲਾਲਸਾ ਨਹੀਂ ਕਰਨੀ ਚਾਹੀਦੀ। ਕੇਵਲ ਉਹੀ ਵਿਅਕਤੀ ਜਿਸ ਵਿਚ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 221, 222, 230-32

ਇਹ ਗੁਣ ਹਨ ਗੁਰੂ ਬਣਨ ਦੇ ਯੋਗ ਹੈ।"[1] ਸੂਰਜ ਮਲ ਨਿਰਸੰਦੇਹ ਹਰ ਪੱਖੋਂ ਬਹੁਤ ਹੀ ਯੋਗ ਵਿਅਕਤੀ ਸੀ ਪਰ ਫਿਰ ਵੀ ਗੁਰੂ ਜੀ ਦੀ ਰਾਏ ਵਿਚ ਉਹ ਇਸ ਉੱਚੇ ਅਤੇ ਕਰੜੇ ਆਦਰਸ਼ ਤੇ ਪੂਰਾ ਨਹੀਂ ਉਤਰਦਾ ਸੀ। ਉਨ੍ਹਾਂ ਦੀ ਚੋਣ ਬਾਬਾ ਗੁਰਦਿਤਾ ਦੇ ਦੂਜੇ ਪੁੱਤਰ ਹਰਿ ਰਾਇ ਤੇ ਪਈ ਅਤੇ ਸਮੇਂ ਸਿਰ ਉਸ ਨੂੰ ਆਪਣਾ ਉੱਤਰਾਧਿਕਾਰੀ ਨਾਮਜ਼ਦ ਕਰ ਕੇ ਗੁਰੂ ਹਰਿਗੋਬਿੰਦ ਜੀ ਪਰਲੋਕ ਸਿਧਾਰ ਗਏ। ਮੋਹਸਿਨ ਫਾਨੀ ਅਨੁਸਾਰ ਇਹ ਘਟਨਾ 1645 ਈ. ਵਿਚ ਵਾਪਰੀ ਕਹੀ ਜਾਂਦੀ ਹੈ।[2]

VI. ਗੁਰੂ ਹਰਿਗੋਬਿੰਦ ਸਾਹਿਬ—ਵਿਅਕਤੀ ਅਤੇ ਨੇਤਾ

ਪ੍ਰਤੀਤ ਹੁੰਦਾ ਹੈ ਕਿ ਗੁਰੂ ਹਰਿਗੋਬਿੰਦ ਸਾਹਿਬ ਨੂੰ ਬਹੁਤ ਗਲਤ ਸਮਝਿਆ ਗਿਆ ਹੈ। ਇਸ ਵਿਚ ਸ਼ੱਕ ਨਹੀਂ ਭਾਵੇਂ ਨੀਤੀ ਚਲਾਉਣ ਦਾ ਸਿਹਰਾ ਉਨ੍ਹਾਂ ਦੇ ਸਿਰ ਹੈ, ਜਿਸ ਨੇ ਸਹਿਜੇ ਸਹਿਜੇ ਪਰ ਨਿਸ਼ਚਿਤ ਤੌਰ ਤੇ ਰਾਜਸੀ ਅਤੇ ਫੌਜੀ ਵਿਕਾਸ ਲਿਆਂਦਾ, ਅਤੇ ਜਿਸ ਨੇ ਸਦਾ ਲਈ ਇਸ ਦੇ ਅਨੁਯਾਈਆਂ ਨੂੰ "ਸਾਧੂ ਸੰਤਾਂ ਦੀ ਸੀਮਿਤ ਉਪਯੋਗਤਾ ਵਿਚ ਲੁਪਤ"[3] ਹੋਣ ਤੋਂ ਰੋਕਿਆ ਪਰ ਫਿਰ ਵੀ ਕਦੇ ਕਦੇ ਇਹ ਸੰਕੇਤ ਕੀਤਾ ਜਾਂਦਾ ਹੈ ਕਿ ਹੋਰਨਾਂ ਪੱਖਾਂ ਵਿਚ ਉਹ ਉਨ੍ਹਾਂ ਆਦਰਸ਼ਾਂ ਵਿਚ ਪੂਰੇ ਨਹੀਂ ਉਤਰੇ ਜਿਹੜੇ ਕਿ ਉਨ੍ਹਾਂ ਦੇ ਪੂਰਵ-ਵਰਤੀ ਗੁਰੂਆਂ ਦੀ ਅਗਵਾਈ ਕਰਦੇ ਸਨ। ਉਨ੍ਹਾਂ ਵਿਰੁੱਧ ਇਹ ਗੱਲ ਕਹੀ ਜਾਂਦੀ ਹੈ ਕਿ ਉਨ੍ਹਾਂ ਨੇ ਬਾਣੀ ਦੀ ਇਕ ਤੁਕ ਵੀ ਨਹੀਂ ਰਚੀ[4] ਜਦ ਕਿ ਇਸ ਪਖੋਂ ਗੁਰੂ ਗ੍ਰੰਥ ਸਾਹਿਬ ਉਨ੍ਹਾਂ ਦੇ ਪੂਰਵਵਰਤੀਆਂ ਦੀਆਂ ਪ੍ਰਾਪਤੀਆਂ ਦਾ ਹਮੇਸ਼ਾ ਜੀਉਂਦਾ ਜਾਗਦਾ ਅਤੇ ਸਾਕਾਰ ਰੂਪ ਹੈ। ਵਾਸਤਵ ਵਿਚ ਜਾਪਦਾ ਹੈ ਕਿ ਉਨ੍ਹਾਂ ਦੇ ਬਹੁਤ ਸਾਰੇ ਸਮਕਾਲੀ ਇਹ ਸੋਚਣ ਲੱਗ ਪਏ ਸਨ ਕਿ ਰਾਜਨੀਤੀ ਦੀ ਲਾਲਸਾ ਅਤੇ ਹਥਿਆਰਾਂ ਦੀ ਠਾਠ ਉਨ੍ਹਾਂ ਨੂੰ ਧਾਰਮਿਕ ਅਤੇ ਆਤਮਿਕ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 227
2. ਦਬਿਸਤਾਨ, ਸੈਂਚੀ ਦੂਜੀ, ਪੰਨਾ 280। ਕੁਝ ਸਿੱਖ ਉਲੇਖਾਂ ਵਿਚ ਗੁਰੂ ਹਰਿਗੋਬਿੰਦ ਜੀ ਦਾ ਦਿਹਾਂਤ 1638 ਈ: ਵਿਚ ਦਸਿਆ ਗਿਆ ਹੈ। (ਸਿੱਖਾਂ ਦੇ ਰਾਜ ਦੀ ਬਿਥਿਆ, ਪੰਨਾ 27, ਕੋਰਟ ਦਾ ਅਨੁਵਾਦ) ਕਨਿੰਘਮ ਕਹਿੰਦਾ ਹੈ: "ਜਿਨ੍ਹਾਂ ਲਿਖਤਾਂ ਨੂੰ ਵਿਚਾਰਿਆ ਗਿਆ ਹੈ ਉਹ ਗੁਰੂ ਜੀ ਦੇ ਦਿਹਾਂਤ ਨੂੰ 1637, 1638 ਅਤੇ 1639 ਵਿਚ ਹੋਇਆ ਦਸਦੀਆਂ ਹਨ ਪਰੰਤੂ ਉਨ੍ਹਾਂ ਦਾ ਵਿਚਲੇ ਸੰਨ ਵਲ ਜ਼ਿਆਦਾ ਝੁਕਾ ਹੈ" (ਕਨਿੰਘਮ, ਉਪਰੋਕਤ ਰਚਨਾ, ਪੰਨਾ 59, ਪਦ ਟਿਪਣੀ)। ਇਨ੍ਹਾਂ ਉਲੇਖਾਂ ਦੇ ਆਧਾਰ ਤੇ ਟਰੰਪ ਗੁਰੂ ਜੀ ਦਾ ਦਿਹਾਂਤ 1638 ਈ: ਵਿਚ ਦਸਦਾ ਹੈ ਅਤੇ ਸੁਝਾਉਂਦਾ ਹੈ ਕਿ ਦਬਿਸਤਾਨ ਵਿਚਲੇ ਅਰਬੀ ਹਿੰਦਸਿਆਂ ਵਿਚ ਜ਼ਰੂਰ ਕੋਈ ਗਲਤੀ ਹੈ। ਪਰੰਤੂ 'ਪੰਥ ਪ੍ਰਕਾਸ਼' ਅਤੇ ਮੈਕਾਲਿਫ ਦੇ ਵਿਚਾਰੇ ਉਲੇਖ ਅਤੇ ਢਾਕਾ ਵਿਖੇ ਗੁਰਬਖਸ਼ ਸਿੰਘ ਨੂੰ ਲਭੀ ਹੱਥ ਲਿਖਤ, ਦਬਿਸਤਾਨ ਦੀ ਪੁਸ਼ਟੀ ਕਰਦੇ ਹਨ। (ਢਾਕਾ ਰਿਵੀਊ, 1916, ਪੰਨਾ 378)। ਅੱਗੇ, ਮੋਹਸਿਨ ਫਾਨੀ ਕਹਿੰਦਾ ਹੈ ਕਿ 1643 ਵਿਚ ਉਸ ਨੇ ਆਪ ਗੁਰੂ ਜੀ ਨੂੰ ਦੇਖਿਆ ਸੀ। ਇਸ ਲਈ ਟਰੰਪ ਦਾ ਅਨੁਮਾਨ ਠੀਕ ਨਹੀਂ ਹੋ ਸਕਦਾ।
3. ਕਨਿੰਘਮ, ਉਪਰੋਕਤ ਰਚਨਾ, ਪੰਨਾ 57
4. ਟਰੰਪ ਉਪਰੋਕਤ ਰਚਨਾ, ਪੰਨਾ Lxxxv

ਨੇਤਾ ਦੇ ਸੱਚੇ ਰਾਹ ਤੋਂ ਭਟਕਾ ਰਹੀ ਸੀ । ਪਰਬਤ ਮੱਲ ਦੇ ਕਥਨ[1] ਕਿ "ਗੁਰੂ ਹਰਿ-ਗੋਬਿੰਦ ਦੀ ਅਗਵਾਈ ਹੇਠ ਸਿੱਖ ਭੰਡ ਬਣਦੇ ਜਾ ਰਹੇ ਸਨ" ਵੱਲ ਪਹਿਲਾਂ ਵੀ ਸੰਕੇਤ ਕੀਤਾ ਜਾ ਚੁਕਿਆ ਹੈ ਅਤੇ ਬਹੁਤ ਸਾਰੇ ਸਿੱਖਾਂ ਦੇ ਤੌਖਲੇ ਬਾਰੇ, ਜਿਸ ਦਾ ਭਾਈ ਗੁਰਦਾਸ ਦੇ ਵਰਣਨ ਕੀਤਾ, ਦਸ ਚੁਕੇ ਹਾਂ । ਪਰ ਸਾਨੂੰ ਜਾਪਦਾ ਹੈ ਕਿ ਜਦ ਭਾਈ ਗੁਰਦਾਸ ਜੀ ਇਹ ਕਹਿੰਦੇ ਹਨ ਤਾਂ ਉਹ ਥਾਂ ਸਿਰ ਚੋਟ ਲਗਾਂਦੇ ਹਨ :—

"ਸਚੁ ਨ ਲੁਕੈ ਲੁਕਾਇਆ
ਚਰਣ ਕਵਲ ਸਿਖ ਭਵਰ ਲੁਭਾਇਆ ।
ਅਜਰੁ ਜਰੈ ਨ ਆਪ ਜਣਾਇਆ ।"

ਓਪਰੀ ਨਜ਼ਰੇ ਦੇਖਿਆਂ ਗੁਰੂ ਜੀ ਦੀਆਂ ਸਰਗਰਮੀਆਂ ਅਸੰਗਤ ਜਾਂ ਅਵਰੂਪ ਦਿਖਾਈ ਦਿੰਦੀਆਂ ਹਨ ਪਰੰਤੂ ਬਾਹਰਮੁਖੀ ਸਥਿਤੀ ਦੀ ਸਹੀ ਪਰਖ ਸਪਸ਼ਟ ਕਰ ਦਿੰਦੀ ਹੈ ਕਿ ਅਸਾ-ਧਾਰਨ ਤੌਰ ਤੇ ਕਠਿਨ ਪਰਿਸਥਿਤੀਆਂ ਵਿਚ ਕਿਵੇਂ ਸਿਆਣਪ ਅਤੇ ਸੋਚ ਸਮਝ ਕੇ ਆਪਣਾ ਹਿੱਸਾ ਪਾ ਰਹੇ ਸਨ ।

ਬਾਹਰੋਂ ਅਤੇ ਅੰਦਰੋਂ ਦੋਹਾਂ ਪੱਖਾਂ ਤੋਂ ਸਥਿਤੀ ਬੜੀ ਤੇਜ਼ੀ ਨਾਲ ਬਦਲ ਰਹੀ ਸੀ ਅਤੇ ਗੁਰੂ ਸਾਹਿਬ ਨੂੰ ਮਜਬੂਰਨ ਆਪਣੀ ਪਾਲਿਸੀ ਨਵੇਂ ਵਾਤਾਵਰਨ ਦੇ ਅਨੁਸਾਰ ਢਾਲਣੀ ਪਈ । ਸਿੱਖ ਧਰਮ ਦੀ ਜਥੇਬੰਦੀ ਦੀ ਉੱਨਤੀ ਬਹੁਤ ਕਰਕੇ ਅਕਬਰ ਦੇ ਰਵਾਦਾਰੀ ਵਾਲੇ ਸਮੇਂ ਵਿਚ ਹੋਈ ਸੀ ਕਿਉਂਕਿ ਉਹ ਕਿਸੇ ਧਰਮ ਦੇ ਮਾਮਲੇ ਵਿਚ ਦਖ਼ਲ ਨਹੀਂ ਸੀ ਦਿੰਦਾ ਸਗੋਂ ਉਸ ਨੇ ਗੁਰੂਆਂ ਦੀ ਕਈ ਤਰੀਕਿਆਂ ਨਾਲ ਸਹਾਇਤਾ ਕੀਤੀ । ਪਰੰਤੂ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਅਤੇ ਗੁਰੂ ਹਰਿਗੋਬਿੰਦ ਸਾਹਿਬ ਦੀ ਨਜ਼ਰਬੰਦੀ ਨੇ ਸਪਸ਼ਟ ਕਰ ਦਿੱਤਾ ਕਿ ਅਗੋਂ ਕਰੜਾ ਸਮਾਂ ਆ ਰਿਹਾ ਹੈ ਅਤੇ ਹੁਣ ਨਿਰੀ ਸ਼ਾਂਤਮਈ ਦੀ ਪੁਰਾਣੀ ਪਾਲਸੀ ਨਾਲ ਕੰਮ ਨਹੀਂ ਸਰੇਗਾ । ਗੁਰੂ ਅਰਜਨ ਦੇਵ ਜੀ ਨੇਂ ਪਹਿਲਾਂ ਹੀ ਦੇਖ ਲਿਆ ਸੀ ਤੇ ਹੁਣ ਗੁਰੂ ਹਰਿਗੋਬਿੰਦ ਜੀ ਨੂੰ ਵੀ ਸਾਫ਼ ਪਤਾ ਲੱਗ ਗਿਆ ਸੀ ਕਿ ਅੱਗੋਂ ਸ਼ਸਤਰਾਂ ਦੀ ਸਹਾਇਤਾ ਤੋਂ ਬਿਨਾਂ ਸਿੱਖ ਸੰਪਰਦਾਇ ਅਤੇ ਇਸ ਦੀ ਜਥੇਬੰਦੀ ਦੀ ਰਖਿਆ ਹੋਣੀ ਅਸੰਭਵ ਹੈ । ਇਸ ਮੰਤਵ ਦੀ ਪ੍ਰਾਪਤੀ ਲਈ ਉਨ੍ਹਾਂ ਜਿਸ ਤਰੀਕੇ ਨਾਲ ਕਾਰਵਾਈ ਆਰੰਭ ਕੀਤੀ, ਉਸ ਤੋਂ ਉਨ੍ਹਾਂ ਦੀ ਰਾਜਨੀਤਕ ਸੂਝਬੂਝ, ਤਿੱਖੀ ਸਿਆਣਪ ਤੇ ਚਤੁਰਾਈ ਦਾ ਪਤਾ ਲਗਦਾ ਹੈ । ਸਾਨੂੰ ਇਹ ਜਾਪਦਾ ਹੈ ਕਿ ਗੁਰੂ ਹਰਿਗੋਬਿੰਦ ਜੀ ਦਾ ਜਹਾਂਗੀਰ ਅਧੀਨ ਪਦ ਸਵੀਕਾਰ ਕਰ ਲੈਣਾ ਇਕ ਚੰਗੀ ਨੀਤੀ ਸੀ ਕਿਉਂਕਿ ਇਸ ਨੇ ਸਥਾਨਕ ਅਫ਼ਸਰਾਂ ਦੇ ਸ਼ੰਕਿਆਂ ਨੂੰ

---

1. ਦਬਿਸਤਾਨ, ਸੈਂਚੀ ਦੂਜੀ, ਪੰਨਾ 113 । ਪਰਤਾਬ ਮੱਲ ਬਹੁਤ ਦਿਲਚਸਪ ਆਦਮੀ ਜਾਪਦਾ ਹੈ ਜੇਕਰ ਮੋਹਸਿਨ ਫਾਨੀ ਦੁਆਰਾ ਵਰਣਿਤ ਕਥਾਵਾਂ ਨੂੰ ਸੱਚ ਮੰਨ ਲਈਏ । ਇਸ ਬਾਰੇ ਮੋਹਸਿਨ ਫਾਨੀ ਲਿਖਦਾ ਹੈ "ਪਰਤਾਬ ਮੱਲ ਚੱਢਾ (ਚੱਢਾ ਖਤਰੀਆਂ ਦੀ ਇਕ ਜਾਤ ਹੈ) ਇਕ ਗਿਆਨੀ ਭਾਵ ਕਿ ਧਰਮਾਤਮਾ ਪੁਰਸ਼ ਹੈ; ਉਸ ਦਾ ਆਪਣਾ ਦੇਸ਼ ਸਿਆਲਕੋਟ ਹੈ; ਉਸ ਨੇ ਸਦਗੁਣਾਂ ਵਿਚ ਪੂਰਨਤਾ ਪ੍ਰਾਪਤ ਕੀਤੀ ਹੈ; ਉਹ ਕਿਸੇ ਇਕ ਧਰਮ ਨਾਲ ਬਝਾ ਹੋਇਆ ਨਹੀਂ ਪਰੰਤੂ ਉਸ ਦਾ ਵਿਚਾਰ ਹੈ ਕਿ ਸਾਰੇ ਧਰਮ ਪਰਮਾਤਮਾ ਤਕ ਜਾਣ ਦੇ ਰਾਹ ਹਨ; ਉਸ ਨੂੰ ਹਰ ਇਕ ਰੂਪ ਵਿਚ ਸਭ ਆਪਣੇ ਮਿੱਤਰ ਦਿਖਾਈ ਦਿੰਦੇ ਹਨ ।"

ਨਵਿਰਤ ਕਰ ਦਿੱਤਾ ਸੀ। ਉਨ੍ਹਾਂ ਦੇ ਸਰਕਾਰ ਨਾਲ ਸੰਬੰਧਾਂ ਨੇ ਇਕ ਤਰ੍ਹਾਂ ਪਰਦੇ ਦਾ ਕੰਮ ਦਿੱਤਾ ਅਤੇ ਉਹ ਆਪ ਕਿਸੇ ਸਰਕਾਰੀ ਅਫ਼ਸਰਾਂ ਦੇ ਦਖ਼ਲ ਤੋਂ ਬਿਨਾਂ ਆਪਣੀਆਂ ਯੋਜਨਾਵਾਂ ਨੂੰ ਪ੍ਰਫੁਲੱਤ ਕਰਨ ਵਿਚ ਸਫਲ ਹੋਏ। ਅਤੇ ਇਹ ਭੁਲਣਾ ਨਹੀਂ ਚਾਹੀਦਾ ਕਿ ਉਸ ਸਮੇਂ ਖੁਲ੍ਹਮ ਖੁਲ੍ਹੀ ਵਿਰੋਧਤਾ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ ਕਿਉਂਕਿ ਇਹ ਨੀਤੀ ਪੂਰਨ ਤਬਾਹੀ ਵਲ ਲੈ ਜਾ ਸਕਦੀ ਸੀ। ਗੁਰੂ ਜੀ ਸਾਹਮਣੇ ਇਕੋ ਇਕ ਰਾਹ ਸੀ ਜਿਹੜਾ ਕਿ ਉਨ੍ਹਾਂ ਨੇ ਅਪਣਾਇਆ। ਉਨ੍ਹਾਂ ਨੇ ਸਰਕਾਰ ਨਾਲ ਮਿਤਰਾਚਾਰੀ ਰੱਖੀ ਅਤੇ ਇਸ ਮਿਤਰਾਚਾਰੀ ਦੇ ਪਰਦੇ ਹੇਠ ਉਨ੍ਹਾਂ ਨੇ ਆਪਣੇ ਰੋਕ ਥਾਮ ਦੇ ਸਾਧਨਾਂ ਨੂੰ ਸੰਗਠਿਤ ਕੀਤਾ। ਗੁਰੂ ਜੀ ਨੇ ਫੌਜ ਇੱਕਠੀ ਕੀਤੀ, ਤਨਖਾਹਦਾਰ ਪਠਾਣਾਂ ਨੂੰ ਭਰਤੀ ਕੀਤਾ ਅਤੇ ਸਥਾਨਕ ਅਫ਼ਸਰਾਂ ਦੇ ਸਾਹਮਣੇ ਹੀ ਅਸਤੁੰਸ਼ਟ ਲੋਕਾਂ ਨੂੰ ਉਤਸਾਹਿਤ ਕੀਤਾ। ਟਰੰਪ ਕਹਿੰਦਾ ਹੈ ਕਿ ਅਫਸਰ "ਜਾਂ ਤਾਂ ਉੱਕਾ ਹੀ ਦੂਰ ਦਰਸ਼ੀ ਨਹੀਂ ਸਨ ਜਾਂ ਆਲਸੀ ਸਨ ਜਾਂ ਇੰਨੇ ਨਿਰਬਲ ਸਨ ਕਿ ਅਜੇਹੀ ਫਸਾਦੀ ਅਤੇ ਖਤਰਨਾਕ ਵਹੀਰ ਨੂੰ ਸਫ਼ਲਤਾ ਪੂਰਵਕ ਰੋਕ ਨਹੀਂ ਸਕਦੇ ਸਨ।"[1] ਪਰੰਤੂ ਸਚਾਈ ਇਹ ਜਾਪਦੀ ਹੈ ਕਿ ਗੁਰੂ ਜੀ ਉਨ੍ਹਾਂ ਲਈ ਬਹੁਤ ਚਾਤੁਰ ਸਿੱਧ ਹੋਏ ਸਨ।

ਜਿਵੇਂ ਕਿ ਅਸੀਂ ਪਹਿਲਾਂ ਸੁਝਾ ਦੇ ਚੁਕੇ ਹਾਂ, ਇਹ ਵੀ ਸੱਚ ਹੋ ਸਕਦਾ ਹੈ ਕਿ ਗੁਰੂ ਜੀ ਪ੍ਰਤਿ ਸਹਿਨਸ਼ਾਹ ਦੇ ਵਿਵਹਾਰ ਨੂੰ ਪੱਧਰਾ ਕਰਨ ਵਿਚ ਪੀਰ ਮੀਆਂ ਮੀਰ ਦੇ ਪ੍ਰਭਾਵ ਦਾ ਤਕੜਾ ਹੱਥ ਹੋਵੇ। ਇਸ ਤੋਂ ਬਿਨਾਂ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਮੁਗਲ ਸਰਕਾਰ ਵਰਗੇ ਕੇਂਦ੍ਰਿਤ ਨਿਰੰਕੁਸ਼ਵਾਦ ਵਿਚ, ਸ਼ਾਹੀ ਦਰਬਾਰ ਵਿਚ ਕਿਸੇ ਪ੍ਰਭਾਵਸ਼ਾਲੀ ਵਕੀਲ ਦੀ ਵਿਚੋਲਗੀ ਦੁਆਰਾ ਬਹੁਤ ਸਾਰੀਆਂ ਸਥਾਨਕ ਬੇਨੇਮੀਆਂ ਮੁਆਫ਼ ਕਰ ਦਿੱਤੀਆਂ ਜਾਂਦੀਆਂ ਸਨ। ਦਰਬਾਰ ਵਿਚ ਵਕੀਲ ਰੱਖਣ ਦੀ ਗੱਲ ਇਤਨੀ ਮੱਹਤਾ ਵਾਲੀ ਮੰਨੀ ਜਾਂਦੀ ਸੀ ਕਿ ਨਵੇਂ ਗਵਰਨਰ ਨੂੰ ਕਿਹਾ ਜਾਂਦਾ ਸੀ, "ਦਰਬਾਰ ਵਿਚ ਉਹ ਭਰੋਸੇ ਯੋਗ ਵਿਚੋਲਾ ਜਾਂ ਮਿੱਤਰ ਲੱਭੇ ਤਾਂ ਕਿ ਉਹ ਸ਼ਹਿਨਸ਼ਾਹ ਨੂੰ ਛੇਤੀ ਮਿਲ ਸਕੇ ਅਤੇ ਉਸ ਦਾ ਹੁਕਮ ਲੈ ਸਕੇ।" ਉਸ ਨੂੰ ਇਹ ਵੀ ਸਲਾਹ ਦਿੱਤੀ ਜਾਂਦੀ ਸੀ ਉਹ ਵਿਚੋਲੇ ਨੂੰ ਤੋਹਫੇ ਭੇਟ ਕਰੇ ਕਿਉਂਕਿ "ਜਦ ਲੋਕੀ ਸੁਰਗਵਾਸੀ ਪੀਰ ਦੇ ਮਜ਼ਾਰ ਦੇ ਦਰਸ਼ਨਾਂ ਨੂੰ ਜਾਂਦੇ ਹਨ ਤਾਂ ਉਸ ਦੀ ਮਿਹਰ ਪ੍ਰਾਪਤੀ ਲਈ ਫਲ ਅਤੇ ਮਠਿਆਈਆਂ ਚੜ੍ਹਾਉਂਦੇ ਹਨ। ਜਿਉਂਦੇ ਬੰਦਿਆਂ ਦੀ ਮਿਹਰ ਪ੍ਰਾਪਤੀ ਲਈ ਤੋਹਫੇ ਕਿਤਨੇ ਜ਼ਰੂਰੀ ਹੋਣਗੇ।"[2] ਸਿੱਖ ਇਤਿਹਾਸਕਾਰ ਬਾਰ ਬਾਰ ਇਹ ਕਹਿੰਦੇ ਹਨ ਕਿ ਲਾਹੌਰ ਦੇ ਸੂਬੇ ਦੇ ਅਫ਼ਸਰਾਂ ਦੀ ਵਿਰੋਧਤਾ ਦੇ ਬਾਵਜੂਦ ਵੀ ਵਜ਼ੀਰ ਖਾਂ ਦੀ ਜ਼ੋਰਦਾਰ ਵਕਾਲਤ ਕਿਵੇਂ ਗੁਰੂ ਜੀ ਦੇ ਹੱਕ ਵਿਚ ਰਹੀ।[3] ਜੇਕਰ ਅਸੀਂ ਇਸ ਵਿਚਲੀ ਅਤਿਕਥਨੀ ਦਾ ਧਿਆਨ ਰੱਖੀਏ ਤਾਂ ਵੀ ਇਹ ਅਸੰਭਵ ਨਹੀਂ ਦਿਖਾਈ ਦਿੰਦਾ ਕਿ ਸ਼ਾਹੀ ਦਰਬਾਰ ਵਿਚ ਵਜ਼ੀਰ ਖਾਂ ਦਾ ਅਸਰ ਰਸੂਖ ਸਦਾ ਹੀ ਗੁਰੂ ਹਰਿਗੋਬਿੰਦ ਜੀ ਦੇ ਹੱਕ ਵਿਚ ਇਕ ਮਹੱਤਵਪੂਰਨ ਤੱਤ ਸੀ ਅਤੇ ਅਪਰੋਖੇ ਢੰਗ ਨਾਲ ਇਸ ਨੇ ਉਨ੍ਹਾਂ ਦੀਆਂ

---

1. ਟਰੰਪ, ਉਪਰੋਕਤ ਰਚਨਾ, ਪੰਨਾ Lxxxiv
2. Sarkar *Mughal Administration*, pp. 82, 83.
3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 96, 187, 195

ਯੋਜਨਾਵਾਂ ਨੂੰ ਉੱਨਤ ਕਰਨ ਵਿਚ ਸਹਾਇਤਾ ਕੀਤੀ। ਪਰੰਤੂ ਮੂਲ ਰੂਪ ਵਿਚ ਗੁਰੂ ਜੀ ਦੇ ਇਸ ਸੁਚੱਜ ਅਤੇ ਸਰਕਾਰ ਨਾਲ ਬਰਾਬਰ ਸੰਬੰਧਾਂ ਨੇ ਉਨ੍ਹਾਂ ਨੂੰ ਇਕ ਰੱਖਿਅਕ ਫ਼ੌਜ ਸੰਗਠਿਤ ਕਰਨ ਦੇ ਯੋਗ ਬਣਾਇਆ, ਜਿਸ ਤੇ ਉਹ ਮੌਕਾ ਪੈਣ ਤੇ ਨਿਰਭਰ ਹੋ ਸਕਦੇ ਹਨ।

ਪਰੰਤੂ ਇਸ ਸਭ ਕੁਝ ਨੂੰ ਲੋਕ ਸਮਝ ਨਹੀਂ ਸਕਦੇ ਸਨ ਅਤੇ ਉਨ੍ਹਾਂ ਨੇ ਸ਼ਕਾਇਤ ਕੀਤੀ ਕਿ ਗੁਰੂ ਜੀ ਆਪਣੇ ਧਰਮ ਦੇ ਦੁਸ਼ਮਨਾਂ ਨਾਲ ਮੇਲ ਜੋਲ ਕਰ ਰਹੇ ਹਨ। ਉਨ੍ਹਾਂ ਦੀ ਪਦਵੀ ਦੀਆਂ ਜ਼ਰੂਰਤਾਂ ਅਤੇ ਸਰਕਾਰ ਨਾਲ ਸੰਬੰਧਾਂ ਦੇ ਕਾਰਨ ਉਹ ਲਗਾਤਾਰ ਅੰਮ੍ਰਿਤਸਰ ਨਾ ਰਹਿ ਸਕੇ ਅਤੇ ਲੋਕਾਂ ਨੇ ਗਿਲਾ ਕੀਤਾ ਕਿ ਗੁਰੂ ਜੀ ਇਕ ਸੈਲਾਨੀ ਅਤੇ ਫਿਰਤੂ ਜੀਵਨ ਬਤੀਤ ਕਰ ਰਹੇ ਹਨ। ਵਾਸਤਵ ਵਿਚ ਨਵੀਂ ਸਥਿਤੀ ਅਤੇ ਇਸ ਨੂੰ ਨਜਿਠਣ ਲਈ ਜੋ ਮੇਲਾਨ ਆਵੱਸ਼ਕ ਸੀ ਉਸ ਦੀ ਪ੍ਰਸੰਸਾ ਨਹੀਂ ਕੀਤੀ ਗਈ, ਸਗੋਂ ਬਹੁਤ ਸਾਰੇ ਭੁਲੇਖੇ ਪੈਦਾ ਹੋ ਗਏ। ਇਸ ਤੋਂ ਉਪਰੰਤ ਜੇਕਰ ਕੋਈ ਗੁਰੂ ਜੀ ਦੇ ਜੀਵਨ ਨੂੰ ਸਮੁੱਚੇ ਤੌਰ ਤੇ ਵਿਚਾਰੇ ਤਾਂ ਉਹ ਇਹ ਕਹੇਗਾ ਕਿ ਇਹ ਨਵੀਂ ਨੀਤੀ ਉਨ੍ਹਾਂ ਲਈ ਬਹੁਤੀ ਲਾਭਦਾਇਕ ਸਾਬਤ ਨਾ ਹੋਈ। ਉਨ੍ਹਾਂ ਦੀਆਂ ਜਿੱਤਾਂ ਦੇ ਬਾਵਜੂਦ ਵੀ ਉਨ੍ਹਾਂ ਨੂੰ ਥਾਂ ਥਾਂ ਜਾਣਾ ਪਿਆ ਅਤੇ ਅੰਤ ਵਿਚ ਉਹ ਪਹਾੜਾਂ ਵਿਚ ਪਨਾਹ ਲੈਣ ਲਈ ਮਜਬੂਰ ਹੋ ਗਏ। ਜਿਵੇਂ ਕਿ ਵਿਲਸਨ ਕਹਿੰਦਾ ਹੈ, ਗੁਰੂ ਹਰਿਗੋਬਿੰਦ ਜੀ ਹੇਠ ਸਿੱਖਾਂ ਦਾ ਉਠਾਅ "ਰਾਜਸੀ ਸੰਕਟ ਤੋਂ ਸਖਣੀ ਇਕ ਸਥਾਨਕ ਗੜਬੜ ਜਾਪਦੀ ਹੈ ਅਤੇ ਇਹ ਭਵਿਖ ਵਿਚ ਹੋਣ ਵਾਲੇ ਸੁਤੰਤਰ ਰਾਜ ਦੀ ਉੱਨਤੀ ਵਲ ਉੱਕਾ ਹੀ ਇਸ਼ਾਰਾ ਨਹੀਂ ਹੈ।"[1] ਭਾਵੇਂ ਗੁਰੂ ਹਰਿਗੋਬਿੰਦ ਜੀ ਦੇ ਫ਼ੌਜੀ ਕਾਰਨਾਮਿਆਂ ਦੇ ਤੱਤਕਾਲੀ ਸਿੱਟੇ ਕੁਝ ਵੀ ਹੋਣ ਪਰ ਵਿਸ਼ਾਲ ਦ੍ਰਿਸ਼ਟੀਕੋਣ ਤੋਂ ਦੇਖਿਆ ਜਾਏ ਤਾਂ ਪ੍ਰਤੱਖ ਹੈ ਕਿ ਗੁਰੂ ਜੀ ਦੀਆਂ ਜਿੱਤਾਂ ਅਵੱਸ਼ ਹੀ ਅਕਾਰਥ ਨਹੀਂ ਹਨ, ਜਿਵੇਂ ਕਿ ਉਹ ਦਿਖਾਈ ਦਿੰਦੀਆਂ ਹਨ। ਅਨੇਕਾਂ ਪਰਿਸਥਿਤੀਆਂ ਦੇ ਟਾਕਰੇ ਵਿਚ ਇਨ੍ਹਾਂ ਸਫਲਤਾਵਾਂ ਨੇ ਸਿੱਖਾਂ ਵਿਚ ਸ੍ਵੈ-ਵਿਸ਼ਵਾਸ ਜਗਾਇਆ ਅਤੇ ਉਨ੍ਹਾਂ ਵਿਚ ਆਪਣੀ ਕਦਰ ਕੀਮਤ ਬਾਰੇ ਉੱਚੇ ਭਾਵ ਉਤਪੰਨ ਕੀਤੇ। ਹੁਣ ਤਕ ਉਨ੍ਹਾਂ ਨੂੰ ਮੁਸਲਮਾਨਾਂ ਨੇ ਪੈਰਾਂ ਹੇਠ ਲਿਤਾੜੀ ਰਖਿਆ ਸੀ ਪਰੰਤੂ ਪਹਿਲੀ ਵਾਰ ਉਨ੍ਹਾਂ ਨੇ ਸਿਖ ਲਿਆ ਸੀ ਕਿ ਸਹੀ ਅਗਵਾਈ ਅਤੇ ਨਿਯੰਤ੍ਰਣ ਹੇਠ ਉਹ ਮੁਸਲਮਾਨਾਂ ਦੀ ਬਰਾਬਰੀ ਕਰ ਸਕਦੇ ਹਨ ਅਤੇ ਉਨ੍ਹਾਂ ਤੇ ਭਾਰੂ ਵੀ ਹੋ ਸਕਦੇ ਹਨ। ਉਨ੍ਹਾਂ ਦੇ ਆਪਣਿਆਂ ਤਜਰਬਿਆਂ ਵਿਚੋਂ ਉਗਮੀ ਆਪਣੇ ਆਪ ਦੀ ਕਦਰ-ਕੀਮਤ ਦੀ ਚੇਤਨਾ, ਜਿਵੇਂ ਕਿ ਅਸੀਂ ਮਗਰੋਂ ਦੇਖਾਂਗੇ ਇਕ ਮਹਾਨ ਕੌਮੀ ਸੰਪਤੀ ਬਣ ਗਈ ਸੀ। ਗੁਰੂ ਹਰਿਗੋਬਿੰਦ ਜੀ ਨੇ ਇਕ ਸੰਭਾਵਨਾ ਦਾ ਪ੍ਰਗਟਾ ਕੀਤਾ—ਸਿੱਖਾਂ ਦੀ, ਮੁਗਲ ਸਰਕਾਰ ਵਿਰੁੱਧ ਖੁਲ੍ਹਮ ਖੁਲ੍ਹੀ ਦੁਸ਼ਮਣੀ ਦੇ ਵਤੀਰੇ ਨੂੰ ਅਪਨਾਉਣ ਦੀ ਸੰਭਾਵਨਾ ਦਾ, ਅਤੇ ਉਸ ਪੂਰਨ ਸੁਧਾਰ ਲਈ ਬਹੁਤ ਹੱਦ ਤਕ ਰਾਹ ਤਿਆਰ ਕੀਤਾ ਜਿਹੜਾ ਕਿ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਦੇ ਹੱਥੋਂ ਪ੍ਰਾਪਤ ਕੀਤਾ ਸੀ। ਪਰੰਤੂ ਇਹ ਸਭ ਕੁਝ, ਜੋ ਗੁਰੂ ਜੀ ਦੇ ਸਮਕਾਲੀ ਦੇਖ ਜਾਂ ਸਮਝ ਸਕਦੇ ਸਨ, ਤੋਂ ਬਹੁਤ ਜ਼ਿਆਦਾ ਸੀ ਅਤੇ ਜੇਕਰ ਗੁਰੂ ਹਰਿਗੋਬਿੰਦ ਜੀ ਨੂੰ ਗਲਤ ਸਮਝਿਆ ਗਿਆ ਜਾਂ ਉਨ੍ਹਾਂ ਦੇ ਕਾਰਨਾਮਿਆਂ ਨੂੰ ਗਲਤ ਪੇਸ਼ ਕੀਤਾ ਗਿਆ ਤਾਂ ਇਸ ਵਿਚ ਹੈਰਾਨੀ ਵਾਲੀ

---

1. J.R.A.S., 1846, p. 46.

ਕੋਈ ਗੱਲ ਨਹੀਂ ।

ਇਸ ਦੇ ਨਾਲ ਨਾਲ ਸਾਨੂੰ ਇਹ ਵੀ ਭੁਲਣਾ ਨਹੀਂ ਚਾਹੀਦਾ ਕਿ ਗੁਰੂ ਜੀ ਦੇ ਅਨੁਯਾਈਆਂ ਵਿਚ ਪਰਿਵਰਤਨ ਆ ਰਿਹਾ ਸੀ, ਪ੍ਰਤਿਕਰਮ ਪੈਦਾ ਹੋ ਰਹੇ ਸਨ ਜਿਹੜੇ ਕਿ ਭੁਲੇਖੇ ਪੈਦਾ ਕਰ ਰਹੇ ਸਨ । ਅਸੀਂ ਦੇਖ ਚੁਕੇ ਹਾਂ ਕਿ ਗੁਰੂ ਜੀ ਦੀ ਪਦਵੀ ਦੀਆਂ ਜ਼ਰੂਰਤਾਂ ਕਾਰਨ ਗੁਰੂ ਜੀ ਨੂੰ ਅਜੇਹੇ ਆਦਮੀ ਭਰਤੀ ਕਰਨੇ ਪਏ ਜਿਨ੍ਹਾਂ ਦਾ ਪਿਛੋਕੜ ਇਤਰਾਜ਼ ਯੋਗ ਸੀ । ਕਈ ਹਾਲਤਾਂ ਵਿਚ ਇਸ ਨਵੇਂ ਸੰਪਰਕ ਨੇ ਉਨ੍ਹਾਂ ਵਿਚ ਪੂਰਨ ਸੁਧਾਰ ਲੈ ਆਂਦਾ ਸੀ ਜਿਵੇਂ ਕਿ ਬਿਧੀ ਚੰਦ, ਜੋ ਕਿ ਇਕ ਮਸ਼ਹੂਰ ਲੁਟੇਰਾ ਸੀ ਪਰ ਜਿਸ ਨੇ ਗੁਰੂ ਦਾ ਅੰਨਨ ਅਤੇ ਪਵਿੱਤਰ ਸ਼ਰਧਾਲੂ ਬਣ ਕੇ ਆਪਣੇ ਦਿਨ ਪੂਰੇ ਕੀਤੇ ।[1] ਪਰ ਬਹੁਤੀਆਂ ਹਾਲਤਾਂ ਵਿਚ ਇਸ ਤਰ੍ਹਾਂ ਨਹੀਂ ਹੋਇਆ ਹੋਵੇਗਾ । ਉਨ੍ਹਾਂ ਵਿਚੋਂ ਬਹੁਤਿਆਂ ਨੂੰ ਕਿਸੇ ਧਾਰਮਿਕ ਮੰਤਵ ਨਾਲੋਂ ਲੁਟਮਾਰ ਦੇ ਲਾਲਚ ਨੇ ਗੁਰੂ ਜੀ ਵਲ ਖਿਚਿਆ ਹੋਵੇਗਾ ਅਤੇ ਉਨ੍ਹਾਂ ਦੀਆਂ ਕਾਰਵਾਈਆਂ ਉਸ ਲਹਿਰ ਨੂੰ ਬਦਨਾਮ ਕਰਦੀਆਂ ਸਨ ਜਿਸ ਨਾਲ ਕਿ ਉਹ ਉਪਚਾਰਕ ਰੂਪ ਵਿਚ ਸੰਬੰਧਿਤ ਸਨ ।[2] ਇਹ ਸਭ ਕੁਝ ਸੰਭਵ ਜਾਪਦਾ ਹੈ ਭਾਵੇਂ ਸਿੱਖ ਇਤਿਹਾਸਕਾਰ ਅਜੇਹੇ ਸਿੱਟਿਆਂ ਦੀ ਪੁਸ਼ਟੀ ਨਹੀਂ ਕਰਦੇ । ਕੁਝ ਵੀ ਹੋਵੇ ਸਾਡੇ ਮੰਤਵ ਲਈ ਵਧੇਰੇ ਜ਼ਰੂਰੀ ਤਥ ਇਹ ਹੈ ਕਿ ਪ੍ਰਚਾਰ ਦੇ ਨਤੀਜਿਆਂ ਵਜੋਂ, ਵਿਸ਼ੇਸ਼ ਕਰਕੇ ਗੁਰੂ ਅਰਜਨ ਜੀ ਦੇ, ਜਿਨ੍ਹਾਂ ਨੇ ਕਿਹਾ ਜਾਂਦਾ ਹੈ ਮਾਝੇ ਦੇ ਸਾਰੇ ਜੱਟ ਜ਼ਿਮੀਦਾਰਾਂ ਨੂੰ ਸਿੱਖ ਬਣਾ ਦਿੱਤਾ ਸੀ, ਇਕ ਨਵੀ ਸਥਿਤੀ ਹੋਂਦ ਵਿਚ ਆ ਰਹੀ ਸੀ ਜਿਹੜੀ ਕੇ ਨਵੇਂ ਤਰੀਕਿਆਂ ਦੀ ਮੰਗ ਕਰਦੀ ਸੀ । ਸਿੱਖਾਂ ਦੀ ਗਿਣਤੀ ਵਿਚ ਬਹੁਤ ਵਾਧਾ ਹੋ ਰਿਹਾ ਸੀ ਅਤੇ ਇਨ੍ਹਾਂ ਨਵੇਂ ਬਣੇ ਸਿੱਖਾਂ ਵਿਚ ਬਹੁਤ ਜਟ ਹੁੰਦੇ ਸਨ । ਇਸ ਵਿਚ ਸ਼ੱਕ ਨਹੀਂ ਕਿ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤਕ ਸਿੱਖ ਸੰਪਰਦਾਇ ਵਿਚ ਬਹੁਤ ਹੱਦ ਤਕ ਜੱਟਾਂ ਦਾ ਅੰਸ਼ ਪ੍ਰਬਲ ਸੀ ਅਤੇ ਗਿਣਤੀ ਵਿਚ ਉਨ੍ਹਾਂ ਦੇ ਵਾਧੇ ਕਾਰਨ ਨਵੀਆਂ ਸ਼ਕਤੀਆਂ ਦਾ ਫੁੱਟਣਾ ਆਵੱਸ਼ਕ ਸੀ । ਅਸੀਂ ਕਿਸੇ ਹੋਰ ਥਾਂ ਸੁਝਾ ਦੇ ਚੁਕੇ ਹਾਂ[3] ਕਿ ਗੁਰੂ ਹਰਿਗੋਬਿੰਦ ਜੀ ਦੁਆਰਾ ਮਾਸ ਖਾਣ ਦੀ ਦਿੱਤੀ ਗਈ ਖੁਲ੍ਹ ਜੱਟਾਂ ਦੀਆਂ ਪਰੰਪਰਿਕ ਆਦਤਾਂ ਕਰਕੇ ਜ਼ਰੂਰੀ ਅਤੇ ਅਟੱਲ ਛੋਟ ਹੋਵੇਗੀ ਅਤੇ ਸਾਡੇ ਲਈ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਅਸੀਂ ਇਨ੍ਹਾਂ ਲੋਕਾਂ ਦੀਆਂ ਰਵਾਇਤਾਂ, ਪ੍ਰਵ੍ਰਿਤੀਆਂ, ਆਚਰਣ ਅਤੇ ਸੁਭਾਉ ਤੋਂ ਵਾਕਫ ਹੋਈਏ ਤਾਂਕਿ ਸੰਭਵ ਪ੍ਰਤਿਕਰਮਾਂ ਨੂੰ ਹੋਰ ਸਪੱਸ਼ਟ ਰੂਪ ਵਿਚ ਸਮਝ ਸਕੀਏ ।

ਤਾਂ ਫਿਰ ਇਹ ਜੱਟ ਕੌਣ ਸਨ ? ਸਾਨੂੰ ਮੰਨਣਾ ਪਵੇਗਾ ਕਿ ਨਿਸ਼ਚਿਤ ਤੌਰ ਤੇ ਸਾਨੂੰ ਕੁਝ ਪਤਾ ਨਹੀਂ । ਜੱਟਾਂ, ਰਾਜਪੂਤਾਂ ਅਤੇ ਗੁੱਜਰਾਂ ਦੇ ਮੂਲ ਦੇ ਪ੍ਰਸ਼ਨ ਬਾਰੇ ਬਹੁਤ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 225-226
2. ਦ੍ਰਿਸ਼ਟਾਂਤ ਵਜੋਂ, ਮੋਹਸਿਨ ਫਾਨੀ ਕਹਿੰਦਾ ਹੈ ਕਿ ਗੁਰੂ ਹਰਿਗੋਬਿੰਦ ਦਾ ਇਕ ਚੇਲਾ ਬਧਾਤਾ ਨਾਂ ਦਾ ਸੀ । "ਉਹ ਪਹਿਲਾਂ ਇਕ ਚੋਰ ਸੀ ਅਤੇ ਉਸ ਦੇ ਸ਼ਗਿਰਦਾਂ ਨੇ ਮਗਰੋਂ ਚੋਰੀ ਦਾ ਕਿੱਤਾ ਸ਼ੁਰੂ ਕੀਤਾ; ਉਹ ਆਪਣੇ ਮਾਲਕ ਦੇ ਬਹੁਤ ਵਫ਼ਾਦਾਰ ਹੁੰਦੇ ਸਨ ਅਤੇ ਉਨ੍ਹਾਂ ਦਾ ਵਿਸ਼ਵਾਸ ਸੀ ਉਸ ਲਈ ਚੋਰੀ ਕਰਨੀ ਪ੍ਰਸ਼ੰਸਾ ਯੋਗ ਹੈ ਅਤੇ ਸ਼ਾਂਤੀ ਦਿੰਦੀ ਹੈ ।" (ਦਬਿਸਤਾਨ ਸੈਂਚੀ ਦੂਜੀ, ਪੰਨਾ 284) ।
3. ਇਸੇ ਪੁਸਤਕ ਦੀ ਪਹਿਲੀ ਸੈਂਚੀ, ਪੰਨਾ 207

ਦੇਰ ਤੋਂ ਉੱਚ ਕੋਟੀ ਦੇ ਵਿਦਵਾਨਾਂ ਦਾ ਧਿਆਨ ਰੁਝਿਆ ਰਿਹਾ ਹੈ ਪਰ ਹੁਣ ਤਕ ਪ੍ਰਾਪਤ ਕੀਤੇ ਨਤੀਜੇ ਨਿਰਣਾ-ਜਨਕ ਨਹੀਂ ਹਨ। ਅਸੀਂ ਕੇਵਲ ਇਹ ਕਹਿ ਸਕਦੇ ਹਾਂ ਕਿ ਬਹੁਤੀਆਂ ਰਾਵਾਂ ਇਸ ਗੱਲ ਤੇ ਸਹਿਮਤ[1] ਹਨ ਕਿ ਇਹ ਸਾਰੇ ਕਬੀਲੇ ਬਦੇਸ਼ੀ ਸਨ ਜਿਹੜੇ ਕਿ ਤੀਜੀ ਅਤੇ ਸੱਤਵੀਂ ਈਸਵੀ-ਸਦੀ ਵਿਚਕਾਰ ਔਕਸਸ (Oxus) ਦੇ ਨੇੜੇ ਆਪਣੇ ਮੁੱਢ ਦੇ ਟਿਕਾਣੇ ਤੋਂ ਭਾਰਤ ਵਿਚ ਦਾਖਲ ਹੋਏ। ਇਹ ਵੀ ਵਿਸ਼ਵਾਸ ਕਰਨਾ ਪਵੇਗਾ ਕਿ ਮਾਝੇ ਅਤੇ ਮਾਲਵੇ ਦੇ ਜੱਟ, ਜਿਨ੍ਹਾਂ ਨਾਲ ਸਾਡਾ ਮੂਲਿਕ ਸੰਬੰਧ ਹੈ, ਆਪਣੀਆਂ ਵਰਤਮਾਨ ਰਹਿਣ ਦੀਆਂ ਥਾਵਾਂ ਦੇ ਦੱਖਣ ਅਤੇ ਪੂਰਬ ਵਲੋਂ ਆਏ ਸਨ ਭਾਵੇਂ ਉਨ੍ਹਾਂ ਦਾ ਮੂਲ-ਦਖਲ ਕਿਸੇ ਢੰਗ ਦਾ ਹੋਵੇ।[2] ਸਾਰੇ ਪੰਜਾਬ ਅਤੇ ਹੇਠਲੀ ਸਿੰਧ ਵਾਦੀ ਵਿਚ ਜੱਟਾਂ ਦੀ ਵੰਡ ਇਹ ਸੁਝਾ ਦਿੰਦੀ ਹੈ ਕਿ ਇਹ ਭਾਰਤ ਤੋਂ ਬਾਹਰੋਂ, ਬਲੋਚਿਸਤਾਨ ਰਾਹੀਂ ਆਏ ਅਤੇ ਹੌਲੇ ਹੌਲੇ ਦੱਖਣੀ ਪੰਜਾਬ ਵਿਚ ਅਤੇ ਰਾਜਪੂਤਾਨੇ ਦੇ ਬਹੁਤ ਹਿੱਸੇ ਵਿਚ ਫੈਲ ਗਏ। ਦੇਸ਼ ਤਿਆਗ ਦੀ ਇਕ ਹੋਰ ਲਹਿਰ ਸ਼ੁਰੂ ਹੋਈ ਅਤੇ ਇਸ ਵਾਰ ਉਹ ਉੱਤਰੀ ਦਿਸ਼ਾ ਵਿਚ ਗਏ ਅਤੇ ਜਮਨਾ ਅਤੇ ਸਤਲੁਜ ਦੀਆਂ ਘਾਟੀਆਂ ਵਿਚ ਵਸ ਗਏ।

ਪਰ ਇਹ ਨਿਰਣੇ ਅਤਿ ਸੰਦੇਹਜਨਕ ਹਨ ਅਤੇ ਚੰਗੇ, ਭਾਗਾਂ ਨੂੰ ਇਸ ਸਾਡੀ ਮੁੱਖ ਖੋਜ ਉਤੇ ਕੋਈ ਅਸਰ ਨਹੀਂ ਪਾਉਂਦੇ। ਸਾਡਾ ਮੂਲ ਸੰਬੰਧ ਇਨ੍ਹਾਂ ਲੋਕਾਂ ਦੇ ਸੁਭਾਉ ਦੀਆਂ ਵਿਸ਼ੇਸ਼ਤਾਈਆਂ ਨਾਲ ਹੈ ਅਤੇ ਭਾਵੇਂ ਜਿਸ ਕਾਲ ਨੂੰ ਅਸੀਂ ਵਿਚਾਰ ਰਹੇ ਹਾਂ ਇਸ ਦੇ ਸੰਬੰਧ ਵਿਚ ਕਿਸੇ ਪ੍ਰਤੱਖ ਪ੍ਰਮਾਣ ਦੀ ਥੁੜ੍ਹ ਹੈ, ਕੁਝ ਬਚੇ ਖੁਚੇ ਅਤੇ ਅੱਜ ਵੀ ਕੰਮ ਕਰ ਰਹੇ ਪ੍ਰਭਾਵਾਂ ਦੇ ਆਧਾਰ ਤੇ, ਸਥਿਤੀ ਦਾ ਸਾਧਾਰਨ ਰੂਪ ਵਿਚ ਅਨੁਮਾਨ ਲਗਾਉਣਾ ਔਖਾ ਨਹੀਂ ਹੈ। ਪਹਿਲੀ ਗੱਲ ਇਹ ਹੈ ਕਿ ਲਗਪਗ ਸਾਰੇ ਲੇਖਕ ਇਸ ਵਿਸ਼ੇ ਤੇ ਘਟ ਵਧ ਮਾਤਰਾ ਵਿਚ ਸਹਿਮਤ ਹਨ ਕਿ ਜੱਟਾਂ ਦੇ ਸੁਭਾ ਵਿਚ ਮੁੱਢਲੀਆਂ ਵਿਸ਼ੇਸ਼ਤਾਈਆਂ ਵਿਚੋਂ ਇਕ ਜਾਤੀ ਸੁਤੰਤਰਤਾ (tribal freedom) ਅਤੇ ਜਾਤੀ ਰਿਸ਼ਤੇਦਾਰੀ ਹੈ। ਆਪਣੀ ਵਿਦਵਤਾ ਭਰਪੂਰ ਕ੍ਰਿਤ 'ਪੰਜਾਬ ਕਸਟਮਰੀ ਲਾ' ਵਿਚ ਟੂਪਰ ਇਹ ਦੱਸਣ ਦਾ ਯਤਨ ਕਰਦਾ ਹੈ ਕਿ ਪੰਜਾਬ ਵਿਚ ਜਾਇਦਾਦ ਦਾ ਇਤਿਹਾਸ ਜਾਤੀ-ਵਿਛੇਦਨ ਦਾ ਇਤਿਹਾਸ ਹੈ। "ਵੱਖ-ਵੱਖ ਮਾਲਕੀ ਤੋਂ ਸਮੂਹਿਕ ਮਾਲਕੀ ਦੀ ਹੋਂਦ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ। ਬਹੁਤੀਆਂ ਥਾਵਾਂ ਤੇ ਖਾਸ ਜਾਤੀਆਂ ਦੇ ਧਾਵੇ ਜਾਂ ਉਨ੍ਹਾਂ ਲੜ ਰਹੀਆਂ ਸਿੱਖ ਜਥੇਬੰਦੀਆਂ, ਜਿਨ੍ਹਾਂ ਨੂੰ ਮਿਸਲਾਂ ਕਹਿੰਦੇ ਸਨ, ਦੀਆਂ ਖਰੂਦੀ ਜਿੱਤਾਂ ਨੇ ਪ੍ਰਾਧੀਨ ਹੋਈਆਂ ਖੇਤੀ ਬਾੜੀ ਕਰਦੀਆਂ ਜਾਤੀਆਂ ਉਤੇ ਸਾਧਾਰਨ ਹਿੰਸਾ ਵਿਚੋਂ ਪੈਦਾ ਹੋਏ ਹੱਕ ਜਮਾਏ ਹਨ। ਪਰ ਜੇਕਰ ਅਸੀਂ ਹੇਠਾਂ ਤਹਿ ਤਕ ਜਾਈਏ ਤਾਂ ਸਾਨੂੰ ਪਤਾ ਲਗਦਾ ਹੈ ਕਿ ਹਰ ਇਕ ਜ਼ਿਲ੍ਹੇ ਵਿਚ ਪਰਿਵਾਰਾਂ ਤੋਂ ਵੱਡੀਆਂ ਜਾਤੀਆਂ ਵਿਚ ਸਾਂਝੀ ਮਲਕੀਅਤ ਅਜੇ ਵੀ

---

1. Denzil Ibbetson, *Punjab Castes*, p. 97
2. ਡੈਨਜ਼ਿਲ ਇਬਟਸਨ, ਉਪਰੋਕਤ ਰਚਨਾ, ਪੰਨਾ 104

ਹੈ ।"[1] ਸਾਂਝੀ ਜਾਇਦਾਦ ਦੇ ਅਜੇ ਸਪੱਸ਼ਟ ਚਿੰਨ੍ਹ ਹਨ ਅਤੇ "ਸਾਂਝੇ ਖ਼ੂਨ ਅਤੇ ਨਸਲ ਦਾ ਵਿਚਾਰ ਅਜੇ ਵੀ ਕਿਸੇ ਤਰ੍ਹਾਂ ਮਰਿਆ ਨਹੀਂ ।"[2] 'ਜ਼ਿਮੀਦਾਰ ਸੰਪਦਾ' ਦੀਆਂ ਨਿਖੇੜੂ ਵਿਸ਼ੇਸ਼-ਤਾਈਆਂ ਵਿਚੋਂ ਇਕ ਅਵੰਡਵੀਂ ਮਾਲਕੀ ਦਾ ਹੱਕ ਹੈ ਜਿਹੜੀ ਕਿ ਹਰੇਕ ਜ਼ਿਲ੍ਹੇ ਵਿਚ ਜਿਉਂਦੀ ਹੈ ਅਤੇ ਇਥੋਂ ਤਕ ਕਿ ਜਿਥੇ ਪੱਟੀਦਾਰੀ ਮਾਲਕੀ ਦਾ ਵਿਛੇਦਨ ਸ਼ੁਰੂ ਹੋ ਗਿਆ ਹੈ ਉਥੇ ਵੀ ਸਾਂਝੀ ਜਾਇਦਾਦ ਦੀ ਵੰਡ ਦਾ ਆਧਾਰ ਜਾਤੀ-ਮੂਲ ਹੀ ਹੈ ।[3] ਟੂਪਰ ਦਾ ਨਿਰਣਾ ਹੈ ਕਿ "ਜਾਇਦਾਦ ਦਾ ਸਾਮਾਨਯ ਵਿਸਰਣ ਪ੍ਰਤੱਖ ਹੈ ਜੋ ਅੱਜ ਵੀ ਸਮੂਹਕ ਹੈ ਜਾਂ ਅਜੇਹੇ ਸੁਭਾ ਵਾਲਾ ਹੈ ।" ਖਾਸ ਕਰਕੇ ਜੱਟਾਂ ਬਾਰੇ ਉਹ ਕਹਿੰਦਾ ਹੈ ਕਿ ਭਾਵੇਂ ਉਹ ਸਿੱਖ ਹੋਣ, ਹਿੰਦੂ ਜਾਂ ਮੁਸਲਮਾਨ, ਉਹ ਕਾਸ਼ਤਕਾਰ ਹਨ, ਕੁਟੰਬਾਂ ਦੁਆਰਾ ਉਨ੍ਹਾਂ ਦਾ ਸੰਗਠਨ ਬਦਨਾਮ ਹੈ ਅਤੇ "ਉਹ ਸੁਭਾ ਅਨੁਸਾਰ ਪੇਂਡੂ ਬਰਾਦਰੀਆਂ ਵਿਚ ਇਕੱਠੇ ਹਨ । ਜਿਥੇ ਕਿਤੇ ਵੀ ਜੱਟ ਮਿਲਦੇ ਹਨ ਉਨ੍ਹਾਂ ਵਿਚ ਭਾਈ ਬੰਧੂ ਅਤੇ ਜਾਤੀ ਪ੍ਰਭਾਵ ਅਜੇ ਵੀ ਆਪਣਾ ਕੰਮ ਕਰ ਰਿਹਾ ਹੈ ।"[4]

ਜੇਕਰ ਅਜੇਹੀ ਅਵਸਥਾ ਉਦੋਂ ਸੀ ਜਦ ਪੰਜਾਬ ਦੀ ਸ਼ਾਹੀ ਤਾਕਤ ਸਿੱਖਾਂ ਤੋਂ ਅੰਗ੍ਰੇਜ਼ਾਂ ਦੇ ਹੱਥ ਵਿਚ ਜਾ ਰਹੀ ਸੀ ਤਾਂ ਜਿਸ ਸਮੇਂ ਦੀ ਅਸੀਂ ਗੱਲ ਕਰਦੇ ਹਾਂ ਉਦੋਂ ਜਾਤੀ ਅਤੇ ਜਾਤੀ ਸੰਗਠਨ ਬਹੁਤ ਹੀ ਸ਼ਕਤੀਸ਼ਾਲੀ ਹੋਵੇਗਾ ਕਿਉਂਕਿ ਸਾਰੇ ਵਿਦਵਾਨ ਇਸ ਗੱਲ ਤੇ ਸਹਿਮਤ ਹਨ ਕਿ ਸਿੱਖ ਰਾਜ ਵਿਚ ਅਜੇਹੀਆਂ ਪਰਿਸਥਿਤੀਆਂ ਪੈਦਾ ਹੋ ਗਈਆਂ ਜਿਨ੍ਹਾਂ ਨੇ ਅਟੱਲ ਰੂਪ ਵਿਚ ਜਾਤੀ ਵਿਛੇਦਨ ਲਿਆਂਦਾ ਅਤੇ ਨਵੇਂ ਮਾਲਕੀ ਹੱਕਾਂ ਦੀ ਸਿਰਜਣਾ ਕੀਤੀ । ਵਿਸ਼ੇਸ਼ ਕਰਕੇ ਮਿਸਲਾਂ ਦੇ ਸਮੇਂ ਵਿਚ, ਜਿਨ੍ਹਾਂ ਨੂੰ ਠੀਕ ਹੀ "ਸਾਂਝੀਆਂ ਲੜਾਕੂ ਜਥੇਬੰਦੀਆਂ"[5] ਕਿਹਾ ਗਿਆ ਹੈ, ਭਾਈਚਾਰੇ ਦਾ ਜੀਵਨ ਫੌਜੀ ਸ਼ਕਤੀ ਉਤੇ ਨਿਰਭਰ ਸੀ ਅਤੇ ਆਵੱਸ਼ਕ ਹੀ ਸਰੀਰਕ ਸ਼ਕਤੀ ਨੂੰ ਉਮਰ, ਜਨਮ ਜਾਂ ਕਿਸੇ ਹੋਰ ਵਿਚਾਰ ਨਾਲੋਂ ਵਧੇਰੇ ਮਹੱਤਤਾ ਦਿੱਤੀ ਜਾਂਦੀ ਸੀ । ਰਾਜੇ ਅਤੇ ਉਨ੍ਹਾਂ ਉਤੇ ਨਿਰਭਰ ਲੋਕਾਂ ਵਿਚਾਲੇ ਫੌਜੀ ਸੇਵਾ ਹੀ ਸਭ ਤੋਂ ਜ਼ਰੂਰੀ ਸੰਬੰਧ ਸੀ ਅਤੇ ਮਾਲਕੀ ਦਾ ਨਵਾਂ ਢੰਗ, ਜਿਹੜਾ ਕਿ ਜਾਗੀਰਦਾਰੀ ਵਰਗਾ ਹੀ ਸੀ, ਆਪਣੇ ਆਪ ਪੈਦਾ ਹੋ ਗਿਆ ਸੀ । ਵੇਰਵੇ ਵਿਚ ਨਾ ਜਾਂਦੇ ਹੋਏ ਇਹ ਇਕਦਮ ਕਿਹਾ ਜਾ ਸਕਦਾ ਹੈ ਕਿ ਜਿਹੜੀਆਂ ਵੱਖ ਵੱਖ ਮਾਲਕੀ ਦੀਆਂ ਕਿਸਮਾਂ ਹੋਂਦ ਵਿਚ ਆਈਆਂ ਭਾਵੇਂ ਉਹ ਪੱਟੀਦਾਰੀ ਜਾਂ ਮਿਸਲਦਾਰੀ, ਟੋਬਾਦਾਰੀ ਜਾਂ

---

1. Tupper, *Punjab Customary Law*, Vol. II, Introduction, pp. 1,2, ਪੰਜਾਬ ਉਤੇ ਕਬਜ਼ੇ ਮਗਰੋਂ ਛੇਤੀ ਹੀ ਸੂਬੇ ਦੇ ਰਸਮੀ ਕਾਨੂੰਨਾਂ ਦੀ ਖੋਜ ਸ਼ੁਰੂ ਕਰ ਦਿੱਤੀ ਗਈ ਤਾਂ ਕਿ ਇਨ੍ਹਾਂ ਨੂੰ ਸੰਹਿਤਾਬਧ ਕਰਨ ਹਿਤ ਕੁਝ ਸਿੱਧਾਂਤ ਲੱਭੇ ਜਾ ਸਕਣ । ਇਹ ਖੋਜ ਪਿਛੋਂ ਦੇ ਅਫਸਰਾਂ ਨੇ ਵੀ ਜਾਰੀ ਰੱਖੀ ਅਤੇ ਛੇਤੀ ਹੀ ਇਸ ਵਿਸ਼ੇ ਸੰਬੰਧੀ ਕਾਫੀ ਸਾਹਿਤ ਇਕੱਠਾ ਹੋ ਗਿਆ । ਇਹ ਉਸ ਦੀਆਂ ਆਪਣੀਆਂ ਸੁਤੰਤਰ ਖੋਜਾਂ ਸਹਿਤ, ਟੂਪਰ ਦੀ ਕ੍ਰਿਤ ਦਾ ਪਿਛੋਕੜ ਸਨ । ਸੋ ਇਹ ਵੇਖਿਆ ਜਾਵੇਗਾ ਕਿ 19ਵੀਂ ਸਦੀ ਦੇ ਅੱਧ ਦੀ ਸਥਿਤੀ ਬਾਰੇ ਟੂਪਰ ਦੀ ਟਿਪਣੀ ਸਹੀ ਜਾਣਨੀ ਚਾਹੀਦੀ ਹੈ ।
2. ਉਹੀ, ਪੰਨਾ 9
3. ਉਹੀ, ਪੰਨਾ 2
4. ਉਹੀ, ਪੰਨਾ 36
5. ਟੂਪਰ, ਉਪਰੋਕਤ ਰਚਨਾ, ਸੈਂਚੀ ਦੂਜੀ, ਭੂਮਿਕਾ, ਪੰਨਾ 1

ਜਾਗੀਰਦਾਰੀ ਸਨ, ਸਾਰੀਆਂ ਹੀ ਜਾਤੀ-ਮਾਲੀਅਤ ਦੀਆਂ ਇਕੋ ਜਿਨੀਆਂ ਹੀ ਨਾਸ਼ਕ ਸਨ। ਸਿੱਖ ਰਾਜ ਵਿਚ ਸਰਮਾਏਦਾਰਾਂ ਨੂੰ ਇਸ ਸ਼ਰਤ ਉਤੇ ਜ਼ਮੀਨ ਦਿੱਤੀ ਜਾਂਦੀ ਕਿ ਉਹ ਇਸ ਨੂੰ ਵਾਹੀ ਹੇਠ ਲਿਆਉਣਗੇ। ਇਹਨਾਂ ਸਰਮਾਏਦਾਰਾਂ ਨੂੰ ਜ਼ਮੀਨਾਂ ਤੇ ਭਿੰਨ ਭਿੰਨ ਪ੍ਰਕਾਰ ਦੇ ਵਾਹੀਦਾਰਾਂ ਨੂੰ ਆਬਾਦ ਕਰਨ ਲਈ ਉਤਸਾਹਿਤ ਕੀਤਾ ਜਾਂਦਾ[1] ਅਤੇ ਇਸ ਦਾ ਨਤੀਜਾ, ਜਿਹੜਾ ਕਿ ਸਹਿਜੇ ਹੀ ਦੇਖਿਆ ਜਾ ਸਕਦਾ ਹੈ, ਨਵੇਂ ਮਾਲਕੀ ਹੱਕਾਂ ਦੀ ਉਪਜ ਸੀ। ਸੰਖੇਪ ਵਿਚ, ਜਿਵੇਂ ਕਿ ਟੂਪਰ ਕਹਿੰਦਾ ਹੈ, "ਸਿੱਖ ਰਾਜ ਦਾ ਸਾਧਾਰਨ ਨਤੀਜਾ ਦੇਸ਼ ਦੇ ਪੁਰਾਣੇ ਮਾਲਕੀ ਹੱਕਾਂ ਨੂੰ ਨਸ਼ਟ ਕਰਨਾ ਸੀ" ਅਤੇ "ਮੁਜ਼ਾਰਿਆਂ ਅਤੇ ਵਾਰਸਾਂ ਨੂੰ ਇਕੋ ਪੱਧਰ ਤੇ ਲਿਆਉਣਾ ਸੀ।"[2]

ਸੋ ਇਸ ਵਿਚ ਸ਼ੱਕ ਨਹੀਂ ਕਿ ਮੁਗਲਾਂ ਦੇ ਸਮੇਂ ਜਾਤੀ ਏਕਤਾ ਜੱਟਾਂ ਵਿਚ ਵਿਸ਼ੇਸ਼ ਤੌਰ ਤੇ ਸ਼ਕਤੀਸ਼ਾਲੀ ਸੀ ਅਤੇ ਜਾਤੀ ਵਿਚਾਰ ਉਨ੍ਹਾਂ ਦੇ ਰੋਜ਼ਾਨਾ ਜੀਵਨ ਵਿਚ ਮਹੱਤਵ-ਪੂਰਨ ਉਦਾਹਰਣ ਸਨ। ਜਾਤੀ ਵਿਚ ਵਿਆਹ ਸ਼ਾਦੀਆਂ ਕਰਨ ਤੋਂ ਇਨਕਾਰ ਕਰਨ ਕਰਕੇ ਅਜੇ ਵੀ ਕਈ ਜਾਤੀ ਝਗੜੇ ਚਲਦੇ ਹਨ। ਢਿਲੋਂ ਸਾਰੇ ਗੋਤਾਂ ਵਿਚ ਵਿਆਹ ਕਰ ਲੈਂਦੇ ਹਨ ਸਵਾਏ 'ਬਲ' ਗੋਤ ਦੇ। "ਕਹਾਣੀ ਇਹ ਹੈ ਕਿ ਢਿਲੋਂ ਪਿੰਡ ਦੇ ਮਰਾਸੀ ਦੀ ਜਦ ਕਿ ਉਹ ਬਲ ਇਲਾਕੇ ਵਿਚ ਕਠਿਨਾਈ ਵਿਚ ਸੀ, ਉਨ੍ਹਾਂ ਨੇ ਸਹਾਇਤਾ ਕਰਨ ਤੋਂ ਇਨਕਾਰ ਕਰ ਦਿੱਤਾ ਅਤੇ ਬਦਲਾ ਲੈਣ ਖਾਤਰ ਮਰਾਸੀ ਨੇ ਸਮੁੱਚੀ ਬਲ ਬਰਾਦਰੀ ਨੂੰ ਸਰਾਪ ਦੇ ਦਿੱਤਾ। ਉਨ੍ਹਾਂ ਦਿਨਾਂ ਵਿਚ ਮਰਾਸੀ ਅੱਜ ਨਾਲੋਂ ਵਧੇਰੇ ਬਲ ਵਾਲੇ ਸਨ, ਅਤੇ ਢਿਲੋਂ ਬਰਾਦਰੀ ਨੇ ਝਗੜਾ ਕੀਤਾ ਜਿਹੜਾ ਕਿ ਅੱਜ ਵੀ ਆਪਸ ਵਿਚ ਵਿਆਹ ਸ਼ਾਦੀਆਂ ਨਾ ਕਰਨ ਦੇ ਰੂਪ ਵਿਚ ਚਲਿਆ ਆਉਂਦਾ ਹੈ।"[3] ਨੌਸ਼ਹਿਰਾ ਅਤੇ ਚੰਦ੍ਰੀਵਾਲ ਦੇ ਪਨੂੰ ਸਰਹਾਲੀ ਦੇ ਆਸ ਪਾਸ ਦੇ ਸੰਧੂ ਜੱਟਾਂ ਨਾਲ ਰਿਸ਼ਤੇ ਨਾਤੇ ਨਹੀਂ ਕਰਦੇ ਅਤੇ ਕਾਰਨ ਇਹ ਦਸਿਆ ਜਾਂਦਾ ਹੈ ਕਿ "ਸਰਹਾਲੀ ਦੇ ਇਕ ਆਦਮੀ ਨੇ ਇਕ ਪਨੂੰ ਦਾ ਕਤਲ ਕਰ ਦਿੱਤਾ ਜਿਸ ਨਾਲ ਉਸ ਦੀ ਵਿਆਹ ਕਾਰਨ ਰਿਸ਼ਤੇਦਾਰੀ ਸੀ।" ਅਜੇਹੀਆਂ ਉਦਾਹਰਣਾਂ ਹੋਰ ਦਿੱਤੀਆਂ ਜਾ ਸਕਦੀਆਂ ਹਨ। ਸਿੱਖ ਇਤਿਹਾਸਕਾਰ ਵੀ ਕਈ ਥਾਵਾਂ ਉਤੇ ਮਾਝੇ ਅਤੇ ਮਾਲਵੇ ਦੇ ਇਲਾਕਿਆਂ ਵਿਚ ਜੱਟਾਂ ਦੀ ਜਾਤੀ ਏਕਤਾ ਵਲ ਸੰਕੇਤ ਕਰਦੇ ਹਨ। ਪ੍ਰਮਾਣ ਵਜੋਂ ਸਾਨੂੰ ਇਹ ਦਸਿਆ ਗਿਆ ਹੈ ਕਿ "ਮਹਰਾਜ ਜਾਤੀ ਦੇ ਕਾਲਾ ਅਤੇ ਕਰਮ ਚੰਦ ਦੋ ਭਰਾਵਾਂ ਨੇ ਗੁਰੂ ਹਰਿ ਰਾਇ ਜੀ ਕੋਲ ਸ਼ਕਾਇਤ ਕੀਤੀ ਕਿ ਕੌੜਾ ਜਾਤੀ ਉਨ੍ਹਾਂ ਨੂੰ ਆਪਣੇ ਵਿਚ ਨਹੀਂ ਰਹਿਣ ਦਿੰਦੀ। ਗੁਰੂ ਜੀ ਨੇ ਕੌੜਾ ਜਾਤੀ ਦੇ ਮੁਖੀ ਜੈਤ ਪਿਰਾਣਾਂ ਨੂੰ ਬੁਲਵਾ-ਇਆ ਅਤੇ ਉਸਨੂੰ ਪ੍ਰੇਰਨ ਦਾ ਯਤਨ ਕੀਤਾ ਕਿ ਉਹ ਉਨ੍ਹਾਂ ਦੇ ਗੁਜ਼ਾਰੇ ਲਈ ਪੰਜ ਹਲਾਂ ਦੀ ਜ਼ਮੀਨ ਦੇ ਦੇਵੇ।" ਕਿਹਾ ਜਾਂਦਾ ਹੈ ਕਿ ਜੈਤ ਪਿਰਾਣਾ ਨੇ ਵਿਸ਼ੇਸ਼ ਪੰਜਾਬੀ ਅਖਾਣ ਵਿਚ ਉੱਤਰ ਦਿੱਤਾ। "ਗ੍ਰਾਸ ਦੇਈਏ, ਬਾਸ ਨਾ ਦੇਈਏ" ਭਾਵ ਖਾਣ ਲਈ ਰੋਟੀ ਤਾਂ ਦਿਓ

---

1. ਇਬਸਟਨ, ਉਪਰੋਕਤ ਰਚਨਾ, ਪੰਨਾ 22
2. ਟੂਪਰ, ਉਪਰੋਕਤ ਰਚਨਾ, ਪੰਨਾ 31
3. ਅੰਮ੍ਰਿਤਸਰ ਗਜ਼ਟੀਅਰ 1914, ਪੰਨਾ 35, 36

ਪਰ ਰਹਿਣ ਲਈ ਜ਼ਮੀਨ ਨਾ ਦਿਓ। ਇਸ ਲਈ "ਗੁਰੂ ਜੀ ਮਹਰਾਜ ਭਰਾਵਾਂ ਨੂੰ ਇਹ ਸਲਾਹ ਦੇਣ ਲਈ ਮਜਬੂਰ ਹੋ ਗਏ ਕਿ ਉਹ ਆਪਣੇ ਆਲੇ ਦੁਆਲੇ ਦੀ ਜ਼ਮੀਨ ਉਤੇ ਜ਼ਬਰਦਸਤੀ ਕਬਜ਼ਾ ਕਰ ਲੈਣ ਅਤੇ ਇਸ ਦਾ ਨਾਂ ਮਹਰਾਜ ਰਖ ਲੈਣ।"[1] ਜੀਵਨ ਨਾਮੀ ਇਕ ਜਵਾਨ ਸਿੱਖ ਨੇ ਗੁਰੂ ਜੀ ਦੀ ਸਲਾਹ ਤੇ ਆਪਣੀ ਜਾਨ ਦੇ ਦਿਤੀ ਅਤੇ ਬਰਾੜ, ਜਿਸ ਜਾਤੀ ਦਾ ਉਹ ਸੀ, ਗੁਰੂ ਜੀ ਕੋਲ ਆ ਕੇ ਰੋਸ ਪ੍ਰਗਟ ਕਰਨ ਗਏ।[2] ਜਦ ਗੁਰੂ ਤੇਗ ਬਹਾਦਰ ਨੂੰ ਦਿੱਲੀ ਵਿਚ ਕਤਲ ਕੀਤਾ ਗਿਆ ਤਾਂ ਇਕ ਲਬਾਣਾ ਸਿੱਖ ਆਪਣੇ ਪਿਆਰੇ ਗੁਰੂ ਦਾ ਮ੍ਰਿਤਕ ਸਰੀਰ ਸਭਨਾਂ ਸਾਹਮਣੇ ਪਿਆ ਦੇਖ ਕੇ ਬਹੁਤ ਦੁਖੀ ਹੋਇਆ ਅਤੇ ਉਸ ਨੇ ਆਪਣੇ ਕਬੀਲੇ ਦੇ ਲੋਕਾਂ ਤੇ ਫਿਟਕਾਰ ਪਾਈ।[3] ਇਸ ਸਭ ਤੋਂ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਜੱਟਾਂ ਦੇ ਜੀਵਨ ਵਿਚ ਜਾਤੀ ਚੇਤਨਾ ਇਕ ਜੀਉਂਦਾ ਜਾਗਦਾ ਤੱਤ ਸੀ। ਅਸੀਂ ਇਸ ਵਿਚਾਰ ਨੂੰ ਹੋਰ ਇਕ ਵੱਖਰੀ ਕਿਸਮ ਦੀ ਘਟਨਾ ਦੱਸ ਕੇ ਖਤਮ ਕਰਾਂਗੇ ਜਿਹੜੀ ਕਿ ਜਾਤੀ ਸੰਗਠਨ ਦੀ ਸ਼ਕਤੀ ਨੂੰ ਅਧਿਕ ਸਿਧ ਕਰਦੀ ਹੈ। ਇਬਸਟਨ ਦੀ ਰਾਏ ਹੈ ਕਿ "ਇਹ ਫ਼ਰਜ਼ ਕਰਨਾ ਗਲਤ ਹੈ ਕਿ ਗ੍ਰਾਮ ਬਰਾਦਰੀ ਨੇ ਜਾਤੀ ਸੰਗਠਨ ਦੀ ਥਾਂ ਲਈ ਹੈ। ਆਮ ਤੌਰ ਤੇ ਜਾਤੀਆਂ ਅਨਿਖੜਵੇਂ ਇਲਾਕੇ ਰਖਦੀਆਂ ਸਨ।" ਇਸ ਕਥਨ ਦੀ ਪੁਸ਼ਟੀ ਲਈ ਉਹ "ਥਾਪਾ ਪ੍ਰਬੰਧ" ਦਾ ਵਿਸ਼ੇਸ਼ ਨਾਂ ਲੈਂਦਾ ਹੈ।[4] "ਇਕੋ ਕਬੀਲੇ ਦੇ ਪਿੰਡਾਂ ਦਾ ਇਕ ਜਾਂ ਇਕ ਤੋਂ ਜਿਆਦਾ ਥਾਪੇ ਬਣਦੇ ਸਨ ਜਾਂ ਪਿੰਡ ਦੀਆਂ ਬਰਾਦਰੀਆਂ ਦੇ ਜਾਤੀ ਵਰਗ ਸਾਮੰਤੀ ਸੰਬੰਧਾਂ ਨਾਲ ਜਾਂ ਸਾਂਝੇ ਪੂਰਵਜਾਂ ਕਾਰਨ ਇਕੱਠੇ ਰਹਿੰਦੇ ਸਨ।" ਉਹ ਇਹ ਵੀ ਕਹਿੰਦਾ ਹੈ ਕਿ "ਮੁਗਲਾਂ ਦੇ ਸਮੇਂ ਮਾਲਗੁਜ਼ਾਰੀ ਦਾ ਪ੍ਰਬੰਧ ਇਨ੍ਹਾਂ ਥਾਪਿਆਂ ਉਤੇ ਆਧਾਰਿਤ ਸੀ, ਸਮੁੱਚੇ ਤੌਰ ਤੇ ਪਿੰਡਾਂ ਦੇ ਸਮੂਹ ਤੋਂ ਮਾਲੀਆ ਹਾੜ ਲਿਆ ਜਾਂਦਾ ਸੀ ਅਤੇ ਮੁਖੀ ਪਿੰਡ ਦੇ ਮੁਕੱਦਮ ਦੀ ਅਧਿਅਕਸ਼ਤਾ ਹੇਠ ਸਾਰੇ ਪਿੰਡਾਂ ਦੇ ਮੁਕੱਦਮਾਂ ਵਿਚ ਵੰਡ ਦਿੱਤਾ ਜਾਂਦਾ ਸੀ।"

ਫਿਰ, ਇਨ੍ਹਾਂ ਲੋਕਾਂ ਦੇ ਸੁਭਾਉ ਦਾ ਸਹੀ ਅਨੁਮਾਨ ਲਗਾਉਣ ਲਈ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਰਵਾਇਤ ਖਾਸ ਤੌਰ ਤੇ ਜ਼ੋਰਦਾਰ ਸੀ ਕਿ ਜਿਨ੍ਹਾਂ ਇਲਾਕਿਆਂ ਵਿਚ ਜਟ ਰਹਿ ਰਹੇ ਸਨ ਉਨ੍ਹਾਂ ਵਿਚ ਉਹ ਹੁਣੇ ਹੁਣੇ ਹੀ ਆਏ ਸਨ।[5] ਲੈਪਿਲ ਗ੍ਰਿਫਨ ਦੀ ਰਾਇ ਹੈ ਕਿ ਮਾਲਵੇ ਦੇ ਜੱਟਾਂ ਦੇ ਬਜ਼ੁਰਗ ਸਾਧਾਰਨ ਹਿੰਦੂ ਕਿਸਾਨ ਸਨ ਜਿਹੜੇ ਸੋਲਵੀਂ ਸਦੀ-ਈਸਵੀ ਦੇ ਅੱਧ ਵਿਚ ਜੈਸਲਮੇਰ ਤੋਂ ਇਥੇ ਆਏ ਸਨ।[6] ਕਿਹਾ

---

1. ਮੈਕਾਲਿਫ, ਉਪਰੋਕਤ ਰਚਨਾ, ਜੈਂਚੀ ਚੌਥੀ, ਪੰਨਾ 292, 293
2. ਉਹੀ, ਪੰਨਾ 298
3. ਉਹੀ. ਪੰਨਾ 388
4. ਇਬਸਟਨ, ਉਪਰੋਕਤ ਰਚਨਾ, ਪੰਨਾ 23
5. ਇਬਸਟਨ, (ਉਹੀ), ਪੰਨਾ 104, Rose, *Glossary of Punjab Tribes and Castes*, Vol. II, 369-370.
6. Lepel Griffin, *Laws of Inheritance to Sikh Chiefships*, p. 3

ਜਾਂਦਾ ਹੈ ਕਿ ਹਤਿਆਰ ਜਟ ਸ਼ਾਹਪੁਰ ਤੋਂ ਗੁਜਰਾਤ ਵਿਚ ਅਕਬਰ ਦੇ ਸਮੇਂ ਆਏ ਸਨ ।[1] ਤੇਨਵਾਨਾ ਜਟ ਪਹਿਲੋਂ ਮਥੁਰਾ ਅਤੇ ਅਲੀਗੜ੍ਹ ਵਿਚ 1600 ਈ. ਵਿਚ ਆਏ ।[2] ਵਾਸਤਵ ਵਿਚ ਪਰਵਾਸਨ ਛੋਟੇ ਪੈਮਾਨੇ ਤੇ ਲਗਾਤਾਰ ਚਲਦਾ ਰਹਿੰਦਾ ਸੀ । ਸਰਕਾਰ ਕਹਿੰਦਾ ਹੈ ਕਿ ਮੁਗਲਾਂ ਦੇ ਸਮੇਂ ਵਿਚ ਬਹੁਤ ਸਾਰੇ ਪਿੰਡਾਂ ਦੀ ਉਥਲ ਪੁਥਲ ਦਾ ਅਸਲ ਕਾਰਨ ਸਮਝਣ ਲਈ, ਸਾਨੂੰ ਯਾਦ ਰਖਣਾ ਚਾਹੀਦਾ ਹੈ ਕਿ ਉਦੋਂ ਵਸੋਂ ਗਤੀ-ਸ਼ੀਲ ਸੀ, ਸਥਿਰ ਨਹੀਂ ਸੀ । ਲੋਕਾਂ ਦੀ ਅੰਦਰਲੀ ਹਿਲਜੁਲ ਲਗਾਤਾਰ ਹੁੰਦੀ ਰਹਿੰਦੀ ਹੈ । ਵੱਖ ਵੱਖ ਪੀੜੀਆਂ ਦੇ ਵੱਖ ਵੱਖ ਜਾਤੀਆਂ ਦੇ ਲੋਕ ਨਵੇਂ ਜ਼ਿਲ੍ਹਿਆਂ ਵਿਚ ਜਾਂਦੇ ਰਹਿੰਦੇ ਅਤੇ ਉਥੋਂ ਦੇ ਪੁਰਾਣੇ ਵਾਸੀਆਂ ਨੂੰ ਆਪਣੇ ਲਈ ਥਾਂ ਬਣਾਉਣ ਖਾਤਰ ਅਗਾਂਹ ਧਕਦੇ ਰਹੇ ।[3] ਪਿੰਡ ਪਿੰਡਾਂ ਨਾਲ ਲੜਦੇ ਸਨ,[4] ਕਬੀਲੇ ਕਬੀਲਿਆਂ ਨਾਲ ਝਗੜਦੇ ਸਨ ਅਤੇ ਉਨ੍ਹਾਂ ਵਿਚੋਂ ਜਿਹੜਾ ਮਾੜਾ ਹੁੰਦਾ ਸੀ ਉਸ ਨੂੰ ਤਕੜਾ ਉਥੋਂ ਕਢ ਦਿੰਦਾ ਸੀ । ਅਜੇਹੀ ਸਥਿਤੀ ਵਿਚ ਬਰਬਾਦੀ ਤੋਂ ਜਾਂ ਪੂਰਨ ਨਸ਼ਟਤਾ ਤੋਂ ਬਚਣ ਲਈ ਜਾਤੀ ਏਕਤਾ ਇਕੋ ਇਕ ਸਾਧਨ ਸੀ । ਸੋ ਇਹ ਸਮਝਣਾ ਸੌਖਾ ਹੋ ਜਾਂਦਾ ਹੈ ਕਿ ਜਾਤੀ ਅਨੁਭਵ ਇਤਨਾ ਬਲਵਾਨ ਕਿਉਂ ਸੀ ਅਤੇ ਉਦੋਂ ਤਕ ਵੀ ਚਲਦਾ ਰਿਹਾ ਜਦ ਕਿ ਬਦਲੀ ਹੋਈ ਬਾਹਰੀ ਸਥਿਤੀ ਵਿਚ ਇਸ ਦੀ ਲੋੜ ਨਾ ਰਹੀ । ਇਹ ਯਾਦ ਰੱਖਣਾ ਵੀ ਅਤਿ ਜ਼ਰੂਰੀ ਹੈ ਕਿ ਜਾਤੀ ਸੰਗਠਨ ਦੇ ਨਾਲ ਨਾਲ ਜਾਤੀ ਸੁਤੰਤਰਤਾ ਦੇ ਵਿਚਾਰ ਵੀ ਚਲਦੇ ਸਨ ਅਤੇ ਅਸੀਂ ਚੰਗੀ ਤਰ੍ਹਾਂ ਅਨੁਮਾਨ ਲਗਾ ਸਕਦੇ ਹਾਂ ਕਿ ਜੱਟ ਇਕ ਪ੍ਰਕਾਰ ਦੇ ਸ੍ਵੈ ਸ਼ਾਸਨ, ਜਿਹੜਾ ਕਿ ਉਨ੍ਹਾਂ ਦਾ ਆਪਣਾ ਹੀ ਸੀ, ਦੇ ਆਦੀ ਸਨ ਭਾਵੇਂ ਇਹ ਕਿੰਨਾ ਹੀ ਸੀਮਿਤ ਅਤੇ ਅਧੂਰਾ ਸੀ ।

ਜਿਵੇਂ ਕਿ ਅਸੀਂ ਪਹਿਲਾਂ ਕਹਿ ਚੁਕੇ ਹਾਂ, ਇਨ੍ਹਾਂ ਲੋਕਾਂ ਬਾਰੇ, ਉਸ ਤੋਂ ਪਹਿਲਾਂ ਕਿ ਇਨ੍ਹਾਂ ਵਿਚੋਂ ਕੁਝ ਇਕ ਵਰਗਾਂ ਨੇ ਰਾਜਸੀ ਮਹੱਤਾ ਪ੍ਰਾਪਤ ਕੀਤੀ, ਜੋ ਸਿੱਧੀ ਸੂਚਨਾ ਮਿਲਦੀ ਹੈ, ਬਹੁਤ ਅਲਪ ਹੈ । ਪਰੰਤੂ ਇਹ ਇਕ ਅਨੋਖੀ ਗੱਲ ਹੈ ਕਿ ਕੁਝ ਇਕ ਹਵਾਲੇ ਜਿਹੜੇ ਸਾਨੂੰ ਇਤਿਹਾਸਕ ਲਿਖਤਾਂ ਵਿਚ ਇੱਕੇ-ਦੁੱਕੇ ਮਿਲਦੇ ਹਨ, ਸਾਰੇ ਦੇ ਸਾਰੇ ਇਨ੍ਹਾਂ ਲੋਕਾਂ ਦੇ ਸੁਭਾਉ ਦੀਆਂ ਦੋ ਬੁਨਿਆਦੀ ਪ੍ਰਵਿਰਤੀਆਂ ਨੂੰ ਵਿਦਮਾਨ ਕਰਦੇ ਹਨ । ਫਰਿਸ਼ਤਾ ਕਹਿੰਦਾ ਹੈ ਕਿ ਸੋਮਨਾਥ ਤੋਂ ਵਾਪਸ ਜਾਂਦੇ ਸਮੇਂ ਸੁਲਤਾਨ ਮਹਿਮੂਦ ਦੀ ਫੌਜ ਨੂੰ ਜੂਦ

1. ਰੋਜ਼, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 330
2. J.N. Sarkar, *History of Aurangzib*, Vol III, p. 20
3. ਉਹੀ, ਪੰਨਾ 20
4. ਸਿੱਖ ਉਲੇਖਾਂ ਵਿਚ ਇਕ ਰੋਚਕ ਘਟਨਾ ਮਿਲਦੀ ਹੈ । ਇਹ ਕਿਹਾ ਜਾਂਦਾ ਹੈ ਕਿ "ਵਡਾਲੀ ਜਿਸ ਨੂੰ ਪਹਿਲਾਂ ਚੰਦਲ ਅਤੇ ਮਾਨ ਜਾਤੀਆਂ ਨੇ ਵਸਾਇਆ ਸੀ, ਇਕ ਖੁਸ਼ਹਾਲ ਪਿੰਡ ਬਣ ਗਿਆ ਸੀ । ਇਸ ਕਾਰਨ ਗੁਆਂਢੀ ਪਿੰਡਾਂ ਨੇ ਉਨ੍ਹਾਂ ਉਤੇ ਹਮਲਾ ਕਰ ਦਿੱਤਾ । ਧਾੜਵੀ ਜੀਵਨ ਦੇ ਆਦੀ ਨਾ ਹੋਣ ਕਾਰਨ ਵਡਾਲੀ ਦੇ ਲੋਕਾਂ ਨੂੰ ਹਾਰ ਹੋਈ" ਅਤੇ ਉਨ੍ਹਾਂ ਨੇ ਗੁਰੂ ਅਰਜਨ ਦੇਵ ਦੀ ਵਿਚੋਲਗੀ ਚਾਹੀ । (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 34) ।

ਪਹਾੜੀਆਂ ਦੇ ਨੇੜੇ ਰਹਿੰਦੇ ਜੱਟਾਂ ਨੇ ਭੰਗ ਕੀਤਾ। ਮਹਿਮੂਦ ਛੇਤੀ ਹੀ ਉਹਨਾਂ ਨੂੰ ਸੁਧਾਰਨ ਲਈ ਵਾਪਸ ਆਇਆ। ਦੇਸ਼ ਦਰਿਆਵਾਂ ਨਾਲ ਭਰਿਆ ਹੋਣ ਕਰਕੇ "ਉਸ ਨੇ 1400 ਕਿਸ਼ਤੀਆਂ ਬਣਾਉਣ ਦਾ ਹੁਕਮ ਦਿੱਤਾ, ਹਰ ਕਿਸ਼ਤੀ ਤੇ ਛੇ ਲੋਹੇ ਦੇ ਸੁੰਬੇ ਲਾਏ ਗਏ, ਜਿਹੜੇ ਕਿਸ਼ਤੀ ਦੇ ਅੱਗੋਂ ਅਤੇ ਪਾਸਿਆਂ ਤੋਂ ਬਾਹਰ ਨਿਕਲੇ ਹੋਏ ਸਨ ਤਾਂ ਕਿ ਦੁਸ਼ਮਣ ਇਨ੍ਹਾਂ ਉਤੇ ਨਾ ਚੜ੍ਹ ਸਕੇ ਜਿਹੜੇ ਕਿ ਇਸ ਢੰਗ ਦੀ ਲੜਾਈ ਵਿਚ ਮਾਹਿਰ ਸਨ।" ਜੱਟਾਂ ਨੇ ਆਪਣੇ ਇਸਤ੍ਰੀਆਂ ਬੱਚੇ, ਆਪਣੀਆਂ ਕੀਮਤੀ ਵਸਤਾਂ ਸਮੇਤ, ਲਾਗਲੇ ਟਾਪੂ ਉਤੇ ਭੇਜ ਦਿੱਤੇ ਅਤੇ ਆਪ ਸੁਲਤਾਨ ਦਾ ਟਾਕਰਾ ਕਰਨ ਲਈ ਤੱਤਪਰ ਹੋ ਗਏ। ਇਸ ਪਿਛੋਂ ਘੋਰ ਯੁੱਧ ਹੋਇਆ ਅਤੇ ਅੰਤ ਜੱਟਾਂ ਨੂੰ ਪੂਰੀ ਤਰ੍ਹਾਂ ਹਾਰ ਹੋਈ। ਇਹ ਹਾਰ ਹੌਸਲੇ ਜਾਂ ਮੁਹਾਰਤ ਦੀ ਥੁੜ੍ਹ ਕਾਰਨ ਨਹੀਂ ਸੀ ਸਗੋਂ ਵਿਸ਼ੇਸ਼ ਤੌਰ ਤੇ ਮੁਸਲਮਾਨੀ ਬੇੜੀਆਂ ਦੇ ਬਾਹਰ ਵਲ ਨਿਕਲੇ ਸੁੰਬਾਂ ਕਾਰਨ ਸੀ, ਜਿਹੜੇ ਜੱਟਾਂ ਦੀਆਂ ਸਾਧਾਰਨ ਬੇੜੀਆਂ ਨਾਲ ਟਕਰਾਉਂਦੇ ਸਨ ਤਾਂ ਤਬਾਹੀ ਮਚਾ ਦਿੰਦੇ ਸਨ।[1] ਫਿਰ ਮੁਹੰਮਦ ਬਿਨ ਤੁਗਲਕ ਦੁਆਰਾ ਦਬਾਈ ਗਈ ਜੱਟਾਂ ਦੀ ਬਗਾਵਤ ਬਾਰੇ ਸੁਣਦੇ ਹਾਂ। ਇਸ ਅਵਸਰ ਤੇ, ਉਨ੍ਹਾਂ ਨੇ ਸੁਨਾਮ ਅਤੇ ਸਮਾਣੇ ਦੁਆਲੇ ਮੰਡਲ ਬਣਾ ਲਏ, ਕਰ ਦੇਣਾ ਬੰਦ ਕਰ ਦਿੱਤਾ ਅਤੇ ਸੜਕਾਂ ਲੁਟ ਲਈਆਂ।[2] 1398 ਈ. ਵਿਚ ਜਦ ਤੈਮੂਰ ਜੰਗਲ ਰਾਹੀਂ ਕਰਨਾਲ ਵਿਚ ਅਹਰੂਨੀ ਤੋਂ ਟੋਹਾਣਾ ਗਿਆ ਤਾਂ ਉਸ ਨੇ ਇਕ ਇਲਾਕਾ ਦੇਖਿਆ ਜਿਥੇ ਜੱਟ ਵਸਦੇ ਸਨ ਜਿਹੜੇ ਕਿ ਨਾਂ-ਮਾਤਰ ਹੀ ਮੁਸਲਮਾਨ ਸਨ ਪਰ ਉਨ੍ਹਾਂ ਦੀ ਚੋਰੀ ਅਤੇ ਰਾਹਜ਼ਨੀ ਵਿਚ ਕੋਈ ਸਾਨੀ ਨਹੀਂ ਸੀ। ਉਹ ਸੜਕਾਂ ਤੇ ਕਾਫਲਿਆਂ ਨੂੰ ਲੁੱਟ ਲੈਂਦੇ ਅਤੇ ਮੁਸਲਮਾਨਾਂ ਅਤੇ ਰਾਹੀਆਂ ਲਈ ਹਊਆ ਬਣੇ ਹੋਏ ਸਨ। ਤੈਮੂਰ ਦੇ ਪਹੁੰਚਣ ਤੇ ਜੱਟ ਉਥੋਂ ਦੌੜ ਗਏ ਪਰ ਉਸ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ 2000 'ਦੈਂਤਾਂ ਵਰਗੇ' ਜੱਟਾਂ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ।[3] ਫਿਰ, ਬਾਬਰ ਲਿਖਦਾ ਹੈ : "ਜੇਕਰ ਕੋਈ ਹਿੰਦੋਸਤਾਨ ਵਿਚ ਜਾਵੇ ਤਾਂ ਉਹ ਦੇਖੇ ਕਿ ਜੱਟਾਂ ਅਤੇ ਗੁੱਜਰਾਂ ਦੀਆਂ ਅਣਗਿਣਤ ਵਹੀਰਾਂ ਬੈਲਾਂ ਅਤੇ ਮੱਝਾਂ ਦੀ ਲੁੱਟਮਾਰ ਲਈ ਪਹਾੜਾਂ ਅਤੇ ਮੈਦਾਨਾਂ ਵਿਚੋਂ ਨਿਕਲ ਆਉਂਦੀਆਂ ਹਨ। ਇਹ ਭੈੜੇ ਲੋਕ ਮੂਰਖ ਅਤੇ ਜ਼ਾਲਮ ਹਨ। ਪਹਿਲੋਂ ਉਨ੍ਹਾਂ ਨਾਲ ਸਾਡਾ ਵਾਹ ਨਹੀਂ ਸੀ ਕਿਉਂਕਿ ਦੇਸ਼ ਦੁਸ਼ਮਣ ਦਾ ਸੀ ਪਰ ਜਦ ਅਸੀਂ ਇਸ ਨੂੰ ਪ੍ਰਾਪਤ ਕਰ ਲਿਆ ਤਾਂ ਫਿਰ ਵੀ ਇਹ ਲੋਕ ਉਹੀ ਬੇਸਮਝੀ ਕਰਨ ਲੱਗ ਪਏ। ਜਦ ਅਸੀਂ ਸਿਆਲਕੋਟ ਪਹੁੰਚੇ ਤਾਂ ਉਹ ਸ਼ਹਿਰ ਵਿਚੋਂ ਸਾਡੇ ਕੈਂਪ ਨੂੰ ਆ ਰਹੇ ਗਰੀਬ ਅਤੇ ਲੋੜਵੰਦ ਲੋਕਾਂ ਉਤੇ ਟੁਟ ਪਏ ਅਤੇ ਉਨ੍ਹਾਂ ਤੋਂ ਸਭ ਕੁਝ ਖੋਹ ਖਿੰਝ ਲਿਆ। ਮੈਂ ਇਨ੍ਹਾਂ ਨੂੰ ਪਕੜਨ ਦਾ ਹੁਕਮ ਦਿੱਤਾ ਅਤੇ ਦੋ ਜਾਂ ਤਿੰਨਾਂ ਦੇ ਟੁਕੜੇ ਕਰ ਦੇਣ

---

1. Briggs, *History of the Rise of the Mahomedan Power*, Vol. I, pp. 81, 82.
2. Elliott, *History of India as told by its own Historians*, Vol. III, p. 245.
3. ਉਹੀ, ਪੰਨਾ 428, 429, 492, 493

ਲਈ ਕਿਹਾ ।"[1] ਇਹ ਵੀ ਕਿਹਾ ਜਾਂਦਾ ਹੈ ਕਿ ਕਈ ਵਾਰ ਜੱਟਾਂ ਦਾ ਇਕੱਲਾ ਪਿੰਡ ਹੀ, ਰਸਦ ਲਿਜਾ ਰਹੀ ਸਾਰੀ ਲਾਮਡੋਰੀ ਨੂੰ ਲੁਟ ਲੈਂਦਾ ਸੀ ।[2] ਇਹ ਹਵਾਲੇ ਬਹੁਤ ਥੋੜ੍ਹੇ ਹਨ ਪਰ ਇਹ ਨਿਸ਼ਚਿਤ ਰੂਪ ਵਿਚ ਪ੍ਰਗਟ ਕਰਦੇ ਹਨ ਕਿ ਜੱਟ ਲੁਟੇਰੇ ਸਨ । ਵਾਸਤਵ ਵਿਚ ਇਹ ਸਾਰੇ ਯੋਗ ਵਿਦਵਾਨ ਇਸ ਗੱਲ ਤੇ ਸਹਿਮਤ ਹਨ ਕਿ ਜੱਟਾਂ ਦੇ ਸੁਭਾ ਵਿਚ ਇਹ ਬੁਨਿਆਦੀ ਤੱਤ ਉਨ੍ਹਾਂ ਦੀ ਲੁਟਮਾਰ ਦੀ ਪ੍ਰਵਿਰਤੀ ਸੀ ਅਤੇ ਇਹ ਮਹੱਤਵਪੂਰਨ ਹੈ ਕਿ ਪਿੰਡਾਂ ਦੇ ਸਿਆਣੇ ਜੱਟਾਂ ਨੂੰ ਇਉਂ ਦਸਦੇ ਹਨ : "ਉਹ ਉਤਨਾ ਚਿਰ ਤੁਹਾਡਾ ਮਿੱਤਰ ਹੈ ਜਿੰਨਾ ਚਿਰ ਤੁਹਾਡੇ ਹੱਥ ਵਿਚ ਡੰਡਾ ਹੈ । ਜੇ ਬਿਗੜ ਜਾਵੇ ਤਾਂ ਪਰਮਾਤਮਾ ਹੀ ਉਸ ਨੂੰ ਫੜ ਸਕਦਾ ਹੈ ।"[3] "ਜੱਟ, ਭੱਟ, ਸੁੰਡੀ ਅਤੇ ਰੰਡੀ ਤੀਵੀਂ ਇਹ ਚਾਰੇ ਭੁਖੇ ਹੀ ਚੰਗੇ ਹੁੰਦੇ ਹਨ । ਜੇਕਰ ਇਹ ਰੱਜ ਜਾਣ ਤਾਂ ਨੁਕਸਾਨ ਕਰਦੇ ਹਨ ।" "ਜੱਟ ਫੱਟ ਵਾਂਗ ਬੰਨ੍ਹਿਆ ਹੀ ਠੀਕ ਰਹਿੰਦਾ ਹੈ"[4] ਆਦਿ । ਇਬਸਟਨ ਦੀ ਰਾਏ ਹੈ ਕਿ ਆਮ ਕਰਕੇ, ਜੇ ਲੋਕੀ ਉਸ ਨੂੰ ਠੀਕ ਰਹਿਣ ਦੇਣ ਤਾਂ ਉਹ ਆਪਣੀ ਜ਼ਮੀਨ ਵਾਹ ਕੇ ਸੰਤੁਸ਼ਟ ਰਹਿੰਦਾ ਹੈ ਅਤੇ ਆਪਣਾ ਲਗਾਨ ਚੁਪਚਾਪ ਸ਼ਾਂਤੀ ਨਾਲ ਦਿੰਦਾ ਹੈ ਪਰ ਜਦ ਉਹ ਬਿਗੜ ਜਾਏ ਤਾਂ ਉਹ "ਜੂਏ ਤੋਂ ਲੈ ਕੇ ਕਤਲ ਤਕ ਕੁਝ ਵੀ ਕਰ ਸਕਦਾ ਹੈ ਅਤੇ ਦੂਜੇ ਲੋਕਾਂ ਦੀਆਂ ਇਸਤ੍ਰੀਆਂ ਅਤੇ ਪਸ਼ੂਆਂ ਨੂੰ ਚੋਰੀ ਕਰਨਾ ਵਧੇਰੇ ਚੰਗਾ ਸਮਝਦਾ ਹੈ ।"[5] ਸੋ ਇਹ ਪ੍ਰਤੀਤ ਹੁੰਦਾ ਹੈ ਕਿ ਜੱਟਾਂ ਦੇ ਸੁਭਾ ਵਿਚ ਲੁਟਮਾਰ ਦਾ ਤੱਤ ਹੈ ਜਿਹੜਾ ਕਿ ਉਨ੍ਹਾਂ ਨੂੰ ਵਸ ਵਿਚ ਨਹੀਂ ਰਹਿਣ ਦਿੰਦਾ ਅਤੇ ਉਹ ਦੂਜੇ ਲੋਕਾਂ ਦੇ ਖਰਚ ਤੇ ਆਪਣੇ ਵਾਧਾ ਕਰਦੇ ਹਨ ।

ਇਸ ਦੇ ਨਾਲ ਇਤਿਹਾਸ ਵਿਚ ਉਦਾਹਰਣਾਂ ਮਿਲਦੀਆਂ ਹਨ ਜਿਹੜੀਆਂ ਜੱਟਾਂ ਨੂੰ ਵਧੀਆ ਲੜਾਕੂ ਦਸਦੀਆਂ ਹਨ ਅਤੇ ਉਨ੍ਹਾਂ ਦੇ ਸਾਹਸ ਨਿਰਾਸ਼ ਸਥਿਤੀਆਂ ਵਿਚ ਵੀ ਨਹੀਂ ਸਨ ਢਹਿੰਦੇ । ਅਸੀਂ ਦੇਖ ਚੁਕੇ ਹਾਂ ਕਿ ਅਜਿਤ ਸੁਲਤਾਨ ਮਹਿਮੂਦ, ਜਿਸ ਦਾ ਨਾਂ ਉੱਤਰੀ ਭਾਰਤ ਵਿਚ ਇਕ ਹਊਆ ਬਣ ਗਿਆ ਹੋਇਆ ਸੀ, ਨੂੰ ਵੀ ਉਨ੍ਹਾਂ ਨੂੰ ਈਨ ਮਨਾਉਣ ਲਈ ਬੁਰੀ ਤਰ੍ਹਾਂ ਲੜਨਾ ਪਿਆ ਅਤੇ ਤੈਮੂਰ ਜਿਸ ਤੋਂ ਸਾਰੇ ਭੈ ਖਾਂਦੇ ਸਨ, ਉਹ ਉਸ ਤੋਂ ਡਰਦੇ ਨਹੀਂ ਸਨ । ਅਸੀਂ ਇਥੇ ਇਕ ਹੋਰ ਘਟਨਾ ਦਾ ਵਰਣਨ ਕਰਦੇ ਹਾਂ ਜਿਹੜੀ ਜੱਟਾਂ ਦੇ ਲੜਾਕੂ ਗੁਣ ਨੂੰ ਪ੍ਰਸ਼ੰਸਾ ਜਨਕ ਢੰਗ ਨਾਲ ਪ੍ਰਗਟ ਕਰਦੀ ਹੈ । ਔਰੰਗਜ਼ੇਬ ਦੇ ਹਿੰਦੂ ਮਤ ਉਤੇ ਖੁਲ੍ਹਮ ਖੁਲ੍ਹੇ ਵਾਰ ਕਰਨ ਅਤੇ ਦਾਰਾ ਸ਼ਿਕੋਹ ਵਲੋਂ ਕੇਸ਼ਵ ਰਾਏ ਦੇ ਮੰਦਰ ਨੂੰ ਭੇਟ ਕੀਤੇ ਮੁੜਵੇ ਪਥਰ ਦੇ ਜੰਗਲੇ ਨੂੰ ਜ਼ਬਰਦਸਤੀ ਉਠਾ ਲੈ ਜਾਣ ਦੇ ਸਿੱਟੇ ਕਾਰਨ ਮਥਰਾ ਦੀ ਸਾਰੀ ਜੱਟ ਕ੍ਰਿਸਾਨੀ ਨੇ ਤਿਲਪਤ ਦੇ ਜ਼ਮੀਂਦਾਰ ਗੋਕਲ ਦੀ ਅਗਵਾਈ ਹੇਠ 1669 ਈ: ਵਿਚ ਬਗਾਵਤ ਕਰ ਦਿੱਤੀ । ਸਦਾਬਾਦ ਦਾ ਪਰਗਨਾ ਲੁਟ ਲਿਆ ਅਤੇ

1. Beveridge, *Memoris of Babar*, Vol. III, p. 454.
2. ਈਲੀਅਟ, ਉਪਰੋਕਤ ਰਚਨਾ, ਸੈਂਚੀ ਅੱਠਵੀਂ, ਪੰਨਾ 55
3. Risley, *People of India*, p. 132.
4. ਇਬਸਟਨ, ਉਪਰੋਕਤ ਰਚਨਾ, ਪੰਨਾ 103
5. ਇਬਸਟਨ, ਉਹੀ, ਪੰਨਾ 102

ਛੇਤੀ ਹੀ ਗੜਬੜ ਆਗਰਾ ਜ਼ਿਲ੍ਹੇ ਵਿਚ ਫੈਲ ਗਈ। ਗੜਬੜ ਸਾਰਾ ਸਾਲ ਹੁੰਦੀ ਰਹੀ। ਆਖਰ ਸ਼ਹਿਨਸ਼ਾਹ ਨੂੰ ਆਪ ਚੜ੍ਹਾਈ ਕਰਨੀ ਪਈ। ਹੁਣ ਬਾਗੀਆਂ ਤੇ ਜ਼ੋਰਦਾਰ ਹਮਲਾ ਕੀਤਾ ਗਿਆ, "ਜਦ ਉਹ ਹੋਰ ਟਾਕਰਾ ਨਾ ਕਰ ਸਕੇ ਤਾਂ ਉਨ੍ਹਾਂ ਵਿਚੋਂ ਬਹੁਤਿਆਂ ਨੇ ਆਪਣੀਆਂ ਤੀਵੀਆਂ ਨੂੰ ਕਤਲ ਕਰ ਦਿੱਤਾ ਅਤੇ ਤਲਵਾਰ ਲੈ ਕੇ ਨਿਰਾਸਤਾ ਵਿਚ ਅੰਧਾ ਧੁੰਦ ਮੁਗਲਾਂ ਤੇ ਟੁਟ ਪਏ।" ਅਗਲੇ ਮਹੀਨੇ, "ਲੰਮੇ ਅਤੇ ਖੂਨੀ ਟਾਕਰੇ ਮਗਰੋਂ ਉਹ ਮੁਗਲਾਂ ਦੇ ਤੋਪਖਾਨੇ ਅੱਗੇ ਹਾਰ ਗਏ ਅਤੇ ਤਿਲਪਤ ਨੂੰ ਨਸ ਗਏ, ਜਿਸ ਨੂੰ ਤਿੰਨ ਦਿਨ ਘੇਰਾ ਪਾਈ ਰੱਖਿਆ ਅਤੇ ਤਲਵਾਰ ਦੇ ਜ਼ੋਰ ਨਾਲ ਮਿਟੀ ਵਿਚ ਮਿਲਾ ਦਿਤਾ ਗਿਆ।" ਭਾਵੇਂ ਜੱਟਾਂ ਦਾ ਆਗੂ ਮਾਰਿਆ ਗਿਆ ਅਤੇ ਉਨ੍ਹਾਂ ਨੂੰ ਤਕੜੀ ਹਾਰ ਹੋਈ ਪਰ ਫਿਰ ਵੀ ਗੜਬੜ ਚਲਦੀ ਰਹੀ ਅਤੇ ਮਾਰਚ 1670 ਈ: ਵਿਚ ਹਸਨ ਅਲੀ ਖਾਂ "ਉਨ੍ਹਾਂ ਨੂੰ ਗੁਲਾਮ ਬਣਾਉਣ ਅਤੇ ਕਾਬੂ ਕਰਨ, ਉਨ੍ਹਾਂ ਦੇ ਘਰਾਂ ਨੂੰ ਲੁਟਣ, ਉਨ੍ਹਾਂ ਦੇ ਪਰਿਵਾਰਾਂ ਨੂੰ ਖਤਮ ਕਰਨ ਅਤੇ ਉਨ੍ਹਾਂ ਦੇ ਮਜਬੂਤ ਕਿਲ੍ਹਿਆਂ ਨੂੰ ਢਾਹੁਣ ਵਿਚ ਰੁਝਿਆ ਰਿਹਾ।"[1] ਸੋ ਇਹ ਪ੍ਰਤਖ ਹੈ ਕਿ ਉਨ੍ਹਾਂ ਲੋਕਾਂ ਨੇ ਜਿਹੜੇ ਨਿਯੰਤ੍ਰਿਤ ਨਹੀ ਸਨ ਅਤੇ ਜਿਨ੍ਹਾਂ ਕੋਲ ਸਾਧਨ ਨਹੀਂ ਸਨ, ਇਕ ਮਹਾਨ ਸਾਮਰਾਜ ਦੀਆਂ ਜੱਥੇਬੰਦ ਫੌਜਾਂ ਨੂੰ ਇਕ ਸਾਲ ਲਾਗੇ ਨਹੀਂ ਆਉਣ ਦਿਤਾ, ਉਹ ਕੋਈ ਮਾਮੂਲੀ ਫੌਜੀ ਗੁਣਾਂ ਦੇ ਮਾਲਕ ਨਹੀਂ ਸਨ।

ਪਰ ਇਹ ਪ੍ਰਸ਼ਨ ਸਹਿਜੇ ਹੀ ਉਠਾਇਆ ਜਾ ਸਕਦਾ ਹੈ ਕਿ ਉਪਰੋਕਤ ਪੁਨਰ-ਵਿਚਾਰ ਵਿਚ ਜੱਟਾਂ ਨੂੰ ਸਮੁੱਚੇ ਰੂਪ ਵਿਚ ਲਿਆ ਗਿਆ ਹੈ, ਭਾਵੇਂ ਇਸ ਵਿਚ ਸ਼ੱਕ ਨਹੀਂ ਕਿ ਕੁਝ ਇਕ ਹਵਾਲੇ ਅਜਿਹੇ ਵੀ ਦਿਤੇ ਗਏ ਸਨ ਜਿਹੜੇ ਮਾਝੇ ਅਤੇ ਮਾਲਵੇ ਦੇ ਇਲਾ-ਕਿਆਂ ਤੇ ਵਿਸ਼ੇਸ਼ ਤੌਰ ਤੇ ਲਾਗੂ ਹੁੰਦੇ ਹਨ। ਪਰ ਫਿਰ ਵੀ ਇਹ ਗੱਲ ਸ਼ੱਕ ਵਾਲੀ ਬਣੀ ਰਹਿੰਦੀ ਹੈ ਕਿ ਉਪਰੋਕਤ ਸਿਟੇ ਉਨ੍ਹਾਂ ਅਸਥਾਨਾਂ ਦੇ ਜੱਟਾਂ ਬਾਰੇ ਕਿਥੋਂ ਤਕ ਸੱਚ ਹਨ। ਪਰੰਤੂ ਸਾਰੇ ਲੇਖਕ ਜਿਨ੍ਹਾਂ ਨੇ ਇਸ ਪ੍ਰਸ਼ਨ ਨੂੰ ਕੁਝ ਗਹੁ ਨਾਲ ਵਿਚਾਰਿਆ ਹੈ, ਇਸ ਗੱਲ ਤੇ ਸਹਿਮਤ ਹਨ ਕਿ ਜੱਟ ਭਾਵੇਂ ਉਹ ਸਿਖ ਹਿੰਦੂ ਜਾਂ ਮੁਸਲਮਾਨ ਭਾਵੇਂ ਉਹ ਕੇਂਦਰੀ ਪੰਜਾਬ ਦੇ, ਪੂਰਬੀ ਪੰਜਾਬ ਦੇ, ਦੁਆਬ ਦੇ ਜਾਂ ਹੇਠਲੀ ਜਮੁਨਾ ਘਾਟੀ ਦੇ ਹਨ ਸਾਰੇ ਹੀ ਇਕੋ ਪ੍ਰਕਾਰ ਦੇ ਜ਼ਰੂਰੀ ਲੱਛਣ ਪ੍ਰਗਟ ਕਰਦੇ ਹਨ। ਪੱਛਮੀ ਤਲਹਟੀ ਦੇ ਜੱਟਾਂ ਬਾਰੇ ਜਾਂ ਲਾਹੌਰ ਦੇ ਪੱਛਮ ਦੀਆਂ ਪਹਾੜੀਆਂ ਦੇ ਪੈਰਾਂ ਵਿਚ ਵੱਸੇ ਜੱਟਾਂ ਬਾਰੇ ਇਬਸਟਨ, ਜਿਸ ਨੂੰ ਨਿਰਸੰਦੇਹ ਇਸ ਵਿਸ਼ੇ ਤੇ ਪ੍ਰਮਾਣਿਕ ਮੰਨਿਆ ਜਾ ਸਕਦਾ ਹੈ, ਕਹਿੰਦਾ ਹੈ, ਜਿਹੜੇ ਹੁਣ ਜੱਟ ਜਾਤੀਆਂ ਜਾਣੇ ਜਾਂਦੇ ਹਨ ਜ਼ਰੂਰ ਹੀ ਕਾਸਤਕਾਰ ਹੁੰਦੇ ਹਨ, ਅਤੇ ਉਨ੍ਹਾਂ ਦੀ ਸਮਾਜਿਕ ਪਦਵੀ ਉਹੀ ਹੈ ਜਿਹੜੀ ਕਿ ਪੂਰਬੀ ਮੈਦਾਨਾਂ ਵਿਚ ਰਹਿਣ ਵਾਲਿਆਂ ਦੀ ਹੈ ਅਤੇ ਵਾਸਤਵ ਵਿਚ ਇਸ ਉਨ੍ਹਾਂ ਨਾਲ ਹਰ ਪੱਖਿਓਂ ਲਦੇ ਜੁਲਦੇ ਹਨ।"[2] ਪੂਰਬੀ ਤਲਹਟੀ ਦੇ ਜੱਟਾਂ ਅਤੇ ਇਸ ਦੇ ਦੱਖਣ ਵਿਚ ਸਿੱਖ ਜੱਟਾਂ ਵਿਚਕਾਰ, ਜਾਂ ਪੱਛਮ ਵਿਚ ਤਲਹਟੀ ਦੇ

1. ਜੇ. ਐਨ. ਸਰਕਾਰ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 290-295
2. ਇਬਟਸਨ, ਉਪਰੋਕਤ ਰਚਨਾ, ਪੰਨਾ 114

ਜੱਟਾਂ ਅਤੇ ਦੱਖਣ-ਪੂਰਬੀ ਜੱਟਾਂ ਵਿਚਕਾਰ ਹੱਦਬੰਦੀ ਦੀ ਕੋਈ ਨਿਸ਼ਚਿਤ ਲੀਕ ਨਹੀਂ ਹੈ[1] ਅਤੇ ਜਮੁਨਾ ਦੇ ਜ਼ਿਲਿਆਂ, ਜੀਂਦ, ਰੋਹਤਕ ਅਤੇ ਹਿਸਾਰ ਵਿਚ ਰਹਿੰਦੇ ਲੋਕ ਵੀ 'ਜਮੁਨਾ-ਗੰਗਾ ਦੁਆਬ ਅਤੇ ਹੇਠਲੀ ਜਮਨਾ ਘਾਟੀ ਦੇ ਜੱਟਾਂ ਨਾਲ ਹਰ ਪੱਖੋਂ ਰਲਦੇ ਮਿਲਦੇ ਹਨ ਅਤੇ ਉਨ੍ਹਾਂ ਦਾ ਮਾਲਵੇ ਦੀਆਂ ਸਿੱਖ ਜਾਤੀਆਂ ਨਾਲੋਂ ਸਵਾਏ ਧਰਮ ਦੇ ਬਹੁਤ ਘੱਟ ਅੰਤਰ ਹੈ।"[2] ਕਈ ਲੇਖਕਾਂ ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ ਧਰਮ ਦੀ ਬਦਲੀ ਨੇ ਇਨ੍ਹਾਂ ਲੋਕਾਂ ਦੇ ਸੁਭਾ ਵਿਚ ਕੋਈ ਪਰਿਵਰਤਨ ਨਹੀਂ ਲਿਆਂਦਾ। ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਤੈਮੂਰ ਨੂੰ ਤੰਗ ਕਰਨ ਵਾਲੇ 'ਦੈਂਤਾਂ ਵਰਗੇ' ਜੱਟ "ਕੇਵਲ ਨਾਂ ਮਾਤਰ ਹੀ ਮੁਸਲਮਾਨ" ਸਨ ਅਤੇ ਸਾਡਾ ਵਿਚਾਰ ਹੈ ਕਿ ਉਨ੍ਹਾਂ ਜੱਟਾਂ ਵਿਚ "ਜਿਹੜੇ ਪਹਾੜਾਂ ਅਤੇ ਜੰਗਲਾਂ ਵਿਚੋਂ ਬੈਲ ਅਤੇ ਮੱਝਾਂ ਚੁਰਾਣ ਲਈ ਵਹੀਰਾਂ ਵਿਚ ਹੇਠਾਂ ਉਤਰਦੇ ਸਨ" ਅਤੇ "ਸਿਆਲਕੋਟ ਤੋਂ ਬਾਬਰ ਦੇ ਕੈਂਪ ਨੂੰ ਜਾ ਰਹੀ ਤੁਰਕੀ ਫੌਜ ਨੂੰ ਲੁਟਦੇ ਸਨ"[3] ਅਤੇ ਦੂਜੇ ਪਾਸੇ ਸਿੱਖ ਜਿਹੜੇ ਪਹਾੜਾਂ ਵਿਚੋਂ ਨਿਕਲ ਕੇ "ਦਿੱਲੀ ਤੋਂ ਲੁਟਮਾਰ ਦਾ ਸਾਮਾਨ ਲੈ ਜਾ ਰਹੀ ਨਾਦਰਸ਼ਾਹ ਦੀ ਫ਼ੌਜ ਦੇ ਪਿਛਲੇ ਫੌਜੀ ਦਸਤਿਆਂ ਤੇ ਟੁਟ ਪਏ ਸਨ ਅਤੇ ਜੋ ਕੁਝ ਉਨ੍ਹਾਂ ਦੇ ਹੱਥ ਲਗਾ ਲੈ ਕੇ ਦੌੜ ਗਏ ਸਨ"[4] ਵਿਚਾਲੇ ਪਰਿਵਾਰਿਕ ਜਾਂ ਜਾਤੀ ਸਮਰੂਪਤਾ ਪਛਾਣਨ ਲਈ ਬਹੁਤੀ ਕਲਪਨਾ ਦੀ ਲੋੜ ਨਹੀਂ। ਉਨ੍ਹਾਂ ਜੱਟਾਂ ਵਿਚ ਜਿਨ੍ਹਾਂ ਨੇ ਆਪਣੇ 'ਮੰਡਲ' ਬਣਾਏ ਸਨ, ਲਗਾਨ ਦੇਣੋ ਇਨਕਾਰ ਕਰ ਦਿਤਾ ਸੀ, ਅਤੇ ਸੜਕਾਂ ਲੁਟਣ ਲਗ ਪਏ ਸਨ, ਅਤੇ ਸਿੱਖਾਂ ਵਿਚ ਜਿਨ੍ਹਾਂ ਨੇ 1734 ਈ: ਵਿਚ ਆਪਣੇ ਆਪ ਨੂੰ ਦਲਾਂ' ਵਿਚ ਵੰਡ ਲਿਆ ਸੀ ਅਤੇ ਜਿਨ੍ਹਾਂ ਨੇ ਖੁਲ੍ਹਮ ਖੁਲ੍ਹੀ ਲੁਟਮਾਰ ਦੀ ਜੱਥੇਬੰਦ ਕਾਰਵਾਈ ਕੀਤੀ, ਸਮਰੂਪਤਾ ਦੇਖੀ ਜਾ ਸਕਦੀ ਹੈ।[5] ਸਰਕਾਰ ਕਹਿੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਅੰਧਿਆਲੇ ਦਿਨਾਂ ਵਿਚ ਉਨ੍ਹਾਂ ਦੇ ਅਨੁਯਾਈ ਲੁਟੇਰੇ ਬਣ ਗਏ ਸਨ ਅਤੇ ਉਨ੍ਹਾਂ ਨੇ ਮੁਗਲ ਅਫਸਰਾਂ ਨੂੰ ਤੰਗ ਕਰਨ ਅਤੇ ਪੰਜਾਬ ਦੇ ਹਿੱਸਿਆਂ ਤੇ ਧਾਵੇ ਕਰਨ ਲਈ ਆਪਣੀਆਂ ਆਪਣੀਆਂ ਟੋਲਿਆਂ ਬਣਾ ਲਈਆਂ ਸਨ, ਅਤੇ ਉਹ ਔਰੰਗਜ਼ੇਬ ਦੇ ਪੱਤਰ ਬਾਰੇ ਦਸਦਾ ਹੈ ਜਿਸ ਵਿਚ ਅਜੇਹੀ ਇਕ ਟੋਲੀ ਦੀ ਭਾਵੀ ਬਾਰੇ ਦਸਿਆ ਗਿਆ ਹੈ।[6] ਪਰੰਤੂ ਇਹ ਕੋਈ ਨਵੀਂ ਗੱਲ ਨਹੀਂ ਸੀ, ਸਿੱਖ ਆਪਣੀ ਨਸਲ ਦੇ ਰੂੜ੍ਹੀਗਤ ਜੰਗੀ ਦਾਅ-ਪੇਚ ਹੀ ਵਰਤ ਰਹੇ ਸਨ।

ਇਹ ਉਹੀ ਲੋਕ ਸਨ ਜਿਨ੍ਹਾਂ ਨੇ ਗੁਰੂ ਅਰਜਨ ਦੇਵ ਅਤੇ ਉਨ੍ਹਾਂ ਦੇ ਪੁੱਤਰ ਸਮੇਂ ਬਹੁ-ਸੰਖਿਆ ਵਿਚ ਸਿੱਖ ਮਤ ਦੀ ਗਿਣਤੀ ਵਿਚ ਵਾਧਾ ਕਰਨਾ ਆਰੰਭ ਕੀਤਾ ਅਤੇ ਇਹ

1. ਇਬਸਟਨ, ਉਪਰੋਕਤ ਰਚਨਾ, ਪੰਨਾ 124
2. ਉਹੀ, ਪੰਨਾ 126
3. ਈਲੀਅਟ, ਉਪਰੋਕਤ ਰਚਨਾ, ਜੈਂਚੀ ਚੌਥੀ, ਪੰਨਾ 240
4. ਨਾਰੰਗ, ਉਪਰੋਕਤ ਰਚਨਾ, ਪੰਨਾ 216
5. ਉਹੀ, ਪੰਨਾ 206, 207
6. ਸਰਕਾਰ, ਉਪਰੋਕਤ ਰਚਨਾ; ਜੈਂਚੀ ਤੀਜੀ, ਪੰਨਾ 319

ਜਾਣਨਾ ਮੁਸ਼ਕਿਲ ਨਹੀਂ ਕਿ ਇਨ੍ਹਾਂ ਲੋਕਾਂ ਨੂੰ ਇਸ ਪੱਧਤੀ ਵਿਚ ਸਮੋਣ ਲਈ ਕਿਸੇ ਪੁਨਰ ਸਮੰਜਨ ਦਾ ਹੋਣਾ ਅੱਵਸ਼ ਸੀ। ਪ੍ਰਮਾਣ ਵਜੋਂ, ਗੁਰੂ ਅਮਰਦਾਸ ਜੀ ਦੀ ਗੋਇੰਦਵਾਲ ਵਿਖੇ ਵੱਸੇ ਮੁਸਲਮਾਨਾਂ, ਜਿਹੜੇ ਕਿ ਸਿੱਖਾਂ ਨੂੰ ਲਗਾਤਾਰ ਤੰਗ ਕਰ ਰਹੇ ਸਨ, ਪ੍ਰਤਿ ਅਪ੍ਰਤਿਰੋਧ ਦੀ ਅਪਨਾਈ ਗਈ ਪਾਲਿਸੀ ਅਤੇ ਉਨ੍ਹਾਂ ਦਾ ਕਥਨ "ਬਦਲਾ ਲੈਣਾ ਸੰਤਾਂ ਲਈ ਯੋਗ ਨਹੀਂ"[1] ਇਨ੍ਹਾਂ ਲੋਕਾਂ ਦੀ ਪਰੰਪਰਾ ਅਤੇ ਸੁਭਾ ਨੂੰ ਰਾਸ ਨਹੀਂ ਆਇਆ ਹੋਵੇਗਾ। ਸੋ ਬਾਹਰੀ ਅਤੇ ਅੰਦਰਲੀ ਸਥਿਤੀ ਨੇ ਸਿੱਖ ਮਤ ਦੇ ਪਹਿਲੇ ਮਾਰਗ ਨੂੰ ਅਪਨਾਈ ਰੱਖਣਾ ਲਗ ਭਗ ਅਸੰਭਵ ਕਰ ਦਿੱਤਾ ਸੀ ਅਤੇ ਵਿਸ਼ੇਸ਼ ਤੌਰ ਤੇ ਇਸ ਮੂਲ ਤੱਥ ਨੂੰ ਨਾ ਪਛਾਣਨਾ ਹੀ ਗੁਰੂ ਜੀ ਵਿਰੁਧ ਲਾਏ ਗਏ ਆਰੋਪਾਂ ਲਈ ਜ਼ਿਮੇਵਾਰ ਹੈ।

ਜਿਸ ਢੰਗ ਨਾਲ ਗੁਰੂ ਜੀ ਨੇ ਸਥਿਤੀ ਦਾ ਸਾਹਮਣਾ ਕੀਤਾ ਇਸ ਤੋਂ ਉਨ੍ਹਾਂ ਦੀ ਸਾਧਨਕਾਰੀ ਅਤੇ ਵਿਵਹਾਰਿਕ ਸਿਆਣਪ ਪ੍ਰਗਟ ਹੁੰਦੀ ਹੈ। ਜਿਵੇਂ ਕਿ ਅਸੀਂ ਪਹਿਲਾਂ ਕਹਿ ਚੁਕੇ ਹਾਂ, ਮੁਗ਼ਲ ਸਰਕਾਰ ਹੇਠ ਪਦਵੀ ਨੂੰ ਸ੍ਵੀਕਾਰ ਕਰਨਾ ਇਕ ਚੰਗੀ ਨੀਤੀ ਸੀ, ਅਤੇ ਸ੍ਰੀ ਹਰਿਗੋਬਿੰਦਪੁਰ ਵਿਖੇ ਕਿਲ੍ਹਾ ਬਣਾਉਣਾ ਅਤੇ ਪਹਿਲੋਂ ਹੀ ਕੀਰਤਪੁਰ ਵਿਖੇ ਜਾ ਵਸਣਾ ਉਨ੍ਹਾਂ ਦੀ ਦੂਰ ਦਰਸ਼ਤਾ ਨੂੰ ਰੂਪਮਾਨ ਕਰਦਾ ਹੈ। ਜਿੰਨਾ ਚਿਰ ਉਹ ਕਰ ਸਕੇ ਉਹ ਸਰਕਾਰ ਨਾਲ ਸ਼ਾਂਤੀ ਨਾਲ ਰਹੇ ਅਤੇ ਜੇਕਰ ਆਖਰ ਲੜਨਾ ਹੀ ਪਿਆ ਤਾਂ ਲੜਾਈ ਦੇ ਸਿੱਟਿਆਂ ਬਾਰੇ ਉਨ੍ਹਾਂ ਨੂੰ ਕੋਈ ਭੁਲੇਖਾ ਨਹੀਂ ਸੀ ਅਤੇ ਇਸ ਨੂੰ ਉਨ੍ਹਾਂ ਨੇ ਵਿਉਂਤ ਵੱਸ ਕੀਤਾ। ਇਹੀ ਕਾਰਨ ਹੈ ਕਿ ਉਹ ਕਦੇ ਘਬਰਾਏ ਨਹੀਂ ਸਨ ਅਤੇ ਭਾਵੇਂ ਕਿੰਨੀ ਹੀ ਖਤਰਨਾਕ ਸਥਿਤੀ ਹੋਵੇ ਉਨ੍ਹਾਂ ਨੇ ਕਦੇ ਮਨ ਦੇ ਸੰਤੁਲਨ ਨੂੰ ਤਿਆਗਿਆ ਨਹੀਂ ਸੀ। ਇਸ ਸ਼ਾਂਤਮਈ ਸੰਤੁਲਨ ਨੇ ਉਨ੍ਹਾਂ ਦਾ ਸਾਰੀ ਉਮਰ ਸਾਥ ਦਿੱਤਾ ਪਰੰਤੂ ਉਨ੍ਹਾਂ ਦਾ ਸਭ ਤੋਂ ਵੱਡਾ ਗੁਣ ਉਨ੍ਹਾਂ ਦਾ ਪ੍ਰਿਯ ਵਿਅਕਤਿਤਵ ਅਤੇ ਕਦੇ ਵੀ ਨਾ ਉਕੱਣ ਵਾਲੀ ਹਾਸਰਸੀ ਸੂਝ ਸੀ ਜਿਸ ਨੇ ਉਨ੍ਹਾਂ ਨੂੰ ਮਾਲਕਾਂ ਵਿਚੋਂ ਸਭ ਤੋਂ ਚੰਗਾ ਮਾਲਕ ਅਤੇ ਮਿੱਤਰਾਂ ਵਿਚੋਂ ਸਭ ਤੋਂ ਚੰਗਾ ਮਿੱਤਰ ਬਣਾ ਦਿੱਤਾ ਸੀ। ਇਸ ਹਾਸਰਸੀ ਅਨੁਭਵ ਨੂੰ ਗੁਰੂ ਜੀ, ਲੜਾਈ ਦੇ ਖੇਤਰ ਵਿਚ ਵੀ ਨਹੀਂ ਸਨ ਤਿਆਗਦੇ, ਜਦ ਕਿ ਉਨ੍ਹਾਂ ਦੀ ਜਾਨ ਖਤਰੇ ਵਿਚ ਹੁੰਦੀ ਅਤੇ ਉਨ੍ਹਾਂ ਨੇ ਇਸ ਹਾਸੀ ਠੱਠੇ ਆਪਣੀ ਜਾਨ ਦੀ ਕੀਮਤ ਤੇ ਵੀ ਅਨੰਦਮਈ ਬਣਾ ਦਿੱਤਾ ਸੀ। ਮੋਹਸਿਨ ਫਾਨੀ ਅਨੇਕਾਂ ਅਜੇਹੇ ਪ੍ਰਸੰਗ ਵਰਣਨ ਕਰਦਾ ਹੈ ਜਿਹੜੇ ਗੁਰੂ ਜੀ ਦੇ ਸੁਭਾਉ ਦੇ ਇਸ ਪਿਆਰੇ ਗੁਣ ਨੂੰ ਪ੍ਰਗਟ ਕਰਦੇ ਹਨ। ਸਾਨੂੰ ਦਸਿਆ ਗਿਆ ਹੈ ਕਿ ਕਰਤਾਰਪੁਰ ਦੀ ਜੰਗ ਵਿਚ "ਇਕ ਆਦਮੀ ਨੇ ਗੁਰੂ ਸਾਹਿਬ ਤੇ ਹਮਲਾ ਕਰਨ ਦਾ ਯਤਨ ਕੀਤਾ, ਗੁਰੂ ਸਾਹਿਬ ਨੇ ਤਲਵਾਰ ਨਾਲ ਉਸ ਦੇ ਦੋ ਟੋਟੇ ਕਰਦਿਆਂ ਹੋਇਆਂ ਆਗਿਆ, 'ਨਹੀਂ ਇਸ ਤਰ੍ਹਾਂ ਨਹੀਂ ਤਲਵਾਰ ਇਸ ਤਰ੍ਹਾਂ ਚਲਾਈ ਦੀ ਹੈ' ਅਤੇ ਇਕੋ ਹੀ ਵਾਰ ਨਾਲ ਵੈਰੀ ਦਾ ਖਾਤਮਾ ਕਰ ਦਿਤਾ।" ਗੁਰੂ ਜੀ ਦੇ ਇਕ ਸਾਥੀ ਨੇ ਮੋਹਸਿਨ ਫਾਨੀ ਤੋਂ ਗੁਰੂ ਜੀ ਦੇ ਤਲਵਾਰ ਚਲਾਉਣ ਸੰਬੰਧੀ ਉਚਰੇ ਸ਼ਬਦਾਂ ਦੇ ਭਾਵ ਦੀ ਵਿਆਖਿਆ ਪੁੱਛੀ ਤਾਂ ਉਸ

1. ਇਸੇ ਕ੍ਰਿਤ ਦੀ ਪਹਿਲੀ ਸੈਂਚੀ, ਪੰਨਾ 136

ਨੇ ਕਿਹਾ, "ਇਹ ਸਿਖਿਆ ਦੇਣ ਲਈ ਸੀ, ਕਿਉਂਕਿ ਗੁਰੂ ਤਲਵਾਰ ਚਲਾਉਣ ਦੀ ਸਿਖਿਆ ਵੀ ਦਿੰਦਾ ਹੈ ਕਿਉਂਕਿ ਗੁਰੂ ਨੂੰ ਸਿਖਿਆ-ਦਾਤਾ ਕਿਹਾ ਜਾਂਦਾ ਹੈ, ਉਨ੍ਹਾਂ ਨੇ ਇਹ ਗੁੱਸੇ ਨਾਲ ਨਹੀਂ ਮਾਰੀ ਸੀ ਜੋ ਕਿ ਇਤਰਾਜ਼ ਯੋਗ ਹੋਵੇਗੀ।"[1] ਸਾਨੂੰ ਪ੍ਰਤੀਤ ਹੁੰਦਾ ਹੈ ਕਿ ਇਸ ਘਟਨਾ ਵਿਚ ਮੋਹਸਿਨ ਫਾਨੀ ਕੁਝ ਵਧੇਰੇ ਗੰਭੀਰ ਹੈ ਅਤੇ ਹੋ ਸਕਦਾ ਹੈ ਕਿ ਇਹ ਗੁਰੂ ਜੀ ਦੀ ਜਮਾਂਦਰੂ ਹਾਸਰਸੀ ਤਬੀਅਤ ਦਾ ਹੀ ਦਿਖਾਵਾ ਹੋਵੇ। ਕੁਝ ਵੀ ਹੋਵੇ ਮੋਹਸਿਨ ਫਾਨੀ ਸਾਨੂੰ ਇਹ ਵੀ ਦਸਦਾ ਹੈ ਕਿ ਇਕ ਦੇਵ ਨਾਂ ਦਾ ਬ੍ਰਾਹਮਣ ਸੀ ਜਿਹੜਾ "ਆਪਣੇ ਆਪ ਨੂੰ ਸਿਆਣਿਆਂ ਵਿਚ ਗਿਣਦਾ ਸੀ। ਉਹ ਗੁਰੂ ਜੀ ਦੇ ਦਰਸ਼ਨ ਨੂੰ ਆਇਆ ਅਤੇ ਇਕ ਦਿਨ ਉਹ ਇਕ ਗੁਰੂ ਦੇ ਪੁੱਤਰ ਬਾਬਾ ਜੇਵ ਦੇ ਬਿਸਤਰੇ ਤੇ ਜਾ ਬੈਠਾ। ਲੋਕਾਂ ਨੇ ਕਿਹਾ, 'ਇਥੇ ਨਾ ਬੈਠ'। ਉਸ ਨੇ ਕਿਹਾ, 'ਕਿਉਂ ਨਾ ਬੈਠਾਂ?" ਉਨ੍ਹਾਂ ਨੇ ਕਿਹਾ 'ਇਹ ਗੁਰੂ ਜੀ ਦਾ ਸਥਾਨ ਹੈ।' ਉਸ ਨੇ ਕਿਹਾ 'ਕੀ ਗੁਰੂ ਮਨੁੱਖ ਨਹੀਂ ਹੈ, ਜਾਂ ਕੀ ਮੇਰੇ ਅੰਦਰ ਤਰਕਮਈ ਆਤਮਾ ਨਹੀਂ ਹੈ? ਜਾਂ ਜੋ ਕੁਝ ਦੂਜੇ ਖਾਂਦੇ ਜਾਂ ਪੀਂਦੇ ਹਨ ਮੈਂ ਨਹੀਂ ਖਾ ਪੀ ਸਕਦਾ?' ਇਹ ਵਿਖਿਆਨ ਗੁਰੂ ਜੀ ਦੀ ਕੰਨੀ ਜਾ ਪਿਆ। ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਬੁਲਾਇਆ ਅਤੇ ਕਿਹਾ, 'ਹੇ ਦੇਵ ਕੀ ਸਾਰੀ ਦੁਨੀਆਂ ਇਕ ਨਹੀਂ ਹੈ?' ਉਸ ਨੇ ਉੱਤਰ ਦਿੱਤਾ, 'ਜੀ ਹਾਂ' ਗੁਰੂ ਜੀ ਨੇ ਇਕ ਗਧੇ ਵਲ ਇਸ਼ਾਰਾ ਕਰਦੇ ਹੋਏ ਪੁਛਿਆ, ਤੂੰ ਜਾਣਦਾ ਹੈਂ ਕਿ ਇਹ ਕੌਣ ਹੈ?' ਦੇਵ ਨੇ ਉੱਤਰ ਦਿੱਤਾ, 'ਤੁਸੀਂ ਪਰਮਾਤਮਾ ਨਾਲ ਅਭੇਦ ਹੋ, ਇਸ ਲਈ ਤੁਸੀਂ ਵੀ ਇਹੋ ਹੀ ਹੋ।' ਗੁਰੂ ਜੀ ਹੱਸ ਪਏ ਅਤੇ ਬਿਲਕੁਲ ਹੀ ਨਾਰਾਜ਼ ਨਾ ਹੋਏ।"[2] ਇਨ੍ਹਾਂ ਕਥਾਵਾਂ ਤੋਂ ਸਪਸ਼ਟ ਪ੍ਰਗਟ ਹੁੰਦਾ ਹੈ ਕਿ ਉਹ ਕਿੰਨੇ ਸ਼ਾਂਤਮਈ ਸੁਭਾ ਵਾਲੇ ਸਨ, ਕਿੰਨੇ ਹਾਸਰਸੀ ਤਬੀਅਤ ਵਾਲੇ ਸਨ ਅਤੇ ਗੁਰੂ ਜੀ ਕਿੰਨੇ ਪਿਆਰੇ ਵਿਅਕਤਿਤਵ ਦੇ ਸੁਆਮੀ ਸਨ ਅਤੇ ਭਾਗਤਮ ਰੂਪ ਵਿਚ ਇਨ੍ਹਾਂ ਤੋਂ ਇਹ ਵੀ ਵਿਆਖਿਆ ਮਿਲਦੀ ਹੈ ਕਿ ਉਨ੍ਹਾਂ ਦੇ ਅਨੁਯਾਈਆਂ ਦੇ ਇਕ ਜੱਥੇ ਨੇ ਉਨ੍ਹਾਂ ਦੀਆਂ ਸਾਰੀਆਂ ਮੁਸੀਬਤਾਂ ਅਤੇ ਦੁੱਖਾਂ ਵਿਚ ਉਨ੍ਹਾਂ ਦੀ ਕਿੰਨੀ ਤੀਬਰਤਾ ਅਤੇ ਉਤਸ਼ਾਹ ਨਾਲ ਸੇਵਾ ਕਿਉਂ ਕੀਤੀ ਸੀ।

ਮੋਹਸਿਨ ਫਾਨੀ ਕਹਿੰਦਾ ਹੈ ਕਿ ਗੁਰੂ ਜੀ ਦੇ ਜੋਤੀ ਜੋਤ ਸਮਾਉਣ ਮਗਰੋਂ ਜਦ "ਉਨ੍ਹਾਂ ਦਾ ਮ੍ਰਿਤ ਸਰੀਰ ਚਿਖਾ ਤੇ ਰਖਿਆ ਗਿਆ ਅਤੇ ਜਦ ਅੱਗ ਦੀਆਂ ਲੰਮੀਆਂ ਲਾਟਾਂ ਨਿਕਲੀਆਂ, ਤਾਂ ਇਕ ਰਾਜਾ ਰਾਮ ਨਾਂ ਦਾ ਰਾਜਪੂਤ, ਜਿਹੜਾ ਕਿ ਉਨ੍ਹਾਂ ਦਾ ਸੇਵਕ ਸੀ, ਤੇਜ਼ੀ ਨਾਲ ਅੱਗ ਵਿਚ ਜਾ ਵੜਿਆ ਅਤੇ ਲਾਟਾਂ ਦੇ ਵਿਚਕਾਰ ਜਾ ਕੇ ਗੁਰੂ ਜੀ ਦੇ ਪੈਰਾਂ ਤੇ ਸਿਰ ਰਖ ਦਿੱਤਾ, ਅਤੇ ਉਦੋਂ ਤਕ ਨਾ ਹਿਲਿਆ ਜਦ ਤਕ ਕਿ ਰਾਖ ਨਾ ਹੋ ਗਿਆ। ਇਸ ਪਿਛੋਂ ਇਕ ਜੱਟ ਦਾ ਪੁੱਤਰ, ਜਿਹੜਾ ਕਿ ਗੁਰੂ ਹਰਿਗੋਬਿੰਦ ਜੀ ਦੇ ਜੁਆਈ ਦੀ ਸੇਵਾ ਵਿਚ ਸੀ, ਅੱਗ ਵਿਚ ਜਾ ਕੁਦਿਆ। ਹੋਰ ਬਹੁਤ ਸਾਰੇ ਸਿੱਖ ਵੀ ਅਜੇਹਾ ਕਰਨਾ ਚਾਹੁੰਦੇ ਸਨ ਪਰੰਤੂ ਗੁਰੂ ਹਰਿ ਰਾਇ ਨੇ ਮਨ੍ਹਾਂ ਕਰ ਦਿੱਤਾ।"[3] ਇਹ

1. ਦਬਿਸਤਾਨ, ਸੈਂਚੀ ਦੂਜੀ, ਪੰਨਾ 275
2. ਦਬਿਸਤਾਨ, ਸੈਂਚੀ ਦੂਜੀ, ਪੰਨਾ 279-280
3. ਉਹੀ, ਪੰਨਾ 280-281

ਸ਼ਰਧਾ ਅਤੇ ਆਪਾ-ਵਾਰਨ ਦੀਆਂ ਉਦਾਹਰਣਾਂ ਸਾਨੂੰ ਗੁਰੂ ਜੀ ਦੀ ਅਤਿ ਦੁਰਗਮ ਪਰਿਸਥਿਤੀਆਂ ਦੇ ਵਿਰੁਧ ਪ੍ਰਾਪਤ ਕੀਤੀ ਸਫਲਤਾ ਨੂੰ ਸਮਝਣ ਦੇ ਯੋਗ ਬਣਾਉਂਦੀਆਂ ਹਨ ਅਤੇ ਨਿਰਣੈਜਨਕ ਰੂਪ ਵਿਚ ਪ੍ਰਗਟ ਕਰਦੀਆਂ ਹਨ ਕਿ ਗੁਰੂ ਜੀ ਨੂੰ ਨੇਤਾ ਅਤੇ ਵਿਅਕਤੀ ਦੇ ਰੂਪ ਵਿਚ ਕਿੰਨਾ ਉੱਚਾ ਮਾਣ ਪ੍ਰਾਪਤ ਸੀ ।

ਅਧਿਆਇ 2

ਗੁਰੂ ਹਰਿਗੋਬਿੰਦ ਸਾਹਿਬ ਦੇ ਉੱਤਰਾਧਿਕਾਰੀ

1. ਗੁਰੂ ਹਰਿ ਰਾਇ

ਜੱਥੇਬੰਦੀ ਅਤੇ ਉੱਨਤੀ ਦੀ ਅਗਾਂਹ ਵਲ ਤੋਰ, ਜਿਹੜੀ ਕਿ ਗੁਰੂ ਨਾਨਕ ਦੇ ਉਤਰਾਧਿਕਾਰੀਆਂ ਹੇਠ ਸਿੱਖ ਮੱਤ ਦਾ ਪ੍ਰਮੁਖ ਲੱਛਣ ਸੀ, ਗੁਰੂ ਹਰਿਗੋਬਿੰਦ ਸਾਹਿਬ ਦੇ ਦਿਹਾਂਤ ਮਗਰੋਂ ਮੱਠੀ ਪੈ ਗਈ ਸੀ ਅਤੇ ਅਵਖੰਡਨ ਦਾ ਸਮਾਂ ਸ਼ੁਰੂ ਹੋ ਗਿਆ। ਗੁਰੂ ਅਰਜਨ ਸਾਹਿਬ ਨੇ ਆਪਣੇ ਅਨੁਯਾਈਆਂ ਨੂੰ ਸ਼ਾਂਤਮਈ ਢੰਗ ਨਾਲ ਪੂਰਨ ਭਾਂਤ ਸੰਗਠਿਤ ਕਰ ਦਿੱਤਾ ਹੋਇਆ ਸੀ ਅਤੇ ਹਰਿਗੋਬਿੰਦ ਸਾਹਿਬ ਹੇਠ ਸਿੱਖ ਮਤ ਕੋਲ ਆਪਣੀ ਫੌਜ ਹੋ ਗਈ ਸੀ, ਭਾਵੇਂ ਇਹ ਕਮਜ਼ੋਰ ਅਤੇ ਥੋੜ੍ਹੀ ਹੀ ਸੀ। ਸੋ ਇਕ ਰਵਾਇਤ ਪੈਦਾ ਹੋ ਚੁੱਕੀ ਸੀ ਜਿਸ ਨੇ ਸਿੱਖਾਂ ਦੀ ਸਮੁੱਚੀ ਵਿਚਾਰਧਾਰਾ ਅਤੇ ਸਿੱਖ ਮਤ ਵਿਚ ਪਰਿਵਰਤਨ ਲਿਆਉਣਾ ਸੀ। ਪਰੰਤੂ ਇਸ ਦੀ ਪੂਰਤੀ ਲਈ ਅਜੇ ਅੱਧੀ ਸਦੀ ਨਾਲੋਂ ਜ਼ਿਆਦਾ ਸਮਾਂ ਲੱਗਣਾ ਸੀ। ਇਸ ਵਿਚਾਲੇ ਇਕ ਨਵੀਂ ਸਥਿਤੀ ਪੈਦਾ ਹੋ ਗਈ, ਜਿਸ ਵਿਚ, ਕੁਝ ਸਮੇਂ ਲਈ ਫੋਟਕ-ਸ਼ਕਤੀਆਂ ਕਾਫ਼ੀ ਜ਼ੋਰ ਫੜਨ ਵਿਚ ਸਫਲ ਹੋ ਗਈਆਂ। ਗੁਰੂ ਜੀ ਦੀ ਅੰਮ੍ਰਿਤਸਰ ਤੋਂ ਲਗਾਤਾਰ ਗੈਰਹਾਜ਼ਰੀ, ਗੁਰੂ ਜੀ ਦੇ ਪਾਟਕ ਅਤੇ ਸ਼ਰੀਕ ਧੜਿਆਂ ਦਾ ਉਗਮ ਆਉਣਾ, ਮਸੰਦ ਸੰਸਥਾ ਵਿਚ ਗਿਰਾਵਟ, ਸਰਕਾਰ ਵਲੋਂ ਦਖਲ ਆਦਿ ਵਧ ਘੱਟ ਮਹੱਤਾ ਵਾਲੇ ਉਪਕਰਨਾਂ ਨੇ ਅਜੇਹੀ ਸਥਿਤੀ ਛੇਤੀ ਹੀ ਲਿਆ ਦਿੱਤੀ ਜਿਸ ਵਿਚ ਕੇਂਦਰ-ਪਸਾਰੀ ਸ਼ਕਤੀਆਂ ਪ੍ਰਬਲ ਰੂਪ ਵਿਚ ਪ੍ਰਤਖ ਸਨ ਅਤੇ ਜਦ ਗੁਰੂ ਗੋਬਿੰਦ ਸਿੰਘ ਆਪਣੇ ਪਿਤਾ ਦੀ ਗੱਦੀ ਉਤੇ ਬ੍ਰਾਜਮਾਨ ਹੋਏ ਤਾਂ ਉਨ੍ਹਾਂ ਨੂੰ ਇਕ ਅਜੇਹੀ ਸਥਿਤੀ ਦਾ ਸਾਮ੍ਹਣਾ ਕਰਨਾ ਪਿਆ ਜਿਹੜੀ ਕਿ ਲਗ ਭਗ ਅਸਾਧ ਸੀ।

ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਗੁਰੂ ਹਰਿਗੋਬਿੰਦ ਸਾਹਿਬ ਪਿਛੋਂ ਬਾਬਾ ਗੁਰਦਿੱਤਾ ਦਾ ਵੱਡਾ ਪੁੱਤਰ ਹਰਿ ਰਾਇ ਗੁਰਗੱਦੀ ਉਤੇ ਬੈਠਾ ਪਰ ਮੰਦੇ ਭਾਗਾਂ ਨੂੰ ਇਸ ਤੋਂ ਅੱਗੇ ਸਾਡੀ ਸਾਮਗ੍ਰੀ ਇੰਨੀ ਅਸੰਤੋਸ਼-ਜਨਕ ਹੈ ਕਿ ਗੁਰੂ ਹਰਿ ਰਾਇ ਜੀ ਦੀ ਗੁਰਿਆਈ ਦਾ ਵੇਰਵੇ ਸਹਿਤ ਵਰਣਨ ਕਰ ਸਕਣਾ ਸੰਭਵ ਨਹੀਂ। ਮੋਹਸਿਨ ਫਾਨੀ, ਜਿਹੜਾ ਗੁਰੂ ਹਰਿਗੋਬਿੰਦ ਸਾਹਿਬ ਦੇ ਇਤਿਹਾਸ ਨੂੰ ਮੁੜ ਉਸਾਰਨ ਵਿਚ ਸਾਡੀ ਬਹੁਤ ਮਦਦ ਕਰਦਾ ਸੀ, ਨਿਰਸੰਦੇਹ, ਗੁਰੂ ਹਰਿ ਰਾਇ ਸਾਹਿਬ ਦਾ ਵੀ ਗੂੜ੍ਹਾ ਮਿੱਤਰ ਹੋਣ ਦਾ ਦਾਹਵਾ ਕਰਦਾ ਹੈ, ਪਰੰਤੂ ਉਨ੍ਹਾਂ ਬਾਰੇ ਕੇਵਲ ਇਕੋ ਹੀ ਗੱਲ ਲਿਖਦਾ ਹੈ ਕਿ "ਗੁਰੂ ਵਡਿਆਈ ਨਾਲ ਸਸ਼ੋਭਿਤ ਹਰਿ ਰਾਇ ਇਕ ਸਾਲ ਕੀਰਤਪੁਰ ਰਿਹਾ। ਜਦ ਹਿਜਰੀ 1055 (1645 ਈ:) ਵਿਚ ਸ਼ਰੋਗ ਮਿਰਜ਼ਾ ਦੇ ਪੁੱਤਰ ਨਿਆਬਤ ਖਾਂ ਨੇ

ਸ਼ਹਿਨਸ਼ਾਹ ਦੇ ਹੁਕਮ ਨਾਲ ਰਾਜਾ ਤਾਰਾ ਚੰਦ ਦੇ ਇਲਾਕੇ ਉਤੇ ਫੌਜ ਨਾਲ ਹਮਲਾ ਕੀਤਾ ਅਤੇ ਰਾਜੇ ਨੂੰ ਕੈਦੀ ਬਣਾ ਲਿਆ ਤਾਂ ਗੁਰੂ ਹਰਿ ਰਾਇ ਥਾਪਲ ਚਲੇ ਗਏ। ਇਹ ਕਸਬਾ ਰਾਜਾ ਕਰਮ ਪ੍ਰਕਾਸ਼ ਦੇ ਜ਼ਿਲ੍ਹੇ ਵਿਚ ਸਥਿਤ ਹੈ ਜਿਹੜਾ ਕਿ ਸਰਹੰਦ ਤੋਂ ਬਹੁਤੀ ਦੂਰ ਨਹੀਂ ਸੀ।"[1] ਇਸ ਘਟਨਾ ਤੋਂ ਸਪਸ਼ਟ ਹੈ ਕਿ ਗੁਰੂ ਹਰਿ ਰਾਇ ਸਾਹਿਬ ਸ਼ਾਂਤਮਈ ਜੀਵਨ ਬਤੀਤ ਕਰਨਾ ਚਾਹੁੰਦੇ ਸਨ ਅਤੇ ਉਲਝਣਾਂ ਤੋਂ ਬਚਣ ਲਈ ਉਹ ਆਪਣਾ ਸਥਾਨ ਛੱਡਣ ਅਤੇ ਕਿਸੇ ਦੂਜੀ ਜਗ੍ਹਾ ਪਨਾਹ ਲੈਣ ਲਈ ਵੀ ਤਿਆਰ ਸਨ। ਇੰਨਾ ਕੁਝ ਹੀ ਸਾਨੂੰ 'ਦਬਿਸਤਾਨ' ਵਿਚੋਂ ਮਿਲਦਾ ਹੈ। ਭਾਵੇਂ ਸਿੱਖ ਲਿਖਤਾਂ, ਵਿਸ਼ੇਸ਼ ਕਰਕੇ ਸੂਰਜ ਪ੍ਰਕਾਸ਼, ਵਿਚ ਸਾਨੂੰ ਕੁਝ ਵਿਵਰਨ ਮਿਲਦਾ ਹੈ, ਪਰ ਇਨ੍ਹਾਂ ਵਿਚੋਂ ਬਹੁਤ ਸਾਰਾ ਭਾਗ ਸਾਡੇ ਮੰਤਵ ਲਈ ਬੇਅਰਥ ਹੈ, ਭਾਵੇਂ ਧਾਰਮਿਕ ਉਤਸ਼ਾਹੀ ਲਈ ਉਸ ਦਾ ਮੂਲ ਕਿੰਨਾ ਹੀ ਕਿਉਂ ਨਾ ਹੋਵੇ।

ਪਰ ਇਨ੍ਹਾਂ ਮਨੌਤਾਂ ਅਤੇ ਕਥਾਵਾਂ ਵਿਚੋਂ ਕੁਝ ਤਥ ਨਿਕਲਦੇ ਹਨ ਜਿਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਭਾਵੇਂ ਉਨ੍ਹਾਂ ਨੇ ਆਪਣੇ ਦਾਦੇ ਦੀ ਸਿਖਿਆ ਅਨੁਸਾਰ ਸਾਵਧਾਨੀ ਵਜੋਂ[2] 2000 ਸਿਪਾਹੀਆਂ ਦੀ ਫੌਜ ਰੱਖੀ ਹੋਈ ਸੀ ਅਤੇ ਉਨ੍ਹਾਂ ਦਾ ਦਰਬਾਰ 'ਅਰਧ-ਸੁਤੰਤਰ ਫੌਜੀ ਸਰਦਾਰ ਦੀ ਸ਼ਾਨ ਵਾਲਾ ਸੀ"[3] ਪਰ ਉਨ੍ਹਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਦੀ ਪਾਲਿਸੀ ਨੂੰ ਮੂਲੋਂ ਹੀ ਤਿਆਗ ਦਿੱਤਾ ਅਤੇ ਸ਼ਾਂਤਮਈ ਕਾਰਵਾਈਆਂ ਵਿਚ ਰੁਝੇ ਰਹੇ। ਇਸ ਸਮੇਂ ਤਕ ਪੁਰਾਣੇ ਮਸੰਦ ਵੱਡੀ ਖੋਰ ਅਤੇ ਬੇਈਮਾਨ ਬਣ ਗਏ ਹੋਏ ਸਨ ਅਤੇ ਗੁਰੂ ਸਾਹਿਬ ਨੇ ਪ੍ਰਚਾਰ ਦਾ ਕੰਮ ਜਾਰੀ ਰੱਖਣ ਲਈ ਇਕ ਨਵੀਂ ਵਿਉਂਤ ਸੋਚੀ। ਸਾਨੂੰ ਦਸਿਆ ਗਿਆ ਹੈ ਕਿ ਗੁਰੂ ਹਰਿ ਰਾਇ ਨੇ ਇਕ ਬੈਰਾਗੀ ਸਾਧ ਭਗਤ ਗਿਰ ਨੂੰ ਉਸ ਦੇ ਚੇਲਿਆਂ ਸਮੇਤ ਸਿੱਖ ਬਣਾ ਲਿਆ ਸੀ। ਉਸ ਦਾ ਨਾਂ ਭਗਤ ਭਗਵਾਨ ਰਖਿਆ ਗਿਆ ਅਤੇ "ਉਸ ਨੂੰ ਪੂਰਬ ਵਿਚ ਸਿੱਖ ਮਤ ਦਾ ਪ੍ਰਚਾਰ ਕਰਨ ਲਈ ਨਿਯਤ ਕੀਤਾ ਗਿਆ। ਉਥੇ ਉਸ ਨੇ ਅਤੇ ਉਸ ਦੇ ਚੇਲਿਆਂ ਨੇ ਲਗਭਗ 360 ਗੱਦੀਆਂ ਸਥਾਪਿਤ ਕੀਤੀਆਂ ਜਿਨ੍ਹਾਂ ਵਿਚੋਂ ਬਹੁਤੀਆਂ ਅਜੇ ਵੀ ਮੌਜੂਦ ਹਨ।" ਗੁਰੂ ਹਰਿ ਰਾਇ ਜੀ ਦੇ ਇਕ ਹੋਰ ਅਨੰਨ ਭਗਤ ਨੂੰ ਪੰਜਾਬ ਦੇ ਕੇਂਦਰੀ ਜ਼ਿਲਿਆਂ ਵਿਚ ਸਿੱਖ ਮਤ ਦਾ ਪ੍ਰਚਾਰ ਕਰਨ ਹਿੱਤ ਨਿਯੁਕਤ ਕੀਤਾ ਗਿਆ।[4] ਇਸ ਤਰ੍ਹਾਂ ਪਹਿਲੀਆਂ ਦੋ ਬਖਸ਼ੀਸ਼ਾਂ ਜਾਂ ਸਿੱਖ ਮਤ ਦੇ ਪ੍ਰਚਾਰ ਕੇਂਦਰਾਂ ਦੀ ਸਥਾਪਨਾ ਹੋਈ ਅਤੇ ਇਹ ਐਨੇ ਸਫਲ ਸਿੱਧ ਹੋਏ ਕਿ ਇਨ੍ਹਾਂ ਵਿਚ ਹੋਰ ਤਿੰਨਾਂ ਦਾ ਵਾਧਾ ਕੀਤਾ ਗਿਆ, ਇਕ ਦਾ ਗੁਰੂ ਤੇਗ ਬਹਾਦਰ ਦੁਆਰਾ ਅਤੇ ਬਾਕੀਆਂ ਦਾ ਗੁਰੂ ਗੋਬਿੰਦ ਸਿੰਘ ਦੁਆਰਾ। "ਜਿਵੇਂ ਮਸੰਦ ਜਾਂ ਪੂਰਬਲੇ ਗੁਰੂਆਂ ਦੁਆਰਾ ਨਿਯੁਕਤ ਕੀਤੇ ਪ੍ਰਚਾਰਕ ਵਧੇਰੇ ਵੱਢੀ ਖੋਰ ਹੁੰਦੇ ਗਏ ਤਾਂ ਪ੍ਰਚਾਰਕਾਂ ਦੀ ਇਹ ਨਵੀਂ ਸੰਸਥਾ ਵਧੇਰੇ ਪ੍ਰਸਿੱਧ ਹੁੰਦੀ ਗਈ ਅਤੇ ਸਿੱਖ ਮਤ

1. ਦਬਿਸਤਾਨ, ਸੈਂਚੀ ਦੂਜੀ, ਪੰਨਾ 282
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 277
3. ਰੌਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 685
4. ਤੇਜਾ ਸਿੰਘ, ਉਪਰੋਕਤ ਰਚਨਾ, ਪੰਨਾ 73

ਨੂੰ ਦੁਰੇਡੇ ਅਤੇ ਕਠਿਨ ਸਥਾਨਾਂ ਉਤੇ ਪਸਾਰਨ ਵਿਚ ਵਿਸ਼ੇਸ਼ ਤੌਰ ਤੇ ਲਾਭਦਾਇਕ ਸਿਧ ਹੋਈ।"

ਗੁਰੂ ਹਰਿ ਰਾਇ ਜੀ ਦੇ ਬਾਰੇ ਇਹ ਦਾਹਵਾ ਕੀਤਾ ਜਾਂਦਾ ਹੈ ਕਿ ਸ਼ਾਂਤੀ ਦੁਆਰਾ ਉਨ੍ਹਾਂ ਨੇ ਬਹੁਤ ਕੁਝ ਪ੍ਰਾਪਤ ਕੀਤਾ ਹੈ ਕਿਉਂਕਿ ਸਿੱਖਾਂ ਦੇ ਅਤਿ ਸ਼ਕਤੀਸ਼ਾਲੀ ਘਰਾਣਿਆਂ ਵਿਚੋਂ ਕੁਝ ਇਕ ਨੂੰ "ਗੁਰੂ ਹਰਿ ਰਾਇ ਜੀ ਨੇ ਪ੍ਰਤਿਪਾਲਨਾ ਦੁਆਰਾ ਤੇਜ ਪ੍ਰਤਾਪ ਦੇ ਰਾਹ ਪਾਇਆ ਸੀ।" ਇਹ ਦਾਅਵਾ ਮੂਲ ਰੂਪ ਵਿਚ ਫੂਲ, ਫੂਲਕੀਆਂ ਘਰਾਣੇ ਦੇ ਵਡੇ-ਵਡੇਰੇ ਦੀ ਰਵਾਇਤ ਉਤੇ ਆਧਾਰਿਤ ਹੈ ਜਿਸ ਨੇ ਕਿ ਗੁਰੂ ਹਰਿ ਰਾਇ ਜੀ ਤੋਂ ਅਸੀਸ ਲਈ ਸੀ, ਜੋ ਪਰਿਵਾਰ ਦੀ ਭਵਿਖ ਵਿਚ ਵਡਿਆਈ ਦਾ ਆਧਾਰ ਬਣੀ। ਵਾਰਤਾ ਇਸ ਪ੍ਰਕਾਰ ਹੈ ਕਿ ਗੁਰੂ ਜੀ ਆਪਣੇ ਪ੍ਰਚਾਰ ਹਿੱਤ ਮਾਲਵਾ ਦੇਸ਼ ਵਿਚ ਆਏ ਹੋਏ ਸਨ ਜਿਥੇ ਮਰਹਾਜ ਜਾਤੀ ਦੇ ਕਾਲਾ ਅਤੇ ਕਰਮ ਚੰਦ ਨਾਂ ਦੇ ਦੋ ਭਰਾ ਗੁਰੂ ਜੀ ਦੇ ਦਰਸ਼ਨਾਂ ਨੂੰ ਆਏ ਅਤੇ ਉਨ੍ਹਾਂ ਨੇ ਗੁਰੂ ਜੀ ਕੋਲ ਸ਼ਕਾਇਤ ਕੀਤੀ ਕਿ ਕੌੜਾ ਜਾਤੀ ਦੀ ਵਿਰੋਧਤਾ ਕਾਰਨ ਉਨ੍ਹਾਂ ਨੂੰ ਰਹਿਣ ਲਈ ਯੋਗ ਸਥਾਨ ਦੀ ਭਾਲ ਵਿਚ ਔਕੜ ਆ ਰਹੀ ਹੈ। ਗੁਰੂ ਜੀ ਨੇ ਸੁਲਾਹ ਸਫਾਈ ਨਾਲ ਮਾਮਲਾ ਨਜਿਠਣ ਦਾ ਯਤਨ ਕੀਤਾ ਪਰੰਤੂ ਜਦ ਇਹ ਸਫਲ ਨਾ ਹੋਇਆ ਤਾਂ ਉਨ੍ਹਾਂ ਨੇ ਮਰਹਾਜ ਭਾਰਾਵਾਂ ਨੂੰ ਕੁਝ ਜ਼ਮੀਨ ਉਤੇ ਜ਼ਬਰਦਸਤੀ ਕਬਜ਼ਾ ਕਰਨ ਅਤੇ ਆਪਣੇ ਭਾਈ ਬੰਧੂਆਂ ਨਾਲ ਉਥੇ ਰਹਿਣ ਲਈ ਸਹਾਇਤਾ ਕੀਤੀ। ਇਸ ਪਿਛੋਂ ਗੁਰੂ ਜੀ ਨਥਾਣੇ ਚਲੇ ਗਏ ਅਤੇ ਆਪਣੇ ਪ੍ਰਚਾਰ ਦਾ ਕੰਮ ਜਾਰੀ ਰਖਿਆ। ਉਥੇ ਕਾਲਾ ਗੁਰੂ ਸਾਹਿਬ ਦੇ ਦਰਸ਼ਨਾਂ ਨੂੰ ਅਕਸਰ ਆਇਆ ਕਰਦਾ ਸੀ ਅਤੇ ਇਕ ਵਾਰ ਉਹ ਆਪਣੇ ਦੋਹਾਂ ਭਤੀਜਿਆਂ ਸੰਦਲੀ ਤੇ ਫੂਲ ਨੂੰ ਵੀ ਆਪਣੇ ਨਾਲ ਲੈ ਆਇਆ। ਗੁਰੂ ਜੀ ਦੇ ਸਾਹਮਣੇ ਫੂਲ ਨੇ ਆਪਣਾ ਹੱਥ ਪੇਟ ਉਤੇ ਰਖਿਆ। ਜਦ ਗੁਰੂ ਜੀ ਨੇ ਪੁਛਿਆ ਕਿ ਉਹ ਇਉਂ ਕਿਉਂ ਕਰਦਾ ਹੈ ਤਾਂ ਕਾਲਾ ਨੇ ਉੱਤਰ ਵਿਚ ਕਿਹਾ, "ਫੂਲ ਬੋਲ ਨਹੀਂ ਸਕਦਾ ਅਤੇ ਜਦੋਂ ਉਸ ਨੂੰ ਭੁੱਖ ਲਗਦੀ ਹੈ ਤਾਂ ਉਹ ਆਪਣਾ ਢਿਡ ਵਜਾਂਦਾ ਹੈ।" ਗੁਰੂ ਜੀ ਨੂੰ ਉਸ ਉਤੇ ਦਇਆ ਆਈ ਅਤੇ ਕਹਿਣ ਲੱਗੇ, "ਇਹੋ ਬਾਲਕ ਬੜਾ ਨਾਮੀ, ਪ੍ਰਸਿੱਧ ਅਤੇ ਧੰਨਵਾਨ ਹੋਵੇਗਾ। ਇਸ ਦੀ ਸੰਤਾਨ ਦੇ ਘੋੜੇ ਜਮਨਾ ਤੀਕ ਪਾਣੀ ਪੀਣਗੇ। ਕਈ ਪੁਸ਼ਤਾਂ ਤਕ ਉਨ੍ਹਾਂ ਦੀ ਪਾਤਸ਼ਾਹੀ ਰਹੇਗੀ ਅਤੇ ਜਿੰਨੀ ਉਹ ਗੁਰੂ ਦੀ ਸੇਵਾ ਕਰਨਗੇ ਉੱਨਾ ਹੀ ਉਨ੍ਹਾਂ ਦਾ ਸਤਿਕਾਰ ਵਧੇਗਾ।" ਇਹ ਇਕ ਭਵਿਖ ਬਾਣੀ ਹੋ ਸਕਦੀ ਹੈ ਪਰੰਤੂ ਇਸ ਦੇ ਨਾਲ ਇਹ ਵੀ ਸਪਸ਼ਟ ਦਿਖਾਈ ਦਿੰਦਾ ਹੈ ਕਿ ਗੁਰੂ ਹਰਿ ਰਾਇ ਦੀ ਸਰਪ੍ਰਸਤੀ ਹੇਠ ਗੁਮਨਾਮ ਫੂਲ ਪਹਿਲੀ ਵਾਰ ਕੁਝ ਮੱਹਤਾ ਵਿਚ ਆਇਆ ਹੈ, ਸੋ ਇਸ ਤਰ੍ਹਾਂ ਉਸ ਘਰਾਣੇ ਦੀ ਭਵਿਖ ਦੀ ਵਡਿਆਈ ਦੀ ਨੀਂਹ ਰੱਖੀ ਗਈ। "ਫੂਲ ਦੇ ਛੇ ਪੁੱਤਰ ਹਨ—ਉਨ੍ਹਾਂ ਵਿਚੋਂ ਸਭ ਤੋਂ ਵੱਡੇ ਤਿਲੋਕ ਸਿੰਘ ਦੀ ਸੰਤਾਨ ਨਾਭਾ ਅਤੇ ਜੀਂਦ ਦੇ ਰਾਜੇ ਹਨ। ਫੂਲ ਦੇ ਦੂਜੇ ਪੁੱਤਰ ਰਾਮ ਸਿੰਘ ਦੀ ਸੰਤਾਨ ਮਹਾਰਾਜਾ ਪਟਿਆਲਾ ਹੈ। ਇਹ ਤਿੰਨੇ 'ਫੂਲ ਦੇ ਰਾਜੇ' ਜਾਂ ਫੂਲਕੀਆਂ ਸਰਦਾਰ ਕਰ ਕੇ ਜਾਣੇ ਜਾਂਦੇ ਹਨ।"[1]

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 293-295

ਇਸ ਤੋਂ ਅੱਗੇ ਗੁਰੂ ਹਰਿ ਰਾਇ ਜੀ ਦੀਆਂ ਪ੍ਰਾਪਤੀਆਂ ਸੰਬੰਧੀ ਕਿਸੇ ਮਹੱਤਵਪੂਰਨ ਘਟਨਾ ਦਾ ਕੁਝ ਪਤਾ ਨਹੀਂ ਹੈ। ਗੱਦੀ ਉਤੇ ਬੈਠਣ ਸਮੇਂ ਅਪਣਾਈ ਸ਼ਾਂਤਮਈ ਪਾਲਿਸੀ ਦੀ ਉਨ੍ਹਾਂ ਨੇ ਪਾਲਣਾ ਕੀਤੀ ਅਤੇ ਉਨ੍ਹਾਂ ਦੇ ਕੁਝ ਸੰਗਠਨਾਤਮਕ ਅਤੇ ਪ੍ਰਚਾਰਮਈ ਯਤਨ, ਨਿਰਸੰਦੇਹ, ਪ੍ਰਸ਼ੰਸਾ ਯੋਗ ਅਤੇ ਸਾਰਥਕ ਹਨ। ਸਮੁਚੇ ਤੌਰ ਤੇ ਜਿਥੋਂ ਤਕ ਉਨ੍ਹਾਂ ਦੇ ਦਾਦਾ ਦੇ ਫੌਜੀ ਕਾਰਨਾਮਿਆਂ ਦੀ ਰੰਗਤ ਦੀ ਘਾਟ ਦਾ ਸੰਬੰਧ ਹੈ, ਉਨ੍ਹਾਂ ਦਾ ਗੁਰਿਆਈ ਕਾਲ ਘਟਨਾ ਰਹਿਤ ਹੈ। ਪਰੰਤੂ ਦੁਰਭਾਗ ਨਾਲ, ਜੀਵਨ ਦੇ ਆਖੀਰ ਵਿਚ ਉਹ ਇਕ ਅਜੇਹੀ ਘਟਨਾ ਵਿਚ ਉਲਝ ਗਏ ਜਿਹੜੀ ਕਿ ਸਿੱਟਿਆਂ ਭਰਪੂਰ ਹੈ ਅਤੇ ਜਿਸ ਨੇ ਉਨ੍ਹਾਂ ਦੇ ਆਖੀਰਲੇ ਦਿਨਾਂ ਨੂੰ ਅਤਿ ਦੁਖਦਾਈ ਬਣਾਇਆ ਹੈ। ਕਿਹਾ ਜਾਂਦਾ ਹੈ ਕਿ ਸ਼ਾਹਜਹਾਨ ਦੇ ਪੁੱਤਰਾਂ ਵਿਚਕਾਰ ਹੱਕ-ਜਾ-ਨਸ਼ੀਨੀ ਦੀ ਜੰਗ ਵਿਚ ਗੁਰੂ ਹਰ ਰਾਇ ਜੀ ਨੇ ਦਾਰਾ ਸ਼ਕੋਹ ਦੀ ਤਰਫਦਾਰੀ ਕੀਤੀ ਅਤੇ ਉਸ ਦੀ ਹਾਰ ਪਿਛੋਂ ਉਨ੍ਹਾਂ ਨੂੰ ਔਰੰਗਜ਼ੇਬ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ। ਸਿੱਖ ਲਿਖਤਾਂ ਦਸਦੀਆਂ ਹਨ ਕਿ ਗੁਰੂ ਜੀ ਦੁਆਰਾ ਭੇਜੀ ਗਈ ਦਵਾਈ ਨਾਲ ਇਕ ਵਾਰ ਦਾਰਾ ਸ਼ਕੋਹ ਦੀ ਜਾਨ ਬਚ ਗਈ ਸੀ[1] ਅਤੇ ਸਾਨੂੰ ਇਹ ਵੀ ਦਸਿਆ ਜਾਂਦਾ ਹੈ ਕਿ "ਦਾਰਾ ਸ਼ਕੋਹ ਸਾਧੂਆਂ ਦੀ ਉਪਾਸਨਾ ਦੇ ਦੌਰਾਨ ਸਤਿਕਾਰ ਵਜੋਂ ਗੁਰੂ ਜੀ ਦੇ ਦਰਸਨਾਂ ਨੂੰ ਵੀ ਆਉਂਦਾ ਸੀ।"[2] ਸੋ ਉਹ ਗੂੜ੍ਹੇ ਮਿੱਤਰ ਬਣ ਗਏ ਸਨ ਅਤੇ ਜਦ ਸ਼ਹਿਜ਼ਾਦਾ ਔਰੰਗਜ਼ੇਬ ਹਥੋਂ ਹਾਰ ਖਾ ਕੇ ਪੰਜਾਬ ਵਲ ਭਜ ਆਇਆ ਅਤੇ ਗੁਰੂ ਜੀ ਦੀ ਸਹਾਇਤਾ ਮੰਗੀ ਤਾਂ, ਗੁਰੂ ਹਰਿ ਰਾਇ, ਕੁਦਰਤੀ ਸੀ, ਨਾਂਹ ਨਹੀਂ ਕਰ ਸਕਦੇ ਸਨ। ਹਾਲਾਤ ਅਨੁਸਾਰ ਵੀ ਔਰੰਗਜ਼ੇਬ ਅਤੇ ਦਾਰਾ ਵਿਚਕਾਰ ਹੋਈ ਜੰਗ ਵਿਚ ਗੁਰੂ ਹਰਿ ਰਾਇ ਨੇ ਦਾਰਾ ਸ਼ਕੋਹ ਦੀ ਤਰਫਦਾਰੀ ਕੀਤੀ ਹੋਵੇਗੀ ਕਿਉਂਕਿ ਉਹ ਅਕਬਰ ਦੀ ਰਵਾਇਤ ਦੀ ਪ੍ਰਤਿਨਿਧਤਾ ਕਰਦਾ ਸੀ ਅਤੇ ਕੱਟੜ ਮੁਸਲਮਾਨਾਂ ਦੀਆਂ ਨਜ਼ਰਾਂ ਵਿਚ ਉਸ ਦਾ ਮੁੱਖ ਅਪਰਾਧ, ਉਸ ਦੀ ਵਿਧਰਮੀ ਸੀ। ਕਿਸੇ ਪ੍ਰਕਾਰ ਵੀ ਹੋਵੇ, ਇਹ ਸਪਸ਼ਟ ਨਹੀਂ ਕਿ ਕਿਸ ਢੰਗ ਨਾਲ ਗੁਰੂ ਜੀ ਨੇ ਉਸ ਦੀ ਸਹਾਇਤਾ ਕੀਤੀ। ਕੁਝ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਸਾਹਿਬ ਅਤੇ ਸ਼ਹਿਜ਼ਾਦੇ ਦੀ ਬਿਆਸ ਦੇ ਸੱਜੇ ਕੰਢੇ ਉਤੇ ਇਕ ਭੇਂਟ ਹੋਈ। ਕਿਉਂਕਿ ਉਸ ਦਾ ਪਿੱਛਾ ਬੜੀ ਤੀਬਰਤਾ ਨਾਲ ਕੀਤਾ ਜਾ ਰਿਹਾ ਸੀ, ਉਹ ਦਰਿਆ ਦੀ ਰੁਕਾਵਟ ਕਾਰਨ ਪਿਛਾਂਹ ਮੁੜ ਆਇਆ ਤਾਂਕਿ ਔਰੰਗਜ਼ੇਬ ਦੀਆਂ ਫੌਜਾਂ ਨੂੰ ਅਗਾਂਹ ਵਧਣ ਵਿਚ ਰੋਕ ਪਾ ਸਕੇ।[3] ਦੂਜਿਆਂ ਦਾ ਕਹਿਣਾ ਹੈ ਕਿ ਗੁਰੂ ਜੀ ਦੀ ਸਹਾਇਤਾ ਕੇਵਲ ਅਸ਼ੀਰਵਾਦ ਦੇਣ ਤਕ ਹੀ ਸੀ[4] ਜਦ ਕਿ ਟਰੰਪ ਦਾ ਦਾਹਵਾ ਹੈ ਕਿ ਗੁਰੂ ਹਰਿ ਰਾਇ ਸੱਚੀ ਹੀ ਆਪਣੇ ਸਿੱਖਾਂ ਸਮੇਤ ਦਾਰਾ ਸ਼ਕੋਹ ਨਾਲ ਜਾ ਮਿਲੇ ਸਨ।[5] ਖੁਲਾਸਤੁੱਤ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 277-279। ਪੰਥ ਪ੍ਰਕਾਸ਼, ਪੰਨਾ 121-122
2. ਸਰਕਾਰ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 311-312
3. ਮੈਕਾਲਿਫ, ਉਹੀ, ਪੰਨਾ 302-303
4. ਸਰਕਾਰ, ਉਪਰੋਕਤ ਰਚਨਾ, ਪੰਨਾ 311। ਦੇਖੋ ਮੈਕਾਲਿਫ, ਉਪਰੋਕਤ ਰਚਨਾ, ਪੰਨਾ 302
5. ਟਰੰਪ, ਉਪਰੋਕਤ ਰਚਨਾ, ਪੰਨਾ Lxxxv

ਤਵਾਰੀਖ ਇਸ ਮਾਮਲੇ ਨੂੰ ਵੱਖਰੀ ਰੌਸ਼ਨੀ ਵਿਚ ਪੇਸ਼ ਕਰਦੀ ਹੈ ਅਤੇ ਸਮੇਂ ਦੇ ਪੱਖ ਤੋਂ ਸਾਡੀ ਹੱਥਲੀ ਸਾਮਗ੍ਰੀ ਦੇ ਨੇੜੇ ਹੈ ਅਤੇ ਸੁਤੰਤਰ ਗਵਾਹੀ ਦਿੰਦੀ ਹੈ ਇਸ ਲਈ ਸਾਨੂੰ ਇਸ ਨੂੰ ਉਹੀ ਮਹੱਤਾ ਦੇਣੀ ਚਾਹੀਦੀ ਹੈ ਜਿਸ ਦੀ ਕਿ ਇਕ ਹੱਕਦਾਰ ਹੈ। ਸੁਜਾਨ ਰਾਇ ਲਿਖਦਾ ਹੈ, "ਜਦ ਹਾਰ ਮਗਰੋਂ ਦਾਰਾ ਸ਼ਕੋਹ ਲਾਹੌਰ ਆਇਆ ਤਾਂ ਉਹ ਆਪਣੇ ਭਰਾ ਤੋਂ ਬਹੁਤ ਡਰ ਗਿਆ ਹੋਇਆ ਸੀ ਅਤੇ ਉਸ ਨੇ ਮੁਲਤਾਨ ਅਤੇ ਫਿਰ ਉਥੋਂ ਕੰਧਾਰ ਭੱਜ ਜਾਣ ਦਾ ਇਰਾਦਾ ਬਣਾਇਆ। ਇਸ ਬਾਰੇ ਉਸ ਨੇ ਆਪਣੇ ਕੁਝ ਰਾਜ਼ਦਾਰਾਂ ਨਾਲ ਗੱਲਬਾਤ ਵੀ ਕੀਤੀ ਸੀ। ਰਾਜਾ ਰਾਜਰੂਪ ਨੇ ਉਸ ਨੂੰ ਆਪਣੇ ਘਰ ਪਰਤਣ ਲਈ ਅਤੇ ਫੌਜਾਂ ਨੂੰ ਇਕੱਠਾ ਕਰਨ ਦਾ ਚੰਗਾ ਪ੍ਰਬੰਧ ਕਰਨ ਲਈ ਕਿਹਾ। ਇਸ ਤੇ ਉਹ ਆਪਣੇ ਪੁੱਤਰ ਅਤੇ ਵਕੀਲ ਨੂੰ ਲਾਹੌਰ ਛੱਡ ਕੇ ਚਲਾ ਗਿਆ। ਕੁਝ ਦਿਨਾਂ ਮਗਰੋਂ ਵਕੀਲ ਅਤੇ ਪੁੱਤਰ ਵੀ ਦੌੜ ਗਏ। ਗੁਰੂ ਹਰਿ ਰਾਇ ਵੀ, ਜੋ ਇਕ ਭਾਰੀ ਫੌਜ ਲੈ ਕੇ ਆਇਆ ਸੀ, ਇਹ ਕਹਿ ਕੇ ਪਰਤ ਗਿਆ ਕਿ ਉਹ ਉਸ ਲਈ ਹੋਰ ਫੌਜ ਇਕੱਠੀ ਕਰਨ ਜਾ ਰਿਹਾ ਹੈ।"[1] ਇਉਂ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਅਮਲੀ ਤੌਰ ਤੇ ਆਪਣੀ ਫੌਜ ਲੈ ਕੇ ਦਾਰਾ ਦੀ ਸਹਾਇਤਾ ਲਈ ਗਏ ਸਨ ਪਰ ਜਦ ਉਨ੍ਹਾਂ ਨੇ ਉਸ ਦੀ ਹਾਲਤ ਪਤਲੀ ਦੇਖੀ ਕਿ ਉਹ ਆਪ ਲੜਾਈ ਲਈ ਤਿਆਰ ਨਹੀਂ ਹੈ ਤਾਂ ਗੁਰੂ ਜੀ ਉਸ ਨੂੰ ਉਸ ਦੇ ਹਾਲ ਤੇ ਛੱਡ ਵਾਪਸ ਕੀਰਤਪੁਰ ਆ ਗਏ।

ਪਰ ਗੁਰੂ ਜੀ ਨੂੰ ਇਸ ਖਾਤਰ ਦੁਖ ਸਹਿਣਾ ਪਿਆ। ਜਿਉਂ ਔਰੰਗਜ਼ੇਬ ਤਖਤ ਉੱਤੇ ਪੱਕੇ ਪੈਰੀ ਬੈਠਾ ਉਸ ਨੇ ਗੁਰੂ ਜੀ ਨੂੰ ਦਰਬਾਰ ਵਿਚ ਹਾਜ਼ਰ ਹੋਣ ਲਈ ਸਦ ਭੇਜਿਆ। ਗੁਰੂ ਜੀ ਨੇ ਕਿਸੇ ਬਹਾਨੇ ਨਾਲ ਆਪਣੇ ਪੁੱਤਰ ਰਾਮ ਰਾਇ ਨੂੰ ਆਪਣੀ ਪ੍ਰਤਿਨਿਧਤਾ ਕਰਨ ਲਈ ਸ਼ਾਹੀ ਦਰਬਾਰ ਵਿਚ ਭੇਜ ਦਿੱਤਾ। ਸਿੱਖ ਲਿਖਤਾਂ ਦਸਦੀਆਂ ਹਨ ਕਿ ਰਾਮ ਰਾਇ, ਜਿਹੜਾ ਕਿ ਬਹੁਤ ਹੀ ਚਤੁਰ ਅਤੇ ਸੁਆਰਥੀ ਨੌਜਵਾਨ ਸੀ, ਅਜੇਹਾ ਵਿਵਹਾਰ ਕਰ ਕੇ ਛੇਤੀ ਹੀ ਸ਼ਹਿਨਸ਼ਾਹ ਦਾ ਕ੍ਰਿਪਾ-ਪਾਤਰ ਬਣ ਗਿਆ ਜਿਹੜਾ ਕਿ ਆਪਣੇ ਪਿਤਾ ਵਲੋਂ ਮਿਲੇ ਆਦੇਸ਼ਾਂ ਦੇ ਉੱਕਾ ਹੀ ਪ੍ਰਤੀਕੂਲ ਸੀ ਅਤੇ ਜਿਹੜਾ ਗੁਰੂ ਘਰ ਦੀ ਸ਼ਾਨ ਦੇ ਵਿਰੁਧ ਸੀ। ਸਾਨੂੰ ਦਸਿਆ ਗਿਆ ਹੈ ਕਿ ਸ਼ਹਿਨਸ਼ਾਹ ਨੂੰ ਪ੍ਰਸੰਨ ਕਰਨ ਲਈ ਉਸ ਨੇ ਕਈ ਕਰਾਮਾਤਾਂ ਦਿਖਾਈਆਂ ਅਤੇ ਦਿੱਲੀ ਵਿਚ ਇਕ ਕਰਾਮਾਤੀਆ ਕਰਕੇ ਪ੍ਰਸਿੱਧ ਹੋ ਗਿਆ। ਪਰ ਉਸ ਦਾ ਅਪਰਾਧ ਉਦੋਂ ਸਿਖਰ ਤੇ ਪੁੱਜਾ ਜਦ ਕਿ ਸ਼ਹਿਨਸ਼ਾਹ ਨੂੰ ਪ੍ਰਸੰਨ ਕਰਨ ਲਈ ਉਹ ਗੁਰੂ ਨਾਨਕ ਜੀ ਦੀ ਬਾਣੀ ਦੇ ਇਕ ਸ਼ਬਦ ਨੂੰ ਵਿਗਾੜਨ ਤੋਂ ਵੀ ਨਾ ਝਿਜਕਿਆ। ਵਾਰਤਾ ਇਸ ਪ੍ਰਕਾਰ ਹੈ ਕਿ ਸ਼ਹਿਨਸ਼ਾਹ ਨੇ ਕੁਝ ਉਲਮਾ ਬੁਲਾਏ ਅਤੇ ਉਸ ਸਭਾ ਵਿਚ ਰਾਮ ਰਾਇ ਨੂੰ ਆਸਾ ਦੀ ਵਾਰ ਵਿਚੋਂ ਹੇਠਲੀਆਂ ਤੁਕਾਂ ਵਿਚ ਗੁਰੂ ਨਾਨਕ ਜੀ ਦੇ ਭਾਵ ਦੀ ਵਿਆਖਿਆ ਕਰਨ ਲਈ ਕਿਹਾ :

> "ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥
> ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ ।"

---

1. ਖੁਲਾਸਤੁੱਤ ਤਵਾਰੀਖ, ਜ਼ਫਰ ਹਸਨ ਦਾ ਸੰਸਕਰਣ, ਪੰਨਾ 513

ਰਾਮ ਰਾਇ ਨੇ ਮੁਸ਼ਕਿਲ ਨੂੰ ਭਾਂਪ ਲਿਆ। ਪਰੰਤੂ ਉਹ ਇਤਨੀ ਆਸਾਨੀ ਨਾਲ ਫਾਹੇ ਜਾਣ ਵਾਲਾ ਵਿਅਕਤੀ ਨਹੀਂ ਸੀ। ਉਸ ਨੇ ਕਿਹਾ ਕਿ ਪਾਠ ਵਿਚ ਕਿਸੇ ਅਣਜਾਣ ਲਿਖਾਰੀ ਦੀ ਗਲਤੀ ਨਾਲ ਸ਼ਬਦ ਬੇਈਮਾਨ ਦੀ ਥਾਂ ਮੁਸਲਮਾਨ ਲਿਖਿਆ ਗਿਆ ਹੈ।[1] ਕਿਹਾ ਜਾਂਦਾ ਹੈ ਕਿ ਸ਼ਹਿਨਸ਼ਾਹ ਅਤੇ ਉਲਮਾਂ ਇਸ ਉੱਤਰ ਤੇ ਬੜੇ ਖੁਸ਼ ਹੋਏ। ਇਸ ਤਰ੍ਹਾਂ ਉਹ ਬਾਦਸ਼ਾਹ ਦੇ ਕ੍ਰੋਧ ਤੋਂ ਤਾਂ ਬਚ ਗਿਆ ਪਰ ਆਪਣੇ ਪਿਤਾ ਦੇ ਕ੍ਰੋਧ ਤੋਂ ਨਾ ਬਚ ਸਕਿਆ। ਜਦ ਖਬਰ ਗੁਰੂ ਹਰਿ ਰਾਇ ਜੀ ਨੂੰ ਮਿਲੀ ਤਾਂ ਉਹ ਬਹੁਤ ਨਾਰਾਜ਼ ਹੋਏ। ਸਿੱਖ ਗੁਰਬਾਣੀ ਨੂੰ ਅਬਦਲ ਸਮਝਦੇ ਹਨ ਅਤੇ 'ਗ੍ਰੰਥ ਸਾਹਿਬ' ਨੂੰ ਗੁਰੂ ਦਾ ਸਰੂਪ ਮੰਨਦੇ ਹਨ, ਇਸ ਲਈ ਉਨ੍ਹਾਂ ਦੀਆਂ ਨਜ਼ਰਾਂ ਵਿਚ ਇਹ ਅਪਰਾਧ ਅਤਿ ਨਿਰਾਦਰੀ ਵਾਲਾ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਜਦ ਗੁਰੂ ਜੀ ਨੇ ਇਹ ਅਨੁਭਵ ਕੀਤਾ ਕਿ ਉਨ੍ਹਾਂ ਦਾ ਅੰਤ ਨੇੜੇ ਆ ਰਿਹਾ ਹੈ ਤਾਂ ਉਨ੍ਹਾਂ ਨੇ ਰਾਮ ਰਾਇ ਦੀ ਥਾਂ ਉਸ ਦੀ ਛੋਟੇ ਭਰਾ ਹਰਿ ਕ੍ਰਿਸ਼ਨ ਨੂੰ, ਜੋ ਕਿ ਮਸਾਂ 6 ਸਾਲਾਂ ਦਾ ਸੀ, ਆਪਣਾ ਉੱਤਰ ਅਧਿਕਾਰ ਨਾਮਜ਼ਦ ਕਰ ਦਿੱਤਾ।

II. ਗੁਰੂ ਹਰਿ ਕ੍ਰਿਸ਼ਨ ਸਾਹਿਬ

ਇਤਿਹਾਸਕ ਸਿੱਖ ਲਿਖਤਾਂ ਵਿਚ ਵਰਣਿਤ ਹੈ ਕਿ ਰਾਮ ਰਾਇ ਅਜੇਹੇ ਨਿਰਣੇ ਨੂੰ ਬਿਨਾਂ ਕਿਸੇ ਝਗੜੇ ਦੇ ਸਵੀਕਾਰ ਕਰਨ ਵਾਲਾ ਵਿਅਕਤੀ ਨਹੀਂ ਸੀ। ਕੁਝ ਇਕ ਵਿਰੋਧੀ ਮਸੰਦਾਂ ਦੀ ਸਹਾਇਤਾ ਨਾਲ ਉਸ ਨੇ ਗੁਰੂ ਹੋਣ ਦੇ ਐਲਾਨ ਦੁਆਰਾ ਜਾਨਸ਼ੀਨੀ ਤੇ ਝਗੜਾ ਖੜਾ ਕਰ ਦਿੱਤਾ ਅਤੇ ਬਾਦਸ਼ਾਹ ਸਾਹਮਣੇ ਆਪਣੇ ਉਚੇਰੇ ਹੱਕ ਨੂੰ ਪੇਸ਼ ਕੀਤਾ। ਇਸ ਉਤੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਦਿੱਲੀ ਬੁਲਾ ਭੇਜਿਆ ਗਿਆ। ਕੁਝ ਝਿਜਕ ਅਤੇ ਅਟਕਾ ਮਗਰੋਂ ਉਹ ਉਥੇ ਪਹੁੰਚ ਗਏ ਪਰੰਤੂ, ਮੰਦ ਭਾਗਾਂ ਨੂੰ, ਦਿੱਲੀ ਪਹੁੰਚਣ ਤੋਂ ਛੇਤੀ ਹੀ ਮਗਰੋਂ ਉਨ੍ਹਾਂ ਨੂੰ ਚੀਚਕ ਨਿਕਲ ਆਈ ਅਤੇ 1664 ਈ. ਵਿਚ ਉਹ ਅਕਾਲ ਚਲਾਣਾ ਕਰ ਗਏ। ਜੋ ਅਸੀਂ ਗੁਰੂ ਹਰਿ ਕ੍ਰਿਸ਼ਨ ਦੀ ਗੁਰਿਆਈ ਬਾਰੇ ਜਾਣਦੇ ਹਾਂ, ਉਹ ਇਹੋ ਕੁਝ ਹੀ ਹੈ। ਪਰੰਤੂ ਇਹ ਸਾਰਾ ਮਾਮਲਾ ਕੁਝ ਧੁੰਦਲਾ ਜਿਹਾ ਪ੍ਰਤੀਤ ਹੁੰਦਾ ਹੈ ਅਤੇ ਜਿਸ ਢੰਗ ਨਾਲ ਇਸ ਨੂੰ ਸਿੱਖ ਲਿਖਤਾਂ ਵਿਚ ਪੇਸ਼ ਕੀਤਾ ਗਿਆ ਹੈ ਮੰਨਣ ਯੋਗ ਨਹੀਂ ਹੈ। ਪਹਿਲੀ ਗੱਲ ਇਹ ਕਿ ਭਾਵੇਂ ਰਾਮ ਰਾਇ ਨੂੰ ਸ਼ਾਹੀ ਦਰਬਾਰ ਵਿਚ ਆਪਣੇ ਪਿਤਾ ਦਾ ਸਫੀਰ ਪੇਸ਼ ਕੀਤਾ ਗਿਆ ਹੈ ਪਰੰਤੂ ਵਾਸਤਵ ਵਿਚ ਉਹ ਇਕ ਜਾਮਨ ਤੋਂ ਵੱਧ ਕੁਝ ਨਹੀਂ ਸੀ, ਜਿਸ ਨੂੰ ਬਾਦਸ਼ਾਹ ਨੇ ਗੁਰੂ ਹਰਿ ਰਾਏ ਦੇ ਲਗਾਤਾਰ ਚੰਗੇ ਵਤੀਰੇ ਖਾਤਰ ਰਖਿਆ ਹੋਇਆ ਸੀ। ਦੂਜਾ ਇਹ ਨਹੀਂ ਭੁਲਣਾ ਚਾਹੀਦਾ ਕਿ ਆਪਣੇ ਪਿਤਾ ਦੇ ਦਿਹਾਂਤ ਸਮੇਂ ਰਾਮ ਰਾਇ ਇਕ ਲੜਕਾ ਹੀ ਸੀ ਅਤੇ ਇਹ ਮੰਨਣਾ ਕਠਿਨ ਹੈ ਕਿ ਉਸ ਨੇ ਆਪਣੇ ਵਲੋਂ ਕੋਈ ਪਹਿਲ ਕੀਤੀ ਹੋਵੇ। ਤੀਜਾ, ਸਾਨੂੰ ਇਹ ਯਾਦ ਰੱਖਣਾ ਚਾਹੀਦਾ ਹੈ ਕਿ ਜੋ ਕੁਝ ਅਸੀਂ ਰਾਮ ਰਾਇ ਬਾਰੇ ਜਾਣਦੇ ਹਾਂ ਇਸ ਦਾ ਗਿਆਨ ਸਾਨੂੰ ਵਧੇਰੇ ਕਰਕੇ ਸਿੱਖ ਲਿਖਤਾਂ ਤੋਂ ਹੀ ਮਿਲਦਾ ਹੈ ਅਤੇ ਇਹ ਸੰਭਾਵਨਾ ਹੋ ਸਕਦੀ ਹੈ ਕਿ ਇਨ੍ਹਾਂ ਵਿਚ ਰਾਮ ਰਾਇ ਦਾ

1. ਮੈਕਾਲਿਫ ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 308-9। ਪੰਥ ਪ੍ਰਕਾਸ਼, ਪੰਨਾ 122-123

ਆਚਰਨ ਨਹੱਕ ਹੀ ਨਿੰਦਿਆ ਗਿਆ ਹੋਵੇ। ਇਸ ਦੇ ਨਾਲ ਸਾਨੂੰ ਪ੍ਰਤੀਤ ਹੁੰਦਾ ਹੈ ਕਿ ਜੇਕਰ ਸਿੱਖ ਲਿਖਤਾਂ ਦੀ ਗਹੁ ਨਾਲ ਛਾਣ-ਬੀਣ ਕੀਤੀ ਜਾਵੇ ਤਾਂ ਸਾਨੂੰ ਮਾਮਲੇ ਦੀ ਅਸਲੀਅਤ ਬਾਰੇ ਥੋੜ੍ਹੇ ਬਹੁਤ ਸੰਕੇਤ ਮਿਲ ਜਾਂਦੇ ਸਨ। ਸਾਨੂੰ ਦਸਿਆ ਗਿਆ ਹੈ ਕਿ ਰਾਮ ਰਾਇ ਦਾ ਆਪਣੇ ਪਿਤਾ ਦੀ ਗੱਦੀ ਉਤੇ ਕਬਜ਼ਾ ਕਰਨ ਦੇ ਯਤਨ ਵਿਚ ਮੁੱਖ ਪ੍ਰਸਤਾਵਕ ਗੁਰਦਾਸ ਨਾਂ ਦਾ ਮਸੰਦ ਸੀ।[1] ਉਸ ਨਾਲ ਬਹੁਤ ਸਾਰੇ ਹੋਰ ਮਸੰਦ ਵੀ ਮਿਲੇ ਹੋਏ ਸਨ ਅਤੇ ਇਸ ਟੋਲੀ ਦਾ ਮੰਤਵ ਆਪਣੇ ਆਪ ਨੂੰ ਅਮੀਰ ਬਣਾਉਣਾ ਅਤੇ ਉੱਨਤ ਕਰਨਾ ਦਿਖਾਈ ਦਿੰਦਾ ਹੈ ਅਤੇ ਰਾਮ ਰਾਇ ਨੂੰ ਇਸ ਮੰਤਵ ਲਈ ਉਨ੍ਹਾਂ ਦੇ ਸਾਧਨ ਵਜੋਂ ਵਰਤਿਆ। ਮਸੰਦ ਸੰਸਥਾ ਹੌਲੀ ਹੌਲੀ ਨਿੱਘਰ ਰਹੀ ਸੀ ਅਤੇ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਵੀ ਔਕੜਾਂ ਪੈਦਾ ਹੋ ਗਈਆਂ ਪ੍ਰਤੀਤ ਹੁੰਦੀਆਂ ਸਨ।[2] ਪਰੰਤੂ ਗੁਰੂ ਜੀ ਅਜੇ ਸ਼ਕਤੀਸ਼ਾਲੀ ਸਨ ਅਤੇ ਮਸੰਦ ਬਹੁਤ ਆਕੀ ਨਾ ਹੋ ਸਕੇ। ਜਿਨ੍ਹਾਂ ਦੀ ਨਿਯੁਕਤੀ ਗੁਰੂ ਅਰਜਨ ਜੀ ਨੇ ਕੀਤੀ ਸੀ ਉਹ ਹੁਣ ਇਮਾਨਦਾਰ ਅਤੇ ਪਵਿੱਤਰ ਨਹੀਂ ਰਹੇ ਸਨ। "ਪਹਿਲੋਂ ਇਨ੍ਹਾਂ ਉਗਰਾਹੀਆਂ ਦੀ ਚੋਣ ਇਨ੍ਹਾਂ ਦੀ ਪਵਿੱਤਰਤਾ ਤੇ ਈਮਾਨਦਾਰੀ ਦੇ ਆਧਾਰ ਤੇ ਕੀਤੀ ਜਾਂਦੀ ਸੀ ਅਤੇ ਸੰਭਵ ਹੈ ਕਿ ਇਹ ਪੱਦ ਸਨਮਾਨਵਾਚੀ ਹੀ ਹੋਵੇ। ਇਹ ਪੱਦ ਪਹਿਲੇ ਅਹੁਦੇਦਾਰਾਂ ਦੇ ਪਰਿਵਾਰਾਂ ਵਿਚ ਪਿਤਰੀ ਹੋ ਗਿਆ ਅਤੇ ਸਹਿਜੇ ਸਹਿਜੇ ਅਯੋਗ ਹੱਥਾਂ ਵਿਚ ਆ ਕੇ ਵੱਢੀ ਖੋਰੀ ਅਤੇ ਬੇਈਮਾਨੀ ਦਾ ਸਾਧਨ ਬਣ ਗਿਆ।"[3] ਗੁਰੂ ਹਰਿ ਰਾਇ ਦਾ ਤੀਹ ਸਾਲਾਂ ਦੀ ਛੋਟੀ ਆਯੂ ਵਿਚ ਦਿਹਾਂਤ, ਪਿਛੇ ਦੋ ਨਬਾਲਗ ਪੁੱਤਰਾਂ ਦਾ ਛੱਡਣਾ, ਅਤੇ ਉਨ੍ਹਾਂ ਵਿਚੋਂ ਛੋਟੇ ਨੂੰ ਗੱਦੀ ਲਈ ਨਾਮਜ਼ਦ ਕਰਨਾ ਅਜਿਹੀਆਂ ਚੀਜ਼ਾਂ ਸਨ ਜਿਨ੍ਹਾਂ ਨੇ ਇਨ੍ਹਾਂ ਆਦਮੀਆਂ ਲਈ ਇੱਛਿਤ ਅਵਸਰ ਪੈਦਾ ਕਰ ਦਿੱਤਾ। ਇਨ੍ਹਾਂ ਵਿਚੋਂ ਕੁਝ ਨੇ ਇਸ ਆਸ ਨਾਲ ਰਾਮ ਰਾਇ ਦਾ ਪੱਖ ਪੂਰਿਆ ਕਿ ਅਜੇਹੀ ਸਥਿਤੀ ਪੈਦਾ ਹੋ ਜਾਵੇ ਜਿਸ ਵਿਚ ਜਾਨਸ਼ੀਨ ਬਾਰੇ ਝਗੜਾ ਖੜਾ ਹੋ ਜਾਵੇ ਅਤੇ ਸਿੱਟੇ ਵਜੋਂ ਗੁਰੂ ਜੀ ਦੀ ਸਥਿਤੀ ਕਮਜ਼ੋਰ ਹੋ ਜਾਣ ਨਾਲ ਉਨ੍ਹਾਂ ਨੂੰ ਚੜ੍ਹਾਵਿਆਂ ਵਿਚ ਹੇਰਾ ਫੇਰੀ ਕਰਨ ਦੀ ਪੂਰੀ ਖੁਲ੍ਹ ਹੋ ਜਾਵੇ। ਪਰ ਦੂਜੇ ਮਸੰਦ ਗੁਰੂ ਹਰਿ ਕਿਸ਼ਨ ਦੇ ਵਫ਼ਾਦਾਰ ਰਹੇ ਅਤੇ ਦੋਹਾਂ ਗੁੱਟਾਂ ਵਿਚਕਾਰ ਝਗੜੇ ਦਾ ਨਤੀਜਾ ਇਹ ਹੋਇਆ ਕਿ ਗੁਰੂ ਜੀ ਨੂੰ ਦਿੱਲੀ ਬੁਲਾਇਆ ਗਿਆ। ਸੋ ਔਰੰਗਜ਼ੇਬ ਨੂੰ ਦਖਲ ਦੇਣ ਦਾ ਅਵਸਰ ਦਿੱਤਾ ਗਿਆ ਜਿਸ ਨੂੰ ਕਿ ਹਰ ਹਾਲਤ ਵਿਚ ਪਰੇ ਰੱਖਣਾ ਚਾਹੀਦਾ ਸੀ ਅਤੇ ਸਾਰੀ ਘਟਨਾ ਸਿੱਖਾਂ ਨੂੰ ਇਸ ਰੌਸ਼ਨੀ ਵਿਚ ਪ੍ਰਗਟ ਕਰਦੀ ਹੈ ਜਿਹੜੀ ਕਿ ਉਨ੍ਹਾਂ ਦੀ ਸ਼ਾਨ ਨੂੰ ਸ਼ੋਭਾ ਨਹੀਂ ਦਿੰਦੀ।

ਦੂਜੇ ਪਾਸੇ ਇਹ ਪ੍ਰਤੀਤ ਹੁੰਦਾ ਹੈ ਕਿ ਮਸੰਦਾਂ ਨੇ ਇਸ ਸਥਿਤੀ ਤੋਂ ਮਿਲੇ ਮੌਕਿਆਂ ਦਾ ਪੂਰਾ ਪੂਰਾ ਲਾਭ ਉਠਾਇਆ। ਸਾਨੂੰ ਦਸਿਆ ਗਿਆ ਹੈ: "ਮਸੰਦ ਗਰੀਬ ਸਿੱਖਾਂ ਨੂੰ ਕੁੱਟਣ ਅਤੇ ਲੁੱਟਣ ਲੱਗ ਪਏ ਸਨ ਅਤੇ ਜੋ ਕੋਈ ਉਨ੍ਹਾਂ ਦੇ ਵਤੀਰੇ ਨੂੰ ਬੁਰਾ ਕਹਿੰਦਾ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 316
2. ਉਹੀ, ਪੰਨਾ 3
3. ਨਾਰੰਗ, ਉਪਰੋਕਤ ਰਚਨਾ, ਪੰਨਾ 73, ਪਦ-ਟਿਪਣੀ।

ਸੀ ਉਸ ਨੂੰ ਗੁਰੂ ਕ੍ਰੋਪੀ ਦੀ ਧਮਕੀ ਦਿੰਦੇ ਸਨ। ਰਾਮ ਰਾਇ ਦੀ ਅਧਿਕ ਚੜ੍ਹਾਵੇ ਇਕੱਠੇ ਕਰਨ ਦੀ ਇੱਛਾ ਪੂਰੀ ਨਾ ਹੋਈ। ਉਹ ਰਾਮ ਰਾਇ ਨੂੰ ਤੁੱਛ ਸਮਝਦੇ ਸਨ ਕਿਉਂਕਿ ਉਨ੍ਹਾਂ ਦਾ ਖਿਆਲ ਸੀ ਕਿ ਸਾਰੇ ਸਿੱਖ ਉਨ੍ਹਾਂ ਦੇ ਦਾਬੇ ਹੇਠ ਹਨ ਅਤੇ ਜਿਸ ਨੂੰ ਚਾਹੁਣ ਗੁਰੂ ਥਾਪ ਸਕਦੇ ਹਨ। ਰਾਮ ਰਾਇ ਪੂਰੀ ਤਰ੍ਹਾਂ ਉਨ੍ਹਾਂ ਦੇ ਢਹੇ ਚੜ੍ਹਿਆ ਹੋਇਆ ਸੀ ਤੇ ਉਨ੍ਹਾਂ ਦੇ ਕਹਿਣੇ ਉਤੇ ਚਲਣ ਲਈ ਮਜ਼ਬੂਰ ਸੀ।"[1] ਅਸਲ ਵਿਚ ਰਾਮ ਰਾਇ ਦੀ ਛੋਟੀ ਆਯੂ ਸੰਭਾਵਨਾ ਪੈਦਾ ਨਹੀਂ ਹੋਣ ਦਿੰਦੀ ਕਿ ਉਸ ਨੇ ਇਸ ਮਾਮਲੇ ਵਿਚ ਕਿਸੇ ਪੜਾਅ ਉਤੇ ਵੀ ਮੁੱਖ ਭਾਗ ਲਿਆ ਹੋਵੇ। ਪਰੰਤੂ ਇਸ ਵਿਚ ਰਤਾ ਸ਼ੱਕ ਨਹੀਂ ਕਿ ਇਹ ਸਾਰੀ ਵਿਉਂਤ ਆਪਣੇ ਮੰਤਵਾਂ ਦੀ ਸਿੱਧੀ ਲਈ ਕੁਝ ਕੁ ਮਸੰਦਾਂ ਦੀ ਘਾੜਤ ਸੀ। ਅਜੇਹਾ ਕਰਨ ਨਾਲ ਉਨ੍ਹਾਂ ਨੇ ਸਿੱਖ ਸੰਗਠਨ ਦੇ ਅਤਿ ਨਾਜ਼ਕ ਥਾਂ ਉਤੇ ਚੋਟ ਕੀਤੀ ਅਤੇ ਸਿੱਟਾ ਇਹ ਹੋਇਆ ਕਿ ਸਹਿਜੇ ਸਹਿਜੇ ਇਸ ਸੰਗਠਨ ਵਿਚ ਵਿਗਠਨ ਆਰੰਭ ਹੋ ਗਿਆ।

III. ਗੁਰੂ ਤੇਗ ਬਹਾਦਰ

ਗੁਰੂ ਹਰਿ ਕ੍ਰਿਸ਼ਨ ਦੇ ਉੱਤਰਾਧਿਕਾਰੀ ਗੁਰੂ ਤੇਗ ਬਹਾਦਰ ਜੀ ਦੀ ਗੁਰਿਆਈ ਇਸ ਗੱਲ ਦੀ ਸਪਸ਼ਟ ਭਾਂਤ ਵਿਆਖਿਆ ਕਰਦੀ ਹੈ। ਸਿੱਖ ਰਵਾਇਤ ਇਹ ਦਾਅਵਾ ਕਰਦੀ ਹੈ ਕਿ ਗੁਰੂ ਹਰਿ ਕ੍ਰਿਸ਼ਨ ਦੇ ਅਖੀਰਲੇ ਦਿਨਾਂ ਵਿਚ ਜਦ ਉਨ੍ਹਾਂ ਨੂੰ ਥੋੜ੍ਹੇ ਚਿਰ ਲਈ ਹੋਸ਼ ਆਈ ਤਾਂ "ਗੁਰੂ ਜੀ ਨੇ ਸਿੱਖਾਂ ਨੂੰ ਪੰਜ ਪੈਸੇ ਤੇ ਨਾਰੀਅਲ ਲਿਆਉਣ ਲਈ ਕਿਹਾ। ਉਨ੍ਹਾਂ ਨੇ ਇਹ ਚੀਜ਼ਾਂ ਲਿਆਂਦੀਆਂ, ਪਰ ਹਿਲ ਨਾ ਸਕਣ ਕਰਕੇ ਉਨ੍ਹਾਂ ਨੇ ਆਪਣੇ ਜਾਨਸ਼ੀਨ ਦੀ ਪ੍ਰਕਰਮਾ ਵਜੋਂ ਆਪਣਾ ਹੱਥ ਤਿੰਨ ਵਾਰ ਹਵਾ ਵਿਚ ਹਿਲਾਇਆ ਅਤੇ ਮੂੰਹੋਂ ਆਖਿਆ 'ਬਾਬਾ ਬਕਾਲੇ'[2] ਅਰਥਾਤ ਉਨ੍ਹਾਂ ਦਾ ਜਾਨਸ਼ੀਨ ਗੁਰੂ ਬਕਾਲੇ ਪਿੰਡ ਵਿਚ ਲੱਭੇਗਾ।" ਹੁਣ ਬਕਾਲੇ, ਗੁਰੂ ਜੀ ਦੇ ਪਰਿਵਾਰ ਦੇ ਨਿਕਟਵਰਤੀ ਸੋਢੀ ਖਤਰੀ ਰਹਿੰਦੇ ਸਨ। ਜਦ ਇਹ ਖਬਰ ਉਥੇ ਫੈਲੀ ਤਾਂ ਦਸਿਆ ਜਾਂਦਾ ਹੈ, ਉਨ੍ਹਾਂ ਵਿਚੋਂ ਬਾਈਆਂ ਨੇ ਗੁਰੂ ਹੋਣ ਦਾ ਦਾਅਵਾ ਕਰ ਦਿੱਤਾ ਅਤੇ ਸਿੱਖਾਂ ਕੋਲੋਂ ਗੁਰੂ ਜੀ ਲਈ ਲਿਆਂਦੇ ਚੜ੍ਹਾਵਿਆਂ ਨੂੰ ਜਬਰਦਸਤੀ ਖੋਹ ਖਿੰਝ ਲਿਆ। ਪਰੰਤੂ ਬਕਾਲੇ ਵਿਚ ਗੁਰੂ ਤੇਗ ਬਹਾਦਰ ਵੀ ਆਪਣੀ ਪਤਨੀ ਅਤੇ ਮਾਤਾ ਸਮੇਤ ਰਹਿ ਰਹੇ ਸਨ, ਜਿਹੜੇ ਕਿ ਗੁਰੂ ਹਰਿਗੋਬਿੰਦ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਸਾਨੂੰ ਦਸਿਆ ਗਿਆ ਹੈ ਕਿ ਮੱਖਣ ਸ਼ਾਹ ਨਾਮੀ ਇਕ ਸਿੱਖ ਗੁਰੂ ਜੀ ਦੀ ਭੇਟਾ ਕਰਨ ਲਈ 500 ਮੁਹਰਾਂ ਲੈ ਕੇ ਆਇਆ ਪਰ ਬਕਾਲੇ ਵਿਚ ਅਨਿਸ਼ਚਿਤਾ ਅਤੇ ਰੌਲ ਘਚੋਲਾ ਦੇਖ ਕੇ ਉਸ ਨੂੰ ਨਿਰਾਸਤਾ ਹੋਈ। ਕੋਈ ਇਹ ਨਹੀਂ ਕਹਿ ਸਕਦਾ ਸੀ ਕਿ ਸਚਾ ਗੁਰੂ ਕਿਹੜਾ ਹੈ। ਕਿਹਾ ਜਾਂਦਾ ਹੈ ਕਿ ਇਸ ਤੇ ਮੱਖਣ ਸ਼ਾਹ ਨੇ ਇਨ੍ਹਾਂ ਝੂਠੇ ਦਾਅਹਵੇਦਾਰਾਂ ਦੀ ਅਜ਼ਮਾਇਸ਼ ਕਰਨ ਦਾ ਫੈਸਲਾ ਕੀਤਾ। ਇਹ ਨਿਸਚਾ ਹੋ ਗਿਆ ਕਿ ਇਹ 22 ਆਦਮੀ ਕੇਵਲ ਸਿੱਖਾਂ ਨੂੰ ਲੁਟਣ ਦੇ ਆਸ਼ੇ ਖਾਤਰ ਹੀ ਗੁਰੂ ਹੋਣ ਦਾ ਦਾਅਵਾ ਕਰਦੇ ਸਨ। ਫਿਰ ਉਹ ਗੁਰੂ ਤੇਗ ਬਹਾਦਰ ਦੇ ਦਰਸ਼ਨਾਂ ਨੂੰ ਗਿਆ ਜਿਨ੍ਹਾਂ ਨੇ ਉਸ ਨੂੰ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 316-417
2. ਉਹੀ, ਪੰਨਾ 329

ਛੇਤੀ ਹੀ ਇਹ ਨਿਸਚਾ ਕਰਵਾ ਦਿੱਤਾ ਕਿ ਉਹੀ ਸੱਚੇ ਗੁਰੂ ਹਨ। ਦਸਿਆ ਗਿਆ ਹੈ ਕਿ ਮੱਖਣ ਸ਼ਾਹ ਨੇ ਗੁਰੂ ਤੇਗ ਬਹਾਦਰ ਅੱਗੇ ਦੋ ਸੋਨੇ ਦੀਆਂ ਮੁਹਰਾਂ ਭੇਟ ਕੀਤੀਆਂ ਪਰ ਗੁਰੂ ਜੀ ਨੇ ਤੁਰੰਤ ਪੰਜ ਸੌ ਮੁਹਰਾਂ ਬਾਰੇ ਪੁਛਿਆ ਜਿਹੜੀਆਂ ਕਿ ਉਹ ਭੇਟਾ ਕਰਨ ਲਈ ਲਿਆਇਆ ਸੀ। ਇਸ ਤੋਂ ਮੱਖਣ ਸ਼ਾਹ, ਕੋਠੇ ਤੇ ਚੜ੍ਹ ਕੇ ਝੰਡਾ ਹਿਲਾਂਦਾ ਹੋਇਆ ਉਚੀ ਉਚੀ ਢੰਢੋਰਾ ਦੇਣ ਲਗਾ, 'ਗੁਰੂ ਲਾਧੋ ਰੇ, ਗੁਰੂ ਲਾਧੋ ਰੇ।' ਇਹ ਸੁਣ ਕੇ ਸਿੱਖ ਸਾਰਿਆਂ ਪਾਸਿਆਂ ਤੋਂ ਆ ਇਕੱਠੇ ਹੋਏ ਅਤੇ ਸਾਰੀਆਂ ਰਸਮਾਂ ਰੀਤਾਂ ਨਾਲ ਗੁਰੂ ਤੇਗ ਬਹਾਦਰ ਨੂੰ, ਜੋ ਤਰਤਾਲੀਵੇਂ ਵਰ੍ਹੇ ਵਿਚ ਸੀ ਅਤੇ ਗੁਰੂ ਨਾਨਕ ਦਾ ਸਰੂਪ ਸੀ, ਗੁਰ-ਗੱਦੀ ਉਤੇ ਬੈਠਾਇਆ ਗਿਆ।[1]

ਗੁਰੂ ਹਰਿ ਕ੍ਰਿਸ਼ਨ ਦੇ ਸੱਚੇ ਜਾਨਸ਼ੀਨ ਦੀ ਖੋਜ ਬਾਰੇ ਇਸ ਕਹਾਣੀ ਦਾ ਕੋਈ ਵੀ ਮਹੱਤਵ ਹੋਵੇ ਪਰੰਤੂ ਇਸ ਦਾ ਰਤਾ ਸ਼ੱਕ ਨਹੀਂ ਕਿ ਗੁਰੂ ਤੇਗ ਬਹਾਦਰ ਇਕ ਅਜੇਹੀ ਪਦਵੀ ਨੂੰ ਪ੍ਰਾਪਤ ਹੋਏ ਸਨ ਜੋ ਕਿ ਬਹੁਤ ਕਠਿਨ ਸੀ। ਸੋਢੀ ਖਤਰੀਆਂ, ਖਾਸ ਕਰ ਧੀਰ ਮਲ ਅਤੇ ਰਾਮ ਰਾਇ ਨੇ ਉਨ੍ਹਾਂ ਨੂੰ ਚੈਨ ਨਾ ਲੈਣ ਦਿੱਤਾ ਅਤੇ ਕੁਝ ਮਸੰਦਾਂ ਨੇ ਜੋ, ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਪਹਿਲੋਂ ਹੀ ਆਕੀ ਹੋ ਰਹੇ ਸਨ, ਗੁਰੂ ਜੀ ਪ੍ਰਤਿ ਵੈਰ ਵਾਲਾ ਵਤੀਰਾ ਖੁਲ੍ਹਮ ਖੁਲ੍ਹਾ ਅਪਣਾਉਣਾ ਆਰੰਭ ਕਰ ਦਿੱਤਾ ਸੀ। ਗੁਰੂ ਤੇਗ ਬਹਾਦਰ ਦੇ ਗੱਦੀ ਉਤੇ ਬੈਠਣ ਤੋਂ ਤੁਰੰਤ ਮਗਰੋਂ ਦੇ ਜੀਵਨ ਸੰਬੰਧੀ ਇਤਿਹਾਸਕਾਰਾਂ ਦੁਆਰਾ ਵਰਣਿਤ ਅਨੇਕਾਂ ਘਟਨਾਵਾਂ ਵਿਚੋਂ ਸਾਡੇ ਲਈ ਦੋ ਘਟਨਾਵਾਂ ਧਿਆਨ ਯੋਗ ਹਨ ਅਤੇ ਅਦਭੁਤ ਵੀ। ਜਾਪਦਾ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਅਸਲੀ ਗੁਰੂ ਮੰਨੇ ਜਾਣਾ ਧੀਰ ਮਲ ਲਈ ਅਸਹਿ ਸੀ ਅਤੇ ਉਸ ਦੇ ਉਕਸਾਉਣ ਤੇ ਇਕ ਮਸੰਦ ਸੀਹਾਂ ਨੇ ਗੁਰੂ ਜੀ ਨੂੰ ਜਾਨੋਂ ਮਾਰਨ ਦਾ ਯਤਨ ਵੀ ਕੀਤਾ ਸੀ। ਉਸ ਨੇ ਗੁਰੂ ਜੀ ਉਤੇ ਗੋਲੀ ਚਲਾਈ ਜੋ ਉਨ੍ਹਾਂ ਨੂੰ ਜਾ ਵੱਜੀ ਪਰ ਚੰਗੇ ਭਾਗਾਂ ਨੂੰ ਘਾਤਕ ਸਿੱਧ ਨਾ ਹੋਈ।[2] ਇਸ ਮਗਰੋਂ ਛੇਤੀ ਹੀ ਗੁਰੂ ਜੀ ਅੰਮ੍ਰਿਤਸਰ ਚਲੇ ਗਏ, ਉਨ੍ਹਾਂ ਨੇ ਸਰੋਵਰ ਵਿਚ ਇਸ਼ਨਾਨ ਕੀਤਾ ਪਰੰਤੂ ਹਰਿਮੰਦਰ ਦੇ ਪ੍ਰਬੰਧਕ ਮਸੰਦਾਂ ਨੇ ਇਸ ਦੇ ਦਰਵਾਜੇ ਬੰਦ ਕਰ ਲਏ ਅਤੇ ਉਨ੍ਹਾਂ ਨੂੰ ਇਸ ਦੇ ਪਵਿੱਤਰ ਇਹਾਤੇ ਵਿਚ ਨਾ ਜਾਣ ਦਿੱਤਾ।[3] ਸੋ ਇਹ ਪ੍ਰਤੱਖ ਹੈ ਕਿ ਪ੍ਰਬੰਧਕ ਜੁੜਤ ਜੋ ਸਿੱਖ ਮਤ ਦਾ ਗੌਰਵ ਸੀ ਬੀਤੇ ਸਮੇਂ ਦੀ ਯਾਦ ਬਣ ਗਈ ਅਤੇ ਗੁਰੂ ਦੀ ਨਿਰਵਿਰੋਧ ਅਗਵਾਈ ਹੇਠ ਪ੍ਰਾਪਤ ਕੀਤੀ ਇਸ ਲਹਿਰ ਦੀ ਸ਼ਕਤੀ ਘਟਦੀ ਜਾ ਰਹੀ ਸੀ।

ਸੋ ਸੋਢੀਆਂ ਅਤੇ ਮਸੰਦਾਂ ਨੇ ਗੁਰੂ ਜੀ ਦੇ ਰਹਿਣ ਲਈ ਸਥਿਤੀ ਅਸਹਿ ਕਰ ਦਿੱਤੀ ਅਤੇ ਉਹ ਹੌਲੀ ਹੌਲੀ ਕੀਰਤਪੁਰ ਵਲ ਨੂੰ ਚਲੇ ਗਏ। ਪਰੰਤੂ ਇਥੇ ਪਹੁੰਚ ਕੇ ਵੀ ਉਨ੍ਹਾਂ ਨੇ ਦੇਖਿਆ ਕਿ ਸੋਢੀਆਂ ਦੀ ਈਰਖਾ ਨੇ ਉਨ੍ਹਾਂ ਨੂੰ ਤੰਗ ਕਰ ਦਿੱਤਾ ਸੀ ਅਤੇ ਉਹ ਹੋਰ ਅਗਾਂਹ ਪਹਾੜਾਂ ਵਿਚ ਚਲੇ ਗਏ। ਕਹਲੂਰ ਦੇ ਰਾਜੇ ਕੋਲੋਂ ਕੁਝ ਜ਼ਮੀਨ ਮੁਲ ਲੈ ਕੇ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 344
2. ਉਹੀ
3. ਉਹੀ, ਪੰਨਾ 336। ਪੰਥ ਪ੍ਰਕਾਸ਼, ਪੰਨਾ 128

ਮਾਖੋਵਾਲ ਪਿੰਡ ਵਿਚ ਰਹਿਣ ਲੱਗ ਪਏ ਜਿਹੜਾ ਕਿ ਪਿਛੋਂ ਜਾ ਕੇ ਸਿੱਖਾਂ ਦਾ ਮਸ਼ਹੂਰ ਸ਼ਹਿਰ ਆਨੰਦਪੁਰ ਵਿਚ ਵਿਕਸਿਤ ਹੋਇਆ। ਪਰੰਤੂ ਇਸ ਸ਼ਹਿਰ ਦੀ ਬੁਨਿਆਦ ਨੇ ਸੋਢੀਆਂ ਨੂੰ ਹੋਰ ਰੁਹ ਚਾੜ੍ਹ ਦਿੱਤਾ ਅਤੇ ਤੁਰੰਤ ਧੀਰ ਮਲ ਨੇ ਰਾਮ ਰਾਇ ਨਾਲ ਰਲ ਕੇ ਗੁਰੂ ਜੀ ਨੂੰ ਖਤਮ ਕਰਨ ਲਈ ਸਾਜਸ਼ ਕਰਨੀ ਸ਼ੁਰੂ ਕਰ ਦਿੱਤੀ। ਮੈਲਕਮ ਅਤੇ ਫਾਰਸਟਰ ਦੇ ਆਧਾਰ ਉਤੇ ਕਨਿੰਘਮ ਕਹਿੰਦਾ ਹੈ ਕਿ ਸ਼ਾਹੀ ਦਰਬਾਰ ਵਿਚ ਰਾਮ ਰਾਇ ਦੀਆਂ ਸਾਜ਼ਸ਼ਾਂ ਕਾਰਨ ਗੁਰੂ ਜੀ ਨੂੰ "ਸ਼ਕਤੀ ਦੇ ਦਾਅਵੇਦਾਰ ਅਤੇ ਸ਼ਾਂਤੀ ਭੰਗ ਕਰਨਾ" ਦੇ ਅਪਰਾਧ ਵਿਚ ਦਿੱਲੀ ਸਦਿਆ ਗਿਆ ਸੀ ਪਰੰਤੂ ਜੈਪੁਰ ਦੇ ਰਾਜੇ ਦੇ ਵਿਚ ਪੈਣ ਕਰਕੇ ਗੁਰੂ ਜੀ ਨੂੰ ਛਡ ਦਿੱਤਾ ਗਿਆ ਕਿਉਂਕਿ ਰਾਜੇ ਨੇ ਉਨ੍ਹਾਂ ਨੂੰ ਆਸਾਮ ਦੀ ਮੁਹਿੰਮ ਵਿਚ ਨਾਲ ਲੈ ਦਾ ਬਚਨ ਦਿੱਤਾ ਸੀ।[1] ਪਰ ਸਿੱਖ ਰਵਾਇਤ ਉੱਕਾ ਹੀ ਵੱਖਰੀ ਹੈ। ਸਾਨੂੰ ਦਸਿਆ ਗਿਆ ਹੈ ਕਿ ਜਦ ਗੁਰੂ ਜੀ ਨੇ ਦੇਖਿਆ ਮਾਖੋਵਾਲ ਵੀ ਸੋਢੀ ਉਨ੍ਹਾਂ ਨੂੰ ਸ਼ਾਂਤੀ ਨਾਲ ਰਹਿਣ ਨਹੀਂ ਦਿੰਦੇ ਤਾਂ ਉਨ੍ਹਾਂ ਨੇ ਇਥੋਂ ਕੁਝ ਸਮੇਂ ਲਈ ਦੂਰ ਚਲੇ ਜਾਣਾ ਹੀ ਚੰਗਾ ਸਮਝਿਆ ਅਤੇ ਆਪਣੀ ਪਤਨੀ ਅਤੇ ਸੇਵਕਾਂ ਸਮੇਤ ਯਾਤਰਾ ਤੇ ਤੁਰ ਪਏ। ਗੁਰੂ ਜੀ ਮਾਲਵਾ ਦੇਸ਼, ਕਰੂਕਸ਼ੇਤਰ, ਹਰਦਵਾਰ ਪਰਿਆਗ ਅਤੇ ਬਨਾਰਸ ਰਾਹੀਂ ਅੰਤ ਪਟਨੇ ਪਹੁੰਚੇ। ਪਟਨੇ ਵਿਚ ਮਿਰਜ਼ਾ ਰਾਜਾ ਰਾਮ ਸਿੰਘ ਉਨ੍ਹਾਂ ਨੂੰ ਮਿਲਣ ਆਇਆ, ਜੋ ਕਿ ਅਹੋਮ ਰਾਜੇ ਵਿਰੁਧ ਮੁਹਿੰਮ ਲੈ ਕੇ ਜਾ ਰਿਹਾ ਸੀ। ਰਾਜੇ ਦੇ ਕਹਿਣ ਤੇ ਉਹ ਉਸ ਨਾਲ ਅਗਾਂਹ ਚਲੇ ਗਏ। ਪੁੱਤਰ ਦੇ ਜਨਮ ਦੀ ਖਬਰ ਸੁਣ ਕੇ ਉਹ ਛੇਤੀ ਹੀ ਵਾਪਸ ਪਟਨੇ ਆ ਗਏ। ਉਥੇ ਕੁਝ ਸਮਾਂ ਠਹਿਰਣ ਮਗਰੋਂ ਉਹ ਪੰਜਾਬ ਨੂੰ ਪਰਤ ਆਏ ਅਤੇ ਅਨੰਦਪੁਰ ਵਿਖੇ ਰਹਿਣ ਲੱਗ ਪਏ।

ਪਰੰਤੂ ਇਸ ਵਾਰਤਾ ਨੂੰ ਸਮਕਾਲੀ ਇਤਿਹਾਸ ਨਾਲ ਅਨੁਕੂਲਣਾ ਸੌਖਾ ਨਹੀਂ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਜਨਮ 1666 ਈ: ਦੇ ਆਰੰਭ ਵਿਚ ਹੋਇਆ ਅਤੇ ਇਸ ਦੇ ਦੋ ਸਾਲਾਂ ਪਿਛੋਂ ਮਿਰਜ਼ਾ ਰਾਜਾ ਰਾਮ ਸਿੰਘ ਅਹੋਮ ਰਾਜੇ ਵਿਰੁਧ ਮੁਹਿੰਮ ਲੈ ਕੇ ਗਿਆ ਸੀ।[2] ਸੋ ਇਹ ਸੱਚ ਨਹੀਂ ਹੋ ਸਕਦਾ ਕਿ ਜਦ ਪੁੱਤਰ ਦੇ ਜਨਮ ਦੀ ਖਬਰ ਦੂਤ ਲੈ ਕੇ ਆਇਆ ਤਾਂ ਗੁਰੂ ਤੇਗ ਬਹਾਦਰ ਸਾਹਿਬ ਰਾਜਾ ਰਾਮ ਸਿੰਘ ਨੂੰ ਛਡ ਕੇ ਵਾਪਸ ਪਟਨੇ ਆ ਗਏ। ਐਪਰ ਪੂਰਬੀ ਅਤੇ ਹੋਰ ਥਾਵਾਂ[3] ਉਤੇ ਉਨ੍ਹਾਂ ਦੀਆਂ ਯਾਦਗਾਰਾਂ, ਗੁਰੂ ਜੀ ਦੀ ਯਾਤਰਾ ਦੀ ਸਾਖੀ ਭਰਦੀਆਂ ਹਨ। ਪਰੰਤੂ ਇਹ ਕਹਿਣਾ ਮੁਸ਼ਕਿਲ ਹੈ ਕਿ ਦੋਨੋਂ ਘਟਨਾਵਾਂ, ਅਰਥਾਤ ਗੁਰੂ ਜੀ ਦੀ ਪੂਰਬ ਵਲ ਯਾਤਰਾ ਅਤੇ ਰਾਜਾ ਰਾਮ ਸਿੰਘ ਦੀ ਆਸਾਮ

---

1. ਕਨਿੰਘਮ, ਉਪਰੋਕਤ ਰਚਨਾ, ਪੰਨਾ 63
2 ਗੁਰਬਖਸ਼ ਸਿੰਘ ਇਸ ਸਮੱਸਿਆ ਦਾ ਇਕ ਹੱਲ ਸੁਝਾਉਂਦਾ ਹੈ। ਚਿਟਾਗਾਂਗ ਵਿਰੁਧ ਮੁਹਿੰਮ 1665-66 ਦੀਆਂ ਸਟਦੀਆਂ ਵਿਚ ਲੈ ਜਾਈ ਗਈ ਸੀ ਜਿਹੜੀ ਕਿ ਗੁਰੂ ਗੋਬਿੰਦ ਸਿੰਘ ਦੀ ਜਨਮ ਮਿਤੀ ਨਾਲ ਚੰਗੀ ਤਰ੍ਹਾਂ ਮੇਲ ਖਾਂਦੀ ਹੈ। ਇਸ ਮੁਹਿੰਮ ਵਿਚ ਇਕੋ ਹੀ, 1500 ਦਾ ਕਮਾਂਡਰ, ਰਾਜਪੂਤ ਰਾਜਾ ਸੁਬਲ ਸਿੰਘ ਸਸੋਦੀਆ ਕੁਝ ਮਹੱਤਾ ਵਾਲਾ ਸੀ। ਗੁਰਬਖਸ਼ ਸਿੰਘ ਦਾ ਵਿਚਾਰ ਹੈ ਕਿ ਸੰਭਵ ਹੈ ਕਿ ਗੁਰੂ ਜੀ ਇਸ ਮੁਹਿੰਮ ਨਾਲ ਗਏ ਹੋਣ। (ਢਾਕਾ ਰੀਵੀਊ, 1915, ਪੰਨਾ 229, ਪਦ-ਟਿਪਣੀ)।
3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੋਥੀ, ਪੰਨਾ 358, 360

ਦੀ ਮੁਹਿੰਮ ਕਿਵੇਂ ਰਲਗਡ ਹੋ ਗਈਆਂ ਹਨ।

ਕਿਵੇਂ ਵੀ ਹੋਵੇ, ਜਾਪਦਾ ਇਹ ਹੈ ਕਿ ਪਟਨੇ ਵਾਪਸ ਆਉਣ ਮਗਰੋਂ ਉਹ ਕਈ ਸਾਲ ਉਥੇ ਰਹੇ, ਫਿਰ ਆਖਰ ਉਨ੍ਹਾਂ ਦਾ ਧਿਆਨ ਪੰਜਾਬ ਵਲ ਪਰਤਿਆ। ਫਿਰ ਗੁਰੂ ਤੇਗ ਬਹਾਦਰ ਇਕੱਲੇ ਹੀ ਆਪਣੇ ਦੇਸ਼ ਨੂੰ ਆਏ ਅਤੇ ਆਪਣੇ ਪਰਿਵਾਰ ਨੂੰ ਇਹ ਹਦਾਇਤ ਕੀਤੀ ਕਿ ਉਨ੍ਹਾਂ ਨੂੰ ਪਿਛੋਂ ਸਦ ਭੇਜਿਆ ਜਾਵੇਗਾ, ਕਿਉਂਕਿ ਉਨ੍ਹਾਂ ਨੂੰ ਆਪਣੇ ਸੁਆਗਤ ਬਾਰੇ ਸ਼ੰਕਾ ਸੀ। ਪਰ ਜਾਪਦਾ ਹੈ ਕਿ ਗੁਰੂ ਜੀ ਨੇ ਆਪਣੇ ਪਰਿਵਾਰ ਨੂੰ ਛੇਤੀ ਹੀ ਬੁਲਾ ਲਿਆ ਅਤੇ ਮਾਖੋਵਾਲ ਵਿਚ ਰਹਿਣ ਲੱਗ ਪਏ।

ਹੁਣ ਅਸੀਂ ਗੁਰੂ ਜੀ ਦੇ ਜੀਵਨ ਦੇ ਅਤਿ ਭੜਕਾਊ ਅਤੇ ਵਾਦ ਵਿਵਾਦ ਵਾਲੇ ਭਾਗ ਨੂੰ ਵਿਚਾਰਾਂਗੇ। ਸਿੱਖ ਲਿਖਤਾਂ ਵਿਚ ਵਰਣਿਤ ਹੈ ਕਿ ਮਾਖੋਵਾਲ ਆਉਣ ਮਗਰੋਂ ਗੁਰੂ ਜੀ ਧਰਮ ਪ੍ਰਚਾਰ ਅਤੇ ਆਪਣੇ ਅਨੁਯਾਈਆਂ ਨੂੰ ਸਿਖਿਆ ਦੇਣ ਦੇ ਕਾਰਜਾਂ ਵਿਚ ਲੱਗੇ ਰਹੇ ਪਰ ਉਨ੍ਹਾਂ ਨੂੰ ਬਹੁਤ ਦੇਰ ਸ਼ਾਂਤੀ ਨਾਲ ਨਾ ਰਹਿਣ ਦਿੱਤਾ ਗਿਆ। ਔਰੰਗਜ਼ੇਬ ਦੀ ਧਾਰਮਿਕ ਨੀਤੀ, ਜਿਸ ਦਾ ਮੰਤਵ ਕੱਟੜ ਸੁੰਨੀ ਰਾਜ ਸਥਾਪਿਤ ਕਰਨਾ ਸੀ, ਨੇ ਸਾਰੇ ਦੇਸ਼ ਵਿਚ ਹਲਚਲ ਮਚਾਈ ਹੋਈ ਸੀ ਅਤੇ ਇਹ ਆਸ ਨਹੀਂ ਰੱਖੀ ਜਾ ਸਕਦੀ ਕਿ ਗੁਰੂ ਤੇਗ ਬਹਾਦਰ ਜੀ ਜੀ ਪਦਵੀ ਅਤੇ ਧਾਰਮਿਕ ਮਹਾਨਤਾ ਵਾਲਾ ਵਿਅਕਤੀ ਇਸ ਤੋਂ ਅਪ੍ਰਭਾਵਿਤ ਰਹੇ। ਅੰਕਬਰ ਦੁਆਰਾ ਚਲਾਈ ਗਈ ਨੀਤੀ ਨੂੰ ਕੱਟੜ ਮੁਸਲਮਾਨ ਸਦਾ ਹੀ ਕੋਸਦੇ ਰਹੇ ਅਤੇ ਉਨ੍ਹਾਂ ਦੀ ਪਾਰਟੀ ਹੌਲੀ ਹੌਲੀ ਜ਼ੋਰ ਫੜਦੀ ਰਹੀ। ਸ਼ਾਹਜਹਾਨ ਦੇ ਪੁੱਤਰਾਂ ਵਿਚਕਾਰ ਜਾਨਸ਼ੀਨੀ ਦੀ ਜੰਗ ਦੇ ਸਮੇਂ ਇਹ ਸਭ ਤੋਂ ਮੂਹਰੇ ਆ ਗਈ। ਦਾਰਾ, ਜਿਵੇਂ ਕਿ ਸਭ ਜਾਣਦੇ ਹਨ, ਸਾਮਰਾਜ ਦੀ ਰਵਾਇਤ ਦੀ ਪ੍ਰਤੀਨਿਧਤਾ ਕਰਦਾ ਸੀ ਜਦ ਕਿ ਔਰੰਗਜ਼ੇਬ ਕੱਟੜਵਾਦੀ ਧਾਰਮਿਕ ਸਿੱਧਾਂਤਾਂ ਦੀ। ਅੱਵਸ਼ ਹੀ ਔਰੰਗਜ਼ੇਬ ਦੀ ਜਾਨਸ਼ੀਨੀ ਨਾਲ ਸਾਮਰਾਜ ਦੀ ਸਮੁਚੀ ਨੀਤੀ ਹੀ ਉਲਟੀ ਹੋ ਗਈ ਅਤੇ ਨਵਾਂ ਯੁਗ ਅਰੰਭ ਹੋਇਆ। ਹੇਠ ਲਿਖੀਆਂ ਕਾਰਵਾਈਆਂ, ਜਿਨ੍ਹਾਂ ਨੂੰ ਔਰੰਗਜ਼ੇਬ ਨੇ ਆਪਣੇ ਰਾਜ ਦੇ ਪਹਿਲੇ ਦੱਸ ਵਰ੍ਹਿਆਂ ਵਿਚ ਅਪਣਾਇਆ ਸੀ, ਤੋਂ ਭਲੀ ਭਾਂਤ ਸਪਸ਼ਟ ਹੈ ਕਿ ਕਿਸ ਹੱਦ ਤਕ ਹਿੰਦੂ ਧਰਮ ਨੂੰ ਨਵੇਂ ਸ਼ਹਿਨਸ਼ਾਹ ਦੇ ਹੱਥੋਂ ਦੁਖ ਪਾਉਣਾ ਪਿਆ ਸੀ। 1664 ਵਿਚ ਹੀ ਔਰੰਗਜ਼ੇਬ ਨੇ ਜਦ ਉਹ ਗੁਜਰਾਤ ਦਾ ਗਵਰਨਰ ਸੀ ਅਹਿਮਦਾਬਾਦ ਵਿਚ ਚਿੰਤਾਮਨੀ ਦੇ ਮੰਦਰ ਨੂੰ ਅਪਵਿੱਤਰ ਕਰ ਕੇ ਅਨੇਕਾਂ ਮੰਦਰਾਂ ਨੂੰ ਜਾਣ ਬੁਝ ਕੇ ਢੁਆ ਕੇ ਆਪਣੇ ਇਸਲਾਮੀ ਜੋਸ਼ ਨੂੰ ਪ੍ਰਗਟ ਕਰ ਦਿੱਤਾ ਸੀ। ਉਸ ਦੇ ਰਾਜ-ਸਿੰਘਾਸਨ ਉਤੇ ਬੈਠਣ ਨਾਲ ਜ਼ੁਲਮ ਅਤੇ ਵਿਤਕਰੇ ਦੀ ਨੀਤੀ ਵਧੇਰੇ ਪ੍ਰਚਲਤ ਹੋ ਗਈ। ਆਪਣੇ ਰਾਜ ਦੇ ਸ਼ੁਰੂ ਵਿਚ ਹੀ ਉਸ ਨੇ ਉੜੀਸਾ ਦੇ ਸਥਾਨਿਕ ਕਰਮਚਾਰੀਆਂ ਨੂੰ ਹੁਕਮ ਦੇ ਦਿੱਤਾ ਕਿ "ਝੌਂਪੜੀਆਂ ਸਮੇਤ ਸਾਰੇ ਮੰਦਰ ਗਿਰਾ ਦਿੱਤੇ ਜਾਣ ਜਿਹੜੇ ਪਿਛਲੇ ਦਸ ਬਾਰਾਂ ਵਰ੍ਹਿਆਂ ਵਿਚ ਬਣਾਏ ਗਏ ਹੋਣ ਅਤੇ ਪੁਰਾਣੇ ਮੰਦਰਾਂ ਦੀ ਮੁਰੰਮਤ ਨਾ ਕਰਨ ਦਿੱਤੀ ਜਾਵੇ।"[1] "ਕਾਫਰਾਂ ਦੇ ਸਕੂਲਾਂ ਨੂੰ ਢਾਉਣ

---

1. ਸਰਕਾਰ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 265

ਅਤੇ ਉਨ੍ਹਾਂ ਦੇ ਧਾਰਮਿਕ ਰਿਵਾਜਾਂ ਅਤੇ ਸਿਖਿਆਵਾਂ ਨੂੰ ਕੁਚਲ ਦੇਣ ਲਈ,"[1] 1669 ਈ. ਵਿਚ ਇਕ ਹੋਰ ਫਰਮਾਨ ਜਾਰੀ ਕੀਤਾ ਗਿਆ। ਸੋਮ ਨਾਥ, ਮਥਰਾ ਅਤੇ ਬਨਾਰਸ ਦੇ ਸ਼ਾਨਦਾਰ ਅਤੇ ਪੁਰਾਣੇ ਮੰਦਰਾਂ ਨੂੰ ਢਾਅ ਦਿੱਤਾ ਗਿਆ ਅਤੇ ਜੱਜ਼ੀਆ ਮੁੜ ਲਾਗੂ ਕਰ ਦਿੱਤਾ ਗਿਆ। ਮੁਸਲਮਾਨ ਜਨਤਾ ਲਈ ਮਸੂਲ ਹਟਾ ਦਿੱਤਾ ਗਿਆ। ਇਸਲਾਮ ਵਿਚ ਆਉਣ ਵਾਲਿਆਂ ਲਈ ਇਨਾਮ ਦਿੱਤੇ ਜਾਂਦੇ। ਹਿੰਦੂਆਂ ਨੂੰ ਸਰਕਾਰੀ ਪਦਾਂ ਤੋਂ ਹੌਲੇ ਹੌਲੇ ਹਟਾ ਦਿੱਤਾ ਗਿਆ। ਹਿੰਦੂਆਂ ਦੇ ਧਾਰਮਿਕ ਤਿਉਹਾਰ ਬੰਦ ਕਰ ਦਿੱਤੇ ਗਏ। ਹੋਲੀ ਅਤੇ ਦੀਵਾਲੀ ਮਨਾਉਣ ਉਤੇ ਵੀ ਬਹੁਤ ਸਾਰੀਆਂ ਪਾਬੰਦੀਆਂ ਲਾ ਦਿੱਤੀਆਂ ਗਈਆਂ। "ਬੁੱਤ-ਸ਼ਿਕਨੀ ਨੀਤੀ ਨੂੰ ਲਾਗੂ ਕਰਨ ਲਈ ਬਕਾਇਦਾ ਯੋਜਨਾ ਅਪਣਾਈ ਗਈ। ਇਸਲਾਮ ਦੇ ਸਿਧਾਂਤਾਂ ਨੂੰ ਲਾਗੂ ਕਰਨ ਜਿਵੇਂ ਸ਼ਰਾਬ, ਭੰਗ, ਜੂਆ ਆਦਿ ਦੀ ਮਨਾਹੀ ਲਈ ਸਾਰੇ ਸ਼ਹਿਰਾਂ ਅਤੇ ਰਾਜ ਦੇ ਉਪਭਾਗਾਂ ਵਿਚ ਅਫਸਰ ਨਿਯੁਕਤ ਕੀਤੇ ਗਏ। ਹਿੰਦੂਆਂ ਦੇ ਪੂਜ-ਅਸਥਾਨਾਂ ਦੀ ਬਰਬਾਦੀ ਕਰਨਾ ਉਨ੍ਹਾਂ ਦੇ ਮੁੱਖ ਕਰਤਵਾਂ ਵਿਚੋਂ ਇਕ ਸੀ ਅਤੇ ਇਸ ਕੰਮ ਲਈ ਨਿਯੁਕਤ ਕੀਤੇ ਅਫਸਰਾਂ ਦੀ ਸੰਖਿਆ ਇਤਨੀ ਜ਼ਿਆਦਾ ਸੀ ਕਿ ਉਨ੍ਹਾਂ ਦੀਆਂ ਕਾਰਵਾਈਆਂ ਦੀ ਅਗਵਾਈ ਕਰਨ ਲਈ ਇਕ 'ਡਾਇਰੈਕਟਰ ਜਨਰਲ' ਰੱਖਣਾ ਪਿਆ।"[2] ਸਿੱਖ, ਜਿਹੜੇ ਕਿ ਕਾਫਰ ਸਨ, ਹਿੰਦੂਆਂ ਨਾਲੋਂ ਚੰਗੇ ਵਰਤਾਉ ਦੀ ਆਸ ਨਹੀਂ ਰੱਖ ਸਕਦੇ ਸਨ ਅਤੇ ਸਾਨੂੰ ਦਸਿਆ ਗਿਆ ਹੈ ਕਿ "ਔਰੰਗਜ਼ੇਬ ਨੇ ਸਿੱਖਾਂ ਦੇ ਗੁਰਦਵਾਰਿਆਂ ਨੂੰ ਢਾਉਣ ਅਤੇ ਸਿੱਖਾਂ ਤੋਂ ਦਸਵੰਦ ਅਤੇ ਚੜ੍ਹਾਵਾ ਲੈਣ ਵਾਲੇ ਗੁਰੂ ਜੀ ਦੇ ਮਸੰਦਾਂ ਨੂੰ ਸ਼ਹਿਰਾਂ ਵਿਚੋਂ ਬਾਹਰ ਕਢ ਦੇਣ ਦਾ ਹੁਕਮ ਦਿੱਤਾ ਹੋਇਆ ਸੀ।"[3] ਸੋ ਜਦ ਗੁਰੂ ਤੇਗ ਬਹਾਦਰ ਪੰਜਾਬ ਵਿਚ ਆਏ ਤਾਂ ਅਜੇਹੇ ਹਾਲਤ ਸਨ ਅਤੇ ਛੇਤੀ ਹੀ ਉਹ ਇਸ ਫੰਧੇ ਵਿਚ ਫਸਾ ਲਏ ਗਏ।

ਸਿੱਖ ਰਵਾਇਤ ਹੈ ਕਿ ਕਸ਼ਮੀਰ ਦੇ ਗਵਰਨਰ ਸ਼ੇਰ ਅਫਗਾਨ ਖਾਂ ਨੇ "ਕਸ਼ਮੀਰੀਆਂ ਨੂੰ ਤਲਵਾਰ ਦੇ ਜ਼ੋਰ ਨਾਲ ਮੁਸਲਮਾਨ ਬਣਾਉਣਾ ਸ਼ੁਰੂ ਕਰ ਦਿੱਤਾ ਸੀ ਅਤੇ ਜਿਨ੍ਹਾਂ ਨੇ ਆਪਣੇ ਪੂਰਵਜਾਂ ਦੇ ਧਰਮ ਨੂੰ ਬਚਾਉਣਾ ਚਾਹਿਆ ਉਨ੍ਹਾਂ ਨੂੰ ਤਲਵਾਰ ਦੇ ਘਾਟ ਉਤਾਰ ਦਿੱਤਾ ਗਿਆ। ਸਾਨੂੰ ਦਸਿਆ ਗਿਆ ਹੈ ਕਿ ਪਿਛੋਂ ਇਹ ਅਤਿਵਾਦੀ ਨੀਤੀ ਕੁਝ ਢਿੱਲੀ ਕਰ ਦਿੱਤੀ ਗਈ ਸੀ ਪਰ ਫਿਰ ਵੀ ਸਥਿਤੀ ਕਾਫੀ ਨਿਘਰੀ ਹੋਈ ਸੀ ਅਤੇ ਕਸ਼ਮੀਰੀ ਬ੍ਰਾਹਮਣਾਂ ਨੇ ਨਿਰਾਸ਼ ਹੋ ਕੇ ਗੁਰੂ ਤੇਗ ਬਹਾਦਰ ਜੀ ਦੀ ਸਲਾਹ ਅਤੇ ਸਹਾਇਤਾ ਚਾਹੀ। ਜਦ ਕਸ਼ਮੀਰੀ ਬ੍ਰਾਹਮਣਾਂ ਨੇ ਆਪਣੀ ਦੁਖ ਭਰੀ ਵਿਥਿਆ ਸੁਣਾਈ ਤਾਂ ਕੁਝ ਚਿਰ ਲਈ ਗੁਰੂ ਜੀ ਡੂੰਘੀ ਸੋਚ ਵਿਚਾਰ ਕਰਨ ਲੱਗੇ; ਫਿਰ ਉਨ੍ਹਾਂ ਨੂੰ ਦਿੱਲੀ ਜਾ ਕੇ ਇਹ ਕਹਿਣ ਦੀ ਸਲਾਹ ਦਿੱਤੀ ਕਿ "ਹਿੰਦੂ ਧਰਮ ਦੇ ਰਾਖੇ, ਗੁਰੂ ਤੇਗ ਬਹਾਦਰ, ਗੁਰੂ ਨਾਨਕ ਦੀ ਗੱਦੀ ਉਤੇ ਨੌਵੇਂ ਗੁਰੂ ਹਨ। ਪਹਿਲੋਂ ਉਨ੍ਹਾਂ ਨੂੰ ਮੁਸਲਮਾਨ ਬਣਾ ਲਉ ਤਾਂ ਅਸੀਂ ਸਾਰੇ ਆਪਣੇ

---

1. ਸਰਕਾਰ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 265
2. ਉਹੀ, ਪੰਨਾ 267
3 ਸਰਕਾਰ, ਉਹੀ, ਪੰਨਾ 212 ਤੇ ਖਾਫੀ ਖਾਂ (II, 652) ਦਾ ਹਵਾਲਾ।

ਆਪ ਤੁਹਾਡਾ ਧਰਮ ਅਪਣਾ ਲਵਾਂਗੇ।" ਜਿਵੇਂ ਕਿਹਾ ਗਿਆ ਸੀ ਉਵੇਂ ਹੀ ਉਨ੍ਹਾਂ ਨੇ ਕੀਤਾ ਅਤੇ ਇਸ ਦੇ ਫਲ ਸਰੂਪ ਸ਼ਹਿਨਸ਼ਾਹ ਨੇ ਗੁਰੂ ਜੀ ਨੂੰ ਦਿੱਲੀ ਬੁਲਵਾਉਣ ਲਈ, ਮਾਖੋਵਾਲ ਦੂਤ ਭੇਜ ਦਿੱਤਾ। ਗੁਰੂ ਤੇਗ ਬਹਾਦਰ ਜੀ ਨੇ ਲਿਖ ਭੇਜਿਆ ਕਿ ਬਰਸਾਤ ਮਗਰੋਂ ਆਪ ਉਹ ਦਿੱਲੀ ਆਉਣਗੇ ਅਤੇ ਜੂਨ ਦੇ ਆਰੰਭ ਵਿਚ ਹੀ ਉਹ ਰਵਾਨਾ ਹੋ ਗਏ। ਇਸ ਸਮੇਂ ਹੀ ਔਰੰਗਜ਼ੇਬ ਨੇ ਗੁਰੂ ਜੀ ਦੀ ਰਵਾਨਗੀ ਨੂੰ ਸ਼ੀਘਰ ਕਰਨ ਲਈ, ਦੋ ਦੂਤ ਮਾਖੋਵਾਲ ਭੇਜ ਦਿੱਤੇ ਪਰ ਜਦ ਉਹ ਇਥੇ ਪਹੁੰਚੇ ਤਾਂ ਗੁਰੂ ਜੀ ਉਥੋਂ ਜਾ ਚੁਕੇ ਸਨ। ਦੂਤ ਕਾਹਲੀ ਨਾਲ ਅੰਮ੍ਰਿਤਸਰ ਆਏ ਤਾਂ ਉਥੇ ਵੀ ਗੁਰੂ ਜੀ ਨਾ ਮਿਲੇ। ਇਸ ਬਾਰੇ ਉਨ੍ਹਾਂ ਨੇ ਸ਼ਹਿਨਸ਼ਾਹ ਨੂੰ ਸੂਚਿਤ ਕਰ ਦਿੱਤਾ ਕਿਉਂਕਿ ਇਸ ਨੂੰ ਉਹ ਗੁਰੂ ਜੀ ਦੀ ਫਰਾਰੀ ਸਮਝਦੇ ਸਨ। ਔਰੰਗਜ਼ੇਬ ਨੇ ਸਾਰੇ ਰਾਜ ਵਿਚ ਗੁਰੂ ਜੀ ਨੂੰ ਢੂੰਢਣ ਅਤੇ ਗ੍ਰਿਫਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਉਨ੍ਹਾਂ ਨੂੰ ਛੇਤੀ ਹੀ ਪਕੜ ਲਿਆ ਗਿਆ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਇਕ ਆਜੜੀ ਮੁੰਡੇ ਨੂੰ ਇਕ ਸੋਨੇ ਦੀ ਮੁੰਦਰੀ ਦਿੱਤੀ ਅਤੇ ਇਸ ਨੂੰ ਗਿਰਵੀ ਰੱਖ ਕੇ ਦੋ ਰੁਪਏ ਦੀ ਮਠਿਆਈ ਲਿਵਾਉਣ ਲਈ ਕਿਹਾ। ਇਹ ਕਿਹਾ ਗਿਆ ਕਿ ਮੁੰਦਰੀ ਦੇਣ ਦੀ ਉੱਕਾ ਹੀ ਲੋੜ ਨਹੀਂ ਸੀ ਕਿਉਂਕਿ ਗੁਰੂ ਜੀ ਕੋਲ ਕਾਫੀ ਧਨ ਸੀ। ਪਰ ਮੁੰਡੇ ਨੂੰ ਸ਼ੱਕ ਕਾਰਨ ਇਕ ਪੁਲੀਸ ਅਫ਼ਸਰ ਨੇ ਗ੍ਰਿਫਤਾਰ ਕਰ ਲਿਆ ਅਤੇ ਉਹ ਖੋਜ ਕਰਦਾ ਹੋਇਆ ਗੁਰੂ ਤੇਗ ਬਹਾਦਰ ਜੀ ਕੋਲ ਆ ਪਹੁੰਚਿਆ। ਗੁਰੂ ਜੀ ਨੇ ਤੁਰੰਤ ਹੀ ਆਪਣੇ ਬਾਰੇ ਦੱਸ ਦਿੱਤਾ ਅਤੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ।[1] ਗੁਰੂ ਜੀ ਨੂੰ ਦਿੱਲੀ ਲੈ ਜਾਇਆ ਗਿਆ ਅਤੇ ਕੁਝ ਸਮਾਂ ਉਥੇ ਹੀ ਜੇਲ੍ਹ ਵਿਚ ਰਖਿਆ ਗਿਆ। ਜੋ ਕੁਝ ਇਸ ਮਗਰੋਂ ਵਾਪਰਿਆ ਉਸ ਸੰਬੰਧੀ ਸਿੱਖ ਲਿਖਤਾਂ ਵਿਚ ਉਸ ਦੇ ਬਹੁਤ ਸਾਰੇ ਵੇਰਵੇ ਮਿਲਦੇ ਹਨ ਪਰੰਤੂ ਮੁੱਖ ਗੱਲਾਂ ਇਹ ਹਨ ਕਿ ਗੁਰੂ ਜੀ ਨੂੰ ਇਸਲਾਮ ਅਤੇ ਮੌਤ ਵਿਚੋਂ ਇਕ ਨੂੰ ਚੁਨਣ ਲਈ ਕਿਹਾ ਗਿਆ ਪਰੰਤੂ ਜਦ ਗੁਰੂ ਜੀ ਨੇ ਇਸਲਾਮ ਨਾ ਧਾਰਨ ਕਰਨ ਅਤੇ ਆਪਣਾ ਧਰਮ ਤਿਆਗਣ ਤੋਂ ਪੱਕੀ ਤਰ੍ਹਾਂ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਨੂੰ ਆਪਣੀ ਰੱਖਿਆ ਖ਼ਾਤਰ ਕਰਾਮਾਤ ਦਿਖਾਉਣ ਲਈ ਕਿਹਾ ਗਿਆ। ਗੁਰੂ ਜੀ ਨੇ ਉੱਤਰ ਦਿੱਤਾ ਕਿ 'ਕਰਾਮਾਤ ਦਿਖਾਣਾ ਰੱਬ ਦੀ ਕ੍ਰੋਪੀ ਹੁੰਦੀ ਹੈ' ਅਤੇ ਬਾਦਸ਼ਾਹ ਜੋ ਚਾਹੇ ਕਰ ਸਕਦਾ ਹੈ। ਜਦ ਉਨ੍ਹਾਂ ਨੂੰ ਮੁਸਲਮਾਨ ਬਣਾਉਣ ਦੇ ਸਾਰੇ ਯਤਨ ਅਸਫਲ ਹੋ ਗਏ ਤਾਂ ਸ਼ਹਿਨਸ਼ਾਹ ਨੇ ਉਨ੍ਹਾਂ ਨੂੰ ਕਤਲ ਕਰਨ ਦਾ ਹੁਕਮ ਦਿੱਤਾ। ਇਹ 1675 ਈ: ਦੀ ਘਟਨਾ ਹੈ।

ਗੁਰੂ ਗੋਬਿੰਦ ਸਿੰਘ ਜੀ ਬਚਿਤ੍ਰ ਨਾਟਕ ਵਿਚ ਲਿਖਦੇ ਹਨ :—

..........................।

ਤਿਨ ਤੇ ਤੇਗ ਬਹਾਦਰ ਭਏ ॥
ਤਿਲਕ ਜੰਞੂ ਰਾਖਾ ਪ੍ਰਭ ਤਾਕਾ ॥
ਕੀਨੋ ਬਡੋ ਕਲੂ ਮਹਿ ਸਾਕਾ ॥
ਸਾਧਨ ਹੇਤੁ ਇਤੀ ਜਿਨਿ ਕਰੀ ॥

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 369-77

ਸੀਸ ਦੀਆ ਪਰ ਸੀ ਨਾ ਉਚਰੀ ॥
ਧਰਮ ਹੇਤੁ ਸਾਕਾ ਜਿਨਿ ਕੀਆ ॥
ਸੀਸ ਦੀਆ ਪਰ ਸਿਰਰੁ ਨਾ ਦੀਆ ॥
ਨਾਟਕ ਚੇਟਕ ਕੀਏ ਕੁਕਾਜਾ ॥
ਪ੍ਰਭ ਲੋਗਨ ਕਹ ਆਵਤ ਲਾਜਾ ॥ 14 ॥[1]

ਅਸੀਂ ਇਥੇ ਦੇਖਾਂਗੇ ਕਿ ਇਸ ਵਿਚ ਮਹੱਤਵਪੂਰਨ ਗੱਲਾਂ ਦੀ ਪ੍ਰੋੜਤਾ ਹੈ ਜਿਹੜੀਆਂ ਕਿ ਸਾਨੂੰ ਸਿੱਖ ਲਿਖਤਾਂ ਵਿਚ ਮਿਲਦੀਆਂ ਹਨ ਅਰਥਾਤ, ਗੁਰੂ ਤੇਗ ਬਹਾਦਰ ਜੀ ਨੇ ਔਰੰਗਜ਼ੇਬ ਦੇ ਧਾਰਮਿਕ ਅਤਿਆਚਾਰਾਂ ਵਿਰੁਧ ਹਿੰਦੂਆਂ ਦੀ ਸਹਾਇਤਾ ਕੀਤੀ, ਇਸ ਤਰ੍ਹਾਂ ਹੀ ਆਪਣੇ ਆਪ ਨੂੰ ਬਚਾਉਣ ਲਈ ਇਸਲਾਮ ਕਬੂਲ ਕਰਨ ਦੀ ਪੇਸ਼ਕਸ਼ ਠੁਕਰਾ ਦਿੱਤੀ ਅਤੇ ਕਰਾਮਾਤ ਦਿਖਾਉਣੋ ਇਨਕਾਰ ਕਰ ਦਿੱਤਾ। ਸੋ ਗੁਰੂ ਜੀ ਨੇ ਆਪ ਸ਼ਹਾਦਤ ਪ੍ਰਾਪਤ ਕੀਤੀ ਸੀ, ਧਰਮਹਿਤ ਖੁਸ਼ੀ ਨਾਲ ਕੁਰਬਾਨੀ ਦਿੱਤੀ ਸੀ। ਉਹ ਸ਼ਹਿਨਸ਼ਾਹ ਦੀ ਸ਼ਕਤੀ ਤੋਂ ਭਲੀ ਭਾਂਤ ਜਾਣੂ ਸਨ ਇਸ ਦੇ ਮੁਕਾਬਲੇ ਤੇ ਉਨ੍ਹਾਂ ਨੂੰ ਆਪਣੀ ਬੇਬਸੀ ਦਾ ਵੀ ਪਤਾ ਸੀ ਪਰ ਫਿਰ ਵੀ ਉਨ੍ਹਾਂ ਨੇ ਮਜ਼ਲੂਮ ਹਿੰਦੂਆਂ ਦਾ ਪੱਖ ਲਿਆ ਸੀ। ਸੋ ਸ਼ਹਿਨਸ਼ਾਹ ਦੀਆਂ ਨਜ਼ਰਾਂ ਵਿਚ ਉਨ੍ਹਾਂ ਦਾ ਜੁਰਮ ਅਤਿ ਗੰਭੀਰ ਸੀ ਅਤੇ ਉਨ੍ਹਾਂ ਦੇ ਕਤਲ ਕੀਤੇ ਜਾਣ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ।

ਪਰੰਤੂ ਇਹ ਸੁਝਾਇਆ ਗਿਆ ਹੈ ਕਿ ਇਨ੍ਹਾਂ ਤੋਂ ਛੁੱਟ ਕੁਝ ਹੋਰ ਵੀ ਕਾਰਨ ਸਨ ਅਤੇ ਗੁਰੂ ਜੀ ਦੀ ਸ਼ਹਾਦਤ ਨਿਰੋਲ ਧਾਰਮਿਕ ਨਹੀਂ ਸੀ। ਇਹ ਵੀ ਕਿਹਾ ਗਿਆ ਹੈ ਕਿ ਗੁਰੂ ਤੇਗ ਬਹਾਦਰ ਕੇਵਲ ਇਕ ਧਾਰਮਿਕ ਆਗੂ ਹੀ ਨਹੀਂ ਸਨ ਸਗੋਂ ਇਕ ਸਿਪਾਹੀ ਵੀ ਸਨ। ਸਰਕਾਰ ਇਥੋਂ ਤਕ ਦਾਅਵਾ ਕਰਦਾ ਹੈ ਕਿ ਗੁਰੂ ਜੀ ਆਪਣੇ ਬਹੁਤ ਸਾਰੇ ਸਿਪਾਹੀਆਂ ਸਮੇਤ ਅਹੋਮ ਰਾਜੇ ਵਿਰੁਧ, ਰਾਜਾ ਰਾਮ ਸਿੰਘ ਦੀ ਮੁਹਿੰਮ ਵਿਚ ਸਚੀ ਹੀ ਲੜੇ ਸਨ।[2] ਕਨਿੰਘਮ ਕਹਿੰਦਾ ਹੈ, "ਉਸ ਦੇ ਤੀਰ ਬਰਦਾਰਾਂ ਦੀ ਆਗਿਆ ਪਾਲਣ ਲਈ ਆਪਣੇ ਅਨੁਯਾਈਆਂ ਨੂੰ ਬਾਰ ਬਾਰ ਦਿੱਤੇ ਹੁਕਮਾਂ ਤੋਂ ਇਹ ਸਪਸ਼ਟ ਹੈ ਕਿ ਧਾਰਮਿਕ ਨਾਲੋਂ ਉਹ ਸ਼ਾਹੀ ਸੁਭਾਅ ਵਾਲੇ ਵਧੇਰੇ ਸਨ।"[3] ਇਸ ਦਾ ਇਹ ਭਾਵ ਜਾਪਦਾ ਹੈ ਕਿ ਗੁਰੂ ਤੇਗ ਬਹਾਦਰ ਇਕ ਪ੍ਰਕਾਰ ਦੇ ਰਾਜਸੀ ਕ੍ਰਾਂਤੀਕਾਰੀ ਸਨ। ਸਾਡੇ ਵਿਚਾਰ ਵਿਚ ਇਹ ਦ੍ਰਿਸ਼ਟੀਕੋਣ ਮੁੱਖ ਤੌਰ ਤੇ ਸੀਅਰ-ਉਲ-ਮੁਤਾਖਰੀਨ ਵਿਚ ਦਿੱਤੇ ਗੁਲਾਮ ਹੁਸੈਨ ਦੇ ਵਿਚਾਰ ਤੋਂ ਪੈਦਾ ਹੁੰਦਾ ਹੈ। ਉਹ ਕਹਿੰਦਾ ਹੈ, "ਇਹ ਆਦਮੀ (ਤੇਗ ਬਹਾਦਰ) ਆਪਣੇ ਆਪ ਨੂੰ ਹਜ਼ਾਰਾਂ ਲੋਕਾਂ ਦਾ ਆਗੂ ਬਣਿਆ ਦੇਖ ਕੇ ਆਸਵੰਦ ਹੋ ਗਿਆ ਅਤੇ ਇਸ ਨੇ ਆਪਣਾ ਪ੍ਰੋਗਰਾਮ ਇਕ ਮੁਸਲਮਾਨ ਫਕੀਰ ਹਾਫਜ਼ ਆਦਮ ਨਾਲ ਸਾਂਝਾ ਕਰ ਲਿਆ...ਇਨ੍ਹਾਂ ਦੋਹਾ ਨੇ ਜਦ ਆਪਣੇ ਪਿੱਛੇ ਅਣਗਿਣਤ ਲੋਕ ਦੇਖੇ ਜਿਹੜੇ ਆਪਣੇ ਆਗੂ ਦੀ ਮਰਜ਼ੀ

1. ਮੈਕਾਲਿਫ, ਉਪਰੋਕਤ ਰਕਨਾ, ਸੈਂਚੀ ਪੰਜਵੀਂ, ਪੰਨਾ 295
2. ਸਰਕਾਰ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 312
3. ਕਨਿੰਘਮ, ਉਪਰੋਕਤ ਰਚਨਾ, ਪੰਨਾ 65

ਉਤੇ ਚਲਦੇ ਸਨ ਤਾਂ ਇਨ੍ਹਾਂ ਨੇ ਹਰ ਇਕ ਇਮਾਨਦਾਰ ਧੰਦਾ ਤਿਆਗ ਕੇ ਲੁਟਮਾਰ ਕਰਨੀ ਸ਼ੁਰੂ ਕਰ ਦਿੱਤੀ ਅਤੇ ਇਨ੍ਹਾਂ ਨੇ ਸਾਰਾ ਪੰਜਾਬ ਉਜਾੜ ਪੁਜਾੜ ਦਿੱਤਾ ।"[1] ਉਪਰੋਕਤ ਵਿਚਾਰ ਨੂੰ ਸਵੀਕਾਰ ਕਰਦਾ ਹੋਇਆ ਕਨਿੰਘਮ ਟਿਪਣੀ ਕਰਦਾ ਹੈ, "ਗੁਰੂ ਤੇਗ ਬਹਾਦਰ ਦ੍ਰਿੜਤਾ ਨਾਲ ਆਪਣੇ ਪਿਤਾ ਦੇ ਪਦ-ਚਿੰਨ੍ਹਾਂ ਉਤੇ ਚਲਿਆ ਅਤੇ ਉਸ ਨੇ ਹਾਂਸੀ ਅਤੇ ਸਤਲੁਜ ਦੇ ਵਿਚਕਾਰਲੇ ਇਲਾਕੇ ਨੂੰ ਆਪਣੀਆਂ ਸਰਗਰਮੀਆਂ ਲਈ ਚੁਣਿਆ । ਉਹ ਆਪਣੇ ਚੇਲਿਆਂ ਦੀ ਲੁਟਮਾਰ ਉਤੇ ਨਿਰਬਾਹ ਕਰਦਾ । ਇਕ ਤਰੀਕੇ ਨਾਲ ਵਾਸਤਵ ਵਿਚ ਇਸ ਲੁਟਮਾਰ ਨੇ ਉਸ ਨੂੰ ਕ੍ਰਿਸਾਨੀ ਵਿਚ ਅਪ੍ਰਸਿੱਧ ਨਾ ਬਣਾਇਆ ।"[2] ਸਾਨੂੰ ਦਸਿਆ ਗਿਆ ਹੈ ਕਿ ਇਸ ਦੀ ਅਧਿਕ ਪੁਸ਼ਟੀ ਕੁਝ ਸਿੱਖ ਸਾਖੀਆਂ[3] ਕਰਦੀਆਂ ਹਨ ਜਿਨ੍ਹਾਂ ਦੇ ਆਧਾਰ ਤੇ ਪਿਨਕਾਟ ਕਹਿੰਦਾ ਹੈ, "ਇਹ ਨਿਸ਼ਚਿਤ ਹੈ ਕਿ ਉਸ ਨੇ ਆਪਣਾ ਜੀਵਨ ਦੇਸ਼ ਦੇ ਮੁਸਲਮਾਨ ਬਾਦਸ਼ਾਹ ਦੀ ਕਰੜੀ ਵਿਰੋਧਤਾ ਵਿਚ ਖਿਤਾਇਆ ।"[4] ਇਸੇ ਹੀ ਲਹਿਜੇ ਵਿਚ ਟਰੰਪ ਲਿਖਦਾ ਹੈ, 'ਗੁਰੂ ਜੀ ਕਿਸੇ ਤਰ੍ਹਾਂ ਵੀ ਨਿਮਰਤਾ ਵਾਲੇ ਧਾਰਮਿਕ ਆਗੂ ਨਹੀਂ ਜਾਪਦੇ ਸਨ ਪਰ ਸ਼ਸਤਰਧਾਰੀ ਚੇਲਿਆਂ ਦੇ ਆਗੂ ਸਨ ਜਿਨ੍ਹਾਂ ਨੂੰ ਜੇਕਰ ਕੋਈ ਮਰਜ਼ੀ ਨਾਲ ਨਹੀਂ ਦਿੰਦਾ ਸੀ ਤਾਂ ਜਿਨ੍ਹਾਂ ਪਿੰਡਾਂ ਵਿਚੋਂ ਦੀ ਲੰਘਦੇ ਸਨ ਉਥੋਂ ਦੇ ਜ਼ਮੀਦਾਰਾਂ ਅਤੇ ਜਨਤਾ ਤੋਂ ਉਗਰਾਹੀ ਕਰ ਲੈਂਦੇ ਸਨ ਅਤੇ ਮੁਸਲਮਾਨ ਜਨਤਾ ਉਤੇ ਲੁਟਮਾਰ ਦੇ ਹੱਲੇ ਕਰਦੇ ਸਨ । ਗੁਰੂ ਜੀ ਕੋਲ ਨਾ ਕੇਵਲ ਸਿੱਖਾਂ ਦੇ ਹੀ ਭਾਰੀ ਜੱਥੇ ਸਨ ਸਗੋਂ ਉਨ੍ਹਾਂ ਨੇ ਕੁਝ ਪੇਂਡੂ ਕਬੀਲਿਆਂ ਦੇ ਲੋਕਾਂ ਨੂੰ ਵੀ ਅਪਣੀ ਫੌਜ ਵਿਚ ਰਖਿਆ ਹੋਇਆ ਸੀ ਅਤੇ ਉਨ੍ਹਾਂ ਨੂੰ ਚੰਗੀਆਂ ਤਨਖਾਹਾਂ ਦੇਣ ਅਤੇ ਲੁਟਮਾਰ ਕਰਨ ਦਾ ਇਕਰਾਰ ਦਿੱਤਾ ਹੋਇਆ ਸੀ ।" ਉਹ ਇਹ ਵੀ ਕਹਿੰਦਾ ਹੈ ਕਿ ਇਕ ਸਾਖੀ ਵਿਚੋਂ ਪ੍ਰਗਟ ਹੈ ਕਿ "ਮੁਸਲਮਾਨ ਗੁਰੂ ਜੀ ਦਾ ਪਿੱਛਾ ਕਰ ਰਹੇ ਸਨ ਤਾਂ ਕਿ ਉਨ੍ਹਾਂ ਨੂੰ ਫੜਿਆ ਜਾਵੇ" ਅਤੇ ਇਕ ਹੋਰ ਸਾਖੀ ਵਿਚੋਂ ਇਹ ਸਪਸ਼ਟ ਹੁੰਦਾ ਹੈ ਕਿ ਗੁਰੂ ਜੀ ਦਾ ਸਵਾਗਤ ਕਰਨਾ ਖਤਰੇ ਤੋਂ ਖਾਲੀ ਨਹੀਂ ਸੀ ਕਿਉਂਕਿ ਉਨ੍ਹਾਂ ਨੂੰ ਉਸ ਸਮੇਂ ਦੇਸ਼ ਨਿਕਾਲਾ ਦਿੱਤਾ ਹੋਇਆ ਸੀ । ਟਰੰਪ ਦਾ ਇਹ ਨਿਰਣਾ ਹੈ ਕਿ "ਮੁਸਲਮਾਨਾਂ ਦੀਆਂ ਰਿਪੋਰਟਾਂ ਜੋ ਗੁਰੂ ਜੀ ਦੀ ਗ੍ਰਿਫਤਾਰੀ ਅਤੇ ਕਤਲ ਨੂੰ ਰਾਜਨੀਤਕ ਦਸਦੀਆਂ ਹਨ, ਪੂਰੀ ਤਰ੍ਹਾਂ ਇਤਬਾਰ ਯੋਗ ਹਨ । ਸਿੱਖ ਰਵਾਇਤ ਵੀ, ਜਿਸ ਦੀ ਇਹ ਸਾਖੀਆਂ ੍ਰੌੜਤਾ ਕਰਦੀਆਂ ਹਨ, ਉਨ੍ਹਾਂ ਉਤੇ ਲਾਏ ਗਏ ਆਰੋਪਾਂ ਦੀ ਪੁਸ਼ਟੀ ਕਰਦੀ ਹੈ ।"[5]

---

1. ਅੰਗ੍ਰੇਜ਼ੀ ਅਨੁਵਾਦ (ਆਰ-ਕੈਂਬਰੇ ਐਂਡ ਕੋ), ਪੰਨਾ 85
2. ਕਨਿੰਘਮ, ਉਹੀ, ਪੰਨਾ 64
3. Their title is : The Travels of Guru Tegh Bahadur and Guru Gobind Singh, Translated from the Original Gurmukhi by Sardar Attar Siugh of Bhadour.
4. Hughes, *Dictionary of Islam*, p 593.
5. ਟਰੰਪ, ਉਪਰੋਕਤ ਰਚਨਾ, ਪੰਨਾ lxxxiv । ਇਕ ਪਦ-ਟਿਪਣੀ ਵਿਚ ਟਰੰਪ ਕਹਿੰਦਾ ਹੈ, "ਇਨ੍ਹਾਂ ਸਾਖੀਆਂ ਵਿਚ ਗੁਰੂ ਤੇਗ ਬਹਾਦਰ ਅਤੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਯਾਤਰਾਵਾਂ ਵਿਚ

(ਬਾਕੀ ਦਾ ਫੁਟ ਨੋਟ ਅਗਲੇ ਪੰਨੇ ਤੇ)

ਇਹ ਅਨੋਖੀ ਗੱਲ ਹੈ ਕਿ ਟਰੰਪ ਇਸ ਮਾਮਲੇ ਬਾਰੇ ਏਨੇ ਨਿਸਚੇ ਨਾਲ ਲਿਖੇ ਕਿਉਂਕਿ ਉਹ ਲੁਕਾ ਨਹੀਂ ਰਖਦਾ ਕਿ ਉਸ ਨੂੰ ਸ਼ੰਕਾ ਹੈ ਕਿ ਉਕਤ-ਕਥਿਤ ਸਾਖੀਆਂ ਗੁਰੂ ਤੇਗ ਬਹਾਦਰ ਬਾਰੇ ਹੀ ਹਨ। ਸੰਭਾਵਨਾ ਹੈ ਕਿ ਇਹ ਗੁਰੂ ਤੇਗ ਬਹਾਦਰ ਦੇ ਪੁੱਤਰ ਅਤੇ ਉੱਤਰਾਧਿਕਾਰੀ ਗੁਰੂ ਗੋਬਿੰਦ ਸਿੰਘ ਬਾਰੇ ਹਨ। ਸੋ ਇਹ ਵਿਵਾਦ ਨਿਰਮੂਲ ਜਾਪਦਾ ਹੈ ਕਿ ਸਿੱਖ ਰਵਾਇਤ ਸੀਅਰ ਵਿਚਲੇ ਕਥਨ ਦੀ ਪ੍ਰੋੜਤਾ ਕਰਦੀ ਹੈ। ਦੂਜੇ ਪਾਸੇ ਸਾਨੂੰ ਨਿਸ਼ਚਿਤ ਰੂਪ ਵਿਚ ਦਸਿਆ ਗਿਆ ਹੈ ਕਿ ਗੁਰੂ ਤੇਗ ਬਹਾਦਰ ਜੀ ਦਾ ਸੁਭਾਅ ਕੁਦਰਤੀ ਹੀ ਸ਼ਾਂਤੀ ਵਾਲਾ ਸੀ ਅਤੇ ਉਹ ਤੇਗ ਬਹਾਦਰ ਨਾਲੋਂ ਦੇਗ ਬਹਾਦਰ ਕਹਾਏ ਜਾਣਾ ਵਧੇਰੇ ਚੰਗਾ ਸਮਝਦੇ ਸਨ।[1] ਉਹ ਗੱਦੀ ਤੇ ਬੈਠਣ ਤੋਂ ਪਹਿਲਾਂ ਸਾਧੂ ਵਾਲਾ ਜੀਵਨ ਬਤੀਤ ਕਰ ਰਹੇ ਸਨ। ਉਨ੍ਹਾਂ ਨੇ ਜਿਸ ਤਰੀਕੇ ਨਾਲ ਆਪਣੇ ਰਿਸ਼ਤੇਦਾਰਾਂ ਅਤੇ ਮਸੰਦਾਂ ਦੀਆਂ ਸਾਜ਼ਸ਼ਾਂ ਦਾ ਟਾਕਰਾ ਕੀਤਾ, ਉਸ ਤੋਂ ਅਤੇ ਉਨ੍ਹਾਂ ਦੀ ਬਾਣੀ ਤੋਂ, ਨਿਰਸੰਦੇਹ, ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਉਹ ਬੜੇ ਹੀ ਸੰਤ ਸੁਭਾ ਅਤੇ ਉੱਚੇ ਸੁੱਚੇ ਆਚਰਨ ਦੇ ਮਾਲਕ ਸਨ। ਇਨ੍ਹਾਂ ਸਾਰੀਆਂ ਗੱਲਾਂ ਦੀ ਮੌਜੂਦਗੀ ਵਿਚ ਸਾਡੇ ਵਾਸਤੇ ਉਸ ਲਿਖਾਰੀ ਦੀ ਲਿਖਤ ਮੰਨਣੀ ਮੁਸ਼ਕਲ ਹੋ ਜਾਂਦੀ ਹੈ ਜਿਸ ਨੇ ਅਸਲੀ ਘਟਨਾ ਤੋਂ ਇਕ ਸੌ ਸਾਲ ਪਿਛੋਂ ਇਸ ਦਾਂ ਬਿਆਨ ਕੀਤਾ ਹੈ ਅਤੇ ਜਿਸ ਦੀ ਕਹਾਣੀ ਕਿ ਗੁਰੂ ਜੀ ਨੂੰ ਸ਼ਾਂਤੀ ਭੰਗ ਕਰਨ ਅਤੇ ਰਾਜਸੀ ਤਾਕਤ ਪ੍ਰਾਪਤ ਕਰਨ ਦੇ ਅਪਰਾਧ ਵਿੱਚ ਕਤਲ ਕੀਤਾ ਗਿਆ ਸੀ, ਦੀ ਪੁਸ਼ਟੀ ਹੋਰ ਕਿਤੇ ਨਹੀਂ ਮਿਲਦੀ। ਮੈਕਾਲਿਫ ਵੀ ਕਹਿੰਦਾ ਹੈ ਕਿ "ਮੁਸਲਮਾਨ ਲੇਖਕ ਦੇ ਬਿਆਨ ਕੀਤੇ ਹੋਏ ਸਮਾਚਾਰ ਗੁਰੂ ਜੀ ਦੇ ਜੀਵਨ ਅਤੇ ਉਨ੍ਹਾਂ ਦੀ ਬਾਣੀ ਨਾਲ ਉੱਕਾ ਹੀ ਮੇਲ ਨਹੀਂ ਖਾਂਦੇ ਅਤੇ ਇਨ੍ਹਾਂ ਨੂੰ ਇਤਿਹਾਸ ਸਮਝ ਕੇ ਪ੍ਰਵਾਨ ਨਹੀਂ ਕੀਤਾ ਜਾ ਸਕਦਾ।"[2]

(ਪਿਛਲੇ ਪੰਨੇ ਦਾ ਬਾਕੀ ਫੁਟ ਨੋਟ)

ਕੋਈ ਸਪੱਸ਼ਟ ਲਕੀਰ ਨਹੀਂ ਹੈ, ਇਸ ਲਈ ਇਹ ਅਨਿਸ਼ਚਿਤ ਹੀ ਬਣਿਆ ਰਹਿੰਦਾ ਹੈ ਕਿ ਕਿਥੇ ਪਹਿਲੀ ਮੁਕਦੀ ਹੈ ਅਤੇ ਦੂਜੀ ਆਰੰਭ ਹੁੰਦੀ ਹੈ।" ਇਕਤਾਲੀਵੀਂ ਸਾਖੀ ਦੀ ਅੰਦਰਲੀ ਗਵਾਹੀ ਤੋਂ ਪਤਾ ਚਲਦਾ ਹੈ ਕਿ ਗੁਰੂ ਗੋਬਿੰਦ ਸਿੰਘ ਬਾਰੇ ਹਨ ਕਿਉਂਕਿ ਇਸ ਵਿਚ ਪਾਹੁਲ ਬਾਰੇ ਅਤੇ ਇਕ ਆਦਮੀ ਦੇ ਨਾਂ ਘੁੰਗਨ ਸਿੰਘ ਬਾਰੇ ਸਿੱਧਾ ਹਵਾਲਾ ਹੈ ਅਤੇ ਇਸ ਤੋਂ ਪਹਿਲੀਆਂ ਵੀ ਸ਼ਾਇਦ ਉਨ੍ਹਾਂ ਬਾਰੇ ਹੀ ਹਨ। ਸੋ ਇਹ ਸਪੱਸ਼ਟ ਹੈ ਕਿ ਇਨ੍ਹਾਂ ਸਾਖੀਆਂ ਦੇ ਆਧਾਰ ਉਤੇ ਗੁਰੂ ਤੇਗ ਬਹਾਦਰ ਜੀ ਨੂੰ ਲੁਟਮਾਰ ਕਰਦੇ ਦਸਣਾ ਉੱਕਾ ਨਿਰਮੂਲ ਹੈ ਕਿਉਂਕਿ ਵਾਸਤਵ ਵਿਚ ਪਿਨਕਾਟ ਅਤੇ ਟਰੰਪ ਜਿਨ੍ਹਾਂ ਸਾਖੀਆਂ ਨੂੰ ਆਪਣਾ ਆਧਾਰ ਬਣਾਉਂਦੇ ਹਨ ਸਾਖੀ 41 ਪਿਛੋਂ ਆਉਂਦੀਆਂ ਹਨ ਅਤੇ ਨਿਰਸੰਦੇਹ ਗੁਰੂ ਗੋਬਿੰਦ ਸਿੰਘ ਜੀ ਨਾਲ ਸੰਬੰਧਿਤ ਹਨ।

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 332। ਤੇਗ ਦਾ ਅਰਥ ਹੈ ਤਲਵਾਰ ਜਦ ਕਿ ਦੇਗ ਦਾ ਅਰਥ ਰਸੋਈ ਹੈ।

2. ਉਹੀ, ਪੰਨਾ 392

ਗੁਲਾਮ ਹੁਸੈਨ ਦਸਦਾ ਹੈ ਕਿ ਸ਼ਹਿਨਸ਼ਾਹ ਦੇ ਹੁਕਮ ਨਾਲ ਲਾਹੌਰ ਦੇ ਗਵਰਨਰ ਨੇ ਦੋਹਾਂ ਗੁਰੂ ਤੇਗ ਬਹਾਦਰ ਅਤੇ ਮੁਸਲਮਾਨ ਫਕੀਰ ਨੂੰ ਪਕੜ ਲਿਆ। ਫਕੀਰ ਨੂੰ ਅਫਗਾਨਿਸਤਾਨ ਵਿਚ ਦੇਸ਼ ਨਿਕਾਲਾ ਦੇ ਦਿੱਤਾ ਪਰ ਗੁਰੂ ਜੀ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਬੰਦ

(ਬਾਕੀ ਦਾ ਫੁਟ ਨੋਟ ਅਗਲੇ ਪੰਨੇ ਤੇ)

ਇਸ ਲਈ ਅਸੀਂ ਇਹ ਨਤੀਜਾ ਕੱਢ ਸਕਦੇ ਹਾਂ ਕਿ ਗੁਰੂ ਜੀ ਮਜ਼ਬੀ ਤੰਗ ਦਿਲੀ ਦੇ ਸ਼ਿਕਾਰ ਹੋਏ ਅਤੇ ਪਿਛਲੇਰੇ ਮੁਸਲਮਾਨ ਲੇਖਕਾਂ ਨੇ ਇਸ ਮਾਮਲੇ ਨੂੰ ਰਾਜਸੀ ਰੰਗਤ ਦੇ ਕੇ ਦਬਾਉਣ ਦੀ ਕੋਸ਼ਿਸ਼ ਕਿਉਂ ਕੀਤੀ, ਇਸ ਗੱਲ ਨੂੰ ਸਮਝਿਆ ਜਾ ਸਕਦਾ ਹੈ। ਕੁਝ ਵੀ ਹੋਵੇ ਗੁਰੂ ਜੀ ਦੇ ਕਤਲ ਨੇ ਨਿਰਸੰਦੇਹ ਔਰੰਗਜ਼ੇਬ ਦੀ ਧਾਰਮਿਕ ਨੀਤੀ ਦੇ ਵਿਰੋਧ ਨੂੰ ਤਕੜਿਆਂ ਕੀਤਾ ਅਤੇ ਨਾਲ ਸਿੱਖ ਮਤ ਦੀ ਅੰਤਿਮ ਅਵਸਥਾ ਲਈ ਰਾਹ ਵੀ ਤਿਆਰ ਕੀਤਾ। "ਜੋ ਕੁਝ ਗੁਰੂ ਜੀ ਨੇ ਆਪਣੇ ਜੀਵਨ ਵਿਚ ਕੀਤਾ ਸੀ ਉਨ੍ਹਾਂ ਦੀ ਮੌਤ ਸਭਨਾ ਤੋਂ ਉੱਚੀ ਸੀ। ਸਾਰੇ ਉੱਤਰੀ ਭਾਰਤ ਵਿਚ ਰਾਜਪੂਤ ਰਾਜ ਕੁਮਾਰਾਂ ਦੁਆਰਾ ਉਹ ਬਹੁਤ ਸਤਿਕਾਰੇ ਜਾਂਦੇ ਸਨ ਅਤੇ ਪੰਜਾਬ ਦੀ ਕਿਰਸਾਨੀ ਉਨ੍ਹਾਂ ਦੀ ਸੱਚੀ ਪੂਜਾ ਕਰਦੀ ਸੀ। ਗੁਰੂ ਸਾਹਿਬ ਦੀ ਸ਼ਹੀਦੀ ਨੂੰ ਸਾਰੇ ਹਿੰਦੂਆਂ ਨੇ ਆਪਣੇ ਧਰਮ ਦੀ ਰੱਖਿਆ ਖਾਤਰ ਕੁਰਬਾਨੀ ਸਮਝਿਆ। ਸਾਰਾ ਪੰਜਾਬ ਨਫਰਤ ਅਤੇ ਬਦਲੇ ਦੀ ਅੱਗ ਨਾਲ ਭੜਕ ਉਠਿਆ ਸੀ।"

(ਪਿਛਲੇ ਪੰਨੇ ਦਾ ਬਾਕੀ ਫੁਟ ਨੋਟ)

ਕਰ ਦਿੱਤਾ ਸੀ। ਕੁਝ ਸਮੇਂ ਪਿਛੋਂ "ਗਵਾਲੀਅਰ ਦੇ ਗਵਰਨਰ ਨੂੰ ਗੁਰੂ ਤੇਗ ਬਹਾਦਰ ਨੂੰ ਕਤਲ ਕਰਨ ਦੇ ਹੁਕਮ ਮਿਲੇ, ਕਿ ਉਨ੍ਹਾਂ ਦੇ ਸਰੀਰ ਦੇ ਚਾਰ ਟੁਕੜੇ ਕਰ ਕੇ, ਕਿਲ੍ਹੇ ਦੇ ਚਾਰੇ ਦਰਵਾਜ਼ਿਆਂ ਤੇ ਟੰਗੇ ਜਾਣ ਅਤੇ ਇਸ ਤਰ੍ਹਾਂ ਹੀ ਕੀਤਾ ਗਿਆ।" ਇਹ ਦੇਖਿਆ ਜਾਵੇਗਾ ਕਿ ਇਹ ਵੀ ਸਿੱਖ ਰਵਾਇਤ ਦੀ ਸਰਬਸੰਮਤੀ ਦੇ ਵਿਰੁਧ ਹੈ ਕਿ ਗੁਰੂ ਜੀ ਦਿੱਲੀ ਵਿਚ ਕਤਲ ਕੀਤੇ ਗਏ ਸਨ ਜਿਥੇ ਸੀਸ ਗੰਜ ਗੁਰਦਵਾਰਾ ਇਸ ਘਟਨਾ ਦੀ ਯਾਦ ਵਿਚ ਬਣਾਇਆ ਹੋਇਆ ਹੈ।

ਅਧਿਆਇ 3

ਗੁਰੂ ਗੋਬਿੰਦ ਸਿੰਘ ਜੀ—ਮੁਢਲੇ ਕਾਰਨਾਮੇ

I. ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦੀ ਸਮੇਂ ਦੀ ਸਥਿਤੀ

ਗੁਰੂ ਤੇਗ ਬਹਾਦਰ ਜੀ ਸਿੱਖਾਂ ਨੂੰ ਡਾਵਾਂ ਡੋਲ ਸਥਿਤੀ ਵਿਚ ਛੱਡ ਗਏ ਸਨ। ਇਸ ਵਿਚ ਸ਼ੱਕ ਨਹੀਂ ਕਿ ਭਾਵੇਂ ਉਹ ਦਿੱਲੀ ਜਾਣ ਤੋਂ ਪਹਿਲਾਂ ਆਪਣੇ ਇਕਲੌਤੇ ਪੁੱਤਰ ਗੋਬਿੰਦ ਰਾਇ ਨੂੰ ਗੁਰਗੱਦੀ ਬਖਸ਼ ਗਏ ਸਨ ਪਰੰਤੂ ਨਵੇਂ ਗੁਰੂ ਜੀ ਕੇਵਲ ਨੌ ਵਰ੍ਹਿਆਂ ਦੇ ਲੜਕੇ ਹੀ ਸਨ ਅਤੇ ਜਿਸ ਸਥਿਤੀ ਦਾ ਉਨ੍ਹਾਂ ਨੂੰ ਸਾਹਮਣਾ ਕਰਨਾ ਪੈ ਰਿਹਾ ਸੀ ਉਹ ਅਨਹੋਣੀਆਂ ਔਕੜਾਂ ਨਾਲ ਭਰਪੂਰ ਸੀ। ਅੰਦਰਲੇ ਮੱਤਭੇਦਾਂ ਅਤੇ ਬਾਹਰੀ ਖਤਰਿਆਂ ਤੋਂ ਸਿੱਖ ਮਤ ਨੂੰ ਇੱਕੋ ਜਿੰਨਾ ਡਰ ਪੈ ਰਿਹਾ ਸੀ ਅਤੇ ਜਾਪਦਾ ਸੀ ਕਿ ਇਹ ਬਾਲ-ਸੰਪਰਦਾਇ ਐਸੀ ਥਾਂ ਪਹੁੰਚ ਚੁੱਕੀ ਹੈ ਜਿਸ ਤੋਂ ਇਹ ਵਿਮੁਕਤ ਨਹੀਂ ਹੋ ਸਕਦੀ ਸੀ। ਗੁਰੂ ਦੀ ਅਦੁਤੀ ਪਦਵੀ ਸਿੱਖ ਮਤ ਦੀ ਸ਼ਕਤੀ ਅਤੇ ਵਡਿਆਈ ਦਾ ਮੁੱਖ ਸਰੋਤ ਸੀ, ਅਤੇ ਇਸ ਦੇ ਮੂਲ ਆਧਾਰ ਦਾ ਕੇਂਦਰ ਗੁਰੂ ਦੀ ਪ੍ਰਭਾਵਸ਼ਾਲੀ ਸ਼ਖਸੀਅਤ ਸੀ, ਜਿਸ ਦੁਆਲੇ ਸਿੱਖ ਸੰਗਠਨ ਉਸਾਰਿਆ ਗਿਆ ਸੀ। ਪਰ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਹੀ ਬਹੁਤ ਸਾਰੀਆਂ ਪਰਿਸਥਿਤੀਆਂ ਰਲ ਕੇ ਗੁਰੂ ਦੀ ਪਦਵੀ ਅਤੇ ਪ੍ਰਤਿਸ਼ਠਾ ਨੂੰ ਘਟਾਉਣ ਦਾ ਕੰਮ ਕਰ ਰਹੀਆਂ ਸਨ। ਇਸ ਲਈ ਗੁਰੂ ਦੀ ਪਦਵੀ ਕਮਜ਼ੋਰ ਹੋਣ ਨਾਲ ਸਮੁਚਾ ਸੰਗਠਨ ਜਿਹੜਾ ਕਿ ਗੁਰੂ-ਰੂਪੀ ਧੁਰੀ ਦੁਆਲੇ ਘੁੰਮਦਾ ਸੀ, ਸਾਰਾ ਉਥਲ ਪੁਥਲ ਅਤੇ ਖੇਰੂੰ ਖੇਰੂੰ ਹੋ ਸਕਦਾ ਸੀ। ਗੁਰੂ ਦੀ ਨਿਰਬਲਤਾ ਨੇ ਅੱਵਸ਼ ਹੀ ਮਸੰਦਾਂ ਦੇ ਹੱਥਾਂ ਨੂੰ ਮਜ਼ਬੂਤ ਕੀਤਾ ਅਤੇ ਕੇਂਦਰ ਵਿਚ ਮਤਭੇਦਾਂ ਨੇ ਛੇਤੀ ਹੀ ਉਨ੍ਹਾਂ ਨੂੰ ਗੁਰੂ ਦੇ ਅਧਿਕਾਰ ਦੇ ਮੁਕਾਬਲੇ ਵਿਚ ਖੜਾ ਕਰ ਦਿੱਤਾ। ਉਨ੍ਹਾਂ ਨੇ ਖੁਲ੍ਹਮ ਖੁਲ੍ਹਾ ਐਲਾਨ ਕਰਨਾ ਸ਼ੁਰੂ ਕਰ ਦਿੱਤਾ ਕਿ ਗੁਰੂ ਬਣਾਉਣਾ ਅਤੇ ਹਟਾਉਣਾ ਉਨ੍ਹਾਂ ਦੇ ਵਸ ਹੈ ਅਤੇ ਉਹ ਆਪਣੀ ਬੇਈਮਾਨੀ ਅਤੇ ਲਾਲਚ ਦੁਆਰਾ ਸਮੁਚੀ ਲਹਿਰ ਨੂੰ ਪ੍ਰਤਿ ਦਿਨ ਬਦਨਾਮ ਕਰ ਰਹੇ ਸਨ।

ਜਿਸ ਸਮੇਂ ਤੋਂ ਹੀ ਗੁਰਿਆਈ ਨੇ ਸੰਸਾਰਕ ਵਿਸਥਾਰਾਂ ਨੂੰ ਗ੍ਰਹਿਣ ਕੀਤਾ ਅਤੇ ਇਕ ਖਾਸ ਘਰਾਣੇ ਵਿਚ ਅਨੁਵੰਸ਼ਿਕ ਹੋ ਗਈ ਉਦੋਂ ਤੋਂ ਹੀ ਅੰਦਰੂਨੀ ਮਤਭੇਦ ਸ਼ੁਰੂ ਹੋ ਗਏ ਸਨ ਅਤੇ ਵਿਰੋਧੀ ਮਤ ਹੋਂਦ ਵਿਚ ਆ ਗਏ ਸਨ। ਸਿੱਖ ਮਤ ਦੇ ਇਤਿਹਾਸ ਵਿਚ ਮਤਭੇਦਾਂ ਦਾ ਸਭ ਤੋਂ ਪਹਿਲਾ ਪ੍ਰਮਾਣ ਸ੍ਰੀ ਚੰਦ ਅਤੇ ਉਦਾਸੀਆਂ ਦਾ ਸੀ ਪਰੰਤੂ ਇਹ ਮਤਭੇਦ ਸਿੱਧਾਂਤਾਂ ਦੇ ਆਧਾਰ ਤੇ ਸੀ ਅਤੇ ਇਸ ਵਿਚ ਸੰਸਾਰਕ ਮਸਲਿਆਂ ਦੀ ਅਨਹੋਂਦ ਸੀ। ਇਹ ਵੀ ਦਿਖਾਈ ਨਹੀਂ ਦਿੰਦਾ ਕਿ ਇਸ ਨੇ ਕਿਸੇ ਪ੍ਰਕਾਰ ਦੀ ਕੁੜਤਣ ਪੈਦਾ ਕੀਤੀ ਹੋਵੇ ਕਿਉਂਕਿ ਅਸੀਂ ਦੇਖਦੇ ਹਾਂ ਕਿ ਸਿੱਖ ਅਤੇ ਉਦਾਸੀ ਮਿੱਤਰਾਚਾਰੀ ਨਾਲ ਰਹਿੰਦੇ ਸਨ।

ਦੂਜਿਆਂ ਸੰਪਰਦਾਇਕ ਵਖੇਵਿਆਂ ਵਾਲੇ ਮਤਾਂ ਵਿਚ ਵਧੇਰੇ ਮਹੱਤਵਪੂਰਣ ਮੀਣੇ ਅਤੇ ਰਾਮ ਰਾਈਏ ਸਨ ਜਿਨ੍ਹਾਂ ਦਾ ਜਨਮ ਗੁਰਿਆਈ ਪ੍ਰਾਪਤੀ ਦੇ ਯਤਨਾਂ ਵਿਚੋਂ ਹੋਇਆ ਅਤੇ ਜਿਹੜੇ ਆਪਣੇ ਪਿੱਛੇ ਸਦੀਵੀ ਕੁੜੱਤਣ ਛਡ ਗਏ। ਸਿੱਖ ਕਥਾਵਾਂ ਵਿਚ ਇਹ ਕਿਹਾ ਗਿਆ ਹੈ ਕਿ ਜਦ ਗੁਰੂ ਅਮਰਦਾਸ ਜੀ ਨੇ ਆਪਣੀ ਪੁੱਤਰੀ ਬੀਬੀ ਭਾਨੀ ਨੂੰ ਵਚਨ ਦਿੱਤਾ ਕਿ ਗੁਰਿਆਈ ਉਸ ਦੇ ਘਰਾਣੇ ਵਿਚ ਅਨੁਵੰਸ਼ਿਕ ਹੋ ਜਾਵੇਗੀ ਤਾਂ ਗੁਰੂ ਜੀ ਨੇ ਉਸ ਨੂੰ ਚਿਤਾਵਨੀ ਦਿੱਤੀ ਕਿ 'ਉਸ ਨੇ ਗੁਰਿਆਈ ਦੇ ਵਗ ਰਹੇ ਸਵੱਛ ਪ੍ਰਵਾਹ ਨੂੰ ਫਿਟਕਾਰ ਦਿੱਤਾ ਹੈ ਇਸ ਲਈ ਇਸ ਦਾ ਸਿੱਟਾ ਭਾਰੀ ਕਸ਼ਟ ਅਤੇ ਦੁੱਖ ਹੋਵੇਗਾ।"[1] ਪ੍ਰਿਥੀਏ, ਧੀਰ ਮਲ ਅਤੇ ਰਾਮ ਰਾਏ ਦੀਆਂ ਸਾਜ਼ਸ਼ਾਂ ਤੋਂ ਉਪਜੇ ਕਸ਼ਟਾਂ ਤੋਂ ਇਹ ਸਪਸ਼ਟ ਦਿਖਾਈ ਦਿੰਦਾ ਹੈ ਕਿ ਇਹ ਭਵਿਸ਼ਬਾਣੀ ਭਲੀ ਭਾਂਤ ਪੂਰੀ ਹੋਈ। ਇਕ ਭਾਵ ਅਨੁਸਾਰ ਗੁਰੂ ਅਰਜਨ ਜੀ ਦੇ ਜੀਵਨ ਦਾ ਕੇਂਦਰੀ ਤੱਥ ਉਸ ਦੇ ਭਰਾ ਪ੍ਰਿਥੀਏ ਦੀ ਦੁਸ਼ਮਣੀ ਸੀ, ਜਿਹੜਾ ਕਿ ਇਕ ਸਥਾਨਕ ਮਾਲ ਅਫਸਰ ਸੁਲਹੀ ਖਾਂ ਨਾਲ ਰਲਿਆ ਹੋਇਆ ਸੀ। ਉਸ ਨੇ ਅੰਮ੍ਰਿਤਸਰ ਦੇ ਚੌਧਰੀਆਂ ਕੋਲ ਸ਼ਕਾਇਤ ਕੀਤੀ ਅਤੇ ਚੰਦੂ ਨਾਲ ਰਲ ਕੇ ਸਾਜ਼ਸ਼ ਕੀਤੀ ਅਤੇ ਸ਼ਹਿਨਸ਼ਾਹ ਨੂੰ ਵੀ ਮਿਲਿਆ। ਉਹ ਨਾ ਕਦੇ ਆਪ ਚੈਨ ਨਾਲ ਬੈਠਿਆ ਅਤੇ ਨਾ ਹੀ ਉਸ ਨੇ ਗੁਰੂ ਅਰਜਨ ਜੀ ਨੂੰ ਸੁਖ ਦਾ ਸਾਹ ਲੈਣ ਦਿੱਤਾ। ਉਸ ਦੀ ਮੌਤ ਪਿਛੋਂ ਉਸ ਦੇ ਪੁੱਤਰ ਮੇਹਰਬਾਨ ਨੇ ਸਾਜ਼ਸ਼ਾਂ ਨੂੰ ਜਾਰੀ ਰਖਿਆ ਅਤੇ ਪਿਛੋਂ ਜਾ ਕੇ ਚੰਦੂ ਸ਼ਾਹ ਦੇ ਪੁੱਤਰ ਅਤੇ ਲਾਹੌਰ ਦੇ ਨਾਜ਼ਮ ਨਾਲ ਗਠਜੋੜ ਕਰ ਲਿਆ। ਸੋ ਗੁਰੂ ਜੀ ਨੂੰ ਸਦੀਵੀ ਅਨਿਸ਼ਚਿਤਾ ਵਾਲੀ ਸਥਿਤੀ ਵਿਚ ਪਾ ਦਿੱਤਾ ਜਿਵੇਂ ਕਿ ਨਾਰੰਗ ਸੁਝਾਉਂਦਾ ਹੈ ਕਿ ਆਪਣੇ ਚਚੇਰੇ ਭਰਾਵਾਂ ਦੀਆਂ ਸਾਜ਼ਸ਼ਾਂ ਕਾਰਨ ਪੈਦਾ ਹੋਈ ਖਤਰਨਾਕ ਸਥਿਤੀ, ਗੁਰੂ ਹਰਿਗੋਬਿੰਦ ਜੀ ਦੇ ਤਲਵਾਰ ਉਠਾਉਣ ਦੇ ਮਹੱਤਵਪੂਰਨ ਕਾਰਨਾਂ ਵਿਚੋਂ ਇਕ ਕਾਰਨ ਹੋ ਸਕਦਾ ਹੈ।[2] ਇਸੇ ਪ੍ਰਕਾਰ ਹੀ ਰਾਮ ਰਾਇ ਦੀਆਂ ਆਪਣੇ ਭਰਾ ਵਿਰੁਧ ਸਾਜ਼ਸ਼ਾਂ ਨੇ ਸ਼ਹਿਨਸ਼ਾਹ ਲਈ ਜਾ-ਨਸ਼ੀਨੀ ਦੇ ਅਤਿ ਮਹੱਤਾ ਵਾਲੇ ਮਸਲੇ ਵਿਚ ਦਖਲ ਦੇਣ ਦਾ ਅਵਸਰ ਪੈਦਾ ਕਰ ਦਿੱਤਾ। ਉਸ ਦੀ ਦਿੱਲੀ ਵਿਚ ਰਿਹਾਇਸ਼ ਅਤੇ ਸ਼ਹਿਨਸ਼ਾਹ ਤਕ ਰਸਾਈ ਨੇ ਉਸ ਨੂੰ ਇੱਛਿਤ ਅਵਸਰ ਦਿੱਤਾ ਅਤੇ ਗੁਰੂ ਤੇਗ ਬਹਾਦਰ ਜੀ ਦੀਆਂ ਮੁਢਲੀਆਂ ਮੁਸੀਬਤਾਂ ਸਿੱਖ ਲਿਖਤਾਂ, ਸਹਿਮਤੀ ਨਾਲ, ਰਾਮ ਰਾਇ ਦੀਆਂ ਸ਼ਾਹੀ ਦਰਬਾਰ ਵਿਚ ਰਚੀਆਂ ਸਾਜ਼ਸ਼ਾਂ ਦੇ ਸਿਰ ਮੜ੍ਹਦੀਆਂ ਹਨ। ਇਸ ਤੋਂ ਇਲਾਵਾ ਧੀਰ ਮਲ ਅਤੇ ਸੋਢੀ ਸਨ ਅਤੇ ਇਨ੍ਹਾਂ ਸਾਰੀਆਂ ਸਾਜ਼ਸ਼ਾਂ ਦਾ ਮੂਲ ਸਿੱਟਾ ਇਹ ਸੀ ਕਿ ਇਹਨਾਂ ਨੇ ਗੁਰੂ ਜੀ ਨੂੰ ਖਤਰਨਾਕ ਸਥਿਤੀ ਵਿਚ ਪਾ ਦਿੱਤਾ ਅਤੇ ਸਿੱਖ ਮਤ ਅਤੇ ਸਰਕਾਰ ਵਿਚਾਲੇ ਝਗੜੇ ਨੂੰ ਤੇਜ਼ ਕਰ ਦਿੱਤਾ।

ਪਹਿਲੀ ਟੱਕਰ, ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਗੁਰੂ ਹਰਿਗੋਬਿੰਦ ਜੀ ਦੇ ਸਮੇਂ ਹੋਈ ਅਤੇ ਇਸ ਦੇ ਤਤਕਾਲੀ ਸਿੱਟੇ ਇਹ ਨਿਕਲੇ ਕਿ ਇਹ ਉਨ੍ਹਾਂ ਆਦਰਸ਼ਾਂ ਤੋਂ ਜੋ ਪਹਿਲੇ ਗੁਰੂਆਂ ਦੀ ਅਗਵਾਈ ਕਰਦੇ ਸਨ ਨਿਸ਼ਚਿਤ ਤੌਰ ਤੇ ਪਰੇਡੇ ਲੈ ਗਈ। ਗੁਰੂ ਹਰਿਗੋਬਿੰਦ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 144
2. ਨਾਰੰਗ, ਉਪਰੋਕਤ ਰਚਨਾ, ਪੰਨਾ 105

ਜੀ ਨੂੰ ਸਥਿਤੀ ਦੀਆਂ ਲੋੜਾਂ ਨੇ ਸਿੱਖ ਮਤ ਵਿਚ ਕੁਝ ਵਿਸ਼ੇਸ਼ ਤੱਤ ਦਾਖਲ ਕਰਨ ਲਈ ਪ੍ਰੇਰਿਆ ਅਤੇ ਕੁਝ ਅਜੇਹੀਆਂ ਗੁਪਤ ਸ਼ਕਤੀਆਂ ਨੂੰ ਖੁਲ੍ਹ ਮਿਲੀ ਜਿਨ੍ਹਾਂ ਨੂੰ ਧਾਰਮਿਕ ਪਧੱਤੀ ਦੇ ਆਦਰਸ਼ਾਂ ਦੇ ਅਨੁਕੂਲ ਕਰਨਾ ਬਹੁਤ ਹੀ ਕਠਨ ਸੀ ਅਤੇ ਇਨ੍ਹਾਂ ਨੇ ਸਿੱਖ ਮਤ ਦੇ ਪਹਿਲੇ ਰਾਹ ਨੂੰ ਅਪਣਾ ਸਕਣਾ ਅਸੰਭਵ ਕਰ ਦਿੱਤਾ। ਛੇਤੀ ਹੀ ਕੁਝ ਅਜੇਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਨੇ ਨਵੇਂ ਵਿਸਥਾਰਾਂ ਨੂੰ ਪੱਕੇ ਰੂਪ ਦੇਣ ਦੇ ਹੋਰ ਕਾਰਨ ਪੈਦਾ ਕਰ ਦਿੱਤੇ। ਮੁਗਲ ਸਾਮਰਾਜ ਦੀ ਪਰੰਪਰਿਕ ਨੀਤੀ ਅਚਾਨਕ ਬਦਲ ਗਈ। ਚੰਚਲਤਾ ਵਸ ਦਿੱਤੇ ਤਸੀਹੇ ਅਤੇ ਜਾਣ ਬੁਝ ਕੇ ਕਾਫਰਾਂ ਦੇ ਧਰਮ ਨੂੰ ਦਬਾਉਣ ਕਾਰਨ ਔਰੰਗਜ਼ੇਬ ਨੇ ਸਾਰੇ ਸਾਮਰਾਜ ਵਿਚ ਊਧਮ ਮਚਾਇਆ ਹੋਇਆ ਸੀ ਅਤੇ ਸਿੱਖ ਇਸ ਤੋਂ ਅਪ੍ਰਭਾਵਿਤ ਨਹੀਂ ਰਹਿ ਸਕਦੇ ਸਨ। ਸ਼ਹਿਰਾਂ ਵਿਚੋਂ ਉਨ੍ਹਾਂ ਦੇ ਪ੍ਰਤਿਨਿਧਾਂ ਨੂੰ ਬਾਹਰ ਕੱਢ ਦਿੱਤਾ ਗਿਆ, ਉਨ੍ਹਾਂ ਦੇ ਗੁਰਦੁਆਰਿਆਂ ਨੂੰ ਢਾਉਣ ਦਾ ਹੁਕਮ ਦਿੱਤਾ ਗਿਆ ਅਤੇ ਉਨ੍ਹਾਂ ਦੇ ਪਵਿੱਤਰ ਸਥਾਨਾਂ ਨੂੰ ਭ੍ਰਿਸ਼ਠ ਕਰ ਦਿੱਤਾ ਗਿਆ। ਇਸ ਦਾ ਸਿਖਰ ਉਦੋਂ ਹੋਇਆ ਜਦ ਕਿ ਉਨ੍ਹਾਂ ਦੇ ਗੁਰੂ ਨੂੰ, ਜਿਸਦਾ ਉਨ੍ਹਾਂ ਦੇ ਵਿਚਾਰ ਅਨੁਸਾਰ ਆਪਣੇ ਧਰਮ ਦੇ ਦ੍ਰਿੜ੍ਹ ਅਨੁਸਾਰੀ ਹੋਣ ਦਾ ਦੋਸ਼ ਸੀ, ਜਨਤਾ ਸਾਹਮਣੇ ਕਤਲ ਕਰ ਦਿੱਤਾ ਗਿਆ। ਸੋ ਸਿੱਖ ਮਤ ਨੂੰ ਉੱਕਾ ਹੀ ਖਤਮ ਕਰ ਦੇਣ ਦੀ ਧਮਕੀ ਦਿੱਤੀ ਗਈ ਭਾਵੇਂ ਇਹ ਕਿਹਾ ਗਿਆ ਹੈ ਕਿ ਜੇਕਰ ਸਿੱਖ ਆਪਣੇ ਪਹਿਲੇ ਮਾਰਗ ਨੂੰ ਅਪਣਾ ਲੈਂਦੇ ਅਤੇ ਨਿਰੀ ਧਾਰਮਿਕ ਸ਼ਾਂਤਮਈ ਸੰਪ੍ਰਦਾਇ ਵਿਚ ਬਦਲ ਜਾਂਦੇ ਤਾਂ ਉਨ੍ਹਾਂ ਨੂੰ ਇੱਕਲਿਆਂ ਹੀ ਰਹਿਣ ਦਿੱਤਾ ਜਾਂਦਾ[1] ਪਰ ਇਹ ਸਪਸ਼ਟ ਹੈ ਕਿ ਸਿੱਖ ਮਤ ਦੇ ਪੁਰਾਤਨ ਇਤਿਹਾਸ ਅਤੇ ਸਿੱਖਾਂ ਦੇ ਸੁਭਾਅ ਨੇ ਅਜੇਹਾ ਹੋਣਾ ਅਸੰਭਵ ਬਣਾ ਦਿੱਤਾ ਸੀ ਅਤੇ ਹਥਿਆਰਾਂ ਦੀ ਸਹਾਇਤਾ ਦੇ ਬਿਨਾਂ ਸੁਰੱਖਿਆ ਦਾ ਹੋਰ ਕੋਈ ਦੂਜਾ ਢੰਗ ਨਹੀਂ ਰਹਿ ਗਿਆ ਸੀ।

ਪਰ, ਜਿਵੇਂ ਕਿਤੇ ਹੋਰ ਥਾਂ ਦਸਿਆ ਜਾ ਚੁੱਕਿਆ ਹੈ[2], ਸਿੱਖ ਆਪਣੀਆਂ ਜਾਤੀ ਅਤੇ ਜਾਤੀਪਾਤੀ ਰੁਚੀਆਂ ਤੋਂ ਖਹਿੜਾ ਨਾ ਛੁਡਾ ਸਕੇ। ਭਾਈਚਾਰੇ ਦੇ ਬਾਹਰ ਕੀਤੇ ਸ਼ਾਦੀ ਸੰਬੰਧਾਂ ਨਾਲ ਉਨ੍ਹਾਂ ਦੀ ਏਕਤਾ ਭੰਗ ਹੋ ਜਾਂਦੀ ਸੀ ਅਤੇ ਬਹੁਤ ਵਾਰੀ ਸਿੱਖ ਮਤ ਦੇ ਉਪਦੇਸ਼ਾਂ ਉਤੇ ਉਨ੍ਹਾਂ ਦੀ ਜਾਤੀ ਚੇਤਨਾ ਪ੍ਰਬਲ ਹੋ ਜਾਂਦੀ ਸੀ। ਫਿਰ ਵੀ ਸਿੱਖ ਮਤ ਵਿਚ ਬਹੁਤ ਸਾਰੀਆਂ ਗੱਲਾਂ ਸਨ ਜਿਹੜੀਆਂ ਪਵਿੱਤਰ ਅਤੇ ਮਹਾਨ ਸਨ ਅਤੇ ਇਨ੍ਹਾਂ ਵਿਚੋਂ ਗੁਰੂ ਪ੍ਰਤਿ ਨਿਸ਼ਕਾਮ ਸ਼ਰਧਾ ਅਤੇ ਭਾਈਚਾਰੇ ਦਾ ਤੀਬਰ ਅਨੁਭਵ ਸਭ ਤੋਂ ਵਧੇਰੇ ਮਹੱਤਾ ਵਾਲੀਆਂ ਗੱਲਾਂ ਸਨ। ਇਹ ਕਿਤੇ ਹੋਰ ਥਾਂ ਦਸਿਆ ਜਾ ਚੁੱਕਿਆ ਹੈ ਕਿ ਇਕ ਸਿੱਖ ਗੁਰੂ ਲਈ ਜਾਂ ਸਾਥੀ ਸਿੱਖ ਲਈ ਕੀ ਕੁਝ ਕਰ ਸਕਦਾ ਹੈ ਅਤੇ ਜੱਟਾਂ ਵਿਚਲੀ ਸੁਭਾਵਿਕ ਲੜਾਕੂ ਪ੍ਰਵਿਰਤੀ ਨੂੰ ਅਦਭੁਤ ਕੌਤਕ ਕਰਨ ਹਿਤ ਕੇਵਲ ਨਿਯੰਤ੍ਰਣ ਅਤੇ ਸੇਧ ਦੀ ਲੋੜ ਸੀ। ਸਮੱਸਿਆ ਇਹ ਸੀ ਕਿ ਸਿੱਖ ਮਤ ਨੇ ਆਪਣੇ ਵਿਕਾਸ ਵਿਚ ਕੁਝ ਅਜੇਹੇ ਤੱਤ ਗ੍ਰਹਿਣ ਕਰ ਲਏ ਸਨ

1. *Hakikat*, English translation by I. Banerjee, *Indian Historical Quarterly*, March, 1942
2. ਖਾਲਸੇ ਦੀ ਉਤਪਤੀ, ਸੈਂਚੀ ਪਹਿਲੀ, ਪਰਿਸ਼ਸ਼ਟ

ਜਿਨ੍ਹਾਂ ਨੂੰ ਨਾ ਤਾਂ ਪੂਰੀ ਤਰ੍ਹਾਂ ਸਮੋਇਆ ਜਾ ਸਕਦਾ ਸੀ ਅਤੇ ਨਾ ਹੀ ਤਿਆਗਿਆ ਜਾ ਸਕਦਾ ਸੀ। ਇਕ ਨਿਰੋਲ ਧਾਰਮਿਕ ਲਹਿਰ ਵਿਚ ਹੌਲੇ ਹੌਲੇ ਕੁਝ ਅਜੇਹੇ ਵਾਧੇ ਹੋ ਗਏ ਸਨ ਜਿਹੜੇ ਕਿ ਪ੍ਰਤੱਖ ਰੂਪ ਵਿਚ ਸਮਾਜਿਕ ਤਥਾ ਰਾਜਨੀਤਕ ਲੱਛਣਾਂ ਵਾਲੇ ਸਨ। ਬਾਹਰੀ ਖਤਰਿਆਂ ਅਤੇ ਸਿੱਖਾਂ ਦੇ ਆਪਣੇ ਸੁਭਾਅ ਨੇ ਹੋਰ ਵਿਕਾਸ ਦੀ ਮੰਗ ਕੀਤੀ। ਦੂਜੇ ਪਾਸੇ ਨਿਰਾਸ਼ਾਜਨਕ ਅੰਤਰਗਤ ਵਿਛੇਦਣ ਚਲ ਰਿਹਾ ਸੀ ਅਤੇ ਨਾਲ ਨਾਲ ਨਵੀਂ ਏਕਤਾ ਦੇ ਸਾਧਨ ਸਨ। ਸੋ ਸਿੱਖ ਮਤ ਦਾ ਭਵਿਖ ਇਸ ਗੱਲ ਤੇ ਨਿਰਭਰ ਸੀ ਕਿ ਇਨ੍ਹਾਂ ਵਿਰੋਧੀ ਸ਼ਕਤੀਆਂ ਦਾ ਕਿਵੇਂ ਇਕੋ ਉਦੇਸ਼ ਹੇਠਾਂ ਸਜੋੜ ਕੀਤਾ ਜਾਏ ਅਤੇ ਇਸ ਪ੍ਰਬੰਧ ਦੇ ਅੰਤਰਗਤ ਕਿਵੇਂ ਇਕਸਾਰਤਾ ਲਿਆਂਦੀ ਜਾਵੇ ਤਾਂ ਕਿ ਇਸ ਉਤੇ ਉਸਾਰੀ ਜਾਣ ਵਾਲੀ ਇਸ ਲੌਕਿਕ ਲਹਿਰ ਨੂੰ ਪੱਕੇ ਪੈਰੀ ਖੜਾ ਕੀਤਾ ਜਾ ਸਕੇ।

II. ਨਾਹਨ ਵਲ ਪਰਤਣਾ ਅਤੇ ਭੰਗਾਣੀ ਦਾ ਯੁੱਧ

ਪਰ ਨਵੇਂ ਗੁਰੂ ਜੀ ਲਈ ਤੁਰੰਤ ਸਮੱਸਿਆ, ਆਪਣੇ ਆਪ ਨੂੰ ਮੁਗਲ ਬਾਦਸ਼ਾਹ ਦੇ ਗੁਸੇ ਤੋਂ ਬਚਾਉਣਾ ਸੀ। ਇਹ ਆਸ ਨਹੀਂ ਰੱਖਣੀ ਚਾਹੀਦੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨਾਲ ਔਰੰਗਜ਼ੇਬ ਦੀ ਦੁਸ਼ਮਣੀ ਖਤਮ ਹੋ ਗਈ ਹੋਵੇਗੀ। ਸਿੱਖਾਂ ਲਿਖਤਾਂ ਸਾਨੂੰ ਦਸਦੀਆਂ ਹਨ ਕਿ ਗੁਰੂ ਜੀ ਨੇ, ਭਾਵੇਂ ਉਹ ਬਾਲ ਹੀ ਸਨ, ਆਪਣੇ ਦਾਦਾ ਦੀ ਪਾਲਿਸੀ ਨੂੰ ਮੁੜ ਛੇਤੀ ਹੀ ਸੁਰਜੀਤ ਕਰ ਲਿਆ। ਤੁਰੰਤ ਹੀ ਉਨ੍ਹਾਂ ਨੇ ਫੌਜ ਇਕੱਠੀ ਕਰ ਲਈ ਅਤੇ ਸਾਜ਼-ਸਾਮਾਨ ਦੀ ਪੂਰਤੀ ਲਈ ਇਕ ਵੱਡਾ ਸਾਰਾ ਨਗਾਰਾ ਤਿਆਰ ਕਰਵਾਇਆ ਗਿਆ। ਆਪਣੇ ਦਾਦਾ ਗੁਰੂ ਹਰਿਗੋਬਿੰਦ ਸਾਹਿਬ ਵਾਂਗ ਹੀ ਉਨ੍ਹਾਂ ਨੇ ਲੋਕਾਂ ਵਿਚ ਘੋਸ਼ਿਤ ਕਰ ਦਿੱਤਾ ਕਿ ਜਿਹੜੇ ਲੋਕ ਸ਼ਸਤਰ ਅਤੇ ਘੋੜੇ ਲਿਆਉਣਗੇ ਉਨ੍ਹਾਂ ਸਾਰਿਆਂ ਦੇ ਉਹ ਕ੍ਰਿਤੱਗ ਹੋਣਗੇ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀ ਅਪੀਲ ਦੀ ਤੁਰੰਤ ਪ੍ਰਤਿਕ੍ਰਿਆ ਹੋਈ। ਸੋ ਇਹ ਪ੍ਰਤੀਤ ਹੁੰਦਾ ਹੈ ਕਿ ਹਥਿਆਰ-ਬੰਦ ਟਾਕਰੇ ਦੀ ਨੀਤੀ, ਜਿਸ ਨੂੰ ਕਿ ਗੁਰੂ ਹਰਿਗੋਬਿੰਦ ਜੀ ਦੇ ਉੱਤਰਾਧਿਕਾਰੀਆਂ ਨੇ ਲਗ ਭਗ ਉੱਕਾ ਹੀ ਤਿਆਗ ਦਿੱਤਾ ਸੀ, ਗੁਰੂ ਗੋਬਿੰਦ ਜੀ ਦੇ ਸਮੇਂ ਦੁਬਾਰਾ ਪ੍ਰਬਲ ਹੋ ਗਈ। ਪਰੰਤੂ ਸੁਰੱਖਿਆ ਦੇ ਇਹ ਸਾਧਨ ਪ੍ਰਤੱਖ ਰੂਪ ਵਿਚ ਬਹੁਤ ਥੋੜ੍ਹੇ ਖਿਆਲ ਕੀਤੇ ਗਏ। ਇਸ ਲਈ ਗੁਰੂ ਸਾਹਿਬ ਛੇਤੀ ਹੀ ਹੋਰ ਪਰੇ ਪਹਾੜਾਂ ਵਿਚ ਚਲੇ ਗਏ ਅਤੇ ਆਪਣਾ ਟਿਕਾਣਾ ਪਾਉਂਟਾ ਬਣਾ ਲਿਆ ਜੋ ਨਾਹਨ ਰਾਜੇ ਦੀ ਰਿਆਸਤ ਵਿਚ ਸਥਿਤ ਸੀ।

ਬਚਿਤ੍ਰ ਨਾਟਕ ਵਿਚ ਗੁਰੂ ਜੀ ਸਾਨੂੰ ਦਸਦੇ ਹਨ ਕਿ ਜਦ ਉਨ੍ਹਾਂ ਨੇ ਪ੍ਰਭੁਤਾ ਪ੍ਰਾਪਤ ਕੀਤੀ ਤਾਂ ਉਨ੍ਹਾਂ ਨੇ ਯਥਾਸ਼ਕਤ ਧਰਮ ਦੇ ਕਾਰਜ ਨੂੰ ਚਲਾਇਆ ਪਰ ਪਿਛੋਂ ਉਹ ਦੇਸ਼ ਛੱਡ ਕੇ ਪਾਉਂਟੇ ਚਲੇ ਗਏ ਜਿਥੇ ਉਨ੍ਹਾਂ ਨੇ ਕਾਲਿੰਦ੍ਰੀ (ਜਮਨਾ) ਦੇ ਕਿਨਾਰੇ ਬਹੁਤ ਖੇਲ ਰਚਾਏ, ਵਿਸ਼ੇਸ਼ ਕਰਕੇ ਜੰਗਲ ਵਿਚ ਅਨੇਕਾਂ ਪ੍ਰਕਾਰ ਦੇ ਜਾਨਵਰਾਂ ਦਾ ਸ਼ਿਕਾਰ ਕਰਨਾ ਆਰੰਭ ਕੀਤਾ। ਪਰ ਰਾਜਾ ਫਤ੍ਹੇ ਸ਼ਾਹ ਉਨ੍ਹਾਂ ਨਾਲ ਗੁੱਸੇ ਹੋ ਗਿਆ ਅਤੇ ਅਕਾਰਨ ਹੀ ਉਨ੍ਹਾਂ ਨਾਲ ਝਗੜ ਪਿਆ।[1] ਨਾਹਨ ਵਲ ਪਰਤਣ ਅਤੇ ਫਤ੍ਹੇ ਸ਼ਾਹ ਨਾਲ ਝੜਪ, ਜਿਸ ਨੂੰ

1. ਬਚਿਤ੍ਰ ਨਾਟਕ, VIII, 1-3

ਭੰਗਾਣੀ ਦਾ ਯੁੱਧ ਕਿਹਾ ਜਾਂਦਾ ਹੈ, ਬਾਰੇ ਗੁਰੂ ਜੀ ਸਾਨੂੰ ਇਤਨਾ ਕੁਝ ਹੀ ਦਸਦੇ ਹਨ।

ਇਸ ਪ੍ਰਤੱਖ ਹੈ ਕਿ ਇਸ ਅਲਪ-ਮਾਤਰ ਵਰਣਨ ਵਿਚ ਖੱਪੇ ਹਨ ਅਤੇ ਪਹਿਲੋਂ ਅਸੀਂ ਇਨ੍ਹਾਂ ਨੂੰ ਵੇਰਵੇ ਭਰਪੂਰ ਸਿੱਖ ਉਲੇਖਾਂ ਦੀ ਸਹਾਇਤਾ ਨਾਲ ਭਰਨ ਦਾ ਯਤਨ ਕਰਾਂਗੇ। ਇਹ ਉਲੇਖ, ਸਰਬਸੰਮਤੀ ਨਾਲ ਸਾਨੂੰ ਦਸਦੇ ਹਨ ਕਿ ਪਿਤਾ ਦੀ ਸ਼ਹੀਦੀ ਮਗਰੋਂ ਗੁਰੂ ਜੀ ਮਾਖੋਵਾਲ ਵਿਖੇ ਹੀ ਰਹਿੰਦੇ ਰਹੇ। ਉਨ੍ਹਾਂ ਨੇ ਸ਼ੀਘਰ ਹੀ ਫੌਜ ਇਕੱਠੀ ਕਰ ਲਈ ਅਤੇ ਆਪਣੇ ਸਾਧਨਾਂ ਨੂੰ ਮਜ਼ਬੂਤ ਕਰਨ ਵਿਚ ਰੁਝੇ ਹੋਏ ਸਨ ਜਦ ਕਿ ਅਚਾਨਕ ਕਹਲੂਰ ਦੇ ਰਾਜਾ ਭੀਮ ਚੰਦ ਨਾਲ ਝਗੜਾ ਹੋ ਗਿਆ। ਸਾਨੂੰ ਦਸਿਆ ਗਿਆ ਹੈ ਕਿ ਰਾਜਾ ਭੀਮ ਚੰਦ ਗੁਰੂ ਜੀ ਤੋਂ ਕੁਝ ਵਡਮੁੱਲੇ ਤੁਹਫੇ ਲੈਣ ਲਈ ਉਤਾਵਲਾ ਸੀ, ਜਿਹੜੇ ਕਿ ਉਨ੍ਹਾਂ ਦੇ ਸ਼ਰਧਾਲੂਆਂ ਨੇ ਉਨ੍ਹਾਂ ਨੂੰ ਭੇਟ ਕੀਤੇ ਸਨ ਅਤੇ ਇਨ੍ਹਾਂ ਵਿਚ ਇਕ ਸਿਧਾਇਆ ਹੋਇਆ ਹਾਥੀ ਅਤੇ ਇਕ ਸ਼ਾਨਦਾਰ ਤੰਬੂ ਸੀ। ਉਨ੍ਹਾਂ ਦੇ ਸੰਬੰਧਾਂ ਵਿਚਾਲੇ ਵਧੇਰੇ ਤਣਾਅ ਆਉਂਦਾ ਗਿਆ ਅਤੇ ਆਖਰ ਦੋਹਾਂ ਨੇ ਸ਼ਸਤਰ ਉਠਾਣ ਦਾ ਫੈਸਲਾ ਕਰ ਲਿਆ। ਇਸ ਸੰਕਟ ਦੇ ਸਮੇਂ ਗੁਰੂ ਜੀ ਨੂੰ ਨਾਹਨ ਦੇ ਰਾਜੇ ਤੋਂ ਨਿਮੰਤ੍ਰਣ ਆ ਗਿਆ। ਸਿੱਖ ਦਲ, ਜਿਸ ਵਿਚ ਬਹੁਤੇ ਮਸੰਦ ਸਨ, ਜੰਗ ਦੇ ਵਿਰੁਧ ਸੀ ਅਤੇ ਉਹ ਗੁਰੂ ਜੀ ਦੀ ਮਾਤਾ ਅਤੇ ਦਾਦੀ ਨੂੰ ਭੀਮ ਚੰਦ ਨਾਲ ਤੁਰੰਤ ਜੰਗ ਕਰਨ ਦੀ ਅਣਉਪਯੋਗਤਾ ਬਾਰੇ ਨਿਸ਼ਚਾ ਕਰਵਾਉਣ ਵਿਚ ਸਫਲ ਹੋ ਗਏ ਅਤੇ ਇਸ ਨਿਮੰਤ੍ਰਣ ਨੂੰ ਸਵੀਕਾਰ ਕਰਨ ਅਤੇ ਕੁਝ ਸਮੇਂ ਲਈ ਮਾਖੋਵਾਲ ਛੱਡਣ ਲਈ ਪ੍ਰੇਰ ਲਿਆ।

ਪਰੰਤੂ ਸਮੱਸਿਆ ਦਾ ਮੂਲ ਕਾਰਨ ਹੋਰ ਡੂੰਘੇਰਾ ਪ੍ਰਤੀਤ ਹੁੰਦਾ ਹੈ। ਗੁਰੂ ਜੀ ਭੀਮ ਚੰਦ ਦੀ ਰਿਆਸਤ ਦੀ ਅਖੰਡਤਾ ਲਈ ਖਤਰਾ ਬਣ ਰਹੇ ਸਨ। ਉਨ੍ਹਾਂ ਦਿਨਾਂ ਵਿਚ ਨਗਾਰਾ ਬਜਾਉਣ ਨੂੰ ਪ੍ਰਭੁਤਾ ਦਾ ਚਿੰਨ੍ਹ ਮੰਨਿਆ ਜਾਂਦਾ ਸੀ ਅਤੇ ਇਹ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਮਾਖੋਵਾਲ ਵਿਖੇ ਇਕ ਬਹੁਤ ਵੱਡਾ ਨਗਾਰਾ ਬਣਵਾਇਆ ਹੋਇਆ ਸੀ ਅਤੇ ਇਸ ਨੂੰ ਬਕਾਇਦਾ ਵਜਾਇਆ ਜਾਂਦਾ ਸੀ। ਗੁਰੂ ਜੀ ਦੇ ਅਨੁਯਾਈ ਕਦੀ ਕਦੀ ਜ਼ਬਰਦਸਤੀ ਪਿੰਡਾਂ ਨੂੰ ਲੁਟ ਲੈਂਦੇ ਸਨ। ਸੋ ਇਸ ਵਿਚ ਕੋਈ ਹੈਰਾਨੀ ਵਾਲੀ ਗੱਲ ਨਹੀਂ ਕਿ ਭੀਮ ਚੰਦ ਕੁਝ ਘਬਰਾ ਗਿਆ ਅਤੇ ਉਸ ਨੇ ਆਪਣੇ ਕੁਝ ਇਕ ਦੂਜੇ ਸਾਥੀ ਰਾਜਿਆਂ ਨਾਲ, ਜਿਨ੍ਹਾਂ ਵਿਚ ਰਾਜਾ ਕ੍ਰਿਪਾਲ ਸਿੰਘ ਕਟੋਚ ਵੀ ਸ਼ਾਮਲ ਸੀ, ਸਲਾਹ ਮਸ਼ਵਰਾ ਕੀਤਾ ਕਿ ਉਸ ਨੂੰ ਕਿਹੜਾ ਢੰਗ ਅਪਣਾਉਣਾ ਚਾਹੀਦਾ ਹੈ। ਇਹ ਫੈਸਲਾ ਕੀਤਾ ਗਿਆ ਕਿ ਭੀਮ ਚੰਦ ਦੇ ਪੁੱਤਰ ਦੀ ਫਤ੍ਹੇ ਸ਼ਾਹ ਦੀ ਪੁੱਤਰੀ ਨਾਲ ਹੋਣ ਵਾਲੀ ਸ਼ਾਦੀ ਤੋਂ ਤੁਰੰਤ ਬਾਅਦ ਹੀ ਇਸ ਸਮੱਸਿਆ ਨੂੰ ਅੰਤਿਮ ਰੂਪ ਵਿਚ ਨਿਪਟਾ ਦੇਣਾ ਚਾਹੀਦਾ ਹੈ ਅਤੇ ਇਸ ਸੰਬੰਧ ਵਿਚ ਫਤ੍ਹੇ ਸ਼ਾਹ ਨਾਲ ਵੀ ਸਲਾਹ ਕੀਤੀ ਗਈ। ਐਨੇ ਚਿਰ ਨੂੰ ਗੁਰੂ ਜੀ ਪਾਉਂਟੇ ਚਲੇ ਗਏ ਸਨ ਅਤੇ ਫਤ੍ਹੇ ਸ਼ਾਹ ਅਤੇ ਨਾਹਨ ਦੇ ਰਾਜੇ ਵਿਚਕਾਰ ਹੋਏ ਝਗੜਿਆਂ ਦਾ ਸੁਲਾਹ-ਸਫਾਈ ਨਾਲ ਨਿਪਟਾਰਾ ਕਰ ਕੇ, ਰਾਜਾ ਫਤ੍ਹੇ ਸ਼ਾਹ ਦੇ ਗੂੜ੍ਹੇ ਮਿੱਤਰ ਬਣ ਗਏ। ਗੁਰੂ ਜੀ ਨੇ ਦੋਹਾਂ ਦੀ ਗਲਵਕੜੀ ਪਵਾਈ ਅਤੇ ਸਦੀਵੀ ਮਿੱਤਰਤਾ ਦੀ ਪ੍ਰਤਿਗਿਆ ਕਰਵਾਈ। ਇਸ ਸੁਭਾਵਿਕ ਸੀ ਕਿ ਜਦ ਛੇਤੀ ਹੀ ਪਿਛੋਂ ਫਤ੍ਹੇ ਸ਼ਾਹ ਦੀ ਪੁੱਤਰੀ ਦੀ ਸ਼ਾਦੀ ਹੋਈ ਤਾਂ ਗੁਰੂ ਜੀ ਨੇ ਆਪਣੇ ਦੀਵਾਨ ਨੰਦ ਚੰਦ ਦੇ ਹੱਥ ਵਡਮੁੱਲੇ ਉਪਹਾਰ ਭੇਜੇ। ਪਰੰਤੂ ਗੁਰੂ ਜੀ ਦੁਆਰਾ ਭੇਜੇ

ਉਪਹਾਰਾਂ ਨੂੰ ਸਵੀਕਾਰ ਕਰਨ ਬਾਰੇ ਭੀਮ ਚੰਦ ਨੇ ਤੁਰੰਤ ਔਕੜਾਂ ਪੈਦਾ ਕਰ ਦਿੱਤੀਆਂ ਅਤੇ ਆਪਣੇ ਨਵੇਂ ਰਿਸ਼ਤੇਦਾਰ ਨੂੰ ਖੁਲ੍ਹੀ ਧਮਕੀ ਦਿੱਤੀ ਕਿ ਜੇਕਰ ਉਹ ਉਸ ਦੇ ਦੁਸ਼ਮਨ ਤੋਂ ਉਪਹਾਰ ਸਵੀਕਾਰ ਕਰੇਗਾ ਤਾਂ ਉਸ ਨਾਲ ਸਾਰੇ ਸੰਬੰਧ ਤੋੜ ਲਏ ਜਾਣਗੇ। ਇਸ ਅਵਸਰ ਤੇ ਸ੍ਰੀ ਨਗਰ ਵਿਖੇ ਬਹੁਤ ਸਾਰੇ ਰਾਜੇ ਇਕੱਤਰ ਸਨ ਅਤੇ ਉਨ੍ਹਾਂ ਨੇ ਵੀ ਭੀਮ ਚੰਦ ਦੇ ਇਸ ਮਤੇ ਦੀ ਪ੍ਰੋੜਤਾ ਕੀਤੀ। ਧੀ ਦੇ ਸਹੁਰੇ ਪ੍ਰਤਿ ਸਾਮਾਜਿਕ ਫਰਜ਼ਾਂ ਨੇ ਫਤ੍ਹੇ ਸ਼ਾਹ ਨੂੰ ਹੋਰ ਸਾਰੇ ਵਿਚਾਰਾਂ ਨੂੰ ਅੱਖੋਂ ਪ੍ਰੋਖੇ ਕਰਨ ਲਈ ਮਜਬੂਰ ਕਰ ਦਿੱਤਾ ਅਤੇ ਇਹ ਫੈਸਲਾ ਕੀਤਾ ਗਿਆ ਕਿ ਗੁਰੂ ਜੀ ਤੇ ਤੁਰੰਤ ਹਮਲਾ ਕੀਤਾ ਜਾਵੇ। ਫਤ੍ਹੇ ਸ਼ਾਹ ਨੂੰ ਸਾਂਝੀ ਫੌਜ ਦੀ ਅਗਵਾਈ ਕਰਨ ਲਈ ਮਜਬੂਰ ਹੋਣਾ ਪਿਆ।

ਪਰੰਤੂ ਇਸ ਵਾਰਤਾ ਨੂੰ ਇਤਿਹਾਸ ਮੰਨਣ ਲਈ ਸਾਡੇ ਰਾਹ ਵਿਚ ਪ੍ਰਤੱਖ ਔਕੜਾਂ ਹਨ। ਇਸ ਵਰਣਨ ਅਨੁਸਾਰ ਗੁਰੂ ਜੀ ਦਾ ਨਾਹਨ ਵਿਚ ਠਹਿਰਾਉ ਅੱਵਸ਼ ਹੀ ਨਾਂ ਮਾਤਰ ਸੀ ਕਿਉਂਕਿ ਉਹ ਮਾਖੋਵਾਲ ਨੂੰ ਉਦੋਂ ਹੀ ਛਡ ਗਏ ਸਨ ਜਦ ਕਿ ਭੀਮ ਚੰਦ ਦੇ ਪੁੱਤਰ ਦੀ ਸ਼ਾਦੀ ਫਤ੍ਹੇ ਸ਼ਾਹ ਦੀ ਪੁੱਤਰੀ ਨਾਲ ਅਜੇ ਹੋਣ ਵਾਲੀ ਸੀ ਅਤੇ ਉਹ ਭੰਗਾਣੀ ਦੇ ਯੁੱਧ ਤੋਂ ਤੁਰੰਤ ਮਗਰੋਂ ਇਥੇ ਮੁੜ ਪਰਤ ਆਏ ਸਨ, ਜੋ ਵਿਆਹ ਦੀ ਰਸਮ ਦੇ ਖਤਮ ਹੋਣ ਉਪਰੰਤ ਛੇਤੀ ਹੀ ਲੜਿਆ ਗਿਆ ਸੀ। ਸਿੱਖ ਲੇਖਕ ਦਸਦੇ ਹਨ ਕਿ ਜਦ ਗੁਰੂ ਜੀ ਨੇ ਭੀਮ ਚੰਦ ਨੂੰ ਸਿਖਾਇਆਂ ਹੋਇਆ ਹਾਥੀ ਦੇਣ ਤੋਂ ਨਿਸ਼ਚਿਤ ਤੌਰ ਤੇ ਇਨਕਾਰ ਕਰ ਦਿੱਤਾ ਤਾਂ ਰਾਜੇ ਨੇ ਹਾਥੀ ਆਪਣੇ ਪੁੱਤਰ ਦੀ ਸ਼ਾਦੀ ਦੇ ਮੌਕੇ ਤੇ ਆਰਜ਼ੀ ਤੌਰ ਤੇ ਉਧਾਰਾ ਦੇਣ ਦੀ ਮੰਗ ਕੀਤੀ। ਸੋ ਇਹ ਪ੍ਰਤੀਤ ਹੋਵੇਗਾ ਕਿ ਜਦ ਅਜੇ ਭੀਮ ਚੰਦ ਆਪਣੇ ਪੁੱਤਰ ਦੀ ਸ਼ਾਦੀ ਲਈ ਸ੍ਰੀ ਨਗਰ ਜਾਣ ਲਈ ਤਿਆਰੀਆਂ ਕਰ ਰਿਹਾ ਸੀ ਤਾਂ ਉਦੋਂ ਗੁਰੂ ਜੀ ਮਾਖੋਵਾਲ ਹੀ ਸਨ। ਗੁਰੂ ਜੀ ਦੇ ਆਪਣੇ ਵਰਣਨ ਅਤੇ ਦੂਜੀਆਂ ਸਿੱਖ ਲਿਖਤਾਂ ਤੋਂ ਸਾਨੂੰ ਪਤਾ ਲਗਦਾ ਹੈ ਕਿ ਭੰਗਾਣੀ ਦੇ ਯੁੱਧ ਦੇ ਤੁਰੰਤ ਮਗਰੋਂ ਹੀ ਗੁਰੂ ਜੀ ਕਹਲੂਰ ਦੇ ਇਲਾਕੇ ਵਿਚ ਪਰਤ ਆਏ ਸਨ। ਇਸ ਲਈ ਗੁਰੂ ਜੀ ਨਾਹਨ ਰਿਆਸਤ ਵਿਚ ਅੱਵਸ਼ ਹੀ ਥੋੜ੍ਹਾ ਚਿਰ ਠਹਿਰੇ ਹੋਣਗੇ। ਪਰੰਤੂ ਪਾਉਂਟਾ ਵਿਖੇ ਗੁਰੂ ਜੀ ਦੇ ਕਿਲ੍ਹੇ ਦੀ ਯਾਦਗਾਰ ਅਤੇ ਨਾਹਨ ਦੀ ਰਵਾਇਤ ਇਸ ਗੱਲ ਵਿਚ ਸ਼ੰਕਾ ਨਹੀਂ ਰਹਿਣ ਦਿੰਦੀ ਕਿ ਗੁਰੂ ਜੀ ਉਥੇ ਕੁਝ ਲੰਮੇਰੇ ਸਮੇਂ ਲਈ ਠਹਿਰੇ ਸਨ। ਸਰਮੌਰ ਗਜ਼ਟੀਅਰ ਅਨੁਸਾਰ ਗੁਰੂ ਜੀ ਪਾਉਂਟੇ ਲਗ ਭਗ ਪੰਜ ਸਾਲ ਰਹੇ ਸਨ[1] ਅਤੇ ਗੁਰੂ ਜੀ ਦਾ ਆਪਣਾ ਕਥਨ ਵਿਚ ਗੱਲ ਵੱਲ ਸੰਕੇਤ ਕਰਦਾ ਜਾਪਦਾ ਹੈ ਕਿ ਉਹ ਆਪਣੇ ਪਿਤਾ ਦੇ ਕਤਲ ਮਗਰੋਂ ਮਾਖੋਵਾਲ ਬਹੁਤ ਸਮਾਂ ਨਹੀਂ ਰਹੇ ਸਨ।

ਵਾਸਤਵ ਵਿਚ, ਇਹ ਨਿਸ਼ਚਿਤ ਹੀ ਪ੍ਰਤੀਤ ਹੁੰਦਾ ਹੈ ਕਿ ਪਿਛਲੇਰੇ ਸਿੱਖ ਉਲੇਖ ਰਲਗਡ ਹੋਏ ਜਾਪਦੇ ਹਨ ਅਤੇ ਸੰਭਵ ਹੈ ਕਿ ਭੰਗਾਣੀ ਦੇ ਯੁੱਧ ਦੇ ਅਸਲੀ ਕਾਰਨਾਂ ਦੀ

---

1. ਸਰਮੌਰ ਗਜ਼ਟੀਅਰ, ਪੰਨਾ 51। ਪਰ ਪੰਨਾ 112 ਉਤੇ ਕਿਹਾ ਗਿਆ ਹੈ ਕਿ ਗੁਰੂ ਜੀ ਪਾਉਂਟੇ ਵਿਖੇ ਤਿੰਨ ਵਰ੍ਹਿਆਂ ਦੇ ਲਗ ਭਗ ਰਹੇ ਸਨ। ਹਰ ਤਰ੍ਹਾਂ ਗੁਰੂ ਜੀ ਦਾ ਠਹਿਰਾਉ ਅੱਵਸ਼ ਹੀ ਕੁਝ ਲੰਮੇਰੇ ਸਮੇਂ ਦਾ ਸੀ।

ਅਗਿਆਨਤਾ ਨੇ ਉਨ੍ਹਾਂ ਦੋ ਵਸਤਾਂ ਨੂੰ ਕਾਰਨ ਅਤੇ ਪ੍ਰਤਿਕਰਮ ਮੰਨਣ ਲਈ ਪ੍ਰੇਰਿਆ ਜਿਨ੍ਹਾਂ ਦਾ ਮੂਲ ਵਿਚ ਕੋਈ ਸੰਬੰਧ ਨਹੀਂ ਹੈ। ਗੁਰੂ ਜੀ ਦਾ ਨਾਹਨ ਜਾਣ ਦਾ ਕਾਰਨ, ਜਿਵੇਂ ਕਿ ਸਾਨੂੰ ਸਿੱਖ ਲਿਖਤਾਂ ਸੁਝਾਉਂਦੀਆਂ ਹਨ, ਬਿਲਾਸਪੁਰ ਦੇ ਭੀਮ ਚੰਦ ਦੀ ਦੁਸ਼ਮਣੀ ਹੋ ਸਕਦੀ ਹੈ ਪਰੰਤੂ ਇਸ ਦੇ ਤੁਰੰਤ ਪਿਛੋਂ ਹੋਏ ਭੰਗਾਣੀ ਦੇ ਯੁੱਧ ਲਈ ਭੀਮ ਚੰਦ ਦੀ ਇਸ ਮੰਦ ਭਾਵਨਾ ਨੂੰ ਇਕੋ ਇਕ ਕਾਰਣ ਮੰਨਣਾ ਅਸੀਂ ਸਵੀਕਾਰ ਨਹੀਂ ਕਰ ਸਕਦੇ। ਅਸੀਂ ਪਹਿਲਾਂ ਵੀ ਸੰਕੇਤ ਕਰ ਚੁੱਕੇ ਹਾਂ ਕਿ ਇਸ ਨਾਲ ਗੁਰੂ ਜੀ ਦਾ ਨਾਹਨ ਵਿਖੇ ਠਹਿਰਾਉ ਬਿਲਕੁਲ ਹੀ ਨਾਂ ਮਾਤਰ ਹੋ ਜਾਂਦਾ ਹੈ ਜਦ ਕਿ ਉਨ੍ਹਾਂ ਦੇ ਪਾਉਂਟੇ ਵਿਖੇ ਲੰਮੇਰੇ ਸਮੇਂ ਲਈ ਠਹਿਰਣ ਦੇ ਸਾਡੇ ਕੋਲ ਭਰੋਸੇ ਯੋਗ ਕਾਰਨ ਹਨ। ਪਰ ਇਹ ਦੇਖਣਾ ਜ਼ਰੂਰੀ ਹੈ ਕਿ ਗੁਰੂ ਜੀ ਆਪ ਸਾਨੂੰ ਦਸਦੇ ਹਨ ਕਿ ਭੰਗਾਣੀ ਦੇ ਯੁੱਧ ਤੋਂ ਤੁਰੰਤ ਮਗਰੋਂ ਹੀ ਉਹ ਕਹਲੂਰ (ਬਿਲਾਸਪੁਰ) ਚਲੇ ਗਏ ਸਨ ਜਿਥੇ ਉਨ੍ਹਾਂ ਨੇ ਆਨੰਦਪੁਰ ਪਿੰਡ ਦੀ ਸਥਾਪਨਾ ਕੀਤੀ।[1] ਜੇਕਰ ਸ਼ਬਦੀ ਅਰਥਾਂ ਨੂੰ ਲਈਏ ਤਾਂ ਗੁਰੂ ਜੀ ਦੇ ਸ਼ਬਦਾਂ ਦਾ ਭਾਵ ਇਹ ਹੈ ਕਿ ਭੰਗਾਣੀ ਦੇ ਯੁੱਧ ਤੋਂ ਮਗਰੋਂ ਹੀ ਗੁਰੂ ਜੀ ਨੇ ਆਨੰਦਪੁਰ ਨੂੰ ਆਪਣਾ ਸਦਰ ਮੁਕਾਮ ਬਣਾਇਆ ਸੀ। ਜੇਕਰ ਅਸੀਂ ਆਨੰਦਪੁਰ ਅਤੇ ਮਾਖੋਵਾਲ ਨੂੰ ਇਕ ਹੀ ਸਮਝੀਏ ਤਾਂ ਗੁਰੂ ਜੀ ਦਾ ਕਥਨ ਵਾਸਤਵ ਰੂਪ ਵਿਚ ਸੱਚਾ ਨਹੀਂ ਹੁੰਦਾ ਪਰੰਤੂ ਇਹ ਸਪਸ਼ਟ ਭਾਂਤ ਸੰਕੇਤ ਕਰਦਾ ਹੈ ਕਿ ਗੁਰੂ ਜੀ ਦਾ ਆਨੰਦਪੁਰ-ਮਾਖੋਵਾਲ ਵਿਖੇ ਪਹਿਲਾ ਠਹਿਰਾਉ ਬਿਲਕੁਲ ਨਾਂ ਮਾਤਰ ਸੀ ਅਤੇ ਇਸ ਨੂੰ ਭੰਗਾਣੀਆਂ ਦੇ ਯੁੱਧ ਮਗਰੋਂ ਹੀ ਉਨ੍ਹਾਂ ਆਪਣੀਆਂ ਸਰਗਰਮੀਆਂ ਦਾ ਅਸਲੀ ਕੇਂਦਰ ਬਣਾਇਆ।

ਦ੍ਰਿਸ਼ਟਮਾਨ ਰੋਲ ਘਚੋਲੇ ਦੇ ਹੁੰਦੇ ਹੋਏ ਵੀ ਕੁਝ ਪੱਖਾਂ ਵਿਚ ਫਾਰਸਟਰ ਦਾ ਕਥਨ ਮਾਮਲੇ ਦੀ ਸਚਾਈ ਤਕ ਪਹੁੰਚਦਾ ਪ੍ਰਤੀਤ ਹੁੰਦਾ ਹੈ। ਉਹ ਕਹਿੰਦਾ ਹੈ, "ਆਪਣੇ ਪਿਤਾ ਦੀ ਮੌਤ ਦੀ ਖਬਰ ਅਤੇ ਇਸੇ ਤਰ੍ਹਾਂ ਦੀ ਆਪਣੀ ਹੋਣੀ ਦੇ ਭੈ ਕਾਰਨ ਉਹ ਪਟਨੇ ਤੋਂ, ਜਿਥੇ ਉਨ੍ਹਾਂ ਨੇ ਤਰ੍ਹਾਂ ਤਰ੍ਹਾਂ ਦੇ ਕਾਰਨਾਮੇ ਕੀਤੇ ਸਨ, ਸ੍ਰੀ ਨਿੰਗਨਗਰ ਦੌੜ ਜਾਣ ਲਈ ਪ੍ਰੇਰੇ ਗਏ" ਅਤੇ "ਪਿਛੋਂ ਜਾ ਕੇ ਉਹ ਆਪਣੇ ਚੇਲਿਆਂ ਸਮੇਤ ਪੰਜਾਬ ਚਲੇ ਆਏ ਜਿਥੇ ਕਿ ਇਕ ਹਿੰਦੂ ਧਾੜਵੀ ਸਰਦਾਰ ਨੇ ਉਨ੍ਹਾਂ ਦਾ ਨਿਘਾ ਸੁਆਗਤ ਕੀਤਾ ਅਤੇ ਮਾਖੋਵਾਲ ਦੇ ਨਾਲ ਦੇ ਇਲਕੇ ਉਨ੍ਹਾਂ ਨੂੰ ਦੇ ਦਿਤੇ।[2] ਨਿਰਸੰਦੇਹ ਇਹ ਸਪਸ਼ਟ ਹੈ ਕਿ ਗੁਰੂ ਜੀ ਪਟਨੇ ਤੋਂ ਨਹੀਂ ਦੌੜ ਸਕਦੇ ਸਨ ਕਿਉਂਕਿ ਉਹ ਸਾਨੂੰ ਆਪ ਦਸਦੇ ਹਨ ਕਿ ਉਨ੍ਹਾਂ ਨੂੰ ਪਿਤਾ ਦੀ ਮੌਤ ਤੋਂ ਪਹਿਲਾਂ ਪੰਜਾਬ ਵਿਚ ਲਿਆਂਦਾ ਗਿਆ ਸੀ, ਪਰੰਤੂ ਫਾਰਸਟਰ ਦਾ ਬਾਕੀ ਦਾ ਕਥਨ ਸਮੁੱਚੇ ਰੂਪ ਵਿਚ ਉਨ੍ਹਾਂ ਦੇ ਆਪਣੇ ਸ਼ਬਦਾਂ ਦੇ ਭਾਵ ਨਾਲ ਸਹਿਮਤ ਹੈ ਕਿ ਉਹ ਭੰਗਾਣੀ ਦੇ ਯੁੱਧ ਮਗਰੋਂ ਹੀ ਕਹਲੂਰ ਗਏ ਅਤੇ ਆਨੰਦਪੁਰ ਪਿੰਡ ਦੀ ਸਥਾਪਨਾ

1. ਬਚਿਤ੍ਰ ਨਾਟਕ, VIII, 36। "ਆਨੰਦਪੁਰ ਮਾਖੋਵਾਲ ਦੇ ਲਾਗੇ ਸਥਿਤ ਹੈ। ਪਹਿਲੇ ਮਾਖੋਵਾਲ ਵਿਖੇ ਗੁਰੂ ਜੀ ਨੇ, ਆਪਣੇ ਪਿਤਾ ਜੀ ਦੀ ਰਿਹਾਇਸ਼ ਦੇ ਨਾਂ ਤੋਂ ਵਖਰੀ ਆਪਣੀ ਵਿਸ਼ੇਸ਼ ਰਿਹਾਇਸ਼ ਦਾ ਨਾਂ ਆਨੰਦਪੁਰ ਰਖਿਆ।" ਕਨਿੰਘਮ, ਉਪਰੋਕਤ ਰਚਨਾ, ਪੰਨਾ 77।
2. Forster, *Travles*, p. 261.

ਕੀਤੀ ਸੀ। ਪਿਤਾ ਜੀ ਦੀ ਸ਼ਹੀਦੀ ਸਮੇਂ ਗੁਰੂ ਜੀ ਕੇਵਲ ਇਕ ਬਾਲਕ ਹੀ ਸਨ ਅਤੇ ਉਨ੍ਹਾਂ ਦੇ ਸਾਧਨ ਵੀ ਅਲਪ ਸਨ। ਸ਼ਕਤੀਸ਼ਾਲੀ ਮੁਗਲ ਸਰਕਾਰ ਨੇ ਆਪਣੇ ਆਪ ਨੂੰ ਉਨ੍ਹਾਂ ਦੇ ਧਰਮ ਦਾ ਕੱਟੜ ਵੈਰੀ ਘੋਸ਼ਿਤ ਕਰ ਦਿੱਤਾ ਹੋਇਆ ਸੀ ਅਤੇ ਇਸ ਖੁਲ੍ਹੇ ਵਿਰੋਧ ਦਾ ਪਹਿਲਾ ਸਿਟਾ ਇਹ ਨਿਕਲਿਆ ਕਿ ਉਨ੍ਹਾਂ ਦੇ ਪਿਤਾ ਨੂੰ ਕਤਲ ਕਰ ਦਿੱਤਾ ਗਿਆ। ਇਹ ਵੀ ਸੰਭਵ ਹੋ ਸਕਦਾ ਹੈ ਕਿ ਜਿਸ ਰਾਜੇ ਦੀ ਰਿਆਸਤ ਵਿਚ ਗੁਰੂ ਜੀ ਰਹਿੰਦੇ ਸਨ, ਉਸ ਨੇ ਵੀ ਉਨ੍ਹਾਂ ਦੀ ਉਥੇ ਲਗਾਤਾਰ ਰਿਹਾਇਸ਼ ਬਾਰੇ ਔਕੜਾਂ ਪੈਦਾ ਕੀਤੀਆਂ ਹੋਣ ਕਿਉਂ ਕਿ ਉਨ੍ਹਾਂ ਦੇ ਉਥੇ ਰਹਿਣ ਨਾਲ ਉਸ ਨੂੰ ਮੁਗਲ ਸਰਕਾਰ ਨਾਲ ਝਗੜੇ ਵਿਚ ਉਲਝਾ ਦਾ ਡਰ ਹੋਵੇ ਅਤੇ ਗੁਰੂ ਜੀ ਨੇ ਇਸ ਸਥਾਨ ਨੂੰ ਛੱਡਣਾ ਅਤੇ ਹੋਰ ਪਰ੍ਹੇ ਪਹਾੜਾਂ ਵਿਚ ਚਲੇ ਜਾਣਾ ਹੀ ਚੰਗਾ ਸਮਝਿਆ ਹੋਵੇ। ਉਥੇ ਉਹ ਕਈ ਸਾਲ ਇਕਾਂਤ ਵਾਸ ਵਿਚ ਰਹਿੰਦੇ ਰਹੇ ਪਰੰਤੂ ਅਚਾਨਕ ਹੀ ਸ੍ਰੀ ਨਗਰ ਦੇ ਫਤ੍ਹੇ ਸ਼ਾਹ ਨਾਲ ਝਗੜਾ ਪੈਦਾ ਹੋ ਗਿਆ। ਲੜਾਈ ਵਿਚ ਗੁਰੂ ਜੀ ਦੀ ਜਿੱਤ ਹੋਈ ਪਰ ਫਿਰ ਵੀ ਉਨ੍ਹਾਂ ਨੇ ਉਥੇ ਹੋਰ ਦੇਰ ਰਹਿਣਾ ਚੰਗਾ ਨਾ ਸਮਝਿਆ। ਇਸ ਦੌਰਾਨ ਕਹਲੂਰ ਵਿਚ ਹਾਲਾਤ ਬਦਲ ਗਏ ਸਨ। ਭੀਮ ਚੰਦ ਹੁਣ ਮੁਗਲ ਸਰਕਾਰ ਵਿਰੁਧ ਬਗਾਵਤ ਬਾਰੇ ਸੋਚ ਰਿਹਾ ਸੀ ਜਾਂ ਸੱਚੀ ਹੀ ਬਗਾਵਤ ਕਰ ਚੁੱਕਾ ਸੀ। ਇਸ ਸੰਕਟ ਕਾਲ ਵਿਚ ਉਹ ਗੁਰੂ ਜੀ ਨੂੰ ਮੁੜ ਆਪਣੀ ਰਿਆਸਤ ਵਿਚ ਸੱਦਣ ਲਈ ਬਹੁਤ ਚਾਹਵਾਨ ਸੀ। ਗੁਰੂ ਜੀ ਵੀ ਖੁਸ਼ੀ ਨਾਲ ਮੰਨ ਗਏ ਅਤੇ ਕਹਲੂਰ ਆਉਂਦਿਆਂ ਹੀ ਉਨ੍ਹਾਂ ਨੇ ਆਨੰਦਪੁਰ ਦਾ ਨਗਰ ਵਸਾਇਆ ਜਿਹੜਾ ਕਿ ਇਸ ਪਿਛੋਂ ਉਨ੍ਹਾਂ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਗਿਆ।

ਜੋ ਕੁਝ ਉਪਰ ਕਿਹਾ ਗਿਆ ਹੈ ਬਹੁਤ ਹੱਦ ਤਕ ਮਾਮਲੇ ਦੀਆਂ ਸੰਭਵਨਾਵਾਂ ਅਨੁਸਾਰ ਹੀ ਜਾਪਦਾ ਹੈ। ਕਿਸੇ ਤਰ੍ਹਾਂ ਵੀ ਬਚਿਤ੍ਰ ਨਾਟਕ ਦੀ ਗਵਾਹੀ, ਜਿਹੜੀ ਕਿ ਪ੍ਰਤੱਖ ਰੂਪ ਵਿਚ ਇਸ ਪ੍ਰਸ਼ਨ ਸੰਬੰਧੀ ਭਰੋਸੇ ਯੋਗ ਪ੍ਰਮਾਣ ਹੈ, ਇਸ ਦ੍ਰਿਸ਼ਟੀਕੋਣ ਦੀ ਹੋਰਨਾਂ ਨਾਲੋਂ ਵਧੇਰੇ ਪੁਸ਼ਟੀ ਕਰਦੀ ਹੈ। ਇਸ ਵਿਚ ਸ਼ੱਕ ਨਹੀਂ ਕਿ ਨਿਖੇਧਵਾਚੀ ਪ੍ਰਮਾਣਾਂ ਉਤੇ ਬਹੁਤ ਭਰੋਸਾ ਕਰਨਾ ਖਤਰੇ ਤੋਂ ਖਾਲੀ ਨਹੀਂ ਪਰੰਤੂ ਇਹ ਗੱਲ ਮਹੱਤਵਪੂਰਣ ਹੈ ਕਿ ਗੁਰੂ ਜੀ ਭੰਗਾਣੀ ਦੇ ਯੁੱਧ ਦੇ ਸੰਬੰਧ ਵਿਚ ਭੀਮ ਚੰਦ ਦਾ ਕਿਧਰੇ ਜ਼ਿਕਰ ਨਹੀਂ ਕਰਦੇ ਅਤੇ ਜੇਕਰ ਭੀਮ ਚੰਦ ਹੀ ਗੁਰੂ ਜੀ ਦੀ ਮੂਲ ਲੜਾਈ ਦਾ ਮੁੱਖ ਕਾਰਨ ਸੀ ਜਾਂ ਵਾਸਤਵ ਵਿਚ ਉਨ੍ਹਾਂ ਨੂੰ ਫਤ੍ਹੇ ਸ਼ਾਹ ਨਾਲ ਟੱਕਰ ਵਿਚ ਲਿਆਉਣ ਲਈ ਇਕੋ ਇਕ ਕਾਰਨ ਸੀ, ਜਿਵੇਂ ਕਿ ਸਿੱਖ ਲੇਖਕ ਸੁਝਾਅ ਦਿੰਦੇ ਹਨ, ਤਾਂ ਗੁਰੂ ਜੀ ਇਤਨੀ ਛੇਤੀ ਨਾਲ ਕਹਲੂਰ ਵਾਪਸ ਨਹੀਂ ਆ ਸਕਦੇ ਸਨ। ਪਰੰਤੂ ਇਹ ਵਾਰਤਾ ਕਿ ਗੁਰੂ ਜੀ ਨੇ ਆਪਣੇ ਗੁਰਿਆਈ ਦੇ ਪਹਿਲੇ 20 ਸਾਲ ਪਹਾੜਾਂ ਵਿਚ ਏਕਾਂਤ ਵਾਸ ਵਿਚ ਬਤੀਤ ਕੀਤੇ ਸਨ, ਕੁਝ ਪੱਖਾਂ ਤੋਂ, ਨਿਰਸੰਦੇਹ, ਸਾਰੇ ਪ੍ਰਮਾਣਾਂ ਦੇ ਉਲਟ ਹੈ ਪਰ ਸਾਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਏਕਾਂਤਵਾਸ ਦੀ ਇਸ ਵਾਰਤਾ ਨੂੰ ਕੇਸਗੜ੍ਹ ਵਿਖੇ ਸਭਾ ਬਲਾਉਣ ਤੋਂ ਪਹਿਲਾਂ ਦੀ ਗੁਰੂ ਜੀ ਦੀ ਪਹਾੜਾਂ ਵਿਚ ਆਰਜ਼ੀ ਗੁਮਨਾਮੀ ਨਾਲ ਰਲਗਡ ਕਰ ਦਿੱਤਾ ਗਿਆ ਹੈ ਅਤੇ ਇਹ ਇਕ ਕਾਲਪਨਿਕ ਕਥਾ ਦਾ ਆਧਾਰ ਬਣ ਗਈ।

ਹੁਣ ਅਸੀਂ ਭੰਗਾਣੀ ਦੇ ਯੁੱਧ ਨੂੰ ਅਸਲੀ ਰੂਪ ਵਿਚ ਵਿਚਾਰਦੇ ਹਾਂ। ਗੁਰੂ ਜੀ ਦਾ

ਆਪਣਾ ਕਥਨ ਲੜਾਈ ਦਾ ਕਾਰਨ ਸਮਝਣ ਵਿਚ ਸਾਡੀ ਬਹੁਤ ਸਹਾਇਤਾ ਨਹੀਂ ਕਰਦਾ। ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਉਹ ਇਤਨਾ ਹੀ ਕਹਿੰਦੇ ਹਨ ਕਿ ਫਤੇ ਸ਼ਾਹ ਉਨ੍ਹਾਂ ਨਾਲ ਅਕਾਰਨ ਹੀ ਝਗੜ ਪਿਆ ਸੀ। ਇਹ ਵੀ ਸੰਕੇਤ ਕੀਤਾ ਜਾ ਚੁੱਕਿਆ ਹੈ ਕਿ ਦੂਜੇ ਸਿੱਖਾਂ ਵਲੋਂ ਸੁਝਾਏ ਗਏ ਕਾਰਨਾਂ ਨੂੰ ਵੀ ਸਵੀਕਾਰ ਨਹੀਂ ਕੀਤਾ ਜਾ ਸਕਦਾ। ਸੋ ਸਾਡੇ ਕੋਲ ਕੋਈ ਸਿੱਧਾ ਪ੍ਰਮਾਣ ਨਹੀਂ ਹੈ ਜਿਸ ਦਾ ਪ੍ਰਯੋਗ ਕੀਤਾ ਜਾ ਸਕੇ। ਫਿਰ ਵੀ ਗੁਰੂ ਜੀ ਦੇ ਜੰਗ ਦੇ ਵਰਣਨ ਤੋਂ ਪ੍ਰਤੀਤ ਹੁੰਦਾ ਹੈ ਕਿ ਕੁਝ ਪਹਾੜੀ ਰਾਜਿਆਂ ਨੇ ਉਨ੍ਹਾਂ ਵਿਰੁਧ ਗਠਜੋੜ ਕੀਤਾ ਹੋਇਆ ਸੀ। ਡਢਵਾਰ ਅਤੇ ਅਸਵਾਲ ਦੇ ਰਾਜੇ[1], ਚੰਦੇਲ ਦਾ ਗਾਜੀ ਚੰਦ[2], ਗੋਪਾਲ[3] ਅਤੇ ਹਰੀ ਚੰਦ[4], ਫਤੇ ਸ਼ਾਹ ਦੀ ਧਿਰ ਵਲੋਂ ਲੜੇ ਸਨ। ਪਿਛਲੇਰੀਆਂ ਸਿੱਖ ਲਿਖਤਾਂ[5] ਵਿਚ ਕੁਝ ਹੋਰ ਰਾਜਿਆਂ ਦੇ ਨਾਂ ਵੀ ਹਨ ਜਿਨ੍ਹਾਂ ਨੇ ਫਤੇ ਸ਼ਾਹ ਦਾ ਸਾਥ ਦਿੱਤਾ ਜਾਂ ਲੜਾਈ ਹੋਣ ਤੋਂ ਪਹਿਲਾਂ ਹੋਏ ਸਲਾਹ ਮਸ਼ਵਰੇ ਵਿਚ ਭਾਗ ਲਿਆ ਸੀ। ਸੋ ਦਿਖਾਈ ਦਿੰਦਾ ਹੈ ਕਿ ਕਿਸੇ ਨਾ ਕਿਸੇ ਕਾਰਨ ਗੁਰੂ ਜੀ ਨੇ ਪਹਾੜੀ ਰਾਜਿਆਂ ਨੂੰ ਬਹੁਤ ਭੈ ਭੀਤ ਕਰ ਦਿੱਤਾ ਹੋਇਆ ਸੀ। ਕਨਿੰਘਮ ਕਹਿੰਦਾ ਹੈ, "ਗੁਰੂ ਜੀ ਅਰਧ ਸੁਤੰਤਰ ਰਾਜਿਆਂ ਦੇ ਮੁਆਮਲਿਆਂ ਵਿਚ ਦਖਲ ਦੇਣ ਦਾ ਯਤਨ ਕਰ ਰਹੇ ਸਨ ਅਤੇ ਉਨ੍ਹਾਂ ਉਤੇ ਜਥੇ ਵਾਲਾ ਪ੍ਰਭਾਵ ਪ੍ਰਾਪਤ ਕਰਨਾ ਚਾਹੁੰਦੇ ਸਨ ਤਾਂ ਕਿ ਉਹ ਹੌਲੇ ਹੌਲੇ ਪਹਾੜੀ ਕਿਲ੍ਹਿਆਂ ਵਿਚਕਾਰ ਅਸਲੀ ਰਿਆਸਤ ਸਥਾਪਿਤ ਕਰ ਸਕਣ ਜਿਸ ਨੂੰ ਉਹ ਮੁਗਲ ਸਰਕਾਰ ਵਿਰੁਧ ਕਾਰਵਾਈਆਂ ਕਰਨ ਲਈ ਆਧਾਰ ਵਜੋਂ ਵਰਤ ਸਕਣ।"[6] ਭਾਵੇਂ ਇਹ ਸੰਦੇਹਪੂਰਣ ਹੈ ਕਿ ਗਰੂ ਜੀ ਦੇ ਵਿਚਾਰਾਂ ਵਿਚ ਇਥੋਂ ਤੱਕ ਵ੍ਰਿਧੀ ਹੋ ਚੁੱਕੀ ਸੀ ਫਿਰ ਵੀ ਸਿੱਖ ਲਿਖਤਾਂ ਵਿਚ ਸੰਕੇਤ ਮਿਲਦੇ ਹਨ ਕਿ ਉਹ ਪਹਾੜੀ ਰਾਜਿਆਂ ਦੇ ਮੁਆਮਲਿਆਂ ਵਿਚ ਰਲਣਾ ਚਾਹੁੰਦੇ ਸਨ। ਪਰੰਤੂ ਗੁਰੂ ਜੀ ਦੀ ਪਹਾੜੀ ਨੀਤੀ ਪ੍ਰਤੱਖ ਰੂਪ ਵਿਚ ਅਸਫਲ ਸਿੱਧ ਹੋਈ। ਕਾਂਗੜੇ ਦੀਆਂ ਪਹਾੜੀਆਂ ਪੰਜਾਬ ਦਾ ਉਹ ਭਾਗ ਹਨ ਜਿਹੜਾ ਕਿ ਵਿਸ਼ੇਸ਼ ਤੌਰ ਤੇ ਹਿੰਦੂ ਹੈ। ਇਹ ਆਖਿਆ ਗਿਆ ਹੈ ਕਿ "ਹਰ ਕੋਈ ਇਹ ਵਿਸ਼ਵਾਸ ਕਰਨ ਲਈ ਤਿਆਰ ਹੋ ਜਾਂਦਾ ਹੈ ਕਿ ਜਿਸ ਪ੍ਰਕਾਰ ਦਾ ਹਿੰਦੂ ਸਮਾਜ ਅੱਜ ਵੀ ਇਸ ਇਲਾਕੇ ਵਿਚ ਮਿਲਦਾ ਹੈ, ਉਹ ਜੋ ਕੁਝ ਮੰਨੂ ਦੁਆਰਾ ਦਰਸਾਇਆ ਗਿਆ ਹੈ ਉਸ ਨਾਲੋਂ ਵੀ ਪੁਰਾਤਨ ਸੰਸਥਾ ਨੂੰ ਸੰਭਾਲੀ ਬੈਠਾ ਹੈ।"[7] ਇਥੇ ਕਦੇ ਮੁਸਲਮਾਨੀ ਰਾਜ ਬਹੁਤ ਦੇਰ ਨਹੀਂ ਟਿਕਿਆ ਸੀ ਅਤੇ "ਉੱਤਰੀ ਭਾਰਤ ਦੀਆਂ ਅਤਿ ਪੁਰਾਤਨ ਰਿਆਸਤਾਂ" ਉਤੇ ਰਾਜ ਕਰਨ ਵਾਲੇ ਰਾਜੇ ਸੁਭਾਵਿਕ ਤੌਰ

1. ਬਚਿਤ੍ਰ ਨਾਟਕ, VIII, 20
2. ਉਹੀ, VIII, 21
3. ਉਹੀ, VIII, 11
4. ਉਹੀ, VIII, 12, 13, 15, 21, 26, 29, 33
5. ਗੁਰ ਬਿਲਾਸ, VI, 96, 156। ਪੰਥ ਪ੍ਰਕਾਸ਼, XXXIII, 16
6. ਕਨਿੰਘਮ, ਉਪਰੋਕਤ ਰਚਨਾ, ਪੰਨਾ 77
7. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 30

ਤੇ ਬਾਹਰੀ ਪ੍ਰਭਾਵ ਨੂੰ ਬੁਰਾ ਮਨਾਂਦੇ ਹਨ । ਇਸ ਲਈ ਇਹ ਅਚੰਭੇ ਵਾਲੀ ਗੱਲ ਨਹੀਂ ਕਿ ਪਹਾੜੀ ਰਾਜੇ ਗੁਰੂ ਜੀ ਨੂੰ ਹੋਛਾ ਸਮਝਦੇ ਸਨ । ਉਹ ਅਜੇਹੇ ਧਰਮ ਦੀ ਪ੍ਰਤਿਨਿਧਤਾ ਕਰਦੇ ਸਨ ਜਿਸ ਵਿਚ ਵਿਚਾਰਾਂ ਦੀ ਉਦਾਰਤਾ ਨੂੰ ਦ੍ਰਿੜਾਇਆ ਜਾਂਦਾ ਸੀ ਅਤੇ ਉਨ੍ਹਾਂ ਦੇ ਬਹੁਤੇ ਅਨੁਯਾਈ ਜੱਟ ਸਨ, ਜਿਨ੍ਹਾਂ ਨੂੰ ਰਾਜਪੂਤ ਘਟੀਆ ਨਸਲ ਦੇ ਖਿਆਲ ਕਰਦੇ ਸਨ । ਸੋ ਰਾਜਨੀਤਿਕ ਵਿਸ਼ੇਸ਼ ਅਧਿਕਾਰ, ਸਮਾਜਕ ਵਖਰਤਾ ਅਤੇ ਜਾਤੀ ਅਭਿਮਾਨ—ਇਨ੍ਹਾਂ ਸਾਰੀਆਂ ਨੇ ਰਲ ਕੇ ਪਹਾੜੀ ਰਾਜਿਆਂ ਨੂੰ ਗੁਰੂ ਜੀ ਵਿਰੁਧ ਸਾਂਝਾ ਮੁਹਾਜ਼ ਬਣਾਉਣ ਲਈ ਪ੍ਰੇਰਿਆ । ਇਹੀ ਕਾਰਨ ਹੈ ਕਿ ਗੁਰੂ ਜੀ ਪਹਾੜੀ ਰਾਜਿਆਂ ਨਾਲ ਸਦੀਵੀ ਗਠਜੋੜ ਕਾਇਮ ਕਰਨ ਵਿਚ ਕਿਉਂ ਸਫਲ ਨਾ ਹੋਏ ਅਤੇ ਕਿਉਂ ਸਿੱਖ ਮਤ ਪਹਾੜਾਂ ਵਿਚ ਬਹੁਤ ਉੱਨਤੀ ਨਾ ਕਰ ਸਕਿਆ ।

ਪਰੰਤੂ ਗੁਰੂ ਜੀ ਦੀ ਫਤੂ ਸ਼ਾਹ ਨਾਲ ਲੜਾਈ ਦਾ ਤੱਤਕਾਲੀ ਕਾਰਨ ਅੱਵਸ਼ ਹੀ ਕੋਈ ਸਿੱਧਾ ਕਾਰਨ ਹੋਵੇਗਾ । ਗੁਰੂ ਜੀ ਦੀ ਫੌਜ ਅਜੇ ਤਕ ਇਕ ਖਦੀੜ ਹੀ ਈ ਅਤੇ ਇਕ ਪਠਾਨ ਕਮਾਂਡਰ ਗੁਰੂ ਜੀ ਦੀ ਫੌਜ ਬਾਰੇ ਇਹ ਕਹਿੰਦਾ ਹੈ ਕਿ ਗੁਰੂ ਜੀ ਦੀ ਮੂਲ ਨਿਰਭਰਤਾ ਉਨ੍ਹਾਂ (ਪਠਾਨਾਂ) ਉਤੇ ਸੀ, ਬਾਕੀ ਦੀ ਫੌਜ ਰਲੇ ਮਿਲੇ ਲੋਕਾਂ ਦਾ ਇਕੱਠ ਸੀ ਜਿਨ੍ਹਾਂ ਨੇ ਕਦੇ ਲੜਾਈ ਨਹੀਂ ਸੀ ਦੇਖੀ ਅਤੇ ਪਹਿਲੀ ਗੋਲੀ ਚਲਣ ਤੇ ਹੀ ਉਹ ਦੌੜ ਜਾਣ ਵਾਲੇ ਸਨ । ਨਿਸ਼ਚੇ ਹੀ ਇਹ ਗੁਰੂ ਜੀ ਦੇ ਸਾਧਨਾਂ ਦੀ ਗਲਤ ਬਿਆਨੀ ਸੀ ਜਿਵੇਂ ਕਿ ਭੰਗਾਣੀ ਦੇ ਯੁੱਧ ਵਿਚ ਅੰਤਿਮ ਰੂਪ ਵਿਚ ਦਰਸਾਇਆ ਗਿਆ ਸੀ ਪਰੰਤੂ ਕੁਝ ਲੋਕ ਕੇਵਲ ਲੁੱਟਮਾਰ ਲਈ ਹੀ ਗੁਰੂ ਜੀ ਨਾਲ ਆ ਰਲੇ ਸਨ ਅਤੇ ਜਦ ਸੰਕਟ ਦਾ ਸਾਹਮਣਾ ਕਰਨਾ ਪਿਆ ਤਾਂ ਉਨ੍ਹਾਂ ਨੇ ਗੁਰੂ ਜੀ ਦਾ ਸਾਥ ਨਾ ਦਿੱਤਾ । ਇਸ ਗੱਲ ਗੁਰੂ ਜੀ ਦੇ ਇਸ ਕਥਨ ਤੋਂ ਵੀ ਸਿੱਧ ਹੁੰਦੀ ਹੈ ਕਿ ਆਨੰਦਪੁਰ ਦੀ ਸਥਾਪਨਾ ਮਗਰੋਂ ਉਨ੍ਹਾਂ ਨੇ ਜੰਗ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਉਥੋਂ ਕੱਢ ਦਿੱਤਾ ।[1] ਇਸ ਪਿਛੋਂ ਵੀ, ਸੰਕਟ ਕਾਲ ਸਮੇਂ ਸਾਥ ਛਡ ਜਾਣ ਦੀਆ ਘਟਨਾਵਾਂ ਦੀ ਥੁੜ ਨਹੀਂ ਸੀ ।[2] ਇਸ ਲਈ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦੀ ਫੌਜ ਵਿਚ ਇਕ ਟੋਲੀ ਐਸੀ ਸੀ ਜਿਸ ਨੂੰ ਗੁਰੂ ਜੀ ਦੇ ਆਸ਼ੇ ਦੀ ਬਹੁਤੀ ਪਰਵਾਹ ਨਹੀਂ ਸੀ ਸਗੋਂ ਕੇਵਲ ਆਪਣੇ ਨਿਜੀ ਹਿੱਤਾਂ ਕਾਰਨ ਉਨ੍ਹਾਂ ਨਾਲ ਰਲੀ ਹੋਈ ਸੀ । ਸ਼ਾਇਦ ਇਹੀ ਲੋਕ ਸਨ ਜਿਹੜੇ ਪਹਾੜੀ ਰਾਜਿਆਂ ਦੀ ਪਰਜਾ ਉਤੇ ਬਾਰ ਬਾਰ ਜ਼ੁਲਮ ਕਰਨ ਦੇ ਮੁੱਖ ਜ਼ਿੰਮੇਵਾਰ ਸਨ ਜਿਸ ਬਾਰੇ ਸਿੱਖ ਲਿਖਤਾਂ ਵਿਚ ਕਈ ਸੰਕੇਤ ਮਿਲਦੇ ਹਨ ।[3] ਆਮ ਕਰਕੇ ਇਹ ਪਿੰਡਾਂ ਦੇ ਲੋਕਾਂ ਤੋਂ ਧਿੰਗੋਜ਼ੋਰੀ ਅੰਨ-ਦਾਣਾ ਖੋਹ ਲੈਣ ਦਾ ਰੂਪ ਧਾਰਨ ਕਰਦੇ ਸਨ ਅਤੇ ਇਹ ਗੱਲ ਪਹਾੜੀ ਰਾਜਿਆਂ ਅਤੇ ਉਨ੍ਹਾਂ ਦੀ ਪਰਜਾ ਦੇ ਗੁੱਸੇ ਅਤੇ ਪਰੇਸ਼ਾਨੀ ਦੀ ਵੀ ਕਾਫੀ ਹੱਦ ਤਕ ਵਿਆਖਿਆ ਕਰਦੀ ਹੈ । ਵਾਸਤਵ ਵਿਚ ਲੁੱਟਮਾਰ ਦੀ ਪ੍ਰਵਿਰਤੀ ਜੱਟਾਂ ਦੇ ਸੁਭਾਅ ਦਾ ਖਾਸ ਲੱਛਣ ਸੀ ਅਤੇ ਗੁਰੂ ਜੀ ਦੇ ਅਨੁਯਾਈਆਂ ਵਿਚ ਇਨ੍ਹਾਂ ਦੀ ਬਹੁ-ਸੰਖਿਆ ਸੀ ਅਤੇ

1. ਬਚਿਤ੍ਰ ਨਾਟਕ, VIII, 37, 38
2. ਉਹੀ, X, 1; XIII, 2
3. ਬਚਿਤ੍ਰ ਨਾਟਕ, IX, 24 । ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 49-50

ਸਿੱਖ ਮਤ ਦੇ ਪ੍ਰਭਾਵ ਨੇ ਉਨ੍ਹਾਂ ਵਿਚ ਕਦੇ ਵੀ ਪੂਰੀ ਤਰ੍ਹਾਂ ਸੁਧਾਰ ਲਿਆਂਦਾ ਪ੍ਰਤੀਤ ਨਹੀਂ ਹੁੰਦਾ । ਇਥੇ ਸਾਨੂੰ ਗੁਰੂ ਜੀ ਵਿਰੁਧ ਗਠਜੋੜ ਕਰਨ ਲਈ ਇਕ ਕਾਰਨ ਦਾ ਸੰਕੇਤ ਮਿਲਦਾ ਹੈ । ਫਤ੍ਹੇ ਸ਼ਾਹ ਦਾ ਸ਼ਾਇਦ ਖਾਸ ਤੌਰ ਤੇ ਵਿਸ਼ੇਸ਼ ਰੋਸ ਸੀ । ਸਿੱਖ ਲਿਖਤਾਂ ਵਿਚ ਦਸਿਆ ਗਿਆ ਹੈ ਕਿ ਨਾਹਨ ਦਾ ਮੇਦਨੀ ਪ੍ਰਕਾਸ਼ ਅਤੇ ਸ੍ਰੀ ਨਗਰ ਦਾ ਫਤ੍ਹੇ ਸ਼ਾਹ ਸੀਮਾਂ ਸੰਬੰਧੀ ਸਦਾ ਜੰਗ ਵਿਚ ਜੁਟੇ ਰਹਿੰਦੇ ਸਨ ਪਰੰਤੂ ਗੁਰੂ ਜੀ ਨੇ ਪਾਉਂਟੇ ਜਾਣ ਮਗਰੋਂ ਦੋਹਾਂ ਰਾਜਿਆਂ ਨੂੰ ਮਿਲਾਇਆ ਅਤੇ ਉਨ੍ਹਾਂ ਦੇ ਝਗੜਿਆਂ ਨੂੰ ਸੁਲਾਹ ਸਫਾਈ ਨਾਲ ਨਿਪਟਾ ਦਿੱਤਾ । ਪ੍ਰਤੀਤ ਹੁੰਦਾ ਹੈ ਕਿ ਇਹ ਸਮਝੌਤਾ ਸਦੀਵੀ ਸਿੱਧ ਨਾ ਹੋਇਆ ਅਤੇ ਕਿਉਂਕਿ ਗੁਰੂ ਜੀ ਨਾਹਨ ਦੇ ਰਾਜੇ ਦੇ ਗੂੜ੍ਹੇ ਮਿੱਤਰ ਸਨ ਅਤੇ ਉਸੇ ਦੀ ਰਿਆਸਤ ਵਿਚ ਰਹਿ ਰਹੇ ਸਨ[1] ਇਸ ਲਈ ਇਹ ਅਸੰਭਵ ਨਹੀਂ ਜਾਪਦਾ ਕਿ ਦੋਹਾਂ ਰਿਆਸਤਾਂ ਵਿਚਕਾਰ ਸੀਮਾਂ ਸੰਬੰਧੀ ਝਗੜੇ ਵਿਚ ਉਹ ਕਿਸੇ ਨਾ ਕਿਸੇ ਤਰ੍ਹਾਂ ਉਲਝ ਗਏ ਸਨ ।

ਪਰੰਤੂ ਲੜਾਈ ਦੇ ਕਾਰਨਾਂ ਸੰਬੰਧੀ ਸਾਡੀ ਸਥਿਤੀ ਭਾਵੇਂ ਕਿੰਨੀ ਹੀ ਅਨਿਸਚਿਤ ਹੈ ਪਰ ਫਿਰ ਵੀ ਜਿਥੋਂ ਤਕ ਲੜਾਈ ਦਾ ਸੰਬੰਧ ਹੈ ਅਸੀਂ ਵਧੇਰੇ ਨਿਸਚਿਤ ਆਧਾਰ ਤੇ ਖੜੇ ਹਾਂ । ਗੁਰੂ ਜੀ ਦਾ ਆਪਣਾ ਵਰਣਨ ਅਸਲ ਘਟਨਾਵਾਂ ਸੰਬੰਧੀ ਸਹੀ ਸੂਚਨਾ ਦੇਣ ਨਾਲੋਂ ਵਧੇਰੇ ਉਤਸ਼ਾਹਜਨਕ ਅਤੇ ਆਪਣੇ ਅਨੁਯਾਈਆਂ ਵਿਚ ਹੌਸਲੇ ਦੀ ਜੋਤ ਪ੍ਰਜਵਲਿਤ ਕਰਨ ਵਾਲਾ ਹੋ ਸਕਦਾ ਹੈ ।[2] ਪਰੰਤੂ ਮੁਖ ਤੱਤ ਕਾਫੀ ਸਪਸ਼ਟ ਦਿਖਾਈ ਦਿੰਦੇ ਹਨ । ਵਿਰੋਧੀ ਫੌਜਾਂ ਭੰਗਾਣੀ ਦੇ ਮੈਦਾਨ ਵਿਚ ਇਕੱਠੀਆਂ ਹੋਈਆਂ ਜਿਹੜਾ ਕਿ ਜਮੁਨਾ ਅਤੇ ਗਿਰੀ ਦੇ ਵਿਚਕਾਰਲੇ ਮੈਦਾਨ ਵਿਚ, ਪਾਉਂਟੇ ਤੋਂ ਛੇ ਮੀਲ ਦੀ ਵਿਥ ਤੇ ਸਥਿਤ ਹੈ ਅਤੇ ਮਸੂਰੀ ਜਾਣ ਵਾਲੀ ਸੜਕ ਤੇ ਰਾਜਪੁਰੇ ਸ਼ਹਿਰ ਤੋਂ ਬਹੁਤ ਦੂਰ ਨਹੀਂ ਹੈ ।[3] ਲੜਾਈ ਬੜੇ ਜੋਸ਼ ਨਾਲ ਆਰੰਭ ਹੋਈ ਅਤੇ ਤੁਰੰਤ ਹੀ ਗੁਰੂ ਹਰਿਗੋਬਿੰਦ ਦੀ ਇਕਲੌਤੀ ਪੁੱਤਰੀ

---

1. ਗੁਰੂ ਜੀ ਨੇ ਪਾਉਂਟੇ ਵਿਖੇ ਆਪਣੀ ਰਿਹਾਇਸ਼ ਰੱਖ ਲਈ ਜਿਹੜਾ ਕਿ ਜਮੁਨਾ ਦੇ ਕੰਢੇ ਤੇ ਨਾਹਨ ਤੋਂ 26 ਮੀਲ ਦੂਰ ਸਥਿਤ ਹੈ । ਇਥੇ ਇਕ ਗੁਰਦਵਾਰਾ ਹੈ ਅਤੇ ਗੁਰੂ ਜੀ ਦੁਆਰਾ ਬਣਾਏ ਗਏ ਕਿਲ੍ਹੇ ਦੇ ਖੰਡਰ ਅਜੇ ਵੀ ਹਨ । ਕੁਝ ਲੋਕਾਂ ਦਾ ਵਿਚਾਰ ਹੈ ਕਿ ਗੁਰੂ ਜੀ ਮਾਖੋਵਾਲ ਮਗਰੋਂ ਪਹਿਲਾਂ ਇਥੇ ਟਿਕੇ ਸਨ ਇਸ ਲਈ ਇਸ ਦਾ ਨਾਂ ਪਾਉਂਟਾ ਪੈ ਗਿਆ । ਪਰ ਸਰਮੌਰ ਗਜ਼ਟੀਅਰ ਕਹਿੰਦਾ ਹੈ ਕਿ ਗੁਰੂ ਜੀ ਪਹਿਲਾਂ ਟੋਕੇ ਠਹਿਰੇ ਸਨ, ਜਿਥੇ ਕਿ ਇਕ ਗੁਰਦਵਾਰਾ ਹੈ, 'ਭਾਵੇਂ ਇਹ ਕੰਧ ਲਾਗੇ ਇਕ ਛੋਟਾ ਜਿਹਾ ਥੜਾ ਹੀ ਹੈ' । ਇਥੋਂ ਰਾਜਾ ਉਨ੍ਹਾਂ ਨੂੰ ਨਾਹਨ ਲੈ ਆਇਆ ਅਤੇ ਇਸ ਪਿਛੋਂ ਉਹ ਪਾਉਂਟੇ ਗਏ । (ਸਰਮੌਰ ਗਜ਼ਟੀਅਰ, ਪੰਨਾ 15, 51 । ਮੈਕਾਲਿਫ, ਉਹੀ ਪੰਨਾ 16, 17 । ਗੁਰਬਿਲਾਸ, VI, 19-21) ।
2. Malcolm, *Sketch of the Sikhs*, p. 54.
3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 29 । ਗੁਰਬਿਲਾਸ, VI, 250, 251 ਸਰਮੌਰ ਗਜ਼ਟੀਅਰ ਦਸਦਾ ਹੈ (ਪੰਨਾ 15) ਕਿ ਹਰਿ ਚੰਦ ਅਤੇ ਫਤ੍ਹੇ ਸ਼ਾਹ ਦੋਵੇਂ ਜੰਗ ਵਿਚ ਮਾਰੇ ਗਏ । "ਇਨ੍ਹਾਂ ਦੋਹਾਂ ਰਾਜਿਆਂ ਦੀਆਂ ਰਾਣੀਆਂ ਸਤੀ ਹੋ ਗਈਆਂ ਅਤੇ ਇਨ੍ਹਾਂ ਦੇ ਅੱਠ ਮਕਬਰੇ ਭੰਗਾਣੀ ਵਿਖੇ ਦਿਖਾਈ ਦਿੰਦੇ ਹਨ ਪਰ ਸਿੱਖ ਲਿਖਤਾਂ ਸਾਨੂੰ ਦਸਦੀਆਂ ਹਨ ਕਿ ਜਦ ਫਤ੍ਹੇ ਸ਼ਾਹ ਨੂੰ ਕੋਈ ਆਸ ਨਾ ਦਿਸੀ ਤਾਂ ਉਹ ਦੌੜ ਗਿਆ । ਇਕ ਗੁਰਦਵਾਰਾ ਅਜੇ ਵੀ ਗੁਰੂ ਜੀ ਦੀ ਜਿੱਤ ਦੀ ਯਾਦ ਦਿਵਾਂਦਾ ਹੈ ।"

ਬੀਬੀ ਵੀਰੋ ਦੇ ਪੰਜਾਂ ਪੁੱਤਰਾਂ[1] ਨੇ ਹੱਲਾ ਬੋਲ ਦਿੱਤਾ ਜਿਸ ਦੀ ਬ੍ਰਾਹਮਣ ਦਇਆ ਰਾਮ, ਦੀਵਾਨ ਚੰਦ ਅਤੇ ਦੋਹਾਂ ਕ੍ਰਿਪਾਲਾਂ, ਇਕ ਗੁਰੂ ਜੀ ਦਾ ਮਾਮਾ ਸੀ ਅਤੇ ਦੂਜਾ ਉਦਾਸੀ ਮਹੰਤ ਸੀ, ਨੇ ਚੰਗੀ ਤਰ੍ਹਾਂ ਪੈਰਵੀ ਕੀਤੀ। ਹੱਲੇ ਦਾ ਜ਼ੋਰ ਪਹਿਲੋਂ ਉਨ੍ਹਾਂ ਤਨਖਾਹਦਾਰ ਪਠਾਣਾਂ ਤੇ ਪਿਆ ਜਾਪਦਾ ਹੈ ਜਿਹੜੇ ਗੁਰੂ ਜੀ ਦੇ ਤਨਖਾਈਏ ਸਨ ਪਰ ਜੰਗ ਹੋਣ ਤੋਂ ਪਹਿਲਾ ਬਾਗੀ ਹੋ ਕੇ ਪਹਾੜੀ ਰਾਜਿਆਂ ਨਾਲ ਜਾ ਮਿਲੇ ਸਨ। ਸਾਨੂੰ ਦਸਿਆ ਗਿਆ ਹੈ ਕਿ ਉਨ੍ਹਾਂ ਦੇ ਚਾਰ ਆਗੂਆਂ ਹਿਆਤ ਖਾਂ, ਨਜਾਬਤ ਖਾਂ, ਭੀਖਣ ਖਾਂ ਅਤੇ ਕਾਲੇ ਖਾਂ ਵਿਚੋਂ ਕੇਵਲ ਕਾਲੇ ਖਾਂ ਹੀ "ਆਪਣੇ ਇਕ ਸੌ ਸਿਪਾਹੀਆਂ ਸਮੇਤ, ਜਿਨ੍ਹਾਂ ਦੀ ਉਹ ਪਹਿਲੋਂ ਅਗਵਾਈ ਕਰਦਾ ਸੀ"[2] ਗੁਰੂ ਜੀ ਪ੍ਰਤਿ ਸੱਚਾ ਰਿਹਾ। ਜਾਪਦਾ ਹੈ ਕਿ ਹਿਆਤ ਖਾਂ ਲੜਾਈ ਦੇ ਆਰੰਭ ਵਿਚ ਹੀ ਮਹੰਤ ਕ੍ਰਿਪਾਲ ਦੁਆਰਾ ਮਾਰਿਆ ਗਿਆ[3] ਪਰੰਤੂ ਦੂਜੇ ਲੜਦੇ ਰਹੇ ਅਤੇ ਲੜਾਈ ਦੋਹਾਂ ਧਿਰਾਂ ਤੋਂ ਪੂਰੀ ਪਕਿਆਈ ਨਾਲ ਜਾਰੀ ਰਹੀ। ਕੁਝ ਸਮੇਂ[4] ਪਿਛੋਂ ਰਾਜਾ ਗੋਪਾਲ ਅਤੇ ਹਰੀ ਚੰਦ, ਹੱਲੇ ਵਿਚ ਭਾਰੂ

---

1. ਇਹ, ਸੰਗੂ ਸ਼ਾਹ, ਜੀਤ ਮਲ, ਗੋਪਾਲ ਚੰਦ, ਗੰਗਾ ਰਾਮ ਅਤੇ ਮਾਹਿਰੀ ਚੰਦ ਸਨ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਸੰਗੂ ਸ਼ਾਹ ਨੂੰ ਇਸ ਦੀ ਫੌਜੀ ਪ੍ਰਧਾਨਤਾ ਕਾਰਨ ਸ੍ਰੀ ਸ਼ਾਹ ਕਿਹਾ ਹੈ। ਮੈਕਾਲਿਫ (ਉਹੀ ਪੰਨਾ 43) ਕਹਿੰਦਾ ਹੈ ਕਿ ਭੰਗਾਣੀ ਦੇ ਮੈਦਾਨ ਵਿਚ ਉਸ ਦੀ ਮੌਤ ਮਗਰੋਂ ਗੁਰੂ ਜੀ ਨੇ ਉਸ ਦਾ ਨਾਂ ਸ਼ਾਹ ਸੰਗ੍ਰਾਮ ਵਿਚ ਬਦਲ ਦਿੱਤਾ। ਦੇਖੋ ਗੁਰਬਿਲਾਸ, VI, 247.
2. ਮੈਕਾਲਿਫ, ਉਹੀ ਪੰਨਾ 30-33। ਪਰ ਗੁਰੂ ਜੀ ਕਾਲੇ ਖਾਂ ਬਾਰੇ ਕੁਝ ਨਹੀਂ ਕਹਿੰਦੇ।
3. ਬਚਿਤ੍ਰ ਨਾਟਕ, VIII, 7
4. ਸੰਭਵ ਹੈ ਕਿ ਗੋਪਾਲ ਗੁਲੇਰ ਦਾ ਰਾਜਾ ਗੋਪਾਲ ਹੀ ਹੋਵੇ ਜਿਹੜਾ ਕਿ ਬਚਿਤ੍ਰ ਨਾਟਕ ਦੇ ਗਿਆਰਵੇਂ ਅਨੁਭਾਗ ਦਾ ਸੂਰਬੀਰ ਹੈ। ਗੁਰੂ ਬਿਲਾਸ (VI, 156) ਅਤੇ ਪੰਥ ਪ੍ਰਕਾਸ਼ (XXIII, 16) ਨਿਸ਼ਚਿਤ ਹੀ ਦੋਹਾਂ ਨੂੰ ਮਿਲਾ ਦਿੰਦੇ ਹਨ। ਪਿਛਲੇਰੇ ਸਿੱਖ ਉਲੇਖ ਸਰਬਸਮਤੀ ਨਾਲ ਹਰੀਚੰਦ ਨੂੰ ਨਾਲਾਗੜ੍ਹ (ਹੰਡੂਰ) ਦਾ ਰਾਜਾ ਦਸਦੇ ਹਨ ਪਰ ਗੁਰੂ ਜੀ ਦੇ ਵਰਣਨ ਵਿਚ ਅਜੇਹੀ ਕੋਈ ਗੱਲ ਦਿਖਾਈ ਨਹੀਂ ਦਿੰਦੀ ਜਿਹੜੀ ਉਸ ਨੂੰ ਨਾਲਾਗੜ੍ਹ ਨਾਲ ਸੰਬੰਧਿਤ ਕਰੇ। ਇਸ ਦਾ ਬਹੁਤਾ ਭਾਵ ਨਹੀਂ ਕਿਉਂਕਿ ਗੁਰੂ ਜੀ ਦਾ ਵਰਣਨ ਬਹੁਤ ਹੀ ਅਲਪ ਹੈ ਅਤੇ ਕਈ ਥਾਵਾਂ ਤੇ ਅਧਿਕ ਵੇਰਵੇ ਵਾਲੇ ਸਿੱਖ ਉਲੇਖਾਂ ਦੀ ਸਹਾਇਤਾ ਤੋਂ ਬਿਨਾਂ ਸਮਝਣਾ ਬਹੁਤ ਔਖਾ ਹੋ ਜਾਂਦਾ ਹੈ। ਗੁਰੂ ਜੀ ਇਸ ਨੂੰ ਆਮ ਤੌਰ ਤੇ ਰਾਜੇ ਦੇ ਉਪਨਾਮ ਤੋਂ ਬਿਨਾਂ ਹੀ ਸਾਧਾਰਨ ਹਰੀ ਚੰਦ ਦਰਸਾਉਂਦੇ ਹਨ ਅਤੇ ਕੇਵਲ ਇਕ ਥਾਂ ਜਿਥੇ ਕਿ ਉਸ ਨੂੰ ਰਾਜਾ ਹੋਣ ਬਾਰੇ ਸੰਕੇਤ ਕੀਤਾ ਗਿਆ ਹੈ ਉਹ ਹੈ ਛੰਦ 33, ਜਿਥੇ ਕਿ ਉਸ ਨੂੰ "ਕਾਰੋੜ ਰਾਯੰ" ਕਿਹਾ ਗਿਆ ਹੈ। ਮੈਕਾਲਿਫ ਕਾਰੋੜ ਰਾਯੰ" ਦਾ ਅਨੁਵਾਦ "ਕਾਰੋੜ ਦਾ ਰਾਜਾ" ਕਰਦਾ ਹੈ (ਸੈਂਚੀ ਪੰਜਵੀਂ, ਪੰਨਾ 44) ਪਰ ਇਸ ਦੇ ਉਲਟ ਉਹ ਗੁਰੂ ਜੀ ਦੀ ਆਮ ਜੀਵਨੀ (ਸੈਂਚੀ ਪੰਜਵੀਂ, ਪੰਨਾ 41) ਵਿਚ ਉਸ ਨੂੰ "ਹੰਡੂਰ ਦਾ ਰਾਜਾ" ਬਣਾ ਦਿੰਦਾ ਹੈ। ਪਰੰਤੂ ਜਿਵੇਂ ਕਿ ਸਾਨੂੰ ਕਾਰੋੜ ਦੇ ਰਾਜੇ ਦਾ ਗੁਰੂ ਗੋਬਿੰਦ ਸਿੰਘ ਨਾਲ ਸੰਬੰਧ ਦਾ ਕਿਤੇ ਜ਼ਿਕਰ ਨਹੀਂ ਮਿਲਦਾ ਇਸ ਲਈ ਸਾਡੇ ਵਿਚਾਰ ਵਿਚ ਭਾਈ ਬਿਸ਼ਨ ਸਿੰਘ ਦੀ 'ਕਾਰੋੜ' ਦੀ ਵਿਆਖਿਆ ਕਰੋੜਾਂ ਦਾ ਮਾਲਕ ਜਾਂ ਕਰੋੜ ਪਤੀ ਠੀਕ ਹੈ (ਬਚਿਤ੍ਰ ਨਾਟਕ ਦਾ ਟਿਪਣੀ ਸਹਿਤ ਸੰਸਕਰਣ, ਪੰਨਾ 211) ਤਦ ਹਰੀ ਚੰਦ ਇਕ ਧਨੀ ਅਤੇ ਬਲਵਾਨ ਰਾਜਾ ਸੀ ਪਰੰਤੂ ਉਸ ਨੂੰ 'ਹੰਡੂਰ' ਦਾ ਰਾਜਾ ਮੰਨਣ ਵਿਚ ਸਾਡੇ ਰਾਹ ਵਿਚ ਔਕੜਾਂ ਹਨ।

(ਬਾਕੀ ਦਾ ਫੁਟ ਨੋਟ ਅਗਲੇ ਪੰਨੇ ਤੇ)

ਹੋ ਗਏ ਅਤੇ ਕੁਝ ਸਮੇਂ ਲਈ ਗੁਰੂ ਜੀ ਦੀ ਜਿੱਤ ਧੁੰਧਲੀ ਦਿਖਾਈ ਦੇਣ ਲੱਗੀ।[1] ਇਸ ਸੰਕਟ ਸਮੇਂ ਜੀਤ ਮਲ ਆਪਣੀ ਧਿਰ ਨੂੰ ਬਚਾਉਣ ਲਈ ਸਫਲ ਹੋਇਆ। ਉਸ ਨੇ ਆਪਣੇ ਬਰਛੇ ਨਾਲ ਹਰੀ ਚੰਦ ਨੂੰ ਪਰੁਨ ਦਿੱਤਾ ਜੋ ਬੇਸੁਧ ਹੋ ਕੇ ਹੇਠ ਡਿਗ ਪਿਆ ਅਤੇ ਉਸ ਨੂੰ ਰਣ ਭੂਮੀ ਵਿਚੋਂ ਉਠਾ ਕੇ ਲੈ ਜਾਣਾ ਪਿਆ।[2] ਇਸ ਨੇ ਹਮਲੇ ਦੇ ਜ਼ੋਰ ਨੂੰ ਤੁਰੰਤ ਘਟਾ ਦਿਤਾ ਅਤੇ ਗੁਰੂ ਜੀ ਦੀ ਟੋਲੀ ਨੇ ਫਿਰ ਹਮਲਾ ਕੀਤਾ। ਪਠਾਨ ਆਗੂਆਂ ਨੇ ਦ੍ਰਿੜਤਾ ਨਾਲ ਟਾਕਰਾ ਕੀਤਾ ਪਰੰਤੂ ਡਢਵਾਰ ਅਤੇ ਜਸਵਾਲ ਦੇ ਰਾਜੇ ਜੋ ਹੁਣ ਤਕ ਜੋਸ਼ ਨਾਲ ਲੜ ਰਹੇ ਸਨ ਆਪਣੀਆਂ ਫੌਜਾਂ ਸਮੇਤ ਜੰਗ ਦਾ ਮੈਦਾਨ ਛਡ ਗਏ ਅਤੇ ਚੰਦੇਲ ਦਾ ਗਾਜੀ ਚੰਦ ਹਾਰਿਆ ਹੁਟਿਆ ਤੇ ਪਰੇਸ਼ਾਨ ਖੜਾ ਸੀ।[3] ਸਾਂਝੀ ਫੌਜ ਵਿਚ ਭਾਜੜ ਪੈਣ ਹੀ ਵਾਲੀ ਸੀ ਕਿ ਇਸ ਮੌਕੇ ਤੇ ਹਰੀ ਚੰਦ ਆਪਣੀ ਬੇਹੋਸ਼ੀ ਚੋਂ ਜਾਗ ਉਠਿਆ ਅਤੇ ਇਕ ਆਗੂ ਦਾ ਕਰਤਵ ਪਾਲਣ ਲੱਗਾ।[4] ਸਾਂਝੀ ਫੌਜ ਫਿਰ ਇਕੱਠੀ ਹੋ ਗਈ ਅਤੇ ਲੜਾਈ ਦਾ ਆਖਰੀ ਦੌਰ ਸ਼ੁਰੂ ਹੋ ਗਿਆ। ਇਕ ਪਾਸੇ ਸ੍ਰੀ ਸ਼ਾਹ ਅਤੇ ਦੂਜੇ ਪਾਸੇ ਨਜਾਬਤ ਖਾਂ ਵਿਚਾਲੇ ਭਾਰੀ ਜੰਗ ਸ਼ੁਰੂ ਹੋ ਗਿਆ ਅਤੇ ਦੋਹਾਂ ਧਿਰਾਂ ਦੇ ਬਹੁਤ ਸਾਰੇ ਸਿਪਾਹੀ ਮਾਰੇ ਗਏ। ਕੁਝ ਸਮੇਂ ਮਗਰੋਂ ਦੋਨੋਂ ਆਗੂ ਢਹਿ ਪਏ[5] ਅਤੇ ਗੁਰੂ ਜੀ ਨੇ, ਜਿਨ੍ਹਾਂ ਨੇ ਅਜੇ ਲੜਾਈ ਵਿਚ ਕੋਈ ਭਾਗ ਨਹੀਂ ਲਿਆ ਸੀ, ਫੌਜ ਦੀ ਅਗਵਾਈ ਨੂੰ ਆਪਣੇ ਹੱਥਾਂ ਵਿਚ ਲੈ ਲਿਆ।[6] ਆਪਣੇ ਦੂਜੇ ਵਾਰ ਵਿਚ ਗੁਰੂ ਜੀ ਨੇ ਭੀਖਣ ਖਾਂ ਦੇ ਮੂੰਹ ਤੇ ਤੀਰ ਮਾਰਿਆ ਅਤੇ ਉਹ ਘੋੜਾ ਛਡ ਕੇ ਮੈਦਾਨ ਵਿਚੋਂ ਦੌੜ ਗਿਆ। ਮਗਰੋਂ ਘੋੜਾ ਤੁਰੰਤ ਹੀ ਮਾਰ ਦਿੱਤਾ ਗਿਆ।[7] ਹੁਣ ਗੁਰੂ ਜੀ ਅਤੇ ਹਰੀ ਚੰਦ ਵਿਚਕਾਰ ਤਕੜੀ ਮੁਠ ਭੇੜ ਆਰੰਭ ਹੋਈ ਜੋ ਬੜੀ ਉਸਤਾਦੀ ਅਤੇ ਜੋਸ਼ ਨਾਲ ਲੜਿਆ ਅਤੇ ਸੈਂਕੜੇ ਸਿਪਾਹੀ

(ਪਿਛਲੇ ਪੰਨੇ ਦਾ ਬਾਕੀ ਫੁਟ ਨੋਟ)

ਨਾਲਾਗੜ੍ਹ ਗਜ਼ਟੀਅਰ ਕਹਿੰਦਾ ਹੈ ਕਿ ਯੋਗ ਅਤੇ ਨਿਆਂਕਾਰੀ ਧਰਮ ਚੰਦ ਨਾਂ ਦਾ ਰਾਜਾ ਨਾਲਾਗੜ੍ਹ ਵਿਚ 1618 ਈ: ਤੋਂ 1701 ਈ: ਤਕ ਕੋਈ ਲਗਭਗ 83 ਸਾਲ ਰਾਜ ਕਰਦਾ ਰਿਹਾ। ਇਸ ਪਿਛੋਂ ਇਸ ਦਾ ਪੁੱਤਰ ਹਿੰਮਤ ਚੰਦ ਰਾਜਾ ਬਣਿਆ। (ਸ਼ਿਮਲਾ ਹਿਲਜ਼ ਸਟੇਟਸ ਗਜ਼ਟੀਅਰ ਨਾਲਾਗੜ੍ਹ, ਪੰਨਾ 60)। ਰਾਜਿਆਂ ਦੀ ਲੰਮੀ ਸੂਚੀ ਵਿਚ ਹਰੀ ਚੰਦ ਦਾ ਨਾਂ ਇਕ ਵਾਰ ਵੀ ਨਹੀਂ ਆਉਂਦਾ। ਦੂਜੇ, ਸਿੱਖ ਲਿਖਤਾਂ ਨਿਸ਼ਚਿਤ ਰੂਪ ਵਿਚ ਹਰੀ ਚੰਦ ਨੂੰ ਨਾਲਾਗੜ੍ਹ ਨਾਲ ਜੋੜਦੀਆਂ ਹਨ। ਸੋ ਹੋ ਸਕਦਾ ਹੈ ਕਿ ਹਰੀ ਚੰਦ ਉਸ ਦਾ ਛੋਟਾ ਪੁੱਤਰ ਹੋਵੇ ਜਿਸ ਨੂੰ ਉਸ ਨੇ ਪਿਤਾ ਨੇ ਫਤ੍ਹੇ ਸ਼ਾਹ ਦੀ ਸਹਾਇਤਾ ਲਈ ਭੇਜਿਆ ਹੋਵੇ ਅਤੇ ਆਪ ਬਿਰਧ ਹੋਣ ਕਾਰਣ ਜੰਗ ਵਿਚ ਨਾ ਆ ਸਕਿਆ ਹੋਵੇ।

1. ਬਚਿਤ੍ਰ ਨਾਟਕ, VIII, 11-13
2. ਉਹੀ, VIII, 15
3. ਉਹੀ, VIII, 20-21
4. ਉਹੀ, VIII, 21
5. ਉਹੀ, VIII, 23
6. ਉਹੀ, VIII, 24
7. ਉਹੀ, VIII, 25

ਮੌਤ ਦੇ ਘਾਟ ਉਤਾਰ ਦਿੱਤੇ ।[1] ਗੁਰੂ ਜੀ ਫੁਰਮਾਉਂਦੇ ਹਨ, "ਹਰੀ ਚੰਦ ਨੇ ਗੁੱਸੇ ਵਿਚ ਤੀਰ ਮਾਰਿਆ। ਪਹਿਲਾ ਤੀਰ ਮੇਰੇ ਘੋੜੇ ਨੂੰ ਆ ਵੱਜਾ ਤੇ ਫਿਰ ਦੂਜਾ ਉਸ ਨੇ ਮੇਰੇ ਮਾਰਿਆ ਪਰ ਪਰਮਾਤਮਾ ਨੇ ਮੈਨੂੰ ਬਚਾ ਲਿਆ ਅਤੇ ਤੀਰ ਮੇਰੇ ਕੰਨ ਕੋਲ ਦੀ ਲੰਘ ਗਿਆ । ਉਸ ਦਾ ਤੀਜਾ ਤੀਰ ਮੇਰੀ ਲੱਕਪੇਟੀ ਦੇ ਬਕਸੂਏ ਨੂੰ ਵਿੰਨ ਕੇ ਮੇਰੇ ਸਰੀਰ ਤਕ ਪਹੁੰਚ ਗਿਆ ਪਰ ਮੈਨੂੰ ਜ਼ਖਮੀ ਨਾ ਕਰ ਸਕਿਆ। ਪਰਮਾਤਮਾ ਨੇ ਮੈਨੂੰ ਆਪਣਾ ਦਾਸ ਜਾਣ ਕੇ ਬਚਾ ਲਿਆ। ਜਦੋਂ ਮੈਂ ਤੀਰ ਦੀ ਛੂਹ ਨੂੰ ਮਹਿਸੂਸ ਕੀਤਾ ਤਾਂ ਮੇਰਾ ਗੁੱਸਾ ਜਾਗ ਪਿਆ। ਮੈਂ ਕਮਾਨ ਲੈ ਕੇ ਤੀਰ ਚਲਾਉਣ ਲੱਗਾ । ਜਦੋਂ ਮੈਂ ਬਹੁਤ ਸਾਰੇ ਤੀਰ ਚਲਾਏ ਤਾਂ ਮੇਰੇ ਵੈਰੀ ਦੌੜਨ ਲੱਗ ਪਏ। ਮੈਂ ਜੁਆਨ ਰਾਜੇ ਹਰੀ ਚੰਦ ਨੂੰ ਨਿਸ਼ਾਨਾ ਬਣਾਇਆ ਅਤੇ ਮਾਰ ਦਿੱਤਾ।"[2] ਹਰੀ ਚੰਦ ਦੀ ਮੌਤ ਪਹਾੜੀਆਂ ਲਈ ਭਾਂਜ ਦਾ ਸੰਕੇਤ ਸੀ ਅਤੇ ਗੁਰੂ ਜੀ ਨੂੰ ਪੂਰਨ ਜਿੱਤ ਹੋਈ ।[3]

III. ਨਾਦੌਣ ਦਾ ਯੁੱਧ

ਜਿਵੇਂ ਕਿ ਅਸੀਂ ਪਹਿਲਾਂ ਆਖ ਚੁਕੇ ਹਾਂ, ਭੰਗਾਣੀ ਦੀ ਜਿੱਤ ਮਗਰੋਂ ਗੁਰੂ ਜੀ ਪਾਉਂਟੇ ਨਾ ਰਹੇ ਸਗੋਂ ਕਹਲੂਰ ਵਾਪਸ ਆ ਗਏ ਜਿਥੇ ਉਨ੍ਹਾਂ ਨੇ ਆਨੰਦਪੁਰ ਨਗਰ ਦੀ ਨੀਂਹ ਰੱਖੀ। ਗੁਰੂ ਜੀ ਦੇ ਬਹੁਤ ਸਾਰੇ ਦਿਨ "ਦੀਨਦਾਰਾਂ ਦੀ ਪ੍ਰਤਿਪਾਲਨਾ ਕਰਨ ਅਤੇ ਦੁਸ਼ਟਾਂ ਨੂੰ ਸੰਘਾਰਣ"[4] ਵਿਚ ਬਤੀਤ ਹੋ ਗਏ। ਜਿਨ੍ਹਾਂ ਨੇ ਭੰਗਾਣੀ ਦੇ ਯੁੱਧ ਵਿਚ ਭਾਗ ਨਹੀਂ ਲਿਆ ਸੀ ਉਨ੍ਹਾਂ ਨੂੰ ਉਥੇ ਕੱਢ ਦਿੱਤਾ ਗਿਆ। ਸੋ ਇਉਂ ਦਿਖਾਈ ਦਿੰਦਾ ਹੈ ਕਿ ਗੁਰੂ ਜੀ ਆਪਣੇ ਘਰ ਨੂੰ ਸੁਧਾਰਨ ਦੇ ਯਤਨ ਵਿਚ ਰੁਝੇ ਹੋਏ ਸਨ। ਉਹ ਹੁਣ ਕਹਲੂਰ ਵਾਲੇ ਭੀਮ ਚੰਦ ਨਾਲ ਮਿੱਤਰਾਚਾਰੀ ਨਾਲ ਰਹਿ ਰਹੇ ਸਨ ਅਤੇ ਉਹ ਅਵਸਰ ਛੇਤੀ ਹੀ ਆ ਪਹੁੰਚਾ ਜਿਸ ਵਿਚ ਗੁਰੂ ਜੀ ਨੂੰ ਆਪਣੀ ਮਿੱਤਰਤਾ ਦਾ ਅਮਲੀ ਪ੍ਰਗਟਾ ਕਰਨਾ ਪਿਆ ।

ਨਾਰੰਗ ਕਹਿੰਦਾ ਹੈ ਕਿ ਭੰਗਾਣੀ ਦੇ ਯੁੱਧ ਨੇ ਪਹਾੜੀ ਰਾਜਿਆਂ ਤੇ ਡੂੰਘਾ ਪ੍ਰਭਾਵ ਪਾਇਆ ਅਤੇ ਉਹ ਹੁਣ ਗੁਰੂ ਜੀ ਦੇ ਪ੍ਰਚਾਰ ਨੂੰ ਲੋੜੀਂਦੀ ਗੰਭੀਰਤਾ ਨਾਲ ਵਿਚਾਰਨ

---

1. ਬਚਿਤ੍ਰ ਨਾਟਕ, VIII, 26-28
2. ਉਹੀ, VIII, 29-33 (ਮੈਕਾਲਿਫ ਦਾ ਅਨੁਵਾਦ, ਸੈਂਚੀ ਚੌਥੀ, ਪੰਨਾ 44)
3. ਨਾਰੰਗ ਕਹਿੰਦਾ ਹੈ ਕਿ ਸਢੌਰੇ ਦਾ ਰਾਜਾ ਸਯਦ ਬਧੂ ਸ਼ਾਹ, ਜਿਸ ਦੀ ਸਿਫਾਰਸ਼ ਤੇ ਗੁਰੂ ਜੀ ਨੇ ਅਫਗਾਨਾਂ ਨੂੰ ਆਪਣੀ ਸੇਵਾ ਵਿਚ ਭਰਤੀ ਕੀਤਾ ਸੀ, ਉਨ੍ਹਾਂ ਦੇ ਛਡ ਜਾਣ ਦਾ ਸੁਣ ਕੇ ਆਪ ਦੋ ਹਜ਼ਾਰ ਆਦਮੀ ਲੈ ਕੇ ਗੁਰੂ ਜੀ ਦੀ ਸਹਾਇਤਾ ਲਈ ਪਹੁੰਚਿਆ। ਇਸ ਵਕਤ ਸਿਰ ਮਿਲੀ ਸਹਾਇਤਾ ਨਾਲ ਗੁਰੂ ਜੀ ਸਾਂਝੀ ਫੌਜ ਤੇ ਪੂਰਨ ਵਿਜੈ ਪ੍ਰਾਪਤ ਕਰ ਸਕੇ (ਉਪਰੋਕਤ ਰਚਨਾ, ਪੰਨਾ 153)। ਇਹ ਵਾਰਤਾ ਪੰਥ ਪ੍ਰਕਾਸ਼ ਵਿਚ ਦਿਤੀ ਹੋਈ ਹੈ (XXIII, 11-16)। ਕਿਹਾ ਗਿਆ ਹੈ ਕਿ ਬੁਧੂ ਸ਼ਾਹ ਨੇ ਇਕ ਹਜ਼ਾਰ ਸਿਪਾਹੀ ਦੇ ਕੇ ਆਪਣੇ ਦੋ ਪੁੱਤਰਾਂ ਨੂੰ ਭੇਜਿਆ। ਕਿਉਂਕਿ ਇਸ ਸੰਬੰਧੀ ਬਚਿਤ੍ਰ ਨਾਟਕ ਜਾਂ ਗੁਰ ਬਿਲਾਸ ਵਿਚ ਕੋਈ ਵਰਣਨ ਨਹੀਂ ਦਿੱਤਾ ਗਿਆ ਇਸ ਲਈ ਇਸ ਨੂੰ ਜੰਗ ਦੇ ਵਰਣਨ ਵਿਚ ਸ਼ਾਮਿਲ ਨਹੀਂ ਕੀਤਾ।
4. ਬਚਿਤ੍ਰ ਨਾਟਕ, VIII, 38

ਲੱਗ ਪਏ ਸਨ। ਰਾਜਿਆਂ ਨੇ ਜਲਦੀ ਹੀ ਉਨਾਂ ਨਾਲ ਹਮਲੇ ਅਤੇ ਰਖਿਆ ਲਈ ਗਠਜੋੜ ਕਰਨੇ ਆਰੰਭ ਦਿੱਤੇ ਅਤੇ ਗੁਰੂ ਜੀ ਦੀ ਹਾਮੀ ਭਰਨ ਤੇ ਮੁਗਲ ਸਾਮਰਾਜ ਵਿਰੁਧ ਸ਼ਾਂਤਮਈ ਵਿਰੋਧ ਕਰਨ ਦਾ ਰਾਹ ਅਪਣਾ ਲਿਆ ਅਤੇ ਸ਼ਾਹੀ ਖਜ਼ਾਨੇ ਨੂੰ ਆਪਣਾ ਸਾਲਾਨਾ 'ਕਰ' ਭੇਜਨ ਤੋਂ ਵੀ ਇਨਕਾਰ ਕਰ ਦਿੱਤਾ। ਮੁਗਲ ਸਰਕਾਰ ਨੇ ਬਕਾਇਆ ਵਸੂਲਣ ਲਈ ਰਾਜਿਆਂ ਵਿਰੁਧ ਫੌਜ ਭੇਜ ਦਿੱਤੀ ਅਤੇ ਨਾਦੌਣ ਲਾਗੇ ਘਮਸਾਨ ਦਾ ਯੁੱਧ ਹੋਇਆ ਜਿਸ ਵਿਚ ਰਾਜਿਆਂ ਨੇ ਖਾਲਸੇ ਦੀ ਸਹਾਇਤਾ ਨਾਲ ਸ਼ਾਹੀ ਫੌਜ ਨੂੰ ਹਾਰ ਦਿੱਤੀ।[1] ਪਰੰਤੂ ਇਥੇ ਅਵੱਸ਼ ਦੱਸ ਦੇਣਾ ਚਾਹੀਦਾ ਹੈ ਕਿ ਅਜੇਹੇ ਸਾਮਾਨਯ ਕਥਨ ਲਈ ਕੋਈ ਪ੍ਰਮਾਣ ਨਹੀਂ ਹੈ। ਖਾਲਸਾ ਅਜੇ ਹੋਂਦ ਵਿਚ ਨਹੀਂ ਆਇਆ ਸੀ ਅਤੇ ਨਾਦੌਣ ਦੀ ਜੰਗ ਗੁਰੂ ਜੀ ਦੀਆਂ ਫੌਜਾਂ ਦੀ ਸਹਾਇਤਾ ਨਾਲ ਪਹਾੜੀ ਰਾਜਿਆਂ ਦੇ ਸਾਂਝੇ ਜਤਨਾਂ ਦੁਆਰਾ ਜਿੱਤੀ ਨਹੀਂ ਗਈ ਸੀ। ਬਚਿਤ੍ਰ ਨਾਟਕ ਵਿਚ ਦਿੱਤਾ ਵਰਣਨ ਨਿਰਸੰਦੇਹ ਜਟਿਲ ਹੈ ਅਤੇ ਬਹੁਤ ਵਾਰ ਇਹ ਸਮਝਣਾ ਔਖਾ ਹੋ ਜਾਂਦਾ ਹੈ ਕਿ ਕਿਹੜਾ ਰਾਜਾ ਕਿਸ ਧਿਰ ਦਾ ਹੈ ਪਰੰਤੂ ਇਹ ਨਿਸਚਿਤ ਹੈ ਕਿ ਕਾਂਗੜੇ ਦਾ ਰਾਜਾ ਕ੍ਰਿਪਾਲ ਅਤੇ ਬਿਝੜਵਾਲ ਦਾ ਰਾਜਾ ਦਿਆਲ ਮੁਸਲਮਾਨ ਕਮਾਂਡਰ ਦੀ ਧਿਰ ਨਾਲ ਲੜੇ ਸਨ ਅਤੇ ਇਸ ਗੱਲ ਦਾ ਕੋਈ ਸੁਝਾਅ ਨਹੀਂ ਮਿਲਦਾ ਕਿ ਗੁਰੂ ਜੀ ਦੀ ਭੰਗਾਣੀ ਦੀ ਜਿੱਤ ਨਾਲ ਰਾਜਿਆਂ ਦਾ ਉਨ੍ਹਾਂ ਨੂੰ ਛੱਡ ਜਾਣ ਦਾ ਕੋਈ ਸੰਬੰਧ ਸੀ।

ਗੁਰੂ ਜੀ ਦਾ ਬਿਆਨ ਝੱਟ ਪੱਟ ਆਰੰਭ ਹੋ ਜਾਂਦਾ ਹੈ। ਉਹ ਕਹਿੰਦੇ ਹਨ, "ਇਸ ਤਰ੍ਹਾਂ ਬਹੁਤ ਦਿਨ ਬਤੀਤ ਹੋ ਗਏ ਜਦ ਕਿ ਮੀਆ ਖਾਂ ਜੰਮੂ ਚਲਾ ਗਿਆ ਅਤੇ ਅਲਫ ਖਾਂ ਨੂੰ ਨਾਦੌਣ ਭੇਜਿਆ। ਭੀਮ ਚੰਦ ਨਾਲ ਤੁਰੰਤ ਹੀ ਲੜਾਈ ਛਿੜ ਪਈ। ਰਾਜੇ ਨੇ ਮੈਨੂੰ ਲੜਾਈ ਵਿਚ ਸਹਾਇਤਾ ਲਈ ਬੁਲਾ ਭੇਜਿਆ ਅਤੇ ਮੈਂ ਉਸ ਦੀ ਧਿਰ ਵਲ ਜਾ ਰਲਿਆ।"[2] ਸੋ ਦਿਖਾਈ ਦਿੰਦਾ ਹੈ ਕਿ ਮੀਆਂ ਖਾਂ ਨੂੰ ਵਿਸ਼ੇਸ਼ ਕਾਰਜ ਸੌਂਪਿਆ ਹੋਇਆ ਸੀ ਅਤੇ ਜਦ ਉਹ ਆਪ ਰਾਵੀ ਪਾਰ ਦੀਆਂ ਰਿਆਸਤਾਂ ਨਾਲ ਲੇਖਾ ਨਿਬੇੜਨ ਚਲਾ ਗਿਆ ਤਾਂ ਕਾਂਗੜੇ ਦੀਆਂ ਪਹਾੜੀ ਰਿਆਸਤਾਂ ਨੂੰ ਅਧੀਨ ਕਰਨ ਦੇ ਮੰਤਵ ਨਾਲ ਆਪਣੇ ਨਾਇਬ ਅਲਫ਼ ਖਾਂ ਨੂੰ ਪੂਰਬ ਵਲ ਭੇਜ ਦਿੱਤਾ। ਗੁਰ ਬਿਲਾਸ ਇਸਦੀ ਪ੍ਰੋੜਤਾ ਕਰਦਾ ਹੈ[3] ਅਤੇ ਪ੍ਰਤੀਤ ਹੁੰਦਾ ਹੈ ਕਿ ਔਰੰਗਜ਼ੇਬ ਦੀ ਦੱਖਣ ਵਿਚ ਲਗਾਤਾਰ ਗੈਰਹਾਜ਼ਰੀ ਕਾਰਨ ਪੰਜਾਬ ਵਿਚ ਮਹਾਨ ਸ਼ਾਸਨਿਕ ਬੇਨੇਮੀਆਂ ਪੈਦਾ ਹੋ ਗਈਆਂ ਸਨ ਅਤੇ ਪਹਾੜੀ ਰਾਜਿਆਂ ਨੇ ਇਸ ਸਥਿਤੀ ਤੋਂ ਲਾਭ ਉਠਾਦਿਆਂ 'ਕਰ' ਦੇਣਾ ਬੰਦ ਕਰ ਦਿੱਤਾ। ਪਠਾਨ ਸਾਮਰਾਜ ਦੇ ਸਮੇਂ ਇਹ ਰਾਜੇ ਦਿੱਲੀ ਸਰਕਾਰ ਤੋਂ ਲਗ ਭਗ ਪੂਰੀ ਤਰ੍ਹਾਂ ਆਜ਼ਾਦ ਰਹੇ ਸਨ ਪਰੰਤੂ "ਮੁਗਲਾਂ ਦੀ ਚੜ੍ਹਤ ਕਾਰਨ ਇਨ੍ਹਾਂ ਨੂੰ ਬਦੇਸ਼ੀ ਰਾਜ ਸਾਹਮਣੇ ਝੁਕਣ ਲਈ ਮਜਬੂਰ ਹੋਣਾ ਪਿਆ।" ਕਾਂਗੜਾ ਅਕਬਰ ਨੇ ਜਿਤਿਆ ਸੀ ਅਤੇ

1. ਨਾਰੰਗ, ਉਪਰੋਕਤ ਰਚਨਾ, ਪੰਨਾ 154
2. ਬਚਿਤ੍ਰ ਨਾਟਕ, IX, 1,2
3. ਗੁਰ ਬਿਲਾਸ, VII, 30, 31

ਇਸ ਪਿਛੋਂ ਜਲਦੀ ਹੀ ਪੱਛਮੀ ਪਹਾੜਾਂ ਦੀਆਂ ਦੂਜੀਆਂ ਰਿਆਸਤਾਂ ਵੀ ਸਿਧੀਆਂ ਉਸ ਦੇ ਅਧਿਕਾਰ ਹੇਠਾਂ ਆ ਗਈਆਂ। ਕਾਂਗੜੇ ਦੇ ਕਿਲ੍ਹੇ ਵਿਚ ਮੁਗਲ ਫੌਜਦਾਰ ਦੀ ਕਮਾਨ ਹੇਠ ਰਖਿਅਕ ਫੌਜ ਰੱਖੀ ਗਈ ਸੀ। ਫਿਰ ਟੋਡਰ ਮਲ ਨੇ "ਕਾਂਗੜਾ ਵਾਦੀ ਦੇ ਵੱਡੇ ਹਿੱਸੇ ਕਬਜ਼ੇ ਹੇਠ ਕਰ ਲਏ ਅਤੇ ਦੂਜੀਆਂ ਰਿਆਸਤਾਂ ਤੋਂ ਵੀ ਉਨ੍ਹਾਂ ਦੇ ਸਾਧਨਾਂ ਅਨੁਕੂਲ ਅਜੇਹੀ ਮੰਗ ਕੀਤੀ ਗਈ।" ਕਿਹਾ ਜਾਂਦਾ ਹੈ ਕਿ ਬਾਦਸ਼ਾਹ ਦੇ ਵਿੱਤ ਮੰਤਰੀ ਨੇ ਪਹਾੜੀ ਰਾਜਿਆਂ ਕੋਲੋਂ ਮਾਸ ਮਾਸ ਲੈ ਕੇ ਕੇਵਲ ਹੱਡੀਆਂ ਹੀ ਰਹਿਣ ਦਿੱਤੀਆਂ ਜਾਂ ਦੂਜੇ ਸ਼ਬਦਾਂ ਵਿਚ ਇਹ ਕਿ ਸਾਰੇ ਉਪਜਾਊ ਇਲਾਕੇ ਆਪਣੇ ਕਬਜ਼ੇ ਹੇਠ ਕਰ ਲਏ ਅਤੇ ਰਾਜਿਆਂ ਕੋਲ ਸਿਰਫ ਪਹਾੜੀਆਂ ਹੀ ਰਹਿਣ ਦਿੱਤੀਆਂ। "ਪਹਾੜੀ ਰਾਜਿਆਂ ਦੀ ਵਫਾਦਾਰੀ ਯਕੀਨੀ ਕਰਨ ਲਈ ਅਕਬਰ ਨੇ ਹਰ ਰਿਆਸਤ ਤੋਂ ਇਕ ਰਾਜਕੁਮਾਰ ਆਪਣੇ ਦਰਬਾਰ ਵਿਚ ਜ਼ਾਮਨੀ ਹਿੱਤ ਰੱਖਣ ਦੀ ਰਾਜਨੀਤੀ ਚਲਾਈ ਅਤੇ ਸਾਨੂੰ ਦਸਿਆ ਜਾਂਦਾ ਹੈ ਕਿ ਜਹਾਂਗੀਰ ਦੇ ਰਾਜ ਦੇ ਆਰੰਭ ਵਿਚ, ਬਾਦਸ਼ਾਹ ਦੀ ਹਾਜ਼ਰੀ ਵਿਚ ਪੰਜਾਬ ਦੀਆਂ ਪਹਾੜੀ ਰਿਆਸਤਾਂ ਦੇ 22 ਨੌਜੁਵਾਨ ਰਾਜ-ਕੁਮਾਰ ਸਨ।" ਅਕਬਰ ਦੀ ਜਿੱਤ ਤੋਂ ਹੀ ਪਹਾੜੀ ਰਾਜੇ ਮੁਗਲ ਸਰਕਾਰ ਦਾ 'ਕਰ' ਭਰਦੇ ਸਨ ਅਤੇ ਕਿਹਾ ਜਾਂਦਾ ਹੈ ਕਿ ਉਨ੍ਹਾਂ ਨਾਲ ਉਦਾਰਤਾ ਵਾਲਾ ਵਿਵਹਾਰ ਕੀਤਾ ਜਾਂਦਾ ਸੀ। ਉਨ੍ਹਾਂ ਦੀਆਂ ਰਿਆਸਤਾਂ ਦੇ ਪ੍ਰਬੰਧ ਦਾ ਬਹੁਤਾ ਹਿੱਸਾ ਉਨ੍ਹਾਂ ਕੋਲ ਹੀ ਛੱਡ ਦਿੱਤਾ ਗਿਆ ਸੀ ਅਤੇ ਇਕ ਸੁਤੰਤਰ ਪ੍ਰਭੁਤਾ ਦੀ ਸ਼ਕਤੀ ਅਤੇ ਕ੍ਰਿਆਵਾਂ ਦੀ ਵਰਤੋਂ ਕਰਨ ਦੀ ਉਨ੍ਹਾਂ ਨੂੰ ਆਗਿਆ ਸੀ। ਇਕ ਤਾਂ ਬਗਾਵਤਾਂ ਦੀਆਂ ਨਵੇਕਲੀਆਂ ਘਟਨਾਵਾਂ ਤੋਂ ਬਿਨਾਂ ਪਹਾੜੀ ਰਾਜੇ ਸਮੁੱਚੇ ਤੌਰ ਤੇ ਸ਼ਾਹੀ ਦਰਬਾਰ ਨਾਲ ਮਿਤਰਾਚਾਰੀ ਨਾਲ ਰਹਿੰਦੇ ਸਨ ਜਿਵੇਂ ਕਿ ਬਾਦਸ਼ਾਹ ਵਲੋਂ ਮਿਲੇ ਪੱਤਰਾਂ ਅਤੇ ਕੀਮਤੀ ਤੁਹਫਿਆਂ ਤੋਂ ਸਿੱਧ ਹੁੰਦਾ ਹੈ ਜੋ ਕਿ ਅਜੇ ਵੀ ਕਈ ਪੁਰਾਣੇ ਸ਼ਾਹੀ ਘਰਾਣਿਆਂ ਕੋਲ ਮੌਜੂਦ ਸਨ। ਸਮੁੱਚੇ ਤੌਰ ਤੇ ਮੁਗਲ ਰਾਜਿਆਂ ਉਤੇ ਸ਼ਾਸਨ ਬਹੁਤ ਹਲਕਾ ਸੀ ਅਤੇ ਕੁਝ ਰਾਜਿਆਂ ਨੇ ਰਾਜ ਦੇ ਕਿਰਪਾ-ਪਾਤਰ ਹੋਣ ਵਿਚ ਉੱਚਾ ਸਥਾਨ ਪ੍ਰਾਪਤ ਕਰ ਲਿਆ ਹੋਇਆ ਸੀ ਅਤੇ ਉਨ੍ਹਾਂ ਨੂੰ ਮਨਸਬ ਜਾਂ ਮੁਗਲ ਫੌਜ ਵਿਚ ਫੌਜੀ ਅਹੁਦੇ ਦਿੱਤੇ ਹੋਏ ਸਨ ਅਤੇ ਪ੍ਰਸ਼ਾਸਨ ਵਿਚ ਵੀ ਮਹੱਤਾ ਵਾਲੇ ਅਹੁਦਿਆਂ ਤੇ ਲੱਗੇ ਹੋਏ ਸਨ।[1] ਇਨ੍ਹਾਂ ਪਹਾੜੀ ਰਾਜਿਆਂ ਦੇ ਮੁਗਲ ਸਰਕਾਰ ਵਿਰੁਧ ਬਗਾਵਤ ਕਰਨ ਲਈ ਪ੍ਰੇਰਨਾ ਅਵੱਸ਼ ਹੀ ਤਕੜੀ ਹੋਵੇਗੀ ਅਤੇ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦਾ ਪ੍ਰਚਾਰ ਹੀ ਇਸ ਦਾ ਮੂਲ ਕਾਰਨ ਨਹੀਂ ਬਣ ਸਕਦਾ ਸੀ ਖਾਸ ਤੌਰ ਤੇ ਜਦ ਕਿ ਬਗਾਵਤ ਰਾਵੀ ਦੇ ਪੱਛਮੀ ਪਾਸੇ ਵਲ ਡੋਗਰਾ ਮੰਡਲ ਦੀਆਂ ਰਿਆਸਤਾਂ ਵਿਚ ਫੈਲ ਗਈ ਸੀ। ਜਿਵੇਂ ਕਿ ਮੈਕਾਲਿਫ ਸੁਝਾਅ ਦੇਂਦਾ ਹੈ,[2] ਇਹ ਸੰਭਵ ਹੈ ਕਿ ਸ਼ਾਸਨ ਦੀ ਸਿਥਲਤਾ ਨੇ ਪਹਾੜੀ ਰਾਜਿਆਂ ਨੂੰ ਕਰ ਨਾ ਭਰਨ ਲਈ ਉਤਸ਼ਾਹ ਦਿੱਤਾ ਹੋਵੇ ਭਾਵੇਂ ਇਸ ਗੱਲ ਵਿਚ ਸ਼ੱਕ ਨਹੀਂ ਹੋ ਸਕਦਾ ਕਿ ਪਿਛਲੇਰੀਆਂ ਘਟਨਾਵਾਂ ਵਿਚ ਗੁਰੂ ਜੀ ਨੇ ਬਹੁਤ

---

1. "ਮੀਆਂ", ਜਿਹੜੀ ਕਿ ਪਹਾੜੀ ਰਾਜਪੂਤਾਂ ਦੀ ਉਚੇਰੀ ਸ਼੍ਰੇਣੀ ਹੈ, ਸੰਬੰਧੀ ਚੰਬਾ ਮਿਸ਼ਨ ਦੇ ਡਾ: ਜੇ ਹਚਸਨ ਦਾ ਪ੍ਰਸੰਸਾ ਯੋਗ ਲੇਖ ਦੇਖੋ (ਰੋਜ਼, ਉਪਰੋਕਤ ਰਚਨਾ, ਸੈਂਚੀ ਤੀਜੀ)।
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 51। ਗੁਰ ਬਿਲਾਸ, VII, 31-37

ਮਹੱਤਵਪੂਰਨ ਭਾਗ ਲਿਆ ਸੀ ਕਿਉਂਕਿ ਅਸੀਂ ਦੇਖ ਚੁੱਕੇ ਹਾਂ ਕਿ ਦਿਲਾਵਰ ਖਾਂ ਦੁਆਰਾ ਭੇਜੀ ਗਈ ਪਹਿਲੀ ਮੁਹਿੰਮ ਅਤੇ ਸੰਭਵ ਹੈ ਕਿ ਦੂਜੀ ਮੁਹਿੰਮ ਵੀ, ਖਾਸ ਤੌਰ ਤੇ ਗੁਰੂ ਜੀ ਵਿਰੁਧ ਭੇਜੀ ਗਈ ਸੀ।

ਸਿੱਖ ਲਿਖਤਾਂ ਵਿਚ ਵਰਣਿਤ ਹੈ ਕਿ ਅਲਫ ਖਾਂ ਨੇ ਪਹਿਲੇ ਕਾਂਗੜੇ ਦੇ ਰਾਜੇ ਕ੍ਰਿਪਾਲ ਦੇ ਨਾਂ ਸੰਦੇਸ਼ ਭੇਜਿਆ। ਉਹ ਖ਼ੁਸ਼ੀ ਨਾਲ ਅਧੀਨਗੀ ਮੰਨ ਗਿਆ ਅਤੇ ਉਸ ਨੇ ਬਿਝੜਵਾਲ ਦੇ ਰਾਜੇ ਦਿਆਲ ਨੂੰ ਵੀ ਪ੍ਰੇਰਿਆ ਕਿ ਉਹ ਅਲਫ ਖਾਂ ਨੂੰ 'ਕਰ' ਅਦਾ ਕਰ ਦੇਵੇ। ਫਿਰ ਕ੍ਰਿਪਾਲ ਨੇ ਅਲਫ ਖਾਂ ਨੂੰ ਸੁਝਾਅ ਦਿੱਤਾ ਕਿ ਕਹਲੂਰ ਦਾ ਰਾਜਾ ਭੀਮ ਚੰਦ ਸਾਰੇ ਸਾਥੀ ਪਹਾੜੀ ਰਾਜਿਆਂ ਵਿਚੋਂ ਸ਼ਕਤੀਸ਼ਾਲੀ ਹੈ। ਜੇ ਉਹ ਪਹਿਲੋਂ 'ਕਰ' ਦੇ ਦੇਵੇ ਤਾਂ ਹੋਰ ਸਾਰੇ ਉਸ ਦੀ ਉਦਾਹਰਣ ਤੇ ਚਲਣਗੇ ਅਤੇ ਫਿਰ ਜੰਗ ਕਰਨ ਦੀ ਕੋਈ ਲੋੜ ਨਹੀਂ ਪਏਗੀ। ਇਸ ਸੁਝਾਅ ਤੇ ਚਲਦਿਆਂ ਅਲਫ ਖਾਂ ਨੇ ਆਪਣਾ ਦੂਤ ਭੀਮ ਚੰਦ ਕੋਲ ਭੇਜਿਆ ਪਰੰਤੂ ਉਸ ਨੇ 'ਕਰ' ਭਰਨ ਤੋਂ ਇਨਕਾਰ ਕਰ ਦਿੱਤਾ ਅਤੇ ਜੰਗ ਲਈ ਤਿਆਰ ਹੋ ਗਿਆ।

ਰਾਜਾ ਕ੍ਰਿਪਾਲ ਦੇ ਇਸ ਕਥਨ ਵਿਚ ਕਿ ਰਾਜਾ ਭੀਮ ਚੰਦ ਸਾਰੇ ਸਾਥੀ ਰਾਜਿਆਂ ਵਿਚੋਂ ਸ਼ਕਤੀਸ਼ਾਲੀ ਹੈ, ਕੋਈ ਅਤਿਕਥਨੀ ਨਹੀਂ ਸੀ। ਜਦ ਉਹ ਪੰਦਰ੍ਹਾਂ ਸਾਲਾਂ ਦਾ ਲੜਕਾ ਸੀ ਤਾਂ ਉਸਨੇ ਤਕੜੇ ਦਾਅਵੇਦਾਰ ਵਿਰੁਧ ਅਸਾਧਾਰਨ ਜਿੱਤ ਪ੍ਰਾਪਤ ਕਰ ਕੇ ਆਪਣੀ ਗੱਦੀ ਦੀ ਰਖਿਆ ਕੀਤੀ ਸੀ ਅਤੇ "ਇਹ ਜਿੱਤ ਜੰਗ ਦੇ ਮੈਦਾਨ ਵਿਚ ਉਸ ਦੀ ਪਹਿਲੀ ਮਹਾਨ ਸਫਲਤਾ ਸੀ।" ਇਸ ਪਿਛੋਂ ਉਸ ਨੇ ਬਸ਼ਹਰ, ਮੰਡੀ ਅਤੇ ਕੋਟਖਾਈ[1] ਦੇ ਰਾਜਿਆਂ ਨੂੰ ਹਰਾਇਆ। ਸੋ ਇਹ ਗੱਲ ਉਚਿਤ ਹੈ ਕਿ ਅਸੀਂ ਉਸ ਅਲਫ ਖਾਂ ਵਿਰੁਧ ਸਾਂਝੇ ਮੁਹਾਜ਼ ਦਾ ਆਗੂ ਦੇਖਦੇ ਹਾਂ ਭਾਵੇਂ ਉਸ ਨੇ ਜੀਵਨ ਦੀਆਂ ਮਹਾਨ ਸਫਲਤਾਵਾਂ ਨੂੰ ਅਜੇ ਪ੍ਰਾਪਤ ਕਰਨਾ ਸੀ। ਗੁਰੂ ਜੀ ਦੇ ਵਰਣਨ ਤੋਂ ਸਾਨੂੰ ਪਤਾ ਲਗਦਾ ਹੈ ਕਿ ਇਸ ਗਠਜੋੜ ਵਿਚ ਭੀਮ ਚੰਦ ਅਤੇ ਗੁਰੂ ਜੀ ਤੋਂ ਬਿਨਾਂ ਜਸਰੋਤ ਦਾ ਰਾਜਾ ਸੁਖਦੇਵ ਅਤੇ ਮਧਵਾਰ ਦਾ ਰਾਜਾ ਪ੍ਰਿਥੀ ਚੰਦ ਅਤੇ ਰਾਮ ਸਿੰਘ ਅਤੇ ਰਾਜ ਸਿੰਘ[2] ਨਾਂ ਦੇ ਦੋ ਹੋਰ

---

1. ਸ਼ਿਮਲਾ ਹਿਲ ਸਟੇਟਸ ਗਜ਼ਟੀਅਰ, ਬਿਲਾਸਪੁਰ, ਪੰਨਾ 6
2. ਬਚਿਤ੍ਰ ਨਾਟਕ, IX, 3-4

ਗੁਰੂ ਜੀ ਸਾਨੂੰ ਇਹ ਨਹੀਂ ਦਸਦੇ ਕਿ ਰਾਮ ਸਿੰਘ ਅਤੇ ਰਾਜ ਸਿੰਘ ਕਿਥੋਂ ਆਏ ਸਨ। ਇਹ ਰਾਮ ਸਿੰਘ ਸ਼ਾਇਦ ਉਹੀ ਵਿਅਕਤੀ ਸੀ ਜਿਹੜਾ ਹੁਸੈਨ ਖਾਂ ਦੀ ਮੁਹਿੰਮ ਸਮੇਂ ਗੁਲੇਰ ਦੇ ਰਾਜੇ ਗੋਪਾਲ ਨਾਲ ਰਲਿਆ ਸੀ। ਗੁਰ ਬਿਲਾਸ ਉਸ ਨੂੰ ਜਸਵਾਲ ਦਾ ਰਾਜਾ ਦਸਦਾ ਹੈ (VII, 43) ਜਦ ਕਿ ਮੈਕਾਲਿਫ ਅਨੁਸਾਰ ਜਸਵਾਲ ਦੇ ਰਾਜੇ ਨੇ ਬੇਸ਼ਕ ਭੀਮ ਚੰਦ ਦੀ ਉਸ ਮੌਕੇ ਤੇ ਸਹਾਇਤਾ ਕੀਤੀ ਸੀ ਪਰ ਉਸ ਦਾ ਨਾਂ ਕੇਸਰੀ ਚੰਦ ਸੀ (ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 51-52)। ਪਰ ਸਾਡੇ ਸਾਰੇ ਉਲੇਖ ਸਾਨੂੰ ਇਹ ਦਸਦੇ ਹਨ ਕਿ ਰਾਜਾ ਗੋਪਾਲ ਦੀ ਹੁਸੈਨ ਖਾਂ ਨਾਲ ਜੰਗ ਵਿਚ, ਉਸ ਦਾ ਇਕ ਹਮਾਇਤੀ ਰਾਜਾ ਸ਼ਕਤੀਸ਼ਾਲੀ ਸੀ ਅਤੇ ਗੁਰੂ ਜੀ ਅਨੁਸਾਰ ਉਸ ਦਾ ਨਾਂ ਰਾਮ ਸਿੰਘ ਸੀ। ਗੁਰੂ ਜੀ ਸਾਨੂੰ ਇਹ ਵੀ ਦਸਦੇ ਹਨ ਕਿ ਗੁਲੇਰ ਦੇ ਰਾਜਾ ਗੋਪਾਲ ਦੇ ਪਾਸੇ ਤੋਂ ਜਸਵਾਲ ਦਾ ਰਾਜਾ ਬੜੀ ਦ੍ਰਿੜ੍ਹਤਾ ਨਾਲ ਲੜਿਆ (ਬਚਿਤ੍ਰ ਨਾਟਕ, XI, 33)। ਇਸ ਲਈ ਰਾਮ ਸਿੰਘ ਜਸਵਾਲ ਦੇ ਰਾਜੇ ਤੋਂ ਵੱਖਰਾ ਕੋਈ ਵਿਅਕਤੀ ਨਹੀਂ ਅਤੇ ਮੈਕਾਲਿਫ ਗਲਤੀ ਤੇ ਜਾਪਦਾ ਹੈ (ਦੇਖੋ ਗੁਰ ਬਿਲਾਸ, VII, 90)।

ਸੂਰਬੀਰ ਰਾਜੇ ਸ਼ਾਮਲ ਸਨ। ਭੀਮ ਚੰਦ ਨੇ ਹਮਲਾ ਹੋਣ ਦਾ ਇੰਤਜ਼ਾਰ ਨਾ ਕੀਤਾ ਸਗੋਂ ਅਲਫ਼ ਖਾਂ ਨਾਲ ਟੱਕਰ ਲੈਣ ਲਈ ਤੁਰੰਤ ਅਗਾਂਹ ਵਲ ਚੜ੍ਹਾਈ ਕਰ ਦਿੱਤੀ। ਅਲਫ਼ ਖਾਂ ਨੇ ਨਾਦੌਣ[1] ਲਾਗੇ ਡੇਰਾ ਲਾਇਆ ਹੋਇਆ ਸੀ, ਜਿਹੜਾ ਕਿ ਕਾਂਗੜੇ ਸ਼ਹਿਰ ਤੋਂ ਦੱਖਣ ਪੂਰਵ ਵਿਚ 20 ਮੀਲ ਦੂਰ ਬਿਆਸ ਦੇ ਖੱਬੇ ਕੰਢੇ ਤੇ ਸਥਿਤ ਇਕ ਛੋਟਾ ਜਿਹਾ ਕਸਬਾ ਸੀ। ਮੁਸਲਮਾਨ ਜਰਨੈਲ ਦੇ ਕਟੋਚ ਦੇ ਰਾਜਾ ਕ੍ਰਿਪਾਲ ਅਤੇ ਬਿਝੜਵਾਲ ਦੇ ਰਾਜਾ ਦਿਆਲ ਸਮੇਤ ਇਕ ਟਿੱਲੇ ਤੇ ਡੇਰਾ ਲਾਇਆ ਹੋਇਆ ਸੀ, ਇਸ ਲਈ ਉਨ੍ਹਾਂ ਦੀ ਸਥਿਤੀ ਚੰਗੇਰੀ ਸੀ।[2] ਗੁਰੂ ਜੀ ਦਾ ਯੁੱਧ ਵਰਣਨ ਕੁਝ ਜਟਿਲ ਹੈ ਅਤੇ ਇਸ ਦੇ ਵੱਖ ਵੱਖ ਪੱਖਾਂ ਅਤੇ ਘਟਨਾਵਾਂ ਨੂੰ ਸਮਝਣਾ ਸੌਖਾ ਨਹੀਂ। ਰਾਜਾ ਕ੍ਰਿਪਾਲ ਚੰਦ ਦੇ ਹਲੇ ਨਾਲ ਲੜਾਈ ਆਰੰਭ ਪ੍ਰਤੀਤ ਹੁੰਦੀ ਹੈ ਪਰ ਇਸ ਹੱਲੇ ਨੂੰ ਪਿਛਾਂਹ ਧੱਕ ਦਿੱਤਾ ਗਿਆ। ਫਿਰ ਭੀਮ ਚੰਦ ਨੇ ਵੱਡੇ ਪੈਮਾਨੇ ਤੇ ਇਕ ਹੋਰ ਹੱਲਾ ਕੀਤਾ ਜਿਸ ਵਿਚ ਸਾਰੇ ਸਾਥੀ ਰਾਜਿਆਂ ਅਤੇ ਗੁਰੂ ਜੀ ਨੂੰ ਭਾਗ ਲੈਣ ਲਈ ਆਖਿਆ ਗਿਆ ਅਤੇ ਭੀਮ ਚੰਦ ਆਪ, "ਹਨੂਮਾਨ ਦੇ ਮੰਤਰ ਦਾ ਜਾਪ ਕਰਦਾ ਹੋਇਆ,"[3] ਇਸ ਦੀ ਅਗਵਾਈ ਕਰ ਰਿਹਾ ਸੀ। ਕ੍ਰਿਪਾਲ ਬੜੇ ਹੱਠ ਅਤੇ ਦਲੇਰੀ ਨਾਲ ਲੜਿਆ ਅਤੇ ਉਸ ਨੇ ਇਕ ਅਸਲੀ ਰਾਜਪੂਤ ਦੇ ਲੱਛਣ ਪ੍ਰਗਟਾਏ।[4] ਪਰੰਤੂ ਦੂਜੇ ਵੀ ਬੜੇ ਜੋਸ਼ ਨਾਲ ਲੜੇ ਅਤੇ ਕਟੋਚ ਦੀਆਂ ਫੌਜਾਂ ਨੂੰ ਛੇਤੀ ਹੀ ਚੁਫੇਰਿਉਂ ਘੇਰ ਲਿਆ ਗਿਆ। ਨਾਂਗਲੂ ਪਾਂਗਲੂ, ਜਸਵਾਲ ਅਤੇ ਗੁਲੇਰ ਜਾਤੀ ਦੇ ਲੋਕ ਕ੍ਰਮਵਾਰ ਅੱਗੇ ਵਧੇ ਅਤੇ ਦੂਜੇ ਪਾਸੇ ਤੋਂ ਬਿਝੜਵਾਲ ਦੇ ਰਾਜੇ ਦਿਆਲ ਨੇ ਬੜੀ ਬਹਾਦਰੀ ਨਾਲ ਟਾਕਰਾ ਕੀਤਾ।[5] ਇਸ ਸਮੇਂ ਗੁਰੂ ਜੀ ਆਪ ਲੜਾਈ ਵਿਚ ਕੁਦ ਪਏ ਅਤੇ ਉਹ ਲੜਾਈ ਵਿਚ ਆਪਣੇ ਭਾਗ ਨੂੰ ਇਸ ਤਰ੍ਹਾਂ ਬਿਆਨਦੇ ਹਨ, "ਫਿਰ ਇਸ ਤੁਛ ਜਿਹੇ ਦਾਸ ਨੇ ਵੀ ਬੰਦੂਕ ਸੰਭਾਲੀ ਅਤੇ ਇਕ ਰਾਜੇ ਦਾ ਨਿਸ਼ਾਨਾ ਲੈ ਕੇ ਗੋਲੀ

---

1. ਕਾਂਗੜਾ ਡਿਸਟ੍ਰਿਕਟ ਗਜ਼ਟੀਅਰ, ਪੰਨਾ 258। ਪਿਛਲੇ ਦਿਨੀ ਇਹ ਥਾਂ ਰਾਜਾ ਸੰਸਾਰ ਚੰਦ ਦੀ ਇਛਿਤ ਰਿਹਾਇਸ਼ ਬਣ ਗਈ ਸੀ। ਸ਼ਹਿਰ ਤੋਂ ਇਕ ਮੀਲ ਦੂਰ ਉਸ ਨੇ ਆਪਣੇ ਲਈ ਦਰਿਆ ਦੇ ਕੰਢੇ ਤੇ ਅਮਤਾਰ ਦੇ ਸਥਾਨ ਤੇ ਇਕ ਮਹਿਲ ਬਣਾਇਆ ਜਿਥੇ ਉਹ ਗਰਮੀਆਂ ਨੂੰ ਦਰਬਾਰ ਲਾਉਂਦਾ ਸੀ।
2. ਬਚਿਤ੍ਰ ਨਾਟਕ, IX, 2
3. ਉਹੀ, IX, 6
4. ਉਹੀ, IX, 8-14
5. ਬਚਿਤ੍ਰ ਨਾਟਕ, IX, 16। ਇਸ ਤਰ੍ਹਾਂ ਦਿਖਾਈ ਦੇਂਦਾ ਹੈ ਕਿ ਗੁਲੇਰ ਨੇ ਵੀ ਭੀਮ ਚੰਦ ਦੀ ਸਹਾਇਤਾ ਕੀਤੀ ਅਤੇ ਗੁਰ ਬਿਲਾਸ (VII, 41) ਇਸ ਦੀ ਪ੍ਰੋੜਤਾ ਕਰਦਾ ਹੈ। ਜਿਵੇਂ ਕਿਵੇਂ ਵੀ ਹੋਵੇ, ਇਉਂ ਦਿਖਾਈ ਦੇਂਦਾ ਹੈ ਕਿ ਗੁਰੂ ਜੀ ਇਥੇ ਜਸਵਾਲ ਅਤੇ ਗੁਲੇਰੀਆ ਕਬੀਲਿਆਂ ਦਾ ਜ਼ਿਕਰ ਕਰ ਰਹੇ ਹਨ ਨਾ ਕਿ ਇਨ੍ਹਾਂ ਨਾਵਾਂ ਦੀਆਂ ਰਿਆਸਤਾਂ ਦਾ। ਜਸਵਾਲ ਅਤੇ ਗੁਲੇਰੀਆਂ ਕਟੋਚ ਕਬੀਲਿਆਂ ਦੇ ਦੋ ਮੁਖ ਕਬੀਲੇ ਹਨ ਅਤੇ ਇਨ੍ਹਾਂ ਦੇ ਨਾਵਾਂ ਉਤੇ ਹੀ ਰਿਆਸਤਾਂ ਦੇ ਨਾਮ ਪਏ। ਨਾਂਗਲੂ "ਰਾਜਪੂਤਾਂ ਦਾ ਕਬੀਲਾ ਹੈ ਜਿਨ੍ਹਾਂ ਦਾ ਵੱਡਾ ਵਡੇਰਾ ਕਹਲੂਰ ਦਾ ਛੇਵਾਂ ਰਾਜਾ, ਸਾਗਰ ਚੰਦ ਦਾ ਪੁੱਤਰ ਚੂਹਾ ਮੀਆਂ ਸੀ।" (ਰੋਜ਼, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 156)। ਮੁਮਕਿਨ ਹੈ ਪਾਂਗਲੂ ਵੀ ਇਸੇ ਪ੍ਰਕਾਰ ਦਾ ਰਾਜਪੂਤ ਕਬੀਲਾ ਹੋਵੇ।

ਚਲਾ ਦਿੱਤੀ। ਨਿਸ਼ਾਨਾ ਇਤਨਾ ਪੱਕਾ ਸੀ ਕਿ ਰਾਜਾ ਭੁਆਟਣੀਆਂ ਖਾਂਦਾ ਧਰਤੀ ਤੇ ਜਾ ਪਿਆ ਪਰ ਫਿਰ ਵੀ ਉਹ ਗੁੱਸੇ ਵਿਚ ਗਰਜਿਆ। ਫਿਰ ਮੈਂ ਬੰਦੂਕ ਸੁਟ ਕੇ ਤੀਰ ਆਪਣੇ ਹੱਥਾਂ ਵਿਚ ਸੰਭਾਲ ਲਏ। ਮੈਂ ਚਾਰ ਤੀਰ ਲਏ, ਚਾਰ ਹੀ ਚਲਾ ਦਿੱਤੇ। ਫਿਰ ਮੈਂ ਤਿੰਨ ਤੀਰ ਹੋਰ ਲਏ ਅਤੇ ਉਨ੍ਹਾਂ ਨੂੰ ਆਪਣੇ ਖੱਬੇ ਹੱਥ ਨਾਲ ਚਲਾ ਦਿੱਤਾ; ਉਹ ਕਿਸੇ ਨੂੰ ਲੱਗੇ ਜਾਂ ਨਹੀਂ, ਮੈਨੂੰ ਇਹ ਨਹੀਂ ਪਤਾ। ਸਰਬ ਸ਼ਕਤੀਮਾਨ ਪਰਮਾਤਮਾ ਨੇ ਯੁੱਧ ਖਤਮ ਕਰ ਦਿੱਤਾ ਅਤੇ ਵੈਰੀਆਂ ਨੂੰ ਦਰਿਆ ਵਿਚ ਧੱਕ ਦਿੱਤਾ ਗਿਆ"[1] ਅਲਫ਼ ਖਾਂ ਘਬਰਾ ਕੇ ਦੌੜ ਗਿਆ ਅਤੇ ਭੀਮ ਚੰਦ ਤੇ ਉਸ ਦੇ ਸਾਥੀਆਂ ਦੀ ਪੂਰਨ ਜਿੱਤ ਹੋਈ।

ਗੁਰੂ ਜੀ ਕਹਿੰਦੇ ਹਨ ਕਿ ਲੜਾਈ ਤੋਂ ਬਾਅਦ ਉਨ੍ਹਾਂ ਨੇ ਦਰਿਆ ਦੇ ਕੰਢੇ ਤੇ ਡੇਰਾ ਲਾ ਲਿਆ ਅਤੇ ਅੱਠ ਦਿਨ ਉਥੇ ਹੀ ਰਹੇ। ਉਨ੍ਹਾਂ ਨੇ ਬਹੁਤ ਸਾਰੇ ਰਾਜਿਆਂ ਦੇ ਮਹੱਲ ਦੇਖੇ ਅਤੇ ਫਿਰ ਵਿਦਾ ਹੋਏ। ਦੋਨਾਂ ਧਿਰਾਂ ਵਿਚ ਸੁਲਾਹ ਹੋ ਗਈ ਅਤੇ ਗੁਰੂ ਜੀ ਰਾਹ ਵਿਚ ਆਲਸੂਨ ਪਿੰਡ ਨੂੰ ਲੁਟ-ਮਾਰ ਕੇ ਆਨੰਦਪੁਰ ਪਰਤ ਆਏ।[2] ਸੋ ਸਾਨੂੰ ਦੋ ਅਤਿ ਰੋਚਕ ਪ੍ਰਸ਼ਨਾਂ ਨਾਲ ਜਾਣਕਾਰੀ ਹੁੰਦੀ ਹੈ ਅਰਥਾਤ ਦੋਹਾਂ ਧਿਰਾਂ ਵਿਚ ਸੁਲਾਹ ਦਾ ਹੋਣਾ ਅਤੇ ਆਲਸੂਨ ਪਿੰਡ ਦਾ ਲੁਟਿਆ ਜਾਣਾ। ਪਿਛਲੇਰੀਆਂ ਸਿੱਖ ਲਿਖਤਾਂ ਪਹਿਲੇ ਪ੍ਰਸ਼ਨ ਬਾਰੇ ਸਾਨੂੰ ਕੁਝ ਨਹੀਂ ਦਸਦੀਆਂ, ਇਸ ਲਈ ਅਸੀਂ ਇਸ ਬਾਰੇ ਅਨੁਮਾਨ ਹੀ ਲਗਾ ਸਕਦੇ ਹਾਂ। ਇਹ ਕਹਿਣਾ ਬੜਾ ਮੁਸ਼ਕਿਲ ਹੈ ਕਿ ਕੀ ਇਸ ਗੱਲਬਾਤ ਵਿਚ ਰਾਜਿਆਂ ਨੇ ਆਪਸ ਵਿਚ ਸਮਝੌਤਾ ਕੀਤਾ। ਇਸ ਤੋਂ ਪਿਛੋਂ ਸ਼ੀਘਰ ਹੀ ਅਸੀਂ ਦੇਖਦੇ ਹਾਂ ਕਿ ਭੀਮ ਚੰਦ ਕਹਲੂਰੀਆ ਆਪਣਾ ਬਾਗੀ ਵਤੀਰਾ ਤਿਆਗ ਦਿੰਦਾ ਹੈ ਅਤੇ ਇਹ ਗੱਲ ਮਹੱਤਾ ਵਾਲੀ ਹੈ ਕਿ ਗੁਲੇਰ ਦਾ ਰਾਜਾ ਗੋਪਾਲ ਅਤੇ ਉਸ ਦਾ ਸਾਥੀ ਰਾਮ ਸਿੰਘ, ਜਿਨ੍ਹਾਂ ਨੇ ਪਿਛੋਂ ਹੁਸੈਨ ਖਾਂ ਵਿਰੁਧ ਲੜਾਈ ਵਿਚ ਪ੍ਰਸਿੱਧੀ ਪ੍ਰਾਪਤ ਕੀਤੀ ਸੀ, 'ਕਰ' ਭਰ ਕੇ ਸੁਲਾਹ ਕਰਨ ਲਈ ਤਿਆਰ ਸਨ। ਇਹ ਅਸੰਭਵ ਨਹੀਂ ਕਿ ਨਾਦੌਣ ਵਿਖੇ ਹੋਈ ਪਹਿਲੀ ਸਫਲਤਾ ਦੇ ਬਾਵਜੂਦ ਵੀ ਰਾਜਿਆਂ ਨੂੰ ਇਹ ਨਿਸ਼ਚਾ ਹੋ ਗਿਆ ਕਿ ਲੜਾਈ ਨੂੰ ਹੋਰ ਲਮਕਾਉਣਾ ਨਿਰਾਰਥਕ ਹੈ ਅਤੇ ਉਨ੍ਹਾਂ ਨੇ ਆਪਸ ਵਿਚ ਸਮਝੌਤਾ ਕਰ ਲਿਆ ਕਿ ਉਨ੍ਹਾਂ ਨੂੰ ਈਨ ਮੰਨ ਲੈਣੀ ਚਾਹੀਦੀ ਹੈ। ਪਰੰਤੂ, ਜਿਵੇਂ ਕਿ ਅਸੀਂ ਅੱਗੇ ਦੇਖਾਂਗੇ, ਮੁਗ਼ਲ ਸਰਕਾਰ ਦੀਆਂ ਮੰਗਾਂ ਪਹਾੜੀ ਰਾਜਿਆਂ ਦੇ ਅਲਪ ਸਾਧਨਾਂ ਦੇ ਟਾਕਰੇ ਵਿਚ ਬਹੁਤ ਜ਼ਿਆਦਾ ਸਨ, ਅਤੇ ਮੁਸਲਮਾਨ ਜਰਨੈਲ ਹੁਸੈਨ ਖਾਂ ਦੇ ਅਤਿਅਚਾਰਾਂ ਨੇ ਉਨ੍ਹਾਂ ਨੂੰ ਵਿਰੋਧਤਾ ਜਾਰੀ ਰੱਖਣ ਲਈ ਮਜਬੂਰ ਕਰ ਦਿੱਤਾ। ਉਹ ਹਾਲਤ ਵਿਚ ਗੁਰੂ ਜੀ ਵਲੋਂ ਕੀਤੀ ਗਈ ਆਲਸੂਨ ਦੀ ਲੁੱਟ-ਮਾਰ ਨੂੰ ਬਦਲੇ ਦੀ ਨੀਤੀ ਮੰਨਣਾ ਉਚਿਤ ਹੋਵੇਗਾ ਕਿਉਂਕਿ ਉਪਰ ਸੰਕੇਤਿਤ ਸਮਝੌਤੇ ਨੂੰ ਉਹ ਉਨ੍ਹਾਂ ਪ੍ਰਤਿ ਬੇਵਫਾਈ ਸਮਝਦੇ ਸਨ। ਮੈਕਾਲਿਫ ਦਾ ਕਹਿਣਾ ਹੈ ਕਿ ਆਲਸੂਨ ਦਾ ਪਿੰਡ ਕਹਲੂਰ ਦੇ ਰਾਜੇ ਭੀਮ ਚੰਦ ਦੀ ਰਿਆਸਤ ਵਿਚ ਸਥਿਤ ਸੀ ਪਰੰਤੂ ਇਸ ਦੀ ਲੁੱਟ-ਮਾਰ ਬਾਰੇ ਉਹ ਆਮ ਜਿਹੀ ਵਿਆਖਿਆ ਦਿੰਦਾ ਹੈ। ਸਾਨੂੰ ਦਸਿਆ ਗਿਆ ਹੈ ਕਿ ਪਿੰਡ ਦੇ ਲੋਕਾਂ ਨੇ ਗੁਰੂ ਜੀ ਦੇ

---

1. ਬਚਿਤ੍ਰ ਨਾਟਕ, IX, 17-19
2. ਉਹੀ, IX, 22-24

ਸਿਪਾਹੀਆਂ ਨੂੰ ਅਨਾਜ ਵੇਚਣ ਤੋਂ ਇਨਕਾਰ ਕਰ ਦਿੱਤਾ ਅਤੇ ਗੁਰੂ ਜੀ ਆਪਣੇ ਅਨੁਯਾਈਆਂ ਨੂੰ ਇਹ ਹੁਕਮ ਦੇਣ ਲਈ ਮਜ਼ਬੂਰ ਹੋ ਗਏ ਕਿ ਅਨਾਜ ਉਨ੍ਹਾਂ ਤੋਂ ਜ਼ਬਰਦਸਤੀ ਖੋਹ ਲਿਆ ਜਾਵੇ ਅਤੇ ਪ੍ਰਚਲਿਤ ਭਾਅ ਉਨ੍ਹਾਂ ਨੂੰ ਦੇ ਦਿੱਤਾ ਜਾਵੇ ।[1] ਜਿਥੋਂ ਤਕ ਸਾਨੂੰ ਗਿਆਨ ਹੈ, ਇਸ ਕਥਨ ਦੀ ਕੋਈ ਪ੍ਰਮਾਣਿਕਤਾ ਨਹੀਂ ਹੈ ਅਤੇ ਹੋਰ ਅਧਿਕ ਮਹੱਤਾ ਵਾਲੇ ਉਲੇਖਾਂ[2] ਦੀ ਗਵਾਹੀ ਇਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੀ ਕਿ ਸਾਰਾ ਪਿੰਡ ਲੁੱਟ ਲਿਆ ਗਿਆ ।

IV. ਦਿਲਾਵਰ ਖਾਂ ਦੁਆਰਾ ਭੇਜੀਆਂ ਮੁਹਿੰਮਾਂ

ਸੋ ਗੁਰੂ ਜੀ ਬਗਾਵਤ ਵਿਚ ਖੁਲ੍ਹਮ ਖੁਲ੍ਹਾ ਸ਼ਾਮਲ ਹੋ ਗਏ ਸਨ ਅਤੇ ਸਰਕਾਰ ਦੀਆਂ ਅੱਖਾਂ ਵਿਚ ਇਤਨੇ ਸ਼ੱਕੀ ਹੋ ਗਏ ਸਨ ਕਿ ਛੱਡੇ ਨਹੀਂ ਜਾ ਸਕਦੇ ਸਨ ! ਸੋ ਸਥਿਤੀ ਕੁਝ ਅਨੋਖੀ ਬਣ ਗਈ ਸੀ । ਕੁਝ ਰਾਜਿਆਂ ਨੇ 'ਕਰ' ਦੇਣਾ ਬੰਦ ਕਰ ਦਿੱਤਾ ਸੀ ਪਰ ਜਦ ਮੁਗਲ ਸਰਕਾਰ ਨੇ ਇਸ ਦੀ ਵਸੂਲੀ ਲਈ ਫੌਜ ਭੇਜੀ ਤਾਂ ਰਾਜਿਆਂ ਨੇ ਹਥਿਆਰ ਚੁੱਕ ਲਏ ਅਤੇ ਗੁਰੂ ਜੀ ਨੂੰ ਸਹਾਇਤਾ ਕਰਨ ਲਈ ਕਿਹਾ ਅਤੇ ਗੁਰੂ ਜੀ ਨੇ ਸਹਾਇਤਾ ਕੀਤੀ । ਸਾਂਝੀਆਂ ਫੌਜਾਂ ਨੂੰ ਬੜੀ ਸ਼ਾਨਦਾਰ ਜਿੱਤ ਹੋਈ ਪਰ ਫਿਰ ਵੀ ਰਾਜਿਆਂ ਨੇ ਆਪਣੀ ਸਥਿਤੀ ਤਿਆਗਣ ਦਾ ਫੈਸਲਾ ਕਰ ਲਿਆ । ਸੰਭਵ ਹੈ ਕਿ ਉਨ੍ਹਾਂ ਨੇ ਆਪਸ ਵਿਚ ਫ਼ੈਸਲਾ ਕਰ ਲਿਆ ਕਿ ਉਹ ਈਨ ਮੰਨ ਜਾਣ । ਸ਼ਾਇਦ ਇਹੀ ਇਕ ਢੰਗ ਹੈ ਜਿਸ ਰਾਹੀਂ ਅਸੀਂ ਇਸ ਸੰਧੀ ਬਾਰੇ ਗੁਰੂ ਜੀ ਦੇ ਸ਼ਬਦਾਂ ਦੀ ਵਿਆਖਿਆ ਕਰ ਸਕਦੇ ਹਾਂ ਜਿਨ੍ਹਾਂ ਦਾ ਪਹਿਲੇ ਹਵਾਲਾ ਦਿੱਤਾ ਜਾ ਚੁਕਿਆ ਹੈ ।[3] ਸੋ ਸਾਨੂੰ ਹੈਰਾਨ ਨਹੀਂ ਹੋਣਾ ਚਾਹੀਦਾ ਕਿ ਅਗਲੀ ਮੁਹਿੰਮ ਵਿਸ਼ੇਸ਼ ਤੌਰ ਤੇ ਗੁਰੂ ਜੀ ਵਿਰੁਧ ਭੇਜੀ ਗਈ ਅਤੇ ਇਸ ਤੋਂ ਸਪਸ਼ਟ ਭਾਂਤ ਪ੍ਰਤੱਖ ਹੁੰਦਾ ਹੈ ਕਿ ਗੁਰੂ ਦੀ ਇਸ ਮਾਮਲੇ ਵਿਚ ਮਹੱਤਵਪੂਰਣ ਹਿੱਸਾ ਲੈ ਰਹੇ ਸਨ ਭਾਵੇਂ ਇਹ ਵਿਸਵਾਸ਼ ਕਰਨਾ ਕਠਨ ਹੈ ਕਿ ਉਨ੍ਹਾਂ ਦਾ ਪ੍ਰਚਾਰ ਅਤੇ ਹੱਲਾ ਸ਼ੇਰੀ ਹੀ ਡੋਗਰਾ ਅਤੇ ਜਲੰਧਰ ਮੰਡਲ ਦੇ ਪਹਾੜੀ ਰਾਜਿਆਂ ਨੂੰ ਬਾਗੀ ਕਰਨ ਦਾ ਇਕੋ ਇਕ ਜਾਂ ਮੂਲ ਕਾਰਨ ਸੀ ।[4]

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 54
2. ਬਚਿਤ੍ਰ ਨਾਟਕ, IX, 24 । ਗੁਰ ਬਿਲਾਸ, VII, 70 । ਪੰਥ ਪ੍ਰਕਾਸ਼, XXXIV, 7 । ਗੁਰ ਸ਼ੋਭਾ, III, 11
3. ਬਚਿਤ੍ਰ ਨਾਟਕ, IX, 23 । ਗੁਰੂ ਜੀ ਕਹਿੰਦੇ ਹਨ, "ਫਿਰ ਮੈਂ ਵਿਦਾ ਹੋ ਕੇ ਘਰ ਆ ਗਿਆ ਅਤੇ ਉਹ ਸੁਲਾਹ ਕਰਨ ਵਾਸਤੇ ਦੂਜੇ ਪਾਸੇ ਚਲੇ ਗਏ । ਦੋਹਾਂ ਧਿਰਾਂ ਵਿਚ ਸਲਾਹ ਹੋ ਗਈ, ਇਸ ਲਈ ਕਥਾ ਇਥੇ ਮੁਕਦੀ ਹੈ ।"
4. "ਇਹ ਲੋਕ ਕਹਾਵਤ ਹੈ ਸਤਲੁਜ ਅਤੇ ਚਨਾਬ ਵਿਚਾਲੇ 22 ਰਿਆਸਤਾਂ ਸਨ, ਗਿਆਰਾਂ ਰਾਵੀ ਦੇ ਇਕ ਪਾਸੇ ਅਤੇ ਗਿਆਰਾਂ ਦੂਜੇ ਪਾਸੇ ।" ਰਾਵੀ ਅਤੇ ਚਨਾਬ ਵਿਚਾਲੇ ਜਿਹੜੀਆਂ ਰਿਆਸਤਾਂ ਹਨ ਉਨ੍ਹਾਂ ਨੂੰ ਡੋਗਰਾ ਮੰਡਲ ਕਿਹਾ ਗਿਆ ਹੈ ਅਤੇ ਰਾਵੀ ਅਤੇ ਸਤਲੁਜ ਵਿਚਾਲੇ ਦੀਆਂ ਰਿਆਸਤਾਂ ਦੇ ਇਕੱਠ ਨੂੰ ਜਲੰਧਰ ਮੰਡਲ ਦਾ ਨਾਂ ਦਿੱਤਾ ਗਿਆ ਹੈ । (ਕਾਂਗੜਾ ਜ਼ਿਲ੍ਹੇ ਦਾ ਗਜ਼ਟੀਅਰ, ਪੰਨਾ 24 । ਅਸੀਂ ਪਹਿਲੋਂ ਹੀ ਦੇਖ ਚੁੱਕੇ ਹਾਂ ਕਿ ਜਸਰੋਤ, ਡੋਗਰਾ ਮੰਡਲ ਦੀ ਇਕ ਰਿਆਸਤ, ਦੇ ਸੁਖਦੇਵ ਨੇ ਨਾਦੌਣ ਦੀ ਲੜਾਈ ਵਿਚ ਰਾਜਾ ਭੀਮ ਚੰਦ ਦੀ ਸਹਾਇਤਾ ਕੀਤੀ ਸੀ ਅਤੇ ਇਹ ਤੱਥ ਕਿ ਮੀਆਂ ਆਪ ਜੰਮੂ ਵਲ ਚਲਾ ਗਿਆ ਸੀ, ਇਸ ਗੱਲ ਵਿਚ ਰਤਾ ਸ਼ੱਕ ਨਹੀਂ ਰਹਿਣ ਦਿੰਦਾ ਕਿ ਬਗਾਵਤ ਦੂਰ ਦੂਰ ਤਕ ਫੈਲੀ ਹੋਈ ਸੀ ।

ਗੁਰੂ ਜੀ ਸਾਨੂੰ ਦਸਦੇ ਹਨ ਕਿ ਨਾਦੌਣ ਦੇ ਯੁੱਧ ਮਗਰੋਂ ਉਨ੍ਹਾਂ ਨੇ ਬਹੁਤ ਸਾਰੇ ਦਿਨ ਅਧਰਮੀ ਲੋਕਾਂ ਨੂੰ ਲੱਭ ਲੱਭ ਕੇ ਬਾਹਰ ਕੱਢਣ ਵਿਚ ਗੁਜ਼ਾਰੇ ਸਨ।[1] ਪਰੰਤੂ ਉਨ੍ਹਾਂ ਨੂੰ ਇਸ ਤਰ੍ਹਾਂ ਬਹੁਤ ਦੇਰ ਨਾ ਰਹਿਣ ਦਿੱਤਾ ਕਿਉਂਕਿ ਦਿਲਾਵਰ ਖਾਂ ਨੇ ਉਨ੍ਹਾਂ ਦੇ ਵਿਰੁਧ ਆਪਣੇ ਪੁੱਤਰ ਨੂੰ ਭੇਜ ਦਿੱਤਾ ਸੀ। ਦਿਲਾਵਰ ਖਾਂ ਕੌਣ ਸੀ, ਇਹ ਦੱਸਣਾ ਔਖਾ ਹੈ। ਗੁਰੂ ਜੀ ਆਪ ਵੀ ਇਸ ਬਾਰੇ ਕੋਈ ਸੰਕੇਤ ਨਹੀਂ ਦਿੰਦੇ ਅਤੇ ਨਾ ਹੀ ਦੂਜੀਆਂ ਸਿੱਖ ਲਿਖਤਾਂ ਵਿਚ ਕੋਈ ਸੰਮਤੀ ਹੈ। ਨਾਰੰਗ ਕਹਿੰਦਾ ਹੈ ਕਿ ਉਹ ਕਾਂਗੜੇ ਦਾ ਗਵਰਨਰ ਸੀ।[2] 'ਪੰਥ ਪ੍ਰਕਾਸ਼' ਉਸ ਨੂੰ ਲਾਹੌਰ ਦਾ ਸੂਬੇਦਾਰ ਦਸਦਾ ਹੈ।[3] ਭਾਈ ਸੁੱਖਾ ਸਿੰਘ ਕੇਵਲ ਇੰਨਾ ਹੀ ਕਹਿੰਦਾ ਹੈ ਕਿ ਉਹ ਇਕ ਮੁਸਲਮਾਨ ਰਾਜਾ ਸੀ[4] ਅਤੇ ਮੈਕਾਲਿਫ ਦਾ ਕਥਨ ਹੈ ਕਿ ਉਹ ਇਕ ਅਰਧ ਸੁਤੰਤਰ ਸਰਦਾਰ ਸੀ "ਜਿਸ ਨੇ ਪੰਜਾਬ ਵਿਚ ਹੋਈਆਂ ਬਗਾਵਤਾਂ ਸਮੇਂ ਸ਼ਕਤੀ ਪ੍ਰਾਪਤ ਕਰ ਲਈ ਸੀ ਜਦ ਕਿ ਔਰੰਗਜ਼ੇਬ ਦੱਖਣ ਵਿਚ ਰੁਝਿਆ ਹੋਇਆ ਸੀ।"[5] ਪਰ ਸਾਨੂੰ ਇਹ ਸੰਭਵ ਪ੍ਰਤੀਤ ਹੁੰਦਾ ਹੈ ਕਿ ਉਹ ਮੁਗਲ ਸਰਕਾਰ ਦਾ ਇਕ ਕਰਮਚਾਰੀ ਸੀ। 'ਬਚਿਤ੍ਰ ਨਾਟਕ' ਨੂੰ ਗਹੁ ਨਾਲ ਵਿਚਾਰਿਆਂ ਇਹ ਤੱਥ ਸਪਸ਼ਟ ਹੋ ਜਾਂਦਾ ਹੈ ਕਿ ਮੁਹਿੰਮਾਂ ਇਕੋ ਸੰਗਲ ਦੀਆਂ ਬਹੁਤ ਸਾਰੀਆਂ ਕੜੀਆਂ ਸਨ। ਇਹ ਦੇਖਿਆ ਗਿਆ ਹੈ ਕਿ ਪਹਿਲੇ ਮੀਆਂ ਮੀਰ ਨੂੰ ਪਹਾੜੀ ਰਾਜਿਆਂ ਅਧੀਨ ਕਰਨ ਦਾ ਕੰਮ ਸੌਂਪਿਆ ਗਿਆ ਜਿਸ ਨੇ ਅਲਫ ਖਾਂ ਨੂੰ ਪੂਰਬ ਵਲ ਭੇਜ ਦਿੱਤਾ ਅਤੇ ਆਪ ਜੰਮੂ ਵਲ ਚਲਾ ਗਿਆ। ਅਲਫ ਖਾਂ ਅਸਫਲ ਰਿਹਾ ਅਤੇ ਫਿਰ ਦਿਲਾਵਰ ਖਾਂ ਦਾ ਪੁੱਤਰ ਆਇਆ। ਉਹ ਵੀ ਬਿਨਾਂ ਕਿਸੇ ਪ੍ਰਾਪਤੀ ਦੇ ਵਾਪਸ ਪਰਤ ਗਿਆ। ਇਸ ਪਿਛੋਂ ਹੁਸੈਨ ਖਾਂ ਅਤੇ ਜੁਝਾਰ ਸਿੰਘ ਹੇਠ ਮੁਹਿੰਮਾਂ ਭੇਜੀਆਂ ਗਈਆਂ। ਇਹ ਦਿਲਾਵਰ ਖਾਂ ਦੇ ਦੋ ਜਰਨੈਲ ਸਨ। ਇਨ੍ਹਾਂ ਨੂੰ ਵੀ ਹਾਰ ਹੋਈ ਅਤੇ ਦੋਨੋਂ ਹੀ ਮਾਰੇ ਗਏ। ਜਦ ਵਾਰ ਵਾਰ ਹਾਰ ਦੀ ਖਬਰ ਔਰੰਗਜ਼ੇਬ ਕੋਲ ਪਹੁੰਚੀ ਤਾਂ ਉਹ ਬਹੁਤ ਗੁੱਸੇ ਵਿਚ ਆਇਆ ਅਤੇ ਉਸਨੇ ਆਪਣੇ ਪੁੱਤਰਾਂ ਵਿਚੋਂ ਇਕ ਨੂੰ ਪੰਜਾਬ ਭੇਜ ਦਿੱਤਾ ਕਿ ਮਾਮਲਾ ਠੀਕ ਕੀਤਾ ਜਾ ਸਕੇ। ਸੋ ਇਹ ਪ੍ਰਤੱਖ ਹੈ ਕਿ ਪਹਾੜੀ ਰਾਜਿਆਂ ਵਿਰੁਧ ਇਕ ਲਗਾਤਾਰ ਅਤੇ ਬਾਕਾਇਦਾ ਜੰਗ ਚਲਾਈ ਜਾ ਰਹੀ ਸੀ ਅਤੇ ਸੰਭਵ ਹੈ ਕਿ ਇਸ ਨੂੰ ਲਾਹੌਰ ਜਾਂ ਕਸ਼ਮੀਰ ਦਾ ਵਾਇਸਰਾਇ ਚਲਾ ਰਿਹਾ ਸੀ।

ਹੁਣ ਇਸ ਦਿਲਾਵਰ ਖਾਂ, ਭਾਵੇਂ ਉਹ ਕੋਈ ਵੀ ਹੋਵੇ, ਦੇ ਪੁੱਤਰ ਨੇ, ਗੁਰੂ ਜੀ ਉਤੇ ਹਮਲਾ ਕਰ ਦਿੱਤਾ ਪਰ ਨਿਰਮੂਲ। ਉਸ ਦਾ ਮੰਤਵ ਅਨੰਦਪੁਰ ਉਤੇ ਅਚਨਚੇਤ ਹੱਲਾ ਕਰਨ ਦਾ ਜਾਪਦਾ ਸੀ ਅਤੇ ਇਸ ਆਸ਼ੇ ਨੂੰ ਮੁਖ ਰਖ ਕੇ ਉਸ ਨੇ ਅੱਧੀ ਰਾਤ ਨੂੰ ਆਪਣੇ ਸਿਪਾਹੀ ਇਕੱਠੇ ਕੀਤੇ ਅਤੇ ਹਮਲੇ ਦੀ ਤਿਆਰੀ ਕਰ ਦਿੱਤੀ।[6] ਜਦ ਮੁਸਲਮਾਨੀ ਫੌਜ

1. ਬਚਿਤ੍ਰ ਨਾਟਕ, ਪੰਨਾ 1
2. ਨਾਰੰਗ, ਉਪਰੋਕਤ ਰਚਨਾ, ਪੰਨਾ 154
3. ਪੰਥ ਪ੍ਰਕਾਸ਼, XXIV, 8
4. ਗੁਰ ਬਿਲਾਸ, VII, 75
5. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 55
6. ਬਚਿਤ੍ਰ ਨਾਟਕ, X, 2

ਦਰਿਆ ਦੇ ਕੰਢੇ ਤੇ ਜਾ ਪਹੁੰਚੀ ਤਾਂ ਗੁਰੂ ਜੀ ਨੂੰ ਇਕ ਸੇਵਾਦਾਰ ਨੇ ਉਠਾਇਆ[1] ਅਤੇ ਤੁਰੰਤ ਹੀ ਖਤਰੇ ਦਾ ਬਿਗਲ ਬੱਜ ਗਿਆ। ਗੁਰੂ ਜੀ ਦੇ ਸਿਪਾਹੀ ਜਲਦੀ ਨਾਲ ਹਥਿਆਰ-ਬੰਦ ਹੋ ਗਏ ਪਰ ਖਾਨਜ਼ਾਦੇ ਦੀ ਫੌਜ ਨੇ ਅਸਲ ਲੜਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਲੜਨ ਦਾ ਖਿਆਲ ਤਿਆਗ ਦਿੱਤਾ। ਗੁਰੂ ਜੀ ਕਹਿੰਦੇ ਹਨ, "ਦਰਿਆ ਡਰਾਉਣਾ ਦਿਖਾਈ ਦਿੰਦਾ ਸੀ, ਸਿਪਾਹੀਆਂ ਨੂੰ ਠੰਢ ਨੇ ਬਹੁਤ ਤੰਗ ਕੀਤਾ। ਇਸ ਪਾਸਿਉਂ ਮੇਰੇ ਸੂਰਬੀਰ ਗਰਜੇ ਅਤੇ ਖੂਨੀ ਖਾਨ ਆਪਣੇ ਹਥਿਆਰਾਂ ਨੂੰ ਵਰਤੇ ਬਿਨਾਂ ਹੀ ਦੌੜ ਗਏ।"[2] ਪ੍ਰਤੀਤ ਹੁੰਦਾ ਹੈ ਕਿ ਉਥੇ ਬਹੁਤ ਵਰਖਾ ਹੋਈ ਅਤੇ ਲਾਗਲੀਆਂ ਖੱਡਾਂ ਵਿਚ ਹੜ੍ਹ ਆ ਗਿਆ।[3] ਖਾਨਜ਼ਾਦੇ ਲਈ ਇਹ ਔਖਾ ਜਾਪਿਆ ਅਤੇ ਉਹ ਛੇਤੀ ਨਾਲ ਪਿਛੇ ਪਰਤ ਗਿਆ। ਸੋ ਇਹ ਮੁਹਿੰਮ ਪੂਰਨ ਭਾਂਤ ਅਸਫਲ ਹੋ ਗਈ ਅਤੇ ਗੁਰੂ ਜੀ ਸਾਨੂੰ ਦਸਦੇ ਹਨ ਕਿ ਮੁਸਲਮਾਨਾਂ ਨੇ ਆਪਣਾ ਗੁੱਸਾ ਬਰਵਾ ਪਿੰਡ ਦੇ ਗਰੀਬ ਲੋਕਾਂ ਤੇ ਕਢਿਆ ਅਤੇ ਉਨ੍ਹਾਂ ਨੇ ਭਲਾਨ ਵਿਖੇ ਜਾ ਮੁਕਾਮ ਕੀਤਾ[4] ਜਿਹੜਾ ਕਿ ਫੌਜੀ ਮਹੱਤਾ ਵਾਲਾ ਸਥਾਨ ਜਾਪਦਾ ਹੈ। ਗੁਰੂ ਜੀ ਦੇ ਵਰਣਨ ਤੋਂ ਜਾਪਦਾ ਹੈ ਕਿ ਖਾਨਜ਼ਾਦੇ ਦੀ ਮੁਹਿੰਮ ਪਿਛੋਂ ਹੋਈ ਹੁਸੈਨ ਖਾਂ ਦੀ ਮੁਹਿੰਮ ਦੀ ਹਾਰ ਨਾਲ ਭਲਾਨ ਰਾਜਿਆਂ ਦੇ ਹੱਥਾਂ ਵਿਚ ਚਲਾ ਗਿਆ। ਦਿਲਾਵਰ ਖਾਂ ਵਲੋਂ ਜੁਝਾਰ ਸਿੰਘ ਨੇ ਫਿਰ ਇਸ ਤੇ ਕਬਜ਼ਾ ਕਰ ਲਿਆ ਪਰੰਤੂ ਗਜ ਸਿੰਘ ਨੇ ਤੁਰੰਤ ਉਸ ਤੇ ਹਮਲਾ ਕਰ ਦਿੱਤਾ। ਇਸ ਪਿਛੋਂ ਭਲਾਨ ਵਿਖੇ ਲੜਾਈ ਹੋਈ ਅਤੇ ਮੁਸਲਮਾਨਾਂ ਨੂੰ ਫਿਰ ਉਥੋਂ ਕੱਢ ਦਿੱਤਾ ਗਿਆ।[5]

ਖਾਨਜ਼ਾਦੇ ਦੀ ਹਾਰ ਨੇ ਦਿਲਾਵਰ ਖਾਂ ਦੇ ਇਰਾਦੇ ਨੂੰ ਹੋਰ ਪੱਕਿਆਂ ਕੀਤਾ ਅਤੇ ਉਸ ਨੇ ਤੁਰੰਤ ਹੀ ਆਪਣੇ ਗੁਲਾਮ ਜਨੈਰਲ ਹੁਸੈਨ ਖਾਂ ਨੂੰ ਇਸ ਹਾਰ ਦਾ ਬਦਲਾ ਲੈਣ ਲਈ ਭਾਰੀ ਫੌਜ ਦੇ ਕੇ ਭੇਜਿਆ। ਇਸ ਤੋਂ ਬਾਅਦ ਦੀਆਂ ਵਾਪਰੀਆਂ ਘਟਨਾਵਾਂ ਇਸ ਮੁਹਿੰਮ ਦੇ ਆਸ਼ੇ ਨੂੰ ਕੁਝ ਧੁੰਧਲਾ ਕਰ ਜ਼ਿੰਦੀਆਂ ਹਨ ਪਰ ਫਿਰ ਵੀ, ਜਿਵੇਂ ਕਿ ਅਸੀਂ ਉਪਰ ਸੰਕੇਤ ਕਰ ਚੁੱਕੇ ਹਾਂ, ਇਸ ਵਾਰ ਵੀ ਨਿਸ਼ਾਨਾ ਗੁਰੂ ਜੀ ਦਾ ਅਨੰਦਪੁਰ ਵਿਖੇ ਕਿਲ੍ਹਾ ਸੀ। ਗੁਰੂ ਜੀ ਦਾ ਕਥਨ ਹੈ ਕਿ ਜੇਕਰ ਹੁਸੈਨ ਖਾਂ ਗੁਲੇਰ ਦੇ ਰਾਜੇ ਗੋਪਾਲ ਨੂੰ ਦੋ ਦਿਨ ਪਿਛੋਂ ਟਕਰਦਾ ਤਾਂ ਉਸ ਅਵਸ਼ ਹੀ ਅਨੰਦਪੁਰ ਉਪਰ ਚੜ੍ਹ ਆਉਣਾ ਸੀ, ਪਰ ਚੰਗੇ ਭਾਗਾਂ ਨੂੰ ਭਾਵੀ ਨੇ "ਉਨ੍ਹਾਂ ਵਿਚਾਲੇ ਹੀ ਝਗੜਾ ਪੈਦਾ ਕਰ ਦਿੱਤਾ।"[6] ਸੋ ਇਹ ਸੰਭਵ

---

1. ਬਚਿਤ੍ਰ ਨਾਟਕ, X, 3
2. ਉਹੀ, X, 6
3. ਸਾਨੂੰ ਦਸਿਆ ਗਿਆ ਹੈ:
   "ਕ੍ਰਿਤੱਗ ਸਿੱਖ ਅੱਜ ਵੀ ਉਸ ਖੱਡ ਨੂੰ ਸਹਾਈ ਨਦੀ ਦੇ ਨਾਂ ਨਾਲ ਯਾਦ ਕਰਦੇ ਹਨ।"
   (ਨਾਰੰਗ, ਉਪਰੋਕਤ ਰਚਨਾ, ਪੰਨਾ 155)।
4. ਬਚਿਤ੍ਰ ਨਾਟਕ, X, 9
5. ਉਹੀ, XII, 2
6. ਉਹੀ, XI, 5। 'ਗੁਰ ਸੋਭਾ' ਵਿਚ ਇਸ ਨਿਸ਼ਚਿਤ ਰੂਪ ਵਿਚ ਕਿਹਾ ਗਿਆ ਹੈ ਕਿ ਅਨੰਦਪੁਰ ਹੀ ਨਿਸ਼ਾਨਾ ਸੀ (IV, 10)।

ਜਾਪਦਾ ਹੈ ਕਿ ਹੁਸੈਨ ਖਾਂ ਆਪਣੀ ਮੁਹਿੰਮ ਦੇ ਮੂਲ ਆਸ਼ੇ ਤੋਂ ਅਚਾਨਕ ਥਿੜਕ ਗਿਆ ਅਤੇ ਗੁਲੇਰ ਦੇ ਰਾਜੇ ਨਾਲ ਸੁਲਾਹ ਦੀ ਗੱਲਬਾਤ ਦੀ ਅਸਫਲਤਾ ਨੇ ਗੁਰੂ ਜੀ ਨੂੰ ਤਬਾਹੀ ਤੋਂ ਬਚਾ ਲਿਆ।

ਸ਼ੁਰੂ ਵਿਚ ਹੁਸੈਨ ਖਾਂ ਸਭ ਨੂੰ ਹਾਰ ਦੇਂਦਾ ਆਇਆ। ਡਢਵਾਲ ਦੇ ਰਾਜੇ ਨੂੰ ਉਸ ਪੂਰੀ ਤਰ੍ਹਾਂ ਆਪਣੇ ਅਧੀਨ ਕਰ ਲਿਆ ਅਤੇ ਉਸ ਦੇ ਪੁੱਤਰਾਂ ਨੂੰ ਕੈਦੀ ਬਣਾ ਲਿਆ ਗਿਆ। ਫਿਰ ਹੁਸੈਨ ਖਾਂ ਨੇ 'ਦੂਣ' ਨੂੰ ਚੰਗੀ ਤਰ੍ਹਾਂ ਲੁਟਿਆ ਅਤੇ ਕੋਈ ਵੀ ਉਸ ਦੇ ਸਾਹਮਣੇ ਨਾ ਅੜ ਸਕਿਆ। ਅੰਨ ਦਾਣਾ ਜ਼ਬਰਦਸਤੀ ਖੋਹ ਕੇ ਆਪਣੇ ਸਿਪਾਹੀਆਂ ਵਿਚ ਵੰਡ ਦਿੱਤਾ ਗਿਆ। ਪ੍ਰਤੀਤ ਹੁੰਦਾ ਹੈ ਕਿ ਕਟੋਚ ਦਾ ਰਾਜਾ ਕ੍ਰਿਪਾਲ ਅਤੇ ਕਹਲੂਰ ਦਾ ਰਾਜਾ ਭੀਮ ਚੰਦ ਛੇਤੀ ਪਿਛੋਂ ਹੀ ਉਸ ਨਾਲ ਜਾ ਮਿਲੇ ਅਤੇ ਉਸ ਦੀ ਲੁੱਟ ਮਾਰ ਜਾਰੀ ਰਹੀ। ਇਸ ਸਮੇਂ ਗੁਲੇਰ ਦਾ ਰਾਜਾ ਗੋਪਾਲ, ਸ਼ਕਤੀਸ਼ਾਲੀ ਰਾਜੇ ਰਾਮ ਸਿੰਘ ਸਮੇਤ, ਹੁਸੈਨ ਖਾਂ ਨੂੰ ਮਿਲਣ ਆਇਆ, ਇਸ ਤੇ ਹੁਸੈਨ ਖਾਂ ਬਹੁਤ ਫੂਲ ਗਿਆ ਅਤੇ ਹੰਕਾਰ ਨਾਲ ਅੰਨ੍ਹਾਂ ਹੋ ਗਿਆ। ਉਸ ਨੇ ਉਨ੍ਹਾਂ ਨੂੰ ਨਜ਼ਰ ਹੇਠ ਵੀ ਨਾ ਲਿਆਂਦਾ ਕਿਉਂਕਿ ਉਹ ਕਟੋਚ ਅਤੇ ਕਹਲੂਰ ਦੇ ਰਾਜਿਆਂ ਨੂੰ ਆਪਣੇ ਵਲ ਵੇਖ ਕੇ ਇਹ ਸਮਝਦਾ ਸੀ ਕਿ ਦੁਨੀਆਂ ਵਿਚ ਉਸ ਦਾ ਕੋਈ ਸਾਨੀ ਨਹੀਂ। ਫਿਰ ਵੀ ਗੁਲੇਰ ਦੇ ਰਾਜੇ ਗੋਪਾਲ ਅਤੇ ਰਾਜਾ ਰਾਮ ਸਿੰਘ ਨੇ ਜੋ ਧਨ ਆਪਣੇ ਨਾਲ ਲਿਆਂਦਾ ਸੀ, ਉਸ ਦੀ ਭੇਟ ਕੀਤਾ, ਪਰੰਤੂ ਇਹ ਧਨ ਹੁਸੈਨ ਖਾਂ ਦੀ ਆਸ ਤੋਂ ਬਹੁਤ ਥੋੜਾ ਸੀ ਅਤੇ ਉਸ ਨੇ ਲੈਣ ਤੋਂ ਇਨਕਾਰ ਕਰ ਦਿੱਤਾ। ਸੋ ਦੋਵੇਂ ਰਾਜੇ ਹੁਸੈਨ ਖਾਂ ਦਾ ਡੇਰਾ ਛਡ ਕੇ ਵਾਪਸ ਚਲੇ ਗਏ।[1]

ਹੁਸੈਨ ਖਾਂ ਨੇ ਇਸ ਨੂੰ ਨਾ ਮੁਆਫ ਕੀਤੀ ਜਾਣ ਵਾਲੀ ਗੁਸਤਾਖੀ ਸਮਝਿਆ ਅਤੇ ਉਹ ਇਤਨੇ ਗੁਸੇ ਵਿਚ ਆਇਆ ਕਿ ਉਪਾਵਾਂ ਅਤੇ ਸਾਧਨਾਂ ਨੂੰ ਵਿਚਾਰੇ ਬਿਨਾਂ ਹੀ ਇਕਦਮ ਚੜ੍ਹਾਈ ਦਾ ਨਗਾਰਾ ਵਜਾਉਣ ਦਾ ਹੁਕਮ ਦੇ ਦਿਤਾ। ਪ੍ਰਤੀਤ ਹੁੰਦਾ ਹੈ ਕਿ ਇਸ ਪਿਛੋਂ ਛੇਤੀ ਹੀ ਰਾਜਾ ਗੋਪਾਲ ਅਤੇ ਉਸ ਦੇ ਆਦਮੀਆਂ ਨੂੰ ਹੁਸੈਨ ਖਾਂ ਦੇ ਸਿਪਾਹੀਆਂ ਨੇ ਘੇਰ ਲਿਆ। ਕੁਝ ਸਮੇਂ ਤਕ ਇਹ ਘੇਰਾ ਜਾਰੀ ਰਿਹਾ, ਆਖਰ ਰਾਜਾ ਗੋਪਾਲ ਨੂੰ ਖਾਣੇ ਅਤੇ ਪਾਣੀ ਦੀ ਥੁੜ ਤੋਂ ਤੰਗ ਆਏ ਹੋਏ ਆਪਣੇ ਹੀ ਬੰਦਿਆਂ ਦੀ ਹਾਲ ਦੁਹਾਈ ਕਾਰਨ ਝੁਕਣਾ ਪਿਆ। ਸਲਾਹ ਲਈ ਹੁਸੈਨ ਖਾਂ ਕੋਲ ਦੂਤ ਭੇਜਿਆ ਗਿਆ ਪਰ ਗੁਲਾਮ ਜਰਨੈਲ ਪਹਿਲਾਂ ਵਾਂਗ ਹੀ ਅੜਿਆ ਰਿਹਾ ਅਤੇ ਕਹਿਣ ਲਗਾ, "ਜਾਂ ਦਸ਼ ਹਜ਼ਾਰ ਰੁਪਏ ਹੁਣੇ ਹੀ ਦਿਓ ਨਹੀਂ ਤਾਂ ਮੌਤ ਕਬੂਲ ਕਰੋ।" ਇਸ ਦੌਰਾਨ ਗੁਰੂ ਜੀ ਨੇ ਸੰਗਤੀਆ ਨਾਂ ਦਾ ਆਪਣਾ ਇਕ ਸਿੱਖ ਰਾਜਾ ਗੋਪਾਲ ਦੀ ਸਹਾਇਤਾ ਲਈ ਭੇਜਿਆ ਅਤੇ ਖਾਸ ਤੌਰ ਤੇ ਇਸ ਦੇ ਰਸੂਖ ਦੁਆਰਾ ਗੁਲੇਰੀਆ ਰਾਜੇ ਨੂੰ ਸੁਰੱਖਿਆ ਦੇ ਪੱਕੇ ਭਰੋਸੇ ਦਿਵਾਉਣ ਤੇ ਵੈਰੀ ਦੇ ਡੇਰੇ ਵਿਚ ਜਾਣ ਲਈ ਪਰੇਰਿਆ ਜਾ ਸਕਿਆ। ਪਰ ਸੁਲਾਹ ਦੀ ਗੱਲਬਾਤ ਫਿਰ ਟੁਟ ਗਈ ਅਤੇ ਰਾਜਾ ਕ੍ਰਿਪਾਲ ਨੇ ਆਪਣੇ

---

1. ਬਚਿਤ੍ਰ ਨਾਟਕ, XI, 2-9

ਅੰਤ੍ਰਾਤਮੇ ਵਿਚ ਵਿਚਾਰਿਆ, "ਅਜਿਹਾ ਅਵਸਰ ਫਿਰ ਕਦੇ ਨਹੀਂ ਆਵੇਗਾ। ਸਮਾਂ ਆਪਣੇ ਚੱਕਰ ਵਿਚ ਹਰੇਕ ਨੂੰ ਛਲਦਾ ਹੈ। ਗੋਪਾਲ ਦਾ ਛੇਤੀ ਨਬੇੜਾ ਕਰਨਾ ਚਾਹੀਦਾ ਹੈ, ਕੈਦੀ ਬਣਾ ਲਿਆ ਜਾਵੇ ਜਾਂ ਜਾਨੋ ਮਾਰ ਦਿਤਾ ਜਾਵੇ।" ਪਰੰਤੂ ਇਸ ਭੈੜੀ ਗੋਂਦ ਦੇ ਸਿਰੇ ਚੜ੍ਹਨ ਤੋਂ ਪਹਿਲਾਂ ਹੀ ਰਾਜੇ ਗੋਪਾਲ ਨੂੰ ਇਸ ਦੀ ਕਨਸੋ ਪੈ ਗਈ ਅਤੇ ਉਹ ਆਪਣੇ ਦਲ ਦੇ ਆਦਮੀਆਂ ਕੋਲ ਦੌੜ ਗਿਆ। ਸ਼ਕਤੀ ਦੀ ਖੁਲ੍ਹਮ ਖੁਲ੍ਹੀ ਅਜ਼ਮਾਇਸ਼ ਤੋਂ ਸਿਵਾ ਹੁਣ ਹੋਰ ਕੋਈ ਚਾਰਾ ਨਹੀਂ ਰਿਹਾ ਸੀ।[1]

ਇਸ ਪਿਛੋਂ ਜਿਹੜੀ ਲੜਾਈ ਹੋਈ ਉਹ ਇਸ ਲੜੀ ਦੀਆਂ ਸਾਰੀਆਂ ਲੜਾਈਆਂ ਨਾਲੋਂ ਵੱਧ ਖੂਨੀ ਸੀ। ਰਾਜਾ ਗੋਪਾਲ ਅਤੇ ਉਸ ਦੇ ਸਾਥੀ ਨਿਧੜਕ ਹੋ ਕੇ ਹੌਂਸਲੇ ਨਾਲ ਲੜੇ ਅਤੇ ਜਿਵੇਂ ਕਿ ਬਹੁਤ ਵਾਰੀ ਅਜੇਹੀ ਸਥਿਤੀ ਵਿਚ ਵਾਪਰਦਾ ਹੈ, ਉਨ੍ਹਾਂ ਨੇ ਭਾਰੀ ਔਕੜਾਂ ਦੇ ਬਾਵਜੂਦ ਪੂਰੀ ਜਿੱਤ ਪ੍ਰਾਪਤ ਕੀਤੀ। ਹੁਸੈਨ ਖਾਂ ਨਾਲ ਸਮਝੌਤਾ ਕਰਨ ਲਈ ਰਾਜਾ ਗੋਪਾਲ ਦੀ ਤੀਬਰ ਤਾਂਘ ਤੋਂ ਇਹ ਪ੍ਰਤੱਖ ਦਿਖਾਈ ਦਿੰਦਾ ਹੈ ਕਿ ਉਹ ਆਪਣੇ ਆਪ ਨੂੰ ਉਸ ਦੇ ਮੁਕਾਬਲੇ ਦਾ ਨਹੀਂ ਸਮਝਦਾ ਸੀ। ਪਰੰਤੂ ਜਦ ਸਮਝੌਤੇ ਦੇ ਸਾਰੇ ਯਤਨ ਨਿਸਫਲ ਹੋ ਗਏ ਤਾਂ ਉਹ ਸਿਰਲੱਥ ਹੋ ਕੇ ਹਰ ਪ੍ਰਕਾਰ ਦੇ ਖਤਰੇ ਲਈ ਤਤਪਰ ਹੋ ਗਿਆ। ਪ੍ਰਤੀਤ ਹੁੰਦਾ ਹੈ ਕਿ ਕਟੋਚ ਅਤੇ ਕਹਲੂਰ ਦੇ ਰਾਜਿਆਂ ਤੋਂ ਬਿਨਾਂ ਹੁਸੈਨ ਖਾਂ ਦੀ ਕਈ ਹੋਰ ਅਫਸਰਾਂ ਨੇ ਵੀ ਸਹਾਇਤਾ ਕੀਤੀ ਸੀ; ਇਨ੍ਹਾਂ ਵਿਚ ਬਹੁਤੇ ਉੱਘੇ ਹਿੰਮਤ ਅਤੇ ਹਰੀ ਸਿੰਘ[2] ਨਾਂ ਦੇ ਯੋਧੇ ਸਨ। ਹਰੀ ਸਿੰਘ ਬਾਰੇ ਸਾਨੂੰ ਕੁਝ ਨਹੀਂ ਪਤਾ ਕਿ ਉਹ ਕੌਣ ਸੀ। ਸੰਗਤੀਆਂ, ਰਾਮ ਸਿੰਘ ਅਤੇ ਜਸਵਾਲ ਦਾ ਰਾਜਾ,[3] ਰਾਜਾ ਗੋਪਾਲ ਵਲੋਂ ਲੜੇ ਸਨ। ਇਨ੍ਹਾਂ ਵਿਚੋਂ ਰਾਮ ਸਿੰਘ ਅਤੇ ਜਸਵਾਲ ਦਾ ਰਾਜਾ, ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਇਕੋ ਵਿਅਕਤੀ ਜਾਪਦਾ ਹੈ। ਜਿਨ੍ਹਾਂ ਆਦਮੀਆਂ ਨੇ ਇਸ ਮਾਮਲੇ ਵਿਚ ਮਹੱਤਵ-ਪੂਰਨ ਭਾਗ ਲਿਆ ਸੀ ਉਨ੍ਹਾਂ ਵਿਚੋਂ ਇਕ ਇਕ ਚੰਦੇਲ ਦਾ ਰਾਜਾ ਸੀ[4] ਪਰੰਤੂ ਗੁਰੂ ਜੀ ਦੇ ਵਰਣਨ ਤੋਂ ਇਹ ਨਿਰਣਾ ਕਰਨਾ ਔਖਾ ਹੈ ਕਿ ਉਹ ਕਿਸ ਧਿਰ ਵਲ ਸੀ ਅਤੇ ਮੰਦੇ ਭਾਗਾਂ ਨੂੰ ਦੂਜੀਆਂ ਸਿੱਖ ਲਿਖਤਾਂ ਵੀ ਇਸ ਬਾਰੇ ਚੁਪ ਹਨ।

ਲੜਾਈ ਬੜੇ ਜੋਸ਼ ਨਾਲ ਲੜੀ ਗਈ ਪ੍ਰਤੀਤ ਹੁੰਦੀ ਹੈ। ਜਿਸ ਪੈਮਾਨੇ ਤੇ ਲੜਾਈ ਲੜੀ ਗਈ, ਜੇ ਉਸ ਨੂੰ ਧਿਆਨ ਵਿਚ ਰਖੀਏ ਤਾਂ ਇਹ ਕਹਿਣਾ ਪਵੇਗਾ ਕਿ ਇਸ ਨਾਲ ਹੋਇਆ ਖੂਨ ਖਰਾਬਾ ਭੈਭੀਤ ਕਰ ਦੇਣ ਵਾਲਾ ਸੀ। ਹੁਸੈਨ ਖਾਂ ਦੀ ਹਾਰ ਨਿਰਣਈ ਅਤੇ ਪੂਰਨ ਸੀ। ਰਾਜਾ ਕ੍ਰਿਪਾਲ ਸਮੇਤ ਉਹ ਮਾਰਿਆ ਗਿਆ।[5] ਹਿੰਮਤ ਨਾਲ ਵੀ ਇਹੋ ਕੁਝ ਵਰਤੀ। ਗੁਰੂ ਜੀ ਦਸਦੇ ਹਨ ਕਿ ਜਦ ਲੜਾਈ ਖਤਮ ਹੋ ਗਈ ਅਤੇ ਮੁਸਲਮਾਨ

---

1. ਬਚਿਤ੍ਰ ਨਾਟਕ, XI, 10-15
2. ਉਹੀ, XI, 31, 32, 54
3. ਉਹੀ, XI, 33
4. ਉਹੀ,, XI, 56
5. ਉਹੀ, XI, 52, 65

ਮੈਦਾਨ ਛਡ ਕੇ ਦੌੜ ਗਏ ਤਾਂ ਰਾਜਾ ਗੋਪਾਲ ਅਤੇ ਉਸ ਦੇ ਸਾਥੀਆਂ ਨੇ ਫਟੜਾਂ ਅਤੇ ਮੁਰਦਿਆਂ ਦੀ ਸੰਭਾਲ ਵਲ ਧਿਆਨ ਦਿੱਤਾ। ਫਟੜਾਂ ਵਿਚ ਉਨ੍ਹਾਂ ਨੇ ਹਿੰਮਤ ਨੂੰ ਪਿਆ ਦੇਖਿਆ ਅਤੇ ਰਾਮ ਸਿੰਘ ਨੇ ਰਾਜਾ ਗੋਪਾਲ ਨੂੰ ਇਹ ਕਿਹਾ, "ਹਿੰਮਤ, ਜਿਹੜਾ ਇਨ੍ਹਾਂ ਸਾਰੀਆਂ ਲੜਾਈਆਂ ਦੀ ਜੜ੍ਹ ਸੀ ਹੁਣ ਜ਼ਖਮੀ ਹੋਇਆ ਸਾਡੇ ਹੱਥਾਂ ਵਿਚ ਪਿਆ ਹੈ।" ਜਦ ਗੋਪਾਲ ਨੇ ਇਹ ਗੱਲ ਸੁਣੀ ਤਾਂ ਉਸ ਨੇ ਹਿੰਮਤ ਨੂੰ ਤੁਰੰਤ ਹੀ ਮਾਰ ਦਿੱਤਾ ਅਤੇ ਜਿਉਂਦਾ ਨਾ ਉਠਣ ਦਿੱਤਾ।[1] ਦੂਜੇ ਅਫਸਰਾਂ ਨਾਲ ਕੀ ਵਾਪਰੀ ਇਹ ਸਪਸ਼ਟ ਨਹੀਂ ਹੈ। ਰਾਜੇ ਗੋਪਾਲ ਦੀ ਧਿਰ ਵਿਚੋਂ ਗੁਰੂ ਜੀ ਦਾ ਦੂਤ ਸੰਗਤੀਆ ਆਪਣੇ ਸਾਥੀਆਂ ਸਮੇਤ ਮਾਰਿਆ ਗਿਆ[2] ਪਰੰਤੂ ਦੂਜੇ ਆਗੂ ਸਾਰੇ ਬਚ ਗਏ।

ਸੋ ਹੁਸੈਨ ਖਾਂ ਦੀ ਮੁਹਿੰਮ ਜਿਹੜੀ ਕਿ ਬੜੀ ਜੋਸ਼ ਨਾਲ ਸ਼ੁਰੂ ਹੋਈ ਸੀ, ਪੂਰਨ ਹਾਰ ਵਿਚ ਖਤਮ ਹੋ ਗਈ ਅਤੇ ਇਸ ਲਈ ਜਰਨੈਲ ਦੀ ਕਾਹਲੀ ਹੀ ਮੂਲ ਰੂਪ ਵਿਚ ਜ਼ਿੰਮੇਵਾਰ ਪ੍ਰਤੀਤ ਹੁੰਦੀ ਹੈ। ਗੁਰੂ ਜੀ ਸਾਨੂੰ ਦਸਦੇ ਹਨ ਕਿ ਹੁਸੈਨ ਖਾਂ ਨੇ ਸਾਰੀਆਂ ਜੰਗੀ ਚਾਲਾਂ ਨੂੰ ਲਾਂਭੇ ਸੁੱਟ ਦਿੱਤਾ ਹੋਇਆ ਸੀ।[3] ਅੰਨੇ ਜੋਸ਼ ਅਤੇ ਹੰਕਾਰ ਨਾਲ ਉਹ ਬੇਪ੍ਰਵਾਹ ਹੋ ਗਿਆ ਸੀ ਅਤੇ ਇਸ ਲਈ ਜੋ ਕੀਮਤ ਉਸ ਨੂੰ ਚੁਕਾਉਣੀ ਪਈ ਉਹ ਬਹੁਤ ਭਾਰੀ ਸੀ। ਸੋ ਗੁਰੂ ਜੀ ਅਚੇਤ ਹੀ ਇਸ ਆਪੱਤੀ ਤੋਂ ਬਚ ਗਏ ਜਿਹੜੀ ਕਿ ਕਹਿਰਮਈ ਸਿੱਧ ਹੋ ਸਕਦੀ ਸੀ ਅਤੇ ਜਿਸ ਪ੍ਰਭੂ ਨੇ "ਲੜਾਈ ਹੋਰ ਥਾਂ ਪਵਾ ਕੇ ਉਨ੍ਹਾਂ ਨੂੰ ਰੱਖ ਲਿਆ।"[4] ਉਸ ਦਾ ਧੰਨਵਾਦ ਕਰਨਾ ਉਨ੍ਹਾਂ ਦਾ ਫਰਜ਼ ਬਣਦਾ ਹੈ। ਪਰੰਤੂ ਗੱਲ ਇਥੇ ਹੀ ਖਤਮ ਨਾ। ਹੋਈ ਦਿਲਾਵਰ ਖਾਂ ਨੇ ਬਦਲਾ ਲੈਣ ਦਾ ਇਕ ਹੋਰ ਯਤਨ ਕੀਤਾ। ਇਹ ਸੰਭਵ ਜਾਪਦਾ ਹੈ ਕਿ ਰਾਜਾ ਗੋਪਾਲ ਦੀ ਜਿੱਤ ਨੇ ਮੁੜ ਬਗਾਵਤ ਵਿਚ ਜਾਨ ਪਾ ਦਿੱਤੀ ਅਤੇ ਇਸ ਪਿਛੋਂ ਭਲਾਨ ਤੇ ਕਬਜ਼ਾ ਕਰ ਲਿਆ ਗਿਆ ਜਿਥੇ ਦਿਲਾਵਰ ਖਾਂ ਦਾ ਪੁੱਤਰ ਗੁਰੂ ਜੀ ਵਿਰੁੱਧ ਮੁਹਿੰਮ ਵਿਚ ਹਾਰ ਖਾ ਕੇ ਮੋਰਚਾ ਲਾਈ ਬੈਠਾ ਸੀ। ਦਿਲਾਵਰ ਖਾਂ ਵਲੋਂ ਭੇਜੇ ਗਏ ਜੁਝਾਰ ਸਿੰਘ ਦਾ ਪਹਿਲਾ ਕੰਮ ਭਲਾਨ ਉਤੇ ਫਿਰ ਕਬਜ਼ਾ ਕਰਨਾ ਸੀ[5] ਪਰੰਤੂ ਉਸ ਦੇ ਉਥੇ ਪੈਰ ਜਮਾਉਣ ਤੋਂ ਪਹਿਲਾਂ ਹੀ ਰਾਜ ਸਿੰਘ ਨੇ ਆਪਣੇ ਸਿਪਾਹੀਆਂ ਸਮੇਤ ਉਸ ਤੇ ਹੱਲਾ ਬੋਲ ਦਿੱਤਾ ਅਤੇ ਫਿਰ ਘਮਸਾਨ ਦਾ ਯੁੱਧ ਹੋਇਆ। ਇਸ ਵਾਰ ਸਾਰੀ ਮੁਸਲਮਾਨ ਧਿਰ ਵਿਚ ਭਾਜੜ ਪਾ ਦਿੱਤੀ ਗਈ। ਜੁਝਾਰ ਸਿੰਘ ਅਤੇ ਉਸ ਦਾ ਸਾਥੀ ਚੰਦਨ ਰਾਜ ਲੜਾਈ ਵਿਚ ਮਾਰੇ ਗਏ।[6] ਸੋ ਰਾਜਿਆਂ ਦੀ ਬਗਾਵਤ ਸਫਲਤਾ ਵਜੋਂ ਸਹੀ ਜਾਪਦੀ ਹੈ

---

1. ਬਚਿਤ੍ਰ ਨਾਟਕ, XI, 67, 68
2. ਉਹੀ, XI, 57
3. ਉਹੀ, XI, 10
4. ਉਹੀ, XI, 69
5. ਉਹੀ, XII, 2
6. ਉਹੀ, XII, 10, 12। ਗੁਰੂ ਜੀ ਦੇ ਵਰਣਨ ਤੋਂ ਪਤਾ ਲਗਦਾ ਹੈ ਕਿ ਜੁਝਾਰ ਸਿੰਘ ਵਲ ਚੰਦੇਲ ਦਾ ਰਾਜਾ ਲੜਿਆ ਸੀ (XII, 45)। ਇਸ ਤੋਂ ਛੇਤੀ ਹੀ ਬਾਅਦ ਸਾਨੂੰ ਦੱਸ ਦਿੱਤਾ ਜਾਂਦਾ ਹੈ

(ਬਾਕੀ ਦਾ ਫੁਟ ਨੋਟ ਅਗਲੇ ਪੰਨੇ ਤੇ)

ਪਰੰਤੂ ਅੰਤਮ ਕਹਾਣੀ ਅਜੇ ਦਸਣ ਵਾਲੀ ਰਹਿੰਦੀ ਹੈ।

V. ਸ਼ਹਿਜ਼ਾਦੇ ਦਾ ਆਗਮਨ

ਜਦ ਇਨ੍ਹਾਂ ਉਪਰੋਥੱਲੀ ਹੋਈਆਂ ਹਾਰਾਂ ਦੀ ਖਬਰ ਔਰੰਗਜ਼ੇਬ ਕੋਲ ਪਹੁੰਚੀ ਤਾਂ ਉਸ ਨੇ ਸਪਸ਼ਟ ਰੂਪ ਵਿਚ ਅਨੁਭਵ ਕੀਤਾ ਕਿ ਕੁਝ ਸਖਤ ਕਦਮ ਚੁਕਣ ਦੀ ਬਹੁਤ ਲੋੜ ਹੈ, ਇਸ ਲਈ ਉਸ ਨੇ ਆਪਣੇ ਪੁੱਤਰਾਂ ਵਿਚੋਂ ਇਕ ਨੂੰ ਪੰਜਾਬ ਦੇ ਪਹਾੜਾਂ ਵਿਚ ਮੁੜ ਸ਼ਾਂਤੀ ਸਥਾਪਿਤ ਕਰਨ ਲਈ ਭੇਜ ਦਿੱਤਾ।[1] ਸ਼ਹਿਜ਼ਾਦਾ ਲਾਹੌਰ ਆ ਗਿਆ ਅਤੇ ਉਥੋਂ ਉਸ ਨੇ ਇਕ ਅਫਸਰ ਮਿਰਜ਼ਾ ਬੇਗ ਮੁਗਲ ਨੂੰ ਪਹਾੜੀ ਰਾਜਾਂ ਵਿਚ ਮੁੜ ਪਹਿਲਾਂ ਵਰਗੀ ਹਾਲਤ ਲਿਆਉਣ ਲਈ ਭੇਜਿਆ। ਬਦਲਾ ਲੈਣ ਦੇ ਭਾਵ ਨਾਲ ਹੁਣ ਲੜਾਈ ਫਿਰ ਆਰੰਭ ਹੋਈ ਅਤੇ ਗੁਰੂ ਜੀ ਸਾਨੂੰ ਦਸਦੇ ਹਨ ਕਿ ਇਸ ਦਾ ਦੁਖ ਸਭ ਤੋਂ ਪਹਿਲਾਂ ਉਨ੍ਹਾਂ ਡਰਪੋਕ ਅਤੇ ਅਧਰਮੀ ਲੋਕਾਂ ਨੂੰ ਸਹਿਣਾ ਪਿਆ ਜਿਹੜੇ ਸ਼ਹਿਜ਼ਾਦੇ ਦੇ ਆਉਣ ਤੇ ਭੈਭੀਤ ਹੋ ਗਏ ਸਨ ਅਤੇ ਆਪਣਾ ਸਾਰਾ ਮਾਲ-ਧਨ ਲੈ ਕੇ ਪਹਾੜਾਂ ਵਿਚ ਜਾ ਲੁਕੇ ਸਨ।[2] ਇਨ੍ਹਾਂ ਨੂੰ ਨਿਰਦੈਤਾ ਨਾਲ ਲੁਟਿਆ ਗਿਆ। ਜਿਹੜੇ ਮਿਰਜ਼ਾ ਬੇਗ ਦੀ ਲੁੱਟ-ਮਾਰ ਤੋਂ ਬਚੇ ਉਨ੍ਹਾਂ ਉਤੇ ਪਿਛੋਂ ਆਏ ਹੋਏ ਚਾਰ ਨਿਰਦਈ ਅਫਸਰਾਂ ਨੇ ਬਹੁਤ ਜ਼ੁਲਮ ਕੀਤੇ।

ਗੁਰੂ ਜੀ ਦਾ ਇਸ ਵਿਸ਼ੇ ਨੂੰ ਪੇਸ਼ ਕਰਨ ਦਾ ਮੁੱਖ ਮੰਤਵ ਧਰਮ ਪਤਿਤਾ ਤੋਂ ਸਿੱਖਿਆ ਲੈਣਾ ਪ੍ਰਤੀਤ ਹੁੰਦਾ ਹੈ ਅਤੇ ਸ਼ਹਿਜ਼ਾਦੇ ਦੇ ਹੁਕਮ ਹੇਠ, ਪਹਾੜੀ ਰਾਜਿਆਂ ਨੂੰ ਅਧੀਨ ਕਰਨ ਹਿੱਤ ਕੀਤੀਆਂ ਜੰਗੀ ਕਾਰਵਾਈਆਂ ਦਾ ਜਿਥੋਂ ਤਕ ਸੰਬੰਧ ਹੈ, ਸਾਨੂੰ ਉੱਕਾ ਹੀ ਕੁਝ ਨਹੀਂ ਦਸਿਆ ਗਿਆ। ਦੂਜੀਆਂ ਸਿੱਖ ਲਿਖਤਾਂ ਵੀ ਸਾਡੀ ਬਹੁਤੀ ਸਹਾਇਤਾ ਨਹੀਂ

(ਪਿਛਲੇ ਪੰਨੇ ਦਾ ਬਾਕੀ ਫੁਟ ਨੋਟ)

ਕਿ ਜਦ ਚੰਦਨ ਰਾਏ ਮਰ ਗਿਆ ਤਾਂ ਜੁਝਾਰ ਸਿੰਘ ਨੇ ਇੱਕਲੇ ਹੀ ਲੜਾਈ ਜਾਰੀ ਰੱਖੀ। ਸੋ ਇਹ ਅਸੰਭਵ ਨਹੀਂ ਜਾਪਦਾ ਜਦ ਭਾਈ ਕਿਸ਼ਨ ਸਿੰਘ (ਉਪਰੋਕਤ ਰਚਨਾ, ਪੰਨਾ 162) ਚੰਦਨ ਰਾਏ ਨੂੰ ਚੰਦੇਲ ਦਾ ਰਾਜਾ ਦਸਦਾ ਹੈ। ਇਹ ਗੱਲ ਧਿਆਨ ਵਿਚ ਰੱਖਣ ਵਾਲੀ ਹੈ ਕਿ ਭੰਗਾਣੀ ਦੇ ਯੁੱਧ ਵਿਚ ਚੰਦੇਲ ਦੇ ਰਾਜਾ ਗਜੀ ਚੰਦ ਨੇ ਵੀ ਫਤੇ ਸ਼ਾਹ ਦੀ ਸਹਾਇਤਾ ਕੀਤੀ ਸੀ। ਸੋ ਜੇਕਰ ਚੰਦਨ ਰਾਏ ਵੀ ਚੰਦੇਲ ਦਾ ਰਾਜਾ ਸੀ ਤਾਂ ਗਜੀ ਚੰਦ ਜ਼ਰੂਰ ਹੀ ਇਸ ਸਮੇਂ ਤਕ ਮਰ ਚੁਕਿਆ ਸੀ। ਪਰੰਤੂ ਅਸੀਂ ਇਥੇ ਟਿਪਣੀ ਕਰਦੇ ਹਾਂ ਕਿ ਇਕੋ ਘਰਾਣੇ ਦੇ ਪਹਾੜੀ ਰਾਜਿਆਂ ਦੇ ਨਾਵਾਂ ਵਿਚ ਏਨਾ ਅੰਤਰ ਹੈ ਕਿ ਸੁਭਾਵਿਕ ਹੀ ਸ਼ੱਕ ਪੈਦਾ ਹੋ ਜਾਂਦਾ ਹੈ। ਹੋ ਸਕਦਾ ਹੈ ਕਿ ਪਿਛਲੇ ਉਤਾਰੇ ਵਾਲੇ ਨੇ ਗੁਰੂ ਜੀ ਦੀ ਲਿਖਤ ਵਿਚ ਰੱਲਾ ਪਾ ਦਿੱਤਾ ਹੋਵੇ। ਸਾਨੂੰ ਦਸਿਆ ਗਿਆ ਹੈ ਕਿ ਦੂਜੇ ਪਾਸੇ ਦੋ ਸੂਰਬੀਰ ਗਜ ਸਿੰਘ ਅਤੇ ਜਸਵਾਲ ਦਾ ਰਾਜਾ ਸਨ। ਭਾਈ ਕਿਸ਼ਨ ਸਿੰਘ ਦੋਹਾਂ ਨੂੰ ਇਕੋ ਹੀ ਦਸਦਾ ਹੈ ਪਰ ਇਹ ਸਵੀਕਾਰ ਕਰਨਾ ਔਖਾ ਹੈ। ਗਜੀ ਚੰਦ ਅਤੇ ਗਜ ਸਿੰਘ, ਜਾਂ ਗਜ ਸਿੰਘ ਅਤੇ ਰਾਜ ਸਿੰਘ ਵਿਚ ਕੋਈ ਰੱਲਾ ਹੈ, ਇਸ ਬਾਰੇ ਕਹਿਣਾ ਕਠਿਨ ਹੈ। ਗੁਰੂ ਜੀ ਦਾ ਵਰਣਨ ਜਟਿਲ ਪ੍ਰਤੀਤ ਹੁੰਦਾ ਹੈ ਅਤੇ ਦੂਜੇ ਸਿੱਖ ਉਲੇਖਾਂ ਵਿਚ ਇਸ ਘਟਨਾ ਦੀ ਅਣਹੋਂਦ ਕਾਰਨ ਅਸੀਂ ਬਿਲਕੁਲ ਲਾਚਾਰ ਹੋ ਜਾਂਦੇ ਹਾਂ।

1. ਬਚਿਤ੍ਰ ਨਾਟਕ, XIII, 1
2. ਉਹੀ, XIII, 2-4

ਕਰਦੀਆਂ ਪਰੰਤੂ ਫਿਰ ਵੀ ਕੁਝ ਤੱਥ ਸਪਸ਼ਟ ਦਿਖਾਈ ਦਿੰਦੇ ਹਨ। ਇਹ ਪ੍ਰਤੱਖ ਹੈ ਕਿ ਇਹਨਾਂ ਜੰਗੀ ਕਾਰਵਾਈਆਂ ਦਾ ਗੁਰੂ ਜੀ ਤੇ ਬਹੁਤ ਪ੍ਰਭਾਵ ਨਾ ਪਿਆ ਅਤੇ ਰਾਜਿਆਂ ਦੀ ਬਗਾਵਤ ਨੂੰ ਪੂਰੀ ਤਰ੍ਹਾਂ ਦਬਾ ਦਿੱਤਾ ਗਿਆ। ਇਹ ਕਿਹਾ ਜਾਂਦਾ ਹੈ ਕਿ ਮੁਗਲ ਜਰਨੈਲ "ਮਿਰਜ਼ਾ ਬੇਗ ਨੇ ਰਾਜਿਆਂ ਨੂੰ ਚੰਗਾ ਸਬਕ ਸਿਖਾਇਆ। ਉਸ ਨੇ ਉਪਰੋਥਲੀ ਉਹਨਾਂ ਨੂੰ ਹਰਾਇਆ, ਉਨ੍ਹਾਂ ਦੇ ਦੇਸ਼ ਨੂੰ ਲੁਟ ਲਿਆ ਗਿਆ, ਪਿੰਡ ਸਾੜ ਦਿੱਤੇ ਗਏ ਅਤੇ ਸੈਂਕੜੇ ਲੋਕਾਂ ਨੂੰ ਕੈਦੀ ਬਣਾ ਲਿਆ ਗਿਆ ਅਤੇ ਦੂਜਿਆਂ ਨੂੰ ਸਬਕ ਦੇਣ ਲਈ ਉਨ੍ਹਾਂ ਦੇ ਸਿਰ ਮੂੰਹ ਮੁੰਨ ਕੇ ਮੂੰਹ ਕਾਲੇ ਕੀਤੇ ਗਏ ਅਤੇ ਗਧਿਆਂ ਉੱਤੇ ਬਿਠਾ ਕੇ ਹਲਚਲੀ ਵਾਲੇ ਸਾਰੇ ਇਲਾਕਿਆਂ ਵਿਚ ਫੇਰਿਆ ਗਿਆ।"[1] ਭਾਵੇਂ ਸਾਡੇ ਲਈ ਇਨ੍ਹਾਂ ਵੇਰਵਿਆਂ ਨੂੰ ਸਵੀਕਾਰ ਕਰਨਾ ਕਠਿਨ ਹੈ ਪਰ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਇਸ ਅਵਸਰ ਤੇ ਰਾਜਿਆਂ ਨੂੰ ਚੰਗਾ ਸਬਕ ਸਿਖਾਇਆ ਗਿਆ। ਜਿਥੋਂ ਤਕ ਸਾਡਾ ਗਿਆਨ ਹੈ ਇਨ੍ਹਾਂ ਕਥਨਾਂ ਦੀ ਕੁਝ ਅਸਪਸ਼ਟ ਜਿਹੀ ਪੁਸ਼ਟੀ 'ਬਚਿਤ੍ਰ ਨਾਟਕ' ਤੋਂ ਮਿਲਦੀ ਹੈ। ਗੁਰੂ ਜੀ ਵਰਣਨ ਕਰਦੇ ਹਨ ਕਿ ਸਾਥ ਛੱਡ ਜਾਣ ਵਾਲਿਆਂ ਨੂੰ ਮਿਰਜ਼ਾ ਬੇਗ ਅਤੇ ਉਸ ਦੇ ਉੱਤਰਾਧਿਕਾਰੀਆਂ ਨੇ ਕਿਵੇਂ ਸਖਤ ਸਜ਼ਾਵਾਂ ਦਿੱਤੀਆਂ ਪਰੰਤੂ ਵਿਚਾਰ-ਅਧੀਨ ਬੰਦਾਂ ਵਿਚ ਕੋਈ ਅਜੇਹੀ ਗੱਲ ਨਹੀਂ ਜੋ ਪਹਾੜੀ ਰਾਜਿਆਂ ਨੂੰ ਉਨ੍ਹਾਂ ਬੇਮੁਖੀਆਂ ਨਾਲ ਜੋੜੇ ਭਾਵੇਂ ਇਹ ਹੋ ਸਕਦਾ ਹੈ ਕਿ ਉਨ੍ਹਾਂ ਦੀ ਕੁਝ ਪ੍ਰਜਾ ਬੇਮੁਖਾਂ ਦੀ ਸਾਥੀ ਹੋਵੇ। ਇਸ ਤੋਂ ਇਲਾਵਾ, ਜਿਵੇਂ ਕਿ ਅਸੀਂ ਪਹਿਲਾਂ ਵੀ ਸੰਕੇਤ ਕਰ ਚੁੱਕੇ ਹਾਂ ਗੁਰੂ ਜੀ ਦਾ ਮੰਤਵ "ਆਪਣੇ ਆਤਮਿਕ ਗੁਰੂ ਪ੍ਰਤਿ ਵਫਾਦਾਰੀ" ਦੇ ਉਪਦੇਸ਼ ਨੂੰ ਪ੍ਰਚਾਰਨ ਦਾ ਪ੍ਰਤੀਤ ਹੁੰਦਾ ਹੈ। ਇਸ ਲਈ ਸਾਨੂੰ ਉਨ੍ਹਾਂ ਦੇ ਸ਼ਬਦਾਂ ਨੂੰ ਹੂ-ਬ-ਹੂ ਸੱਚ ਨਹੀਂ ਮੰਨ ਲੈਣਾ ਚਾਹੀਦਾ, ਵਿਸ਼ੇਸ਼ ਕਰਕੇ ਕਿਉਂਕਿ ਉਹ ਨਿਰਦਈ ਸਜ਼ਾਵਾਂ ਦੀ ਨਿਰਲਜਤਾ ਅਤੇ ਦੁਰਗਤੀ ਨੂੰ ਭਾਰਤ ਦੇ ਰਵਾਇਤੀ ਢੰਗ ਵਿਚ ਵਰਣਨ ਕਰਦੇ ਹਨ।

ਦੂਜੇ ਪ੍ਰਸ਼ਨ ਸੰਬੰਧੀ, ਅਰਥਾਤ ਗੁਰੂ ਜੀ ਦੇ ਪਹਾੜੀ ਰਾਜਿਆਂ ਉਪਰ ਪਈ ਆਮ ਬਿਪਤਾ ਤੋਂ ਬਚਣ ਬਾਰੇ, ਗੁਰ ਬਿਲਾਸ ਵਿਚ ਦਿੱਤੀ ਗਈ ਕਹਾਣੀ ਪ੍ਰਵਾਨ ਕਰਨੀ ਹੀ ਚਾਹੀਦੀ ਹੈ।[2] ਸਾਨੂੰ ਦਸਿਆ ਗਿਆ ਹੈ ਕਿ ਦਿੱਲੀ ਦੇ ਇਕ ਨੰਦ ਚੰਦ ਖਤਰੀ ਨੇ, ਜਿਸ ਦਾ ਕਿ ਸ਼ਹਿਜ਼ਾਦੇ ਨਾਲ ਅਸਰ ਰਸੂਖ ਸੀ, ਗੁਰੂ ਜੀ ਕੋਲੋਂ ਹਾਮੀ ਭਰੀ ਸੀ। ਇਹੀ ਕਾਰਨ ਸੀ ਕਿ ਗੁਰੂ ਜੀ ਨੂੰ ਸਾਰੀ ਬਗਾਵਤ ਵਿਚ ਮਹੱਤਵਪੂਰਣ ਭਾਗ ਲੈਣ ਦੇ ਬਾਵਜੂਦ ਤੰਗ ਨਾ ਕੀਤਾ ਗਿਆ ਜਦ ਕਿ ਮਿਰਜ਼ਾ ਬੇਗ ਅਤੇ ਉਸ ਦੇ ਉੱਤਰਾਧਿਕਾਰੀਆਂ ਦੀ ਸਾਰੀ ਸਖਤੀ, ਮੰਦੇ ਭਾਗਾਂ ਨੂੰ ਪਹਾੜੀ ਰਾਜਿਆਂ ਤੇ ਪਈ। ਪਰੰਤੂ ਗੁਰੂ ਜੀ ਨੂੰ ਵੀ ਬੜੇ ਬੇਚੈਨੀ ਦੇ ਸਮੇਂ ਵਿਚੋਂ ਲੰਘਣਾ ਪਿਆ। ਇਹ ਗੱਲ ਉਨ੍ਹਾਂ ਦੇ ਕੁਝ ਪੱਤਰਾਂ ਤੋਂ ਸਿੱਧ ਹੁੰਦੀ

1. ਨਾਰੰਗ, ਉਪਰੋਕਤ ਰਚਨਾ, ਪੰਨਾ 156
2. ਗੁਰ ਬਿਲਾਸ, XVI, 171, 172

ਹੈ ਜਿਹੜੇ ਕਿ ਚੰਗੇ ਭਾਗਾਂ ਨੂੰ ਸਾਡੇ ਤਕ ਪਹੁੰਚੇ ਹਨ ।[1]

---

1. ਇਕ ਚਿੱਠੀ ਫੂਲਕੀਆਂ ਘਰਾਣੇ ਦੇ ਬਜ਼ੁਰਗਾਂ ਦੇ ਨਾਂ ਸੀ ਜਿਸ ਵਿਚ ਗੁਰੂ ਜੀ ਨੇ ਤੁਰੰਤ ਸਹਾਇਤਾ ਲਈ ਕਿਹਾ ਸੀ। ਸਾਰੀ ਚਿੱਠੀ ਦੀ ਇਬਾਰਤ ਭਾਈ ਕਾਨ੍ਹ ਸਿੰਘ ਨੇ ਮਹਾਨ ਕੋਸ਼ ਵਿਚ ਦਿੱਤੀ ਹੈ ਅਤੇ ਇਸ ਦੀ ਮਿਤੀ ਸੰਮਤ 1753 (1696 ਈ.) ਹੈ। ਦੇਖੋ ਪਰਿਸ਼ਿਸ਼ਟ 'ਅ' ਅਤੇ ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 224।

ਢਾਕੇ ਦੀ ਸੰਗਤ ਨੂੰ ਲਿਖੇ ਇਕ ਖਤ ਵਿਚ ਗੁਰੂ ਜੀ ਤਲਵਾਰਾਂ, ਕਪੜੇ ਅਤੇ ਪੈਸੇ ਮਿਲਣ ਬਾਰੇ ਦੱਸਦੇ ਹਨ ਅਤੇ ਹੋਰ ਭੇਜਣ ਲਈ ਕਹਿੰਦੇ ਹਨ। ਇਕ ਹੋਰ ਖਤ ਵਿਚ ਉਹ ਇਕ ਅਵਲ ਦਰਜੇ ਦੇ ਜੰਗੀ ਹਾਥੀ ਦੀ ਮੰਗ ਕਰਦੇ ਹਨ ਅਤੇ ਤੀਜੇ ਖਤ ਵਿਚ "ਸ਼ਰਧਾਲੂਆਂ ਨੂੰ ਦਰਸ਼ਨ ਲਈ ਪੂਰੀ ਤਰ੍ਹਾਂ ਹਥਿਆਰਬੰਦ" ਹੋ ਕੇ ਆਉਣ ਲਈ ਕਿਹਾ ਹੈ। ਅਫਸੋਸ ਹੈ ਕਿ ਇਨ੍ਹਾਂ ਖਤਾਂ ਉਤੇ ਕੋਈ ਮਿਤੀ ਨਹੀਂ ਹੈ ਪਰ ਫਿਰ ਵੀ ਅਸੀਂ ਵਿਸਵਾਸ਼ ਕਰ ਸਕਦੇ ਹਾਂ ਕਿ ਉਹ ਉਸੇ ਕਾਲ ਦੇ ਹਨ ਜਿਸ ਨੂੰ ਅਸੀਂ ਵਿਚਾਰ ਰਹੇ ਹਾਂ।

(ਦੇਖੋ ਢਾਕਾ ਰੀਵੀਊ, 1915, ਪੰਨਾ 23, 1916, ਪੰਨਾ 316, 318)।

ਅਧਿਆਇ 4

ਗੁਰੂ ਗੋਬਿੰਦ ਸਿੰਘ—ਸੁਧਾਰ

I. ਗੁਰੂ ਜੀ ਦਾ ਉਦੇਸ਼

ਹੁਣ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਕੇਂਦਰੀ ਤੱਥਾਂ, ਮਹੱਤਵਪੂਰਨ ਕਾਲ ਵਲ ਆਉਂਦੇ ਹਾਂ। ਉਨ੍ਹਾਂ ਦੀ ਗੁਰਿਆਈ ਨੂੰ, ਸਾਡੇ ਵਿਚਾਰ ਵਿਚ, ਸਹਿਜੇ ਹੀ ਦੋ ਸਪਸ਼ਟ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ। ਦੋਨਾਂ ਹੀ ਕਾਲਾਂ ਵਿਚ ਉਨ੍ਹਾਂ ਨੇ ਵੱਖ ਵੱਖ ਉਦੇਸ਼ਾਂ ਨੂੰ ਪ੍ਰਚਾਰਿਆ ਜਾਪਦਾ ਹੈ। ਇਸ ਮੰਤਵ ਲਈ 1699 ਈ. ਵਿਚ ਕੇਸਗੜ੍ਹ ਵਿਖੇ ਭਾਰੀ ਦੀਵਾਨ ਬੁਲਾਉਣ ਅਤੇ ਪਹੁਲ ਸ਼ੁਰੂ ਕਰਨ ਨੂੰ ਨਿਖੇੜੂ ਬਿੰਦੂ ਮੰਨਣਾ ਚਾਹੀਦਾ ਹੈ ਅਤੇ ਇਨ੍ਹਾਂ ਦੋਹਾਂ ਕਾਲਾਂ ਨੂੰ 'ਪੂਰਵ ਖਾਲਸਾ ਕਾਲ' ਅਤੇ 'ਖਾਲਸਾ ਪਸ਼ਚਾਤ ਕਾਲ' ਦਾ ਨਾਂ ਦਿੱਤਾ ਜਾ ਸਕਦਾ ਹੈ। ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਪੂਰਵ ਖਾਲਸਾ ਕਾਲ ਵਿਚ ਗੁਰੂ ਜੀ ਦਾ ਉਦੇਸ਼ ਹੌਲੇ ਹੌਲੇ ਪਹਾੜੀ ਰਾਜਿਆਂ ਦੇ ਭਾਈਚਾਰੇ ਵਿਚ ਪ੍ਰਵੇਸ਼ ਕਰਨਾ ਅਤੇ ਆਪਣੇ ਆਪ ਨੂੰ ਉਨ੍ਹਾਂ ਦੇ ਬਰਾਬਰ ਕਰਨਾ ਜਾਪਦਾ ਹੈ। ਜਦ ਉਨ੍ਹਾਂ ਰਾਜਿਆਂ ਨੇ ਮੁਗਲ ਸਰਕਾਰ ਵਿਰੁਧ ਬਗਾਵਤ ਖੜੀ ਕੀਤੀ ਤਾਂ ਗੁਰੂ ਜੀ ਉਨ੍ਹਾਂ ਦੇ ਮਨੋਰਥ ਨਾਲ ਆਪਣੇ ਆਪ ਨੂੰ ਪੂਰਨ ਭਾਂਤ ਇਕਮਿਕ ਕਰਦੇ ਹਨ ਅਤੇ ਸਾਂਝੇ ਮਨੋਰਥ ਦੀ ਸਫਲਤਾ ਲਈ ਹਰ ਸੰਭਵ ਯਤਨ ਕਰਦੇ ਹਨ। ਪਰੰਤੂ ਗੁਰੂ ਜੀ ਅਤੇ ਪਹਾੜੀ ਰਾਜਿਆਂ ਵਿਚਕਾਰ ਬੁਨਿਆਦੀ ਫਰਕ ਸਨ ਅਤੇ ਜਦ ਰਾਜਿਆਂ ਦੀ ਬਗਾਵਤ ਨੂੰ ਪੂਰੀ ਤਰ੍ਹਾਂ ਦਬਾ ਦਿੱਤਾ ਗਿਆ ਅਤੇ ਉਹ ਮੁਗਲ ਸਰਕਾਰ ਦੀ ਤਾਬੇਦਾਰੀ ਵਿਚ ਮੁੜ ਚਲੇ ਗਏ ਤਾਂ ਗੁਰੂ ਜੀ ਬਿਲਕੁਲ ਇਕੱਲੇ ਰਹਿ ਗਏ। ਸਹਿਜ਼ਾਦੇ ਦੀ ਸਹਿਨਸ਼ੀਲਤਾ ਨੇ ਉਨ੍ਹਾਂ ਨੂੰ ਨਿਰਸੰਦੇਹ ਆਰਜ਼ੀ ਤੌਰ ਤੇ ਵਿਸ਼ਰਾਮ ਕਰਨ ਦਿੱਤਾ ਪਰੰਤੂ ਜ਼ੁਲਮ ਦੀ ਹਨੇਰੀ ਕਦੇ ਵੀ ਝੁਲ ਸਕਦੀ ਸੀ ਅਤੇ ਗੁਰੂ ਜੀ ਹੁਣ ਆਪਣੇ ਅਤੇ ਆਪਣੇ ਅਨੁਯਾਈਆਂ ਤੋਂ ਬਿਨਾਂ ਕਿਸੇ ਹੋਰ ਤੇ ਨਿਰਭਰ ਨਹੀਂ ਹੋ ਸਕਦੇ ਸਨ। ਇਸ ਲਈ ਉਹ ਤੁਰੰਤ ਆਪਣੇ ਘਰ ਨੂੰ ਠੁੱਕ-ਸਿਰ ਕਰਨ ਅਤੇ ਆਪਣੇ ਅਨੁਯਾਈਆਂ ਦੀ ਵਿਚਾਰਧਾਰਾ ਵਿਚ ਪਰਿਵਰਤਨ ਲਿਆਉਣ ਵਿਚ ਰੁਝ ਗਏ। ਉਨ੍ਹਾਂ ਨੂੰ ਕਿਸੇ ਹੋਰ ਦੀ ਸਹਾਇਤਾ ਤੋਂ ਬਿਨਾਂ ਨਿਰੋਲ ਆਪਣੀ ਹੀ ਸ਼ਕਤੀ ਦੁਆਰਾ ਸਥਿਤੀ ਦਾ ਮੁਕਾਬਲਾ ਕਰਨ ਦੇ ਯੋਗ ਬਣਾਉਣਾ ਸੀ ਅਤੇ ਇਸ ਮੰਤਵ ਦੀ ਪ੍ਰਾਪਤੀ ਲਈ ਗੁਰੂ ਜੀ ਨੇ ਜਿਹੜੇ ਕਦਮ ਉਠਾਏ ਉਨ੍ਹਾਂ ਨੇ ਖਾਲਸੇ ਨੂੰ ਹੋਂਦ ਵਿਚ ਲਿਆਂਦਾ।

ਬਚਿਤ੍ਰ ਨਾਟਕ ਵਿਚ, ਜਿਸ ਦੀ ਰਚਨਾ, ਸੰਭਵ ਹੈ, ਇਸ ਸਮੇਂ ਦੇ ਲਾਗੇ ਹੋਈ, ਗੁਰੂ ਜੀ ਉਨ੍ਹਾਂ ਉਦੇਸ਼ਾਂ ਦੀ ਜਿਹੜੇ ਕਿ ਉਹ ਪ੍ਰਾਪਤ ਕਰਨਾ ਚਾਹੁੰਦੇ ਸਨ, ਆਪ ਵਿਆਖਿਆ ਕਰਦੇ ਹਨ। ਗੁਰੂ ਜੀ ਨੇ ਜੋ ਕੁਝ ਰਚਿਆ ਹੈ ਉਸ ਵਿਚੋਂ ਬਹੁਤਾ ਹਿੱਸਾ ਸਾਡੇ ਖੇਤਰ

ਤੋਂ ਪਰੇ ਹੈ ਅਤੇ ਘੱਟ ਵੱਧ ਰੂਪ ਵਿਚ ਇਹ ਮਿਥਿਹਾਸਕ ਮੰਡਲ ਦਾ ਹੈ ਪਰੰਤੂ ਉਨ੍ਹਾਂ ਕੁਝ ਇਕ ਗੱਲਾਂ ਤਕ ਪਹੁੰਚਣਾ ਔਖਾ ਨਹੀਂ ਜਿਹੜੀਆਂ ਕਿ ਉਹ ਕਹਿਣਾ ਚਾਹੁੰਦੇ ਸਨ। ਗੁਰੂ ਜੀ ਸੋਢੀ ਘਰਾਣੇ ਦੇ ਮੂਲ ਦਾ ਵਰਣਨ ਕਰਦੇ ਹਨ। ਇਸ ਘਰਾਣੇ ਦੇ ਉਹ ਆਪ ਵੀ ਸਨ।[1] ਫਿਰ ਵਿਸ਼ੇਸ਼ ਰੂਪ ਵਿਚ ਆਪਣੇ ਬਾਰੇ ਕਹਿੰਦੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਹੇਮਕੁੰਟ ਪਰਬਤ ਉਤੇ ਤਪ ਸਾਧ ਰਹੇ ਸਨ ਅਤੇ ਘੋਰ ਤਪਸਿਆ ਦੁਆਰਾ ਉਹ ਪਰਮਾਤਮਾ ਵਿਚ ਅਭੇਦ ਹੋ ਗਏ ਸਨ। ਪਰੰਤੂ ਪਰਮਾਤਮਾ ਦੇ ਹੁਕਮ ਨਾਲ ਉਨ੍ਹਾਂ ਨੂੰ ਜਨਮ ਲੈਣਾ ਪਿਆ ਭਾਵੇਂ ਉਨ੍ਹਾਂ ਦਾ ਆਪਣਾ ਮਨ ਆਉਣ ਲਈ ਤਿਆਰ ਨਹੀਂ ਸੀ। ਇਸ ਤੋਂ ਅੱਗੇ ਲੰਮਾ ਬਿਰਤਾਂਤ ਹੈ ਜਿਸ ਵਿਚ ਪਰਮਾਤਮਾ ਉਨ੍ਹਾਂ ਨੂੰ ਦੈਂਤਾਂ, ਦੇਵਤਿਆਂ ਅਤੇ ਅੱਠ ਸਖੀਆਂ, ਸਿੱਧਾਂ, ਸਾਧਾਂ ਅਤੇ ਰਿਖੀਆਂ ਬਾਰੇ ਦਸਦੇ ਹਨ ਜਿਨ੍ਹਾਂ ਦੀ ਪਰਮਾਤਮਾ ਨੇ ਕ੍ਰਮਵਾਰ ਰਚਨਾ ਕੀਤੀ। ਇਨ੍ਹਾਂ ਵਿਚੋਂ ਕਿਸੇ ਨੇ ਵੀ ਪਰਮਤੱਤ ਨੂੰ ਨਾ ਪਛਾਣਿਆ ਅਤੇ ਹਰ ਕੋਈ ਆਪਣੇ ਆਪ ਵਿਚ ਹੀ ਮਗਨ ਹੋ ਗਿਆ। ਸੱਚ ਇਹ ਹੈ "ਜੋ ਕੋਈ ਜਗਤ ਵਿਚ ਸਿਆਣਾ ਹੁੰਦਾ ਉਹ ਆਪਣਾ ਆਪਣਾ ਪੰਥ ਸਥਾਪਿਤ ਕਰ ਲੈਂਦਾ, ਸਿਰਜਨਹਾਰ ਨੂੰ ਕੋਈ ਨਾ ਪਛਾਣਦਾ।" ਫਿਰ ਅਕਾਲ-ਪੁਰਖ ਪੈਗੰਬਰਾਂ ਬਾਰੇ ਕਹਿੰਦੇ ਹਨ, ਪਰ ਉਨ੍ਹਾਂ ਵੀ ਆਪਣੇ ਵਿਚ ਹੀ ਖਚਿਤ ਹੋ ਕੇ ਛੇਤੀ ਹੀ ਪਾਰਬ੍ਰਹਮ ਨੂੰ ਵਿਸਾਰ ਦਿੱਤਾ ਤੇ 'ਸਤਿਨਾਮ' ਨੂੰ ਮਨੁੱਖਾਂ ਦੇ ਮਨ ਵਿਚ ਦ੍ਰਿੜਾਉਣ ਲਈ ਉਕਾ ਹੀ ਅਸਫਲ ਹੋ ਗਏ। ਅੰਤ ਵਿਚ ਅਕਾਲ-ਪੁਰਖ ਗੁਰੂ ਜੀ ਨੂੰ ਕਹਿੰਦੇ ਹਨ :—

> "ਮੈਂ ਅਪਨਾ ਸੁਤ ਤੋਹਿ ਨਿਵਾਜਾ ॥
> ਪੰਥ ਪ੍ਰਚੁਰ ਕਰਬੇ ਕਹੁ ਸਾਜਾ ॥
> ਜਾਹਿ ਤਹਾਂ ਤੈ ਧਰਮ ਚਲਾਇ ॥
> ਕਬੁਧਿ ਕਰਨ ਤੇ ਲੋਕ ਹਟਾਇ ॥"[2]

ਇਹ ਸਾਰੀ ਲੰਮੀ ਵਾਰਤਾ ਦਾ ਨਚੋੜ ਹੈ ਅਤੇ ਸਾਡੇ ਵਿਚਾਰ ਅਨੁਸਾਰ ਇਥੇ ਇਕੋ ਹੀ ਗੱਲ ਵਿਚਾਰ ਗੋਚਰ ਕਰਨ ਵਾਲੀ ਇਹ ਹੈ ਕਿ ਇਥੇ ਗੁਰੂ ਜੀ ਆਪਣੇ ਮਿਸ਼ਨ ਦੀ ਦੈਵੀ ਪ੍ਰਵਾਨਗੀ ਦਾ ਪ੍ਰਤੱਖ ਦਾਅਵਾ ਕਰਦੇ ਹਨ।

ਫਿਰ ਗੁਰੂ ਜੀ ਸਾਨੂੰ ਆਪਣੇ ਧਰਮ ਦਾ ਮੂਲ ਤੱਤ ਦਸਦੇ ਹਨ। ਉਨ੍ਹਾਂ ਨੂੰ ਭੇਤ ਦੇਣ ਉਪਰੰਤ ਪਰਮਾਤਮਾ ਨੇ ਉਨ੍ਹਾਂ ਨੂੰ ਇਸ ਸੰਸਾਰ ਵਿਚ ਭੇਜਿਆ। ਜੋ ਕੁਝ ਪਰਮਾਤਮਾ ਨੇ ਉਨ੍ਹਾਂ ਨੂੰ ਕਿਹਾ ਸੀ ਉਹੋ ਕੁਝ ਹੀ ਉਹ ਸੰਸਾਰ ਨੂੰ ਦੱਸਣਗੇ ਅਤੇ ਕਿਸੇ ਪ੍ਰਾਣੀ ਦੇ ਭੈ ਕਾਰਨ ਉਹ ਚੁਪ ਨਹੀਂ ਰਹਿਣਗੇ। ਧਾਰਮਿਕ ਭੇਖਾਂ ਦੀ ਉਨ੍ਹਾਂ ਨੂੰ ਕੋਈ ਪਰਵਾਹ ਨਹੀਂ, ਨਾ ਹੀ ਜਟਾਂ ਅਤੇ ਮੁੰਦਰਾਂ ਦੀ, ਪਰੰਤੂ "ਉਹ ਅਦ੍ਰਿਸ਼ਟ ਦਾ ਬੀਜ ਬੀਜਣਗੇ" ਅਤੇ ਅਨੰਤ ਦੇ ਨਾਮ ਦੇ ਜਾਪ ਦੁਆਰਾ ਪਰਮ-ਪੁਰਖ ਨੂੰ ਪ੍ਰਾਪਤ ਕਰਨਾ ਸਿਖਾਣਗੇ। ਉਹ ਕਿਸੇ ਦੂਜੇ

---

1. ਇਸੇ ਰਚਨਾ ਦੀ ਪਹਿਲੀ ਸੈਂਚੀ ਵਿਚ ਇਸ ਦੀ ਵਾਰਤਾ ਦਿੱਤੀ ਗਈ ਹੈ।
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 296-299

ਨਾਮ ਦੀ ਪਰਵਾਹ ਨਹੀਂ ਕਰਨਗੇ ਅਤੇ ਨਾ ਹੀ ਆਪਣੇ ਮਨ ਵਿਚ ਕਿਸੇ ਹੋਰ ਦੇਵ ਦੀ ਥਾਪਣਾ ਕਰਨਗੇ। ਉਹ ਕੇਵਲ ਅਨੰਤ ਨੂੰ ਧਿਆਉਣਗੇ ਜਿਹੜਾ ਅਨੰਤ ਦੁਖਾਂ ਨੂੰ ਦੂਰ ਕਰੇਗਾ ਅਤੇ ਜਿਹੜੇ ਕਿਸੇ ਹੋਰ ਦੀ ਆਰਾਧਨਾ ਕਰਨਗੇ, ਵਾਦਵਿਵਾਦ ਅਤੇ ਝਗੜਿਆਂ ਕਾਰਨ ਮਰ ਜਾਣਗੇ। ਫੋਕਟ ਧਰਮ ਭਰਮ ਸਮਝਣਾ ਚਾਹੀਦਾ ਹੈ ਕਿਉਂਕਿ ਪਰਮਾਤਮਾ ਦੰਭ, ਭੇਖ ਜਾਂ ਸੁਆਂਗ ਨਾਲ ਪ੍ਰਾਪਤ ਨਹੀਂ ਹੋ ਸਕਦਾ। ਕੇਵਲ "ਉਹੀ ਧਰਮ-ਪੁਰਖ ਨੂੰ ਪਛਾਣਦਾ ਹੈ ਜੋ ਆਪਣੇ ਨੂੰ ਵਸ ਵਿਚ ਰਖਦਾ ਹੈ।" ਇਹ ਸਭ ਕੁਝ ਉਨ੍ਹਾਂ ਸਿੱਧਾਂਤਾਂ ਦੇ ਅਨੁਕੂਲ ਹੈ ਜਿਨ੍ਹਾਂ ਨੂੰ ਅੱਜ ਤੱਕ ਸਿੱਖ ਮਤ ਦੇ ਮੂਲ ਤੱਤ ਸਮਝਿਆ ਜਾਂਦਾ ਹੈ। ਜਦ ਗੁਰੂ ਜੀ ਇਹ ਕਹਿੰਦੇ ਹਨ ਤਾਂ ਉਹ ਉੱਕਾ ਹੀ ਨਵਾਂ ਇਸ਼ਾਰਾ ਦਿੰਦੇ ਹਨ :

"ਹਮ ਏਹ ਕਾਜ ਜਗਤ ਮੋ ਆਏ ॥
ਧਰਮ ਹੇਤ ਗੁਰਦੇਵ ਪਠਾਏ ॥
ਜਹਾਂ-ਤਹਾਂ ਤੁਮ ਧਰਮ ਬਿਥਾਰੋ ॥
ਦੁਸ਼ਟ ਦੋਖੀਅਨ ਪਕਰਿ ਪਛਾਰੋ ॥
ਯਾਂ ਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ ॥
ਧਰਮ ਚਲਾਵਨ ਸੰਤ ਉਬਾਰਨ ॥
ਦੁਸ਼ਤ ਸਭਨ ਕੋ ਮੂਲ ਉਪਾਰਨ।"[1]

ਇਥੇ ਦੋ ਗੱਲਾਂ ਦੇਖਣੀਆਂ ਜ਼ਰੂਰੀ ਹਨ। ਪਹਿਲੀ ਗੱਲ ਇਹ ਹੈ ਕਿ ਜੋ ਕੁਝ ਅਸੀਂ ਇਥੇ ਦੇਖਦੇ ਹਾਂ ਉਹ ਸਿੱਖ ਮੱਤ ਦੇ ਆਰੰਭਿਕ ਦਿਨਾਂ ਵਿਚ ਇਸ ਦੇ ਵਿਆਪਕ ਸੁਭਾਅ ਤੋਂ ਪਰੇ ਦੀ ਗੱਲ ਹੈ; ਸਥਾਨਕ ਮੁਸਲਮਾਨਾਂ ਹਥੋਂ ਵਾਰ ਵਾਰ ਤੰਗ ਕੀਤੇ ਜਾਣ ਤੇ ਜਦ ਗੋਇੰਦਵਾਲ ਦੇ ਸਿੱਖਾਂ ਨੇ ਨਿਰਾਸ਼ ਹੋ ਕੇ ਗੁਰੂ ਅਮਰਦਾਸ ਜੀ ਤੋਂ ਪੁੱਛ ਕੀਤੀ ਕਿ ਇਹ ਜ਼ੁਲਮ ਅਸੀਂ ਹੋਰ ਕਿੰਨਾਂ ਚਿਰ ਸਹਿਣ ਕਰਾਂਗੇ ਤਾਂ ਗੁਰੂ ਜੀ ਨੇ ਉੱਤਰ ਦਿੱਤਾ, "ਜਿੰਨਾ ਚਿਰ ਤੁਸੀਂ ਜੀਵਿਤ ਹੋ; ਸੰਤਾਂ ਲਈ ਬਦਲਾ ਲੈਣਾ ਉਚਿਤ ਨਹੀਂ।" ਪਰੰਤੂ ਗੁਰੂ ਗੋਬਿੰਦ ਸਿੰਘ ਜੀ ਹੁਣ ਸਾਰੇ ਦੁਸ਼ਟਾਂ ਨੂੰ ਜੜ੍ਹੋਂ ਪੁਟ ਦੇਣ ਲਈ ਕਹਿੰਦੇ ਹਨ। 'ਗੁਰ ਬਿਲਾਸ' ਵਿਚ ਇਕ ਵਾਰਤਾ ਦਿੱਤੀ ਹੋਈ ਹੈ ਜੋ ਇਸ ਸੰਬੰਧ ਵਿਚ ਸਾਨੂੰ ਬਹੁਤ ਹੀ ਵਿਰੋਧੀ ਪ੍ਰਤੀਤ ਹੁੰਦੀ ਹੈ ਅਤੇ ਇਸ ਦੀ ਮਹੱਤਾ ਕਾਰਨ ਅਸੀਂ ਇਥੇ ਇਸ ਦਾ ਵਰਣਨ ਕਰਾਂਗੇ। ਇਹ ਕਿਹਾ ਗਿਆ ਹੈ ਕਿ ਗੁਰੂ ਜੀ ਆਪਣੇ ਜੀਵਨ ਦੇ ਅੰਤਲੇ ਦਿਨਾਂ ਵਿਚ ਔਰੰਗਜ਼ੇਬ ਦੇ ਸੱਦੇ ਤੇ ਆਪਣੇ ਥੋੜੇ ਜਿਹੇ ਸਾਥੀਆਂ ਨਾਲ ਦੱਖਣ ਵਲ ਜਾ ਰਹੇ ਸਨ ਅਤੇ ਉਹ ਦਾਦੂ ਦੇ ਚੇਲਿਆਂ ਦੇ ਇਕ ਮੰਦਰ ਕੋਲੋਂ ਲੰਘੇ। ਮੰਦਰ ਦੇ ਪੁਜਾਰੀ ਨੇ ਸਾਥੀ ਸਿੱਖਾਂ ਪਾਸੋਂ ਗੁਰੂ ਜੀ ਬਾਰੇ ਅਤੇ ਉਨ੍ਹਾਂ ਦੀਆਂ ਪਰਿਸਥਿਤੀਆਂ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਗੁਰੂ ਜੀ ਨੂੰ ਅੰਦਰ ਆਉਣ ਅਤੇ ਥੋੜਾ ਚਿਰ ਆਰਾਮ ਕਰਨ ਲਈ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 300, 301

ਨਿਮੰਤ੍ਰਿਤ ਕੀਤਾ । ਗੁਰੂ ਜੀ ਨੇ ਉਸ ਦੀ ਅਰਜ਼ ਮੰਨ ਲਈ । ਜਦ ਦੋਵੇਂ ਬੈਠ ਗਏ ਤਾਂ ਪੁਜਾਰੀ ਨੇ ਗੁਰੂ ਜੀ ਨੂੰ ਦੱਸਿਆ ਕਿ ਸੰਸਾਰ ਦੀ ਕਿਸੇ ਚੀਜ਼ ਤੇ ਵੀ ਆਪਣਾ ਹੱਕ ਨਹੀਂ ਰੱਖਣਾ ਚਾਹੀਦਾ ਅਤੇ ਉਨ੍ਹਾਂ ਨੂੰ ਦੁਖ ਇਸ ਲਈ ਸਹਿਣੇ ਪਏ ਹਨ ਕਿਉਂਕਿ ਉਨ੍ਹਾਂ ਨੇ ਅਜੇਹਾ ਕੀਤਾ ਸੀ । ਉੱਤਰ ਵਿਚ ਗੁਰੂ ਜੀ ਨੇ ਕਿਹਾ ਕਿ ਹਰ ਪ੍ਰਕਾਰ ਦਾ ਹੱਕ ਰੱਖਣਾ ਅਤੇ ਲਾਗੂ ਕਰਨਾ ਚਾਹੀਦਾ ਹੈ ਅਤੇ ਸਾਰੇ ਦੁਸ਼ਮਣਾਂ ਨੂੰ ਲੁਟਣਾ ਚਾਹੀਦਾ ਹੈ । ਕੁਝ ਦੇਰ ਚੁਪ ਛਾ ਗਈ ਅਤੇ ਦਾਦੂ ਦੇ ਚੇਲੇ ਨੇ ਫਿਰ ਕਿਹਾ ਕਿ ਕਲਯੁੱਗ ਦੀਆਂ ਪਰਿਸਥਿਤੀਆਂ ਨੂੰ ਧਿਆਨ ਵਿਚ ਰੱਖੀਏ ਤਾਂ ਜੇਕਰ ਕੋਈ ਕਿਸੇ ਨੂੰ ਇੱਟ ਮਾਰਦਾ ਹੈ ਤਾਂ ਉਸ ਅੱਗੇ ਆਪਣਾ ਸਿਰ ਨੀਵਾਂ ਕਰ ਦੇਣਾ ਚਾਹੀਦਾ ਹੈ । ਸਾਰੇ ਸੰਤਾਂ ਦਾ ਵਿਚਾਰ ਹੈ ਕਿ ਇਸ ਯੁੱਗ ਵਿਚ ਖਿਮਾ, ਸੰਤੋਖ ਅਤੇ ਨਿਮਰਤਾ, ਜੀਵਨ ਦੀ ਅਗਵਾਈ ਦੇ ਸਿੱਧਾਂਤ ਹੋਣੇ ਚਾਹੀਦੇ ਹਨ । ਗੁਰੂ ਜੀ ਵੀ ਇਸ ਗੱਲ ਨਾਲ ਸਹਿਮਤ ਸਨ ਕਿ ਸਮੇਂ ਦੀਆਂ ਪਰਿਸਥਿਤੀਆਂ ਦਾ ਧਿਆਨ ਰੱਖਣਾ ਚਾਹੀਦਾ ਹੈ, ਇਸ ਲਈ ਜੇ ਕੋਈ ਇੱਟ ਮਾਰਦਾ ਹੈ ਤਾਂ ਉਸ ਦੇ ਸਿਰ ਵਿਚ ਪੱਥਰ ਮਾਰਨਾ ਚਾਹੀਦਾ ਹੈ । ਕਲਯੁੱਗ ਅਜੇਹੀ ਅਵਸਥਾ ਤੇ ਪਹੁੰਚ ਗਿਆ ਹੈ ਕਿ ਸਫਲਤਾ ਤਾਂ ਹੀ ਹੋ ਸਕਦੀ ਹੈ ਜੇਕਰ ਇੱਟ ਦਾ ਜੁਆਬ ਪੱਥਰ ਵਿਚ ਦਿੱਤਾ ਜਾਏ । ਇਸ ਲਈ ਲੋਕਾਂ ਨੂੰ ਪੂਰੀ ਤਰ੍ਹਾਂ ਹਥਿਆਰਬੰਦ ਹੋਣਾ ਚਾਹੀਦਾ ਹੈ । ਉਨ੍ਹਾਂ ਦਿਨਾਂ ਵਿਚ ਥੋੜ੍ਹੇ ਜਿੰਨੇ ਪਵਿੱਤਰ ਹਿਰਦੇ ਵਾਲੇ ਲੋਕਾਂ ਤੋਂ ਸਿਵਾਏ ਸੰਤਾਂ ਦੀ ਕੋਈ ਪਰਵਾਹ ਨਹੀਂ ਕਰਦਾ ਸੀ, ਇਹੀ ਕਾਰਨ ਸੀ ਕਿ ਉਨ੍ਹਾਂ ਨੇ ਖਾਲਸੇ ਦੀ ਸਿਰਜਨਾ ਕੀਤੀ ।[1] ਸੋ ਸਪਸ਼ਟ ਰੂਪ ਵਿਚ ਗੁਰੂ ਜੀ ਦਾ ਇਹ ਇਕ ਨਵਾਂ ਉਦੇਸ਼ ਸੀ ਭਾਵੇਂ ਇਸ ਗੱਲ ਵਿਚ ਸੰਦੇਹ ਨਹੀਂ ਕਿ ਇਸ ਨੂੰ ਆਪਣੇ ਪੂਰਵ-ਵਰਤੀ ਗੁਰੂਆਂ ਵਲੋਂ ਮਿਲੇ ਵਿਰਸੇ ਉਤੇ ਸਮੇਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਉਸਾਰਿਆ ਗਿਆ ਸੀ ।

ਦੂਜਾ ਇਹ ਕਿ ਗੁਰੂ ਜੀ ਦਾ ਇਹ ਦ੍ਰਿੜ੍ਹ ਦਾਅਵਾ ਕਿ ਧਰਮ ਦੇ ਪ੍ਰਸਾਰ ਲਈ, ਸੰਤਾਂ ਦੀ ਰਖਿਆ ਲਈ ਅਤੇ ਸਭਨਾਂ ਦੁਸ਼ਟਾਂ ਦੇ ਨਾਸ਼ ਲਈ ਉਨ੍ਹਾਂ ਨੇ ਜਨਮ ਲਿਆ ਸੀ, ਜੋ ਕੁਝ ਅਸੀਂ ਗੀਤਾ ਵਿਚ ਪੜ੍ਹਦੇ ਹਾਂ, ਇਹ ਗੱਲ ਉਸੇ ਦੀ ਹੀ ਪ੍ਰਤਿਧੁਨੀ ਪ੍ਰਤੀਤ ਹੁੰਦੀ ਹੈ ।[2] ਪਰੰਤੂ ਇਥੇ ਇਹ ਅੰਤਰ ਹੈ ਕਿ ਗੁਰੂ ਜੀ ਕੇਵਲ ਆਪਣੇ ਆਪ ਨੂੰ ਸੰਸਾਰ ਦੇ ਕਲਿਆਣ ਲਈ ਪਰਮਾਤਮਾ ਦਾ ਚੁਣਿਆ ਹੋਇਆ ਸਾਧਨ ਹੀ ਮੰਨਦੇ ਹਨ ਅਤੇ ਉਹ ਇਹ ਸੰਕੇਤ ਕਰਨ ਵਿਚ ਚਿੰਤਨ ਹਨ :—

"ਜੋ ਹਮ ਕੋ ਪਰਮੇਸ਼ਰ ਉਚਰਿ ਹੈ ॥
ਤੇ ਸਭ ਨਰਕ ਕੁੰਡ ਮਹਿ ਪਰਿ ਹੈ ॥
ਮੋ ਕੋ ਦਾਸ ਤਵਨ ਕੋ ਜਾਨੋ ॥
ਯਾ ਮੈ ਭੇਦ ਨਾ ਰੰਚ ਪਛਾਨੋ ॥

---

1. ਗੁਰ ਬਿਲਾਸ, XXIV, 17-38
2. ਗੀਤਾ, IV, 7, 8

ਮੈ ਹੋ ਪਰਮਪੁਰਖ ਕੋ ਦਾਸਾ ॥
ਦੇਖਨ ਆਯੋ ਜਗਤ ਤਮਾਸਾ ॥"[1]

ਆਮ ਕਰਕੇ ਬਹੁਤ ਸਾਰੇ ਧਾਰਮਿਕ ਗੁਰੂਆਂ ਨੂੰ ਉਨ੍ਹਾਂ ਦੇ ਚੇਲੇ ਦੇਵਤੇ ਬਣਾ ਦਿੰਦੇ ਹਨ ਅਤੇ ਪਰਮਾਤਮਾ ਦੇ ਅਵਤਾਰ ਸਮਝ ਕੇ ਉਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ ਅਤੇ ਉਨ੍ਹਾਂ ਦੀ ਦੈਵੀ ਉਤਪੱਤੀ ਨੂੰ ਨਿਸ਼ਚਿਤ ਰੂਪ ਵਿਚ ਸਿੱਧ ਕਰਨ ਲਈ ਉਨ੍ਹਾਂ ਦੇ ਮੂੰਹੋਂ ਸ਼ਬਦ ਕਹਾਏ ਜਾਂਦੇ ਹਨ। ਪਰੰਤੂ ਇਹ ਦੇਖਣ ਵਿਚ ਬਹੁਤ ਘੱਟ ਆਉਂਦਾ ਹੈ ਕਿ ਉਪਦੇਸ਼ਕ ਆਪ ਇਹ ਐਲਾਨ ਕਰੇ ਕਿ ਉਸ ਨੂੰ ਪਰਮਾਤਮਾ ਨੇ ਮਨੁੱਖਤਾ ਨੂੰ ਧਰਮ ਦਾ ਸੱਚਾ ਰਾਹ ਦਰਸਾਉਣ ਲਈ ਭੇਜਿਆ ਹੈ। ਇਹੋ ਜਿਹੇ ਪੈਗੰਬਰ ਬਾਰੇ ਰੋਡਵੈਲ ਕਹਿੰਦਾ ਹੈ "ਕਿ ਉਹ ਪਰਮਾਤਮਾ ਦੀ ਏਕਤਾ ਬਾਰੇ ਸੱਚ ਦਾ ਐਲਾਨ ਕਰਨ ਦੀ ਤੀਬਰ ਇੱਛਾ ਨਾਲ ਪ੍ਰੇਰਿਆ ਗਿਆ ਸੀ ਜੋ ਕਿ ਉਸ ਦੀ ਆਤਮਾ ਤੇ ਪੂਰੀ ਤਰ੍ਹਾਂ ਹਾਵੀ ਹੋ ਚੁਕੀ ਸੀ ਅਤੇ ਉਸ ਦਾ ਇਹ ਵਿਸਵਾਸ਼ ਸੀ ਕਿ ਉਸ ਨੂੰ ਦੈਵੀ ਸੱਦਾ ਮਿਲਿਆ ਹੋਇਆ ਸੀ ਅਤੇ ਪਰਿਸਥਿਤੀਆਂ ਦੇ ਜ਼ੋਰ ਨਾਲ ਉਹ ਅਗਾਂਹ ਵਧਿਆ ਅਤੇ ਸਹਿਜੇ ਸਹਿਜੇ ਸਫਲਤਾ ਪ੍ਰਾਪਤ ਕਰਨ ਨਾਲ ਉਸ ਨੂੰ ਇਹ ਵਿਸਵਾਸ਼ ਹੋ ਗਿਆ ਕਿ ਪਰਮਾਤਮਾ ਦਾ ਉਹ ਭਰੋਸੇ-ਯੋਗ ਦੂਤ ਹੈ।"[2] ਇਹ ਕੁਝ ਗੁਰੂ ਜੀ ਬਾਰੇ ਵੀ ਕਿਹਾ ਜਾ ਸਕਦਾ ਹੈ। ਸ਼ੁਰੂ ਵਿਚ ਆਪਣੇ ਪਹਾੜੀ ਇਕਾਂਤਵਾਸ ਦੇ ਦੌਰਾਨ ਉਨ੍ਹਾਂ ਨੇ ਅਵਤਾਰਾਂ ਅਤੇ ਦੂਜੇ ਦੇਵੀ ਦੇਵਤਿਆਂ ਸੰਬੰਧੀ ਸਮੁੱਚੇ ਹਿੰਦੂ ਸਾਹਿਤ ਬਾਰੇ ਪੂਰਨ ਜਾਣਕਾਰੀ ਪ੍ਰਾਪਤ ਕੀਤੀ ਅਤੇ ਇਸ ਨੇ ਅਵੱਸ਼ ਹੀ ਉਨ੍ਹਾਂ ਦੀ ਕਲਪਨਾ ਨੂੰ ਪ੍ਰਚੰਡ ਕੀਤਾ ਹੋਵੇਗਾ। 'ਪੁਰਾਣਿਕ ਸਾਹਿਤ ਵਿਚ ਜੋ ਵਿਚਾਰਧਾਰਾ ਚਲ ਰਹੀ ਹੈ ਉਸ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਪ੍ਰਤੀਤ ਹੁੰਦੇ ਹਨ ਭਾਵ ਇਹ ਕਿ ਸੱਤ ਦੀ ਪਾਲਣਾ ਅਤੇ ਪਾਪਾਂ ਦਾ ਵਿਨਾਸ਼ ਕਰਨ ਲਈ, ਬੁਰਾਈ ਨੂੰ ਜੜੋਂ ਪੁਟਣ ਅਤੇ ਸੱਤ ਨੂੰ ਸਥਾਪਿਤ ਕਰਨ ਲਈ, ਜ਼ਾਲਮ ਦਾ ਨਾਸ ਅਤੇ ਨਿਰਬਲ ਅਤੇ ਨਿਰਦੋਸ਼ਾਂ ਦੀ ਰਖਿਆ ਲਈ ਸਮੇਂ ਸਮੇਂ ਮੁਕਤੀ-ਦਾਤਾ ਪੈਦਾ ਹੁੰਦਾ ਰਿਹਾ ਹੈ।"[3] ਉਨ੍ਹਾਂ ਦੇ ਚੇਲਿਆਂ ਅਤੇ ਸਮੁੱਚੇ ਹਿੰਦੂਆਂ ਦੀ ਦੁਰਦਸ਼ਾ, ਔਰੰਗਜ਼ੇਬ ਦੀ ਧਾਰਮਿਕ ਅਤਿਆਚਾਰ ਦੀ ਨੀਤੀ ਦੁਆਰਾ ਪੈਦਾ ਕੀਤੇ ਧਾਰਮਿਕ ਝਗੜਿਆਂ, ਸਰਵਵਿਆਪੀ ਭ੍ਰਿਸ਼ਟਾਚਾਰਾਂ, ਅਗਿਆਨਤਾ ਅਤੇ ਭਰਮਾਂ, ਅਤੇ ਆਪਣੇ ਪਿਤਾ ਦੇ ਕਤਲ ਪ੍ਰਤਿ ਉਨ੍ਹਾਂ ਦੇ ਨਿਜੀ ਰੋਸ ਨੇ ਉਨ੍ਹਾਂ ਦੇ ਮਨ ਵਿਚ ਅਵੱਸ਼ ਹੀ ਇਹ ਪੱਕਾ ਨਿਸ਼ਚਾ ਕਰ ਦਿੱਤਾ ਹੋਵੇਗਾ ਕਿ ਨਿਰਸੰਦੇਹ ਇਹ ਸਮਾਂ ਕਿਸੇ ਮੁਕਤੀ-ਦਾਤਾ ਦੇ ਪੈਦਾ ਹੋਣ ਲਈ ਉਚਿਤ ਹੈ ਅਤੇ ਉਨ੍ਹਾਂ ਦੇ ਪ੍ਰਬਲ ਮਨੋਵੇਗਾਂ ਅਤੇ ਪਰਿਸਥਿਤੀਆਂ ਦੇ ਜ਼ੋਰ ਨੇ, ਜਿਨ੍ਹਾਂ ਵਿਚ ਉਨ੍ਹਾਂ ਨੂੰ ਪਾ ਦਿੱਤਾ ਗਿਆ ਸੀ, ਉਨ੍ਹਾਂ ਨੂੰ ਇਹ ਵਿਸਵਾਸ਼ ਬੰਨ੍ਹਾ ਦਿੱਤਾ ਕਿ ਕਿਸੇ ਸਮੇਂ ਦਾ ਲੋੜੀਂਦਾ ਪੁਰਖ ਉਹ ਆਪ ਹੀ ਹਨ। ਸੋ ਗੁਰੂ ਜੀ ਦਾ ਉਦੇਸ਼ ਸੱਚ ਧਰਮ ਦਾ ਪ੍ਰਸਾਰ ਕਰਨਾ ਸੀ, ਜਾਬਰ ਅਤੇ ਦੁਸ਼ਟਾਂ ਦਾ ਬੀ ਨਾਸ ਕਰਨਾ ਸੀ। ਇਨ੍ਹਾਂ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 299, 300
2. ਰੋਡਵੈਲ, ਕੁਰਾਨ, ਭੂਮਿਕਾ, ਪੰਨਾ 13
3. ਨਾਰੰਗ, ਉਪਰੋਕਤ ਰਚਨਾ, ਪੰਨਾ 131, 132

ਮੰਤਵਾਂ, ਵਿਸ਼ੇਸ਼ ਕਰਕੇ ਦੂਜੇ ਮੰਤਵ ਦੀ ਪੂਰਤੀ ਲਈ ਸੇਵਾ, ਨਿਮਰਤਾ ਅਤੇ ਅਰਾਧਨਾ ਦੇ ਪੁਰਾਣੇ ਹਥਿਆਰ ਉੱਕਾ ਹੀ ਉਚਿਤ ਨਹੀਂ ਸਨ ਅਤੇ ਬਚਿਤ੍ਰ ਨਾਟਕ ਦੀਆਂ ਆਰੰਭਿਕ ਤੁਕਾਂ ਵਿਚ ਗੁਰੂ ਜੀ ਆਪਣੀ ਸਥਿਤੀ ਸਪਸ਼ਟ ਕਰ ਦਿੰਦੇ ਹਨ। ਉਨ੍ਹਾਂ ਦੀ ਸ਼ਰਧਾ ਅਕਾਲ ਪੁਰਖ ਅਤੇ ਪਵਿੱਤਰ ਤੇਗ ਵਿਚ ਹੈ। ਭੂਤ ਕਾਲ ਨੇ, ਜਿਹੜਾ ਕਿ ਉਨ੍ਹਾਂ ਨੂੰ ਵਿਰਸੇ ਵਿਚ ਮਿਲਿਆ ਸੀ ਅਤੇ ਜਿਨ੍ਹਾਂ ਪਰਿਸਥਿਤੀਆਂ ਵਿਚ ਉਨ੍ਹਾਂ ਨੂੰ ਪੈਣਾ ਪਿਆ ਸੀ, ਸੁਭਾਵਿਕ ਹੀ ਉਨ੍ਹਾਂ ਨੂੰ ਅਕਾਲ ਪੁਰਖ ਦੀ ਕਲਪਨਾ ਦੁਸ਼ਟਾਂ ਨੂੰ ਦੰਡ ਦੇਣ ਵਾਲੇ ਦੇ ਰੂਪ ਵਿਚ ਕਰਨ ਲਈ ਪ੍ਰੇਰਿਆ ਅਤੇ ਕਿਉਂਕਿ ਤੇਗ ਇਸ ਮੰਤਵ ਲਈ ਇਕ ਮਹਾਨ ਹਥਿਆਰ ਹੈ ਇਸ ਲਈ ਗੁਰੂ ਜੀ ਦੇ ਮਨ ਵਿਚ ਦੋਵੇਂ ਸਮਰੂਪ ਸਨ। ਅਕਾਲ ਪੁਰਖ ਦੁਸ਼ਮਣਾਂ ਨੇ ਸੰਘਾਰਨ ਵਾਲਾ ਹੈ, ਤੇਗ ਵੀ ਇਹੋ ਕੁਝ ਕਰਦੀ ਹੈ; ਇਸ ਲਈ ਤੇਗ ਅਕਾਲ ਪੁਰਖ ਹੈ ਅਤੇ ਅਕਾਲ ਪੁਰਖ ਤੇਗ ਹੈ।"[1] ਗੁਰੂ ਜੀ ਲਿਖਦੇ ਹਨ :—

> "ਨਮਸਕਾਰ ਸ੍ਰੀ ਖੜਗ ਕੋ ਕਰੋ ਸੁ ਹਿਤੁ ਚਿਤੁ ਲਾਇ ॥
> ਪੂਰਨ ਕਰੌ ਗਿਰੰਥ ਇਹ ਤੁਮ ਮੁਹਿ ਕਰਹੁ ਸਹਾਇ ॥
> ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਬਰ ਬੰਡੰ ॥"
>
> ....
>
> "ਨਮੋ ਤੀਰ ਤੋਪੰ ॥ ਜਿਨੈ ਸਤ੍ਰ ਘੋਪੰ ॥
> ਨਮੋ ਧੋਪ ਪੱਟੰ ॥ ਜਿਨੈ ਦੁਸਟ ਦੱਟੰ ॥
> ਜਿਤੇ ਸਸਤ੍ਰ ਨਾਮੰ ॥ ਨਮਸਕਾਰ ਤਾਮੰ ॥
> ਜਿਤੇ ਅਸਤ੍ਰ ਭੇਯੰ ॥ ਨਮਸਕਾਰ ਤੇਯੰ ॥"[2]

ਜੰਗ ਦੇ ਅਨੇਕਾਂ ਹਥਿਆਰਾਂ ਦਾ ਦੈਵੀਕਰਨ ਕੀਤਾ ਗਿਆ ਹੈ ਅਤੇ ਆਪਣੇ ਮਿਸ਼ਨ ਦੀ ਪੂਰਤੀ ਲਈ ਵਿਚਾਰੇ ਗਏ ਤਰੀਕਿਆਂ ਬਾਰੇ ਗੁਰੂ ਜੀ ਸਾਡੇ ਲਈ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੇ।

II. ਦੁਰਗਾ ਦੀ ਅਖੌਤੀ ਪੂਜਾ

ਪਰੰਤੂ ਇਸ ਮਿਸ਼ਨ ਦੀ ਪੂਰਤੀ ਹਿਤ ਉਠਾਏ ਗਏ ਅਮਲੀ ਕਦਮਾਂ ਦਾ ਅਧਿਐਨ ਕਰਨ ਤੋਂ ਪਹਿਲਾਂ ਇਕ ਹੋਰ ਮਾਮਲੇ ਨੂੰ ਨਜਿਠਣਾ ਪਵੇਗਾ। ਲਗ ਭਗ ਸਾਰੇ ਸਿੱਖ ਅਤੇ ਗੈਰ ਸਿੱਖ ਲੇਖਕ ਇਹ ਦਾਅਵਾ ਕਰਦੇ ਹਨ ਕਿ ਗੁਰੂ ਜੀ ਨੇ ਆਪਣੇ ਧਰਮ-ਸੁਧਾਰ ਦੇ ਯਤਨਾਂ ਦਾ ਆਰੰਭ, ਦੁਰਗਾ ਦਾ ਵਰ ਪ੍ਰਾਪਤ ਕਰਨ ਲਈ ਉਸ ਨੂੰ ਬਲੀ ਭੇਟ ਕਰਨ ਨਾਲ ਕੀਤਾ। ਇਥੇ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਅਤਿ ਵਿਵਾਦ ਗ੍ਰਸ਼ਤ ਪ੍ਰਸ਼ਨ ਤੇ ਪਹੁੰਚਦੇ ਹਾਂ। ਇਕ ਪਾਸੇ ਸਾਡੇ ਕੋਲ ਬਹੁਤ ਸਾਰੇ ਲੇਖਕਾਂ ਦੀ ਸਾਂਝੀ ਗਵਾਹੀ ਹੈ; ਦੂਜੇ ਪਾਸੇ ਇਹ ਪੱਕਾ ਤੱਥ ਹੈ ਕਿ ਗੁਰੂ ਜੀ ਵਲੋਂ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 83
2. ਉਹੀ, ਪੰਨਾ 286, 287

ਅਜੇਹਾ ਕਰਮ ਸਿੱਖ-ਮਤ ਤੇ ਮੂਲਿਕ ਸਿੱਧਾਂਤਾਂ ਅਤੇ ਉਨ੍ਹਾਂ ਦੇ ਵਾਰ ਵਾਰ ਦਿੱਤੇ ਉਪਦੇਸ਼ਾਂ ਦੇ ਉਲਟ ਸਮਝਿਆ ਜਾਵੇਗਾ, ਜੋ ਕਿ ਸੋਚਿਆ ਵੀ ਨਹੀਂ ਜਾ ਸਕਦਾ। ਇਸ ਲਈ ਕੁਝ ਆਧੁਨਿਕ ਸਿੱਖ ਲੇਖਕ ਇਸ ਕਹਾਣੀ ਨੂੰ ਉੱਕਾ ਹੀ ਨਹੀਂ ਮੰਨਦੇ;[1] ਕੁਝ ਦੂਜੇ ਲੇਖਕ ਇਹ ਸੁਝਾਅ ਦਿੰਦੇ ਹਨ ਕਿ ਇਸ ਰਸਮ ਨੂੰ ਕਰਨ ਦਾ ਗੁਰੂ ਜੀ ਦਾ ਕੇਵਲ ਇਹ ਆਸ਼ਾ ਸੀ ਕਿ ਅਜੇਹੀਆਂ ਸਾਰੀਆਂ ਰਹੁ ਰੀਤਾਂ ਦੇ ਖੋਖਲੇਪਨ ਅਤੇ ਨਿਰਾਰਥਕਤਾ ਨੂੰ ਦਰਸਾਇਆ ਜਾਵੇ।[2]

'ਗੁਰ ਬਿਲਾਸ' ਵਿਚ, ਜਿਹੜਾ ਕਿ ਇਸ ਵਾਰਤਾ ਨੂੰ ਵਰਣਨ ਕਰਨ ਵਾਲਿਆਂ ਲਿਖਤਾਂ ਵਿਚੋਂ ਪੁਰਾਤਨ ਹੈ, ਇਸ ਘਟਨਾ ਦਾ ਸਪਸ਼ਟ ਅਤੇ ਚਿਤ੍ਰਮਈ ਵਰਣਨ ਦਿੱਤਾ ਹੈ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਬਹੁ-ਗਿਣਤੀ ਵਿਚ ਬ੍ਰਾਹਮਣ ਇਕੱਠੇ ਕੀਤੇ ਅਤੇ ਉਨ੍ਹਾਂ ਦੀ ਪਰੀਖਿਆ ਲੈਣ ਮਗਰੋਂ ਮਾਸ ਅਤੇ ਸ਼ਰਾਬ ਵਰਤਣ ਵਾਲਿਆਂ ਨੂੰ ਵਾਪਸ ਭੇਜ ਦਿੱਤਾ ਗਿਆ ਅਤੇ ਕੇਵਲ ਉਨ੍ਹਾਂ ਨੂੰ ਹੀ ਆਪਣੇ ਕੋਲ ਰਹਿਣ ਦੀ ਆਗਿਆ ਦਿੱਤੀ ਜਿਹੜੇ ਕਿ ਕੇਵਲ ਦੁੱਧ ਉਤੇ ਹੀ ਨਿਰਬਾਹ ਕਰਦੇ ਸਨ। ਗੁਰੂ ਜੀ ਨੇ ਉਨ੍ਹਾਂ ਕੋਲ ਦੇਵੀ ਦੁਰਗਾ ਦਾ ਵਰ ਪ੍ਰਾਪਤ ਕਰਨ ਹਿਤ 'ਹੋਮ' ਕਰਨ ਦੀ ਇੱਛਾ ਪ੍ਰਗਟ ਕੀਤੀ ਅਤੇ ਇਸ ਵਿਸ਼ੇ ਬਾਰੇ ਉਨ੍ਹਾਂ ਦੀ ਰਾਏ ਲੈਣੀ ਚਾਹੀ। ਉਨ੍ਹਾਂ ਨੇ ਗੁਰੂ ਜੀ ਨੂੰ ਦਸਿਆ ਕਿ ਅਜੇਹੇ ਕਾਰਜ ਨੂੰ ਨਿਭਾਉਣ ਲਈ ਉਜੈਨ ਦਾ ਦੱਤਾ ਨੰਦ ਸਭ ਤੋਂ ਯੋਗ ਵਿਅਕਤੀ ਹੈ। ਸੋ ਉਸ ਨੂੰ ਬੁਲਾ ਭੇਜਿਆ ਗਿਆ ਅਤੇ ਉਹ ਛੇਤੀ ਹੀ ਆਪਣੇ ਬਹੁਤ ਸ ਰੇ ਚੇਲਿਆਂ ਸਮੇਤ ਆ ਪਹੁੰਚਿਆ। ਦੱਤਾ ਨੰਦ ਨੇ ਗੁਰੂ ਜੀ ਨਾਲ ਭੇਂਟ ਕੀਤੀ ਅਤੇ ਉਨ੍ਹਾਂ ਦੇ ਪ੍ਰਸ਼ਨਾਂ ਦੇ ਉੱਤਰ ਦੇਂਦੇ ਸਮੇਂ ਉਸ ਨੇ ਹੋਮ ਦੀ ਰਸਮ ਕਰਨ ਦੇ ਢੰਗਾਂ ਦਾ ਵਰਣਨ ਵੀ ਕੀਤਾ। ਉਸ ਨੇ ਗੁਰੂ ਜੀ ਨੂੰ ਦਸਿਆ ਕਿ ਕਲਯੁਗ ਵਿਚ ਦੇਵੀ ਨੂੰ ਪ੍ਰਗਟ ਕਰਨਾ ਅਤਿਅੰਤ ਮੁਸ਼ਕਲ ਹੈ ਅਤੇ ਇਸ ਕਾਰਜ ਉਤੇ ਖਰਚ ਵੀ ਬਹੁਤ ਜ਼ਿਆਦਾ ਆਵੇਗਾ। ਗੁਰੂ ਜੀ ਨੇ ਉਸ ਨੂੰ ਸਾਰੇ ਖਰਚ ਦੇ ਪ੍ਰਬੰਧ ਕਰਨ ਦਾ ਯਕੀਨ ਦਵਾਇਆ ਅਤੇ ਹੋਲੀ ਦੇ ਅਵਸਰ ਉਪਰ ਮੇਲੇ ਵਿਚ ਇਕੱਠੇ ਹੋਏ ਸਿੱਖਾਂ ਤੋਂ ਬਹੁਚ ਸਾਰਾ ਧਨ ਜਲਦੀ ਹੀ ਇਕੱਠਾ ਕਰ ਲਿਆ ਗਿਆ। ਫਿਰ ਦੱਤਾ ਨੰਦ ਨੇ ਗੁਰੂ ਜੀ ਨਾਲ ਦੂਜੀ ਭੇਂਟ ਕੀਤੀ। ਉਸ ਨੇ ਲੋੜੀਂਦੀਆ ਵਸਤਾਂ ਦੀ ਇਕ ਲੰਮੀ ਸੂਚੀ ਤਿਆਰ ਕੀਤੀ ਅਤੇ ਗੁਰੂ ਜੀ ਨੂੰ ਸਤਲੁਜ ਦੇ ਕੰਢੇ ਹੋਮ ਕਰਨ ਲਈ ਉਚਿਤ ਸਥਾਨ ਦੀ ਚੋਣ ਕਰਨ ਲਈ ਆਖਿਆ। ਫਿਰ ਗੁਰੂ ਜੀ ਨੇ ਸਾਰੇ ਪ੍ਰਬੰਧ ਦੀ ਪੂਰਤੀ ਲਈ ਲੋੜੀਂਦੇ ਹੁਕਮ ਜਾਰੀ ਕੀਤੇ। ਦੱਤਾ ਨੰਦ ਨੇ ਗੁਰੂ ਜੀ ਨੂੰ ਫਿਰ ਚਿਤਾਵਨੀ ਦਿੱਤੀ ਕਿ ਹੋਮ ਨੂੰ ਨਿਰਵਿਘਨ ਸਮਾਪਤ ਕਰਨ ਲਈ 12500 ਰੁਪਏ ਤੋਂ ਘੱਟ ਖਰਚ ਨਹੀਂ ਹੋਣਗੇ ਅਤੇ ਚਾਰ ਸਾਲ ਦਾ ਸਮਾਂ ਲਾਜ਼ਮੀ ਹੋਵੇਗਾ, ਪਰੰਤੂ ਗੁਰੂ ਜੀ ਨੇ ਕਿਹਾ ਕਿ ਚਿੰਤਾ ਕਰਨ ਦੀ ਲੋੜ ਨਹੀਂ ਅਤੇ ਕਾਰਜ ਆਰੰਭ ਕੀਤਾ ਜਾਵੇ।

---

1. ਕਾਨ੍ਹ ਸਿੰਘ, ਹਮ ਹਿੰਦੂ ਨਹੀਂ, ਪੰਨਾ 53, 56, 116-124। ਕਰਤਾਰ ਸਿੰਘ, ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਬਿਰਤਾਂਤ; ਅਧਿਆਇ 15
2. ਪੰਥ ਪ੍ਰਕਾਸ਼, ਪੰਨਾ 166-174
Teja Singh, *Growth of Responsibility in Sikhism*, p. 52.

ਇਹ ਰਸਮ ਸਤਲੁਜ ਦੇ ਕੰਢੇ ਉਤੇ ਦੇਵੀ ਦੀ ਮਹਿਮਾ ਵਿਚ ਭਜਨਾਂ ਨਾਲ ਆਰੰਭ ਹੋਈ। ਇਨ੍ਹਾਂ ਮੁਢਲੀਆਂ ਰਸਮਾਂ ਤੋਂ ਬਾਅਦ ਗੁਰੂ ਜੀ ਨੇ ਦੱਤਾ ਨੰਦ ਦੀਆਂ ਹਦਾਇਤਾਂ ਅਨੁਸਾਰ ਦੇਵੀ ਦੀ ਪੂਜਾ ਕਰਨੀ ਸ਼ੁਰੂ ਕੀਤੀ। ਇਸ ਪਿਛੋਂ ਗੁਰੂ ਜੀ ਦੇ ਅਨੁਭਵਾਂ ਨੂੰ ਕੁਝ ਵਿਸਥਾਰ ਸਹਿਤ ਵਰਣਨ ਕੀਤਾ ਗਿਆ ਹੈ ਅਤੇ ਇਹ ਬਹੁਤ ਕਰਕੇ ਡਰਾਉਣੇ ਹਨ। ਪਰ ਕੁਝ ਦਿਨਾਂ ਮਗਰੋਂ ਦੱਤਾ ਨੰਦ ਨੇ ਗੁਰੂ ਜੀ ਨੂੰ ਦਸਿਆ ਕਿ ਦੇਵੀ ਦੇ ਪ੍ਰਗਟ ਹੋਣ ਦਾ ਸਮਾਂ ਲਾਗੇ ਆ ਰਿਹਾ ਹੈ ਅਤੇ ਉਸ ਨੂੰ ਬਲੀ ਭੇਟ ਕਰਨਾ ਜ਼ਰੂਰੀ ਹੈ। ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਕੁਝ ਸਿੱਖਾਂ ਦੇ ਨਾਂ ਲਏ ਪਰ ਦੱਤਾ ਨੰਦ ਨੇ ਜ਼ਿਦ ਕੀਤੀ ਕਿ ਗੁਰੂ ਜੀ ਆਪਣੇ ਪੁੱਤਰਾਂ ਵਿਚੋਂ ਇਕ ਦੀ ਬਲੀ ਦੇਣ, ਵਿਸ਼ੇਸ਼ ਤੌਰ ਤੇ ਉਸ ਪੁੱਤਰ ਦੀ ਜਿਸ ਨੂੰ ਉਹ ਆਪਣਾ ਉੱਤਰਧਿਕਾਰੀ ਥਾਪਣਾ ਚਾਹੁੰਦੇ ਹਨ। ਪਰੰਤੂ ਗੁਰੂ ਜੀ ਨੇ ਇਹ ਗੱਲ ਮੰਨਣੋਂ ਇਨਕਾਰ ਕਰ ਦਿੱਤਾ ਅਤੇ ਜਾਪਦਾ ਹੈ ਕਿ ਇਸ ਮੰਤਵ ਲਈ ਇਕ ਸਿੱਖ ਦੀ ਸੇਵਾ ਪ੍ਰਾਪਤ ਕੀਤੀ ਗਈ। ਫਿਰ ਦੱਤਾ ਨੰਦ ਨੇ ਗੁਰੂ ਜੀ ਨੂੰ ਦੇਵੀ ਦੇ ਦਰਸ਼ਨਾਂ ਲਈ ਤਿਆਰ ਰਹਿਣ ਲਈ ਕਿਹਾ ਅਤੇ ਚੁਨੌਤੀ ਦਿੱਤੀ ਕਿ ਦੇਵੀ ਦੇ ਪ੍ਰਗਟ ਹੋਣ ਦੇ ਨਾਲ ਨਾਲ ਮਹਾਨ ਕੁਦਰਤੀ ਆਪੱਤੀਆਂ ਵਾਪਰਨਗੀਆਂ ਅਤੇ ਗੁਰੂ ਜੀ ਨੂੰ ਉਥੇ ਇਕੱਲਾ ਛੱਡ ਕੇ ਆਪ ਚਲਾ ਗਿਆ। ਗੁਰੂ ਜੀ ਨੂੰ ਅਭੈ ਰਹਿਣ ਅਤੇ ਉਸ ਵਲੋਂ ਦਸੇ ਗਏ ਮੰਤਰਾਂ ਦਾ ਜਾਪ ਕਰਨ ਲਈਂ ਕਿਹਾ ਗਿਆ। ਗੁਰੂ ਜੀ ਹੁਣ ਇਕੱਲੇ ਸਨ ਅਤੇ ਉਨ੍ਹਾਂ ਦੇ ਅਨੁਭਵ ਅਤਿ ਭਿਆਨਕ ਸਨ। ਫਿਰ ਵੀ ਗੁਰੂ ਜੀ ਅਡੋਲ ਰਹੇ। ਇਸ ਪਿਛੋਂ ਉਨ੍ਹਾਂ ਦੇ ਅਨੁਭਵ ਹੋਰ ਭੈਭੀਤ ਹੋ ਗਏ—ਤੇਜ਼ ਤੂਫਾਨੀ ਹਵਾਵਾਂ, ਤਬਾਹੀ ਮਚਾਉਣ ਵਾਲੀ ਵਰਖਾ, ਭੁਚਾਲ ਅਤੇ ਇਸ ਤਰ੍ਹਾਂ ਦੀਆਂ ਹੋਰ ਖਰੂਦੀ ਘਟਨਾਵਾਂ ਉਪਰੋਥਲੀ ਵਾਪਰ ਗਈਆਂ ਅਤੇ ਸਾਰੀ ਸ੍ਰਿਸ਼ਟੀ ਟੁਕੜੇ ਟੁਕੜੇ ਹੋ ਰਹੀ ਜਾਪਦੀ ਸੀ। ਅਜੇ ਵੀ ਗੁਰੂ ਜੀ ਅਡੋਲ ਸਨ। ਆਖਰ ਦੇਵੀ ਪ੍ਰਗਟ ਹੋਈ ਅਤੇ "ਜੈ ਜਗਮਾਤਾ" ਦੇ ਸ਼ਬਦਾਂ ਨਾਲ ਗੁਰੂ ਜੀ ਨੇ ਉਸ ਦਾ ਸਵਾਗਤ ਕੀਤਾ। ਦੇਵੀ ਨੇ ਗੁਰੂ ਜੀ ਨੂੰ ਅਸ਼ੀਰਵਾਦ ਦਿੱਤੀ, ਆਪਣੀ ਤਲਵਾਰ ਉਨ੍ਹਾਂ ਨੂੰ ਦਿੱਤੀ ਅਤੇ ਫਿਰ ਆਪ ਅਲੋਪ ਹੋ ਗਈ। ਫਿਰ ਸਿੱਖ ਸਾਰੀਆਂ ਥਾਵਾਂ ਤੋਂ ਆ ਇਕੱਠੇ ਹੋਏ ਅਤੇ ਇਸ ਕਾਰਜ ਦੀ ਖੁਸ਼ੀ ਭਰੀ ਅਤੇ ਸ਼ੁਭ ਸਮਾਪਤੀ ਤੇ ਬਹੁਤ ਖੁਸ਼ੀਆਂ ਮਨਾਈਆਂ ਗਈਆਂ।[1]

ਦੂਜੀਆਂ ਲਿਖਤਾਂ ਵਿਚ ਇਹ ਵਾਰਤਾ ਵਧਾ ਘਟਾ ਕੇ ਦਿੱਤੀ ਹੋਈ ਹੈ। ਉਦਾਹਰਣ ਵਜੋਂ, ਕੁਝ ਇਕ ਵਿਚ ਇਹ ਕਿਹਾ ਗਿਆ ਹੈ ਕਿ ਗੁਰੂ ਜੀ ਦੇਵੀ ਨੂੰ ਆਪਣੇ ਇਕ ਪੁੱਤਰ ਦੀ ਬਲੀ ਭੇਟ ਕਰਨ ਲਈ ਤਿਆਰ ਸਨ ਪਰੰਤੂ ਉਨ੍ਹਾਂ ਦੀ ਮਾਤਾ ਅਤੇ ਪਤਨੀਆਂ ਦਾ ਵਿਰੋਧ ਉਨ੍ਹਾਂ ਦੇ ਰਾਹ ਵਿਚ ਆ ਖੜਾ ਹੋਇਆ ਅਤੇ ਇਸ ਦੀ ਥਾਂ ਉਨ੍ਹਾਂ ਨੂੰ ਇਕ ਸਿੱਖ ਦੀ ਚੋਣ ਕਰਨ ਲਈ ਮਜਬੂਰ ਕਰ ਦਿੱਤਾ।[2] ਫਿਰ ਇਹ ਵੀ ਕਿਹਾ ਹੈ ਕਿ ਜਦ ਦੇਵੀ ਪ੍ਰਗਟ ਹੋਈ ਤਾਂ ਗੁਰੂ ਜੀ ਨੇ ਭੈ ਵਿਚ ਅੱਖਾਂ ਬੰਦ ਕਰ ਲਈਆਂ ਅਤੇ ਇਸ ਲਈ ਹੁਕਮ ਹੋਇਆ ਕਿ ਉਨ੍ਹਾਂ ਦੇ ਜੀਉਂਦੇ ਜੀ ਉਨ੍ਹਾਂ ਨੂੰ ਕੋਈ ਸਫਲਤਾ ਨਹੀਂ ਹੋਵੇਗੀ। ਪਰੰਤੂ ਜੋਤੀ

1. ਗੁਰ ਬਿਲਾਸ, VIII
2. ਰੋਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 695। ਕਨਿੰਘਮ, ਉਪਰੋਕਤ ਰਚਨਾ, ਪੰਨਾ 70

ਜੋਤ ਸਮਾਉਣ ਮਗਰੋਂ ਉਨ੍ਹਾਂ ਦੀ ਸੰਪਰਦਾਇ ਪ੍ਰਫੁਲਤ ਹੋਵੇਗੀ।[1] ਹੋਰ ਉਦਾਹਰਣਾਂ ਵੀ ਦਿੱਤੀਆਂ ਜਾ ਸਕਦੀਆਂ ਹਨ ਪਰੰਤੂ ਇਹ ਵਿਸਥਾਰਮਈ ਵਿਵਰਣ ਉਸ ਮੰਡਲ ਦਾ ਹੈ ਜੋ ਕਿ ਸਪਸ਼ਟ ਰੂਪ ਵਿਚ ਸਾਡੇ ਖੇਤਰ ਤੋਂ ਬਾਹਰ ਦਾ ਹੈ ਅਤੇ ਇਨ੍ਹਾਂ ਦਾ ਹੋਰ ਵਿਸ਼ਲੇਸ਼ਣ ਕਰਨਾ ਲਾਭਦਾਇਕ ਨਹੀਂ ਹੈ।

ਇਸ ਸੰਬੰਧ ਵਿਚ ਸਾਡੇ ਲਈ ਸਿਰਫ ਇਹੀ ਵਿਚਾਰਨਾ ਜ਼ਰੂਰੀ ਹੈ ਕਿ ਕੀ ਇਸ ਰਵਾਇਤ—ਕਿ ਗੁਰੂ ਜੀ ਨੇ ਹੋਮ ਰਸਮ ਕੀਤੀ ਸੀ—ਵਿਚ ਕੋਈ ਸਚਾਈ ਹੈ। ਜਿਵੇਂ ਕਿ ਅਸੀਂ ਆਖ ਚੁੱਕੇ ਹਾਂ, ਇਹ ਪ੍ਰਸ਼ਨ ਅਤਿ ਵਾਦ-ਵਿਵਾਦ ਵਾਲਾ ਹੈ ਅਤੇ ਸਿੱਖ-ਮਨੋਵ੍ਰਿਤੀ ਵਿਚ ਪਿਛਲੀ ਅੱਧੀ ਸਦੀ ਦੇ ਦੌਰਾਨ ਹੋਏ ਪਰਿਵਰਤਨਾਂ ਨੇ ਇਸ ਨੂੰ ਹੋਰ ਵੀ ਵਿਵਾਦ-ਗ੍ਰਸਤ ਬਣਾ ਦਿੱਤਾ ਹੈ। ਬਹੁਤ ਸਾਰੇ ਪੁਰਾਣੇ ਲੇਖਕ, ਸਿੱਖ ਅਤੇ ਗੈਰ ਸਿੱਖ ਇਸ ਰਵਾਇਤ ਨੂੰ ਸੱਚੀ ਮੰਨਦੇ ਹਨ, ਭਾਵੇਂ, ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਵੇਰਵਿਆਂ ਸੰਬੰਧੀ ਉਨ੍ਹਾਂ ਵਿਚ ਮਤਭੇਦ ਹੈ। ਪਰੰਤੂ ਪੰਥ ਪ੍ਰਕਾਸ਼ ਵਿਚ ਪਹਿਲੀ ਵਾਰ ਇਕ ਭਿੰਨ ਇਸ਼ਾਰਾ ਦਿੱਤਾ ਗਿਆ ਹੈ। ਇਹ ਪੁਸਤਕ 1880 ਈ. ਵਿਚ ਲਿਖੀ ਗਈ ਅਤੇ ਇਸ ਸਮੇਂ ਤਕ ਸਿੱਖਾਂ ਵਿਚ ਸਿੱਖ ਮਤ ਨੂੰ ਇਸ ਦੇ ਬਾਨੀਆਂ ਦੇ ਅਸਲ ਉਦੇਸ਼ ਉਤੇ ਮੁੜ ਖੜਾ ਕਰਨ ਦੀ ਲਹਿਰ ਆਰੰਭ ਹੋ ਚੁੱਕੀ ਸੀ। 'ਹੋਮ' ਦੀ ਵਾਰਤਾ ਵਿਚਲੇ ਵਿਰੋਧ ਨੇ ਛੇਤੀ ਹੀ ਪੁਨਰ-ਜਾਗ੍ਰਿਤ ਸਿੱਖਾਂ ਦਾ ਧਿਆਨ ਖਿੱਚ ਲਿਆ ਅਤੇ ਇਸ ਦਾ ਇਹ ਸੁਝਾਅ ਦਿੰਦੇ ਹੋਏ ਵਿਆਖਿਆ ਕਰਨ ਦਾ ਯਤਨ ਕੀਤਾ ਗਿਆ ਕਿ ਹੋਮ ਕਰਨ ਪਿਛੇ ਗੁਰੂ ਜੀ ਦਾ ਮੰਤਵ ਬ੍ਰਾਹਮਣਾਂ ਦੇ ਝੂਠੇ ਦਾਹਵਿਆਂ ਦੇ ਖੋਖਲੇਪਨ ਨੂੰ ਨੰਗਿਆਂ ਕਰਨਾ ਸੀ ਅਤੇ ਅਜੇਹੀਆਂ ਹੋਰ ਸਾਰੀਆਂ ਰਹੁਰੀਤਾਂ ਦੀ ਨਿਰਾਰਥਕਤਾ ਨੂੰ ਪ੍ਰਗਟ ਕਰਨਾ ਸੀ। ਫਲਸਰੂਪ ਵਾਰਤਾ ਨੇ ਹੁਣ ਭਿੰਨ ਰੂਪ ਧਾਰਨ ਕਰ ਲਿਆ।

ਭਾਈ ਗਿਆਨ ਸਿੰਘ ਕਰਤਾ 'ਪੰਥ ਪ੍ਰਕਾਸ਼' ਦਾ ਕਹਿਣਾ ਹੈ ਕਿ ਕੁਝ ਬ੍ਰਾਹਮਣਾਂ ਨੇ ਗੁਰੂ ਜੀ ਨੂੰ ਇਹ ਸੁਝਾਅ ਦਿੱਤਾ ਕਿ ਜੇਕਰ ਉਹ ਦੇਵੀ ਨੂੰ ਪ੍ਰਗਟ ਕਰਨ ਲਈ ਹੋਮ ਰਚਾਉਣ ਤਾਂ ਉਹ ਉਸ ਦੀ ਸਹਾਇਤਾ ਅਤੇ ਮਿਹਰ ਨਾਲ ਆਪਣੇ ਦੁਸ਼ਮਣਾਂ ਵਿਰੁਧ ਸਫਲਤਾ ਪ੍ਰਾਪਤ ਕਰ ਸਕਦੇ ਹਨ। ਉਨ੍ਹਾਂ ਨੇ ਗੁਰੂ ਜੀ ਨੂੰ ਇਹ ਵੀ ਦਸਿਆ ਕਿ ਬਨਾਰਸ ਵਿਖੇ ਇਕ ਕੇਸ਼ੋ ਨਾਮ ਦਾ ਬ੍ਰਾਹਮਣ ਹੈ, ਜੋ ਕਰਾਮਾਤੀ ਸ਼ਕਤੀਆਂ ਦਾ ਮਾਲਕ ਹੈ ਅਤੇ ਜੇਕਰ ਉਸ ਨੂੰ ਲੋੜੀਂਦੀਆਂ ਸਹੂਲਤਾਂ ਦੇ ਦਿੱਤੀਆਂ ਜਾਣ ਤਾਂ ਉਹ ਦੇਵੀ ਨੂੰ ਪ੍ਰਗਟ ਕਰ ਸਕੇਗਾ। ਗੁਰੂ ਜੀ ਨਾ ਮੰਨੇ ਪਰ ਏਨੇ ਚਿਰ ਨੂੰ ਕੇਸ਼ੋ ਨੂੰ ਇਨ੍ਹਾਂ ਤਜਵੀਜ਼ਾਂ ਦੀ ਕਨਸੋ ਮਿਲ ਗਈ। ਕਿਉਂਕਿ ਉਹ ਇਕ ਬਹੁਤ ਲਾਲਚੀ ਆਦਮੀ ਸੀ ਅਤੇ ਉਹ ਗੁਰੂ ਜੀ ਦੀ ਉਦਾਰਤਾ ਤੋਂ ਵੀ ਜਾਣੂ ਸੀ, ਉਹ ਆਪ ਅਨੰਦਪੁਰ ਆ ਗਿਆ ਅਤੇ ਗੁਰੂ ਜੀ ਕੋਲ ਪੇਸ਼ ਹੋਇਆ। ਉਸ ਨੇ ਕਿਹਾ ਕਿ ਗੁਰੂ ਜੀ ਇਕ ਵਾਰ ਦੇਵੀ ਨੂੰ ਪ੍ਰਗਟ ਕਰ ਲੈਣ ਤਾਂ ਦੈਂਤਾਂ ਨਾਲ ਆਪਣੀਆਂ ਲੜਾਈਆਂ ਵਿਚ ਦੇਵੀ ਵਾਂਗ ਹੀ ਉਨ੍ਹਾਂ ਦਾ ਜੰਗ ਵਿਚ ਕੋਈ ਸਾਨੀ ਨਹੀਂ ਹੋਵੇਗਾ। ਇਸ ਵਾਰ ਗੁਰੂ ਜੀ ਨੇ ਕੇਸ਼ੋ ਰਾਮ ਦੀ ਬਦਨੀਤੀ ਪ੍ਰਗਟ ਕਰਨ ਲਈ ਉਪਰਲੇ ਮਨ ਇਹ

1. ਕਨਿੰਘਮ, ਉਪਰੋਕਤ ਰਚਨਾ, ਪੰਨਾ 70

ਪੇਸ਼ਕਸ਼ ਮੰਨ ਲਈ ਅਤੇ ਜੋ ਕੁਝ ਸਾਮਗ੍ਰੀ ਉਸ ਨੂੰ ਚਾਹੀਦੀ ਸੀ, ਦੇ ਦਿੱਤੀ। ਹੋਮ ਰਚਾਉਣ ਲਈ ਨੈਣਾ ਦੇਵੀ ਦੀ ਸੁੰਦਰ ਪਹਾੜੀ ਨਿਯਤ ਕੀਤੀ ਗਈ। ਨੌਂ ਮਹੀਨਿਆਂ ਦੀ ਪੂਜਾ ਅਤੇ ਜਾਪ ਮਗਰੋਂ ਕੇਸ਼ੋ ਨੇ ਇਹ ਘੋਸ਼ਿਤ ਕਰ ਦਿੱਤਾ ਕਿ ਦੇਵੀ ਦੇ ਪ੍ਰਗਟ ਹੋਣ ਦਾ ਸਮਾਂ ਨੇੜੇ ਆ ਰਿਹਾ ਹੈ। ਗੁਰੂ ਜੀ ਦੇ ਜ਼ੋਰ ਦੇਣ ਤੇ ਕੇਸ਼ੋ ਨੇ ਦੇਵੀ ਦੇ ਪ੍ਰਗਟ ਹੋਣ ਦੀਆਂ ਇਕ ਇਕ ਕਰਕੇ ਤਿੰਨ ਤਾਰੀਖਾਂ ਦਿੱਤੀਆਂ ਪਰ ਜਦ ਇਨ੍ਹਾਂ ਤਾਰੀਖਾਂ ਨੂੰ ਕੁਝ ਵੀ ਨਾ ਵਾਪਰਿਆ ਤਾਂ ਉਸ ਨੇ ਗੁਰੂ ਜੀ ਨੂੰ ਦਸਿਆ ਕਿ ਦੇਵੀ ਨੂੰ ਪ੍ਰਗਟ ਕਰਨ ਲਈ ਕਿਸੇ ਧਰਮਾਤਮਾ ਦੀ ਬਲੀ ਭੇਟ ਕਰਨੀ ਜ਼ਰੂਰੀ ਹੈ। ਇਸ ਤੇ ਗੁਰੂ ਜੀ ਨੇ ਕਿਹਾ ਕਿ ਇਸ ਮੰਤਵ ਲਈ ਕੇਸ਼ੋ ਸਭ ਤੋਂ ਯੋਗ ਵਿਅਕਤੀ ਹੈ ਕਿਉਂਕਿ ਉਸ ਨਾਲੋਂ ਵੱਧ ਹੋਰ ਕੌਣ ਧਰਮਾਤਮਾ ਹੋ ਸਕਦਾ ਹੈ। ਇਸ ਤੇ ਕੇਸ਼ੋ ਡਰ ਕੇ ਦੌੜ ਗਿਆ ਅਤੇ ਫਿਰ ਗੁਰੂ ਜੀ ਨੇ ਇਕੱਠੀ ਕੀਤੀ ਹੋਈ ਸਾਮਗ੍ਰੀ ਨੂੰ ਹੋਮ ਕੁੰਡ ਵਿਚ ਸੁਟੱਣ ਦਾ ਹੁਕਮ ਦਿੱਤਾ। ਅਜੇਹਾ ਕਰਨ ਨਾਲ ਅਗਨੀ ਦੀ ਬਹੁਤ ਵੱਡੀ ਲਾਟ ਉਤਾਂਹ ਅਸਮਾਨ ਵਲ ਉੱਠੀ। ਜਦ ਇਹ ਦੂਰੋਂ ਦੂਰੋਂ ਦਿਖਾਈ ਦਿੱਤੀ ਤਾਂ ਸਾਰੇ ਦਰਸ਼ਕਾਂ ਨੂੰ ਇਹ ਨਿਸ਼ਚਾ ਹੋ ਗਿਆ ਕਿ ਗੁਰੂ ਜੀ ਨੇ ਦੁਰਗਾ ਨੂੰ ਸੁਪ੍ਰਗਟ ਕਰ ਲਿਆ ਹੈ। ਗੁਰੂ ਜੀ ਨੇ ਆਪਣੀ ਤਲਵਾਰ ਖਿਚੀ ਅਤੇ ਅਨੰਦਪੁਰ ਨੂੰ ਰਵਾਨਾ ਹੋ ਪਏ। ਜਦ ਲੋਕਾਂ ਨੇ ਉਨ੍ਹਾਂ ਤੋਂ ਦੇਵੀ ਦੇ ਦਰਸ਼ਨਾਂ ਬਾਰੇ ਪੁਛਿਆ ਤਾਂ ਉਨ੍ਹਾਂ ਨੇ ਆਪਣੀ ਤਲਵਾਰ ਉਤਾਂਹ ਉਠਾਂਦੇ ਹੋਏ ਕਿਹਾ ਕਿ ਬ੍ਰਾਹਮਣ ਜਿਹੜੇ ਕੌਤਕ ਦੁਰਗਾ ਦੇ ਗੁਣ-ਵਿਸ਼ੇਸ਼ ਦਸਦੇ ਹਨ, ਪਰਮਾਤਮਾ ਦੀ ਸਹਾਇਤਾ ਨਾਲ ਉਹ ਮੇਰੀ ਤਲਵਾਰ ਕਰੇਗੀ। ਲੋਕਾਂ ਨੇ ਇਹ ਗਲਤ ਸਮਝ ਲਿਆ ਕਿ ਦੇਵੀ ਨੇ ਉਨ੍ਹਾਂ ਨੂੰ ਤਲਵਾਰ ਦਿੱਤੀ ਹੈ।"[1]

ਇਹ ਸਪਸ਼ਟ ਹੈ ਕਿ ਇਥੇ ਅਸੀਂ ਪੁਰਾਤਨ ਰਵਾਇਤ ਵਿਚ ਇਸ ਲਈ ਜਾਣ ਬੁਝ ਕੇ ਸੋਧ ਕੀਤੀ ਗਈ ਦੇਖਦੇ ਹਾਂ ਤਾਂ ਕਿ ਇਸ ਨੂੰ ਸਿੱਖ ਵਿਚਾਰਧਾਰਾ ਵਿਚ ਸਹਿਜੇ ਸਹਿਜੇ ਹੋ ਰਹੇ ਪਰਿਵਰਤਨਾਂ ਦੇ ਅਧਿਕ ਅਨੁਕੂਲ ਕੀਤਾ ਜਾ ਸਕੇ। ਪਰੰਤੂ ਇਸ ਅਵਸਥਾ ਨੂੰ ਵੀ ਛੇਤੀ ਹੀ ਤਿਆਗ ਦਿੱਤਾ ਗਿਆ ਅਤੇ ਇਹ ਕਿਹਾ ਜਾਣ ਲੱਗ ਪਿਆ ਕਿ ਹੋਮ ਕਦੇ ਕੀਤਾ ਹੀ ਨਹੀਂ ਗਿਆ ਸੀ ਅਤੇ ਇਹ ਕਿ ਇਹ ਸਾਰੀ ਵਾਰਤਾ ਕਲਪਿਤ ਹੈ। ਗੁਰੂ ਜੀ ਦੀ ਅਤੇ ਉਨ੍ਹਾਂ ਦੇ ਪੂਰਵਲੇ ਗੁਰੂਆਂ ਦੀ ਸਿੱਖਿਆ ਵਿਚ, ਪਰਮਾਤਮਾ ਦੀ ਏਕਤਾ ਬਾਰੇ ਮੂਲ ਸੰਕਲਪ ਇਤਨੇ ਬੁਨਿਆਦੀ ਹਨ, ਅਤੇ ਸਿੱਖਾਂ ਨੂੰ ਬਿਨਾਂ ਕਿਸੇ ਹੋਰ ਦੇ ਇਕੋ ਸੱਚੇ ਅਕਾਲਪੁਰਖ ਦੀ ਪੂਜਾ ਕਰਨ ਦੇ ਆਦੇਸ਼ ਇਤਨੇ ਸਪਸ਼ਟ ਅਤੇ ਦ੍ਰਿੜ ਹਨ ਕਿ ਇਹ ਸੋਚਿਆ ਹੀ ਨਹੀਂ ਜਾ ਸਕਦਾ ਕਿ ਗੁਰੂ ਜੀ ਨੇ ਆਪ ਇਨ੍ਹਾਂ ਦੀ ਇਸ ਤਰ੍ਹਾਂ ਘਟੀਆ ਢੰਗ ਨਾਲ ਵਿਰੋਧਤਾ ਕੀਤੀ ਹੋਵੇਗੀ। ਭਾਵੇਂ ਇਹ ਸੱਚ ਹੈ ਕਿ ਅਜੇਹੀ ਦਲੀਲ ਇਤਿਹਾਸ ਵਿਚ ਇਕ ਤੱਥਪੂਰਨ ਘਟਨਾ ਨੂੰ ਸਿੱਧ ਕਰਨ ਲਈ ਨਿਰਣੈਜਨਕ ਨਹੀਂ ਸਮਝੀ ਜਾ ਸਕਦੀ ਪਰੰਤੂ ਇਸ ਦੀ ਮਹੱਤਾ ਨੂੰ ਘਟਾਇਆ ਨਹੀਂ ਜਾ ਸਕਦਾ। ਸੋ ਜਾਂ ਤਾਂ ਹੋਮ ਪੂਰਨ ਈਮਾਨਦਾਰੀ ਨਾਲ ਕੀਤਾ ਗਿਆ ਸੀ ਜਾਂ ਉੱਕਾ ਹੀ ਕੀਤਾ ਨਹੀਂ ਗਿਆ। ਦੂਜਾ

1. ਮੈਕਾਲਿਫ ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 65

ਦ੍ਰਿਸ਼ਟੀਕੋਨ ਜਿਸ ਵਿਚ ਇਹ ਸੁਝਾਅ ਦਿੱਤਾ ਗਿਆ ਹੈ ਕਿ ਗੁਰੂ ਜੀ ਨੇ ਹੋਮ ਅਜੇਹੀਆਂ ਸਾਰੀਆਂ ਰਹੁ-ਰੀਤਾਂ ਦੀ ਨਿਰਾਰਥਕਤਾ ਨੂੰ ਅਮਲੀ ਰੂਪ ਵਿਚ ਪ੍ਰਗਟ ਕਰਨ ਲਈ ਕੀਤਾ ਸੀ, ਨੂੰ ਅਸੀਂ ਸਵੀਕਾਰ ਨਹੀਂ ਕਰ ਸਕਦੇ ਕਿਉਂਕਿ ਇਸ ਵਾਰਤਾ ਦਾ ਆਰੰਭ ਬਹੁਤ ਪਿਛੋਂ ਜਾ ਕੇ ਹੋਇਆ ਅਤੇ ਜਿਨ੍ਹਾਂ ਪਰਿਸਥਿਤੀਆਂ ਵਿਚ ਇਹ ਪੈਦਾ ਹੋਈ ਸੀ ਉਨ੍ਹਾਂ ਤੋਂ ਸਾਨੂੰ ਇਸ ਦੀ ਹੋਂਦ ਦੇ ਮੰਤਵ ਬਾਰੇ ਅਨੁਮਾਨ ਹੋ ਜਾਂਦਾ ਹੈ।

'ਗੁਰ ਬਿਲਾਸ' ਵਿਚ ਦਿੱਤਾ ਗਿਆ ਬਿਰਤਾਂਤ, ਜਿਸ ਦਾ ਸਾਰ ਪਹਿਲੋਂ ਦਿੱਤਾ ਜਾ ਚੁਕਿਆ ਹੈ, ਸਿੱਧਾ ਅਤੇ ਸਪਸ਼ਟ ਹੈ ਅਤੇ ਦੂਜੇ ਲੇਖਕ ਵੀ ਕੇਂਦਰੀ ਵਿਸ਼ੇ ਬਾਰੇ ਬਹੁਤ ਹੱਦ ਤਕ ਸਹਿਮਤ ਹਨ ਭਾਵੇਂ ਵੇਰਵਿਆਂ ਵਿਚ ਮਤ-ਭੇਦ ਹੈ। ਪਹਾੜਾਂ ਵਿਚ ਪ੍ਰਚਲਤ ਕਥਾ ਵੀ ਅਧਿਕਤਮ ਰੂਪ ਵਿਚ ਇਸੇ ਸੁਭਾਅ ਵਾਲੀ ਹੈ। "ਕਥਾ ਇਉਂ ਚਲਦੀ ਹੈ ਕਿ ਤੁਰਕਾਂ ਵਿਰੁਧ ਆਪਣੀ ਕਾਰਵਾਈ ਆਰੰਭ ਕਰਨ ਤੋਂ ਪਹਿਲਾਂ ਗੁਰੂ ਗੋਬਿੰਦ ਸਿੰਘ ਜੀ ਨੇ ਨੈਣਾ ਦੇਵੀ ਤੋਂ ਸਹਾਇਤਾ ਮੰਗੀ। ਉਨ੍ਹਾਂ ਨੇ ਆਪਣੇ ਨਾਲ ਬਨਾਰਸ ਦਾ ਇਕ ਬ੍ਰਾਹਮਣ ਲਿਆ ਅਤੇ ਕਈ ਮਹੀਨੇ ਹੋਮ ਹੁੰਦਾ ਰਿਹਾ। ਆਖਰ ਦੇਵੀ ਪ੍ਰਗਟ ਹੋਈ ਅਤੇ ਗੁਰੂ ਜੀ ਨੇ ਭੈ-ਭੀਤ ਹੋਕੇ ਆਪਣੀ ਤਲਵਾਰ ਭੇਟ ਕੀਤੀ, ਦੇਵੀ ਨੇ ਉਸ ਨੂੰ ਛੁਹਿਆ ਤੇ ਅਲੋਪ ਹੋ ਗਈ। ਪਰ ਬ੍ਰਾਹਮਣ ਨੇ ਕਿਹਾ ਕਿ ਗੁਰੂ ਜੀ ਦੇ ਭੈ ਪ੍ਰਗਟ ਕਰਨ ਨਾਲ ਮਰਯਾਦਾ ਵਿਚ ਜੋ ਵਿਘਨ ਜਾਂ ਤਰੁਟੀ ਰਹਿ ਗਈ ਸੀ ਉਸ ਨੂੰ ਉਨ੍ਹਾਂ ਦੇ ਇਕ ਪੁੱਤਰ ਦੀ ਬਲੀ ਦੇਣ ਨਾਲ ਦੂਰ ਕੀਤਾ ਜਾ ਸਕਦਾ ਹੈ। ਗੁਰੂ ਜੀ ਇਸ ਲਈ ਮੰਨ ਗਏ ਪਰੰਤੂ ਉਨ੍ਹਾਂ ਦੇ ਚਾਰੇ ਪੁੱਤਰਾਂ ਦੀਆਂ ਮਾਵਾਂ ਨੇ ਉਜ਼ਰ ਕੀਤਾ। ਸੋ ਉਨ੍ਹਾਂ ਦੇ ਸ਼ਰਧਾਲੂਆਂ ਵਿਚੋਂ ਇਕ ਦੀ ਬਲੀ ਦਿੱਤੀ ਗਈ, ਦੇਵੀ ਦੁਬਾਰਾ ਪ੍ਰਗਟ ਹੋਈ ਅਤੇ ਉਨ੍ਹਾਂ ਦੀ ਸੰਪਰਦਾਇ ਦੀ ਪ੍ਰਫੁਲਤਾ ਦਾ ਵਰ ਦੇ ਗਈ।"[1] ਸੋ ਇਸ ਗੱਲ ਵਿਚ ਸ਼ੱਕ ਨਹੀਂ ਹੋ ਸਕਦਾ ਕਿ ਇਸ ਹੋਮ ਦੀ ਰਸਮ ਬਾਰੇ ਬਹੁਤ ਤਕੜੀ ਰਵਾਇਤ ਪ੍ਰਚਲਤ ਹੈ। ਵਾਸਤਕ ਵਿਚ ਇਕ ਸਿੱਖ ਲੇਖਕ, ਜਿਸ ਨੂੰ ਮੈਲਕਮ "ਉਸ ਸੰਪਰਦਾਇ ਦੇ ਸਤਿਕਾਰਯੋਗ ਅਤੇ ਗਿਆਨਵਾਨ ਲੇਖਕਾਂ ਵਿਚੋਂ ਇਚ ਮੰਨਦਾ ਹੈ," ਇਥੋਂ ਤੱਕ ਕਹਿੰਦਾ ਹੈ ਕਿ ਗੁਰੂ ਜੀ ਨੇ "ਆਪਣਾ ਬਹੁਤਾ ਸਮਾਂ ਦੁਰਗਾ ਭਵਾਨੀ ਦੇ ਮੰਦਰ ਵਿਚ ਪੂਜਾ ਵਿਚ ਬਤੀਤ ਕੀਤਾ ਸੀ, ਜਿਹੜੀ ਕਿ ਸਾਹਸ ਦੀ ਦੇਵੀ ਸੀ ਅਤੇ ਜਿਸ ਨੇ ਗੁਰੂ ਜੀ ਨੂੰ ਆਪਣੇ ਵਾਲ ਖੁਲ੍ਹੇ ਛੱਡਣ ਅਤੇ ਆਪਣੀ ਤਲਵਾਰ ਖਿੱਚਣ ਲਈ ਕਿਹਾ ਸੀ। ਇਸ ਦੈਵੀ ਹੁਕਮ ਦੇ ਫਲਸਰੂਪ, ਗੋਬਿੰਦ ਨੇ ਆਪਣੇ ਵਾਲਾਂ ਦੀ ਰਖਿਆ ਦੀ ਪ੍ਰਤਿਗਿਆ ਕੀਤੀ ਜਿਹੜੇ ਕਿ ਉਸ ਦੇਵੀ ਨੂੰ ਅਰਪਿਤ ਸਨ ਅਤੇ ਆਪਣੇ ਅਨੁਯਾਈਆਂ ਨੂੰ ਵੀ ਅਜੇਹਾ ਕਰਨ ਦਾ ਹੁਕਮ ਦਿੱਤਾ"।[2]

ਬਹੁਤੇ ਲੇਖਕਾਂ ਲਈ ਇਸ ਪਰੰਪਰਿਕ ਪ੍ਰਮਾਣ ਦੇ ਠੋਸ ਤੱਥਾਂ ਨੂੰ ਇਕ ਪਾਸੇ ਸੁਟ ਪਾਉਣਾ ਮੁਸ਼ਕਿਲ ਜਾਪਦਾ ਹੈ ਅਤੇ ਉਪਰ ਸੰਕੇਤਿਤ ਵਿਰੋਧ ਨੂੰ ਗੁਰੂ ਜੀ ਦਾ ਰਾਜਸੀ ਮੰਤਵ ਦੱਸ ਕੇ ਸੁਲਝਾਉਣ ਦਾ ਯਤਨ ਕੀਤਾ ਗਿਆ ਹੈ। ਰੋਜ਼ ਕਹਿੰਦਾ ਹੈ,

1. ਰੋਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 695
2. Malcolm, *Sketch of the Sikhs*, p. 49, 50.

"ਆਪਣੇ ਬਚਪਨ ਵਿਚ ਹਿੰਦੂ ਪ੍ਰਭਾਵਾਂ ਨਾਲ ਘਿਰਿਆ ਹੋਣ ਕਰਕੇ, ਗੋਬਿੰਦ ਰਾਏ ਸਨਾਤਨੀ ਹਿੰਦੂ ਮਤ ਦੇ ਘੇਰੇ ਵਿਚ ਰਹਿਣ ਦੇ ਭਲਾਵੇ ਹੇਠਾਂ ਗੱਦੀ ਉਤੇ ਬੈਠਾ।"[1] ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਗੁਰੂ ਜੀ ਸਾਰੇ ਪੂਰਵ-ਖਾਲਸਾ ਕਾਲ ਵਿਚ ਅਰਧ ਸੁਤੰਤਰ ਪਹਾੜੀ ਰਾਜਿਆਂ ਦੇ ਮੁਆਮਲਿਆਂ ਵਿਚ, ਇਸ ਮੰਤਵ ਲਈ ਭਾਗ ਲੈਂਦੇ ਰਹੇ ਸਨ ਤਾਂ ਕਿ ਉਨ੍ਹਾਂ ਨਾਲ ਕਿਸੇ ਤਰ੍ਹਾਂ ਦੇ ਸਥਾਈ ਸਮਝੌਤੇ ਤੇ ਪਹੁੰਚਿਆ ਜਾ ਸਕੇ। ਹੋਰ ਇਹ ਕਿ ਕਾਂਗੜੇ ਦੀਆਂ ਪਹਾੜੀਆਂ ਹਿੰਦੂ ਮਤ ਦੀਆਂ ਗੜ੍ਹ ਸਨ ਅਤੇ ਲੋਕੀਂ ਅੰਧਾ ਧੁੰਦ ਦੇਵੀ-ਪੂਜਾ ਵਿਚ ਰੰਗੇ ਹੋਏ ਸਨ। ਹੁਣ ਵੀ "ਦੇਵੀ ਦੀ ਮਾਨਤਾ ਸਾਰੇ ਸੂਬੇ ਵਿਚ ਲੋਕ-ਪ੍ਰਿਯ ਹੈ ਪਰ ਇਸ ਦੀ ਪੂਜਾ, ਅੰਬਾਲੇ, ਹੁਸ਼ਿਆਰਪੁਰ ਅਤੇ ਕਾਂਗੜੇ ਵਿਚ ਅਨੇਕ ਢੰਗ ਨਾਲ ਪ੍ਰਚਲਤ ਹੈ" ਅਤੇ ਸਾਨੂੰ ਦਸਿਆ ਗਿਆ ਹੈ ਕਿ "ਇਕੱਲੇ ਕਾਂਗੜੇ ਵਿਚ ਹੀ ਅਨੇਕਾਂ ਸਥਾਨਿਕ ਦੇਵੀਆਂ ਹਨ, ਅਤੇ ਉਨ੍ਹਾਂ ਵਿਚ 360 ਕਾਂਗੜਾ ਮੰਦਰ ਦੀ ਸਥਾਪਨਾ ਸਮੇਂ ਇਕੱਠੀਆਂ ਹੋਈਆਂ ਸਨ।"[2] ਰੋਜ਼ ਅਨੁਸਾਰ "ਅਸੀਂ ਦੇਵੀ ਪੂਜਾ ਦੀ ਕਿਤੇ ਸਪਸ਼ਟ ਨਿਖੇਧੀ ਨਹੀਂ ਸੁਣਦੇ" ਅਤੇ ਭਾਵੇਂ ਉਨ੍ਹਾਂ ਨੂੰ ਕਿਸੇ ਹੋਰ ਤੋਂ ਬਿਨਾਂ ਇਕੋ ਸੱਚੇ ਅਕਾਲਪੁਰਖ ਦੀ ਪੂਜਾ ਕਰਨ ਦਾ ਆਦੇਸ਼ ਸੀ ਪਰੰਤੂ ਇਹ ਸੰਭਵ ਹੈ ਕਿ "ਸਿੱਖਾਂ ਵਿਚ ਵੀ ਦੇਵੀ ਦੀ ਸ਼ਕਤੀ ਪ੍ਰਤਿ ਵਿਸਵਾਸ਼ ਅਜੇ ਬਾਕੀ ਸੀ।" ਸੋ ਜੇਕਰ ਉਨ੍ਹਾਂ ਦੇ ਆਪਣੇ ਅਨੁਯਾਈਆਂ ਦੀ ਦ੍ਰਿਸ਼ਟੀ ਤੋਂ ਦੇਖੀਏ ਜਾਂ ਵਿਸਤ੍ਰਿਤ ਪੱਖਾਂ ਤੋਂ ਵਾਚੀਏ ਤਾਂ ਦੇਵੀ ਦਾ ਪ੍ਰਭਾਵ ਅਧਿਕ ਮਾਤਰਾ ਵਿਚ ਪ੍ਰਗਟ ਹੁੰਦਾ ਹੈ ਅਤੇ ਨਾਰੰਗ ਕਹਿੰਦਾ ਹੈ "ਗੁਰੂ ਜੀ ਸੱਚੇ ਅਕਾਲਪੁਰਖ ਤੋਂ ਬਿਨਾਂ ਹੋਰ ਕਿਸੇ ਦੇਵੀ ਦੇਵਤੇ ਵਿਚ ਵਿਸਵਾਸ਼ ਨਹੀਂ ਰਖਦੇ ਸਨ, ਪਰੰਤੂ ਜਾਂ ਆਪਣੇ ਅਨੁਯਾਈਆਂ ਨੂੰ ਇਹ ਦੱਸਣ ਲਈ ਕਿ ਅਜੇਹੀ ਕੋਈ ਸ਼ਕਤੀ ਨਹੀਂ ਹੈ, ਜਾਂ ਲੋਕਾਂ ਦੀ ਹਮਦਰਦੀ ਅਤੇ ਨਿਸ਼ਚੇ ਨੂੰ, ਜਿਹੜਾ ਕਿ ਉਨ੍ਹਾਂ ਦਾ ਲੋਕਪ੍ਰਿਯ ਦੇਵੀ ਪ੍ਰਤੀ ਸੀ, ਜਿੱਤਣ ਲਈ, ਦਿਖਾਵੇ ਵਜੋਂ ਦੇਵੀ ਪ੍ਰਗਟ ਕਰਨ ਦੇ ਮੰਤਵ ਲਈ ਇਹ ਮਹਾਨ ਬਲੀ ਦੇਣ ਦਾ ਹੁਕਮ ਦਿੱਤਾ ਜਾਪਦਾ ਹੈ।"[3]

ਦੂਜੇ ਪਾਸੇ ਇਹ ਯਾਦ ਰੱਖਣਾ ਮਹੱਤਵਪੂਰਨ ਹੈ ਕਿ ਸਭ ਤੋਂ ਪਹਿਲੀ ਲਿਖਤ, ਜਿਸ ਵਿਚ ਹੋਮ ਦਾ ਵਰਣਨ ਹੈ, ਗੁਰ ਬਿਲਾਸ ਹੈ ਜੋ ਕਿ 1798 ਈ: ਦੀ ਕ੍ਰਿਤ ਹੈ ਅਤੇ ਇਹ ਨਿਰਵਿਵਾਦ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਸੁਧਾਰਾਂ ਦੇ ਆਰੰਭ ਤੋਂ ਲੈ ਕੇ ਇਕ ਸਦੀ ਦੇ ਬੀਤ ਜਾਣ ਤਕ ਸਿੱਖ ਉਨ੍ਹਾਂ ਦੇ ਆਦਰਸ਼ਾਂ ਤੋਂ ਦੁਰੇਡੇ ਜਾ ਚੁੱਕੇ ਸਨ। ਸ਼ਾਇਦ ਇਹ ਕਹਿਣਾ ਮੁਸ਼ਕਿਲ ਹੈ ਕਿ ਗੁਰੂ ਜੀ ਦੇ ਆਦਰਸ਼ਾਂ ਨੂੰ ਅਮਲੀ ਰੂਪ ਵਿਚ ਕਿਥੋਂ ਤਕ ਨਿਭਾਇਆ ਗਿਆ ਪਰੰਤੂ ਇਸ ਵਿਚ ਉੱਕਾ ਹੀ ਸ਼ੱਕ ਨਹੀਂ ਕਿ ਅਠਾਰਵੀਂ ਸਦੀ ਦੇ ਸ਼ੁਰੂ ਦੇ ਸਿੱਖ, ਸਿੱਖ-ਰਾਜ ਦੇ ਸਮੇਂ ਦੇ ਸਿੱਖਾਂ ਨਾਲੋਂ ਗੁਰੂ ਜੀ ਦੇ ਸਿੱਧਾਂਤਾਂ ਪ੍ਰਤਿ ਹਰ ਪੱਖੋਂ ਵਧੇਰੇ ਸਿਦਕੀ ਸਨ। ਇਹ ਪਿਛਲੇਰੇ ਸਿੱਖ ਹਿੰਦੂ ਮਤ ਦੀਆਂ ਬਹੁਤ ਸਾਰੀਆਂ ਰਹੁ ਰੀਤਾਂ ਵਿਚ ਮੁੜ ਜਾ ਪਏ ਸਨ ਅਤੇ ਇਸ ਗੱਲ ਨੂੰ ਸਪਸ਼ਟ ਅਤੇ ਨਿਰਵਿਵਾਦ ਪ੍ਰਮਾਣਾਂ ਸਹਿਤ

1. ਰੋਜ਼ ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 694
2. ਉਹੀ, ਪੰਨਾ 318
3. ਨਾਰੰਗ, ਉਪਰੋਕਤ ਰਚਨਾ, ਪੰਨਾ 147

ਪੂਰੀ ਤਰ੍ਹਾਂ ਨਿਰੂਪਤ ਕੀਤਾ ਜਾ ਸਕਦਾ ਹੈ। ਬਹੁਤੇ ਵਿਸਥਾਰ ਵਿਚ ਜਾਣ ਦੀ ਲੋੜ ਨਹੀਂ; ਕੁਝ ਇਕ ਨਿਰਣਾਇਕ ਉਦਾਹਰਣਾਂ ਹੀ ਸਾਡੇ ਮੰਤਵ ਲਈ ਕਾਫ਼ੀ ਹੋਣਗੀਆਂ। ਫਾਰਸਟਰ ਅਤੇ ਮੈਲਕਮ ਦੀ ਗਵਾਹੀ ਤੋਂ ਇਹ ਸਪਸ਼ਟ ਦਿਖਾਈ ਦਿੰਦਾ ਹੈ ਕਿ ਉਨ੍ਹਾਂ ਦੇ ਸਮੇਂ ਦੇ ਸਿੱਖ, ਸਾਂਝੇ ਖਾਣ ਪੀਣ ਅਤੇ ਪਰਸਪਰ ਵਿਆਹ ਸ਼ਾਦੀਆਂ ਲਈ ਜਾਤ ਪਾਤ ਦੀ ਮੁੜ ਵਰਤੋਂ ਕਰਨ ਲੱਗ ਪਏ ਸਨ ਅਤੇ ਜਾਤ ਪਾਤ ਅਨੁਕੂਲ ਹੋਣ ਤੇ ਭਾਈਚਾਰੇ ਤੋਂ ਬਾਹਰ ਕੀਤੀਆਂ ਵਿਆਹ ਸ਼ਾਦੀਆਂ ਦੀ ਕੋਈ ਘਾਟ ਨਹੀਂ ਸੀ।[1] ਪਰੰਤੂ ਇਸ ਜਾਤਪਾਤ ਦੇ ਪ੍ਰਸ਼ਨ ਤੋਂ ਛੁਟ, ਜਿਸ ਨੂੰ ਹਿੰਦੂ ਮਤ ਵਿਚੋਂ ਪੈਦਾ ਹੋਈ ਹਰ ਸੰਪਰਦਾਇ ਲਈ ਤਿਆਗ ਦੇਣਾ ਕਠਿਨ ਸੀ, ਅਸੀਂ ਦੇਖਦੇ ਹਾਂ ਕਿ ਹਿੰਦੂ ਦੇਵੀ ਦੇਵਤਿਆਂ, ਹਿੰਦੂ ਧਰਮ ਸਥਾਨਾਂ ਅਤੇ ਪ੍ਰਸਿੱਧ ਹਿੰਦੂ ਰਹੁ-ਰੀਤਾਂ ਨੇ ਮੁੜ ਸਿੱਖ ਮਤ ਤੇ ਹਮਲਾ ਕਰ ਦਿੱਤਾ ਸੀ ਉਦਾਹਰਣ ਵਜੋਂ, ਕਿਹਾ ਜਾਂਦਾ ਹੈ ਕਿ ਮਹਾਰਾਜਾ ਰਣਜੀਤ ਸਿੰਘ ਦੀ ਬਿਮਾਰੀ ਦੇ ਅੰਤਲੇ ਦਿਨਾਂ ਵਿਚ ਰੁਪਏ ਪੈਸੇ, ਹੀਰੇ ਜਵਾਹਰਾਤ ਅਤੇ ਹੋਰ 50 ਲੱਖ ਰੁਪਏ ਦੀ ਕੀਮਤ ਦੀ ਸੰਪੱਤੀ ਦਾਨ ਵਿਚ ਦਿੱਤੀ ਗਈ ਅਤੇ "ਹੀਰਿਆਂ ਵਿਚੋਂ ਉਸ ਨੇ ਮਸ਼ਹੂਰ ਕੋਹੇ-ਨੂਰ ਹੀਰੇ ਨੂੰ ਜਗਨਨਾਥ ਮੰਦਰ ਭੇਜਣ ਲਈ ਹੁਕਮ ਦਿੱਤਾ।"[2] ਕੇਵਲ ਏਨਾ ਹੀ ਨਹੀਂ, ਮਹਾਰਾਜਾ ਭਾਰਤ ਦੇ ਵੱਡੇ ਵੱਡੇ ਧਰਮ-ਸਥਾਨਾਂ ਲਈ ਬਹੁਤ ਵੱਡੀਆਂ ਭੇਟਾ ਛਡ ਗਿਆ ਸੀ ਅਤੇ ਉਨ੍ਹਾਂ ਨੂੰ ਵੰਡਣ ਲਈ ਸਰਦਾਰ ਉੱਤਰ ਸਿੰਘ ਸੰਧਾਵਾਲੀਆ ਨੂੰ ਭੇਜਿਆ ਗਿਆ ਸੀ[3] ਸਰਦਾਰ ਅਤਰ ਸਿੰਘ ਨੂੰ ਸੁਰਗਵਾਸੀ ਮਹਾਰਾਜੇ ਦੀਆਂ ਸਾਧਾਰਨ ਰਹੁ-ਰੀਤਾਂ ਕਰਨ ਲਈ 'ਗਯਾ ਜੀ[4] ਭੇਜਿਆ ਗਿਆ ਅਤੇ ਉਨ੍ਹਾਂ ਦੀਆਂ ਅਸਥੀਆਂ ਨੂੰ ਪੂਰੀ ਸ਼ਾਨ ਅਤੇ ਮਰਯਾਦਾ ਨਾਲ ਗੰਗਾ ਦੀ ਭੇਂਟ ਕੀਤਾ ਗਿਆ। ਹੋਨੀਬਰਗਰ ਸਾਨੂੰ ਮਹਾਰਾਜੇ ਦੇ ਕਿਰਿਆ ਕਰਮ ਸੰਬੰਧੀ ਵਿਸਥਾਰ-ਮਈ ਗਿਆਨ ਦਿੰਦਾ ਹੈ ਜਿਸ ਅਵਸਰ ਤੇ ਉਸ ਦੀਆਂ ਚਾਰ ਪਤਨੀਆਂ ਅਤੇ ਸੱਤ ਗੋਲੀਆਂ ਉਸ ਨਾਲ ਸਤੀ ਹੋ ਗਈਆਂ ਸਨ। ਬ੍ਰਾਹਮਣਾਂ ਨੇ ਸ਼ਾਸਤਰਾਂ ਵਿਚੋਂ ਮੰਤਰਾਂ ਦਾ ਜਾਪ ਕੀਤਾ ਅਤੇ ਭਾਰੀ ਤੁਹਫੇ ਪ੍ਰਾਪਤ ਕੀਤੇ। ਮਹਾਰਾਜਾ ਖੜਕ ਸਿੰਘ ਅਤੇ ਕੰਵਰ ਨੌ ਨਿਹਾਲ ਸਿੰਘ ਦੇ ਮਿਰਤਕ-ਸੰਸਕਾਰਾਂ ਬਾਰੇ ਇਹੋ ਕਹਾਣੀ ਦੁਹਰਾਈ ਗਈ ਹੈ।[5] ਇਹ ਉਦਾਹਰਣਾਂ ਅਤੇ ਅਜੇਹੀਆਂ ਹੋਰ ਵੀ ਕਈ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਜੋ ਇਸ ਗੱਲ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿਣ ਦਿੰਦੀਆਂ ਕਿ ਪਿਛਲੇ ਸਮੇਂ ਦੇ ਸਿੱਖ ਆਪਣੇ ਗੁਰੂ ਦੇ ਆਦਰਸ਼ਾਂ ਤੋਂ ਬਹੁਤ ਲਾਂਭੇ ਜਾ ਚੁੱਕੇ ਸਨ। ਦੇਵੀ ਦੀ ਪੂਜਾ ਫਿਰ ਲੋਕਪ੍ਰਿਯ ਹੋ ਗਈ ਸੀ ਅਤੇ ਇਹ ਅਨੁਭਵ ਕੀਤਾ ਜਾ ਸਕਦਾ ਹੈ ਕਿ ਇਸ ਪਰਿਵਰਤਿਤ ਮਾਨਸਿਕ ਵਾਤਾਵਰਣ ਵਿਚ ਦੁਰਗਾ ਦੀ ਕਥਾ ਆਰੰਭ ਹੋਈ ਅਤੇ ਹੌਲੇ ਹੌਲੇ ਪ੍ਰਚਲਤ ਹੋ ਗਈ।

---

1. ਮੈਲਕਮ, ਉਪਰੋਕਤ ਰਚਨਾ, ਪੰਨਾ 135-37; ਫਾਰਸਟਰ, ਉਪਰੋਕਤ ਰਚਨਾ, ਪੰਨਾ 256
2. ਗੁਪਤ ਮਸ਼ਵਰੇ, 4 ਦਸੰਬਰ, 1839, ਨੰਬਰ 78-80 (ਭਾਰਤੀ ਰਾਸ਼ਟ੍ਰੀ ਪੁਰਾਲੇਖ ਵਿਭਾਗ)
3. ਉਹੀ, 21 ਸਤੰਬਰ, 1840, ਨੰਬਰ 98
4. ਉਹੀ, 24 ਸਤੰਬਰ, 1840, ਨੰਬਰ 75
5. Honighberger, *Thirty-five years in the East*, pp. 99-104, 106, 107

ਵਾਸਤਵ ਵਿਚ ਕਰਤਾਰ ਸਿੰਘ ਵੀ ਇਹੋ ਕੁਝ ਕਹਿੰਦਾ ਹੈ। ਉਹ ਲਿਖਤਾ ਹੈ: "ਗੁਰੂ ਜੀ ਦੁਆਰਾ ਦੁਰਗਾ ਦੀ ਅਖੌਤੀ ਪੂਜਾ ਅਤੇ ਇਸ ਤੇ ਆਧਾਰਿਤ ਸਾਰੀਆਂ ਕਹਾਣੀਆਂ ਨਿਪਟ ਕਲਪਨਾ ਹਨ, ਚਲਾਕ ਤੱਥਾ ਅਣਸਿੱਖੀ ਲੱਛਨਾਂ ਵਾਲੇ ਲੋਕਾਂ ਦੀਆਂ ਮਨਘੜਤਾਂ ਹਨ ਜਿਹੜੇ ਗੁਰੂ ਜੀ ਦੁਆਰਾ ਘੋਸ਼ਿਤ ਕੀਤੇ ਉਚ-ਆਦਰਸ਼ਾਂ ਤੋਂ ਆਪਣੀ ਗਿਰਾਵਟ ਨੂੰ ਠੀਕ ਸਾਬਤ ਕਰਨਾ ਅਤੇ ਆਪਣੇ ਬੁੱਤਪੂਜ ਗੁਆਂਢੀਆਂ ਨੂੰ ਖੁਸ਼ ਕਰਨਾ ਚਾਹੁੰਦੇ ਸਨ ਜਾਂ ਸ਼ਾਇਦ ਹਿੰਦੂਆਂ ਨੂੰ ਗੁਰੂ ਜੀ ਦੁਆਰਾ ਦੇਵੀ ਪ੍ਰਗਟ ਕਰਨ ਅਤੇ ਆਪਣੀਆਂ ਇੱਛਾਵਾਂ ਬਖਸ਼ਵਾਉਣਾ ਦਿਖਾ ਕੇ, ਉਨ੍ਹਾਂ ਦੇ ਨਾਮ ਨੂੰ ਆਭਾ ਦੇਣਾ ਚਾਹੁੰਦੇ ਸਨ, ਜਿਹੜੀ ਕਿ ਵਾਸਤਵ ਵਿਚ ਝੂਠੀ ਅਤੇ ਬਨਾਉਟੀ ਸੀ।"[1] ਭਾਵੇਂ ਅਜੇਹਾ ਦ੍ਰਿਸ਼ਟੀਕੋਣ ਪਹਿਲੀ ਨਜ਼ਰੇ ਕਿੰਨਾਂ ਹੀ ਓਪਰਾ ਅਤੇ ਹੱਠ ਧਰਮੀ ਵਾਲਾ ਜਾਪਦਾ ਹੈ ਪਰ ਜੋ ਕੁਝ ਉਪਰ ਕਿਹਾ ਗਿਆ ਹੈ ਉਸ ਦੇ ਪ੍ਰਕਰਣ ਵਿਚ, ਦੂਜੇ ਪਾਸੇ, ਸਾਨੂੰ ਕਾਫੀ ਯੁਕਤੀ ਪੂਰਵਕ ਅਨੁਮਾਨ ਹੋ ਜਾਂਦਾ ਹੈ। ਐਪਰ ਇਸ ਦ੍ਰਿਸ਼ਟੀਕੋਨ ਨੂੰ, ਸੈਨਾਪਤ ਦੇ ਗੁਰ ਸੋਭਾ ਵਿਚ ਨਿਖੇਧਾਤਮਕ ਗਵਾਹੀ ਕਾਰਨ ਹੋਰ ਬਲ ਮਿਲਦਾ ਹੈ। ਸੈਨਾਪਤ ਗੁਰੂ ਜੀ ਦੀ ਸੇਵਾ ਵਿਚਲੇ 52 ਕਵੀਆਂ ਵਿਚੋਂ ਇਕ ਸੀ ਅਤੇ ਇਉਂ ਉਹ ਗੁਰੂ ਜੀ ਦੇ ਨਿਕਟਵਰਤੀਆਂ ਵਿਚੋਂ ਸੀ। ਗੁਰੂ ਜੀ ਦੇ ਪੂਰਬ-ਖਾਲਸਾ ਕਾਲ ਦੇ ਕਾਰਨਾਮਿਆਂ ਅਤੇ ਸੁਧਾਰਾਂ ਦਾ ਸੈਨਾਪਤ ਦੁਆਰਾ ਕੀਤਾ ਉਲੇਖ ਬਹੁਤ ਹੀ ਅਲਪ ਹੈ ਪਰ ਉਹ ਪ੍ਰਮੁਖ ਤੱਥਾਂ ਦਾ ਵਰਣਨ ਕਰਦਾ ਹੈ ਅਤੇ ਹੋਮ ਦੀ ਰਸਮ ਬਾਰੇ ਉਸ ਦੀ ਚੁਪ ਨੂੰ ਮਹੱਤਵਪੂਰਤ ਸਮਝਣਾ ਚਾਹੀਦਾ ਹੈ: ਗੁਰੂ ਜੀ ਦੀਆਂ ਆਪਣੀਆਂ ਰਚਨਾਵਾਂ ਤੋਂ ਬਾਅਦ, ਗੁਰ ਸੋਭਾ, ਗੁਰੂ ਗੋਬਿੰਦ ਸਿੰਘ ਜੀ ਬਾਰੇ ਅਤਿ ਮਹੱਤਵਪੂਰਨ ਰਚਨਾ ਹੈ। ਵਾਸਤਵ ਵਿਚ, ਸਮਾਨ ਰੂਪ ਵਿਚ ਨਕਾਰਾਤਮਕ ਗਵਾਹੀ ਦੇ ਬੰਧੇਜ ਦੇ ਹੁੰਦੇ ਹੋਏ ਵੀ ਇਸ ਉਕਾਈ ਨੂੰ ਨਿਰਣਾਜਨਕ ਮੰਨ ਲੈਣਾ ਚਾਹੀਦਾ ਹੈ। ਮੈਕਾਲਿਫ ਸਾਡਾ ਧਿਆਨ ਇਕ ਹੋਰ ਰੋਚਕ ਨੁਕਤੇ ਵਲ ਦਿਵਾਉਂਦਾ ਹੈ। ਪਿਛਲੇਰੇ ਇਤਿਹਾਸਕਾਰਾਂ, ਜਿਹੜੇ ਦੇਵੀ ਪੂਜਾ ਦੀ ਇਸ ਘਟਨਾ ਦਾ ਵਰਣਨ ਕਰਦੇ ਹਨ, ਦਾ ਕਹਿਣਾ ਹੈ ਕਿ ਇਹ ਘਟਨਾ 1693 ਈ: ਵਿਚ ਸਤਲੁਜ ਦੇ ਕੰਢੇ ਨੈਣਾ ਦੇਵੀ ਦੀ ਪਹਾੜੀ ਉਤੇ ਵਾਪਰੀ। ਪਰੰਤੂ ਜਾਪਦਾ ਇਹ ਹੈ ਕਿ ਗੁਰੂ ਜੀ ਉਸ ਸਮੇਂ ਕਿਸੇ ਹੋਰ ਰੁਝੇਵੇਂ ਵਿਚ ਰੁਝੇ ਹੋਏ ਸਨ। "ਉਸੇ ਸਾਲ ਦੀ 14 ਜੂਨ ਨੂੰ ਗੁਰੂ ਜੀ ਨੇ ਆਪਣੇ ਕਥਨ ਅਨੁਸਾਰ ਰਾਮ ਅਵਤਾਰ ਦਾ ਸੰਸਕ੍ਰਿਤ ਵਿਚੋਂ ਹਿੰਦੀ ਵਿਚ ਅਨੁਵਾਦ ਸੰਪੂਰਨ ਕੀਤਾ ਸੀ। ਉਹ ਇਹ ਵੀ ਕਹਿੰਦੇ ਹਨ ਕਿ ਇਸ ਨੂੰ ਸਤਲੁਜ ਦੇ ਕੰਢੇ, ਉਚੀ ਨੈਣਾ ਦੇਵੀ ਦੇ ਥਲੇ ਸੰਪੂਰਨ ਕੀਤਾ ਸੀ।" ਸੋ ਇਹ ਪ੍ਰਤੀਤ ਹੁੰਦਾ ਹੈ ਕਿ "ਜਿਸ ਸਮੇਂ ਇਤਿਹਾਸਕਾਰ ਗੁਰੂ ਜੀ ਨੂੰ ਦੁਰਗਾ ਦੀ ਪੂਜਾ ਕਰਦੇ ਦਸਦੇ ਹਨ, ਵਾਸਤਵ ਵਿਚ ਉਸ ਸਮੇਂ ਪਹਾੜੀ ਘਾਟੀਆਂ ਦੀ ਇਕਾਂਤ ਅਤੇ ਸ਼ਾਂਤੀ ਵਿਚ ਸੰਸਕ੍ਰਿਤ ਗ੍ਰੰਥਾਂ ਦਾ ਅਨੁਵਾਦ ਕਰ ਰਹੇ ਸਨ।"[2]

ਅੰਤ ਵਿਚ ਅਸੀਂ ਇਸ ਪ੍ਰਸ਼ਨ ਵਲ ਆਉਂਦੇ ਹਾਂ ਕਿ ਕੀ ਗੁਰੂ ਜੀ ਦੀਆਂ ਆਪਣੀਆਂ

---

1. ਕਰਤਾਰ ਸਿੰਘ, ਉਪਰੋਕਤ ਰਚਨਾ, ਪੰਨਾ 102
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 66-67। ਪੰਨਾ 310 ਵੀ ਦੇਖੋ।

ਰਚਨਾਵਾਂ ਵਿਚ ਉਨ੍ਹਾਂ ਦੇ ਕਿਸੇ ਦੇਵੀ ਸੰਪਰਦਾਇ ਨਾਲ ਸੰਬੰਧ ਰੱਖਣ ਬਾਰੇ ਕੋਈ ਗਵਾਹੀ ਮਿਲਦੀ ਹੈ। ਇਹ ਸ਼ੁਰੂ ਵਿਚ ਹੀ ਸਪਸ਼ਟ ਕਰ ਦੇਣਾ ਚਾਹੀਦਾ ਹੈ ਕਿ 'ਦਸਮ ਪਾਤਸ਼ਾਹ ਦਾ ਗ੍ਰੰਥ' ਨਾਂ ਦਾ ਮਹਾਨ ਸੰਕਲਨ, ਗੁਰੂ ਜੀ ਦੀ ਆਪਣੀ ਹੀ ਰਚਨਾ ਨਹੀਂ ਹੈ ਪਰੰਤੂ ਇਸ ਦੇ ਕਾਫੀ ਭਾਗ ਉਨ੍ਹਾਂ ਕਵੀਆਂ ਦੀਆਂ ਰਚਨਾਵਾਂ ਦੇ ਹਨ ਜਿਨ੍ਹਾਂ ਨੂੰ ਉਨ੍ਹਾਂ ਨੇ ਆਪਣੀ ਸੇਵਾ ਵਿਚ ਰਖਿਆ ਹੋਇਆ ਸੀ। ਹੁਣ ਹਥਲੇ ਪ੍ਰਸ਼ਨ ਨਾਲ ਸੰਬੰਧਿਤ ਰਚਨਾਵਾਂ, 'ਚੰਡੀ ਚਰਿਤ੍ਰ', 1 ਅਤੇ 2, ਅਤੇ 'ਭਗੌਤੀ ਕੀ ਵਾਰ' ਹਨ। ਇਨ੍ਹਾਂ ਵਿਚੋਂ ਕੇਵਲ ਪਿਛਲੀ ਰਚਨਾ ਹੀ ਗੁਰੂ ਜੀ ਦੀ ਆਪਣੀ ਕਿਰਤ ਜਾਪਦੀ ਹੈ ਪਰ ਜਿਵੇਂ ਕਿ ਮੈਕਾਲਿਫ ਸੰਕੇਤ ਕਰਦਾ ਹੈ ਇਹ ਤਿੰਨੋਂ ਰਚਨਾਵਾਂ ਹੀ "ਦੁਰਗਾ-ਸਪਤ ਸ਼ਤੀ ਜਾਂ ਦੁਰਗਾ ਦੇ ਸੱਤ ਸੌ ਸਲੋਕਾਂ ਦਾ ਸੰਖੇਪ ਅਨੁਵਾਦ........... ਇਹ ਦੇਵੀ ਦੁਰਗਾ ਦੀਆਂ ਉਨ੍ਹਾਂ ਦੈਂਤਾਂ ਵਿਰੁਧ ਲੜਾਈਆਂ ਬਾਰੇ ਹਨ ਜਿਨ੍ਹਾਂ ਨੇ ਦੇਵਤਿਆਂ ਵਿਰੁਧ ਲੜਾਈ ਕੀਤੀ ਸੀ।"[1] ਭਗੌਤੀ ਸ਼ਬਦ ਦੇ ਅਰਥਾਂ ਬਾਰੇ ਕੁਝ ਬਹਿਸ ਹੋ ਚੁਕੀ ਹੈ ਅਤੇ ਚੰਡੀ ਚਰਿਤ੍ਰ 2 ਦੇ ਅੰਤ ਵਿਚ ਆਏ ਦੋਹਿਰੇ ਦੇ ਭਾਵ ਬਾਰੇ ਵੀ ਚਰਚਾ ਹੋ ਚੁਕੀ ਹੈ। ਕੁਝ ਕਹਿੰਦੇ ਹਨ ਕਿ ਭਗੌਤੀ ਸ਼ਬਦ ਦੇ ਅਰਥ ਦੁਰਗਾ ਦੇਵੀ ਦੇ ਹਨ ਜਦ ਕਿ ਦੂਜਿਆਂ ਦਾ ਇਹ ਕਹਿਣਾ ਹੈ ਕਿ ਇਸ ਦੇ ਅਰਥ ਤਲਵਾਰ ਦੇ ਹਨ। ਉਪਰ ਸੰਕੇਤਿਤ ਦੋਹਿਰੇ ਵਿਚ ਕਿਹਾ ਗਿਆ ਹੈ ਕਿ ਜਿਹੜੇ ਸੰਤ ਚੰਡੀ ਦਾ ਲਗਾਤਾਰ ਜਾਪ ਕਰਦੇ ਹਨ, ਮੁਕਤੀ ਪ੍ਰਾਪਤ ਕਰਨਗੇ[2] ਅਤੇ ਫਲ ਵਜੋਂ ਪਰਮਾਤਮਾ ਨੂੰ ਜਾ ਮਿਲਣਗੇ। ਪ੍ਰਸ਼ਨ ਉਠਾਇਆ ਗਿਆ ਹੈ ਕਿ ਕੀ ਇਸ ਨੂੰ ਗੁਰੂ ਜੀ ਦੀ ਆਪਣੀ ਰਾਇ ਮੰਨਿਆ ਜਾਏ ਜਾ ਕਿ ਉਸ ਕਵੀ ਦੀ ਜਿਸ ਨੇ ਇਸ ਦੀ ਰਚਨਾ ਕੀਤੀ ਹੈ। ਪਰ ਸਾਨੂੰ ਜਾਪਦਾ ਹੈ ਕਿ ਇਹ ਗੱਲਾਂ ਵੱਧ ਘੱਟ ਰੂਪ ਵਿਚ ਅਸੰਬੰਧਿਤ ਹਨ। ਗੁਰੂ ਜੀ ਫ਼ਰਮਾਂਦੇ ਹਨ :—

"ਮੈ ਨ ਗਨੇਸਹਿ ਪ੍ਰਿਥਮ ਮਨਾਊਂ
ਕਿਸ਼ਨ ਬਿਸ਼ਨ ਕਬਹੂੰ ਨ ਧਿਆਊਂ
ਕਾਨ ਸੁਨੇ ਪਹਿਚਾਨ ਨ ਤਿਨ ਸੋ
ਲਿਵ ਲਾਗੀ ਮੋਰੀ ਪਗ ਇਨ ਸੋ ॥"[3]

ਇਸ ਦੇ ਬਾਵਜੂਦ ਵੀ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਦੀ ਬਾਣੀ ਵਿਚ ਕਿਸ਼ਨ ਅਤੇ ਰਾਮ ਕੌਤਕਾਂ ਦੀ ਮਹਿਮਾ ਕਰਨ ਵਾਲੀਆਂ ਰਚਨਾਵਾਂ ਵੀ ਹਨ। ਗੁਰੂ ਜੀ ਦਾ ਕਥਨ ਹੈ : "ਮੈਂ ਭਗਵਤ ਦੇ ਦਸ ਅਧਿਆਇ ਲੋਕ ਬੋਲੀ ਵਿਚ ਅਨੁਵਾਦ ਕੀਤੇ ਹਨ ਅਤੇ ਇਨ੍ਹਾਂ ਦਾ ਸਵਾਏ ਧਾਰਮਿਕ ਜੰਗ ਲਈ ਜੋਸ਼ ਉਤਪੰਨ ਕਰਨ ਦੇ ਹੋਰ ਕੋਈ ਮਨੋਰਥ ਨਹੀਂ ਹੈ"[4] ਅਤੇ ਇਹ ਪ੍ਰਤੱਖ ਹੈ ਕਿ ਚੰਡੀ ਮਹਿਮਾ ਦਾ ਅਨੁਵਾਦ ਵੀ ਇਸੇ ਆਸ਼ੇ ਲਈ ਕੀਤਾ ਗਿਆ ਅਤੇ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 80
2. ਉਹੀ
3. ਉਹੀ ਪੰਨਾ 310-311
4. ਉਹੀ, ਪੰਨਾ 83

ਲੋਕਾਂ ਵਿਚ ਪ੍ਰਚਲਤ ਵੀ ਇਸ ਮੰਤਵ ਕਰਕੇ ਕੀਤਾ ਗਿਆ। ਦੁਰਗਾ, ਗੁਰੂ ਜੀ ਲਈ ਕਦੇ ਵੀ ਪੂਜਾ ਦੀ ਵਸਤੂ ਨਹੀਂ ਸੀ ਬਣ ਸਕਦੀ—ਉਹ ਵਾਰ ਵਾਰ ਦ੍ਰਿੜਾਉਂਦੇ ਹਨ ਕਿ ਸਿਰਜਨਹਾਰ ਦੀ ਹੀ ਉਪਾਸ਼ਨਾ ਕਰਨੀ ਚਾਹੀਦੀ ਹੈ ਅਤੇ ਦੁਰਗਾ ਨੂੰ ਦੈਂਤਾਂ ਦੇ ਵਿਨਾਸ਼ ਲਈ ਸਿਰਜਨਹਾਰ ਨੇ ਸਿਰਜਿਆ ਹੈ।[1]

ਇਸ ਅਤਿ ਵਿਵਾਦਗ੍ਰਸਤ ਪ੍ਰਸ਼ਨ ਬਾਰੇ ਮਿਲਦੇ ਵਿਭਿੰਨ ਦ੍ਰਿਸ਼ਟੀਕੋਨਾਂ ਸੰਬੰਧੀ ਜੋ ਕੁਝ ਅਸੀਂ ਸਹੀ ਸਹੀ ਸਮਝਦੇ ਸਾਂ, ਉਪਰ ਕਹਿ ਚੁਕੇ ਹਾਂ। ਅਸੀਂ ਪਹਿਲਾਂ ਵੀ ਕਾਰਨ ਦੱਸ ਚੁਕੇ ਹਾਂ ਕਿ ਦੂਜਾ ਦ੍ਰਿਸ਼ਟੀਕੋਨ ਸਾਨੂੰ ਸਭ ਤੋਂ ਕਮਜ਼ੋਰ ਜਾਪਦਾ ਹੈ ਅਤੇ ਇਥੇ ਇਹ ਕਿਹਾ ਜਾ ਸਕਦਾ ਹੈ ਕਿ ਸਾਨੂੰ ਇਹ ਅਸੰਭਵ ਜਾਪਦਾ ਹੈ ਕਿ ਹੋਮ ਲਈ ਲੋੜੀਂਦੇ ਖਰਚ ਅਤੇ ਕਸ਼ਟ ਨੂੰ ਗੁਰੂ ਜੀ ਨੇ ਇਸ ਮੰਤਵ ਲਈ ਸਹਿਣ ਕੀਤਾ ਸੀ ਜੋ ਕਿ ਸਮੁਚੇ ਤੌਰ ਤੇ ਨਕਾਰਾਤਮਕ ਸੀ। ਸੋ ਹੋਮ ਦੀ ਰਸਮ ਉੱਕਾ ਹੀ ਕੀਤੀ ਨਹੀਂ ਗਈ ਸੀ, ਅਤੇ ਜੇ ਇਹ ਕੀਤੀ ਗਈ ਸੀ ਤਾਂ ਇਹ ਅਵੱਸ਼ ਹੀ ਗੁਰੂ ਜੀ ਦੇ ਜੀਵਨ ਦੇ ਆਰੰਭਿਕ ਕਾਲ ਵਿਚ ਹੋਈ ਹੋਵੇਗੀ, ਜਦਕਿ ਉਪ ਛੋਟੀ ਉਮਰ ਦੇ ਸਨ ਅਤੇ ਬਾਹਰੋਂ ਅੰਦਰੋਂ[2] ਹਿੰਦੂ ਪ੍ਰਭਾਵਾਂ ਨਾਲ ਘਿਰੇ ਹੋਏ ਸਨ ਅਤੇ ਜਦ ਉਨ੍ਹਾਂ ਦਾ ਮੰਤਵ ਪਹਾੜੀ ਰਾਜਿਆਂ ਨਾਲ ਕਿਸੇ ਤਰ੍ਹਾਂ ਦਾ ਸਥਾਈ ਸਮਝੌਤਾ ਕਰਨਾ ਜਾਪਦਾ ਸੀ, ਜੋ ਕਿ ਸਾਰੇ ਦੇਵੀ ਦੇ ਕੱਟੜ ਉਪਾਸ਼ਕ ਸਨ।

ਬਚਿਤ੍ਰ ਨਾਟਕ ਵਿਚ ਗੁਰੂ ਜੀ ਫ਼ਰਮਾਂਦੇ ਹਨ :

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ,
ਗਰੀਬ ਨਿਵਾਜ ਨ ਦੂਸਰ ਤੋਸੋ ॥
ਭੂਲ ਛਿਮੋ ਹਮਰੀ ਪ੍ਰਭ ਆਪ ਨ,
ਭੂਲਨਹਾਰ ਕਹੂੰ ਕੋਊ ਮੋਸੋ ॥[3]

ਇਹ ਅਸੰਭਵ ਨਹੀਂ ਕਿ ਇਥੇ ਗੁਰੂ ਜੀ ਵਿਚਾਰ-ਅਧੀਨ ਘਟਨਾ ਵਲ ਇਸ਼ਾਰਾ ਕਰ ਰਹੇ ਹਨ ਅਤੇ ਉਸ ਨੀਤੀ ਦਾ ਜ਼ਿਕਰ ਕਰ ਰਹੇ ਹਨ ਜਿਸ ਨੂੰ ਉਨ੍ਹਾਂ ਨੇ ਆਪਣੇ ਮੁਢਲੇ ਜੀਵਨ ਵਿਚ ਅਪਣਾਇਆ ਸੀ।

III. ਖਾਲਸਾ ਸਾਜਣਾ

ਨਿਰਸੰਦੇਹ ਇਹ ਵਾਦ-ਵਿਵਾਦ ਭਾਵੇਂ ਰੋਚਕ ਹੈ ਪਰ ਇਸ ਦਾ ਗੁਰੂ ਜੀ ਦੇ ਸੁਧਾਰਾਂ ਨਾਲ ਕੋਈ ਸੰਬੰਧ ਨਹੀਂ ਹੈ, ਅਤੇ ਕਿਸੇ ਤਰ੍ਹਾਂ ਵੀ, ਉਨ੍ਹਾਂ ਨੂੰ ਸਮਝਣ ਲਈ ਜ਼ਰੂਰੀ ਨਹੀਂ ਹੈ। ਸੋ ਅਸੀਂ ਇਸ ਨੂੰ ਸਹਿਜੇ ਹੀ ਛੱਡ ਸਕਦੇ ਹਾਂ ਅਤੇ ਆਪਣੇ ਮਿਸ਼ਨ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 82
2. ਅਸੀਂ ਕਿਤੇ ਹੋਰ ਥਾਂ ਇਹ ਪ੍ਰਗਟ ਕਰਨ ਦਾ ਯਤਨ ਕੀਤਾ ਹੈ ਕਿ ਸਿੱਖ ਅਤੇ ਹਿੰਦੂ ਵਿਚ ਅੰਤਰ ਗੁਰੂ ਗੋਬਿੰਦ ਸਿੰਘ ਦੇ ਸੁਧਾਰਾਂ ਤੋਂ ਪਹਿਲਾਂ ਸਪਸ਼ਟ ਅਤੇ ਨਿਸ਼ਚਿਤ ਨਹੀਂ ਸੀ। ਐਪਰ ਗੁਰੂ ਜੀ ਦੀ ਸੇਵਾ ਵਿਚ ਰਹਿੰਦੇ ਕੁਝ ਇਕ ਢਾਡੀ, ਮੈਕਾਲਿਫ ਅਨੁਸਾਰ, "ਹਿੰਦੂ ਮਤ ਵਿਚ ਰੰਗੇ ਹੋਏ ਸਨ"। (ਉਹੀ, ਪੰਨਾ 80)।
3. ਮੈਕਾਲਿਫ, ਉਹੀ, ਪੰਨਾ 287

ਦੀ ਪੂਰਤੀ ਲਈ ਗੁਰੂ ਜੀ ਦੁਆਰਾ ਕੀਤੀ ਗਈ ਕਾਰਵਾਈ ਨੂੰ ਵਿਚਾਰਦੇ ਹਾਂ। ਜਿਵੇਂ ਕਿ ਅਸੀਂ ਪਹਿਲਾ ਸੰਕੇਤ ਕਰ ਚੁਕੇ ਹਾਂ, ਗੁਰੂ ਜੀ ਦੀ ਸਮਸਿਆ, ਇਕ ਪਾਸੇ, ਉਸ ਵਿਛੇਦਨ-ਪ੍ਰਕ੍ਰਿਆ ਨੂੰ ਖਤਮ ਕਰਨਾ ਸੀ ਜਿਹੜੀ ਗੁਰੂ ਹਰਿਗੋਬਿੰਦ ਜੀ ਦੀ ਗੁਰਿਆਈ ਦੇ ਅੰਤਲੇ ਵਰ੍ਹਿਆਂ ਤੋਂ ਹੀ ਸਿੱਖ ਮਤ ਦਾ ਖਾਸ ਲੱਛਣ ਬਣ ਗਈ ਸੀ ਅਤੇ ਦੂਜੇ ਪਾਸੇ, ਸਿੱਖਾਂ ਨੂੰ ਨਵੀਂ ਵਿਚਾਰਧਾਰਾ ਅਤੇ ਨਵਾਂ ਅਮਲੀ ਪ੍ਰੋਗਰਾਮ ਦੇ ਕੇ ਉਨ੍ਹਾਂ ਨੂੰ ਮੁੜ ਸਜੀਵ ਕਰਨਾ ਸੀ। ਦੂਜੇ ਸ਼ਬਦਾਂ ਵਿਚ, ਗੁਰੂ ਜੀ ਦੀ ਸਮੱਸਿਆ ਇਹ ਸੀ ਕਿ ਸਿੱਖ ਮਤ ਵਿਚ, ਇਸ ਦੇ ਵਿਕਾਸ ਨਾਲ, ਕੁਝ ਅਜੇਹੇ ਵਿਸਥਾਰ ਪ੍ਰਾਪਤ ਹੋ ਗਏ ਸਨ ਜਿਹੜੇ ਨਾ ਤਾਂ ਪੂਰੀ ਤਰ੍ਹਾਂ ਸਮਾ ਸਕਦੇ ਸਨ ਅਤੇ ਨਾ ਹੀ ਪੂਰੀ ਤਰ੍ਹਾਂ ਤਿਆਗੇ ਜਾ ਸਕਦੇ ਸਨ। ਇਹ ਨਿਰੋਲ ਧਾਰਮਿਕ ਲਹਿਰ ਹੌਲੇ ਹੌਲੇ ਕੁਝ ਅਜੇਹੇ ਵਾਧੇ ਪ੍ਰਾਪਤ ਕਰ ਚੁਕੀ ਸੀ ਜੋ ਕਿ ਪ੍ਰਤਖ ਰੂਪ ਵਿਚ ਰਾਜਨੀਤਿਕ ਸਨ। ਬਾਹਰੀ ਖਤਰੇ ਅਤੇ ਸਿੱਖਾਂ ਦਾ ਆਪਣਾ ਸੁਭਾਅ ਵੀ ਅਜਿਹੇ ਹੀ ਵਿਕਾਸ ਦੀ ਮੰਗ ਕਰਦਾ ਸੀ। ਦੂਜੇ ਪਾਸੇ, ਅੰਤਰਗਤ ਨਿਰਾਸ਼ਾਜਨਕ ਵਿਛੇਦਨ ਚਲ ਰਿਹਾ ਸੀ। ਸੋ ਸਿੱਖ ਮਤ ਦਾ ਭਵਿੱਖ ਇਸ ਗੱਲ ਤੇ ਨਿਰਭਰ ਸੀ ਕਿ ਇਨ੍ਹਾਂ ਵਿਰੋਧੀ ਸ਼ਕਤੀਆਂ ਨੂੰ ਸਾਂਝੇ ਆਦਰਸ਼ ਦੇ ਝੰਡੇ ਹੇਠ ਕਿਸ ਤਰ੍ਹਾਂ ਇਕੱਠਾ ਕੀਤਾ ਜਾਂਦਾ ਹੈ, ਅਤੇ ਇਸ ਪੱਧਤੀ ਦੇ ਅੰਤਰਗਤ ਕਿਵੇਂ ਇਕਸਾਰਤਾ ਲਿਆਂਦੀ ਜਾਂਦੀ ਹੈ ਤਾਂਕਿ ਇਸ ਉਪਰ ਆਧਾਰਿਤ ਹੋਣ ਵਾਲੀ ਧਰਮ-ਨਿਰਪੱਖ ਲਹਿਰ ਵਿਚ ਸੰਘਤਾ ਲਿਆਂਦੀ ਜਾ ਸਕੇ। ਗੁਰੂ ਜੀ ਦੇ ਸੁਧਾਰ ਉਨ੍ਹਾਂ ਦੇ ਬੁਨਿਆਦੀ ਉਦੇਸ਼ਾਂ ਨੂੰ ਪ੍ਰਾਪਤ ਕਰਨਾ ਚਾਹੁੰਦੇ ਸਨ। ਭਾਵੇਂ ਉਨ੍ਹਾਂ ਦੇ ਸੁਧਾਰ ਕੁਝ ਨਕਾਰਾਤਮਕ ਸਨ ਅਤੇ ਕੁਝ ਪੂਰਨ ਨਿਸ਼ਚਿਤ ਰੂਪ ਵਿਚ ਸਾਕਾਰਤਮਕ ਸਨ, ਪਰ ਸਮੁੱਚੇ ਰੂਪ ਵਿਚ ਇਹ ਪਰਸਪਰ ਜੁੜੇ ਹੋਏ ਸਨ ਅਤੇ ਪ੍ਰਤੱਖ ਜਾਂ ਅਪ੍ਰੋਖ ਰੂਪ ਵਿਚ ਇਕੋ ਹੀ ਨਤੀਜਾ ਪ੍ਰਾਪਤ ਕਰਨ ਲਈ ਸਨ।

ਭਾਵੇਂ ਸਿੱਖ ਇਤਿਹਾਸਕਾਰ ਸਾਨੂੰ ਨਿਸ਼ਚਿਤ ਰੂਪ ਵਿਚ ਨਹੀਂ ਦਸਦੇ ਕਿ ਗੁਰੂ ਜੀ ਦੁਆਰਾ ਲਗਾਈਆਂ ਪਾਬੰਦੀਆਂ ਅਤੇ ਨਵ-ਰਹਿਤ ਨੂੰ ਇਕ ਦਮ ਜਾਂ ਸਹਿਜੇ ਸਹਿਜੇ ਲਾਗੂ ਕੀਤਾ ਸੀ, ਫਿਰ ਵੀ ਸਾਨੂੰ ਇਹ ਭਾਵ ਮਿਲਦਾ ਹੈ ਕਿ ਸਭ ਤੋਂ ਪਹਿਲਾਂ ਗੁਰੂ ਜੀ ਮਸੰਦਾਂ ਨਾਲ ਨਿਪਟੇ ਸਨ। 'ਸੰਗਤਾਂ' ਅਤੇ 'ਮਸੰਦ' ਰਲ ਕੇ, ਗੁਰੂ ਅਰਜਨ ਦੇਵ ਜੀ ਦੁਆਰਾ ਸੰਗਠਨ ਦੀ ਧੁਰੀ ਸਨ ਅਤੇ ਇਨ੍ਹਾਂ ਨੇ ਕਈ ਦਹਾਕੇ ਸਿੱਖ ਮੱਤ ਦੇ ਮਨੋਰਥ ਦੀ ਪ੍ਰਮੰਸਾਮਈ ਢੰਗ ਨਾਲ ਸੇਵਾ ਕੀਤੀ ਸੀ। ਪਰੰਤੂ ਮਸੰਦ ਪੱਧਤੀ ਬਹੁਤ ਦੇਰ ਤਕ ਠੀਕ ਢੰਗ ਨਾਲ ਨਾ ਚਲ ਸਕੀ ਅਤੇ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਵਿਚ ਹੀ ਕੁਝ ਔਕੜਾਂ ਪੈਦਾ ਹੋਣ ਲੱਗ ਪਈਆਂ ਸਨ। ਪਰੰਤੂ ਗੁਰੂ ਜੀ ਬਹੁਤ ਸ਼ਕਤੀਸ਼ਾਲੀ ਸਨ ਅਤੇ ਪ੍ਰਤੀਤ ਹੁੰਦਾ ਹੈ ਕਿ ਮਸੰਦ ਉਨ੍ਹਾਂ ਦੀ ਵਿਰੋਧਤਾ ਕਰਨ ਵਿਚ ਸਫਲ ਨਹੀਂ ਹੋਏ ਸਨ। ਐਪਰ ਸ਼ੀਘਰ ਹੀ ਇਕ ਨਵੀਂ ਸਥਿਤੀ ਪੈਦਾ ਹੋ ਗਈ। "ਪਹਿਲੋਂ ਇਹ ਉਗਰਾਹੀਏ ਆਪਣੀ ਪਵਿਤ੍ਰਤਾ, ਨੇਕਨੀਤੀ ਅਤੇ ਉਚ ਪਦਵੀ ਕਾਰਨ ਚੁਣੇ ਜਾਂਦੇ ਸਨ ਅਤੇ ਉਹ ਬਿਨਾਂ ਤਨਖਾਹ ਕੰਮ ਕਰਦੇ ਸਨ, ਪਰ ਇਹ ਪੱਦ ਛੇਤੀ ਹੀ ਪਹਿਲੇ ਉਗਰਾਹੀਆਂ ਦੇ ਘਰਾਂ ਵਿਚ ਜੱਦੀ ਬਣ ਗਿਆ ਅਤੇ ਹੌਲੇ ਹੌਲੇ ਅਯੋਗ ਹੱਥਾਂ ਵਿਚ ਜਾ ਕੇ ਵੱਢੀ-ਖੋਰੀ ਅਤੇ ਜ਼ੁਲਮ ਦਾ ਸਾਧਨ ਬਣ ਗਿਆ।" ਇਹ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਕਿ ਮਸੰਦ-ਪਧੱਤੀ ਦੇ ਉਚਿਤ ਕੰਮ-ਕਾਜ ਲਈ,

ਇਕ ਪਾਸੇ, ਸ਼ਕਤੀਸ਼ਾਲੀ, ਵੰਗਾਰ-ਰਹਿਤ ਕੇਂਦਰੀ ਸੱਤਾ ਚਾਹੀਦੀ ਸੀ ਅਤੇ ਦੂਜੇ ਪਾਸੇ, ਪਵਿੱਤਰ ਅਤੇ ਇਮਾਨਦਾਰ ਸਥਾਨਿਕ ਕਾਮਿਆਂ ਦੀ ਲੋੜ ਸੀ। ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਦੇ ਸਮੇਂ ਤੋਂ ਹੀ ਗੁਰ-ਗੱਦੀ ਦੀ ਪ੍ਰਾਪਤੀ ਲਈ ਝਗੜੇ, ਗੁਰੂ ਦੀ ਪਦਵੀ ਅਤੇ ਪ੍ਰਤਾਪ ਨੂੰ ਨਿਸ਼ਚੇ ਹੀ ਕਮਜ਼ੋਰ ਕਰ ਰਹੇ ਸਨ ਅਤੇ ਇਸ ਦੇ ਨਾਲ ਗੁਰ-ਗੱਦੀ ਦੇ ਵਿਰੋਧੀ ਦਾਹਵੇਦਾਰਾਂ ਦੀ ਹੋਂਦ ਨੂੰ ਮਸੰਦਾਂ ਨੂੰ ਭੇਟਾਂ ਦੀ ਕੁਵਰਤੋਂ ਕਰਨ ਦਾ ਬਹਾਨਾ ਦਿੱਤਾ। ਮਸੰਦ ਵੀ ਪਹਿਲਾਂ ਨਾਲੋਂ ਹੁਣ ਵਧੇਰੇ ਜ਼ੋਰ ਫੜ ਗਏ ਸਨ। ਉਹ ਗੁਰੂ ਜੀ ਦੇ ਲਈ ਕੇਵਲ ਕਰ ਉਗਰਾਹੁਣ ਵਾਲੇ ਹੀ ਨਹੀਂ ਸਨ ਸਗੋਂ ਧਾਰਮਿਕ ਕੰਮਾਂ ਦੇ ਵੀ ਮਾਲਕ ਸਨ। ਇਸ ਕਾਰਨ ਉਹ ਵਿਸ਼ੇਸ਼ ਪਵਿੱਤਰਤਾ ਵਾਲੇ ਆਦਮੀ ਹੋਣ ਦਾ ਦਿਖਾਵਾ ਕਰਦੇ ਸਨ ਅਤੇ ਸਹਿਜੇ ਉਨ੍ਹਾਂ ਨੇ ਸਿੱਖ ਮਤ ਵਿਚ ਇਕ ਸੰਗਠਿਤ ਪ੍ਰੋਹਤ ਜਮਾਤ ਦੀ ਅਵਸਥਾ ਧਾਰਨ ਕਰ ਲਈ ਸੀ। "ਹੌਲੇ ਹੌਲੇ ਉਹ ਬਹੁਤ ਪ੍ਰਭਾਵਸ਼ਾਲੀ ਬਣ ਗਏ ਅਤੇ ਬਹੁਤੇ ਮੁਆਮਲਿਆਂ ਵਿਚ ਉਹ ਗੁਰੂ ਜੀ ਤੋਂ ਆਜ਼ਾਦ ਸਨ ਅਤੇ ਉਨ੍ਹਾਂ ਦੇ ਆਪਣੇ ਅਨੁਯਾਈ ਸਨ।" ਸੋ ਇਹ ਹੋਇਆ ਕਿ ਮਸੰਦ ਜਿਹੜੇ ਗੁਰੂ ਜੀ ਦੇ ਸਹਾਇਕਾਂ ਵਿਚੋਂ ਸਭ ਤੋਂ ਪ੍ਰਮੁਖ ਸਨ, ਸਮਾਂ ਬੀਤਣ ਨਾਲ ਉਨ੍ਹਾਂ ਦੀ ਸੱਤਾ ਦੇ ਕਟੜ ਵਿਰੋਧੀ ਬਣ ਗਏ।

ਗੁਰੂ ਗੋਬਿੰਦ ਸਿੰਘ ਜੀ ਨੂੰ ਕਿਵੇਂ ਮਸੰਦਾਂ ਦੇ ਘੋਰ ਵਿਕਾਰਾਂ ਦਾ ਯਕੀਨ ਹੋਇਆ ਅਤੇ ਕਿਵੇਂ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਉਨ੍ਹਾਂ ਦੇ ਜ਼ੁਲਮ ਤੋਂ ਛੁਟਕਾਰਾ ਦਵਾਉਣ ਦਾ ਸੰਕਲਪ ਕੀਤਾ, ਇਸ ਬਾਰੇ ਸਿੱਖ ਇਤਿਹਾਸਕਾਰ ਕਈ ਕਹਾਣੀਆਂ ਦਸਦੇ ਹਨ। ਕਿਹਾ ਜਾਂਦਾ ਹੈ ਕਿ ਇਕ ਦਿਨ ਨਕਲੀਆਂ ਦੀ ਟੋਲੀ ਗੁਰੂ ਜੀ ਦੇ ਦਰਬਾਰ ਵਿਚ ਆਈ। ਗੁਰੂ ਜੀ ਨੇ ਉਨ੍ਹਾਂ ਨੂੰ ਮਸੰਦਾਂ ਦੀ ਨਕਲ ਉਤਾਰਨ ਲਈ ਕਿਹਾ। "ਉਨ੍ਹਾਂ ਵਿਚੋਂ ਇਕ ਨੇ ਮਸੰਦ ਦਾ ਪਹਿਰਾਵਾ ਧਾਰ ਲਿਆ, ਦੋ ਮਸੰਦ ਦੇ ਨੌਕਰ ਬਣ ਗਏ ਅਤੇ ਚੌਥੇ ਨੇ ਮਸੰਦ ਦੀ ਰਖੇਲ ਦਾ ਰੂਪ ਧਾਰ ਕੇ ਉਸ ਪਿਛੇ ਘੋੜੇ ਤੇ ਸਵਾਰ ਹੋ ਗਿਆ ਜਿਵੇਂ ਕਿ ਉਹ ਗੁਰੂ ਜੀ ਲਈ ਚੜ੍ਹਾਵਿਆਂ ਦੀ ਉਗਰਾਹੀ ਤੇ ਜਾਂਦਾ ਸੀ। ਨਕਲੀਆਂ ਨੇ ਮਸੰਦਾਂ ਦੇ ਜ਼ੁਲਮਾਂ ਉਪੱਦਰਾਂ ਨੂੰ ਹੂ-ਬ-ਹੂ ਰੂਪਮਾਨ ਕੀਤਾ।" ਸਾਨੂੰ ਇਹ ਵੀ ਦਸਿਆ ਗਿਆ ਹੈ ਕਿ ਇਕ ਮਸੰਦ ਇਕ ਗਰੀਬ ਸਿੱਖ ਦੇ ਘਰ ਠਹਿਰਿਆ, ਅਤੇ ਉਸ ਤੋਂ ਦਲੀ ਹੋਈ ਦਾਲ ਅਤੇ ਬੇਖਮੀਰੀ ਰੋਟੀ, ਜਿਹੜੀ ਕਿ ਉਸ ਦਾ ਮੁਖ ਭੋਜਨ ਸੀ, ਦੀ ਥਾਂ ਮਠਿਆਈ ਦੀ ਮੰਗ ਕੀਤੀ। ਮਸੰਦ ਨੇ ਰੋਟੀ ਲੈ ਕੇ ਉਸ ਸਿੱਖ ਦੇ ਮੂੰਹ ਉਤੇ ਮਾਰੀ ਅਤੇ ਦਲੀ ਹੋਈ ਦਾਲ ਨੂੰ ਧਰਤੀ ਤੇ ਵਗਾਹ ਸੁਟਿਆ। ਫਿਰ ਜਦ ਤਕ ਉਸ ਗਰੀਬ ਆਦਮੀ ਨੇ ਆਪਣੀ ਇਸਤ੍ਰੀ ਦਾ ਪੇਟੀਕੋਟ ਵੇਚ ਕੇ ਮਠਿਆਈ ਨਾ ਲਿਆ ਦਿੱਤੀ ਉਦੋਂ ਤਕ ਉਹ ਸਿੱਖ ਨੂੰ ਗਾਲੀ ਗਲੋਚ ਕਢਦਾ ਰਿਹਾ।"[1] ਮਸੰਦਾਂ ਦੀ ਚੜ੍ਹਾਵੇ ਦੀ ਕੁਵਰਤੋਂ ਕਰਨਾ ਆਦਤ ਬਣ ਗਈ ਸੀ ਅਤੇ ਇਸ ਨੂੰ ਪ੍ਰਗਟ ਕਰਨ ਵਾਲੀਆਂ ਕਈ ਹੋਰ ਘਟਨਾਵਾਂ ਦਿੱਤੀਆਂ ਜਾ ਸਕਦੀਆਂ ਹਨ ਅਤੇ ਉਨ੍ਹਾਂ ਦੇ ਭੈੜੇ ਮੰਤਵਾਂ ਨੂੰ ਪ੍ਰਾਪਤ ਕਰਨ ਹਿੱਤ ਵਰਤੇ ਢਕਵੰਜਾਂ ਨੂੰ ਵੀ ਪ੍ਰਗਟਾਇਆ ਜਾ ਸਕਦਾ ਹੈ।[2]

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 89
2. ਉਹੀ, ਪੰਨਾ 84-89। ਗੁਰ ਬਿਲਾਸ, X

ਇਹ ਕਥਾਵਾਂ ਸੱਚੀਆਂ ਹਨ ਜਾਂ ਨਹੀਂ ਪਰੰਤੂ ਇਨ੍ਹਾਂ ਪਿਛਲੀ ਠੋਸ ਸਚਾਈ ਦੀ ਗੁਰੂ ਜੀ ਨੇ ਆਪ ਗਵਾਹੀ ਵਿੱਤੀ ਹੈ। ਉਹ ਫਰਮਾਉਂਦੇ ਹਨ :—

"ਜੋ ਕਰਿ ਸੇਵ ਮਸੰਦਨ ਕੀ ਕਹੈ
ਆਨਿ ਪ੍ਰਸਾਦਿ ਸਬੈ ਮੋਹਿ ਦੀਜੈ।
ਜੋ ਕਛੁ ਮਾਲ ਤਵਾਲਯ ਸੋ ਅਬ ਹੀ
ਉਠਿ ਭੇਟ ਹਮਾਰੀ ਹੀ ਕੀਜੈ॥
ਮੇਰੋਈ ਧਯਾਨ ਧਰੋ ਨਿਸ ਬਾਸੁਰ
ਭੂਲ ਕੇ ਅਉਰ ਕੋ ਨਾਮੁ ਨ ਲੀਜੈ॥

....

ਆਂਖਨ ਭੀਤਰਿ ਤੇਲ ਕੌ ਡਾਰ ਸੁ
ਲੋਗਨਿ ਨੀਰੁ ਬਹਾਇ ਦਿਖਾਵੈ॥
ਜੋ ਧਨਵਾਨੁ ਲਖੈ ਨਿਜ ਸੇਵਕ
ਤਾਹੀ ਪਰੋਸਿ ਪ੍ਰਸਾਦਿ ਜਿਮਾਵੈ॥
ਜੋ ਧਨ ਹੀਨ ਲਖੈ ਤਿਹੱ ਦੇਤ ਨ
ਮਾਗਨ ਜਾਤ ਮੁਖੋ ਨ ਦਿਖਾਵੈ॥
ਲੂਟਤ ਹੈ ਪਸੂ ਲੋਗਨ ਕੋ ਕਬਹੂੰ
ਨ ਪ੍ਰਮੇਸੁਰ ਕੇ ਗੁਨ ਗਾਵੈ॥"[1]

ਸੋ ਇਹ ਸਪਸ਼ਟ ਹੈ ਕਿ ਮਸੰਦ ਫੁਟ-ਪਾਊ ਸ਼ਕਤੀ ਵਿਚ ਨਿੱਘਰ ਚੁਕੇ ਸਨ ਅਤੇ ਉਨ੍ਹਾਂ ਲਈ ਕਿਸੇ ਸਖਤ ਉਪਾਅ ਦੀ ਲੋੜ ਸੀ।

ਪਰੰਤੂ ਵਾਰ ਵਾਰ ਸ਼ਕਾਇਤਾਂ ਆਉਣ ਦੇ ਬਾਵਜੂਦ ਵੀ, ਜਾਪਦਾ ਹੈ ਕਿ ਗੁਰੂ ਜੀ ਮਸੰਦਾਂ ਵਿਰੁਧ ਕੋਈ ਨਿਰਣੈਜਨਕ ਕਾਰਵਾਈ ਕਰਨ ਲਈ ਬਹੁਤ ਦੇਰ ਤਕ ਉਡੀਕਦੇ ਰਹੇ। ਉਨ੍ਹਾਂ ਦੇ ਸੰਕੋਚ ਨੂੰ ਸਮਝਣਾ ਔਖਾ ਨਹੀਂ ਹੈ ਕਿਉਂਕਿ ਮਸੰਦ ਉਨ੍ਹਾਂ ਲਈ ਉਨ੍ਹਾਂ ਦਾ ਮਾਮਲਾ ਲਿਆਉਂਦੇ ਸਨ ਅਤੇ ਆਪਣੇ ਸਿੱਖਾਂ ਵਿਚਕਾਰ ਮੇਲਜੋਲ ਦਾ ਮੁੱਖ ਸਾਧਨ ਸਨ। ਮਸੰਦਾਂ ਵਿਚ ਕੋਈ ਸਖਤ ਦਖਲ ਦੇਣ ਨਾਲ ਸਾਰੀ ਸਿੱਖ ਸੰਸਥਾ ਉਘੜ ਦੁਘਣ ਹੋ ਜਾਣੀ ਸੀ। ਫਿਰ ਵੀ ਇਹ ਪ੍ਰਮੁਖ ਵਿਚਾਰ ਗੁਰੂ ਜੀ ਨੂੰ ਅਨਿਸ਼ਚਿਤ ਸਮੇਂ ਤਕ ਰੋਕ ਨਾ ਸਕਿਆ ਅਤੇ ਆਖਰ ਉਹ ਕਾਰਵਾਈ ਕਰਨ ਲਈ ਚੇਤੰਨ ਹੋ ਗਏ। ਮਸੰਦਾਂ ਨੂੰ ਫਿਟਕਾਰਿਆ ਗਿਆ ਅਤੇ ਸਿੱਖ ਮਤ ਵਿਚੋਂ ਬਾਹਰ ਕੱਢ ਦਿੱਤਾ ਗਿਆ। ਦਸਿਆਂ ਜਾਂਦਾ ਹੈ ਕਿ ਗੁਰੂ ਜੀ ਦੀ ਆਪਣੇ ਅਨੁਯਾਈਆਂ ਪ੍ਰਤਿ ਏਨੀ ਜ਼ਿਆਦਾ ਹਮਦਰਦੀ ਪੈਦਾ ਹੋ ਗਈ ਸੀ ਕਿ "ਉਨ੍ਹਾਂ ਨੇ ਸਾਰੇ ਮਸੰਦ ਪਕੜਵਾ ਕੇ ਅਨੰਦਪੁਰ ਲੈ ਆਦੇ ਜਿਹੜੇ ਕਿ 2200 ਦੇ ਲਗ ਭਗ ਸਨ; ਉਨ੍ਹਾਂ ਨੂੰ ਉਬਲਦੇ ਤੇਲ ਵਿਚ ਪਾ ਕੇ ਜਾਂ ਹੋਰ ਤਸੀਹੇ ਦੇ ਕੇ ਖਤਮ ਕਰ ਦਿੱਤਾ ਗਿਆ।"[2]

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 322, 323
2. ਰੋਜ਼, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 72

ਇਹ ਗੱਲ ਮੰਨਣ ਯੋਗ ਨਹੀਂ ਜਾਪਦੀ ਕਿਉਂਕਿ ਗੁਰੂ ਜੀ ਕੋਲ ਸਾਰੇ ਮਸੰਦਾਂ ਵਿਸ਼ੇਸ਼ ਕਰ ਕੇ ਸਰਹੱਦੀ ਜ਼ਿਲ੍ਹਿਆਂ ਦੇ ਮਸੰਦਾਂ ਨੂੰ ਕਾਬੂ ਕਰਨ ਲਈ ਸਾਧਨ ਨਹੀਂ ਸਨ ਅਤੇ ਇਹ ਅਧਿਕ ਸੰਭਵ ਜਾਪਦਾ ਹੈ ਕਿ ਕੁਝ ਮਸੰਦਾਂ ਨੂੰ ਸਜ਼ਾਵਾਂ ਦਿੱਤੀਆਂ ਗਈਆਂ ਸਨ, ਕੁਝ ਨੂੰ ਮੁਆਫ ਕਰ ਦਿੱਤਾ ਸੀ[1] ਪਰੰਤੂ ਇਸ ਸੰਸਥਾ ਨੂੰ ਸਦਾ ਲਈ ਖਤਮ ਕਰ ਦਿੱਤਾ ਗਿਆ।

ਮਸੰਦਾਂ ਦੇ ਦਮਨ ਨਾਲ ਭਿੰਨ-ਮਤੀਆਂ ਅਰਥਾਤ ਮੀਣਿਆਂ, ਧੀਰਮਲੀਆਂ ਅਤੇ ਰਾਮ ਰਾਈਆਂ ਦਾ ਪ੍ਰਸ਼ਨ ਨਿਕਟ ਸੰਬੰਧਿਤ ਹੈ। ਕਿਹਾ ਜਾਂਦਾ ਹੈ ਕਿ ਗੁਰੂ ਅਮਰਦਾਸ ਜੀ ਦੀ ਆਪਣੀ ਪੁੱਤਰੀ ਬੀਬੀ ਭਾਨੀ ਦੇ ਘਰ ਗੁਰਿਆਈ ਅਨੁਵੰਸ਼ਿਕ ਕਰਨ ਸਮੇਂ ਕੀਤੀ ਭਵਿਸ਼ਬਾਣੀ ਹੀ ਹੂ-ਬ-ਹੂ ਪੂਰਨ ਹੋਈ ਸੀ। ਜਿਵੇਂ ਕਿ ਅਸੀਂ ਪਹਿਲੋਂ ਦੇਖ ਚੁਕੇ ਹਾਂ, ਇਹ ਸਾਰੇ ਫਿਰਕੇ ਗੁਰਿਆਈ ਲਈ ਕੀਤੇ ਝਗੜਿਆਂ ਵਿਚੋਂ ਪੈਦਾ ਹੋਏ ਸਨ। ਪ੍ਰਿਥੀਏ ਅਤੇ ਇਸ ਪਿਛੋਂ ਧੀਰਮਲ ਅਤੇ ਰਾਮ ਰਾਏ ਦੇ ਦਾਹਵੇ "ਖਾਸ ਤੌਰ ਤੇ ਪੁਰਾਤਨ ਸਿੱਧਾਂਤ ਕਿ ਪਵਿੱਤਰਤਾ ਸਰੀਰਕ ਭਾਵ ਵਿਚ ਉਤਰਦੀ ਹੈ" ਉਤੇ ਆਧਾਰਿਤ ਸਨ ਅਤੇ ਜਦ ਉਨ੍ਹਾਂ ਦੇ ਆਪਣੇ ਸਾਰੇ ਯਤਨ ਨਿਸਫਲ ਹੋ ਗਏ ਤਾਂ ਉਨ੍ਹਾਂ ਨੇ ਆਪਣੇ ਵੱਖਰੇ ਵੱਖਰੇ ਫਿਰਕੇ ਬਣਾ ਲਏ। ਹੁਣ ਇਨ੍ਹਾਂ ਫਿਰਕੂ ਮਤਾਂ ਦੀਆਂ ਸਰਗਰਮੀਆਂ ਨੇ ਸਿੱਖ ਮਤ ਨੂੰ ਅਨੇਕਾਂ ਢੰਗਾਂ ਨਾਲ ਕਮਜ਼ੋਰ ਕਰਨ ਦਾ ਯਤਨ ਕੀਤਾ। ਆਮ ਸਿੱਖਾਂ ਵਿਚੋਂ ਅਪ੍ਰਵਾਨਿਤ ਹੋਣ ਤੇ ਇਨ੍ਹਾਂ ਭਿੰਨ-ਮਤੀਆਂ ਨੇ ਆਪਣੇ ਆਸ਼ਿਆਂ ਦੀ ਪੂਰਤੀ ਲਈ ਮੁਗਲ ਸਰਕਾਰ ਅਤੇ ਸਰਕਾਰੀ ਕਰਮਚਾਰੀਆਂ ਦੀ ਸਹਾਇਤਾ ਪ੍ਰਾਪਤ ਕੀਤੀ, ਸੋ ਸਿੱਖ ਗੁਰੂਆਂ ਅਤੇ ਸ਼ਾਹੀ-ਅਧਿਕਾਰੀਆਂ ਵਿਚਕਾਰ ਕਾਫੀ ਗਲਤ ਫਹਿਮੀਆਂ ਉਤਪੰਨ ਕਰਨ ਦਾ ਸਾਧਨ ਬਣੇ। ਪ੍ਰਿਥੀਆ ਸੁਲਹੀ ਖਾਂ ਨਾਲ ਜਾ ਮਿਲਿਆ ਜੋ ਕਿ ਸਥਾਨਕ ਮਾਲ ਅਫਸਰ ਸੀ, ਉਸ ਨੇ ਅੰਮ੍ਰਿਤਸਰ ਦੇ ਚੌਧਰੀਆਂ ਕੋਲ ਸ਼ਿਕਾਇਤ ਕੀਤੀ ਅਤੇ ਚੰਦੂ ਨਾਲ ਸਾਜਿਸ਼ ਵਿਚ ਵੀ ਰਲਿਆ ਅਤੇ ਸ਼ਹਿਨਸ਼ਾਹ ਨੂੰ ਵੀ ਮਿਲਿਆ। ਉਹ ਆਪ ਕਦੇ ਨਿਹਚਲ ਨਹੀਂ ਬੈਠਾ ਅਤੇ ਨਾ ਹੀ ਗੁਰੂ ਅਰਜਨ ਜੀ ਨੂੰ ਚੈਨ ਨਾਲ ਬੈਠਣ ਦਿੱਤਾ। ਉਸ ਦੀ ਮੌਤ ਪਿਛੋਂ ਉਸ ਦੇ ਪੁੱਤਰ ਮਿਹਰਬਾਨ ਨੇ ਸਾਜਸ਼ਾਂ ਨੂੰ ਜਾਰੀ ਰਖਿਆ ਅਤੇ ਇਹ ਸੁਝਾਅ ਦਿੱਤਾ ਜਾਂਦਾ ਹੈ ਕਿ ਆਪਣੇ ਚਚੇਰੇ ਭਰਾ ਦੀਆਂ ਸਾਜਸ਼ਾਂ ਨੇ ਜਿਸ ਖਤਰਨਾਕ ਸਥਿਤੀ ਵਿਚ ਗੁਰੂ ਹਰਿਗੋਬਿੰਦ ਜੀ ਨੂੰ ਪਾ ਦਿੱਤਾ ਸੀ, ਉਨ੍ਹਾਂ ਦੇ ਤਲਵਾਰ ਉਠਾਣ ਦੇ ਕਾਰਣਾਂ ਵਿਚੋਂ ਇਕ ਹੋ ਸਕਦਾ ਹੈ। ਜਦ ਰਾਮ ਰਾਏ ਨੂੰ ਲਾਂਭੇ ਕੀਤਾ ਗਿਆ ਅਤੇ ਗੁਰੂ ਹਰਕ੍ਰਿਸ਼ਨ ਜੀ ਨੂੰ ਗੁਰਿਆਈ ਦੇ ਦਿੱਤੀ ਗਈ ਤਾਂ ਉਸ ਨੇ ਸਾਜਸਾਂ ਆਰੰਭ ਕਰ ਦਿੱਤੀਆਂ ਅਤੇ ਸ਼ਹਿਨਸ਼ਾਹ ਨੂੰ ਦਖਲ ਦੇਣ ਲਈ ਕਿਹਾ। ਇਹ ਨਿਸਫਲ ਸਿੱਧ ਹੋਣ ਤੇ ਉਹ ਮੌਕੇ ਦੀ ਉਡੀਕ ਵਿਚ ਰਿਹਾ ਅਤੇ ਗੁਰੂ ਹਰਕ੍ਰਿਸ਼ਨ ਜੀ ਦੇ ਅਕਾਲ ਚਲਾਣੇ ਮਗਰੋਂ ਜਦ ਉਸ ਦੇ ਹੱਕ ਨੂੰ ਫਿਰ ਅੱਖੋਂ ਉਹਲੇ ਕਰ ਦਿੱਤਾ ਗਿਆ, ਅਤੇ 'ਗੁਰੂ ਤੇਗ ਬਹਾਦਰ ਬਹੁਤ ਸਾਰੇ ਸਿੱਖਾਂ ਵਲੋਂ ਪ੍ਰਵਾਨੇ ਜਾਣ ਤੇ ਗੱਦੀ ਤੇ ਬੈਠੇ" ਤਾਂ ਉਸ ਨੇ ਫਿਰ ਨਵੇਂ ਸਿਰਿਉਂ ਸਾਜਜ਼ਾਂ ਸ਼ੁਰੂ ਕਰ ਦਿੱਤੀਆਂ। ਦਿੱਲੀ ਵਿਚ ਰਹਿਣ ਅਤੇ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 86। ਗੁਰ ਬਿਲਾਸ, X.

ਬਾਦਸ਼ਾਹ ਤਕ ਰਸਾਈ ਹੋਣ ਕਾਰਨ ਉਸ ਨੂੰ ਕਾਫੀ ਅਵਸਰ ਮਿਲਦੇ ਰਹੇ ਅਤੇ ਬਹੁਤ ਸਾਰੀਆਂ ਸਿੱਖ ਲਿਖਤਾਂ ਇਸ ਗੱਲ ਤੇ ਸਹਿਮਤ ਹਨ ਕਿ ਨੌਵੇਂ ਗੁਰੂ ਜੀ ਦੀਆਂ ਮੁਢਲੀਆਂ ਔਕੜਾਂ ਰਾਮ ਰਾਇ, ਧੀਰਮਲ ਅਤੇ ਸੋਢੀ ਖਤਰੀਆਂ ਦੀਆਂ ਸਾਜ਼ਸ਼ਾਂ ਕਾਰਨ ਸਨ। ਦੂਜਾ ਇਹ ਕਿ ਗੁਰਗੱਦੀ ਲਈ ਇਨ੍ਹਾਂ ਦਾਵੇਦਾਰਾਂ ਦੀਆਂ ਉਦਾਹਰਣਾਂ ਦਾ ਸੋਢੀ ਘਰਾਣਿਆਂ ਦੇ ਦੂਜੇ ਮੈਂਬਰਾਂ ਉਤੇ ਵੀ ਪ੍ਰਭਾਵ ਸੀ ਅਤੇ ਇਹ ਪਹਿਲੋਂ ਹੀ ਦੇਖਿਆ ਜਾ ਚੁਕਿਆ ਹੈ ਕਿ ਗੁਰੂ ਹਰਕ੍ਰਿਸ਼ਨ ਜੀ ਦੀ ਜੋਤੀ ਜੋਤ ਸਮਾਉਣ ਤੋਂ 22 ਆਦਮੀਆਂ ਨੇ ਇਕੋ ਸਮੇਂ ਗੁਰੂ-ਗਦੀ ਦਾ ਹੱਕ ਜਤਾਇਆ ਸੀ। ਬਹੁਤ ਸਾਰੇ ਸੋਢੀ ਆਪਣੇ ਆਪ ਨੂੰ ਸਾਧਾਰਨ ਸਿੱਖਾਂ ਦੀ ਸੇਵਾ ਦੇ ਹੱਕਦਾਰ ਸਮਝਣ ਲੱਗ ਪਏ ਸਨ ਅਤੇ ਉਨ੍ਹਾਂ ਨੇ ਆਪਣੇ ਆਪਣੇ ਮਸੰਦ ਨਿਯੁਕਤ ਕਰ ਲਏ ਸਨ। ਸੋ ਸਿੱਖ ਮੱਤ ਤੇ ਇਕ ਮਹਾਨ ਵਿਛੇਦਨਮਈ ਸ਼ਕਤੀ ਆ ਪਈ ਸੀ ਜਿਸ ਦਾ ਮਸੰਦ ਪੂਰਾ ਪੂਰਾ ਫਾਇਦਾ ਉਠਾਣ ਲਈ ਤੱਤਪਰ ਸਨ। ਗੁਰੂ-ਗੱਦੀ ਦੇ ਇਨ੍ਹਾਂ ਇੱਛਕਾਂ ਦੇ ਲਾਲਚ ਅਤੇ ਮਸੰਦਾਂ ਦੇ ਵਿਰੋਧ ਨੇ ਇਕ ਦੂਜੇ ਨੂੰ ਪਾਲਿਆ ਅਤੇ ਸ਼ੀਘਰ ਹੀ ਸਮੁੱਚੀ ਲਹਿਰ ਨੂੰ ਤਬਾਹੀ ਦੇ ਕੰਢੇ ਉਤੇ ਲੈ ਆਂਦਾ। ਇਸ ਲਈ ਜਦ ਗੁਰੂ ਜੀ ਮਸੰਦਾਂ, ਮੀਣਿਆਂ, ਧੀਰਮਲੀਆਂ ਅਤੇ ਰਾਮ ਰਾਈਆਂ ਨੂੰ ਫਿਟਕਾਰ ਪਾਉਂਦੇ ਹਨ ਤਾਂ ਇਹ ਹਾਲਾਤ ਦੇ ਅਨੁਕੂਲ ਸੀ। ਸਿੱਖਾਂ ਨੂੰ ਨਿਸ਼ਚਿਤ ਤੌਰ ਤੇ "ਪ੍ਰਿਥੀ ਚੰਦ ਧੀਰਮਲ ਅਤੇ ਰਾਮ ਰਾਏ ਦੀ ਸੰਤਾਨ ਜਾਂ ਚੇਲਿਆਂ ਜਾਂ ਗੁਰੂ ਨਾਨਕ ਜੀ ਦੇ ਸਿੱਧਾਂਤਾਂ ਅਤੇ ਅਸੂਲਾਂ ਤੋਂ ਪਤਿਤ ਹੋਏ ਮਸੰਦਾਂ ਨਾਲ" ਕਿਸੇ ਪ੍ਰਕਾਰ ਦਾ ਸਮਾਜਿਕ ਮੇਲ ਜੋਲ ਰੱਖਣ ਦੀ ਮਨਾਹੀ ਕਰ ਦਿੱਤੀ ਗਈ।[1]

ਉਨ੍ਹਾਂ ਬੁਰਾਈਆਂ ਨੂੰ, ਜਿਨ੍ਹਾਂ ਨੇ ਗੁਰੂ ਹਰਿਗੋਬਿੰਦ ਜੀ ਦੇ ਜੋਤੀ ਜੋਤ ਸਮਾਉਣ ਤੋਂ ਹੀ ਸਿੱਖ ਮਤ ਦੇ ਇਤਿਹਾਸ ਨੂੰ ਲਗਾਤਾਰ ਵਿਛੇਦਨ ਦੀ ਕਹਾਣੀ ਬਣਾਇਆ ਹੋਇਆ ਸੀ, ਜੜ੍ਹੋਂ ਉਖੇੜਨ ਲਈ ਅਪਣਾਏ ਤਰੀਕਿਆਂ ਵਿਚੋਂ ਇਹ ਸਭ ਤੋਂ ਮਹੱਤਵਪੂਰਨ ਸੀ। ਪਰੰਤੂ ਇਹ ਆਪਣੇ ਆਪ ਵਿਚ ਬਹੁਤ ਭਾਵ ਨਹੀਂ ਰਖਦੇ ਜੇਕਰ ਇਨ੍ਹਾਂ ਦੇ ਨਾਲ ਨਾਲ ਗੁਰੂ ਜੀ "ਆਪਣੇ ਅਨੁਯਾਈਆਂ ਵਿਚ ਨਵੀਂ ਰੂਹ ਫੂਕਣ" ਅਤੇ ਉਨ੍ਹਾਂ ਨੂੰ ਨਵੀਂ ਏਕਤਾ ਪ੍ਰਦਾਨ ਕਰਨ ਲਈ ਉਪਾਅ ਨਾ ਕਰਦੇ। ਪਹਿਲੀ ਵਿਸਾਖ ਸੰਮਤ 1756 ਨੂੰ (ਅਪ੍ਰੈਲ 1699 ਦਾ ਮੱਧ) ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਕੇਸਗੜ੍ਹ ਦੇ ਅਸਥਾਨ ਤੇ ਖੁਲ੍ਹਾ ਦੀਵਾਨ ਲਗਾਇਆ

---

1. ਮੈਕਾਲਿਫ ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 96.

ਇਹ ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਪੰਜ ਪ੍ਰਕਾਰ ਦੇ ਆਦਮੀਆਂ ਨੂੰ ਫਿਟਕਾਰਿਆ ਸੀ ਪਰ ਇਹ ਪੰਜ ਕਿਹੜੇ ਸਨ ਇਸ ਬਾਰੇ ਮਤ ਭੇਦ ਹੈ। ਕੁਝ ਪਹਿਲੇ ਪਾਠ ਵਿਚ ਦੱਸੇ ਗਏ ਚਾਰਾਂ ਵਿਚ ਕੁੜੀਮਾਰ ਸੰਮਿਲਿਤ ਕਰਦੇ ਹਨ ਜਦ ਕਿ ਦੂਜੇ ਮੀਣੇ ਅਤੇ ਧੀਰਮਲੀਆਂ ਨੂੰ ਇਕੱਠਾ ਲੈਂਦੇ ਹਨ ਅਤੇ 'ਭਦਨੀ' ਭਾਵ ਜੋ ਆਪਣੇ ਬੱਚਿਆਂ ਦੇ ਭਦਨ ਕਰਵਾਉਂਦੇ ਹਨ, ਸੰਮਿਲਿਤ ਕਰਦੇ ਹਨ। ਪਰੰਤੂ ਗੁਰੂ ਜੀ ਦਾ 'ਕੁੜੀਮਾਰ' ਅਤੇ 'ਭਦਨੀਆਂ' ਨੂੰ ਫਿਟਕਾਰਨ ਦਾ ਕੋਈ ਇਤਿਹਾਸਕ ਕਾਰਨ ਨਾ ਹੋਣ ਕਰਕੇ ਸਾਨੂੰ ਇਹ ਜਾਪਦਾ ਹੈ ਕਿ ਇਹ ਨਾਂ ਪਿਛੋਂ ਪੰਜ ਅੰਕ ਪੂਰੇ ਕਰਨ ਲਈ ਪਾਏ ਗਏ ਹਨ, ਜਿਨ੍ਹਾਂ ਦੀ ਸਿੱਖ ਮਤ ਵਿਚ ਰਹੱਸਮਈ ਮਹੱਤਾ ਹੈ।

(ਰੋਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 696, ਪਦ ਟਿਪਣੀ 1; ਪੰਨਾ 697)।

ਜਿਸ ਵਿਚ ਸਾਰੇ ਸਿੱਖਾਂ ਨੂੰ ਆਉਣ ਲਈ ਸਦਿਆ ਹੋਇਆ ਸੀ। ਜਦ ਸਾਰੇ ਆਪਣੀ ਆਪਣੀ ਥਾਂ ਬੈਠ ਗਏ ਤਾਂ ਗੁਰੂ ਜੀ ਨੇ ਉਠ ਕੇ ਪੁਛਿਆ ਕਿ ਕੀ ਕੋਈ ਅਜੇਹਾ ਵਿਅਕਤੀ ਹੈ ਜੋ ਮੇਰੀ ਖਾਤਰ ਆਪਣੀ ਜਾਨ ਵਾਰਨ ਲਈ ਤਿਆਰ ਹੈ। ਕੁਝ ਚਿਰ ਲਈ ਡੂੰਘੀ ਚੁਪ ਵਰਤ ਗਈ ਅਤੇ ਆਖਰ ਦਇਆ ਰਾਮ ਅੱਗੇ ਆਇਆ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ, ਜਿਹੜਾ ਕਿ ਪਿਛਲੀ ਰਾਤ ਉਥੇ ਲਗਾਇਆ ਗਿਆ ਸੀ ਅਤੇ ਤੰਬੂ ਵਿਚ ਪੰਜਾਂ ਬਕਰਿਆਂ ਵਿਚੋਂ, ਜੋ ਉਥੇ ਪਹਿਲਾਂ ਹੀ ਇਕੱਠੇ ਕੀਤੇ ਹੋਏ ਸਨ, ਇਕ ਨੂੰ ਝਟਕਾ ਦਿੱਤਾ ਗਿਆ। ਉਹ ਤੰਬੂ ਵਿਚੋਂ ਬਾਹਰ ਆਏ ਅਤੇ ਲਹੂ ਚੋਂਦੀ ਤਲਵਾਰ ਦੇ ਸੰਗਤਾਂ ਨੂੰ ਦਰਸ਼ਨ ਕਰਵਾਏ। ਫਿਰ ਉਨ੍ਹਾਂ ਨੇ ਇਕ ਹੋਰ ਆਦਮੀ ਦੀ ਮੰਗ ਕੀਤੀ, ਚਾਰੇ ਪਾਸੇ ਫਿਰ ਚੁਪ ਛਾ ਗਈ ਅਤੇ ਜਦ ਗੁਰੂ ਜੀ ਨੇ ਆਪਣੀ ਮੰਗ ਨੂੰ ਤੀਜੀ ਵਾਰ ਦੁਹਰਾਇਆ ਤਾਂ ਧਰਮ ਦਾਸ ਨੇ ਆਪਣੇ ਗੁਰੂ ਲਈ ਕੁਰਬਾਨ ਹੋਣ ਲਈ ਆਪਣੇ ਆਪ ਨੂੰ ਪੇਸ਼ ਕੀਤਾ। ਉਸ ਨੂੰ ਵੀ ਅੰਦਰ ਲੈ ਜਾ ਕੇ ਦਇਆ ਰਾਮ ਕੋਲ ਬੈਠਾ ਦਿੱਤਾ ਗਿਆ ਅਤੇ ਇਕ ਹੋਰ ਬਕਰਾ ਝਟਕਾਇਆ ਗਿਆ। ਫਿਰ ਗੁਰੂ ਜੀ ਗੁਸੈਲੇ ਅਤੇ ਤੀਬਰ ਰੌਂ ਵਿਚ ਬਾਹਰ ਆਏ ਅਤੇ ਉਚੇ ਸੁਰ ਵਿਚ ਉਨ੍ਹਾਂ ਨੇ ਇਕ ਹੋਰ ਕੁਰਬਾਨੀ ਲਈ ਕਿਹਾ। ਇਸ ਤੇ ਉਥੇ ਇਕੱਠੇ ਹੋਏ ਸਿੱਖਾਂ ਵਿਚ ਹਫੜਾ ਦਫੜੀ ਜਿਹੀ ਫੈਲ ਗਈ, ਉਹ ਗੁਰੂ ਜੀ ਦੀ ਸੂਝਬੂਝ ਤੇ ਸ਼ੱਕ ਕਰਨ ਲੱਗੇ। ਇਹ ਕਹਿਣ ਲਗੇ ਕਿ ਗੁਰੂ ਜੀ ਦਾ ਆਪਣੇ ਕਾਰਜ ਤੇ ਵਸੀਕਾਰ ਨਹੀਂ ਰਿਹਾ। ਕੁਝ ਦੌੜ ਗਏ, ਕੁਝ ਗੁਰੂ ਜੀ ਦੀ ਮਾਤਾ ਕੋਲ ਸ਼ਿਕਾਇਤ ਕਰਨ ਲਈ ਚਲੇ ਗਏ ਪਰੰਤੂ ਉਨ੍ਹਾਂ ਨੂੰ ਆਪਣੇ ਮੰਤਵ ਤੋਂ ਹਟਾਇਆ ਨਹੀਂ ਜਾ ਸਕਦਾ ਸੀ। ਆਖਰ ਮੋਹਕਮ ਚੰਦ ਨੇ ਆਪਣੇ ਆਪ ਨੂੰ ਗੁਰੂ ਜੀ ਦੇ ਭੇਂਟ ਕਰ ਦਿੱਤਾ ਅਤੇ ਉਸ ਨੂੰ ਵੀ ਪਹਿਲਾਂ ਵਾਂਗ ਤੰਬੂ ਅੰਦਰ ਲੈ ਜਾਇਆ ਗਿਆ। ਇਸ ਤਰ੍ਹਾਂ ਦੋ ਵਾਰ ਹੋਰ ਹੋਇਆ ਅਤੇ ਦੋ ਹੋਰ ਸਿੱਖ ਸਾਹਿਬ ਚੰਦ ਅਤੇ ਹਿੰਮਤ ਗੁਰੂ ਜੀ ਕੋਲ ਪੁਜ ਗਏ ਜਿਹੜੇ ਕਿ ਗੁਰੂ ਜੀ ਲਈ ਆਪਣੀਆਂ ਜਾਨਾਂ ਵਾਰਨ ਲਈ ਤਿਆਰ ਸਨ।[1] ਇਨ੍ਹਾਂ "ਪੰਜ ਪਿਆਰਿਆਂ"[2] ਨਾਲ, ਜਿਵੇਂ ਕਿ ਉਨ੍ਹਾਂ ਨੂੰ ਕਿਹਾ ਜਾਣ ਲੱਗਾ, ਗੁਰੂ ਜੀ ਨੇ ਸਿਖ ਮਤ ਦੀ ਨਵੇਂ ਸਿਰੇ ਤੋਂ ਨੀਂਹ ਰੱਖੀ।

ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ "ਪੰਜ ਪਿਆਰਿਆਂ" ਨੂੰ ਸੁੰਦਰ ਵਸਤਰ ਪਹਿਨਾਏ ਅਤੇ ਉਨ੍ਹਾਂ ਨੂੰ ਨਵੀਂ ਪ੍ਰਚਲਤ ਕੀਤੀ ਗਈ ਨੀਤੀ ਅਨੁਸਾਰ ਦੀਖਿਆ ਦਿੱਤੀ। ਦੀਖਿਆ ਦੇਣ ਦਾ ਗੁਰੂ ਨਾਨਕ ਜੀ ਦੁਆਰਾ ਪ੍ਰਚਲਤ ਕੀਤਾ ਢੰਗ 'ਚਰਨ ਪਹੁਲ' ਸੀ ਜੋ ਕਿ ਹੁਣ ਤਕ ਸਿੱਖ ਮਤ ਵਿਚ ਵਰਤਿਆ ਜਾਂਦਾ ਸੀ। "ਆਰੰਭ ਵਿਚ ਇਸ ਰਸਮ ਅਨੁਸਾਰ, ਗੁਰੂ ਦੇ ਪੈਰ ਦਾ ਅੰਗੂਠਾ ਪਾਣੀ ਦੇ ਬਾਟੇ ਵਿਚ ਧੋ ਦਿੱਤਾ ਜਾਂਦਾ ਸੀ ਜਿਸ ਨੂੰ ਨਵਾਂ ਸ਼ਿਸ਼ (ਸਿੱਖ) ਪੀ ਲੈਂਦਾ ਸੀ ਅਤੇ ਉਸ ਨੂੰ ਕੁਝ ਸਮਾਂ ਗੁਰੂ ਜੀ ਦੀ ਸੇਵਾ ਵਿਚ ਚੇਲਾ ਬਣ ਕੇ ਰਹਿਣਾ ਪੈਂਦਾ ਸੀ ਅਤੇ ਖਾਸ ਹੱਦ ਤਕ ਆਪਾ-ਤਿਆਗ ਕਰਨਾ ਪੈਂਦਾ ਸੀ।" ਇਹ ਵੀ ਦਸਿਆ ਗਿਆ ਹੈ ਕਿ "ਸ਼ਿਸ਼ ਦੂਜੇ ਸਿਦਕੀ ਸਿੱਖਾਂ ਦੇ ਪੈਰਾ ਨਾਲ ਛੁਹਾਇਆ ਹੋਇਆ

---

1. ਮੈਕਾਲਿਫ ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 91-93; ਗੁਰ ਬਿਲਾਸ, XI.
2. ਕਿਹਾ ਜਾਂਦਾ ਹੈ ਕਿ ਗੁਰੂ ਜੀ ਨੇ ਆਪ ਇਨ੍ਹਾਂ ਨੂੰ 'ਪੰਜ ਪਿਆਰੇ' ਦਾ ਨਾਂ ਬਖਸ਼ਿਆ।

ਪਾਣੀ ਵੀ ਪੀਂਦਾ ਸੀ, ਭਾਵੇਂ ਉਨ੍ਹਾਂ ਦੀ ਮੂਲ ਜਾਤ ਕੋਈ ਵੀ ਹੋਵੇ, ਤਾਂ ਕਿ ਹਰ ਪ੍ਰਕਾਰ ਦੇ ਜਾਤੀ ਅਭਿਮਾਨ ਦਾ ਵਿਨਾਸ਼ ਹੋ ਜਾਵੇ। ਗੁਰੂ ਅਰਜਨ ਦੇਵ ਜੀ ਦੇ ਸਮੇਂ ਪਾਣੀ ਨੂੰ ਗੁਰੂ ਜੀ ਦੇ ਪੈਰ ਦੇ ਅੰਗੂਠੇ ਨਾਲ ਨਹੀਂ ਛੋਹਿਆ ਜਾਂਦਾ ਸੀ ਸਗੋਂ ਗੁਰੂ ਜੀ ਦੇ ਮੰਜੇ ਹੇਠ ਰਖਿਆ ਜਾਂਦਾ ਸੀ।"[1] ਇਹ ਪ੍ਰਤੱਖ ਹੈ ਕਿ ਇਸ ਰੀਤੀ ਪਿਛੇ ਨਿਮਰਤਾ ਅਤੇ ਆਪਾ-ਤਿਆਗ ਦਾ ਆਦਰਸ਼ ਸੀ, ਪਰੰਤੂ ਗੁਰੂ ਜੀ ਨੇ ਦੇਖਿਆ ਕਿ ਸਿੱਖਾਂ ਲਈ ਇਹ ਆਦਰਸ਼ ਹੁਣ ਉਚਿਤ ਨਹੀਂ ਹੈ ਇਸ ਲਈ ਉਨ੍ਹਾਂ ਨੇ ਇਸ ਦਾ ਵਿਸਥਾਰ ਕੀਤਾ ਅਤੇ ਇਸ ਦੀ ਸਮੁਚੀ ਆਤਮਾ ਨੂੰ ਹੀ ਬਦਲ ਦਿੱਤਾ। ਲੋਹੇ ਦੇ ਬਾਟੇ ਵਿਚ ਗੁਰੂ ਜੀ ਨੇ ਕੁਝ ਪਾਣੀ ਲਿਆ ਅਤੇ ਇਸ ਵਿਚ ਖੰਡਾ ਫੇਰਨਾ ਸ਼ੁਰੂ ਕੀਤਾ ਅਤੇ ਇਸ ਤੇ 'ਇਸ ਰਸਮ ਲਈ ਨਿਯਤ ਕੀਤੀ ਪਵਿੱਤਰ ਬਾਣੀ ਦਾ ਜਾਪ ਕੀਤਾ ਗਿਆ।"[2] "ਪੰਜ ਪਿਆਰਿਆਂ" ਨੂੰ "ਵਾਹਿਗੁਰੂ ਅਤੇ ਜਪੁਜੀ ਦੇ ਮੂਲਮੰਤਰ ਦਾ ਜਾਪ ਕਰਨ ਲਈ ਕਿਹਾ ਗਿਆ। ਫਿਰ ਗੁਰੂ ਜੀ ਨੇ ਉਨ੍ਹਾਂ ਨੂੰ ਪੰਜ ਚੁਲੀਆਂ ਅੰਮ੍ਰਿਤ[3] ਪਾਨ ਕਰਨ ਲਈ ਦਿੱਤਾ। ਫਿਰ ਉਨ੍ਹਾਂ ਦੇ ਕੇਸ਼ਾਂ ਅਤੇ ਅੱਖਾਂ ਨੂੰ ਪੰਜ ਵਾਰ ਛਿੱਟੇ ਦਿੱਤੇ ਅਤੇ ਉਨ੍ਹਾਂ ਸਾਰਿਆਂ ਨੂੰ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਉਚਾਰਨ ਲਈ ਕਿਹਾ ਗਿਆ। ਇਸ ਤੇ ਉਨ੍ਹਾਂ ਸਾਰਿਆਂ ਨੂੰ 'ਸਿੰਘ' ਜਾਂ ਸ਼ੇਰ ਦਾ ਨਾਂ ਦਿੱਤਾ ਗਿਆ।" ਇਥੇ ਦੇਖਣ ਵਾਲੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਗੁਰੂ ਜੀ ਦੇ ਅੰਗੂਠੇ ਦੀ ਥਾਂ ਖੰਡੇ ਦੀ ਵਰਤੋਂ ਕੀਤੀ ਗਈ ਅਤੇ ਇਸ ਦੇ ਅਰਥ ਸਪਸ਼ਟ ਹਨ। ਨਿਮਰਤਾ ਅਤੇ ਆਪਾ-ਤਿਆਗ ਦੇ ਪੁਰਾਤਨ ਆਦਰਸ਼ ਨੂੰ ਆਤਮ-ਦ੍ਰਿੜਤਾ ਅਤੇ ਆਤਮ ਨਿਰਭਰਤਾ ਦੇ ਨਵੇਂ ਆਦਰਸ਼ ਵਿਚ ਪਰਿਵਰਤਿਤ ਕਰ ਦਿੱਤਾ ਗਿਆ। ਪਰੰਤੂ ਇਸ ਸੰਬੰਧ ਵਿਚ ਅਤਿ ਮਹੱਤਵਪੂਰਨ ਘਟਨਾ ਉਸ ਸਮੇਂ ਵਾਪਰੀ ਜਦ ਗੁਰੂ ਜੀ ਆਪ ਪ੍ਰਾਰਥੀ ਦੇ ਰੂਪ ਵਿਚ ਖੜੇ ਹੋ ਗਏ ਅਤੇ ਹੱਥ ਜੋੜ ਕੇ 'ਪੰਜ ਪਿਆਰਿਆਂ' ਨੂੰ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਐਨ ਉਸੇ ਤਰ੍ਹਾਂ ਦੀਖਿਆ ਦਿੱਤੀ ਜਾਵੇ ਜਿਵੇਂ ਕਿ ਉਨ੍ਹਾਂ ਨੂੰ ਦਿੱਤੀ ਗਈ ਸੀ। ਇਸ ਤੇ "ਪੰਜ ਪਿਆਰਿਆਂ" ਦੀ ਅਸਚਰਜਤਾ ਦਾ ਕੋਈ ਅੰਤ ਨਾ ਰਿਹਾ ਕਿਉਂਕਿ ਉਹ ਉਸ ਵਿਅਕਤੀ ਦੀ ਅਜੇਹੀ ਪ੍ਰਾਰਥਨਾ ਦਾ ਭਾਵ ਸਮਝਣੋਂ ਅਸਮਰਥ ਸਨ ਜਿਸ ਨੂੰ ਉਹ ਸਾਰੇ ਇਸ ਧਰਤੀ ਤੇ ਪਰਮਾਤਮਾ ਦਾ ਪ੍ਰਤਿਨਿਧ ਸਮਝਦੇ ਸਨ। ਪਰ ਜਦ ਗੁਰੂ ਜੀ ਨੇ ਉਨ੍ਹਾਂ ਨੂੰ ਦਸਿਆ ਕਿ ਨਵੇਂ ਢੰਗ ਦੀ ਪਹੁਲ ਪਰਮਾਤਮਾ ਦੇ ਹੁਕਮ ਨਾਲ

---

1. ਰੋਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 696, ਪਦ ਟਿਪਣੀ 2
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 94। ਇਹ ਬਾਣੀਆਂ ਜਪੁਜੀ (ਗੁਰੂ ਨਾਨਕ ਜੀ ਰਚਿਤ), ਜਾਪਜੀ (ਗੁਰੂ ਗੋਬਿੰਦ ਸਿੰਘ ਰਚਿਤ), ਗੁਰੂ ਅਮਰਦਾਸ ਜੀ ਰਚਿਤ ਅਨੰਦ ਸਾਹਿਬ ਅਤੇ ਉਨ੍ਹਾਂ ਦੇ ਆਪਣੇ ਰਚੇ ਕੁਝ ਸਵਯੇ ਅਤੇ ਚੌਪਈਆਂ ਸਨ।
3. ਪਹੁਲ ਵਿਚ ਵਰਤੇ ਪਵਿਤਰ ਪਾਣੀ ਨੂੰ ਅੰਮ੍ਰਿਤ ਕਿਹਾ ਗਿਆ। ਅੰਮ੍ਰਿਤ ਪਾਨ ਕਰਨਾ ਦੇ ਭਾਵ ਪਹੁਲ ਦੁਆਰਾ ਦੀਖਿਆ ਲੈਣ ਦੇ ਹਨ। ਇਥੇ ਇਹ ਦੱਸਣਾ ਚਾਹੀਦਾ ਹੈ ਕਿ ਸਿੱਖ ਰਵਾਇਤ ਅਨੁਸਾਰ ਮਾਤਾ ਜੀਤੋ, ਗੁਰੂ ਜੀ ਦੀ ਪਤਨੀ, ਕੁਝ ਪਤਾਸੇ ਲੈ ਕੇ ਅਲੌਕਾਰਤਾ ਵਜੋਂ ਉਸ ਸਥਾਨ ਤੇ ਗਈ ਜਿਥੇ "ਪੰਜ ਪਿਆਰਿਆਂ" ਨੂੰ ਗੁਰੂ ਜੀ ਨੇ ਦੀਖਿਆ ਦੇਣੀ ਸੀ। ਗੁਰੂ ਜੀ ਨੇ ਉਸ ਨੂੰ ਪਤਾਸੇ ਪਵਿਤਰ ਪਾਣੀ ਵਿਚ ਪਾਉਣ ਲਈ ਕਿਹਾ ਅਤੇ ਇਹ ਰੀਤੀ ਉਦੋਂ ਤੋਂ ਹੀ ਪ੍ਰਚਲਤ ਹੈ।

ਚਲਾਈ ਗਈ ਹੈ ਤਾਂ ਉਨ੍ਹਾਂ ਦੀ ਹੈਰਾਨੀ ਦੂਰ ਹੋਈ। "ਜਿਹੜੇ ਇਸ ਨੂੰ ਗ੍ਰਹਿਣ ਕਰਨਗੇ ਅੱਗੋਂ ਲਈ ਖਾਲਸਾ ਕਰਕੇ ਜਾਣੇ ਜਾਣਗੇ। ਖਾਲਸਾ ਗੁਰੂ ਹੈ ਅਤੇ ਗੁਰੂ ਖਾਲਸਾ ਹੈ। ਤੁਹਾਡੇ ਅਤੇ ਮੇਰੇ ਵਿਚ ਕੋਈ ਭੇਦ ਨਹੀਂ ਹੈ। ਜਿਵੇਂ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਨੂੰ ਗੱਦੀ ਤੇ ਬੈਠਾਇਆ ਸੀ, ਉਸੇ ਤਰ੍ਹਾਂ ਮੈਂ ਵੀ ਤੁਹਾਨੂੰ ਗੁਰੂ ਬਣਾ ਦਿੱਤਾ ਹੈ।" ਇਸ ਪਿਛੋਂ "ਪੰਜ ਪਿਆਰਿਆਂ" ਨੇ ਗੁਰੂ ਜੀ ਨੂੰ ਨਵੀਂ ਰੀਤੀ[1] ਅਨੁਸਾਰ ਅੰਮ੍ਰਿਤ ਪਾਨ ਕਰਵਾਇਆ ਅਤੇ ਇਹ ਅਸੂਲ ਸਥਾਪਿਤ ਕੀਤਾ ਗਿਆ ਕਿ ਕੋਈ ਪੰਜ ਸਿੱਖ ਖਾਲਸੇ ਦੀ ਪ੍ਰਤਿਨਿਧਤਾ ਕਰ ਸਕਦੇ ਹਨ ਅਤੇ ਨਵੇਂ ਸ਼ਿਸ਼ਾਂ ਨੂੰ ਦੀਖਿਆ ਦੇ ਸਕਦੇ ਹਨ। ਸੋ ਗੁਰੂ ਜੀ ਨੇ ਆਪਣੇ ਆਪ ਨੂੰ ਖਾਲਸੇ ਵਿਚ ਅਭੇਦ ਕਰ ਦਿੱਤਾ ਅਤੇ ਸਾਰੀ ਸੰਪਰਦਾਇ ਗੁਰੂਤ੍ਵ ਦੀ ਗੌਰਵਤਾ ਨਾਲ ਸੁਸ਼ੋਭਿਤ ਹੋ ਗਈ।

ਉਸ ਸਮੇਂ ਦੇ ਸਮਾਚਾਰ ਲੇਖਕ ਅਨੁਸਾਰ ਗੁਰੂ ਜੀ ਨੇ ਇਹ ਕਿਹਾ ਦਸਿਆ ਜਾਂਦਾ ਹੈ: "ਆਓ! ਸਾਰੇ ਇਕੋ ਧਰਮ ਨੂੰ ਗ੍ਰਹਿਣ ਕਰੀਏ ਅਤੇ ਧਰਮ ਦੇ ਭੇਦਾਂ ਨੂੰ ਮੇਟ ਦਈਏ। ਚਾਰੇ ਹਿੰਦੂ ਵਰਨਾਂ ਨੂੰ, ਜਿਨ੍ਹਾਂ ਦੇ ਵੱਖ ਵੱਖ ਨਿਯਮ ਹਨ, ਸਾਰੇ ਤਿਆਗ ਦੇਵੋ, ਪੂਜਾ ਦਾ ਇਕੋ ਰੂਪ ਅਪਨਾਓ ਅਤੇ ਭਰਾ ਭਰਾ ਬਣੋ। ਕੋਈ ਦੂਜੇ ਤੋਂ ਆਪਣੇ ਆਪ ਨੂੰ ਵੱਡਾ ਨਾ ਸਮਝੇ। ਚਾਰੇ ਵਰਨਾਂ ਦੇ ਪੁਰਸ਼ ਮੈਥੋਂ ਪਹੁਲ ਲਵੋ, ਇਕ ਬਾਟੇ ਵਿਚੋਂ ਛਕੋ ਅਤੇ ਦੂਜਿਆਂ ਪ੍ਰਤਿ ਨਫਰਤ ਜਾਂ ਬੁਰਾਈ ਅਨੁਭਵ ਨਾ ਕਰੋ।"[2] ਸੋ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦਾ ਮੰਤਵ ਜਾਪ ਪਾਤ ਅਤੇ ਧਰਮ ਦੇ ਸਾਰੇ ਵਖੇਵਿਆਂ ਨੂੰ ਖਤਮ ਕਰਨਾ ਸੀ ਅਤੇ ਆਪਣੇ ਅਨੁਯਾਈਆਂ ਨੂੰ ਇਕ ਸਜਾਤੀ ਸਮੁਚਤਾ ਵਿਚ ਢਾਲਣਾ ਸੀ। ਕਨਿੰਘਮ ਕਹਿੰਦਾ ਹੈ: "ਇਹ ਸਾਫ ਸਾਫ ਦੇਖਿਆ ਜਾ ਸਕਦਾ ਹੈ ਕਿ ਗੋਬਿੰਦ (ਜੀ) ਨੇ ਜਾਤ ਪਾਤ ਨੂੰ ਭਾਵਾਤਮਕ ਰੂਪ ਵਿਚ ਖਤਮ ਕੀਤਾ ਹੈ ਨਾ ਕਿ ਸਿੱਧਾ ਨਿਯਮ ਬਣਾ ਕੇ।"[3] ਪਰੰਤੂ ਇਹ ਭਾਵਾਤਮਕਤਾ ਏਨੀ ਸਪਸ਼ਟ ਹੈ ਕਿ ਇਸ ਬਾਰੇ ਰਤਾ ਵੀ ਸ਼ੱਕ ਦੀ ਗੁੰਜਾਇਸ਼ ਨਹੀਂ ਹੋ ਸਕਦੀ। ਪਹੁਲ ਦੁਆਰਾ ਦੀਖਿਆ ਦੇ ਬਾਹਰੀ ਅਤੇ ਦ੍ਰਿਸ਼ਟਮਾਨ ਚਿੰਨ੍ਹਾਂ ਵਜੋਂ ਸਿੱਖਾਂ ਨੂੰ ਪੰਜ ਕਰਾਰ ਪਹਿਰਣ ਦਾ ਹੁਕਮ ਦਿੱਤਾ ਗਿਆ ਅਰਥਾਤ ਕੇਸ, ਕਛਹਿਰਾ, ਕੜਾ, ਕ੍ਰਿਪਾਨ ਅਤੇ ਕੰਘਾ। ਉਨ੍ਹਾਂ ਸਾਰਿਆਂ ਨੂੰ 'ਸਿੰਘ' ਦਾ ਸਾਂਝਾ ਨਾਮ ਦਿੱਤਾ ਗਿਆ ਅਤੇ ਉਨ੍ਹਾਂ ਨੂੰ ਆਪਣੇ ਆਪ ਨੂੰ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਦੇ ਪੁੱਤਰ ਸਮਝਣ ਅਤੇ ਅਨੰਦਪੁਰ ਸ਼ਹਿਰ ਦੇ ਵਸਨੀਕ ਸਮਝਣ ਲਈ ਕਿਹਾ ਗਿਆ। ਉਨ੍ਹਾਂ ਦੇ ਸੰਕੇਤਕ ਸ਼ਬਦ ਇਹ ਹੋਣੇ ਚਾਹੀਦੇ ਸਨ: ਕ੍ਰਿਤਨਾਸ਼, ਕੁਲਨਾਸ਼, ਧਰਮਨਾਸ਼, ਕਰਮਨਾਸ਼ ਅਰਥਾਤ ਧੰਦੇ ਅਤੇ ਪਰਿਵਾਰ ਤਥਾ ਵਿਸ਼ਵਾਸ ਅਤੇ ਰਸਮਾਂ ਦਾ ਤਿਆਗ ਕਰਨਾ।"[4] ਜਿਵੇਂ ਕਿ ਅਸੀਂ ਵੇਖ ਚੁਕੇ

---

1. ਹੁਣ ਇਥੇ ਗੁਰੂ ਗੋਬਿੰਦ ਰਾਏ, ਗੁਰੂ ਗੋਬਿੰਦ ਸਿੰਘ ਬਣਦੇ ਹਨ ਪਰੰਤੂ ਉਲਝਣ ਤੋਂ ਬਚਣ ਲਈ ਅਸੀਂ ਸਾਰੇ ਪਿਛਲੇਰਾ ਨਾਮ ਹੀ ਵਰਤਿਆ ਹੈ।
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 93-94
3. ਕਨਿੰਘਮ, ਉਪਰੋਕਤ ਰਚਨਾ, ਪੰਨਾ 345
4. ਉਹੀ, ਪੰਨਾ 71। ਇਥੇ ਇਹ ਵੀ ਦਸਿਆ ਜਾ ਸਕਦਾ ਹੈ ਕਿ ਗੁਰੂ ਜੀ ਨੇ ਤਮਾਕੂ ਦੀ ਵਰਤੋਂ ਦੀ ਮਨਾਹੀ ਕਰ ਦਿੱਤੀ ਸੀ।

ਹਾਂ, ਉਹ ਸਭ ਬਰਾਬਰ ਹੋਣਗੇ ਅਤੇ ਸ਼ਿਸ਼ ਨੂੰ ਦੀਖਿਆ ਦੇਣ ਲਈ ਉਨ੍ਹਾਂ ਵਿਚੋਂ ਕੋਈ ਪੰਜ ਗੁਰੂ ਦਾ ਕੰਮ ਕਰ ਸਕਦੇ ਸਨ। ਸੋ ਇਹ ਦੇਖਿਆ ਜਾਵੇਗਾ ਕਿ ਗੁਰੂ ਜੀ ਨੇ ਹੋਰ ਪ੍ਰਕਾਰ ਦੇ ਵਹਿਮਾਂ ਭਰਮਾਂ ਦੀ ਜੜ ਤੇ ਚੋਟ ਕੀਤੀ ਹੈ ਅਤੇ ਜਿਸ ਸਮਾਜ ਦਾ ਉਨ੍ਹਾਂ ਨੇ ਸੰਕਲਪ ਕੀਤਾ ਸੀ ਉਸ ਵਿਚ ਜਾਤ ਪਾਤ ਅਤੇ ਜਾਤੀ ਵਖਰਤਾ ਦੀ ਉੱਕਾ ਹੀ ਕੋਈ ਥਾਂ ਨਹੀਂ ਹੈ। ਕਨਿੰਘਮ ਹੋਰ ਇਹ ਕਹਿੰਦਾ ਹੈ ਕਿ "ਗੋਬਿੰਦ ਨੇ ਆਪਣੇ ਅਨੁਯਾਈਆਂ ਪਾਸੋਂ ਵਹਿਮਾਂ ਭਰਮਾਂ ਵਿਚਲਾ ਪੁਰਾਤਨ ਧਰਵਾਸ ਖੋਹ ਲਿਆ ਸੀ।" ਸਾਰੇ ਮਤ ਰਹੁਰੀਤਾਂ ਅਤੇ ਰਸਮਾਂ, ਜੋ ਇਕ ਸੱਚੇ ਅਕਾਲਪੁਰਖ ਤੋਂ ਸਿਵਾ ਕਿਸੇ ਹੋਰ ਨੂੰ ਮੰਨਦੀਆਂ ਸਨ, ਉਨ੍ਹਾਂ ਨੂੰ ਉੱਕਾ ਹੀ ਅਪ੍ਰਵਾਨ ਕਰ ਦਿੱਤਾ। ਗੁਰੂ ਜੀ ਫਰਮਾਂਦੇ ਹਨ :—

"ਜਾਗਤ ਜੋਤ ਜਪੈ ਨਿਸਬਾਸੁਰ
ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ,
ਏਕ ਬਿਨਾ ਨਹ ਏਕ ਪਛਾਨੈ ॥
ਪੂਰਨ ਜੋਤ ਜਗੈ ਘਟ ਮੈ
ਤਬ ਖਾਲਸ ਤਾਹਿ ਨਖਾਲਸ ਜਾਨੈ।"[1]

ਸੋ ਗੁਰੂ ਜੀ ਦਾ ਆਸ਼ਾ ਸਿੱਖਾਂ ਵਿਚ ਠੋਸ ਭਰਾਤਰੀਪਨ ਪੈਦਾ ਕਰਨਾ ਸੀ ਜਿਸ ਨਾਲ ਸਿੱਖਾਂ ਨੇ ਸਸ਼ਤਰਾਂ ਭਰਾ ਬਣਨਾ ਸੀ। ਗੁਰੂ ਜੀ ਦਾ ਭਰੋਸਾ, ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਤਲਵਾਰ ਉਤੇ ਸੀ ਅਤੇ ਉਨ੍ਹਾਂ ਫੌਜੀ ਸਤਾ ਨੂੰ ਹਰ ਸੰਭਵ ਢੰਗ ਨਾਲ ਵਡਿਆਇਆ ਹੈ। ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਸਿੰਘਾਂ ਜਾਂ ਸਿਪਾਹੀਆਂ ਵਿਚ ਬਦਲ ਦਿੱਤਾ ਅਤੇ "ਉਨ੍ਹਾਂ ਨੇ ਆਪਣੇ ਅਨੁਯਾਈਆਂ ਦੇ ਉਸ ਅਖੰਡ-ਧਿਆਨ ਨੂੰ ਹਟਾਇਆ ਜਿਹੜਾ ਕਿ ਉਨ੍ਹਾਂ ਦੇ ਪਿਤਾ ਦਾਦਾ, ਹੱਲ, ਖੱਡੀ ਅਤੇ ਕਲਮ ਵਲ ਦਿੰਦੇ ਰਹੇ ਸਨ ਅਤੇ ਤਲਵਾਰ ਨੂੰ ਆਪਣਾ ਮੁਖ ਸਹਾਰਾ ਬਣਾਉਣ ਲਈ ਪ੍ਰੇਰਿਆ।" ਜਿਹੜੀ ਵਸਤ ਸਾਨੂੰ ਤਾਕਤ ਪ੍ਰਦਾਨ ਕਰਦੀ ਹੈ, ਸਾਡੀ ਰਖਿਆ ਕਰਦੀ ਹੈ ਜਾਂ ਸਾਨੂੰ ਹਰ ਦਿਨ ਦਾ ਆਹਾਰ ਦਿੰਦੀ ਹੈ ਉਸ ਦੀ ਆਰਾਧਨਾ ਦਾ ਮਨੋਭਾਵ ਸਾਰੇ ਮਾਨਵ ਇਤਿਹਾਸ ਵਿਚ ਸਾਂਝਾ ਹੈ ਅਤੇ ਤਲਵਾਰ ਸਿੱਖਾਂ ਵਿਚ ਪੂਜਾ ਦੀ ਵਸਤੂ ਬਣ ਗਈ ਜਦ ਕਿ ਪਰਮਾਤਮਾ ਨੂੰ "ਸਰਬਲੋਹ" ਦਾ ਨਾਂ ਦਿੱਤਾ ਗਿਆ। "ਜਿਹੜੇ ਤਲਵਾਰ ਦੀ ਪੂਜਾ ਵਿਚ ਸਿਦਕੀ ਹੋਣਗੇ ਉਨ੍ਹਾਂ ਨੂੰ ਹੋਰ ਕਿਸੇ ਪ੍ਰਕਾਰ ਦੀਆਂ ਧਾਰਮਿਕ ਰਹੁਰੀਤਾਂ ਜਾਂ ਰਸਮਾਂ ਤੋਂ ਛੋਟ ਦੇਣ ਦਾ ਵਚਨ ਕੀਤਾ ਗਿਆ" ਅਤੇ ਉਸ ਨੂੰ "ਜਿਹੜਾ ਮੂਹਰੇ ਹੋ ਕੇ ਲੜਦਾ ਹੈ, ਜੰਗੀ ਘੋੜੇ ਦੀ ਸਵਾਰੀ ਕਰਦਾ ਹੈ ਅਤੇ ਜੋ ਸਦਾ ਜੰਗ ਵਿਚ ਰਹਿੰਦਾ ਅਤੇ ਹਮੇਸ਼ਾਂ ਸ਼ਸਤਰ-ਬੱਧ ਰਹਿੰਦਾ ਹੈ"[2] ਖਾਲਸਾ ਮੰਨਿਆ ਜਾਵੇਗਾ। "ਜਿਹੜਾ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 314-315.
2. ਕਨਿੰਘਮ, ਉਪਰੋਕਤ ਰਚਨਾ, ਪੰਨਾ 375-376

ਖਾਲਸੇ ਵਿਚ ਦ੍ਰਿੜ ਰਹਿਣਾ ਚਾਹੁੰਦਾ ਹੈ, ਉਸ ਨੂੰ ਜੰਗ ਤੋਂ ਡਰਨਾ ਨਹੀਂ ਚਾਹੀਦਾ ਅਤੇ ਆਪਣੇ ਧਰਮ ਦੀ ਰਖਿਆ ਲਈ ਜੰਗ ਕਰਨ ਲਈ ਤਤਪਰ ਰਹਿਣਾ ਚਾਹੀਦਾ ਹੈ।"[1]

ਗੁਰੂ ਜੀ ਫਰਮਾਉਂਦੇ ਹਨ :—

"ਛਤ੍ਰੀ ਕੋ ਪੂਤ ਹੋ ਬਾਮਨ ਕੋ ਨਹਿ
ਕੈ ਤਪੁ ਆਵਤ ਹੈ ਜੁ ਕਰੋ ॥
ਅਰੁ ਆਉਰ ਜੰਜਾਰ ਜਿਤੋ ਗ੍ਰਹ ਕੋ
ਤੁਹਿ ਤਯਾਗ ਕਹਾ ਚਿਤ ਤਾ ਮੈ ਧਰੋ ॥
ਅਬ ਰੀਝ ਕੈ ਦੇਹੁ ਵਹੈ ਹਮ ਕਉ
ਜੋਉ ਹਉ ਬਿਨਤੀ ਕਰ ਜੋਰ ਕਰੋ ॥
ਜਬ ਆਉ ਕੀ ਅਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋ ॥"[2]

ਸੋ ਗੁਰੂ ਜੀ ਦੀਆਂ ਤਰਜੀਹਾਂ ਨੂੰ ਸਪਸ਼ਟ ਸ਼ਬਦਾਂ ਵਿਚ ਪ੍ਰਗਟ ਕੀਤਾ ਗਿਆ ਹੈ : ਐਪਰ ਨਾਮ, ਨਿਰਸੰਦੇਹ, ਅਜੇ ਵੀ ਆਰਾਧਨਾ ਦੀ ਮੁਖ ਵਸਤੂ ਹੈ, ਪਰੰਤੂ "ਉਸ ਦਾ ਜੀਵਨ ਇਸ ਸੰਸਾਰ ਵਿਚ ਧੰਨ ਹੈ ਜਿਹੜਾ ਆਪਣੇ ਮੂੰਹ ਨਾਲ ਪਰਮਾਤਮਾ ਦੇ ਨਾਮ ਨੂੰ ਜਪਦਾ ਹੈ ਅਤੇ ਮਨ ਵਿਚ ਜੰਗ ਧਿਆਉਂਦਾ ਹੈ।"[3] ਸੋ ਗੁਰੂ ਜੀ ਦੁਆਰਾ ਰਚਿਤ ਖਾਲਸੇ ਵਿਚ ਸਿਪਾਹੀ ਦੇ ਲੱਛਣਾਂ ਨੂੰ ਸਭ ਤੋਂ ਪਹਿਲਾ ਸਥਾਨ ਦਿੱਤਾ ਗਿਆ ਹੈ ਭਾਵੇਂ ਇਸ ਵਿਚ ਕੋਈ ਸ਼ੱਕ ਨਹੀਂ ਕਿ ਇਸ ਦੇ ਮੈਂਬਰਾਂ ਨੂੰ ਪਰਮਾਤਮਾ ਤੇ ਭਰੋਸਾ ਰੱਖਣ ਲਈ ਵੀ ਕਿਹਾ ਹੈ। ਅਮਲੀ ਤੌਰ ਤੇ ਇਹ ਤਲਵਾਰ ਤੇ ਹੀ ਨਿਰਭਰ ਹੋਣ ਦੇ ਬਰਾਬਰ ਹੈ ਕਿਉਂਕਿ ਇਸ ਦੇ ਨਾਲ ਨਾਲ, ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਤਲਵਾਰ ਨੂੰ ਪਰਮਾਤਮਾ ਅਤੇ ਪਰਮਾਤਮਾ ਨੂੰ ਤਲਵਾਰ ਸਮਝਣ ਦੀ ਸਿਖਿਆ ਵੀ ਦਿੱਤੀ ਗਈ ਹੈ।

ਸਰਵ ਸ਼ਕਤੀਮਾਨ ਪਰਮਾਤਮਾ ਨੂੰ ਗੁਰੂ ਜੀ ਪ੍ਰਾਰਥਨਾ ਕਰਦੇ ਹਨ :—

"ਮਹਾ ਲੋਹ ਮੈ ਕਿੰਕਰ ਥਾਰੋ ॥
ਅਪਨਾ ਜਾਨ ਕਰੋ ਰਖਵਾਰ ॥
ਬਾਹ ਗਹੇ ਕੀ ਲਾਜ ਬਿਚਾਰ ॥
ਅਪਨਾ ਜਾਨ ਮੁਝੈ ਪ੍ਰਤਿਪਰੀਐ ॥
ਚੁਨ ਚੁਨ ਸਤ੍ਰ ਹਮਾਰੇ ਮਰੀਐ ॥
ਦੇਗ ਤੇਗ ਜਗੈ ਮੈ ਦੋਊ ਚਲੈ ॥
ਰਾਖ ਆਪ ਮੁਹਿ ਅਉਰ ਨਾ ਦਲੈ ॥"[4]

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 223
2. ਉਹੀ, ਪੰਨਾ 312
3. ਉਹੀ, ਪੰਨਾ 167
4. ਉਹੀ, ਪੰਨਾ 311

ਸੋ ਗੁਰੂ ਜੀ ਦਾ ਮੁਢਲਾ ਸੰਬੰਧ ਆਪਣੇ ਲੰਗਰ ਅਤੇ ਤਲਵਾਰ ਨਾਲ ਸੀ; ਇਕ ਨਿਤਾਣਿਆਂ ਵਿਚਾਰਿਆਂ ਅਤੇ ਮਜ਼ਲੂਮਾਂ ਦੀ ਸਹਾਇਤਾ ਲਈ ਸੇਵਾ ਦਾ ਚਿੰਨ੍ਹ ਸੀ ਅਤੇ ਦੂਜਾ ਜ਼ਾਲਮਾਂ ਦਾ ਖਾਤਮਾ ਕਰਨ ਲਈ ਸ਼ਕਤੀ ਦਾ ਚਿੰਨ੍ਹ ਸੀ ਅਣੇ ਇਸ ਦੂਹਰੇ ਮੰਤਵ ਨੂੰ ਪ੍ਰਾਪਤ ਕਰਨ ਲਈ ਉਨ੍ਹਾਂ ਨੇ ਖਾਲਸੇ ਦਾ ਸਾਧਨ ਬਣਾਇਆ ਸੀ। ਇਹ ਦੇਖਣਾ ਰੋਚਕ ਹੈ ਕਿ ਭਾਵੇਂ ਪਿਛਲੇਰੀਆਂ ਲਿਖਤਾਂ ਵਿਚ ਕਿਤੇ ਕਿਤੇ ਇਹ ਕਿਹਾ ਗਿਆ ਹੈ ਕਿ ਗੁਰੂ ਜੀ ਦਾ ਮੰਤਵ ਪ੍ਰਤੱਖ ਵਿਚ ਰਾਜਨੀਤਕ ਸੀ ਪਰ ਉਨ੍ਹਾਂ ਦੀਆਂ ਆਪਣੀਆਂ ਲਿਖਤਾਂ ਵਿਚੋਂ ਸਾਨੂੰ ਪ੍ਰਭੂਤਾ ਜਾਂ ਰਾਜ ਪ੍ਰਾਪਤੀ ਬਾਰੇ ਕੁਝ ਨਹੀਂ ਮਿਲਦਾ। ਇਸ ਦੇ ਉਲਟ ਬਚਿਤ੍ਰ ਨਾਟਕ ਵਿਚ ਗੁਰੂ ਜੀ ਕਹਿੰਦੇ ਹਨ :

ਬਾਬੇ ਕੇ ਬਾਬਰ ਕੇ ਦੋਊ ॥
ਆਪ ਕਰੇ ਪਰਮੇਸਰ ਸੋਊ ॥
ਦੀਨਸਾਹ ਇਨਕੋ ਪਹਿਚਾਨੋ ॥
ਦੁਨੀਪੱਤਿ ਉਨਕੋ ਅਨੁਮਾਨੋ ॥[1]

ਗੁਰੂ ਜੀ ਔਰੰਗਜ਼ੇਬ ਨੂੰ ਲਿਖੇ ਆਪਣੇ ਪੱਤਰ ਵਿਚ ਕਹਿੰਦੇ ਹਨ : "ਤੈਨੂੰ ਆਪਣੇ ਸਾਮਰਾਜ ਦਾ ਅਭਿਮਾਨ ਹੈ ਅਤੇ ਮੈਨੂੰ ਅਬਿਨਾਸ਼ੀ ਪਰਮਾਤਮਾ ਦਾ ਮਾਨ ਹੈ।"[2] ਇਹ ਕਹਿਣਾ ਵੀ ਸੰਭਵ ਨਹੀਂ ਹੋਵੇਗਾ ਕਿ ਉਨ੍ਹਾਂ ਨੇ "ਗੁਸਤਾਖ਼ ਅਤੇ ਜ਼ਾਲਮ ਮੁਸਲਮਾਨਾਂ ਨਾਲ ਸਦੀਵੀ ਜੰਗ ਦੀ ਕਸਮ ਖਾਧੀ ਹੋਈ ਸੀ।" ਉਨ੍ਹਾਂ ਦੀ ਜੰਗ ਜ਼ੁਲਮ ਅਤੇ ਤਸ਼ੱਦਦ ਵਿਰੁਧ ਸੀ ਅਤੇ ਮੁਸਲਮਾਨਾਂ ਨਾਲ ਲੜਾਈ ਅਤੇ ਰਾਜਸੀ ਸੱਤਾ ਦੀ ਸਿੱਖਾਂ ਦੁਆਰਾ ਪ੍ਰਾਪਤੀ ਵੱਧ ਘੱਟ ਰੂਪ ਵਿਚ ਇਸ ਮੂਲ ਸੰਕਲਪ ਦੇ ਅਟੱਲ ਜ਼ਿਮਨੀ ਸਿੱਟੇ ਸਨ।

ਪਹੁਲ ਦਾ ਆਰੰਭ ਕਰਨਾ ਅਤੇ ਇਸ ਦੇ ਨਾਲ ਨਾਲ ਗੁਰਿਆਈ ਨੂੰ ਖਤਮ ਕਰਨਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਉਸਾਰੀ ਗਈ ਇਮਾਰਤ ਦੇ ਬੁਨਿਆਦੀ ਪੱਥਰ ਸਨ। ਸੈਨਿਕਵਾਦ ਨੂੰ ਹੁਣ, ਧਰਮ ਦੀ ਇਕ ਵਸਤੂ ਕਰਕੇ ਅੰਤਿਮ ਰੂਪ ਵਿਚ ਅਪਨਾ ਲਿਆ ਗਿਆ ਅਤੇ ਭਾਈਚਾਰੇ ਦੀ ਅਗਵਾਈ ਭਾਈਚਾਰੇ ਦੇ ਹੱਥਾਂ ਵਿਚ ਹੀ ਦੇ ਦਿੱਤੀ ਗਈ। ਸੋ ਸੈਨਿਕੀ ਸਾਂਝਾ-ਰਾਜ ਹੋਂਦ ਵਿਚ ਆਇਆ ਜਿਸ ਵਿਚ ਪਰਜਾ-ਤੰਤਰਿਕ ਪੂਰਨ ਆਜ਼ਾਦੀ ਸੀ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਗੁਰਿਆਈ ਬਾਰੇ ਵਿਸ਼ੇਸ਼ ਸਿੱਖ ਸੰਕਲਪ ਨੇ, ਜਿਸ ਵਿਚ ਗੁਰੂ ਦੇ ਵਿਅਕਤਿਤਵ ਤੋਂ ਉਸ ਦੀ ਗੁਰਿਆਈ ਭਾਵ ਆਤਮਾ[3] ਨੂੰ, ਉਚੇਚੇ ਤੌਰ ਤੇ ਜੁਦਾ ਰਖਿਆ ਗਿਆ ਸੀ, ਅਜੇਹਾ ਹੋਣਾ ਸੰਭਵ ਬਣਾ ਦਿੱਤਾ ਸੀ। ਜਦ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਕਿ ਖਾਲਸਾ ਗੁਰੂ ਹੈ ਅਤੇ ਗੁਰੂ ਖਾਲਸਾ ਹੈ ਤਾਂ ਉਹ ਕੇਵਲ ਪਹਿਲੋਂ ਹੀ ਗੁਰਿਆਈ ਦੀਆਂ ਅਨੇਕਾਂ ਸਮਾਨਤਾਵਾਂ ਵਿਚ ਇਕ ਹੋਰ ਦਾ ਵਾਧਾ ਕਰ ਰਹੇ ਹੁੰਦੇ ਹਨ ਅਤੇ ਭਾਵੇਂ ਇਹ ਤਬਦੀਲੀ ਆਪਣੇ ਕੁਝ ਨਤੀਜਿਆਂ ਕਰਕੇ ਕ੍ਰਾਂਤੀਕਾਰੀ ਸੀ ਪਰ ਇਸ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 305
2. ਉਹੀ, ਪੰਨਾ 206
3. ਦੇਖੋ, ਇਸੇ ਕ੍ਰਿਤ ਦੀ ਪਹਿਲੀ ਸੈਂਚੀ, ਪੰਨਾ 179-80, 18

ਦੀ ਪ੍ਰਾਪਤੀ ਲਈ ਕਿਸੇ ਕ੍ਰਾਂਤੀਕਾਰੀ ਯਤਨ ਦੀ ਲੋੜ ਨਹੀਂ ਚਾਹੀਦੀ ਸੀ। ਕਿਸੇ ਨਾ ਕਿਸੇ ਰੂਪ ਵਿਚ ਸਿੱਖ ਇਸ ਵਿਚਾਰ ਤੋਂ ਪਹਿਲੋਂ ਹੀ ਵਾਕਫ਼ ਸਨ ਅਤੇ ਭਾਈਚਾਰੇ ਦੀ ਆਤਮਿਕ ਅਗਵਾਈ 'ਗੁਰੂ ਗ੍ਰੰਥ ਸਾਹਿਬ' ਵਿਚ ਰੱਖ ਦੇਣਾ ਅਤੇ ਸੰਸਾਰਕ ਅਗਵਾਈ ਖਾਲਸੇ ਨੂੰ ਸੌਂਪ ਦੇਣਾ ਉਸ ਪ੍ਰਕਿਰਿਆ ਦਾ ਸਿਖਰ ਸੀ ਜੋ ਸਿੱਖ ਮਤ ਵਿਚ ਚਿਰਾਂ ਤੋਂ ਸ਼ੁਰੂ ਹੋ ਚੁਕੀ ਸੀ।

ਦੂਜੇ ਪਾਸੇ ਸਾਰੇ ਭਾਈਚਾਰੇ ਦੀ ਸਮੁੱਚੀ ਦ੍ਰਿਸ਼ਟੀ ਹੀ ਏਨੀ ਬਦਲ ਦਿੱਤੀ ਗਈ ਸੀ ਕਿ ਇਹ ਜੀਉਣ ਲਈ ਨਿਮਾਣੇ ਜਿਹੇ ਯਤਨ ਨੂੰ ਪੇਸ਼ ਨਹੀਂ ਕਰਦਾ ਸੀ ਜਿਸ ਨੂੰ ਕਿ ਸੱਚਾ ਜੀਵਨ ਸਮਝਿਆ ਜਾਂਦਾ ਸੀ ਅਤੇ ਨਾ ਹੀ ਸ਼ਾਂਤਮਈ ਪ੍ਰਚਾਰ ਨੂੰ ਸੱਚਾ ਧਰਮ ਸਮਝਿਆ ਜਾਂਦਾ ਸੀ ਪਰ ਅੱਗੋਂ ਲਈ ਇਸ ਨੇ ਹਰ ਪ੍ਰਕਾਰ ਦੇ ਜ਼ੁਲਮ ਅਤੇ ਅਤਿਆਚਾਰ ਵਿਰੁਧ, ਯੋਗ ਸਾਧਨਾਂ ਦੀ ਵਰਤੋਂ ਨਾਲ, ਟਾਕਰਾ ਕਰਨ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ ਤੇ ਲੈ ਲਈ ਸੀ। ਗੁਰੂ ਜੀ ਨੇ ਇਹ ਪ੍ਰਗਟ ਕਰ ਦਿੱਤਾ ਸੀ ਕਿ ਸਮੇਂ ਦੀਆਂ ਪਰਿ-ਸਥਿਤੀਆਂ ਅਨੁਸਾਰ ਸ਼ਾਂਤਮਈ ਵਿਰੋਧ ਵਰਗੀ ਨਕਾਰਾਤਮਕ ਨੀਤੀ ਯੋਗ ਨਹੀਂ ਹੈ। ਸੋ, ਫਲਸਰੂਪ, ਉਨ੍ਹਾਂ ਦੀ ਮੁੱਖ ਨਿਰਭਰਤਾ ਸ਼ਸਤਰਾਂ ਦੀ ਸੱਤਾ ਉਤੇ ਸੀ। ਪ੍ਰੇਮ ਅਤੇ ਭਗਤੀ ਨਾਲ ਉਨ੍ਹਾਂ ਨੇ ਤਲਵਾਰ ਉਠਾਈ, "ਜੋ ਇਲਾਕਿਆਂ ਨੂੰ ਜਿੱਤਦੀ ਹੈ ਅਤੇ ਦੁਸ਼ਟਾਂ ਦੀਆਂ ਫੌਜਾਂ ਦਾ ਨਾਸ਼ ਕਰਦੀ ਹੈ।" ਇਸ ਲਈ ਗੁਰੂ ਜੀ ਦਾ ਖਾਲਸੇ ਦਾ ਸੰਕਲਪ ਪੂਰਨ ਭਾਂਤ ਲੋਕ-ਤੰਤਰਿਕ ਸੰਗਠਿਤ ਭਾਈਚਾਰੇ ਦਾ ਸੀ, ਜਿਹੜਾ ਪੂਰੀ ਤਰ੍ਹਾਂ ਸ਼ਸਤਰ-ਬੱਧ ਸੀ ਅਤੇ ਸਹੀ ਮਾਰਗ ਨੂੰ ਕਾਇਮ ਰੱਖਣ ਲਈ ਸੰਘਰਸ਼ ਕਰ ਰਿਹਾ ਸੀ ਅਤੇ ਹਰ ਤਰ੍ਹਾਂ ਦੇ ਜ਼ੁਲਮ ਅਤੇ ਅਨਿਆਂ ਵਿਰੁਧ ਬਿਨਾ ਕਿਸੇ ਰਹਿਮ ਜਾਂ ਤਰਸ ਦੇ ਲਗਾਤਾਰ ਜੂਝ ਰਿਹਾ ਸੀ।

ਪਰੰਤੂ ਭਾਵੇਂ ਇਹ ਵਿਚਾਰਧਾਰਾ ਨਵੀਂ ਸੀ, ਇਸ ਦੀ ਉਸਾਰੀ ਪੁਰਾਣੀ ਵਿਚਾਰਧਾਰਾ ਉਤੇ ਹੀ ਕੀਤੀ ਗਈ ਸੀ ਅਤੇ ਖਾਲਸੇ ਨਾਲ ਸੰਬੰਧਿਤ ਬਹੁਤ ਸਾਰੇ ਵਿਚਾਰ ਕਾਫੀ ਚਿਰ ਪਹਿਲੋਂ ਸਿੱਖ ਮਤ ਵਿਚ ਵਿਕਸਿਤ ਹੋ ਚੁੱਕੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਸਿੱਖਾਂ ਨੂੰ ਖਾਲਸਾ ਦੀ ਪ੍ਰਤੀਨਿਧਤਾ ਕਰਨ ਦੇ ਯੋਗ ਬਣਾ ਦਿੱਤਾ ਸੀ ਅਤੇ ਸਿੱਖਾਂ ਨੂੰ ਇਹ ਦ੍ਰਿੜਾਇਆ ਕਿ ਜਿਥੇ ਪੰਜ ਸਿੱਖ ਇਕੱਠੇ ਹੋਣਗੇ, ਗੁਰੂ ਵੀ ਉਨ੍ਹਾਂ ਵਿਚ ਹਾਜ਼ਰ ਹੋਣਗੇ। ਪਰੰਤੂ ਅਸੀਂ ਪਹਿਲਾਂ ਹੀ ਭਾਈ ਗੁਰਦਾਸ ਵਿਚ ਪੜ੍ਹ ਚੁੱਕੇ ਹਾਂ ਕਿ "ਜਿਥੇ ਕਿਧਰੇ ਪੰਜ ਸਿੱਖ ਹਨ, ਉਥੇ ਪਰਮਾਤਮਾ ਹੈ।"[1] ਗੁਰੂ ਗੋਬਿੰਦ ਸਿੰਘ ਜੀ ਨੇ ਗੁਰਿਆਈ ਖਾਲਸੇ ਨੂੰ ਬਖਸ਼ ਦਿੱਤੀ ਅਤੇ ਕਿਹਾ ਕਿ ਖਾਲਸੇ ਦੇ ਮੈਂਬਰਾਂ ਅਤੇ ਉਨ੍ਹਾਂ ਵਿਚ ਕੋਈ ਭੇਦ ਨਹੀਂ ਹੈ। ਇਹ ਪਹਿਲੋਂ ਵੀ ਦੇਖਿਆ ਗਿਆ ਹੈ ਕਿ ਸਿੱਖ ਮਤ ਦੇ ਇਤਿਹਾਸ ਦੇ ਮੁਢ ਵਿਚ ਕਿਵੇਂ ਇਕ ਵਿਅਕਤੀਗਤ ਸਿੱਖ ਨੂੰ ਗੁਰੂ ਦੀ ਆਪਣੀ ਹੀ ਪਦਵੀ ਦੇ ਬਰਾਬਰ ਉਚਿਆਇਆ ਗਿਆ ਸੀ[2] ਅਤੇ ਕਿਵੇਂ ਇਸ ਆਦਰਸ਼ ਨੇ ਸਿੱਖਾਂ ਦੇ ਨਿਤਾਪ੍ਰਤਿ ਜੀਵਨ ਵਿਚ ਸਰਗਰਮ ਭਾਗ ਲਿਆ ਸੀ। ਗੁਰੂ ਗੋਬਿੰਦ

1. ਦੇਖੋ ਇਸੇ ਰਚਨਾ ਦੀ ਪਹਿਲੀ ਸੈਂਚੀ, ਪੰਨਾ 189
2. ਉਹੀ, ਪੰਨਾ 190

ਸਿਘ ਜੀ ਨੂੰ ਸਿੱਖਾਂ ਨੂੰ ਦੈਵੀ ਅਗਵਾਈ ਤੋਂ ਮੁਕਤ ਕਰ ਦਿੱਤਾ ਅਤੇ ਭਾਈਚਾਰੇ ਨੇ ਗੁਰੂ ਦੀ ਥਾਂ ਮਲ ਲਈ ਸੀ। ਪਰੰਤੂ ਇਹ ਪਹਿਲੋਂ ਵੀ ਦਸਿਆ ਜਾ ਚੁਕਿਆ ਹੈ ਕਿ ਜਦ ਗੁਰੂ ਪਰਮ-ਉਚ ਸੀ ਅਤੇ ਉਸ ਨੂੰ ਪੂਰੀ ਤਰ੍ਹਾਂ ਆਤਮ ਸਮਰਪਨ ਕਰਨਾ ਸਿੱਖ ਮਤ ਦਾ ਨਿਯਮ ਸੀ, ਭਾਈਚਾਰੇ ਦੀ ਇੱਛਾ ਮਹੱਤਵਪੂਰਨ ਪ੍ਰਸ਼ਨਾਂ[1] ਦੇ ਨਿਰਣਿਆਂ ਤੇ ਸਦਾ ਮਹੱਤਾ ਵਾਲਾ ਪ੍ਰਭਾਵ ਪਾਉਂਦੀ ਰਹੀ ਹੈ ਅਤੇ ਮੋਹਸਿਨ ਫਾਨੀ ਦੀ ਗਵਾਹੀ ਇਹ ਸਿੱਧ ਕਰਦੀ ਹੈ ਕਿ ਇਹ ਲੋਕ-ਤੰਤਰਿਕ ਵਿਚਾਰ ਸਿੱਖ ਮੱਤ ਵਿਚ ਬਹੁਤ ਸਮੇਂ ਤੋਂ ਹੀ ਪੈਦਾ ਹੋ ਚੁਕਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸੈਨਿਕ ਜੀਵਨ ਨੂੰ ਹਰ ਵਸਤੂ ਤੋਂ ਉਚਿਆਇਆ ਹੈ ਪਰ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਤੋਂ ਲੈ ਕੇ ਹੀ ਸੈਨਿਕ ਆਦਰਸ਼ ਸਿੱਖ ਮੱਤ ਨਾਲ ਸੰਬੰਧਿਤ ਹੁੰਦੇ ਰਹੇ ਹਨ ਅਤੇ ਇਨ੍ਹਾਂ ਨੂੰ ਕਦੇ ਵੀ ਪੂਰਨ ਭਾਂਤ ਤਿਆਗਿਆ ਨਹੀਂ ਜਾ ਸਕਦਾ ਸੀ। ਪਰੰਤੂ ਸਿੱਖ ਮਤ ਦੀ ਉੱਨਤੀ ਕਰਨ ਨਾਲ ਉਤਪੰਨ ਹੋਏ ਇਹ ਵਿਚਾਰ, ਜੋ ਬਿਨਾ ਕਿਸੇ ਦ੍ਰਿਸ਼ਟ ਇਕਸਾਰਤਾ ਦੇ ਨਾਲੋ ਨਾਲ ਚਲ ਰਹੇ ਸਨ, ਹੁਣ ਇਨ੍ਹਾਂ ਨੂੰ ਇਕ ਨਵੀਂ ਏਕਤਾ ਪ੍ਰਦਾਨ ਕਰ ਦਿੱਤੀ ਗਈ ਸੀ ਅਤੇ ਇਕੋ ਹੀ ਪ੍ਰਵਾਹ ਵਿਚ ਬੰਨ੍ਹ ਦਿੱਤੇ ਗਏ ਸਨ। ਸਭ ਕੁਝ ਜੋ ਸਿੱਖਾਂ ਨੂੰ ਪਿਆਰਾ ਸੀ, ਜਿਸ ਦਾ ਉਨ੍ਹਾਂ ਨੂੰ ਸਤਿਕਾਰ ਕਰਨਾ ਸਿਖਾਇਆ ਗਿਆ ਸੀ, ਪ੍ਰਭੂ ਪ੍ਰੇਮ, ਗੁਰੂ ਦੀ ਸੇਵਾ ਅਤੇ ਆਗਿਆ ਪਾਲਣ ਅਤੇ ਇਕ ਦੂਜੇ ਪ੍ਰਤਿ ਪਿਆਰ ਭਾਵਨਾ, ਖਾਲਸੇ ਦੀ ਸੇਵਾ ਕਰਨ ਨਾਲ ਪੂਰਾ ਹੋ ਜਾਂਦਾ ਸੀ ਜਿਸ ਵਿਚ ਉਨ੍ਹਾਂ ਦੀਆਂ ਸਾਰੀਆਂ ਸਮਾਜਿਕ ਅਤੇ ਧਾਰਮਿਕ ਆਸ਼ਾਵਾਂ ਨੂੰ ਇਕੱਤਰ ਕਰ ਦਿੱਤਾ ਗਿਆ ਸੀ।

ਸਮਾਚਾਰ ਲੇਖਕ, ਜਿਸ ਦਾ ਪਹਿਲੋਂ ਹਵਾਲਾ ਦਿੱਤਾ ਗਿਆ ਹੈ, ਕਹਿੰਦਾ ਹੈ ਕਿ ਗੁਰੂ ਜੀ ਦੇ ਜਾਤ ਪਾਤ ਅਤੇ ਜਾਤੀ-ਤਿਆਗ ਦੀ ਸਿਖਿਆ ਦੇਣ ਤੇ ਬ੍ਰਾਹਮਣ ਅਤੇ ਖਤਰੀ ਦੀਵਾਨ ਚੋਂ ਉਠ ਕੇ ਚਲੇ ਗਏ ਸਨ "ਪਰੰਤੂ ਕੋਈ ਵੀਹ ਹਜ਼ਾਰ ਆਦਮੀਆਂ ਨੇ ਖੜੇ ਹੋ ਕੇ ਉਨ੍ਹਾਂ ਦੀ ਆਗਿਆ ਪਾਲਣ ਦਾ ਵਚਨ ਦਿੱਤਾ ਕਿਉਂਕਿ ਉਨ੍ਹਾਂ ਦੇ ਮਨ ਵਿਚ ਗੁਰੂ ਜੀ ਦੇ ਦੈਵੀ-ਮਿਸ਼ਨ ਦਾ ਪੂਰਾ ਵਿਸ਼ਵਾਸ ਸੀ।"[2] ਸੋ ਗੁਰੂ ਜੀ "ਆਪਣੇ ਅਨੁਯਾਈਆਂ ਦੀ ਕਲਪਨਾ ਦੇ ਮਾਲਕ ਬਣ ਗਏ ਸਨ" ਅਤੇ ਉਨ੍ਹਾਂ ਨੂੰ ਵਿਸ਼ਵਾਸ ਹੋ ਗਿਆ ਸੀ ਕਿ ਖਾਲਸਾ ਸਿੱਧਾ ਪਰਮਾਤਮਾ ਦੀ ਰਖਿਆ ਹੇਠ ਹੈ। "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ" ਉਨ੍ਹਾਂ ਦਾ ਸੰਕੇਤ-ਸ਼ਬਦ ਬਣ ਗਿਆ ਸੀ। "ਆਪਣੇ ਆਪ ਨੂੰ ਪਰਮਾਤਮਾ ਦੁਆਰਾ ਚੁਣੇ ਹੋਣ ਦਾ ਦ੍ਰਿੜ ਵਿਸ਼ਵਾਸ, ਅਤੇ ਇਸ ਤੋਂ ਪੈਦਾ ਹੋਣ ਵਾਲਾ ਭਰੋਸਾ, ਸਫਲਤਾ ਦੇ ਮਹਾਨ ਕਾਰਨ ਹਨ ਅਤੇ ਗੁਰੂ ਜੀ ਨੇ ਇਹ ਆਪਣੇ ਅਨੁਯਾਈਆਂ ਨੂੰ ਦਿੱਤੀ।" ਦੂਜੇ ਪਾਸੇ "ਬਹੁਤ ਸਾਰੇ ਖਤੱਰੀ ਅਤੇ ਬ੍ਰਾਹਮਣ ਸ਼ਰਧਾਲੂਆਂ ਨੇ ਉਜ਼ਰ ਪ੍ਰਗਟ ਕੀਤਾ ਪਰ ਤ੍ਰਿਸਕਾਰੀਆਂ ਹੋਈਆਂ ਜਾਤੀਆਂ ਨੇ ਖੁਸ਼ੀ ਮਨਾਈ।" ਕੈਂਪਬੈਲ ਟਿਪਣੀ ਕਰਦਾ ਹੈ, "ਇਹ ਅਨੋਖੀ ਗੱਲ ਹੈ ਕਿ ਖੱਤਰੀ ਸਿੱਖ ਮਤ ਨਾਲ ਗੂੜ੍ਹੀ ਤਰ੍ਹਾਂ ਸੰਬੰਧਿਤ ਰਹੇ ਹਨ ਅਤੇ ਹੁਣ ਵੀ ਹਨ ਪਰ ਇਨ੍ਹਾਂ ਦਾ ਨੌਂ ਪ੍ਰਤੀਸ਼ਤ ਹੀ ਇਸ ਨੂੰ ਕਬੂਲਦਾ ਹੈ" ਅਤੇ ਜਦ ਇਕ

1. ਦੇਖੋ ਇਸੇ ਰਚਨਾ ਦੀ ਪਹਿਲੀ ਸੈਂਚੀ, ਪੰਨਾ 190
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 94

ਖੱਤਰੀ ਸਿੱਖ ਹੈ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਦਾ ਸ਼ਰਧਾਲੂ ਹੋਣ ਦੀ ਬਜਾਏ ਗੁਰੂ ਨਾਨਕ ਦਾ ਸਿੱਖ ਹੈ।"[1] ਇਸ ਦਾ ਕਾਰਨ ਸਪਸ਼ਟ ਹੈ ਕਿ ਗੁਰੂ ਨਾਨਕ ਜੀ ਦਾ ਸਿੱਖ ਹੋ ਕੇ "ਖਤੱਰੀ ਆਪਣੀ ਜਾਤ ਪਾਤ ਦੇ ਅਸੂਲਾਂ ਨੂੰ ਪੂਰਨ ਭਾਂਤ ਤਿਆਗਣ ਦੀ ਲੋੜ ਤੋਂ ਬਚ ਸਕਦਾ ਸੀ" ਜੋ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਨਵੇਂ ਪ੍ਰਬੰਧ ਨੂੰ ਧਾਰਨ ਕਰਨ ਨਾਲ ਅਸੰਭਵ ਹੋ ਜਾਂਦਾ ਸੀ। ਸੋ ਬਹੁਤ ਸਾਰੇ ਖੱਤਰੀਆਂ ਦੇ ਖਾਲਸਾ ਛੱਡਣ ਨਾਲ ਇਸ ਲਹਿਰ ਦੀ ਅਗਵਾਈ, ਜਿਹੜੀ ਕਿ ਉਹ ਹੁਣ ਤਕ ਕਰਦੇ ਆਏ ਸਨ, ਜੱਟਾਂ ਦੇ ਹੱਥਾਂ ਵਿਚ ਚਲੀ ਗਈ। ਪਰੰਤੂ ਇਸ ਦੇ ਬਿਲਕੁਲ ਉਲਟ ਗੁਰੂ ਜੀ ਦੇ ਕਾਰਜ ਦੀ ਅਤਿ ਸੁਚੱਜੀ ਗਵਾਹੀ ਰੰਗਰੇਟਿਆਂ ਨੇ ਦਿੱਤੀ, ਜਿਨ੍ਹਾਂ ਨੂੰ ਦੂਜੇ ਸ਼ਬਦਾਂ ਵਿਚ ਮਜ਼ਬੀ ਸਿੱਖ ਕਿਹਾ ਜਾਂਦਾ ਸੀ। ਮਜ਼ਬੀ ਦੇ ਅਰਥ ਇਸ ਜਾਤੀ ਦੇ ਸਿੱਖ ਧਰਮ ਧਾਰਨ ਕਰਨ ਵਾਲੇ ਦੇ ਸਨ। ਰਵਾਇਤ ਹੈ ਕਿ ਇਸ ਜਾਤੀ ਦੇ ਕੁਝ ਲੋਕਾਂ ਨੇ, ਗੁਰੂ ਤੇਗ ਬਹਾਦਰ ਦਾ ਕਤਲ ਕੀਤਾ ਹੋਇਆ ਸਰੀਰ, ਦਿੱਲੀ ਤੋਂ ਵਾਪਸ ਲਿਆਂਦਾ ਸੀ ਅਤੇ ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਦੇ ਸਿਦਕ ਵਜੋਂ ਉਨ੍ਹਾਂ ਨੂੰ ਸਿੱਖ ਮਤ ਵਿਚ ਦਾਖਲ ਕਰ ਲਿਆ ਸੀ। ਕੁਝ ਸਮੇਂ ਵਿਚ ਹੀ ਉਨ੍ਹਾਂ ਨੂੰ ਪਹੁਲ ਮਿਲ ਗਈ ਅਤੇ ਉਨ੍ਹਾਂ ਨੇ ਗੁਰੂ ਜੀ ਦੇ ਦਾਹਵੇ ਕਿ "ਜਿਹੜੇ ਪਹੁਲ ਦਾ ਅੰਮ੍ਰਿਤ ਪਾਨ ਕਰਨਗੇ, ਤੁਹਾਡੇ ਸਾਹਮਣੇ ਹੀ,ਗਿਦੜਾਂ ਤੋਂ ਸ਼ੇਰ ਬਣ ਜਾਣਗੇ" ਨੂੰ ਪੂਰਨ ਭਾਂਤ ਸਿਧ ਕਰ ਕੇ ਵਿਖਾਇਆ। ਗੁਰੂ ਜੀ ਦੀ ਜਾਦੂਮਈ ਛੋਹ ਨੇ ਇਸ ਤ੍ਰਿਸਕਾਰੀ ਹੋਈ ਜਾਤੀ ਦੇ ਲੋਕਾਂ ਨੂੰ ਨਿਪੁੰਨ ਸਿਪਾਹੀਆਂ ਵਿਚ ਬਦਲ ਦਿੱਤਾ ਅਤੇ ਸਾਨੂੰ ਦਸਿਆ ਗਿਆ ਹੈ ਕਿ ਗੁਰੂ ਜੀ ਦੇ ਬਹਾਦਰ ਜਰਨੈਲਾਂ ਵਿਚੋਂ ਇਕ ਮਜ਼ਬੀ ਸੀ ਜਿਸ ਦਾ ਨਾਂ ਜੀਵਨ ਸਿੰਘ ਸੀ ਜੋ ਚਮਕੌਰ ਵਿਖੇ ਸ਼ਹੀਦ ਹੋਇਆ ਸੀ ਅਤੇ ਉਸ ਦਾ ਬੁਰਜ ਅਜੇ ਵੀ ਉਥੇ ਹੈ।[2]

ਕਨਿੰਘਮ ਲਿਖਦਾ ਹੈ : "ਸਿੱਖਾਂ ਦੇ ਆਖਰੀ ਗੁਰੂ ਨੇ ਹਾਰੇ ਹੋਏ ਲੋਕਾਂ ਦੀਆਂ ਸਿਥਲ ਸ਼ਕਤੀਆਂ ਨੂੰ ਟੁੰਭਿਆ ਅਤੇ ਉਨ੍ਹਾਂ ਦੇ ਅੰਦਰ ਸਮਾਜਿਕ ਸੁਤੰਤਰਤਾ ਅਤੇ ਕੌਮੀ ਵਡਿਤਣ

---

1. ਰੋਜ਼, ਉਪਰੋਕਤ ਰਚਨਾ, ਸੈਂਚੀ ਦੂਜੀ, ਪੰਨਾ 507
2. ਰੋਜ਼, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 76, ਕਨਿੰਘਮ, ਉਪਰੋਕਤ ਰਚਨਾ, ਪੰਨਾ 71, ਪਦ ਟਿਪਣੀ 4.

"ਇਨ੍ਹਾਂ ਮਜ਼ਬੀਆਂ ਨੇ ਭੂਤਕਾਲ ਵਿਚ ਆਪਣੇ ਆਪ ਨੂੰ ਸਿੱਧ ਕੀਤਾ ਸੀ ਅਤੇ ਵਰਤਮਾਨ ਸਮੇਂ ਵਿਚ ਵੀ ਉਹ ਬਹੁਤ ਚੰਗੇ ਸਿਪਾਹੀ ਹਨ। ਪੋਆਇਨੀਅਰ ਰੈਜਮਿੰਟ, ਜਿਸ ਵਿਚ ਇਨ੍ਹਾਂ ਦੀ ਭਰਤੀ ਕੀਤੀ ਜਾਂਦੀ ਸੀ, ਨੇ ਬਹੁਤ ਸਾਰੀਆਂ ਲੜਾਈਆਂ ਵਿਚ ਨਾਮਣਾ ਖਟਿਆ ਹੈ।" ਐਪਰ ਖਾਲਸੇ ਦੀ ਚੜ੍ਹਤ ਦੇ ਕਾਲ ਵਿਚ ਜਾਪਦਾ ਹੈ ਕਿ ਮਜ਼ਬੀ ਸਿੱਖਾਂ ਨੇ ਦੇਖਿਆ "ਧਰਮ ਵਿਚ ਉਨ੍ਹਾਂ ਨਾਲ ਬਰਾਬਰੀ ਦਾ ਵਚਨ ਕੇਵਲ ਸਿਧਾਂਤਕ ਹੀ ਸੀ ਅਸਲ ਵਿਚ ਨਹੀਂ ਸੀ। ਉਨ੍ਹਾਂ ਨੂੰ ਜੱਟਾਂ ਅਤੇ ਖਾਲਸੇ ਦੀ ਸੰਤਾਨ ਵਿਚ ਉਹੀ ਦਰਜਾ ਪ੍ਰਾਪਤ ਸੀ ਜਿਹੜਾ ਕਿ ਚੂੜ੍ਹਿਆਂ ਨੂੰ ਹਿੰਦੂਆਂ ਵਿੱਚ ਸੀ। ਸਾਨੂੰ ਦਸਿਆ ਗਿਆ ਹੈ ਕਿ ਮਹਾਰਾਜਾ ਰਣਜੀਤ ਸਿੰਘ ਇਨ੍ਹਾਂ ਦੀ ਬਹਾਦਰੀ ਦੀ ਬਹੁਤ ਪ੍ਰਸੰਸਾ ਕਰਦਾ ਸੀ ਅਤੇ ਇਨ੍ਹਾਂ ਨੂੰ ਆਪਣੀ ਫੌਜ ਵਿਚ ਭਰਤੀ ਕਰਦਾ ਸੀ। ਐਪਰ ਉਨ੍ਹਾਂ ਦੀ ਵੱਖਰੀ ਫੌਜ ਬਣਾਉਣ ਦੇ ਡਰ ਕਾਰਨ ਉਸ ਨੇ ਉਨ੍ਹਾਂ ਨੂੰ ਕਈ ਬਟਾਲੀਅਨਾਂ ਨਾਲ ਜੋੜਿਆ ਹੋਇਆ ਸੀ।"

ਦੀ ਉੱਚੀ ਰੀਝ ਭਰੀ, ਜੋ ਗੁਰੂ ਨਾਨਕ ਜੀ ਦੀ ਪ੍ਰਚਾਰੀ ਹੋਈ ਭਗਤੀ ਦੀ ਪਵਿਤ੍ਰਤਾ ਦਾ ਅਸਲ ਜੋੜ ਸੀ।" ਦੂਜੇ ਪਾਸੇ ਸਾਨੂੰ ਦਸਿਆ ਗਿਆ ਹੈ ਕਿ "ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਵਿਸ਼ੇਸ਼ ਮੰਤਵ ਲਈ ਜਥੇਬੰਦ ਕੀਤਾ ਸੀ। ਉਨ੍ਹਾਂ ਨੇ ਸਿੱਖਾਂ ਦੀਆਂ ਮਨੁੱਖੀ ਸ਼ਕਤੀਆਂ ਨੂੰ ਹੋਰ ਪਾਸਿਆਂ ਤੋਂ ਹਟਾ ਕੇ ਕੇਵਲ ਇਕ ਵਿਸ਼ੇਸ਼ ਲੀਹ ਉਤੇ ਪਾ ਦਿੱਤਾ। ਸਿੱਖ ਸਰਬ-ਗੁਣ ਸੰਪੂਰਨ ਨਾ ਰਹੇ। ਗੁਰੂ ਜੀ ਨੇ ਸਿੱਖਾਂ ਦੀ ਪਰਮਾਰਥਕ ਏਕਤਾ ਅਤੇ ਧਾਰਮਿਕ ਸੰਗਠਨ ਨੂੰ ਸੰਸਾਰਕ ਸਫਲਤਾ ਅਤੇ ਰਾਜਨੀਤਿਕ ਉੱਨਤੀ ਦਾ ਸਾਧਨ ਬਣਾ ਲਿਆ। ਇਹਦਾ ਸਿੱਟਾ ਇਹ ਹੋਇਆ ਕਿ ਸਿੱਖਾਂ ਦੀ ਸਦੀਆਂ ਤੋਂ ਹੋ ਰਹੀ ਸਦਾਚਾਰਕ ਤੇ ਆਤਮਿਕ ਉਨਤੀ ਇਕੋ ਦਮ ਰੁਕ ਗਈ ਤੇ ਉਹ ਕੇਵਲ ਸਿਪਾਹੀ ਬਣ ਕੇ ਰਹਿ ਗਏ।"[3] ਸੋ ਅਸੀਂ ਅਜੇਹੇ ਪ੍ਰਸ਼ਨ ਤੇ ਪੁਜਦੇ ਹਾਂ ਜੋ ਕਿ ਵਾਦ-ਵਿਵਾਦ ਵਾਲਾ ਹੈ, ਪ੍ਰਸ਼ਨ ਹੈ ਕਿ ਕੀ ਖਾਲਸਾ ਗੁਰੂ ਨਾਨਕ ਅਤੇ ਉਨ੍ਹਾਂ ਦੇ ਉੱਤਰਾਧਿਕਾਰੀਆਂ ਦੁਆਰਾ ਰੱਖੀ ਗਈ ਨੀਂਹ ਉਤੇ ਤਰਕਪੂਰਵਕ ਅਤੇ ਕੁਦਰਤੀ ਤੌਰ ਤੇ ਉਤਪੰਨ ਹੋਇਆ ਸੀ ਜਾਂ ਇਹ ਇਕ ਉਪਰਲੀ ਉਸਾਰੀ ਸੀ ਜਿਸ ਨੇ ਨੀਹਾਂ ਨੂੰ ਬਿਲਕੁਲ ਹੀ ਵੱਖਰੇ ਮੰਤਵ ਲਈ ਪ੍ਰਯੋਗ ਵਿਚ ਲਿਆਂਦਾ ਸੀ। ਪਹਿਲੀ ਨਜ਼ਰੇ ਇਹ ਪ੍ਰਤੀਤ ਹੋਵੇਗਾ ਕਿ ਗੁਰੂ ਨਾਨਕ ਦਾ ਮਤ ਅਤੇ ਗੁਰੂ ਗੋਬਿੰਦ ਜੀ ਦੁਆਰਾ ਪ੍ਰਚਾਰਿਤ ਮਤ ਦੋਨੋਂ ਵੱਖਰੇ ਵੱਖਰੇ ਹਨ। ਗੁਰੂ ਨਾਨਕ ਜੀ ਨੇ "ਮਾਨਵਤਾ ਦੇ ਪ੍ਰੇਮ" ਦਾ ਸੰਦੇਸ਼ ਦਿੱਤਾ ਸੀ ਅਤੇ ਗੁਰੂ ਗੋਬਿੰਦ ਸਿੰਘ ਨੇ "ਦੁਸ਼ਟਾਂ ਨੂੰ ਸੰਘਾਰਨ ਦਾ।" ਗੁਰੂ ਨਾਨਕ ਦਾ ਆਦਰਸ਼ ਸਦਾ ਪਰਮਾਤਮਾ ਦੇ ਨਾਮ ਵਿਚ ਲੀਨ ਰਹਿਣ ਅਤੇ ਨਾਮ ਦਾ ਅੰਮ੍ਰਿਤ ਪੀਣ ਦਾ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ "ਸਿੰਘਾਂ" ਨੂੰ ਜੀਭ ਨਾਲ ਪਰਮਾਤਮਾ ਦਾ ਨਾਮ ਜਪਣ ਲਈ ਅਤੇ ਮਨ ਵਿਚ ਜੰਗ ਨੂੰ ਧਿਆਉਣ ਲਈ ਕਿਹਾ ਅਤੇ "ਨਾਮ ਦੇ ਅੰਮ੍ਰਿਤ" ਦੀ ਥਾਂ "ਪਹੁਲ ਦਾ ਅੰਮ੍ਰਿਤ" ਚਲਤ ਕੀਤਾ। ਗੁਰੂ ਨਾਨਕ ਜੀ ਦਾ ਸਿਧਾਂਤ ਨਿਮ੍ਰਤਾ ਅਤੇ ਅਰਾਧਨਾ ਸੀ, ਗੁਰੂ ਗੋਬਿੰਦ ਸਿੰਘ ਜੀ ਦਾ "ਆਤਮ ਦਾਹਵੇ ਅਤੇ ਦੁਸ਼ਟਾਂ ਦਾ ਵਿਨਾਸ਼ ਕਰਨਾ ਸੀ।" ਗੁਰੂ ਨਾਨਕ ਜੀ ਦਾ ਨਿਸ਼ਾਨਾ ਪਰਮਾਰਥਕ ਸੁਤੰਤਰਤਾ ਸੀ ਜਦ ਕਿ ਗੁਰੂ ਗੋਬਿੰਦ ਸਿੰਘ ਜੀ ਰਾਜਨੀਤਿਕ ਉੱਨਤੀ ਅਤੇ ਫੌਜੀ ਗੌਰਵਤਾ ਤੇ ਜ਼ੋਰ ਦਿੰਦੇ ਸਨ। ਪਰੰਤੂ ਅਜੇਹੀ ਓਪਰੀ ਜਿਹੀ ਤੁਲਨਾ ਵਾਸਤਵ ਤਾਕਤਾਂ ਨੂੰ ਅੱਖੋਂ ਉਹਲੇ ਕਰ ਦਿੰਦੀ ਹੈ ਅਤੇ ਜੇਕਰ ਸਥਿਤੀ ਨੂੰ ਗਹੁ ਨਾਲ ਵਿਚਾਰੀਏ ਤਾਂ ਇਸ ਦਾ ਥੋਥਾਪਨ ਸਪਸ਼ਟ ਦਿਸ ਆਉਂਦਾ ਹੈ।

ਮਨੁੱਖ, ਨਿਰਸੰਦੇਹ, ਸਮਾਜਿਕ ਜੀਵ ਹੈ ਪਰੰਤੂ ਉਹ ਆਪਣੇ ਅੰਤਰ-ਆਤਮੇ ਵਿਚ ਬਿਲਕੁਲ ਇਕੱਲਾ ਹੈ ਅਤੇ ਧਰਮ ਦਾ ਮੂਲ ਸੰਬੰਧ ਮਨੁੱਖ ਦੇ ਪਿਛਲੇਰੇ ਪੱਖ ਨਾਲ ਹੈ। ਇਸ ਲਈ ਸੱਚੇ ਅਰਥਾਂ ਵਿਚ ਧਰਮ ਦਾ ਸੁਭਾਅ ਸਮਾਜਿਕ ਨਾਲੋਂ ਵਿਅਕਤੀਗਤ ਵਧੇਰੇ ਹੈ

1. ਕਨਿੰਘਮ, ਉਹੀ ਪੰਨਾ 84
2. ਸਰਕਾਰ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 301-332

ਇਹ ਵਿਚਾਰ ਟੈਗੋਰ ਦਾ ਸੀ, ਪਰੰਤੂ ਸਰਕਾਰ ਨੇ ਇਸ ਨੂੰ ਇਤਿਹਾਸ ਦੇ ਖੇਤਰ ਵਿਚ ਲਿਆਂਦਾ ਸੀ।

ਪਰੰਤੂ ਜਦ ਇਕ ਸਮੂਹ ਬਣ ਜਾਂਦਾ ਹੈ ਅਤੇ ਹੌਲੇ ਹੌਲੇ ਵਿਕਾਸ ਕਰਦਾ ਹੈ ਤਾਂ ਬਾਹਰੀ ਸੰਸਥਾਵਾਂ ਹੋਂਦ ਵਿਚ ਆਉਂਦੀਆਂ ਹਨ ਜਿਹੜੀਆਂ ਖਾਸ ਕਰਕੇ ਅਜੇਹਾ ਵਾਤਾਵਰਨ ਪੈਦਾ ਕਰਨ ਲਈ ਵਿਉਂਤੀਆਂ ਗਈਆਂ ਹੁੰਦੀਆਂ ਹਨ ਤਾਂ ਕਿ ਵਿਅਕਤੀ ਲਈ ਪਰਮਾਰਥ ਦੇ ਮਾਰਗ ਤੇ ਉਨੱਤੀ ਕਰਨ ਲਈ ਸਹਾਈ ਜਾਪਣ। ਇਨ੍ਹਾਂ ਦੋਹਾਂ ਪੱਖਾਂ ਵਿਚੋਂ ਇਕ ਪੱਖ ਵੱਧ ਘੱਟ ਰੂਪ ਵਿਚ ਸਥਾਈ ਹੁੰਦਾ ਹੈ ਜਿਥੇ ਸਾਡਾ ਕੁਝ ਵਿਸ਼ੇਸ਼ ਬੁਨਿਆਦੀ ਸਿੱਧਾਂਤਾਂ ਨਾਲ ਵਾਹ ਪੈਂਦਾ ਹੈ। ਦੂਜਾ ਪੱਖ, ਪਰਿਵਰਤਨਸ਼ੀਲ ਹੈ ਜੋ ਬਾਹਰੀ ਸਥਿਤੀ ਦੇ ਬਦਲਣ ਨਾਲ ਸਮੇਂ ਸਮੇਂ ਨਵੇਂ ਸਮੰਜਨ ਦੀ ਮੰਗ ਕਰਦਾ ਹੈ। ਜਿਥੋਂ ਤਕ ਸਮੂਹ ਦਾ ਸੰਬੰਧ ਹੈ, ਧਰਮ ਜਦ ਸਮੇਂ ਦੀਆਂ ਮੰਗਾਂ ਨੂੰ ਪੂਰਾ ਨਾ ਕਰੇ ਤਾਂ ਉਹ ਨਿਕਾਰਾ ਹੋ ਜਾਂਦਾ ਹੈ ਅਤੇ ਉਸ ਦੀ ਅੰਤ੍ਰੀਵ ਆਤਮਾ ਇਸ ਦੀਆਂ ਪੁਰਾਣੀਆਂ ਸੰਸਥਾਵਾਂ ਵਿਚ ਅਭੇਦ ਹੋ ਜਾਂਦੀ ਹੈ।

ਹੁਣ ਇਹ ਕਹਿਣਾ ਬਹੁਤ ਦੂਰੇਡੀ ਗੱਲ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਵੀ ਤਰ੍ਹਾਂ ਗੁਰੂ ਨਾਨਕ ਜੀ ਦੀ ਸਿਖਿਆ ਦੇ ਅਸੂਲਾਂ ਨੂੰ ਤਿਆਗਿਆ ਸੀ ਜੋ ਕਿ ਸਿੱਖ ਮਤ ਦੀ ਜਿੰਦ ਜਾਨ ਸਨ। ਅਸੀਂ, ਗੁਰੂ ਨਾਨਕ ਜੀ ਵਾਂਗ ਉਨ੍ਹਾਂ ਦੀ ਸਿਖਿਆ ਵਿਚ ਇਕੋ ਸੱਚੇ ਅਕਾਲ ਪੁਰਖ ਦੀ ਪੂਜਾ ਉਤੇ ਉੱਨਾਂ ਹੀ ਜ਼ੋਰ ਦਿੱਤਾ ਗਿਆ ਦੇਖਦੇ ਹਾਂ, ਅਤੇ ਉਹੀ ਭਗਤੀ ਆਪਾ-ਤਿਆਗ ਦਾ ਆਦਰਸ਼ ਹੈ ਅਤੇ ਉਹੀ ਨਾਮ ਦੀ ਵਡਿਆਈ ਹੈ।

ਗੁਰੂ ਜੀ ਲਿਖਦੇ ਹਨ :—

"ਪ੍ਰਾਨੀ ਪਰਮ ਪੁਰਖ ਪਗ ਲਾਗੋ ॥
ਸੋਵਤ ਕਹਾ ਮੋਹ ਨਿੰਦ੍ਰਾ ਮੈ ਕਬਹੂੰ ਸੁਚਿਤ ਹ੍ਵੈ ਜਾਗੋ ॥
ਸੰਗ੍ਰਹੁ ਕਰੋ ਸਦਾ ਸਿਮਰਨ ਕੋ ਪਰਮ
ਪਾਪ ਤਜਿ ਭਾਗੋ ॥
ਜੋ ਸੁਖ ਚਾਹੋ ਸਦਾ ਸਭਨ ਕੌ ਤੌ
ਹਰਿ ਕੇ ਰਸ ਪਾਗੋ ॥
ਬਿਨ ਕਰਤਾਰ ਨ ਕਿਰਤਮ ਮਾਨੋ ॥
ਆਦਿ ਅਜੋਨਿ ਅਜੈ ਅਬਿਨਾਸੀ
ਤਿਹ ਪਰਮੇਸਰ ਜਾਨੋ ॥"[1]

ਅਤੇ ਫਿਰ :

"ਬਿਨ ਏਕ ਨਾਮ ਅਧਾਰ
ਸਭ ਕਰਮ ਭਰਮ ਬਿਚਾਰ ॥"[2]

ਗੁਰੂ ਗੋਬਿੰਦ ਸਿੰਘ ਜੀ ਆਪਣੇ ਅਨੁਯਾਈਆਂ ਨੂੰ ਆਪਣੇ ਘਰਾਂ ਨੂੰ ਜੰਗਲ ਅਤੇ ਮਨਾਂ ਨੂੰ ਵਿਰੱਕਤ ਸਮਝਣ ਦੀ ਸਿਖਿਆ ਦਿੰਦੇ ਹਨ। ਥੋੜ੍ਹਾ ਖਾਣ, ਥੋੜ੍ਹਾ ਸੌਣ, ਦਇਆ ਅਤੇ ਸਹਿਨਸ਼ੀਲਤਾ ਨੂੰ ਪਿਆਰਨ, ਨਿਮਰਤਾ ਅਤੇ ਸੰਤੋਖ ਦੀ ਵਰਤੋਂ ਕਰਨ ਅਤੇ ਆਪਣੇ ਆਪ

1. ਮੈਕਾਲਿਫ, ਉਪਰੋਕਤ ਰਚਨਾ, ਜੈਂਚੀ ਪੰਜਵੀਂ, ਪੰਨਾ 324, 325
2. ਉਹੀ, ਪੰਨਾ 269

ਨੂੰ ਲੋਭ, ਕਾਮ, ਕ੍ਰੋਧ ਅਤੇ ਸੰਸਾਰਕ ਮੋਹ ਤੋਂ ਬਚਾਣ ਲਈ ਆਖਦੇ ਹਨ ਤਾਂ ਹੀ ਉਹ ਪਰਮਾਤਮਾ ਦੇ ਦਰਸ਼ਨ ਕਰ ਸਕਣਗੇ ਅਤੇ ਪਰਮ ਪੁਰਖ ਵਿਚ ਅਭੇਦ ਹੋ ਸਕਣਗੇ।[1] ਉਹ ਉਨ੍ਹਾਂ ਨੂੰ ਚੇਤਾਵਨੀ ਦਿੰਦੇ ਹਨ ਕਿ ਜੇਕਰ ਉਸ ਦੈਵੀ ਗਿਆਨ ਅਤੇ ਭਗਤੀ ਦੇ ਬੁਨਿਆਦੀ ਗੁਣਾਂ ਤੋਂ ਵਾਂਝੇ ਹਨ ਤਾਂ ਉਨ੍ਹਾਂ ਨੂੰ ਵੱਡੀ ਤੋਂ ਵੱਡੀ ਰਾਜਸੀ ਜਾਂ ਫੌਜੀ ਤਾਕਤ ਬਚਾਅ ਨਹੀਂ ਸਕਦੀ।[2]

ਇਹ ਸਭ ਕੁਝ ਪੁਰਾਤਨ ਸਿੱਖੀ ਭਾਵਾਂ ਅਨੁਸਾਰ ਹੈ ਅਤੇ ਇਸ ਦੀ ਸਿਖਿਆ ਦੇ ਮੂਲ ਤੱਤਾਂ ਨੂੰ ਆਪਣੇ ਵਿਚ ਅਸਥਾਪਨ ਕਰਦਾ ਹੈ। ਇਸ ਦੇ ਨਾਲ ਹੀ ਇਸ ਗੱਲ ਤੋਂ ਇਨਕਾਰ ਕਰਨਾ ਫਜ਼ੂਲ ਹੈ ਕਿ ਖਾਲਸੇ ਵਿਚ ਅਸੀਂ ਨਵੀਂ ਰੂਹ ਦੇਖਦੇ ਹਾਂ। ਇਸ ਦੀ ਪਹਿਲੋਂ ਹੀ ਵਿਸਥਾਰ ਪੂਰਵਕ ਵਿਆਖਿਆ ਕੀਤੀ ਜਾ ਚੁੱਕੀ ਹੈ ਅਤੇ ਇਥੇ ਕੇਵਲ ਇਤਨਾ ਹੀ ਕਹਿਣਾ ਕਾਫੀ ਹੋਵੇਗਾ ਕਿ ਇਹ ਮਨੁੱਖੀ ਮੁਆਮਲਿਆਂ ਵਿਚ, ਅਧਿਕ ਸਾਕਾਰਾਤਮਕ ਕਰੱਤਵ ਦੀ ਸਪਸ਼ਟ ਰੂਪ ਵਿਚ ਧਾਰਨੀ ਹੈ। ਜਿਹੜੇ ਇਸ ਨੂੰ "ਪਰਮਾਰਥਕ ਏਕਤਾ ਅਤੇ ਧਾਰਮਿਕ ਸੰਗਠਨ ਵਿਚ ਰਾਜਨੀਤਿਕ ਉੱਨਤੀ ਦਾ ਸਾਧਨ" ਦਸਦੇ ਹਨ, ਉਹ ਗਲਤੀ ਕਰਦੇ ਹਨ ਅਤੇ ਇਸ ਦੇ ਨਾਲ ਨਾਲ ਫੌਜੀ ਨਿਪੁੰਨਤਾ ਅਤੇ ਰਾਜਨੀਤਿਕ ਸੁਤੰਤਰਤਾ ਨੂੰ ਸੱਚੇ ਧਾਰਮਿਕ ਜੀਵਨ ਦੇ ਪ੍ਰਤੀਕੂਲ ਹੋਣ ਦੀ ਨਿਰਾਰਥਕ ਤਜਵੀਜ਼ ਪੇਸ਼ ਕਰਦੇ ਹਨ। ਇਕ ਆਗੂ ਮੁਢੋਂ ਸੁਢੋਂ ਆਰੰਭ ਨਹੀਂ ਕਰ ਸਕਦਾ ਅਤੇ ਉਸ ਨੂੰ ਦਿੱਤੀ ਗਈ ਸਥਿਤੀ ਦੁਆਰਾ ਪੇਸ਼ ਕੀਤੇ ਤੱਥਾਂ ਦੀ ਸੀਮਾ ਵਿਚ ਹੀ ਕੰਮ ਕਰਨਾ ਪੈਂਦਾ ਹੈ। ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਗੁਰੂ ਗੋਬਿੰਦ ਸਿੰਘ ਜੀ ਦੇ ਗੱਦੀ ਤੇ ਬੈਠਣ ਸਮੇਂ ਤਕ ਸਿੱਖਾਂ ਦੀ ਏਕਤਾ ਭੂਤ ਕਾਲ ਦੀ ਗੱਲ ਬਣ ਚੁਕੀ ਸੀ ਅਤੇ ਨਵੀਆਂ ਤਾਕਤਾਂ ਇਸ ਦੀ ਪ੍ਰਵਾਨਗੀ ਤੇ ਜ਼ੋਰ ਦਿੰਦੀਆਂ ਸਨ। ਇਨ੍ਹਾਂ ਵਿਚੋਂ ਅਧਿਕ ਮਹੱਤਵਪੂਰਨ ਸਿੱਖਾਂ ਵਿਚ ਜੱਟਾਂ ਦੀ ਬਹੁ-ਸੰਖਿਆ ਅਤੇ ਉਨ੍ਹਾਂ ਦੀ ਪਰੰਪਰਿਕ ਸੁਭਾਅ ਸੀ ਜਿਨ੍ਹਾਂ ਦੇ ਸੁਤੰਤਰਤਾ ਲਈ ਪਿਆਰ ਅਤੇ ਲੜਾਕੂ ਪ੍ਰਵਿਰਤੀ ਨੂੰ ਇਸ ਪੱਧਤੀ ਵਿਚ ਥਾਂ ਦੇਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਸੀ। ਜਿਵੇਂ ਕਿ ਪ੍ਰਬਲ ਈਸਾਈ ਮੱਤ ਗ੍ਰਹਿਣ ਕਰਨ ਨਾਲ ਗੋਥ ਅਤੇ ਵਾਂਡਲ ਜਾਤੀਆਂ ਨੇ ਪਹਿਲੋਂ ਹੀ ਆਰੰਭ ਹੋਏ ਪਰਿਵਰਤਨ ਦੀ ਪ੍ਰਕਿਰਿਆ ਵਿਚ ਅਧਿਕ ਹਿੱਸਾ ਪਾਇਆ ਸੀ; ਜਿਵੇਂ ਪ੍ਰਬਲ ਬੁੱਧ ਮਤ ਨੂੰ ਸੀਥੀਅਨਾ ਅਤੇ ਕੁਸ਼ਨ ਤਤਾਰਾਂ ਨੇ ਵੀ ਉਹੀ ਜਿਹੀ ਦੇਣ ਦਿੱਤੀ ਸੀ; ਸੋ ਜੱਟਾਂ ਨੇ ਵੀ ਗੁਰੂ ਅਰਜਨ ਅਤੇ ਗੁਰੂ ਹਰਿਗੋਬਿੰਦ ਜੀ ਸਮੇਂ ਬਹੁ ਸੰਖਿਆ ਵਿਚ ਦਾਖਲ ਹੋ ਕੇ ਪਹਿਲੋਂ ਹੀ ਆਰੰਭ ਹੋ ਚੁਕੇ ਪਰਿਵਰਤਨ ਵਿਚ ਬਹੁਤ ਵੱਡਾ ਹਿੱਸਾ ਪਾਇਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪਰਿਵਰਤਨ ਨੂੰ ਪੱਕਿਆਂ ਕੀਤਾ ਅਤੇ ਇਸ ਦੇ ਨਾਲ ਨਾਲ ਪੁਰਾਤਨ ਰਵਾਇਤ ਦੀਆਂ ਚੰਗੀਆਂ ਚੀਜ਼ਾਂ ਨੂੰ ਵੀ ਸੰਮਿਲਿਤ ਕੀਤਾ ਅਤੇ ਇਸ ਤਰ੍ਹਾਂ ਇਸ ਲਹਿਰ ਨੂੰ ਨਵਾਂ ਜੀਵਨ ਪ੍ਰਦਾਨ ਕੀਤਾ। ਪ੍ਰਸਿੱਧ ਕਹਾਵਤ "ਸਿੱਖ ਨੂੰ ਫੋਲ ਕੇ ਦੇਖੋ ਤਾਂ ਉਹ ਜਟ ਨਿਕਲੇਗਾ" ਇਹ ਸੁਝਾਅ ਦਿੰਦੀ

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 324
2. ਉਹੀ, ਪੰਨਾ 264-272

ਹੈ ਕਿ ਉਸ ਉਤੇ ਕੇਵਲ ਝਾਲ ਹੀ ਸਿੱਖ ਮਤ ਦੀ ਹੈ ਹੇਠਾਂ ਸਭ ਜਟਪੁਣਾ ਹੈ ਪਰੰਤੂ ਇਨ੍ਹਾਂ ਦੇ ਦਰਜਿਆਂ ਦਾ ਨਿਰਣਾ ਕਰਨ ਦਾ ਯਤਨ ਨਿਸਫਲ ਹੋਵੇਗਾ। ਇਹ ਠੀਕ ਹੈ ਕਿ ਖਾਲਸਾ ਸਿੱਖਾਂ ਅਤੇ ਜੱਟਾਂ ਦਾ ਮਿਸ਼ਰਣ ਸੀ; ਗੁਰੂ ਜੀ ਨੇ ਸਿੱਖਾਂ ਦੇ ਧਾਰਮਿਕ ਜੋਸ਼ ਨੂੰ ਜੱਟਾਂ ਦੇ ਲੜਾਕੇ ਸੁਭਾਅ ਨਾਲ ਮਿਲਾ ਦਿੱਤਾ ਸੀ। ਇਹ ਦੇਖਣਾ ਚਾਹੀਦਾ ਹੈ ਕਿ ਇਸ ਨਵੀਂ ਇਕਸਾਰਤਾ ਮਗਰੋਂ ਸਿੱਖ ਮਤ ਵਧੇਰੇ ਕੱਟੜ ਹੋ ਗਿਆ ਅਤੇ ਫਲ ਸਰੂਪ ਸੁਭਾਅ ਵਿਚ ਹੋਰ ਸੰਪਰਦਾਇਕ ਬਣ ਗਿਆ ਸੀ। ਸਿੱਖਾਂ ਦਾ ਤੰਗ ਸੀਮਾਵਾਂ ਅੰਦਰ ਪੁਨਰ-ਸੰਗਠਨ ਕੀਤਾ ਗਿਆ ਅਤੇ ਇਹ ਵਿਰੋਧੀ ਵਾਤਾਵਰਨ ਦਾ ਅਟੱਲ ਪ੍ਰਤਿਕਰਮ ਸੀ ਜਿਸ ਵਿਚ ਗੁਰੂ ਜੀ ਨੂੰ ਅਤੇ ਉਨ੍ਹਾਂ ਦੇ ਅਨੁਯਾਈਆਂ ਨੂੰ ਪੈਣਾ ਪਿਆ। ਇਹ ਤਥ ਇਸ ਦ੍ਰਿਸ਼ਟੀਕੋਣ ਦੀ ਕੁਝ ਪੁਸ਼ਟੀ ਕਰਦਾ ਹੈ ਕਿ ਸਿੱਖਾਂ ਦਾ ਸੁਤੰਤਰ ਅਤੇ ਬੇਰੋਕ ਵਿਕਾਸ ਰੁਕ ਗਿਆ ਸੀ ਪਰੰਤੂ ਇਹ ਘਟਨਾਵਾਂ ਦੇ ਨਿਆਇਯੁਕਤ ਸੀ ਅਤੇ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਹੋ ਸਕਦਾ ਸੀ।

ਅਧਿਆਇ 5

ਗੁਰੂ ਗੋਬਿੰਦ ਸਿੰਘ ਜੀ—ਅੰਤਲਾ ਕਾਲ

I. ਗੁਰੂ ਜੀ ਦਾ ਅਨੰਦਪੁਰ ਛੱਡਣਾ

ਖਾਲਸਾ[1] ਹੋਂਦ ਵਿਚ ਆਉਣ ਦਾ ਤੁਰੰਤ ਅਸਰ ਇਹ ਹੋਇਆ ਕਿ ਪਹਾੜੀ ਰਾਜਿਆਂ ਵਿਚ ਘਬਰਾਹਟ ਜਿਹੀ ਫੈਲ ਗਈ ਜੋ ਹੁਣ ਆਪਣੀ ਸਥਿਤੀ ਵਧੇਰੇ ਖਤਰਨਾਕ ਪ੍ਰਤੀਤ ਕਰ ਰਹੇ ਸਨ। ਮੁਗਲ ਸਰਕਾਰ ਵਿਰੁਧ ਉਨ੍ਹਾਂ ਦੀ ਨਿਸਫਲ ਬਗਾਵਤ ਅਤੇ ਕਠੋਰ ਸਜ਼ਾਵਾਂ ਮਗਰੋਂ, ਉਹ ਆਪਣੇ ਪਿਤਾ ਪੁਰਖੀ ਮਾਰਗ ਨੂੰ ਅਪਣਾ ਰਹੇ ਸਨ, ਜਿਸ ਨੂੰ ਹੁਣ ਉਹ ਆਪਣੇ ਲਈ ਸਭ ਤੋਂ ਚੰਗਾ ਮਾਰਗ ਸਮਝਦੇ ਸਨ ਜਦ ਕਿ ਅਚਾਨਕ ਖਾਲਸਾ ਤੋਪ ਦੇ ਗੋਲੇ ਵਾਂਗ ਉਨ੍ਹਾਂ ਤੇ ਆ ਪਿਆ। ਇਹ ਸੱਚ ਹੈ ਕਿ ਗੁਰੂ ਜੀ ਉਨ੍ਹਾਂ ਨਾਲ ਜੰਗ ਕਰਨਾ ਨਹੀਂ ਚਾਹੁੰਦੇ ਸਨ, ਪਰ ਜਿਵੇਂ ਅਸੀਂ ਦੇਖ ਚੁਕੇ ਹਾਂ, ਉਨ੍ਹਾਂ ਦੇ ਪਹਾੜੀ ਰਾਜਿਆਂ ਨਾਲ ਵਖੇਵੇਂ ਵੱਧ ਘੱਟ ਰੂਪ ਵਿਚ ਬੁਨਿਆਦੀ ਸਨ ਅਤੇ ਗੁਰੂ ਜੀ ਦੇ ਸੁਧਾਰਾਂ ਦੁਆਰਾ ਇਹ ਹੋਰ ਵੀ ਤੀਬਰ ਹੋ ਗਏ ਸਨ। ਪਹੁਲ ਦੇ ਆਰੰਭ ਕਰਨ ਉਪਰੰਤ ਗੁਰੂ ਜੀ ਦਾ ਪ੍ਰਥਮ ਕਾਰਜ ਵੱਖ ਵੱਖ ਸਥਾਵਾਂ ਤੇ ਆਪਣੇ ਪ੍ਰਤਿਨਿਧਾਂ ਨੂੰ ਭੇਜਣਾ ਸੀ ਤਾਂ ਕਿ ਸਿੱਖਾਂ ਨੂੰ ਨਵੀਂ ਰੀਤੀ ਅਨੁਸਾਰ ਅੰਮ੍ਰਿਤ ਛਕਾਇਆ ਜਾ ਸਕੇ ਅਤੇ ਨਵੇਂ ਪ੍ਰਬੰਧ ਨੂੰ ਦੂਰ ਦੁਰੇਡੇ ਫੈਲਾਇਆ ਜਾ ਸਕੇ। ਉਤਸ਼ਾਹਮਈ ਅਨੁਯਾਈ ਟੋਲੀਆਂ ਬੰਨ੍ਹ ਬੰਨ੍ਹ ਗੁਰੂ ਜੀ ਦੇ ਦਰਸ਼ਨਾਂ ਨੂੰ ਆਉਂਦੇ ਸਨ ਅਤੇ ਪਹਾੜੀ ਰਾਜਿਆਂ ਨੇ ਦੇਖਿਆ ਕਿ ਉਨ੍ਹਾਂ ਦੇ ਸਨਮੁਖ ਹੀ, ਉਨ੍ਹਾਂ ਵਿਚਕਾਰ ਇਕ ਸ਼ਕਤੀਸ਼ਾਲੀ ਸਮੂਹ ਇਕਤ੍ਰ ਹੋ ਰਿਹਾ ਹੈ। ਵਾਸਤਵ ਵਿਚ ਉਹ ਗੁਰੂ ਜੀ ਨੂੰ ਹਮਲਾਵਰ ਹੀ ਸਮਝਦੇ ਸਨ ਅਤੇ ਉਨ੍ਹਾਂ ਵਿਚਾਲੇ ਗੁਰੂ ਜੀ ਦੀ ਲਗਾਤਾਰ ਰਿਹਾਇਸ਼ ਉਨ੍ਹਾਂ ਦੀ ਸ਼ਾਹੀ-ਵਿਵਸਥਾ ਨੂੰ ਸਦੀਵੀ ਖਤਰਾ ਸੀ। ਇਹ ਗੱਲ ਅਸਚਰਜਮਈ ਨਹੀਂ ਕਿ ਜਦ ਉਨ੍ਹਾਂ ਨੇ ਗੁਰੂ ਜੀ ਦੀ ਸ਼ਕਤੀ ਵਿਚ ਅਤਿਅੰਤ ਵ੍ਰਿਧੀ ਅਤੇ ਅਨੁਯਾਈਆਂ ਵਿਚ ਨਵਾਂ-ਜੋਸ਼ ਦੇਖਿਆ, ਤਾਂ ਉਹ ਬਹੁਤ ਘਬਰਾ ਗਏ। ਸਾਨੂੰ ਦਸਿਆ

---

1. "ਇਹ ਸ਼ਬਦ ਅਰਬੀ ਦੇ ਸ਼ਬਦ ਖਾਲਿਸ ਅਰਥਾਤ ਸ਼ੁੱਧ ਵਿਚੋਂ ਨਿਕਲਿਆ ਹੈ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਸਿੱਖਾਂ ਲਈ ਵਰਤਿਆ ਸੀ ਜਿਨ੍ਹਾਂ ਨੇ ਖੰਡੇ ਦੀ ਪਹੁਲ ਲਈ ਹੋਈ ਸੀ।" (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 95, ਪਦ ਟਿਪਣੀ)। ਦੂਜੇ ਪਾਸੇ 'ਹਕੀਕਤ' ਵਿਚ ਇਹ ਦਸਿਆ ਗਿਆ ਹੈ ਕਿ ਸਾਰੀ ਕੌਮ ਨੂੰ ਹੀ ਖਾਲਸਾ ਕਿਹਾ ਜਾਂਦਾ ਸੀ ਕਿਉਂਕਿ "ਜਦ ਫੌਜਦਾਰ ਦਾ ਹੁਕਮ, 'ਤੁਸੀਂ ਖਾਲਸਾ ਸ਼ਰੀਫਾਹ ਨੂੰ ਛੱਡ ਦੇਵੋ" ਹੋਇਆ ਤਾਂ ਉਨ੍ਹਾਂ ਨੇ ਫੈਸਲਾ ਕੀਤਾ : 'ਅਸੀਂ ਖਾਲਸਾਹ ਹਾਂ'।" (*Indian Historical Quarterly* March, 1942).

ਗਿਆ ਹੈ ਕਿ ਕਹਲੂਰ ਦੇ ਰਾਜੇ ਨੇ, ਜਿਸ ਦਾ ਕਿ ਉਨ੍ਹਾਂ ਨਾਲ ਸਿੱਧਾ ਵਾਹ ਸੀ, ਕਿਉਂਕਿ ਅਨੰਦਪੁਰ ਉਸ ਦੀ ਰਿਆਸਤ ਵਿਚ ਸਥਿਤ ਸੀ, ਰਾਜਾ ਹੰਡੂਰ ਦੀ ਸਲਾਹ ਲਈ ਅਤੇ ਇਹ ਫੈਸਲਾ ਕੀਤਾ ਕਿ ਗੁਰੂ ਜੀ ਵਲ ਇਕ ਚਿੱਠੀ ਭੇਜੀ ਜਾਵੇ ਜਿਸ ਵਿਚ ਗੁਰੂ ਜੀ ਦੁਆਰਾ ਮੱਲੀ ਹੋਈ ਜ਼ਮੀਨ ਛੱਡਣ ਜਾਂ ਉਸ ਦਾ ਕਰਾਇਆ ਭਰਨ ਦੀ ਮੰਗ ਕੀਤੀ ਜਾਵੇ। ਗੁਰੂ ਜੀ ਨੇ ਉੱਤਰ ਦਿੱਤਾ ਕਿ ਇਸ ਜ਼ਮੀਨ ਦੀ ਯੋਗ ਕੀਮਤ ਉਨ੍ਹਾਂ ਦੇ ਪਿਤਾ ਨੇ ਅਦਾ ਕਰ ਦਿੱਤੀ ਹੋਈ ਸੀ ਅਤੇ ਇਸ ਦਾ ਭੂਤ ਵਿਚ ਕੋਈ ਕਰਾਇਆ ਨਹੀਂ ਦਿੱਤਾ ਜਾਂਦਾ ਰਿਹਾ ਅਤੇ ਹੁਣ ਵੀ ਨਹੀਂ ਦਿੱਤਾ ਜਾਵੇਗਾ। ਸੋ ਝਗੜਾ ਆਰੰਭ ਹੋ ਗਿਆ ਜਿਸ ਨੇ ਗੁਰੂ ਜੀ ਦੇ ਜੀਵਨ ਦੇ ਬਾਕੀ ਰਹਿੰਦੇ ਵਰ੍ਹਿਆਂ ਨੂੰ ਕੁੜੱਤਣ ਨਾਲ ਭਰਿਆ ਅਤੇ ਇਸ ਦਾ ਦੁਖਾਂਤ-ਭਰਪੂਰ ਸਿੱਟਿਆਂ ਵਿਚ ਖਾਤਮਾ ਹੋਇਆ।

ਸਿੱਖ ਲਿਖਤਾਂ ਸਾਨੂੰ ਇਹ ਪ੍ਰਭਾਵ ਦਿੰਦੀਆਂ ਹਨ ਕਿ ਓਦੋਂ ਸ਼ੁਰੂ ਹੋਈ ਲੜਾਈ ਗੁਰੂ ਜੀ ਉਪਰ ਠੋਸੀ ਗਈ ਸੀ, ਗੁਰੂ ਜੀ ਵਿਰੋਧਤਾ ਨਹੀਂ ਕਰਨਾ ਚਾਹੁੰਦੇ ਸਨ ਸਗੋਂ ਇਸ ਦੇ ਵਿਪਰੀਤ ਪਹਾੜੀ ਰਾਜਿਆਂ ਨਾਲ ਸਮਝੌਤਾ ਕਰਨ ਦੇ ਇੱਛੁਕ ਸਨ। ਇਕ ਭਾਵ ਅਨੁਸਾਰ ਇਹ ਸੱਚ ਹੈ ਪਰੰਤੂ ਇਥੇ ਇਹ ਦੇਖਣਾ ਚਾਹੀਦਾ ਹੈ ਕਿ ਉਪਰ ਸੰਕੇਤਿਤ ਬੁਨਿਆਦੀ ਵਖੇਵਿਆਂ ਤੋਂ ਇਲਾਵਾ, ਪਹਾੜੀ ਰਾਜਿਆਂ ਨੂੰ ਗੁਰੂ ਜੀ ਵਿਰੁਧ ਇਕ ਹੋਰ ਸਖ਼ਤ ਸ਼ਕਾਇਤ ਸੀ, ਅਤੇ ਵਿਸ਼ੇਸ਼ ਕਰਕੇ ਕਹਲੂਰ ਦੇ ਰਾਜੇ ਨੇ ਦੇਖਿਆ ਕਿ ਉਸ ਦੇ ਰਾਜ ਦੀ ਅਖੰਡਤਾ ਨੂੰ ਗੰਭੀਰ ਖਤਰਾ ਹੈ। ਅਨੰਦਪੁਰ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕੇ ਦੇ ਸਿਵਾਏ ਗੁਰੂ ਜੀ ਕੋਲ ਕੋਈ ਜਾਇਦਾਦ ਨਹੀਂ ਸੀ ਜਿਸ ਨੂੰ ਉਹ ਆਪਣੀ ਕਹਿ ਸਕਣ ਅਤੇ ਉਨ੍ਹਾਂ ਦੀ ਮੂਲ ਨਿਰਭਰਤਾ ਆਪਣੇ ਅਨੁਯਾਈਆਂ ਵਲੋਂ ਆਈਆਂ ਭੇਟਾਵਾਂ ਤੇ ਸੀ। ਐਪਰ ਇਹ ਕਦੇ ਵੀ ਲਾਜ਼ਮੀ ਰਸਦ ਦੇ ਰੂਪ ਵਿਚ ਨਹੀਂ ਆਉਂਦੀ ਸੀ ਅਤੇ ਕਿਉਂਕਿ ਗੁਰੂ ਜੀ ਦੇ ਅਨੁਯਾਈ ਪ੍ਰਤਿ ਦਿਨ ਵਧ ਰਹੇ ਸਨ, ਰਸਦ ਦੀ ਸਮੱਸਿਆ ਹੋਰ ਗੰਭੀਰ ਹੋ ਰਹੀ ਸੀ। ਪਹਾੜੀ ਲੋਕਾਂ ਕੋਲ ਕੁਝ ਵੀ ਫਾਲਤੂ ਨਹੀਂ ਸੀ ਹੁੰਦਾ। ਇਸ ਲਈ ਬਹੁਤ ਵਾਰ ਸਿੱਖ ਰਸਦ ਪ੍ਰਾਪਤ ਕਰਨ ਲਈ ਜਬਰਦਸਤੀ ਕਰਨ ਲੀ ਮਜਬੂਰ ਹੋ ਜਾਂਦੇ ਸਨ। ਸਿੱਖ ਲਿਖਤ ਵਿਚ ਇਹ ਦਸਿਆ ਗਿਆ ਹੈ ਕਿ ਇਸ ਤਰ੍ਹਾਂ ਵਾਰ ਵਾਰ ਕੀਤਾ ਗਿਆ ਸੀ ਭਾਵੇਂ ਸੰਭਵ ਹੈ, ਕਈ ਵਾਰ ਉਨ੍ਹਾਂ ਨੂੰ ਪ੍ਰਚਲਿਤ ਦਰ ਅਨੁਸਾਰ ਕੀਮਤ ਦੇ ਦਿੱਤੀ ਜਾਂਦੀ ਸੀ।[1] ਸੋ ਸਿੱਖਾਂ ਦੀ ਇਸ ਵਧਦੀ ਲੋੜ ਨੇ, ਉਨ੍ਹਾਂ ਦੀ ਲੁਟਮਾਰ ਕਰਨ ਦੀ ਪ੍ਰਵਿਰਤੀ ਨਾਲ ਰਲ ਕੇ, ਜਿਹੜੀ ਕਿ ਅਸੀਂ ਦੇਖ ਚੁਕੇ ਹਾਂ ਕਿ ਉਨ੍ਹਾਂ ਦੇ ਆਚਰਨ ਵਿਚ ਜਮਾਂਦਰੂ ਸੀ, ਛੇਤੀ ਹੀ ਅਜੇਹੀ ਹਾਲਤ ਪੈਦਾ ਕਰ ਦਿੱਤੀ ਸੀ ਜਿਸ ਨੂੰ ਪਹਾੜੀ ਰਾਜੇ ਕਿਸੇ ਵੀ ਤਰ੍ਹਾਂ ਅੱਖੋਂ ਪ੍ਰੋਖੇ ਨਹੀਂ ਕਰ ਸਕਦੇ ਸਨ। ਮੁੱਖ ਰੂਪ ਵਿਚ ਕਹਲੂਰ ਦੇ ਰਾਜੇ ਦੀ ਪ੍ਰੇਰਨਾ ਤੇ ਗੁਰੂ ਜੀ ਵਿਰੁਧ ਗੁਟਬੰਦੀ ਬਣਾਈ ਗਈ ਅਤੇ ਇਸ ਸਾਂਝੀ ਫੌਜ ਨੇ ਅਨੰਦਪੁਰ ਤੋਂ ਐਨ ਬਾਹਰ ਇਕ ਸਥਾਨ ਤੇ ਮੋਰਚਾਬੰਦੀ ਕਰ ਲਈ। ਗੁਰੂ ਜੀ ਨੇ, ਆਪਣੇ ਵਲੋਂ, ਪਹਿਲਾਂ ਹੀ ਆਪਣੇ ਅਨੁਯਾਈਆਂ ਨੂੰ ਸੂਚਿਤ ਕਰ ਦਿੱਤਾ ਸੀ ਕਿ ਜੰਗ ਹੋਣ ਵਾਲੀ ਹੈ ਅਤੇ

---

1. ਗੁਰ ਬਿਲਾਸ, xiii, 8, 9; ਗੁਰ ਸੋਭਾ, viii, 40; ix, 1, 8; ix, 5, 6.

ਬਹੁਤ ਸਾਰੇ ਆ ਕੇ ਉਨ੍ਹਾਂ ਦੀ ਫੌਜ ਵਿਚ ਰਲ ਗਏ ਸਨ। ਸਾਮ੍ਹਣੀ ਟੱਕਰ ਲੈਣ ਦੀ ਬਜਾਏ ਪਹਾੜੀ ਫੌਜਾਂ ਨੂੰ ਅਨੰਦਪੁਰ ਦੁਆਲੇ ਘੇਰਾ ਪਾਉਣ ਦਾ ਅਤੇ ਬਾਹਰੋਂ ਅੰਦਰੋਂ ਜਾਣ ਵਾਲੀਆਂ ਸਾਰੀਆਂ ਵਸਤਾਂ ਨੂੰ ਰੋਕ ਦੇਣ ਦਾ ਹੁਕਮ ਹੋਇਆ। ਪਰ ਗੁਰੂ ਜੀ ਇਸ ਸਥਿਤੀ ਨੂੰ ਸਹਿਣ ਕਰਨ ਲਈ ਤਿਆਰ ਨਹੀਂ ਸਨ ਅਤੇ ਉਨ੍ਹਾਂ ਦੇ ਸਾਹਿਬਜ਼ਾਦੇ ਅਜੀਤ ਸਿੰਘ ਨੇ ਸ਼ੀਘਰ ਹੀ ਹਮਲੇ ਦੀ ਵਿਉਂਤ ਕੀਤੀ ਅਤੇ ਪਹਾੜੀ ਫੌਜਾਂ ਉਤੇ ਟੁਟ ਪਿਆ। ਲੜਾਈ ਕਈ ਦਿਨ ਚਲਦੀ ਰਹੀ ਅਤੇ ਅਜੀਤ ਸਿੰਘ ਨੇ, ਭਾਵੇਂ ਉਹ ਚੌਦਾਂ ਸਾਲਾਂ ਦਾ ਲੜਕਾ ਹੀ ਸੀ, ਬਹਾਦਰੀ ਦੇ ਜੋਹਰ ਦਿਖਾਏ। ਜਦ ਪਹਾੜੀ ਰਾਜਿਆਂ ਨੇ ਦੇਖਿਆ ਕਿ ਜਿੱਤ ਹੱਥੋਂ ਖੁਸਦੀ ਜਾ ਰਹੀ ਹੈ ਤਾਂ ਉਨ੍ਹਾਂ ਆਪਸ ਵਿਚ ਸਲਾਹ ਕੀਤੀ ਅਤੇ ਆਖਰ ਇਕ ਚਾਲ ਚੱਲਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਇਕ ਗਾਂ ਲਿਆ ਕੇ ਉਸ ਦੀਆਂ ਕਸਮਾਂ ਖਾਧੀਆਂ ਕਿ ਜੇਕਰ ਗੁਰੂ ਜੀ ਕੁਝ ਸਮੇਂ ਲਈ ਅਨੰਦਪੁਰ ਛੱਡ ਜਾਣ ਅਤੇ ਭਾਵੇਂ ਪਿਛੋਂ ਪਰਤ ਆਉਣ, ਤਾਂ ਉਹ ਗੁਰੂ ਜੀ ਦੇ ਮਿੱਤਰ ਹੋਣਗੇ। ਪ੍ਰਤੱਖ ਰੂਪ ਵਿਚ ਇਹ ਤਜਵੀਜ਼ ਰਾਜਿਆਂ ਨੇ ਆਪਣੇ ਆਪ ਨੂੰ ਸ਼ਰਮ ਤੋਂ ਬਚਾਉਣ ਅਤੇ ਆਪਣੀ ਨਿਸ਼ਚਿਤ ਹਾਰ ਨੂੰ ਕੁਝ ਕੁ ਜਿੱਤ ਦਾ ਰੰਗ ਦੇਣ ਲਈ ਪੇਸ਼ ਕੀਤੀ ਸੀ ਪਰੰਤੂ ਗੁਰੂ ਜੀ ਨੇ, ਜਿਹੜੇ ਬੇਲੋੜੇ ਲੜਾਈ ਝਗੜੇ ਦਾ ਸਦਾ ਵਿਰੋਧ ਕਰਦੇ ਰਹੇ ਸਨ, ਸਹਿਜੇ ਹੀ ਇਸ ਤਜਵੀਜ਼ ਨੂੰ ਮੰਨ ਲਿਆ ਅਤੇ ਨਿਰਮੋਹ ਪਿੰਡ ਨੂੰ ਤੁਰ ਪਏ, ਜੋ ਕਿ ਕੀਰਤਪੁਰ ਤੋਂ ਮੀਲ ਦੀ ਵਿੱਥ ਤੇ ਸਥਿਤ ਸੀ। ਸੋ ਇਸ ਵਾਰਤਾ ਦੇ ਅੰਤ ਵਿਚ ਕੁਝ ਕੁ ਧੁੰਧਲਾਪਨ ਆ ਗਿਆ ਹੈ ਜਿਹੜੀ ਕਿ ਉਸ ਤਰ੍ਹਾਂ ਕਾਫੀ ਸਪਸ਼ਟ ਸੀ ਅਤੇ ਸਾਨੂੰ ਅਨੰਦਪੁਰ ਦੀ ਪਹਿਲੀ ਜੰਗ ਦਾ ਵਾਸਤਵਿਕ ਅੰਤ ਕਿਵੇਂ ਹੋਇਆ, ਬਾਰੇ ਕੁਝ ਸ਼ੱਕ ਵਿਚ ਪਾ ਦਿੱਤਾ ਹੈ।[1]

---

1. ਗੁਰੂ ਜੀ ਦੇ ਖਾਲਸਾ-ਪਸ਼ਚਾਤ ਜੀਵਨ ਲਈ ਗੁਰ ਸੋਭਾ ਹੀ ਭਰੋਸੇ ਯੋਗ ਲਿਖਤ ਹੈ ਅਤੇ ਅਸੀਂ ਆਪਣੇ ਵਰਣਨ ਨੂੰ ਇਸ ਉਤੇ ਹੀ ਮੁਖ ਰੂਪ ਵਿਚ ਆਧਾਰਿਤ ਕੀਤਾ ਹੈ। ਜਿਥੋਂ ਤਕ ਪੂਰਵ-ਖਾਲਸਾ ਕਾਲ ਦਾ ਸੰਬੰਧ ਹੈ ਅਸੀਂ ਬਚਿਤ੍ਰ ਨਾਟਕ ਨੂੰ ਆਧਾਰ ਬਣਾਇਆ ਹੈ। ਦੂਜੀਆਂ ਲਿਖਤਾਂ ਨੂੰ ਕੇਵਲ ਉਦੋਂ ਹੀ ਵਰਤਿਆ ਗਿਆ ਹੈ ਜਦ ਉਹ ਜਟਿਲ ਜਾਂ ਵਾਦਵਿਵਾਦ ਵਾਲੀਆਂ ਗੱਲਾਂ ਨੂੰ ਪ੍ਰਕਾਸ਼ਿਤ ਕਰਦੀਆਂ ਹਨ ਜਾਂ ਜਦ ਗੁਰੂ ਜੀ ਦੇ ਆਪਣੇ ਅਲੋਪ ਬਿਰਤਾਂਤ ਨੂੰ ਸਪਸ਼ਟ ਕਰਦੀਆਂ ਹਨ। ਸੋ ਇਥੇ ਵੀ ਅਸੀਂ ਇਨ੍ਹਾਂ ਨੂੰ ਉਸੇ ਮੰਤਵ ਲਈ ਵਰਤਿਆ ਹੈ। ਇਸ ਲਈ ਸਾਡੇ ਬਿਰਤਾਂਤ ਵਿਚ, ਅਨੇਕਾਂ ਘਟਨਾਵਾਂ ਜੋ ਪਿਛਲੇਰੇ ਸਿੱਖ ਉਲੇਖਾਂ ਵਿਚ ਦਿੱਤੀਆਂ ਗਈਆਂ ਹਨ, ਦੀ ਕੋਈ ਥਾਂ ਨਹੀਂ ਹੈ। ਉਦਾਹਰਣ ਵਜੋਂ, ਇਹ ਕਿਹਾ ਜਾਂਦਾ ਹੈ ਕਿ ਪਹਾੜੀ ਰਾਜਿਆਂ ਨਾਲ ਝਗੜੇ ਦਾ ਆਰੰਭ ਇਸ ਤਰ੍ਹਾਂ ਹੋਇਆ ਸੀ। ਇਕ ਦਿਨ ਗੁਰੂ ਜੀ ਦੂਨ ਨੂੰ ਸ਼ਿਕਾਰ ਖੇਡਣ ਗਏ ਸਨ : ਦੋ ਪਹਾੜੀ ਰਾਜਿਆਂ ਬਾਲੀ ਚੰਦ ਅਤੇ ਆਲਮ ਚੰਦ ਨੇ ਉਨ੍ਹਾਂ ਤੇ ਅਚੇਤੀ ਹਮਲਾ ਕਰਨ ਦਾ ਮਤਾ ਬਣਾਇਆ। ਲੜਾਈ ਹੋਈ ਅਤੇ ਦੋਨੋਂ ਰਾਜਿਆਂ ਨੂੰ ਹਾਰ ਹੋਈ, ਬਾਲੀ ਚੰਦ ਮਾਰਿਆ ਗਿਆ ਅਤੇ ਆਲਮ ਚੰਦ ਆਪਣੀ ਵਾਂਹ ਕਟਵਾ ਕੇ ਰਣ ਵਿਚੋਂ ਦੌੜ ਗਿਆ। ਇਸ ਹਾਰ ਪਿਛੋਂ ਪਹਾੜੀ ਰਾਜਿਆਂ ਨੇ ਸੋਚਿਆ ਕਿ ਗੁਰੂ ਜੀ ਦੀ ਸ਼ਕਤੀ ਨੂੰ ਵਧਣ ਦੇਣਾ ਘਾਤਕ ਹੋਵੇਗਾ ਅਤੇ ਉਨ੍ਹਾਂ ਨੇ ਤੁਰੰਤ ਦਿੱਲੀ-ਸਰਕਾਰ ਦੀ ਸਹਾਇਤਾ ਲਈ ਯਾਚਨਾ ਕੀਤੀ। ਦੋ ਜਰਨੈਲ ਦੀਨ ਬੇਗ ਅਤੇ ਪੈਂਦਾ ਖਾਂ, ਜਿਨ੍ਹਾਂ ਕੋਲ ਪੰਜ ਪੰਜ ਹਜ਼ਾਰ ਸਿਪਾਹੀ ਸਨ, ਨੂੰ ਗੁਰੂ ਜੀ ਵਿਰੁਧ ਭੇਜਿਆ ਗਿਆ ਪਰ ਉਹ ਹਰਾ ਦਿੱਤੇ ਗਏ। ਇਸ ਪਿਛੋਂ ਪਹਾੜੀ ਰਾਜਿਆਂ ਦੀ ਸਾਂਝੀ ਫੌਜ ਨੇ ਗੁਰੂ ਜੀ ਤੇ ਹਮਲਾ ਕੀਤਾ ਅਤੇ ਅਨੰਦਪੁਰ ਦੀ ਪਹਿਲੀ ਜੰਗ ਸ਼ੁਰੂ ਹੋਈ। (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 120, 124, 125)।

ਇਹ ਸਪੱਸ਼ਟ ਜਾਪਦਾ ਹੈ ਕਿ ਸੁਲਾਹ ਕੇਵਲ ਨਾਂ-ਮਾਤਰ ਹੀ ਸੀ ਕਿਉਂਕਿ ਜਦ ਗੁਰੂ ਜੀ ਨਿਰਮੋਹ ਵਿਖੇ ਵਿਸ਼ਰਾਮ ਕਰ ਰਹੇ ਸਨ ਤਾਂ ਉਨ੍ਹਾਂ ਦੀਆਂ ਫੌਜਾਂ ਨੂੰ ਕਹਲੂਰ ਦੇ ਪਿੰਡਾਂ ਨੂੰ ਲੁਟ ਮਾਰ ਕਰਨ ਦੀ ਖੁਲ੍ਹ ਦਿੱਤੀ ਗਈ ਅਤੇ ਉਨ੍ਹਾਂ ਵਿਚੋਂ ਬਹੁਤ ਸਾਰੇ ਲੁਟ ਲਏ ਗਏ। ਇਥੇ ਉਥੇ ਝੜਪਾਂ ਦਾ ਹੋਣਾ ਸੁਭਾਵਿਕ ਸੀ ਅਤੇ ਅਜੇਹੀ ਇਕ ਝੜਪ ਵਿਚ ਸਾਹਿਬ ਚੰਦ ਮਾਰਿਆ ਗਿਆ। ਇਹ ਸਾਹਿਬ ਚੰਦ ਭੰਗਾਣੀ ਦੇ ਯੁਧ ਦੇ ਯੋਧਿਆਂ ਵਿਚੋਂ ਪ੍ਰਤੀਤ ਹੁੰਦਾ ਹੈ ਅਤੇ ਗੁਰੂ ਜੀ ਦੇ ਅਨੁਯਾਈਆਂ ਵਿਚੋਂ ਸਭ ਤੋਂ ਮੁਹਰਲੀ ਕਤਾਰ ਵਿਚ ਰਿਹਾ ਸੀ। ਉਸ ਦੇ ਮਿਰਤਕ ਸਰੀਰ ਲਈ ਘਮਸਾਨ ਦਾ ਯੁੱਧ ਹੋਇਆ, ਖਾਲਸੇ ਨੂੰ ਜਿੱਤ ਪ੍ਰਾਪਤ ਹੋਈ ਅਤੇ ਸਾਹਿਬ ਚੰਦ ਦੀ ਦੇਹ ਨਿਰਮੋਹ ਲਿਆਂਦੀ ਗਈ ਜਿਥੇ ਉਸ ਦਾ ਰੀਤੀ ਅਨੁਸਾਰ ਸਸਕਾਰ ਕੀਤਾ ਗਿਆ। ਪਿੰਡਾਂ ਦੀ ਲੁਟ ਮਾਰ ਜਾਰੀ ਰਹੀ ਅਤੇ ਛੇਤੀ ਹੀ ਹਾਲਾਤ ਐਸੇ ਹੋ ਗਏ ਕਿ ਬਹੁਤ ਸਾਰੇ ਲੋਕ ਆਪਣੇ ਘਰਾਂ ਨੂੰ ਛਡ ਕੇ ਬਚਾਉ ਲਈ ਜੰਗਲਾਂ ਵਿਚ ਚਲੇ ਗਏ। ਸੋ ਜਦ ਕਹਲੂਰ ਦੇ ਰਾਜੇ ਨੇ ਦੇਖਿਆ ਕਿ ਉਹ ਆਪਣੀ ਪ੍ਰਜਾ ਦੀ ਰੱਖਿਆ ਕਰਨ ਅਤੇ ਉਨ੍ਹਾਂ ਨੂੰ ਖਾਲਸੇ ਦੇ ਜ਼ੁਲਮਾਂ ਤੋਂ ਬਚਾਉਣ ਲਈ ਅਸਮਰਥ ਹੈ ਤਾਂ ਉਸ ਨੇ ਮੁਗਲ ਸਰਕਾਰ ਦੀ ਸਹਾਇਤਾ ਲੈਣ ਦਾ ਫੈਸਲਾ ਕੀਤਾ ਅਤੇ ਇਸ ਮੰਤਵ ਲਈ ਆਪਣੇ ਏਲਚੀ ਨੂੰ ਭੇਜਿਆ। ਇਹ ਗੱਲ ਸਪੱਸ਼ਟ ਨਹੀਂ ਹੈ ਕਿ ਏਲਚੀ ਨੂੰ ਕਿਸ ਕੋਲ ਭੇਜਿਆ ਗਿਆ ਸੀ ਪਰੰਤੂ ਇਹ ਸੰਭਵ ਜਾਪਦਾ ਹੈ ਕਿ ਪਹਿਲੋਂ ਉਹ ਲਾਹੌਰ ਦੇ ਸੂਬੇਦਾਰ ਕੋਲ ਗਿਆ ਜਿਸ ਨੇ ਉਸ ਨੂੰ ਸ਼ਹਿਨਸ਼ਾਹ ਦੇ ਵਾਇਸਰਾਏ ਕੋਲ ਦਿੱਲੀ ਭੇਜ ਦਿੱਤਾ ਕਿਉਂਕਿ ਸ਼ਹਿਨਸ਼ਾਹ ਆਪ ਦੱਖਣ ਵਲ ਗਿਆ ਹੋਇਆ ਸੀ। ਉਥੇ ਕਹਲੂਰ ਦੇ ਰਾਜੇ ਦੇ ਪ੍ਰਤਿਨਿਧ ਨੂੰ ਸਮੇਂ ਸਿਰ ਪੇਸ਼ ਕੀਤਾ ਗਿਆ ਅਤੇ ਲਾਹੌਰ ਦੇ ਸੂਬੇਦਾਰ ਅਤੇ ਸਰਹਿੰਦ ਦੇ ਸੂਬੇਦਾਰ ਨੂੰ ਗੁਰੂ ਗੋਬਿੰਦ ਸਿੰਘ ਜੀ ਵਿਰੁਧ ਚੜ੍ਹਾਈ ਦਾ ਹੁਕਮ ਦਿੱਤਾ ਗਿਆ। ਦੋਨੋਂ ਫੌਜਾਂ ਸਰਹਿੰਦ ਇਕੱਠੀਆਂ ਹੋਈਆਂ ਅਤੇ ਫਿਰ ਉਨ੍ਹਾਂ ਨੇ ਰਲ ਕੇ ਗੁਰੂ ਜੀ ਵਿਰੁਧ ਚੜ੍ਹਾਈ ਕੀਤੀ। ਇਨ੍ਹਾਂ ਘਟਨਾਵਾਂ ਦੀ ਪਹਿਲੋਂ ਹੀ ਸੂਚਨਾ ਮਿਲ ਚੁੱਕੀ ਸੀ ਅਤੇ ਗੁਰੂ ਜੀ ਹਮਲੇ ਦਾ ਟਾਕਰਾ ਕਰਨ ਦੀਆਂ ਤਿਆਰੀਆਂ ਕਰ ਲਈਆਂ ਅਤੇ ਦਰਸ਼ਨਾਂ ਲਈ ਆਏ ਆਦਮੀਆਂ ਨੂੰ ਆਉਣ ਵਾਲੀ ਲੜਾਈ ਵਿਚ ਭਾਗ ਲੈਣ ਲਈ ਉਥੇ ਅਟਕਾ ਲਿਆ ਗਿਆ। ਮੁਗਲਾਂ ਨੇ ਇਕ ਪਾਸੇ ਤੋਂ ਹਮਲਾ ਕੀਤਾ ਅਤੇ ਕਹਲੂਰ ਦੇ ਰਾਜੇ ਨੇ ਦੂਜੇ ਪਾਸੇ ਤੋਂ ਅਤੇ ਇਸ ਪਿਛੋਂ ਘਮਸਾਨ ਦੀ ਲੜਾਈ ਹੋਈ। ਸਾਰਾ ਦਿਨ ਅਤੇ ਸਾਰੀ ਰਾਤ ਲੜਾਈ ਹੁੰਦੀ ਰਹੀ ਅਤੇ ਆਖਰ ਮੁਸਲਮਾਨ ਪਿਛਾਂਹ ਹਟਣ ਲਈ ਮਜਬੂਰ ਹੋ ਗਏ। ਗੁਰੂ ਜੀ ਨੇ ਵੀ ਨਿਰਮੋਹ ਛੱਡਣ ਦਾ ਫੈਸਲਾ ਕਰ ਲਿਆ ਪਰੰਤੂ ਜਦ ਉਨ੍ਹਾਂ ਨੇ ਲਾਗਲਾ ਦਰਿਆ ਪਾਰ ਹੀ ਕੀਤਾ ਸੀ ਤਾਂ ਮੁਸਲਮਾਨਾਂ ਨੇ ਫਿਰ ਹਮਲਾ ਕਰ ਦਿੱਤਾ ਅਤੇ ਦਰਿਆ ਦੇ ਕੰਢੇ ਤੇ ਇਕ ਹੋਰ ਲੜਾਈ ਲੜੀ ਗਈ। ਇਸ ਵਾਰ ਵੀ ਗੁਰੂ ਜੀ ਨੂੰ ਵਿਜੈ ਹੋਈ ਅਤੇ ਮੁਸਲਮਾਨਾਂ ਨੂੰ ਭਜਾ ਦਿੱਤਾ ਗਿਆ।

ਜਦ ਨਿਰਮੋਹ ਦੀ ਜੰਗ ਗੁਰੂ ਜੀ ਦੀ ਫਤਹਿ ਵਿਚ ਖਤਮ ਹੋਈ ਤਾਂ ਬਸਾਲੀ ਦਾ ਰਾਜਾ ਉਨ੍ਹਾਂ ਕੋਲ ਆਇਆ ਅਤੇ ਉਨ੍ਹਾਂ ਨੂੰ ਆਪਣੇ ਗ੍ਰਹਿ ਤੇ ਆਉਣ ਦਾ ਸਦਾ ਦਿੱਤਾ। ਗੁਰੂ ਜੀ ਨੇ ਇਸ ਨੂੰ ਪ੍ਰਵਾਨ ਕਰ ਲਿਆ ਅਤੇ ਕੁਝ ਸਮਾਂ ਬਸਾਲੀ ਰਹਿੰਦੇ ਰਹੇ। ਇਥੇ ਵੀ ਕਹਲੂਰ ਦੇ ਰਾਜੇ ਨੇ ਉਨ੍ਹਾਂ ਉਤੇ ਚੜ੍ਹਾਈ ਕਰ ਦਿੱਤੀ ਪਰ ਰਾਜੇ ਨੂੰ ਭਾਂਜ ਦੇਣ ਵਿਚ

ਗੁਰੂ ਜੀ ਨੂੰ ਕੋਈ ਕਠਿਨਾਈ ਪੇਸ਼ ਨਾ ਆਈ। ਇਸ ਜੰਗ ਪਿਛੋਂ, ਜਿਹੜੀ ਕਿ ਬਸਾਲੀ ਦੀ ਜੰਗ ਕਰਕੇ ਜਾਣੀ ਜਾਂਦੀ ਹੈ, ਗੁਰੂ ਜੀ ਨੇ ਕੁਝ ਸਮਾਂ ਆਰਾਮ ਕੀਤਾ ਅਤੇ ਕਈ ਅਵਸਰਾਂ ਤੇ ਸ਼ਿਕਾਰ ਤੇ ਜਾ ਕੇ ਆਪਣਾ ਮਨ-ਪਰਚਾਵਾ ਕਰਦੇ ਰਹੇ। ਅਜੇਹੇ ਇਕ ਅਵਸਰ ਤੇ, ਜੋ ਕਿ ਕਲਮੋਟ ਪਿੰਡ ਦੇ ਲਾਗੇ ਵਾਪਰਿਆ ਸੀ, ਗੁਰੂ ਜੀ ਦੇ ਅਨੁਯਾਈਆਂ ਦੀ ਇਕ ਟੋਲੀ ਨੂੰ ਅਚਾਨਕ ਪਿੰਡ ਦੇ ਲੋਕਾਂ ਨੇ ਘੇਰ ਲਿਆ ਜਿਹੜੇ ਫਿਰ ਹਮਲਾ ਕਰਨ ਲਈ ਅਗਾਂਹ ਵਧੇ ਸਨ। ਜਦ ਗੁਰੂ ਜੀ ਨੂੰ ਇਸ ਬਾਰੇ ਦਸਿਆ ਗਿਆ, ਤਾਂ ਗੁਰੂ ਜੀ ਨੇ ਖਾਲਸੇ ਨੂੰ ਕਲਮੋਟ ਦੇ ਲੋਕਾਂ ਨੂੰ ਘੇਰਣ ਦਾ ਹੁਕਮ ਦਿੱਤਾ ਅਤੇ ਖ਼ੂਨੀ ਜੰਗ ਹੋਈ ਪਰੰਤੂ ਪਿੰਡ ਦੇ ਲੋਕ ਗੁਰੂ ਜੀ ਦੇ ਅਨੁਯਾਈਆਂ ਦਾ ਜੋੜ ਨਹੀਂ ਸਨ ਅਤੇ ਉਹ ਛੇਤੀ ਹੀ ਹਾਰ ਮੰਨਣ ਲਈ ਮਜਬੂਰ ਹੋ ਗਏ। ਗੁਰੂ ਜੀ ਦੀਆਂ ਉਪਰੋਥਲੀ ਜਿੱਤਾਂ ਦੇਖ ਕੇ ਕਹਲੂਰ ਦਾ ਰਾਜਾ ਬਹੁਤ ਘਬਰਾਇਆ ਹੋਇਆ ਜਾਪਦਾ ਸੀ, ਅਤੇ ਹੁਣ ਸੁਲਾਹ ਕਰਨ ਦੀ ਪੇਸ਼ਕਸ਼ ਲੈ ਕੇ ਅਗਾਂਹ ਵਧਿਆ। ਸਮਝੌਤਾ ਹੋ ਗਿਆ ਅਤੇ ਗੁਰੂ ਜੀ ਫਿਰ ਅਨੰਦਪੁਰ ਪਰਤ ਆਏ, ਜਿਥੇ ਹੁਣ ਉਨ੍ਹਾਂ ਨੇ ਅਨੰਦਗੜ੍ਹ ਦਾ ਕਿਲ੍ਹਾ ਬਣਵਾਇਆ।

ਸਿੱਖਾਂ ਨੇ ਅਨੰਦਪੁਰ ਦੇ ਆਲੇ ਦੁਆਲੇ ਦੇ ਪਿੰਡਾਂ ਨੂੰ ਆਪਣੇ ਅਧੀਨ ਲੈ ਆਂਦਾ ਅਤੇ, ਘੱਟੋ ਘੱਟ, ਕੁਝ ਸਮੇਂ ਲਈ ਰਸਦ ਦਾ ਕਠਿਨ ਪ੍ਰਸ਼ਨ ਹਲ ਹੋ ਗਿਆ ਜਾਪਦਾ ਸੀ। ਸਿੱਖ ਆਉਂਦੇ ਅਤੇ ਜਾਂਦੇ ਸਨ ਅਤੇ ਗੁਰੂ ਜੀ ਦੇ ਦਰਬਾਰ ਦੀ ਅਮੀਰੀ ਅਤੇ ਸ਼ਾਨ ਪ੍ਰਤਿ ਦਿਨ ਵਧਣ ਲਗੀ। ਦੋ ਸਾਲ ਅਤੇ ਕੁਝ ਦਿਨ ਇਸੇ ਤਰ੍ਹਾਂ ਬਤੀਤ ਹੋਏ ਜਦ ਕਿ ਪੁਰਾਣਾ ਜ਼ਖ਼ਮ ਫਿਰ ਜਾਗ ਪਿਆ। ਖਾਲਸੇ ਦੇ ਘੋੜ ਸਵਾਰ ਫਿਰ ਪਿੰਡਾਂ ਦੀ ਲੁਟ ਮਾਰ ਕਰਨ ਲੱਗ ਪਏ ਅਤੇ ਧਿੰਗੋਜ਼ੋਰੀ ਉਗਰਾਹੀ ਕਰਨ ਲੱਗ ਪਏ। ਜਿਹੜੇ ਤਾਂ ਤੁਰੰਤ ਦੇ ਦਿੰਦੇ ਸਨ ਉਨ੍ਹਾਂ ਨੂੰ ਹੋਰ ਤੰਗ ਨਹੀਂ ਕੀਤਾ ਜਾਂਦਾ ਸੀ ਪਰੰਤੂ ਜਿਹੜੇ ਦੇਰ ਲਗਾਂਦੇ ਜਾਂ ਇਨਕਾਰ ਕਰਦੇ ਉਨ੍ਹਾਂ ਨੂੰ ਲੁਟ ਪੁਟ ਲਿਆ ਜਾਂਦਾ। ਸੋ ਪਹਾੜੀ ਰਾਜਿਆਂ ਨੂੰ ਇਸ ਸਚਾਈ ਦਾ ਵਿਸ਼ਵਾਸ ਹੋ ਗਿਆ ਕਿ ਜਿੰਨਾ ਚਿਰ ਗੁਰੂ ਜੀ ਨੂੰ ਅਨੰਦਪੁਰ ਵਿਚੋਂ ਨਾ ਕਢਿਆ ਗਿਆ ਉੱਨਾ ਚਿਰ ਉਨ੍ਹਾਂ ਲਈ ਸ਼ਾਂਤੀ ਅਤੇ ਬਚਾ ਨਹੀਂ ਹੋ ਸਕਦਾ। ਪ੍ਰਤੱਖ ਰੂਪ ਵਿਚ, ਅਨੰਦਪੁਰ ਦੁਆਲੇ ਦੇ ਪਿੰਡ ਕਹਲੂਰ ਦੇ ਰਾਜੇ ਨੇ ਉਕਤ ਸੰਧੀ ਅਧੀਨ ਗੁਰੂ ਜੀ ਨੂੰ ਦੇ ਦਿੱਤੇ ਹੋਏ ਸਨ ਅਤੇ ਅਸੀਂ ਦੇਖ ਚੁੱਕੇ ਹਾਂ ਕਿ ਇਸ ਨਾਲ ਦੋ ਸਾਲ ਅਮਨ ਚੈਨ ਰਿਹਾ ਸੀ। ਗੁਰੂ ਜੀ ਅਤੇ ਪਹਾੜੀ ਰਾਜੇ, ਵੇਖਣ ਨੂੰ ਮਿਤ੍ਰਾਚਾਰੀ ਨਾਲ ਰਹਿੰਦੇ ਸਨ ਅਤੇ ਮੁਗ਼ਲਾਂ ਕੋਲ ਦਖ਼ਲ ਦੇਣ ਦਾ ਕੋਈ ਕਾਰਨ ਨਹੀਂ ਸੀ। ਪਰੰਤੂ ਗੁਰੂ ਜੀ ਦੀ ਸਹਿਜੇ ਸਹਿਜੇ ਵਧ ਰਹੀ ਸ਼ਕਤੀ ਅਤੇ ਅਨੁਯਾਈਆਂ ਦੀ ਸੰਖਿਆ ਵਿਚ ਵ੍ਰਿਧੀ ਕਾਰਨ ਉਹ ਹੋਰ ਇਲਾਕਾ ਵਧਾਉਣ ਤੋਂ ਨਹੀਂ ਰਹਿ ਸਕਦੇ ਸਨ ਅਤੇ ਪੁਰਾਣੀਆਂ ਔਕੜਾਂ ਫਿਰ ਦ੍ਰਿਸ਼ਟਮਾਨ ਹੋਣ ਲਗੀਆਂ। ਨਵਾਂ ਵਿਰੋਧ ਅਟੱਲ ਹੋ ਗਿਆ, ਅਤੇ ਗੁਰੂ ਜੀ ਵਿਰੁਧ ਪਹਾੜੀ ਰਾਜਿਆਂ ਨੇ ਖਤਰਨਾਕ ਗੁਟਬੰਦੀ ਬਣਾਈ। ਗੁਰੂ ਜੀ ਨੂੰ ਇਕਦਮ ਅਨੰਦਗੜ੍ਹ ਖਾਲੀ ਕਰ ਜਾਣ ਲਈ ਅੰਤਿਮ ਚਿਤਾਵਨੀ ਦਿੱਤੀ ਗਈ ਪਰ ਗੁਰੂ ਜੀ ਨੇ ਕੋਈ ਉਤਰ ਨਾ ਦਿੱਤਾ ਅਤੇ ਆਪਣੀ ਸੁਰੱਖਿਆ ਨੂੰ ਮਜ਼ਬੂਤ ਕਰ ਲਿਆ। ਇਸ ਤੇ ਅਨੰਦਪੁਰ ਤੇ ਫਿਰ ਹਮਲਾ ਕੀਤਾ ਗਿਆ ਅਤੇ ਇਕ ਹੋਰ ਲੜਾਈ ਹੋਈ। ਪਰੰਤੂ ਪਹਾੜੀ ਰਾਜੇ, ਬਿਨਾਂ ਕਿਸੇ ਦੀ ਸਹਾਇਤਾ ਦੇ ਟਾਕਰਾ ਨਾ ਕਰ ਸਕੇ ਅਤੇ ਸਾਂਝੀ

ਫੌਜ ਨੂੰ ਪਿਛਾਂਹ ਹਟਾ ਦੇਣ ਵਿਚ ਗੁਰੂ ਜੀ ਨੂੰ ਬਹੁਤੀ ਕਠਿਨਾਈ ਪੇਸ਼ ਨਾ ਆਈ।

ਪਰੰਤੂ ਪਹਾੜੀ ਰਾਜਿਆਂ ਨੇ ਇਸ ਹਾਲਤ ਨੂੰ ਹੋਰ ਸਹਿਣ ਨਾ ਕਰਨ ਦਾ ਪੱਕਾ ਇਰਾਦਾ ਕਰ ਲਿਆ ਹੋਇਆ ਸੀ ਅਤੇ ਉਹ ਸਾਰੇ ਇਕਦਮ, ਗੁਰੂ ਜੀ ਵਿਰੁਧ ਕੋਈ ਭਾਰੀ ਗਠ-ਜੋੜ ਕਰਨ ਵਿਚ ਰੁਝੇ ਹੋਏ ਸਨ। ਉਨ੍ਹਾਂ ਨੇ ਫਿਰ ਮੁਗਲ ਅਫਸਰਾਂ ਦੀ ਮਿੰਨਤ ਕੀਤੀ ਅਤੇ ਉਨ੍ਹਾਂ ਦੀ ਸਹਾਇਤਾ ਲਈ ਸਰਹਿੰਦ ਅਤੇ ਲਾਹੌਰ ਤੋਂ ਫੌਜਾਂ ਭੇਜੀਆਂ ਗਈਆਂ। ਇਸ ਦੇ ਨਾਲ ਨਾਲ ਉਨ੍ਹਾਂ ਨੇ ਆਪਣੇ ਸਾਧਨਾਂ ਨੂੰ ਵੀ ਪੂਰੀ ਤਰ੍ਹਾਂ ਪ੍ਰਯੋਗ ਵਿਚ ਲਿਆਂਦਾ ਅਤੇ ਸਿੱਖਾਂ ਨਾਲ ਪੁਰਾਣੀ ਦੁਸ਼ਮਣੀ ਰੱਖਣ ਵਾਲੇ ਗੁੱਜਰਾਂ ਅਤੇ ਰੰਘੜਾਂ ਨੂੰ ਵੀ ਗੁਰੂ ਜੀ ਵਿਰੁਧ ਲੜਾਈ ਲੜਨ ਲਈ ਇਕੱਠਾ ਕੀਤਾ ਗਿਆ। ਦੂਜੇ ਪਾਸੇ ਗੁਰੂ ਜੀ ਨੇ ਖਾਈਆਂ ਪੁੱਟਣ ਦਾ ਹੁਕਮ ਦਿੱਤਾ ਅਤੇ ਠੰਡੇ ਮਨ ਨਾਲ ਹਮਲੇ ਦਾ ਇੰਤਜ਼ਾਰ ਕਰਨ ਲੱਗੇ। ਸਾਂਝੀ ਫੌਜ ਛੇਤੀ ਹੀ ਅਨੰਦਪੁਰ ਤੇ ਟੁੱਟ ਪਈ ਅਤੇ ਘੋਰ ਸੰਘਰਸ਼ ਹੋਇਆ। ਦੋਹਾ ਧਿਰਾਂ ਦੇ ਬਹੁਤ ਸਾਰੇ ਲੋਕ ਮਾਰੇ ਗਏ ਅਤੇ ਲੜਾਈ ਕੁਝ ਸਮਾਂ ਜਾਰੀ ਰਹੀ ਜਦ ਕਿ ਆਖਰ ਖਾਲਸਾ ਸਿਪਾਹੀਆਂ ਨੇ ਵਿਰੋਧੀ ਹਮਲਾ ਕੀਤਾ ਅਤੇ ਸਾਂਝੀ ਫੌਜ ਨੂੰ ਅਨੰਦਪੁਰ ਤੋਂ ਭਜਾ ਦਿੱਤਾ। ਪਹਾੜੀ ਰਾਜੇ ਅਤੇ ਮੁਸਲਮਾਨ ਕਹਲੂਰ ਤੋਂ ਦੁਰੇਡੇ ਇਕ ਸਥਾਨ ਵਲ ਪਿਛਾਂਹ ਹਟ ਗਏ ਅਤੇ ਉਥੇ ਆਪਣੀ ਕਾਰਵਾਈ ਦੀ ਯੋਜਨਾ ਨੂੰ ਵਿਚਾਰਨ ਲਈ ਸਲਾਹ ਮਸ਼ਵਰਾ ਕੀਤਾ ਗਿਆ। ਉਹ ਛੇਤੀ ਹੀ ਵਾਪਸ ਆ ਗਏ, ਸਿੱਖਾਂ ਨੂੰ ਸਾਰਿਆਂ ਪਾਸਿਆਂ ਤੋਂ ਘੇਰ ਲਿਆ ਅਤੇ ਅਨੰਦਪੁਰ ਦਾ ਮਹਾਂ-ਘੇਰਾ ਆਰੰਭ ਹੋਇਆ।

ਇਸ ਘੇਰੇ ਦਾ ਅਜੇਹੀ ਪੂਰਨਤਾ ਨਾਲ ਪ੍ਰਬੰਧ ਕੀਤਾ ਗਿਆ ਕਿ ਸਾਰੀਆਂ ਵਸਤਾਂ ਅਤੇ ਆਦਮੀਆਂ ਦੀ ਅੰਦਰ ਬਾਹਰ ਆਵਾਜਾਈ ਨੂੰ ਪੂਰਨ ਭਾਂਤ ਰੋਕ ਦਿੱਤਾ ਗਿਆ ਅਤੇ ਕੁਝ ਦਿਨਾਂ ਮਗਰੋਂ ਸਿੱਖ ਆਪਣੀ ਸਥਿਤੀ ਦੀ ਨਿਰਾਸਤਾ ਅਨੁਭਵ ਕਰਨ ਲੱਗ ਪਏ। ਅਨਾਜ ਦਾ ਮੁੱਲ ਇਕ ਰੁਪਏ ਦਾ ਇਕ ਸੇਰ ਚੜ੍ਹ ਗਿਆ ਅਤੇ ਇਸ ਭਾਅ ਤੇ ਵੀ ਅਨਾਜ ਹਰ ਵਕਤ ਨਹੀਂ ਸੀ ਮਿਲਦਾ। ਪਾਣੀ ਦੇ ਸੰਬੰਧ ਵਿਚ ਵੀ ਕਠਿਨਾਈ ਸੀ ਅਤੇ ਸਾਨੂੰ ਦਸਿਆ ਗਿਆ ਹੈ ਕਿ ਕਦੇ ਕਦੇ ਚਾਰ ਸਿੱਖ ਬਾਹਰ ਨਿਕਲਦੇ ਹਨ, ਦੋ ਲੜਾਈ ਕਰਦੇ ਸਨ ਅਤੇ ਦੂਜੇ ਦੋ ਪਾਣੀ ਅੰਦਰ ਲਿਆਉਂਦੇ ਸਨ। ਪਰੰਤੂ ਖੁਰਾਕ ਦੀ ਸਥਿਤੀ ਸ਼ੀਘਰ ਹੀ ਅਤਿਅੰਤ ਗੰਭੀਰ ਹੋ ਗਈ ਅਤੇ ਇਸ ਤੋਂ ਛੁਟਕਾਰਾ ਪਾਉਣ ਲਈ ਸਿੱਖ ਕੁਝ ਖਤਰਨਾਕ ਢੰਗਾਂ ਲਈ ਮਜਬੂਰ ਹੋ ਗਏ। ਜਿਥੇ ਸਾਂਝੀ ਫੌਜ ਨੇ ਆਪਣੇ ਰਸਦ ਆਦਿ ਦੇ ਭੰਡਾਰ ਰੱਖੇ ਹੋਏ ਸਨ, ਉਨ੍ਹਾਂ ਥਾਵਾਂ ਤੇ ਸਿੱਖਾਂ ਦੇ ਟੋਲੇ ਅੱਧੀ ਰਾਤ ਨੂੰ ਹਮਲਾ ਕਰਦੇ ਅਤੇ ਘਿਰੇ ਹੋਏ ਕਸਬੇ ਵਿਚ ਕੁਝ ਰਸਦ ਲੈ ਆਉਂਦੇ ਸਨ। ਇਸੇ ਤਰ੍ਹਾਂ ਸਥਿਤੀ ਕੁਝ ਹਦ ਤਕ ਸੌਖੀ ਹੋ ਗਈ ਪਰੰਤੂ ਇਸ ਤਰ੍ਹਾਂ ਬਹੁਤ ਦੇਰ ਨਹੀਂ ਚਲ ਸਕਦਾ ਸੀ ਕਿਉਂਕਿ ਸਾਂਝੀ ਫੌਜ ਨੇ ਆਪਣੇ ਸਾਰੇ ਭੰਡਾਰ ਇਕ ਖਾਸ ਸਥਾਨ ਤੇ ਇਕੱਠੇ ਕਰ ਲਏ ਅਤੇ ਉਨ੍ਹਾਂ ਤੇ ਦਿਨ ਰਾਤ ਪਕੀ ਤਰ੍ਹਾਂ ਪਹਿਰਾ ਦਿੱਤਾ ਜਾਂਦਾ। ਸੋ ਸਥਿਤੀ ਫਿਰ ਨਿਰਾਸ਼ਾਜਨਕ ਹੋ ਗਈ ਅਤੇ ਸਿੱਖਾਂ ਨੇ ਦੇਖਿਆ ਕਿ ਇਸ ਦਾ ਘੇਰਾ ਕਰਨ ਵਾਲਿਆਂ ਤੇ ਹੱਲਾ ਬੋਲਣ ਤੋਂ ਸਿਵਾ, ਹੋਰ ਕੋਈ ਉਪਾ ਨਹੀਂ ਹੈ। ਸੋ ਇਹ ਹੱਲਾ ਕੀਤਾ ਗਿਆ ਪਰ ਸਿੱਖਾਂ ਦੇ ਬਹਾਦਰੀ ਨਾਲ ਲੜਨ ਤੇ ਵੀ ਉਨ੍ਹਾਂ ਨੂੰ ਘੇਰ ਕੇ ਕਾਬੂ ਕਰ ਲਿਆ ਗਿਆ। ਜਦ ਗੁਰੂ ਜੀ ਨੂੰ ਇਸ

ਬਾਰੇ ਦਸਿਆ ਗਿਆ ਤਾਂ ਗੁਰੂ ਜੀ ਨੇ ਕਿਹਾ ਕਿ ਸਿੱਖਾਂ ਨੂੰ ਇਸ ਤਰ੍ਹਾਂ ਬਿਨਾ ਆਗਿਆ ਬਾਹਰ ਨਹੀਂ ਜਾਣਾ ਚਾਹੀਦਾ ਸੀ। ਸਥਿਤੀ ਹੋਰ ਵਿਗੜ ਗਈ ਅਤੇ ਸਖਤ ਔਕੜਾਂ ਵਾਲੇ ਕੁਝ ਦਿਨਾਂ ਮਗਰੋਂ ਸਿੱਖਾਂ ਨੇ ਫਿਰ ਗੁਰੂ ਜੀ ਅੱਗੇ ਆਪਣੀਆਂ ਮੁਸ਼ਕਲਾਂ ਨੂੰ ਰਖਿਆ। ਉਨ੍ਹਾਂ ਨੂੰ ਕੁਝ ਦਿਨ ਹੋਰ ਸਹਿਨ ਕਰਨ ਲਈ ਕਿਹਾ ਗਿਆ, ਜਿਨ੍ਹਾਂ ਮਗਰੋਂ, ਗੁਰੂ ਜੀ ਨੇ ਉਨ੍ਹਾਂ ਨੂੰ ਯਕੀਨ ਦਵਾਇਆ ਕਿ ਸਥਿਤੀ ਸੁਧਰ ਜਾਵੇਗੀ ਅਤੇ ਖੁਰਾਕ ਕਾਫੀ ਮਾਤਰਾ ਵਿਚ ਮਿਲ ਜਾਵੇਗੀ। ਫਿਰ ਕੁਝ ਦਿਨ ਬੀਤ ਗਏ ਜਿਨ੍ਹਾਂ ਵਿਚ ਸਿੱਖਾਂ ਨੇ ਕਿਸੇ ਨਾ ਕਿਸੇ ਤਰ੍ਹਾਂ ਥੋੜ੍ਹੇ ਜਿਹੇ ਰਾਸ਼ਨ ਨਾਲ ਝੱਟ ਲੰਘਾਇਆ ਜਿਹੜਾ ਕਿ ਗੁਰੂ ਜੀ ਦੇ ਭੰਡਾਰੇ ਵਿਚੋਂ ਵੰਡਿਆ ਜਾਂਦਾ ਸੀ। ਦੁਸ਼ਮਨ ਤੇ ਕੁਝ ਇਕ ਹਮਲੇ ਵੀ ਕੀਤੇ ਗਏ ਪਰੰਤੂ ਸਿੱਖ ਛੇਤੀ ਹੀ ਕਠਿਨ ਪਰੀਖਿਆ ਸਹਿਨ ਨਾ ਕਰ ਸਕੇ ਅਤੇ ਗੁਰੂ ਜੀ ਕੋਲ ਜਾ ਕੇ ਉਨ੍ਹਾਂ ਕਿਹਾ ਕਿ ਇਕੋ ਇਕ ਅਮਲੀ ਰਾਹ ਅਨੰਦਪੁਰ ਨੂੰ ਛਡ ਜਾਣ ਦਾ ਹੈ। ਗੁਰੂ ਜੀ ਨੇ ਕਿਹਾ ਕਿ ਜੇਕਰ ਅਨੰਦਪੁਰ ਛੱਡਣ ਦਾ ਸਿੱਟਾ ਤਬਾਹੀ ਵਾਲਾ ਸਿੱਧ ਹੋਇਆ ਤਾਂ ਇਸ ਦੇ ਉਹ ਆਪ ਜ਼ਿੰਮੇਵਾਰ ਹੋਣਗੇ। ਇਸ ਭਾਵ ਦੀ ਪ੍ਰਤਿਗਿਆ ਤੇ ਉਨ੍ਹਾਂ ਤੋਂ ਦਸਤਖਤ ਕਰਵਾ ਲਏ ਗਏ ਅਤੇ ਫਿਰ ਉਨ੍ਹਾਂ ਨੂੰ ਅਨੰਦਪੁਰ ਛੱਡਣ ਦਾ ਹੁਕਮ ਦਿੱਤਾ ਗਿਆ। ਗੁਰੂ ਜੀ ਨੇ ਆਪਣਾ ਖਜ਼ਾਨਾ ਸਿੱਖਾਂ ਵਿਚ ਵੰਡ ਦਿੱਤਾ, ਹਰ ਇਕ ਨੇ ਗਠੜੀਆਂ ਬੰਨ੍ਹ ਕੇ ਸਿਰਾਂ ਉਤੇ ਰੱਖ ਲਈਆਂ। ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੇ ਹਥਿਆਰ ਵੀ ਦਿੱਤੇ ਗਏ ਅਤੇ ਜਦ ਹਰ ਚੀਜ਼ ਤਿਆਰ ਹੋ ਗਈ, ਜੋ ਕੁਝ ਉਠਾਇਆ ਨਹੀਂ ਜਾ ਸਕਦਾ ਸੀ ਸਾੜ ਦਿੱਤਾ ਗਿਆ ਅਤੇ ਗੁਰੂ ਜੀ ਨੇ ਆਪਣੀ ਟੋਲੀ ਸਮੇਤ ਅਨੰਦਪੁਰ ਛੱਡ ਦਿੱਤਾ।[1]

ਇਹ ਉਲੇਖ ਸੈਨਾ ਪਤ ਦਾ ਹੈ ਜਿਸ ਨੂੰ ਉਹ ਅਨੰਦਗੜ੍ਹ ਦੀ ਦੂਜੀ ਜੰਗ ਕਹਿੰਦਾ ਹੈ। ਪਰ ਇਸ ਉਲੇਖ ਤੋਂ ਇਹ ਸਪੱਸ਼ਟ ਨਹੀਂ ਹੁੰਦਾ ਕਿ ਚਾਰੇ ਪਾਸਿਆਂ ਤੋਂ ਵੈਰੀ ਦੀ ਫੌਜ ਨਾਲ ਘਿਰੇ ਹੋਣ ਕਰਕੇ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਦਾ ਅਨੰਦਪੁਰ ਛੱਡ ਜਾਣਾ ਕਿਵੇਂ ਸੰਭਵ ਸੀ। ਸੈਨਾ ਪਤ ਘੇਰੇ ਵਿਚੋਂ ਲੰਘਣ ਲਈ ਕਿਸੇ ਕਾਰਵਾਈ ਬਾਰੇ ਨਹੀਂ ਦਸਦਾ ਅਤੇ ਉਸ ਦੇ ਉਲੇਖ ਤੋਂ ਇਹ ਪਤਾ ਲਗਦਾ ਹੈ ਕਿ ਜਦ ਗੁਰੂ ਜੀ ਨੇ ਆਪਣੇ ਸਾਥੀਆਂ ਸਮੇਤ ਅਨੰਦਪੁਰ ਛਡਿਆ ਤਾਂ ਉਨ੍ਹਾਂ ਦੇ ਰਾਹ ਵਿਚ ਕੋਈ ਰੁਕਾਵਟ ਨਾ ਆਈ। ਕੇਵਲ ਜਦ ਉਹ ਕੁਝ ਦੂਰ ਚਲੇ ਗਏ ਸਨ ਤਦੋਂ ਪਹਾੜੀ ਰਾਜਿਆਂ ਅਤੇ ਮੁਸਲਮਾਨਾਂ ਨੇ ਦੁਬਾਰਾ ਉਨ੍ਹਾਂ ਤੇ ਹਮਲਾ ਕੀਤਾ ਅਤੇ ਇਸ ਪਿਛੋਂ ਚਮਕੌਰ ਦਾ ਯੁੱਧ ਹੋਇਆ। ਸੋ ਇਹ ਨਿਸ਼ਚਿਤ ਜਾਪਦਾ ਹੈ ਕਿ ਦੋਨੋਂ ਧਿਰਾਂ ਅਨੰਦਪੁਰ ਦੇ ਖਾਲੀ ਕਰਨ ਸੰਬੰਧੀ ਕਿਸੇ ਸਮਝੌਤੇ ਤੇ ਪਹੁੰਚ ਗਈਆਂ ਸਨ ਅਤੇ ਸਾਡਾ ਵਿਚਾਰ ਹੈ ਕਿ ਪਿਛਲੇਰੇ ਇਤਿਹਾਸਕਾਰ ਜੋ ਕੁਝ ਇਸ ਸੰਬੰਧ ਵਿਚ ਸਾਨੂੰ ਦਸਦੇ ਹਨ ਉਸ ਨੂੰ ਕਿਸੇ ਤਰ੍ਹਾਂ ਵੀ ਅੱਖੋਂ ਉਹਲੇ ਨਹੀਂ ਕਰਨਾ ਚਾਹੀਦਾ। ਇਸ ਵਾਰਤਾ ਦੀਆਂ ਕਈ ਸ਼ਾਖਾਂ ਹਨ ਅਤੇ ਇਸ ਨੂੰ ਸਵਿਸਥਾਰ ਬਿਆਨਿਆ ਗਿਆ ਹੈ ਪਰੰਤੂ ਇਥੇ ਸਾਡੇ ਮੰਤਵ ਨਾਲ ਸੰਬੰਧਿਤ ਨੁਕਤਾ ਇਹ ਹੈ ਕਿ ਕਿਹਾ ਜਾਂਦਾ ਹੈ ਕਿ ਪਹਾੜੀ ਰਾਜਿਆਂ ਨੇ ਗਊ ਅਤੇ ਸਾਲਗਰਾਮ ਅਤੇ ਮੁਸਲਮਾਨ ਜਰਨੈਲਾਂ ਨੇ ਕੁਰਾਨ

1. ਗੁਰ ਸੋਭਾ, xi

ਦੀਆਂ ਕਸਮਾਂ ਖਾਧੀਆਂ ਸਨ ਕਿ "ਜੇ ਗੁਰੂ ਜੀ ਅਨੰਦਪੁਰ ਛੱਡ ਜਾਣ ਤਾਂ ਉਨ੍ਹਾਂ ਦੇ ਮਾਲ ਤੇ ਜਾਨ ਦੀ ਜ਼ਿੰਮੇਵਾਰੀ ਉਨ੍ਹਾਂ ਦੀ ਹੋਵੇਗੀ।"[1] ਜਾਪਦਾ ਹੈ ਕਿ ਇਨ੍ਹਾਂ ਕਸਮਾਂ ਨੂੰ ਜਾਣ-ਬੁਝ ਕੇ ਤੋੜਿਆ ਗਿਆ ਅਤੇ ਇਸ ਬਾਰੇ ਸਾਡੇ ਕੋਲ ਜ਼ਫਰਨਾਮੇ ਵਿਚ ਚੁਭਵਾਂ ਪ੍ਰਮਾਣ ਹੈ।[2] ਵਾਸਤਵ ਵਿਚ, ਸੈਨਾ ਪਤ ਆਪ ਦਇਆ ਸਿੰਘ ਦੇ ਔਰੰਗਜ਼ੇਬ ਵਲ ਮਿਸ਼ਨ ਦੇ ਸੰਬੰਧ ਵਿਚ ਸ਼ਾਹੀ ਅਫ਼ਸਰਾਂ ਦੁਆਰਾ ਕਸਮਾਂ ਭੰਗ ਕਰਨ ਦਾ ਸੰਕੇਤ ਕਰਦਾ ਹੈ।[3] ਇਸ ਲਈ ਅਸੀਂ ਮੰਨ ਸਕਦੇ ਹਾਂ ਕਿ ਅਨੰਦਪੁਰ ਛੱਡਣ ਬਾਰੇ ਗੁਰੂ ਜੀ ਅਤੇ ਉਨ੍ਹਾਂ ਦੇ ਸਿੱਖਾਂ ਨਾਲ ਕੋਈ ਸਮਝੌਤਾ ਹੋਇਆ ਸੀ ਅਤੇ ਇਸ ਨੂੰ ਸਾਂਝੇ ਮੁਹਾਜ਼ ਨੇ ਧੋਖੇ ਨਾਲ ਭੰਗ ਕਰ ਦਿੱਤਾ।

ਸੈਨਾ ਪਤ ਦੇ ਬਿਰਤਾਂਤ ਤੋਂ ਇਹ ਵੀ ਪੂਰਨਭਾਂਤ ਸਪੱਸ਼ਟ ਨਹੀਂ ਹੁੰਦਾ ਕਿ ਅਨੰਦਪੁਰ ਛੱਡਣ ਲਗਿਆਂ ਗੁਰੂ ਜੀ ਨੇ ਸਿੱਖਾਂ ਤੋਂ ਪ੍ਰਤਿਗਿਆ ਤੇ ਹਸਤਾਖਰ ਕਿਉਂ ਕਰਵਾਏ। ਇਹ ਮਸਲਾ ਪਿਛਲੇਰੀਆਂ ਸਿੱਖ ਲਿਖਤਾਂ ਵਿਚ ਕੁਝ ਵੱਖਰੀ ਭਾਂਤ ਦਸਿਆ ਗਿਆ ਹੈ ਅਤੇ ਸਾਡੇ ਵਿਚਾਰ ਅਨੁਸਾਰ ਇਹ ਵਧੇਰੇ ਤਰਕਸ਼ੀਲ ਹੈ। ਸਾਨੂੰ ਦਸਿਆ ਗਿਆ ਹੈ ਕਿ ਗੁਰੂ ਜੀ ਅਨੰਦਪੁਰ ਛਡਣ ਦੇ ਵਿਰੁਧ ਸਨ ਕਿਉਂਕਿ ਉਨ੍ਹਾਂ ਨੂੰ ਯਕੀਨ ਸੀ ਕਿ ਮੁਸਲਮਾਨ ਅਤੇ ਪਹਾੜੀ ਰਾਜਿਆਂ ਦੇ ਵਾਹਦਿਆਂ ਤੇ ਭਰੋਸਾ ਨਹੀਂ ਹੋ ਸਕਦਾ। ਪਰੰਤੂ ਘੇਰੇ ਕਾਰਨ ਔਕੜਾਂ ਏਨੀਆਂ ਅਸਹਿ ਹੋ ਗਈਆਂ ਸਨ ਕਿ ਸਿੱਖ ਸਾਂਝੇ ਮੁਹਾਜ਼ ਦੀਆਂ ਸ਼ਰਤਾਂ ਨੂੰ ਸਵੀਕਾਰ ਕਰਨ ਲਈ ਰੌਲਾ ਪਾ ਰਹੇ ਸਨ ਅਤੇ ਇਨ੍ਹਾਂ ਵਿਚ ਗੁਰੂ ਜੀ ਦੀ ਮਾਤਾ ਅਤੇ ਉਨ੍ਹਾਂ ਦੇ ਕੁਝ ਹੋਰ ਰਿਸ਼ਤੇਦਾਰ ਵੀ ਸ਼ਾਮਲ ਸਨ। ਗੁਰੂ ਜੀ ਅਜੇ ਵੀ ਸਹਿਮਤ ਨਹੀਂ ਸਨ ਪਰ ਜਦ ਸਿੱਖਾਂ ਦਾ ਸਬਰ ਆਕੀ ਹੋਣ ਦੀ ਹੱਦ ਤਕ ਪਹੁੰਚ ਗਿਆ ਤਾਂ ਗੁਰੂ ਜੀ ਨੇ ਉਨ੍ਹਾਂ ਨੂੰ ਆਪਣਾ ਗੁਰੂ ਅਤੇ ਆਪਣਾ ਧਰਮ ਤਿਆਗਣ ਲਈ ਕਿਹਾ ਅਤੇ ਫਿਰ ਆਪਣੀ ਮਨ ਮਰਜ਼ੀ ਕਰ ਸਕਦੇ ਹਨ। ਇਹ ਸੰਭਵ ਹੈ ਕਿ ਉਨ੍ਹਾਂ ਨੂੰ ਪ੍ਰੇਰਨ ਲਈ ਗੁਰੂ ਜੀ ਦਾ ਇਹ ਆਖਰੀ ਕਦਮ ਸੀ ਪਰ ਕੁਝ ਹਿਚਕਚਾਹਟ ਪਿਛੋਂ ਬਹੁਤ ਸਾਰੇ ਸਿੱਖਾਂ ਨੇ ਬੇਦਾਵਾ ਲਿਖ ਦਿੱਤਾ ਅਤੇ ਗੁਰੂ ਜੀ ਨੂੰ ਛਡ ਕੇ ਚਲੇ ਗਏ। ਸਾਨੂੰ ਇਹ ਵੀ ਦਸਿਆ ਗਿਆ ਹੈ ਕਿ ਇਨ੍ਹਾਂ ਵਿਚੋਂ ਕੁਝ ਨੇ ਪਸਚਾਤਾਪ ਕੀਤਾ ਅਤੇ ਅਚਾਨਕ ਖਿਦਰਾਣੇ ਦੀ ਜੰਗ ਵਿਚ ਗੁਰੂ ਜੀ ਦੀ ਸਹਾਇਤਾ ਲਈ ਪਹੁੰਚ ਗਏ। ਉਥੇ ਉਨ੍ਹਾਂ ਵਿਚੋਂ ਸਾਰੇ ਦੇ ਸਾਰੇ ਮਾਰੇ ਗਏ ਅਤੇ ਮੋਹਨ ਸਿੰਘ ਦੀ ਪ੍ਰਾਰਥਨਾ ਤੇ, ਜੋ ਕਿ ਦਮ ਤੋੜ ਰਿਹਾ ਸੀ, ਗੁਰੂ ਜੀ ਨੇ ਬੇਦਾਵਾ ਪੱਤਰ ਪਾੜ ਦਿੱਤਾ ਸੀ।[4]

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 184
2. ਉਹੀ, ਪੰਨਾ 202, 204
3. ਗੁਰ ਸੋਭਾ, xiii, 33
4. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 212-214

ਅਨੰਦਪੁਰ ਦੀਆਂ ਦੋਹਾਂ ਲੜਾਈਆਂ ਵਿਚਾਲੇ ਉਲੇਖ ਅਨਕਾਂ ਹੋਰ ਘਟਨਾਵਾਂ ਦਾ ਜ਼ਿਕਰ ਕਰਦੇ ਹਨ ਜਿਨ੍ਹਾਂ ਨੂੰ ਅਸੀਂ ਉਕਤ ਬਿਆਨ ਵਿਚ ਛਡ ਦਿੱਤਾ ਹੈ। ਇਹ ਕਿਹਾ ਜਾਂਦਾ ਹੈ ਕਿ ਕਹਲੂਰ ਦਾ ਅਜਮੇਰ ਚੰਦ ਸੁਲਾਹ ਦੇ ਪ੍ਰਣ ਵਿਚ ਬਿਲਕੁਲ ਹੀ ਸਾਫ-ਦਿਲ ਨਹੀਂ ਸੀ ਅਤੇ ਗੁਰੂ ਜੀ

(ਬਾਕੀ ਦਾ ਫੁਟ ਨੋਟ ਅਗਲੇ ਪੰਨੇ ਤੇ)

II. ਚਮਕੌਰ ਅਤੇ ਪਿਛੋਂ

ਇਹ ਕੁਝ ਵੀ ਹੋਵੇ, ਗੁਰੂ ਜੀ ਆਪਣੇ ਥੋੜ੍ਹੇ ਜਿਹੇ ਰਹਿੰਦੇ ਸਿਪਾਹੀਆਂ ਸਮੇਤ ਅਗਾਂਹ ਵਧੇ ਅਤੇ ਕੁਝ ਸਮੇਂ ਪਿਛੋਂ ਉਨ੍ਹਾਂ ਨੇ ਰਾਹ ਵਿਚ ਮਿਲੇ ਇਕ ਟਿਬੇ ਤੇ ਡੇਰਾ ਲਾ ਲਿਆ। ਪਰੰਤੂ ਮੁਸਲਮਾਨਾਂ ਅਤੇ ਪਹਾੜੀ ਰਾਜਿਆਂ ਦੇ ਆਉਣ ਦੀਆਂ ਖਬਰਾਂ ਛੇਤੀ ਹੀ ਪਹੁੰਚ ਗਈਆਂ ਅਤੇ ਗੁਰੂ ਜੀ ਉਦੈ ਸਿੰਘ ਨੂੰ ਪਿੱਛੇ ਛਡਕੇ ਅਗਾਂਹ ਵਧ ਗਏ; ਅਜਿਹਾ ਉਨ੍ਹਾਂ ਨੇ ਸ਼ਾਇਦ ਆਪਣੇ ਪਿਛਾਂਹ ਹਟਣ ਤੇ ਪਰਦਾ ਪਾਉਣ ਲਈ ਕੀਤਾ ਸੀ। ਗੁਰੂ ਜੀ ਫਿਰ ਚਮਕੌਰ ਪਿੰਡ ਕੋਲ ਇਕ ਬਾਗ ਵਿਚ ਪਹੁੰਚੇ ਅਤੇ ਜਦ ਉਥੋਂ ਦੇ ਜ਼ਿਮੀਦਾਰ ਨੂੰ ਇਸ ਦਾ ਪਤਾ ਲਗਾ ਤਾਂ ਉਹ ਆਪ ਗੁਰੂ ਜੀ ਕੋਲ ਆਇਆ ਅਤੇ ਉਨ੍ਹਾਂ ਨੂੰ ਪਿੰਡ ਵਿਚ ਜਾਣ

(ਪਿਛਲੇ ਪੰਨੇ ਦਾ ਬਾਕੀ ਫੁਟ ਨੋਟ)

ਤੇ ਹਮਲਾ ਕਰਨ ਦਾ ਪਹਿਲਾ ਅਵਸਰ ਉਸ ਨੇ ਵਰਤਿਆ। ਸੱਯਦ ਖਾਂ ਬੇਗ ਅਤੇ ਆਲਫ ਖਾਂ, ਪੰਜ ਪੰਜ ਹਜ਼ਾਰ ਸਿਪਾਹੀਆਂ ਦੀ ਅਗਵਾਈ ਤੇ ਲਾਹੌਰ ਤੋਂ ਦਿੱਲੀ ਜਾ ਰਹੇ ਸਨ ਅਤੇ ਕਿਹਾ ਜਾਂਦਾ ਹੈ ਕਿ ਅਜਮੇਰ ਚੰਦ ਨੇ ਉਨ੍ਹਾਂ ਦੀ ਸੇਵਾ ਨੂੰ ਇਕ ਹਜ਼ਾਰ ਰੁਪਏ ਪ੍ਰਤਿ ਦਿਨ ਤੇ ਲੈ ਕੇ ਗੁਰੂ ਜੀ ਵਿਰੁਧ ਵਰਤਿਆ। ਐਪਰ ਸੱਯਦ ਬੇਗ ਨੇ ਜੰਗ ਸ਼ੁਰੂ ਹੋਣ ਸਮੇਂ ਆਪਣੀ ਫੌਜ ਪਿਛਾਂਹ ਹਟਾ ਲਈ ਕਿਉਂਕਿ ਇੰਨੇ ਚਿਰ ਵਿਚ ਉਸ ਨੂੰ ਗੁਰੂ ਜੀ ਬਾਰੇ ਚੰਗੀ ਰਿਪੋਰਟ ਮਿਲ ਚੁੱਕੀ ਸੀ। ਜਦ ਗੁਰੂ ਜੀ ਤੇ ਅਲਫ ਖਾਂ ਵਿਚਕਾਰ ਜੰਗ ਸਿਖਰ ਤੇ ਸੀ ਤਾਂ ਸੱਯਦ ਬੇਗ ਨੇ ਸਿੱਖਾਂ ਦੀ ਸਹਾਇਤਾ ਕੀਤੀ ਅਤੇ ਅਲਫ ਖਾਂ ਦੀ ਹਾਰ ਤੋਂ ਮਗਰੋਂ "ਉਹ ਗੁਰੂ ਜੀ ਦਾ ਇਕ ਭਰੋਸੇਯੋਗ ਅਤੇ ਸ਼ਕਤੀ-ਸ਼ਾਲੀ ਸਾਥੀ ਬਣ ਗਿਆ।" ਫਿਰ ਅਜਮੇਰ ਚੰਦ ਨੇ ਕੁਝ ਆਪਣੇ ਭਰਾ ਰਾਜਿਆਂ ਨੂੰ ਉਕਸਾਇਆ ਅਤੇ ਗਠ-ਜੋੜ ਕਰਕੇ ਗੁਰੂ ਜੀ ਵਿਰੁਧ ਅਨੰਦਪੁਰ ਤੇ ਹਮਲਾ ਕਰ ਦਿੱਤਾ। ਫਿਰ ਹਾਰ ਜਾਣ ਤੇ ਉਸ ਨੇ ਬਾਦਸ਼ਾਹ ਕੋਲ ਅਪੀਲ ਕੀਤੀ ਅਤੇ ਸੱਯਦ ਖਾਂ ਅਧੀਨ ਗੁਰੂ ਜੀ ਨੂੰ ਈਨ ਮਨਾਉਣ ਲਈ ਭਾਰੀ ਫੌਜ ਭੇਜੀ ਗਈ। ਸਾਨੂੰ ਦਸਿਆ ਗਿਆ ਹੈ ਕਿ ਇਹ ਸੱਯਦ ਖਾਂ ਮਨੋਂ ਗੁਰੂ ਜੀ ਦਾ ਸ਼ਰਧਾਲੂ ਸੀ। ਅੱਜ ਜਦ ਉਸ ਨੂੰ ਪਤਾ ਲੱਗਾ ਕਿ ਗੁਰੂ ਜੀ ਵਿਰੁਧ ਮੁਹਿੰਮ ਭੇਜੀ ਜਾ ਰਹੀ ਹੈ ਤਾਂ ਉਸ ਨੇ ਇਸ ਦੀ ਕਮਾਨ ਲੈ ਲਈ। ਇਸ ਪਿਛੋਂ ਹੋਈ ਲੜਾਈ ਦੇ ਪਹਿਲੇ ਦੌਰਾਂ ਵਿਚ ਸੱਯਦ ਬੇਗ ਇਕ ਪਹਾੜੀ ਰਾਜੇ ਨੂੰ ਮਾਰ ਕੇ ਮਰ ਗਿਆ। ਫਿਰ ਮੁਠ ਭੇੜ ਹੋਈ ਅਤੇ ਛੇਤੀ ਹੀ ਇਕ ਅਲੌਕਾਰ ਘਟਨਾ ਵਾਪਰੀ। ਗੁਰੂ ਜੀ ਨੂੰ ਦੂਰੋਂ ਦੇਖ ਕੇ ਸੱਯਦ ਪ੍ਰਤੱਖ ਰੂਪ ਵਿਚ ਪ੍ਰਭਾਵਿਤ ਹੋਇਆ ਅਤੇ ਗੁਰੂ ਜੀ ਕੋਲ ਆ ਕੇ ਉਨ੍ਹਾਂ ਦੇ ਪੈਰਾਂ ਉਤੇ ਢਹਿ ਪਿਆ। ਪਰੰਤੂ ਭਾਵੇਂ ਸੱਯਦ ਖਾਂ ਨੇ ਆਪਣੀ ਫੌਜ ਨੂੰ ਭੇਜ ਦਿੱਤਾ ਪਰ ਫਿਰ ਵੀ ਰਮਜ਼ਾਨ ਖਾਂ ਦੀ ਕਮਾਨ ਹੇਠ ਲੜਾਈ ਹੁੰਦੀ ਰਹੀ ਅਤੇ ਸਿੱਖਾਂ ਨੂੰ ਇਸ ਦਾ ਟਾਕਰਾ ਕਰਨਾ ਅਸੰਭਵ ਹੋ ਰਿਹਾ ਸੀ। ਮੁਸਲਮਾਨਾਂ ਨੇ ਅਨੰਦਪੁਰ ਤੇ ਕਬਜ਼ਾ ਕਰ ਲਿਆ ਅਤੇ ਗੁਰੂ ਜੀ ਦਾ ਧਨ ਮਾਲ ਲੁਟ ਕੇ ਸਰਹਿੰਦ ਵਲ ਨੂੰ ਪਰਤ ਗਏ। ਸਿੱਖਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਅਤੇ ਉਨ੍ਹਾਂ ਨੂੰ ਹਰਾ ਕੇ ਲੁਟ-ਮਾਰ ਦਾ ਮਾਲ ਵਾਪਸ ਲੈ ਆਂਦਾ ਜੋ ਕਿ ਉਨ੍ਹਾਂ ਨੇ ਅਨੰਦਪੁਰੋਂ ਖੜਿਆ ਸੀ। ਕਿਉਂਕਿ ਸੈਨਾ ਪਤ ਲਗਭਗ ਦੋ ਸਾਲ ਦੇ ਸਮੇਂ ਦਾ ਸ਼ਾਂਤੀ ਕਾਲ ਨਿਸ਼ਚਿਤ ਤੌਰ ਤੇ ਦਸਦਾ ਹੈ (ਗੁਰ ਸੋਭਾ, xi, 4)। ਸਾਨੂੰ ਇਨ੍ਹਾਂ ਘਟਨਾਵਾਂ ਲਈ ਕੋਈ ਥਾਂ ਨਹੀਂ ਦਿਸਦੀ ਜਿਹੜੀਆਂ ਕਿ ਪਿਛਲੇਰੇ ਯੁੱਗ ਦੀਆਂ ਪਵਿੱਤਰ ਮਨਘੜਤਾਂ ਕਹੀਆਂ ਜਾ ਸਕਦੀਆਂ ਹਨ। (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 153-155, 162-164)।

ਲਈ ਬੇਨਤੀ ਕੀਤੀ ।[1] ਇਸ ਪਿਛੋਂ ਗੁਰੂ ਜੀ ਚਮਕੌਰ ਟਿਕ ਗਏ ਅਤੇ ਇਸ ਸੰਬੰਧੀ ਸਾਰੇ ਸਿੱਖਾਂ ਨੂੰ ਸੂਚਿਤ ਕਰਨ ਹਿਤ ਸਾਰੇ ਪਾਸੇ ਸੰਦੇਸ਼ ਭਿਜਵਾਏ ਗਏ । ਏਨੇ ਚਿਰ ਨੂੰ ਪਹਾੜੀ ਰਾਜੇ ਅਤੇ ਮੁਸਲਮਾਨ ਅਗਾਂਹ ਵਧਦੇ ਹੋਏ ਰਾਹ ਵਿਚ ਉਦੈ ਸਿੰਘ ਨੂੰ ਜਾ ਮਿਲੇ । ਘਮਸਾਨ ਦੀ ਜੰਗ ਹੋਈ ਜਿਸ ਵਿਚ ਉਦੈ ਸਿੰਘ ਅਤੇ ਉਸ ਦੇ ਸਾਥੀ ਤਿੰਨ ਘੰਟੇ ਬਹਾਦਰੀ ਅਤੇ ਨਿਪੁੰਨਤਾ ਨਾਲ ਲੜਦੇ ਰਹੇ ਪਰੰਤੂ ਉਨ੍ਹਾਂ ਨੂੰ ਬਹੁ-ਸੰਖਿਆ ਨੇ ਕਾਬੂ ਕਰ ਲਿਆ ਅਤੇ ਟੁਕੜੇ ਟੁਕੜੇ ਕਰ ਦਿੱਤੇ ਗਏ ।[2] ਸਾਂਝੀ ਫੌਜ ਫਿਰ ਚਮਕੌਰ ਆਈ ਅਤੇ ਇਸ ਨੂੰ ਚਾਰੇ ਪਾਸਿਆਂ ਤੋਂ ਘੇਰ ਲਿਆ । ਇਸ ਪਿਛੋਂ ਜੋ ਜੰਗ ਹੋਈ ਉਹ ਨਿਰੋਲ ਬਹਾਦਰੀ ਅਤੇ ਸਹਿਨਸ਼ੀਲਤਾ ਦੇ ਦ੍ਰਿਸ਼ਟੀਕੋਣ ਤੋਂ ਆਪਣਾ ਕੋਈ ਜੋੜ ਨਹੀਂ ਰਖਦੀ । ਜ਼ਫਰਨਾਮਾ[3] ਅਤੇ ਪਿਛਲੇਰੀਆਂ ਸਿੱਖ ਲਿਖਤਾਂ ਦਸਦੀਆਂ ਹਨ ਕਿ ਗੁਰੂ ਜੀ ਨਾਲ ਸਿਰਫ ਚਾਲੀ ਸਾਥੀ ਸਨ । ਸੈਨਾ ਪਤ ਪੂਰੀ ਗਿਣਤੀ ਨਹੀਂ ਦਸਦਾ ਪਰੰਤੂ ਇਹ ਸਪੱਸ਼ਟ ਹੈ ਕਿ ਘੇਰਾ ਪਾਉਣ ਵਾਲੀ ਬਹੁਤ ਭਾਰੀ ਫੌਜ ਦੇ ਮੁਕਾਬਲੇ ਤੇ ਗੁਰੂ ਜੀ ਦੀ ਫੌਜ ਬਹੁਤ ਹੀ ਥੋੜ੍ਹੀ ਸੀ । ਪਰੰਤੂ ਫਿਰ ਵੀ ਗੁਰੂ ਜੀ ਦੇ ਸਿਪਾਹੀਆਂ ਵਿਚ ਹਾਰੂ ਭਾਵ ਨਹੀਂ ਸਨ । ਟੋਲੀਆਂ ਬੰਨ੍ਹ ਬੰਨ੍ਹ ਸਿੱਖ ਅਟੱਲ ਮੌਤ ਨੂੰ ਅਪਨਾਉਣ ਲਈ ਅਗਾਂਹ ਵਧਦੇ ਸਨ ਪਰ ਕਦੇ ਡੋਲਦੇ ਜਾਂ ਝੇਪਦੇ ਨਹੀਂ ਸਨ । ਗੁਰੂ ਜੀ ਤੋਂ ਇਲਾਵਾ, ਸੈਨਾ ਪਤ ਜਿਨ੍ਹਾਂ ਦਾ ਵਿਅਕਤੀਗਤ ਵਰਣਨ ਕਰਦਾ ਹੈ, ਉਹ

---

1. ਗੁਰ ਸੋਭਾ, xii, 7

ਮੈਕਾਲਿਫ ਕਹਿੰਦਾ ਹੈ ਕਿ ਗੁਰੂ ਜੀ ਨੇ ਪਹਿਲਾਂ ਇਕ ਬਾਗ ਵਿਚ ਓਟ ਲਈ ਅਤੇ "ਇਕ ਜੱਟ ਕਿਸਾਨ ਨੂੰ ਆਰਾਮ ਕਰਨ ਲਈ ਥਾਂ ਲਈ ਆਖਿਆ । ਜੱਟ ਨੇ ਉਨ੍ਹਾਂ ਨੂੰ ਬਹਾਨਿਆਂ ਨਾਲ ਟਾਲਣ ਦਾ ਯਤਨ ਕੀਤਾ ਪਰੰਤੂ ਗੁਰੂ ਜੀ ਨੇ ਕੁਝ ਸਮੇਂ ਲਈ ਉਸ ਨੂੰ ਗ੍ਰਿਫਤਾਰ ਕਰ ਲਿਆ । ਫਿਰ ਉਸ ਜੱਟ ਦਾ ਘਰ ਸਾਂਭ ਲਿਆ ਅਤੇ ਉਸ ਨੂੰ ਗੜੀ ਵਿਚ ਬਦਲ ਦਿੱਤਾ ਜਿਥੇ ਉਨ੍ਹਾਂ ਨੇ ਆਪਣੇ ਬੰਦਿਆਂ ਸਮੇਤ ਸ਼ਰਨ ਲਈ ।" (ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 186) । ਦੂਜੇ ਪਾਸੇ ਸੁਖਾ ਸਿੰਘ ਕਹਿੰਦਾ ਹੈ ਕਿ ਚਮਕੌਰ ਪਹੁੰਚ ਕੇ ਗੁਰੂ ਜੀ ਨੇ ਉਥੋਂ ਦੇ ਜਗੀਰਦਾਰ ਨੂੰ ਠਹਿਰਣ ਲਈ ਕੁਝ ਜਗਾਹ ਲਈ ਆਖਿਆ । ਜ਼ਿਮੀਦਾਰ ਦੇ ਇਨਕਾਰ ਕਰਨ ਤੇ ਗੁਰੂ ਜੀ ਨੇ ਜ਼ਬਰਦਸਤੀ ਉਸ ਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ ਅਤੇ ਜ਼ਿਮੀਦਾਰ ਨੂੰ ਕੈਦ ਕਰ ਲਿਆ (ਗੁਰ ਬਿਲਾਸ, xxi) । ਸੂਰਜ ਪ੍ਰਕਾਸ਼ ਵਿਚ ਦਿੱਤਾ ਬਿਰਤਾਂਤ ਫਿਰ ਕੁਝ ਭਿੰਨ ਹੈ । ਪਰੰਤੂ ਇਹ ਪ੍ਰਤੱਖ ਹੈ ਕਿ ਜਿਸ ਥਾਂ ਗੁਰੂ ਜੀ ਠਹਿਰੇ ਸਨ ਉਸ ਨੂੰ ਕਿਲ੍ਹਾ ਨਹੀਂ ਕਿਹਾ ਜਾ ਸਕਦਾ ਸੀ । ਇਹ ਕੱਚਾ ਬਣਿਆ ਹੋਇਆ ਸੀ ਜਿਸ ਨੂੰ ਗੁਰੂ ਜੀ ਨੇ, ਜਿੰਨਾ ਕੁ ਉਹ ਕਰ ਸਕਦੇ ਸਨ, ਸੁਰੱਖਿਆ ਲਈ ਵਰਤ ਲਿਆ ।

2. ਭਾਈ ਸੁਖਾ ਸਿੰਘ ਕਹਿੰਦਾ ਹੈ ਕਿ ਅਨੰਦਪੁਰ ਛਡ ਕੇ ਗੁਰੂ ਜੀ ਕੀਰਤਪੁਰ ਗਏ ਅਤੇ ਸਾਰੇ ਰਸਤੇ ਵਿਚ ਲੜਦੇ ਗਏ । ਫਿਰ ਉਹ ਨਿਰਮੋਹ ਰਾਹੀਂ ਸਰਸੇ ਲਾਗੇ ਪਹੁੰਚੇ ਅਤੇ ਸਰਸੇ ਲਾਗੇ ਹੀ ਉਦੈ ਸਿੰਘ ਦੀ ਲੜਾਈ ਹੋਈ । ਕਿਹਾ ਜਾਂਦਾ ਹੈ ਕਿ ਪਿਛੋਂ ਹੋਈ ਗੜਬੜ ਵਿਚ ਗੁਰੂ ਜੀ ਦੀ ਪਾਰਟੀ ਖਿੰਡ ਗਈ, ਉਨ੍ਹਾਂ ਦੀਆਂ ਦੋ ਪਤਨੀਆਂ, ਮਾਤਾ ਸੁੰਦਰੀ ਅਤੇ ਸਾਹਿਬ ਕੌਰ, ਇਕ ਪਾਸੇ ਚਲੀਆਂ ਗਈਆਂ ਅਤੇ ਉਨ੍ਹਾਂ ਦੀ ਮਾਤਾ ਗੁਜਰੀ ਆਪਣੇ ਦੋ ਛੋਟੇ ਪੋਤਿਆਂ ਸਮੇਤ ਕਿਸੇ ਹੋਰ ਪਾਸੇ ਚਲੀ ਗਈ । (ਗੁਰਬਿਲਾਸ xxi, ਕਰਤਾਰ ਸਿੰਘ, ਉਪਰੋਕਤ ਰਚਨਾ, ਪੰਨਾ 180 ਵੀ ਦੇਖੋ) ।

3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 202

ਗੁਰੂ ਜੀ ਦੇ ਦੋ ਵੱਡੇ ਸਾਹਬਜ਼ਾਦੇ ਅਜੀਤ ਸਿੰਘ ਅਤੇ ਜ਼ੋਰਾਵਰ ਸਿੰਘ ਸਨ ਅਤੇ ਇਕ ਸੰਤ ਸਿੰਘ ਨਾਂ ਦਾ ਸਿੱਖ ਸੀ। ਇਹ ਸ਼ਾਹੀ ਫੌਜਾਂ ਵਿਚ ਤਬਾਹੀ ਮਚਾਉਂਦੇ ਹੋਏ ਇਕ ਦੂਜੇ ਪਿਛੋਂ ਲੜਦੇ ਲੜਦੇ ਸ਼ਹੀਦ ਹੋ ਗਏ ਅਤੇ ਅੰਤ ਗੁਰੂ ਜੀ ਆਪ ਲੜਾਈ ਵਿਚ ਜੁਟ ਪਏ। ਪਰੰਤੂ ਹੁਣ ਹੋਰ ਕੁਝ ਨਹੀਂ ਕੀਤਾ ਜਾ ਸਕਦਾ ਸੀ ਅਤੇ ਗੁਰੂ ਜੀ ਚੁਪਕੇ ਜਿਹੇ, ਸਾਂਝੀ ਫੌਜ ਦੀਆਂ ਅੱਖਾਂ ਵਿਚ ਘਟਾ ਪਾ ਕੇ, ਉਥੋਂ ਨਿਕਲ ਗਏ, ਜਿਹੜੀ ਕਿ ਉਨ੍ਹਾਂ ਨੂੰ ਪਕੜਨ ਜਾਂ ਉਨ੍ਹਾਂ ਦੀ ਮੌਤ ਦੀ ਬੜੀ ਬੇਸਬਰੀ ਨਾਲ ਉਡੀਕ ਕਰ ਰਹੀ ਸੀ।[1]

ਸਾਰੇ ਪਾਸੇ ਮੁਸਲਮਾਨਾਂ ਦੇ ਭਾਲ ਕਰਨ ਦੇ ਬਾਵਜੂਦ ਵੀ ਗੁਰੂ ਜੀ ਕਿਸੇ ਤਰ੍ਹਾਂ ਮਾਛੀਵਾੜੇ[2] ਪਹੁੰਚ ਗਏ। "ਇਹ ਕਸਬਾ ਸਤਲੁਜ ਦੇ ਪੱਤਣ ਤੋਂ ਪਾਰ ਅਤੇ ਲੁਧਿਆਣੇ ਤੋਂ 22 ਮੀਲ ਪੂਰਬ ਵਲ ਸੀ।" ਉਥੇ ਉਹ ਦੋ ਮਸੰਦਾਂ, ਗੁਲਾਬਾ ਅਤੇ ਪੰਜਾਬਾ ਕੋਲ ਰਹੇ ਜਿਨ੍ਹਾਂ ਨੇ ਬੜੀ ਨਿਮਰਤਾ ਸਹਿਤ ਸੁਆਗਤ ਕੀਤਾ ਅਤੇ ਖਾਣ ਲਈ ਬੱਕਰੇ ਦਾ ਮਾਸ ਪੇਸ਼ ਕੀਤਾ। ਪਰੰਤੂ ਉਹ ਛੇਤੀ ਹੀ ਗੁਰੂ ਜੀ ਵਰਗੇ ਵਿਅਕਤੀ ਨੂੰ ਆਪਣੇ ਪਾਸ ਰੱਖਣ ਦੇ ਸਿੱਟਿਆਂ ਤੋਂ ਡਰ ਗਏ ਅਤੇ ਉਨ੍ਹਾਂ ਨੇ ਆਪਣੇ ਡਰ ਬਾਰੇ ਗੁਰੂ ਜੀ ਨੂੰ ਸਪੱਸ਼ਟ ਕਹਿ ਦਿੱਤਾ। ਚੰਗੇ ਭਾਗਾਂ ਨੂੰ ਇਸ ਸੰਕਟ ਸਮੇਂ ਉਥੇ ਦੋ ਆਦਮੀ ਨਬੀ ਖਾਂ ਅਤੇ ਗਨੀ ਖਾਂ ਆ ਗਏ ਜਿਨ੍ਹਾਂ ਨੇ ਅਨੰਦਪੁਰ ਗੁਰੂ ਜੀ ਕੋਲ ਘੋੜੇ ਵੇਚੇ ਸਨ ਅਤੇ ਗੁਰੂ ਜੀ ਦੇ ਮਿੱਤਰ ਸਨ। ਗੁਰੂ ਜੀ ਨੇ ਉਨ੍ਹਾਂ ਨੂੰ ਨੀਲੇ ਬਸਤਰ ਲਿਆਉਣ ਲਈ ਕਿਹਾ ਅਤੇ ਇਕ ਪੀਰ ਦਾ ਭੇਸ ਧਾਰ ਲਿਆ। ਫਿਰ ਨਬੀ ਖਾਂ ਅਤੇ ਗਨੀ ਖਾਂ ਉਨ੍ਹਾਂ ਨੂੰ ਪਾਲਕੀ ਵਿਚ ਬਿਠਾ ਕੇ ਲੈ ਗਏ ਅਤੇ ਉਨ੍ਹਾਂ ਦੇ ਆਪਣੇ ਸੇਵਕਾਂ ਅਤੇ ਸਾਰੇ ਪੁਛ ਗਿਛ ਕਰਨ ਵਾਲਿਆਂ ਨੂੰ ਦਸਿਆ ਗਿਆ ਕਿ ਉਹ ਉਚ ਦੇ ਪੀਰ ਹਨ।[3] ਇਸ ਤਰ੍ਹਾਂ ਜਾਸੂਸਾਂ ਨੂੰ ਧੋਖਾ ਦੇ ਕੇ ਗੁਰੂ ਜੀ ਕਨੇਚ ਪਹੁੰਚ ਗਏ "ਜੋ ਕਿ ਵਰਤਮਾਨ ਲੁਧਿਆਣਾ ਜ਼ਿਲੇ ਦਾ ਪੂਰਬੀ ਭਾਗ ਹੈ।" ਉਥੋਂ ਉਹ ਹੈਤਾਰ ਗਏ ਜਿਥੇ ਨਬੀ ਖਾਂ ਅਤੇ ਗਨੀ ਖਾਂ ਨੇ ਉਨ੍ਹਾਂ ਤੋਂ ਛੁੱਟੀ ਲਈ। ਦਸਿਆ ਜਾਂਦਾ ਹੈ ਕਿ ਗੁਰੂ ਜੀ ਨੇ ਉਨ੍ਹਾਂ ਨੂੰ ਤੁਹਫੇ ਦਿੱਤੇ ਅਤੇ ਇਕ ਪ੍ਰਮਾਣ ਪੱਤਰ ਦਿੱਤਾ ਜਿਸ ਵਿਚ ਉਨ੍ਹਾਂ ਦੀ ਕੀਤੀ

---

1. ਅੰਪਰ ਗੁਰ ਬਿਲਾਸ ਵਿਚ ਕਿਹਾ ਗਿਆ ਹੈ ਕਿ ਸੰਤ ਸਿੰਘ ਨੂੰ, ਜਿਸ ਦੀ ਸ਼ਕਲ ਗੁਰੂ ਜੀ ਨਾਲ ਮਿਲਦੀ ਸੀ, ਗੁਰੂ ਜੀ ਦੇ ਕਪੜੇ ਅਤੇ ਸ਼ਸਤਰ ਪਹਿਨਾ ਕੇ ਚਮਕੌਰ ਛਡ ਦਿੱਤਾ ਗਿਆ ਜਦ ਕਿ ਗੁਰੂ ਜੀ ਉਥੋਂ ਚੁਪ ਚਾਪ ਨਿਕਲ ਗਏ। ਸੰਤ ਸਿੰਘ ਅਤੇ ਉਸ ਦੇ ਸਾਥੀ ਲੜਦੇ ਅੰਤ ਵਿਚ ਮਾਰੇ ਗਏ ਅਤੇ ਮੁਸਲਮਾਨਾਂ ਨੇ ਸੰਤ ਸਿੰਘ ਨੂੰ ਗੁਰੂ ਜਾਣਕੇ ਉਸ ਦਾ ਸਿਰ ਕੱਟ ਦਿੱਤਾ ਪਰੰਤੂ ਪੁਰਾਣੇ ਜਰਨੈਲਾਂ ਨੂੰ ਛੇਤੀ ਹੀ ਗਲਤੀ ਦਾ ਪਤਾ ਲੱਗ ਗਿਆ। (ਗੁਰ ਬਿਲਾਸ, xxi। ਦੇਖੋ ਮੈਕਾਲਿਫ ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 190)।
2. ਇਥੋਂ ਲੈ ਕੇ ਗੁਰੂ ਜੀ ਦੇ ਦਮਦਮੇ ਤੋਂ ਦੱਖਣ ਵਲ ਜਾਣ ਤਕ ਸੈਨਾ ਪਤ ਦਾ ਵਰਣਨ ਅਤਿ ਸੰਖੇਪ ਹੈ, ਇਸ ਲਈ ਅਸੀਂ ਖਾਸ ਕਰਕੇ ਇਥੇ ਮੈਕਾਲਿਫ ਅਤੇ ਗੁਰ ਬਿਲਾਸ ਨੂੰ ਅਪਨਾਇਆ ਹੈ।
3. 'ਉਚ ਕਾ ਪੀਰ' ਦੇ ਅਰਥ ਜਾਂ ਤਾਂ ਸਾਧਾਰਨ ਮਜ਼ਬੀ ਉਪਾਧੀ ਦੇ ਤੌਰ ਤੇ ਉੱਚੇ ਪੀਰ ਦੇ ਹਨ ਜਾਂ ਉਚ ਦਾ ਪੀਰ ਦੇ ਹਨ ਜੋ ਕਿ ਉੱਤਰੀ ਪੰਜਾਬ ਵਿਚ ਇਕ ਪ੍ਰਸਿੱਧ ਮੁਸਲਮਾਨ ਸ਼ਹਿਰ ਹੈ।" (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 192)।

ਸਹਾਇਤਾ ਦਾ ਵਰਣਨ ਸੀ। ਗੁਰੂ ਜੀ ਫਿਰ ਅਗਾਂਹ ਵਧਦੇ ਹੋਏ ਜੱਟਪੁਰੇ ਪਹੁੰਚੇ ਜਿਥੇ ਉਨ੍ਹਾਂ ਨੂੰ ਸਰਹਿੰਦ ਵਿਚ ਖੇਡੇ ਗਏ ਦੁਖਾਂਤ ਦਾ ਪਤਾ ਲੱਗਾ।

ਇਹ ਪਹਿਲੇ ਵੀ ਕਿਹਾ ਜਾ ਚੁਕਿਆ ਹੈ ਕਿ ਸਰਸੇ ਲਾਗੇ ਹੋਈ ਜੰਗ ਮਗਰੋਂ ਹੋਈ ਗੜਬੜ ਵਿਚ ਗੁਰੂ ਜੀ ਦੀ ਮਾਤਾ ਗੁਜਰੀ ਆਪਣੇ ਦੋ ਛੋਟੇ ਪੋਤਿਆਂ ਝੁਜਾਰ ਸਿੰਘ ਅਤੇ ਫਤਹਿ ਸਿੰਘ ਸਮੇਤ, ਗੁਰੂ ਜੀ ਦੀ ਟੋਲੀ ਤੋਂ ਵਿਛੜ ਗਈ ਸੀ ਅਤੇ ਉਨ੍ਹਾਂ ਨੇ ਗੁਰੂ ਜੀ ਦੇ ਪੁਰਾਣੇ ਰਸੋਈਏ ਇਕ ਬ੍ਰਾਹਮਣ ਕੋਲ ਸ਼ਰਨ ਲਈ ਜੋ ਕਿ ਸਰਹਿੰਦ ਲਾਗੇ ਖੇੜੀ ਨਾਂ ਦੇ ਪਿੰਡ ਦਾ ਰਹਿਣ ਵਾਲਾ ਸੀ। ਇਨ੍ਹਾਂ ਨੂੰ ਸਰਹਿੰਦ ਦੇ ਨਵਾਬ ਦੇ ਹਵਾਲੇ ਕਰਨ ਕਰਕੇ ਇਨਾਮ ਪ੍ਰਾਪਤ ਕਰਨ ਦੀ ਆਸ ਵਿਚ ਬ੍ਰਾਹਮਣ ਨੇ ਖੇੜੀ ਦੇ ਚੌਧਰੀ ਨੂੰ ਵਿਸ਼ਵਾਸ ਵਿਚ ਲਿਆ ਅਤੇ ਫਿਰ ਦੋਨੋਂ ਉਸ ਤੋਂ ਵੱਡੇ ਅਫਸਰ ਗਵਰਨਰ ਕੋਲ ਪਹੁੰਚੇ। ਗਵਰਨਰ ਬ੍ਰਾਹਮਣ ਦੇ ਘਰ ਆਇਆ ਅਤੇ ਗੁਰੂ ਜੀ ਦੀ ਮਾਤਾ ਅਤੇ ਉਨ੍ਹਾਂ ਦੇ ਦੋਹਾਂ ਪੋਤਿਆਂ ਨੂੰ ਸਰਹਿੰਦ ਦੇ ਵਜ਼ੀਰ ਖਾਂ ਕੋਲ ਲੈ ਗਿਆ, ਜਿਸ ਨੇ ਉਨ੍ਹਾਂ ਨੂੰ ਇਕ ਬੁਰਜ ਵਿਚ ਕੈਦ ਕਰ ਦੇਣ ਦਾ ਹੁਕਮ ਦਿੱਤਾ। ਅਗਲੇ ਦਿਨ ਦੋਵੇਂ ਸਾਹਿਬਜ਼ਾਦੇ ਵਜ਼ੀਰ ਖਾਂ ਸਾਮ੍ਹਣੇ ਪੇਸ਼ ਕੀਤੇ ਗਏ ਅਤੇ ਉਨ੍ਹਾਂ ਨੂੰ ਕਿਹਾ ਗਿਆ ਕਿ ਜੇਕਰ ਉਹ ਆਪਣੀਆਂ ਜਾਨਾਂ ਬਚਾਉਣਾ ਚਾਹੁੰਦੇ ਹਨ ਤਾਂ ਇਸਲਾਮ ਕਬੂਲ ਕਰਨ। ਸਾਹਿਬਜ਼ਾਦਿਆਂ ਨੇ ਆਪਣੇ ਮਾਤਾ ਪਿਤਾ ਦੀ ਸ਼ਾਨ ਦੇ ਯੋਗ ਉੱਤਰ ਦਿੱਤਾ ਅਤੇ ਵਜ਼ੀਰ ਖਾਂ ਨੇ ਉਨ੍ਹਾਂ ਨੂੰ ਮੌਤ ਦੇ ਘਾਟ ਉਤਾਰ ਦੇਣ ਦਾ ਹੁਕਮ ਦੇ ਦਿੱਤਾ। ਇਹ ਕਿਹਾ ਜਾਂਦਾ ਸੀ ਕਿ ਸੂਬੇਦਾਰ ਨੂੰ ਇਕ ਸੁਚਾ ਨੰਦ ਨਾਮੀ ਖਤਰੀ ਨੇ ਉਕਸਾਇਆ ਸੀ, ਜਿਸ ਦੀ ਗੁਰੂ ਜੀ ਨਾਲ ਲਾਗਬਾਜ਼ੀ ਸੀ ਅਤੇ ਜਿਸ ਨੇ ਹੁਣ ਨੀਚਤਾ ਨਾਲ ਇਸ ਅਵਸਰ ਨੂੰ ਆਪਣਾ ਬਦਲਾ ਲੈਣ ਲਈ ਚੁਣਿਆ। ਭਾਵੇਂ ਮਲੇਰਕੋਟਲੇ ਦੇ ਨਵਾਬ ਨੇ ਦੋਹਾਂ ਲੜਕਿਆਂ ਦੀ ਜਾਨ ਬਚਾਉਣ ਲਈ ਯਤਨ ਕੀਤਾ ਪਰੰਤੂ ਵਜ਼ੀਰ ਖਾਂ ਆਪਣੇ ਹੁਕਮ ਤੇ ਅੜਿਆ ਰਿਹਾ ਅਤੇ ਦੋਨਾਂ ਲੜਕਿਆਂ ਨੂੰ, ਜਿਨ੍ਹਾਂ ਦੀ ਆਯੂ ਨੌਂ ਸਾਲ ਅਤੇ ਸੱਤ ਸਾਲ ਸੀ, ਬੜੀ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ। ਜਦ ਗੁਰੂ ਜੀ ਦੀ ਮਾਤਾ ਨੂੰ ਇਸ ਵਰਤਾਰੇ ਦਾ ਪਤਾ ਲੱਗਾ ਤਾਂ ਉਹ ਬੇਹੋਸ਼ ਹੋ ਕੇ ਢਹਿ ਪਈ ਅਤੇ ਫਿਰ ਕਦੇ ਨਾ ਉਠੀ।[1]

ਸਿੱਖ ਲਿਖਤਾਂ ਵਿਚ ਵਰਣਿਤ ਹੈ ਕਿ ਗੁਰੂ ਜੀ ਨੇ ਇਸ ਖਬਰ ਨੂੰ ਬੜੇ ਸ਼ਾਂਤ ਸੁਭਾਅ ਨਾਲ ਸੁਣਿਆ ਅਤੇ ਆਪਣੇ ਮਾਰਗਾਂ ਤੇ ਅਗਾਂਹ ਵਧ ਗਏ ਜਿਵੇਂ ਕਿ ਕੁਝ ਵਾਪਰਿਆ ਹੀ

---

1. ਮੈਕਾਲਿਫ ਲਿਖਦਾ ਹੈ: "ਸਿੱਖਾਂ ਵਿਚ ਇਹ ਆਮ ਵਿਸ਼ਵਾਸ ਹੈ ਕਿ ਬੱਚਿਆਂ ਨੂੰ ਦੀਵਾਰ ਵਿਚ ਚਿਣਿਆ ਗਿਆ ਅਤੇ ਇਸ ਹਾਲਾਤ ਵਿਚ ਉਨ੍ਹਾਂ ਦੀ ਮੌਤ ਹੋ ਗਈ ਪਰੰਤੂ ਸੂਰਜ ਪ੍ਰਕਾਸ਼ ਅਤੇ ਗੁਰ ਬਿਲਾਸ ਦੇ ਲੇਖਕ ਕਹਿੰਦੇ ਹਨ ਕਿ ਬੱਚਿਆਂ ਨੂੰ ਉਨ੍ਹਾਂ ਦੀ ਆਯੂ ਅਨੁਸਾਰ, ਗਿਲਜ਼ਈ ਜਲਾਦ ਨੇ ਤਲਵਾਰ ਨਾਲ ਮੌਤ ਦੇ ਘਾਟ ਉਤਾਰਿਆ ਸੀ।" (ਉਪਰੋਕਤ ਰਚਨਾ, ਸੈਂਚੀ ਪੰਜਵੀਂ ਪੰਨਾ 198)। ਸੈਨਾ ਪਤ ਕੇਵਲ ਏਨਾ ਹੀ ਕਹਿੰਦਾ ਹੈ ਕਿ ਜੁਝਾਰ ਸਿੰਘ ਨੇ ਉਚਿਤ ਜੁਆਬ ਦੇ ਕੇ ਨਵਾਬ ਅਤੇ ਉਸ ਦੇ ਦਰਬਾਰੀਆਂ ਨੂੰ ਬੜੀ ਔਖ ਵਿਚ ਪਾ ਦਿੱਤਾ ਅਤੇ ਦੋਹਾਂ ਬੱਚਿਆਂ ਨੇ ਆਪਣੇ ਦਾਦੇ ਵਾਂਗ ਧਰਮ ਖਾਤਰ ਸ਼ਹੀਦੀ ਦਾ ਮਾਰਗ ਚੁਣਿਆ ਸੀ। (ਗੁਰ ਸੋਭਾ, xii, 73. 74)। ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 88 ਵੀ ਦੇਖੋ।

ਨਹੀਂ ਹੁੰਦਾ। ਪਿਛਾਂਹ ਹਟਦੇ ਹੋਏ ਉਹ ਦੀਨੇ ਪਹੁੰਚੇ ਜਿਥੇ ਸ਼ਮੀਰਾ ਅਤੇ ਉਸ ਦੇ ਭਰਾਵਾਂ ਨੇ ਬੜੀ ਪ੍ਰਹੁਣਾਚਾਰੀ ਨਾਲ ਉਨ੍ਹਾਂ ਦਾ ਸੁਆਗਤ ਕੀਤਾ। ਇਹ ਜੋਧ ਰਾਏ ਦੇ ਪੋਤੇ ਸਨ ਜਿਸ ਨੇ ਗੁਰੂ ਹਰਿਗੋਬਿੰਦ ਨੂੰ ਇਕ ਮੌਕੇ ਸਹਾਇਤਾ ਦਿੱਤੀ ਸੀ। ਇਥੇ ਦੀਨੇ ਹੀ ਗੁਰੂ ਜੀ ਨੇ ਔਰੰਗਜ਼ੇਬ ਨੂੰ ਆਪਣਾ ਪੱਤਰ ਲਿਖਿਆ ਅਤੇ ਇਸ ਨੂੰ ਦਇਆ ਸਿੰਘ ਅਤੇ ਧਰਮ ਸਿੰਘ ਦੇ ਹੱਥ ਬਾਦਸ਼ਾਹ ਕੋਲ ਭੇਜਿਆ। ਫਿਰ ਗੁਰੂ ਜੀ ਇਥੋਂ ਅੱਗੇ ਚਲੇ ਗਏ ਅਤੇ ਕੋਟਕਪੂਰੇ ਪਹੁੰਚੇ, ਜਿਥੇ ਉਨ੍ਹਾਂ ਨੇ ਸਥਾਨਕ ਕਿਲ੍ਹੇ ਦੇ ਮਾਲਕ ਨੂੰ ਕਿਲ੍ਹਾ ਉਨ੍ਹਾਂ ਦੇ ਹਵਾਲੇ ਕਰਨ ਲਈ ਕਿਹਾ। ਇਸ ਤੋਂ ਇਨਕਾਰ ਹੋਣ ਤੇ, ਅਤੇ ਵਜ਼ੀਰ ਖਾਂ ਦੀਆਂ ਫੌਜਾਂ ਦੇ ਆਉਣ ਦੀ ਖਬਰ ਮਿਲਣ ਤੇ, ਗੁਰੂ ਜੀ ਪਿਛਾਂਹ ਹਟ ਗਏ ਅਤੇ ਕਈ ਥਾਵਾਂ ਤੇ ਠਹਿਰਦੇ ਹੋਏ ਅੰਤ ਵਿਚ ਖਿਦਰਾਣੇ ਆ ਪਹੁੰਚੇ। ਗੁਰੂ ਜੀ ਦੇ ਸੇਵਕ, ਇਸ ਸਮੇਂ ਤਕ ਕਾਫੀ ਵਧ ਚੁੱਕੇ ਸਨ ਅਤੇ ਹੁਣ ਉਹ ਇੰਨੇ ਬੇਬਸ ਨਹੀਂ ਸਨ ਜਿੰਨੇ ਕਿ ਚਮਕੌਰ ਦੇ ਸਮੇਂ ਤੋਂ ਸਨ। ਹੁਣ ਉਨ੍ਹਾਂ ਲਈ ਕੁਝ ਸਵੈ ਰੱਖਿਆ ਕਰਨਾ ਸੰਭਵ ਸੀ ਪਰੰਤੂ ਉਨ੍ਹਾਂ ਨੇ ਦੇਖਿਆ ਕਿ ਖਿਦਰਾਣੇ ਦਾ ਤਲਾਅ ਜੋ ਕਿ ਹੁਣ ਪੰਜਾਬ ਦੇ ਫਿਰੋਜ਼ਪੁਰ ਜ਼ਿਲ੍ਹੇ ਵਿਚ ਹੈ, ਸੁਕ ਚੁਕਾ ਹੈ। ਇਸ ਲਈ ਉਨ੍ਹਾਂ ਨੇ ਲਾਗੇ ਜੰਗਲ ਵਿਚ ਡੇਰਾ ਲਾ ਲਿਆ ਅਤੇ ਮੁਸਲਮਾਨ ਫੌਜ ਦੀ ਪਹੁੰਚ ਦਾ ਇੰਤਜ਼ਾਰ ਕਰਨ ਲਗੇ। ਹਮਲੇ ਦਾ ਜ਼ੋਰ ਅਨੰਦਪੁਰ ਦੇ ਉਨ੍ਹਾਂ ਬੇਦਾਵੇਦਾਰਾਂ ਤੇ ਪਿਆ ਜਿਹੜੇ, ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਅਚਾਨਕ ਗੁਰੂ ਜੀ ਦੀ ਸਹਾਇਤਾ ਲਈ ਆਏ ਸਨ। ਉਨ੍ਹਾਂ ਸਭ ਨੂੰ ਵਸ ਕਰ ਲਿਆ ਗਿਆ ਪਰੰਤੂ ਵਜ਼ੀਰ ਖਾਂ ਦੀ ਫੌਜ ਹੋਰ ਦੇਰ ਲੜਾਈ ਜਾਰੀ ਨਹੀਂ ਰੱਖ ਸਕਦੀ ਸੀ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਲਹਿਰੇ ਦੀ ਲੜਾਈ ਵਾਂਗ ਮੁਸਲਮਾਨ ਪਾਣੀ ਦੀ ਅਣਹੋਂਦ ਕਾਰਨ ਬਹੁਤ ਛੇਤੀ ਦੁਖੀ ਹੋ ਗਏ ਅਤੇ ਪਿਛਾਂਹ ਹਟਣ ਲਈ ਮਜ਼ਬੂਰ ਹੋ ਗਏ। ਗੁਰੂ ਜੀ ਨੂੰ ਅਜੇਹੀ ਜਿੱਤ ਪ੍ਰਾਪਤ ਹੋਈ ਜਿਸ ਨੂੰ ਉਨ੍ਹਾਂ ਦੀ ਮਹਾਨ ਜਿਤ ਮੰਨਿਆ ਜਾਂਦਾ ਹੈ। ਉਦੋਂ ਤੋਂ ਹੀ ਖਿਦਰਾਣਾ, ਮੁਕਤਸਰ ਕਰਕੇ ਜਾਣਿਆ ਜਾਂਦਾ ਹੈ ਅਰਥਾਤ 'ਮੁਕਤੀ ਦਾ ਸਰ' ਅਤੇ ਪਹਿਲੀ ਮਾਘ ਨੂੰ ਇਸ ਲੜਾਈ ਦੀ ਵਰ੍ਹੇ-ਗੰਢ ਤੇ ਬਹੁ-ਸੰਖਿਆ ਵਿਚ ਲੋਕੀਂ ਇਥੇ ਦਰਸ਼ਨਾਂ ਨੂੰ ਆਉਂਦੇ ਹਨ।

ਖਿਦਰਾਣੇ ਦੀ ਲੜਾਈ ਮਗਰੋਂ ਗੁਰੂ ਜੀ ਕੁਝ ਸਮਾਂ ਥਾਂ ਥਾਂ ਫਿਰਦੇ ਰਹੇ ਅਤੇ ਆਖਰ ਤਲਵੰਡੀ ਸਾਬੋ ਆਏ ਜੋ ਕਿ ਪਟਿਆਲੇ ਰਿਆਸਤ ਵਿਚ ਹੈ। ਇਸ ਨੂੰ ਉਦੋਂ ਤੋਂ ਇਹ ਥਾਂ ਦਮਦਮਾ ਭਾਵ ਆਰਾਮ ਕਰਨ ਦਾ ਸਥਾਨ ਕਰਕੇ ਜਾਣਿਆ ਜਾਂਦਾ ਹੈ ਕਿਉਂਕਿ ਇਥੇ ਗੁਰੂ ਜੀ ਨੇ ਪਹਿਲੋਂ ਨਾਲੋਂ ਕੁਝ ਵਧੇਰੇ ਸ਼ਾਂਤੀ ਨਾਲ ਸਮਾਂ ਗੁਜ਼ਾਰਿਆ ਸੀ। ਇਥੇ ਗੁਰੂ ਜੀ ਦਾ ਡੱਲਾ ਨਾਂ ਦਾ ਇਕ ਮਿੱਤਰ ਰਹਿੰਦਾ ਸੀ ਜਿਸ ਨੇ ਉਨ੍ਹਾਂ ਦਾ ਸਾਥ ਦਿੱਤਾ ਸੀ ਅਤੇ ਹੁਣ ਗੁਰੂ ਜੀ ਦੀ ਸ਼ਕਤੀ ਵੀ ਕੁਝ ਹੱਦ ਤਕ ਵਧ ਗਈ ਜਾਪਦੀ ਸੀ ਕਿਉਂਕਿ ਉਨ੍ਹਾਂ ਦੇ ਪੱਕੇ ਅਨੁਯਾਈਆਂ ਤੋਂ ਇਲਾਵਾ ਉਨ੍ਹਾਂ ਨੇ ਆਪਣੀ ਸੇਵਾ ਵਿਚ ਕੁਝ ਡੋਗਰਿਆਂ ਅਤੇ ਬਰਾੜਾਂ ਨੂੰ ਵੀ ਲੈ ਲਿਆ ਹੋਇਆ ਸੀ। ਹੋਰ ਇਹ ਵੀ ਕਿਹਾ ਜਾਂਦਾ ਹੈ ਕਿ ਜਿਵੇਂ ਡਲੇ ਨੇ ਸੰਕੇਤ ਦਿੱਤਾ ਸੀ, ਗੁਰੂ ਜੀ ਹਮੇਸ਼ਾਂ 'ਜੰਗਲ ਦੀਆਂ ਚੂਰਾਂ ਵਿਚ ਜਾ ਸਕਦੇ ਸਨ ਜਿਥੇ ਕਿ ਜੇਕਰ ਕੋਈ ਫੌਜ ਉਨ੍ਹਾਂ ਵਿਚੋਂ ਲੰਘਣਾ ਚਾਹੇਗੀ ਤਾਂ ਪਾਣੀ ਦੀ ਥੁੜ ਕਾਰਨ ਨਾਸ਼ ਹੋ ਜਾਵੇਗੀ।'[1]

---

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 220-221

ਕਿਸੇ ਤਰ੍ਹਾਂ ਵੀ, ਗੁਰੂ ਜੀ ਨੂੰ ਕੁਝ ਸਮੇਂ ਲਈ ਛੇੜਿਆ ਨਾ ਗਿਆ ਅਤੇ ਉਨ੍ਹਾਂ ਨੇ ਇਸ ਵਿਸ਼ਰਾਮ-ਕਾਲ ਨੂੰ ਮਾਲਵਾ ਦੇਸ਼ ਵਿਚ ਸਿੱਖ ਮਤ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਲਈ ਵਰਤਿਆ। ਬਹੁਤ ਸਾਰੇ ਪੁਰਾਣੇ ਅਤੇ ਖਾਨਦਾਨੀ ਸਿੱਖਾਂ ਨੂੰ ਪਹੁਲ ਦਿੱਤੀ ਗਈ ਅਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਖਾਲਸਾ ਪੰਥ ਵਿਚ ਲਿਆਂਦਾ ਗਿਆ। ਇਨ੍ਹਾਂ ਵਿਚੋਂ ਇਕ ਗੁਰੂ ਜੀ ਦਾ ਮਿੱਤਰ ਡੱਲਾ ਸੀ ਪਰੰਤੂ ਸਭ ਤੋਂ ਪ੍ਰਸਿੱਧ ਤਿਲੋਕਾ ਅਤੇ ਰਾਮਾ ਦੋ ਭਰਾ ਸਨ ਜਿਨ੍ਹਾਂ ਵਿਚੋਂ ਪਹਿਲਾ ਨਾਭਾ ਅਤੇ ਦੂਜਾ ਪਟਿਆਲਾ ਘਰਾਣੇ ਦਾ ਪੂਰਵਜ ਸੀ। ਇਨ੍ਹਾਂ ਤੋਂ ਇਲਾਵਾ ਬਹੁ-ਸੰਖਿਆ ਵਿਚ ਨਵੇਂ ਸਿੱਖ ਬਣਾਏ ਗਏ। ਟਰੰਪ ਦਾ ਕਥਨ ਹੈ ਕਿ ਗੁਰੂ ਜੀ ਨੇ 1,20,000 ਨਵੇਂ ਸਿੱਖ ਬਣਾਏ। ਉਦੋਂ ਤੋਂ ਹੀ ਦਮਦਮਾ "ਸਿੱਖਾਂ ਦਾ ਬਨਾਰਸ ਬਣ ਗਿਆ ਅਤੇ ਬਹੁਤ ਸਾਰੇ ਲੋਕ ਉਥੇ ਜਾ ਵਸੇ ਕਿਉਂਕਿ ਦਮਦਮੇ ਵਿਖੇ ਰਿਹਾਇਸ਼ ਕਰਨਾ ਪ੍ਰਸੰਸਾ ਯੋਗ ਮੰਨਿਆ ਜਾਂਦਾ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਕਹਾਵਤ ਸਿੱਖਾਂ ਵਿਚ ਪ੍ਰਚਲਿਤ ਹੈ ਕਿ ਜੋ ਕੋਈ ਦਮਦਮੇ ਵਿਖੇ ਰਹੇਗਾ ਉਹ ਸਿਆਣਾ ਬਣ ਜਾਏਗਾ ਭਾਵੇਂ ਉਹ ਪਹਿਲੋਂ ਕਿੰਨਾ ਹੀ ਮੂਰਖ ਕਿਉਂ ਨਾ ਹੋਵੇ। ਗ੍ਰੰਥ ਸਾਹਿਬ ਦੇ ਅਧਿਐਨ ਦਾ ਉਥੇ ਬਹੁਤ ਰਿਵਾਜ ਹੈ ਅਤੇ ਦਮਦਮੇ ਦੇ ਗੁਰਮੁਖੀ ਲੇਖਕ ਸਭ ਤੋਂ ਚੰਗੇ ਮੰਨੇ ਜਾਂਦੇ ਹਨ।"[1] ਇਸ ਜਗ੍ਹਾ ਦੀ ਸਾਹਿਤਕ ਪ੍ਰਸਿੱਧੀ ਦਾ ਮੂਲ ਇਸ ਤੱਥ ਵਿਚ ਹੈ ਕਿ ਗੁਰੂ ਜੀ ਨੇ ਆਪਣਾ ਕੁਝ ਸਮਾਂ ਦਮਦਮੇ ਵਿਖੇ ਸਾਹਿਤਕ ਕਾਰਜਾਂ ਵਿਚ ਬਿਤਾਇਆ ਸੀ। ਇਥੇ ਗ੍ਰੰਥ ਸਾਹਿਬ ਦਾ ਨਵਾਂ ਸੰਸਕਰਣ ਤਿਆਰ ਕੀਤਾ ਗਿਆ ਅਤੇ ਇਸ ਵਿਚ ਸੰਦੇਹ ਨਹੀਂ ਕਿ ਘੱਟੋ ਘੱਟ ਗੁਰੂ ਜੀ ਦੀਆਂ ਆਪਣੀਆਂ ਰਚਨਾਵਾਂ ਦਾ ਇਕ ਭਾਗ ਦਮਦਮੇ ਵਿਖੇ ਹੀ ਰਚਿਆ ਗਿਆ। ਸੋ ਇਹ ਦੇਖਿਆ ਜਾਵੇਗਾ ਕਿ ਉਸਾਰੂ ਦ੍ਰਿਸ਼ਟੀ ਤੋਂ ਦੇਖਿਆ ਅਸੀਂ ਗੁਰੂ ਜੀ ਦੀਆਂ ਦਮਦਮੇ ਵਿਖੇ ਨਿਗਰ ਪ੍ਰਾਪਤੀਆਂ ਨੂੰ ਪ੍ਰਤੀਤ ਕਰ ਸਕਦੇ ਹਾਂ ਪਰੰਤੂ ਗੁਰੂ ਜੀ ਇਸ ਕਾਰਜ ਨੂੰ ਛਡ ਕੇ ਦੱਖਣ ਵਲ ਰਵਾਨਾ ਹੋ ਗਏ ਸਨ, ਸੋ ਇਸ ਨਾਲ ਅਸੀਂ ਉਨ੍ਹਾਂ ਦੇ ਜੀਵਨ ਦੇ ਅਤਿ ਵਾਦ-ਵਿਵਾਦ ਵਾਲੇ ਪੱਖ ਤੇ ਪਹੁੰਚ ਜਾਂਦੇ ਹਾਂ।

III. ਗੁਰੂ ਜੀ ਅਤੇ ਸ਼ਹਿਨਸ਼ਾਹ

ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੇ ਲਗਭਗ ਪਿਛਲੇ ਦੋ ਸਾਲ ਉਨ੍ਹਾਂ ਦੇ ਪਹਿਲੇ ਜੀਵਨ ਨਾਲੋਂ ਇੰਨੇ ਵੱਖਰੀ ਭਾਂਤ ਬਤੀਤ ਹੋਏ ਕਿ ਗੁਰੂ ਜੀ ਦਾ ਚਰਿਤ੍ਰ ਬਹੁਤ ਹੀ ਉਲਝਿਆ ਹੋਇਆ ਜਾਪਦਾ ਹੈ ਅਤੇ ਵਿਰੋਧੀ ਰਾਵਾਂ ਅਤੇ ਉਲੇਖਾਂ ਦਾ ਪੈਦਾ ਹੋਣਾ ਆਵਸ਼ਕ ਸੀ। ਉਨ੍ਹਾਂ ਦੀ ਔਰੰਗਜ਼ੇਬ ਨੂੰ ਮਿਲਣ ਲਈ ਦੱਖਣ ਵਲ ਯਾਤਰਾ, ਉਨ੍ਹਾਂ ਦਾ ਜੋਜੋ ਦੀ ਲੜਾਈ ਵਿਚ ਹਿੱਸਾ ਲੈਣਾ, ਜਿਸ ਵਿਚ ਬਹਾਦਰ ਸ਼ਾਹ ਨੇ ਆਜ਼ਮ ਸ਼ਾਹ ਨੂੰ ਹਰਾ ਕੇ ਮੁਗਲ ਤਖਤ ਪ੍ਰਾਪਤ ਕੀਤਾ, ਉਨ੍ਹਾਂ ਦਾ ਦਿੱਲੀ ਅਤੇ ਆਗਰੇ ਜਾਣਾ ਅਤੇ ਆਖੀਰ ਵਿਚ ਬਹਾਦਰ ਸ਼ਾਹ ਨਾਲ ਉਨ੍ਹਾਂ ਦਾ ਰਾਜਪੂਤਾਨਾ ਮੁਹਿਮ ਵਿਚ ਜਾਣਾ ਅਤੇ ਉਥੋਂ ਦੱਖਣ ਜਾਣਾ; ਇਨ੍ਹਾਂ ਸਾਰੀਆਂ ਗੱਲਾਂ ਨੂੰ ਉਨ੍ਹਾਂ ਦੇ ਜੀਵਨ ਆਦਰਸ਼ਾਂ ਅਤੇ ਸੁੱਚੇ ਤੇ ਸਾਫ ਆਚਰਣ ਦੇ ਅਨੁਕੂਲ ਕਰਨਾ ਏਨਾ ਕਠਿਨ ਹੋ ਗਿਆ ਹੈ ਕਿ ਉਨ੍ਹਾਂ ਦੀਆਂ ਇਸ ਕਾਲ ਦੀਆਂ ਕਾਰਵਾਈਆਂ ਦੀ

---

1. ਟਰੰਪ, ਉਪਰੋਕਤ ਰਚਨਾ, ਪੰਨਾ xcii

ਵਿਆਖਿਆ ਕਰਨ ਲਈ ਹਰ ਪ੍ਰਕਾਰ ਦੇ ਕਿਆਸਾਂ ਦੀ ਮਦਦ ਲਈ ਗਈ ਹੈ। ਇਕ ਲੇਖਕ ਦਾ ਕਹਿਣਾ ਹੈ ਕਿ ਗੁਰੂ ਜੀ ਬਹੁਤ ਹੀ ਨਿਰਾਸ਼ ਹੋ ਗਏ ਸਨ ਅਤੇ ਉਹ ਜਲਵਾਯੂ ਦੀ ਬਦਲੀ ਲਈ ਦੱਖਣ ਨੂੰ ਗਏ ਸਨ,[1] ਜਦ ਕਿ ਦੂਜਾ ਇਸ ਹੱਦ ਤਕ ਸੁਝਾਅ ਦਿੰਦਾ ਹੈ ਕਿ ਗੁਰੂ ਜੀ ਆਪਣਾ ਤਰਕ ਗੁਆ ਬੈਠੇ ਸਨ ਅਤੇ ਆਪਣੇ ਕੰਮਾਂ ਲਈ ਉਹ ਉੱਤਰਦਾਈ ਨਹੀਂ ਸਨ।[2] ਕੁਝ ਹੋਰ ਇਹ ਕਹਿੰਦੇ ਹਨ ਕਿ ਗੁਰੂ ਜੀ ਦੱਖਣ ਇਸ ਲਈ ਗਏ ਸਨ ਕਿ ਬਹਾਦਰ ਸ਼ਾਹ ਨੇ ਉਨ੍ਹਾਂ ਨੂੰ ਛੋਟੀ ਜਿਹੀ ਕਮਾਨ ਦੇ ਦਿੱਤੀ ਸੀ ਅਤੇ ਮੁਸਲਮਾਨ ਲੇਖਕ ਬੇਥਵ੍ਹਾ ਜਿਹਾ ਦਾਹਵਾ ਕਰਦੇ ਹਨ ਕਿ ਗੁਰੂ ਜੀ ਇਸਲਾਮ ਕਬੂਲ ਕਰਨ ਲਈ ਵੀ ਸਹਿਮਤ ਹੋ ਗਏ ਸਨ। ਬਹੁਤ ਸਾਰੇ ਸੋਮੇ ਜਾਂ ਤਾਂ ਅਧੂਰੇ ਹਨ ਜਾਂ ਸੰਦੇਹ ਭਰਪੂਰ ਹਨ ਇਨ੍ਹਾਂ ਵਿਚੋਂ ਕੋਈ ਰਾਹ ਲਭਣਾ ਕੋਈ ਸੌਖਾ ਨਹੀਂ ਹੈ।

ਹੁਣ, ਇਹ ਪਹਿਲੇ ਕਿਹਾ ਜਾ ਚੁਕਿਆ ਹੈ ਕਿ ਦੀਨੇ ਤੋਂ ਗੁਰੂ ਜੀ ਨੇ ਦਇਆ ਸਿੰਘ ਅਤੇ ਧਰਮ ਸਿੰਘ ਦੇ ਹੱਥੀਂ ਔਰੰਗਜ਼ੇਬ ਨੂੰ ਇਕ ਪੱਤਰ ਭਿਜਵਾਇਆ ਸੀ ਅਤੇ ਸਿੱਖ ਇਤਿਹਾਸਕਾਰ ਸਾਨੂੰ ਦਸਦੇ ਹਨ ਕਿ ਇਹ ਪ੍ਰਸਿੱਧ ਜ਼ਫਰਨਾਮਾ ਜਾਂ ਔਰੰਗਜ਼ੇਬ ਨੂੰ ਫ਼ਾਰਸੀ ਵਿਚ ਲਿਖਿਆ ਪੱਤਰ ਸੀ। ਹੋਰ ਸਾਨੂੰ ਇਹ ਵੀ ਦਸਿਆ ਗਿਆ ਹੈ ਕਿ "ਦਇਆ ਸਿੰਘ ਅਤੇ ਧਰਮ ਸਿੰਘ ਇਸ ਨੂੰ ਪਹੁੰਚਾਉਣ ਵਿਚ ਸਫਲ ਹੋ ਗਏ ਸਨ ਅਤੇ ਉਨ੍ਹਾਂ ਨੂੰ ਮੁੜਦੇ ਸਫਰ ਵਿਚ ਰਖਿਆ ਦਾ ਪਰਵਾਨਾ ਵੀ ਦਿੱਤਾ ਗਿਆ ਸੀ। ਕਿਹਾ ਜਾਂਦਾ ਹੈ ਕਿ ਜ਼ਫਰਨਾਮੇ ਦੇ ਪਾਠ ਨੇ ਔਰੰਗਜ਼ੇਬ ਦਾ ਦਿਲ ਨਰਮ ਕਰ ਦਿੱਤਾ ਅਤੇ ਉਸ ਨੂੰ ਪਛਤਾਵਾ ਕਰਨ ਲਈ ਪ੍ਰੇਰਿਆ; ਇਸ ਕਰਕੇ ਹੀ ਉਸ ਨੇ ਗੁਰੂ ਜੀ ਦੇ ਦੂਤਾਂ ਨੂੰ ਆਪਣੇ ਦੇਸ਼ ਸ਼ਾਂਤੀ ਅਤੇ ਬਚਾਉ ਨਾਲ ਵਾਪਸ ਜਾਣ ਦੀ ਆਗਿਆ ਦੇ ਦਿੱਤੀ ਸੀ। ਐਪਰ ਉਨ੍ਹਾਂ ਨੂੰ ਗੁਰੂ ਜੀ ਦੇ ਪੱਤਰ ਦੇ ਉੱਤਰ ਵਿਚ ਜ਼ਬਾਨੀ ਜਾਂ ਲਿਖਤ ਵਿਚ ਕੁਝ ਨਾ ਮਿਲਿਆ।"[3] ਫਿਰ ਵੀ ਗੁਰੂ ਜੀ ਦੱਖਣ ਵਲ ਰਵਾਨਾ ਹੋ ਗਏ ਅਤੇ ਉਨ੍ਹਾਂ ਦੇ ਬਹੁਤ ਸਾਰੇ ਮਿੱਤਰਾਂ ਅਤੇ ਸ਼ਰਧਾਲੂਆਂ ਨੇ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ ਪਰ ਉਹ ਆਪਣੇ ਆਸ਼ੇ ਤੋਂ ਨਾ ਹਿੱਲੇ।[4] ਇਸ ਅਵਸਥਾ ਤੋਂ ਦੋ ਗੱਲਾਂ ਵਿਚਾਰ ਗੋਚਰ ਹੁੰਦੀਆਂ ਹਨ। ਪਹਿਲੀ ਗੱਲ ਇਹ ਹੈ ਕਿ ਕੀ ਜ਼ਫਰਨਾਮੇ ਦਾ ਵਿਸ਼ਾ ਅਜਿਹਾ ਸੀ ਕਿ ਔਰੰਗਜ਼ੇਬ ਵਰਗੇ ਮਨੁਖ ਵਿਚ ਪਛਤਾਵਾ ਉਤਪੰਨ ਕਰ ਸਕਦਾ ਸੀ? ਦੂਜੀ ਇਹ ਕਿ ਗੁਰੂ ਜੀ ਕਿਸੇ ਪ੍ਰਕਾਰ ਦੇ ਪਰਵਾਨੇ ਜਾਂ ਵਿਸ਼ਵਾਸ ਤੋਂ ਬਿਨਾ ਅਤੇ ਸਥਾਨਕ ਅਫਸਰਾਂ ਦੁਆਰਾ ਤੰਗ ਕੀਤੇ ਬਿਨਾਂ ਕਿਵੇਂ ਆਪਣੀ ਯਾਤਰਾ ਤੇ ਚਲ ਸਕਦੇ ਸਨ? ਪਹਿਲੀ ਗੱਲ ਇਕ ਰਾਇ ਹੀ ਬਣੀ ਰਹਿੰਦੀ ਹੈ ਅਤੇ ਕਾਫੀ ਹੱਦ ਤਕ ਇਹ ਸੰਭਵ ਹੈ ਕਿ ਜ਼ਫਰਨਾਮੇ[5] ਨੂੰ ਪੜ੍ਹ ਕੇ ਕੋਈ ਕਹਿ ਸਕਦਾ ਹੈ ਕਿ ਇਹ ਬਿਲਕੁਲ ਉਲਟ ਪ੍ਰਭਾਵ ਪੈਦਾ

1. ਬੂਟੀ ਸ਼ਾਹ (ਨਾਰੰਗ, ਉਪਰੋਕਤ ਰਚਨਾ, ਪੰਨਾ 167 ਪਦ ਟਿਪਣੀ 2)।
2. ਮੈਲਕਮ, ਉਪਰੋਕਤ ਰਚਨਾ, ਪੰਨਾ 72
3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 225-226
4. ਉਹੀ, ਪੰਨਾ 226, ਗੁਰ ਬਿਲਾਸ xxiii.
5. ਇਸ ਦਾ ਅੰਗਰੇਜ਼ੀ ਅਨੁਵਾਦ ਮੈਕਾਲਿਫ ਨੇ ਦਿੱਤਾ ਹੈ (ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 201-206)।

ਕਰ ਸਕਦਾ ਹੈ। ਦੂਜੀ ਗੱਲ ਵਧੇਰੇ ਆਸਾਨੀ ਨਾਲ ਸੁਲਝਾਈ ਜਾਂਦੀ ਹੈ ਅਤੇ ਇਸ ਵਿਚ ਸ਼ੱਕ ਨਹੀਂ ਕਿ ਗੁਰੂ ਜੀ, ਬਿਨਾਂ ਕਿਸੇ ਪ੍ਰਕਾਰ ਦੇ ਸਮਝੌਤੇ ਦੇ, ਆਪਣੀ ਯਾਤਰਾ ਤੇ ਆਜ਼ਾਦੀ ਨਾਲ ਨਹੀਂ ਜਾ ਸਕਦੇ ਸਨ।

ਦੂਜੇ ਪਾਸੇ, ਜਿਵੇਂ ਇਰਵਿਨ ਕਹਿੰਦਾ ਹੈ, "ਮੁਸਲਮਾਨ ਲੇਖਕ ਇਹ ਦਾਅਵਾ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਨੇ ਆਲਮਗੀਰ ਨੂੰ ਆਪਣੀ ਈਨ ਮੰਨਣ ਲਈ ਪ੍ਰਾਰਥਨਾ-ਪੱਤਰ ਭੇਜਿਆ ਸੀ ਅਤੇ ਨਾਲ ਹੀ ਇਸਲਾਮ ਕਬੂਲ ਕਰਨ ਦਾ ਵਾਅਦਾ ਕੀਤਾ ਸੀ। ਜੇਕਰ ਇਹ ਸੱਚ ਹੈ ਤਾਂ ਉਸ ਬਾਦਸ਼ਾਹ ਵਰਗੇ ਕੱਟੜ ਧਰਮੀ ਲਈ ਇਸ ਨਾਲੋਂ ਕੋਈ ਹੋਰ ਦ੍ਰਿਸ਼ ਅਨੰਦਮਈ ਨਹੀਂ ਹੋ ਸਕਦਾ ਸੀ ਅਤੇ ਸਾਨੂੰ ਦਸਿਆ ਗਿਆ ਹੈ ਕਿ ਇਕ ਗੁਪਤ ਦੂਤ ਨੂੰ ਪ੍ਰਾਰਥਕ ਨੂੰ ਦਰਬਾਰ ਵਿਚ ਲਿਆਉਣ ਲਈ ਭੇਜਿਆ ਗਿਆ ਸੀ। ਦੂਤ ਨੇ ਗੁਰੂ ਗੋਬਿੰਦ ਸਿੰਘ ਨੂੰ ਪਹਿਲੋਂ ਮੁਨੀਮ ਖਾਂ ਕੋਲ ਪੇਸ਼ ਕੀਤਾ ਜਿਹੜਾ ਕਿ ਉਥੋਂ ਦਾ ਨਾਜ਼ਿਮ ਜਾਂ ਲਾਹੌਰ ਦਾ ਗਵਰਨਰ ਸੀ ਅਤੇ ਸ਼ਹਿਜ਼ਾਦਾ ਮੁਅਜ਼ਮ ਦਾ (ਜਿਹੜਾ ਮਗਰੋਂ ਬਹਾਦਰ ਸ਼ਾਹ ਦੇ ਨਾਂ ਨਾਲ ਸ਼ਹਿਨਸ਼ਾਹ ਬਣਿਆ) ਦੀਵਾਨ ਜਾਂ ਪ੍ਰਮੁਖ ਮਾਲ ਅਫਸਰ ਸੀ। ਗਵਰਨਰ ਨੇ ਗੁਰੂ ਜੀ ਨੂੰ ਦੱਖਣ ਵਲ ਜਾਣ ਲਈ ਭੇਜ ਦਿੱਤਾ। ਆਲਮਗੀਰ ਦੀ ਦੱਖਣ ਵਿਚ ਅਹਿਮਦਨਗਰ ਵਿਖੇ 2 ਮਾਰਚ 1707 ਈ. ਨੂੰ ਹੋਈ ਮੌਤ ਦੀ ਖਬਰ ਉਨ੍ਹਾਂ ਨੂੰ ਰਾਹ ਵਿਚ ਮਿਲੀ ਅਤੇ ਗੁਰੂ ਜੀ ਆਪਣਾ ਸਤਾਰਾ ਫਿਰ ਚੜ੍ਹਦਾ ਵੇਖ ਕੇ ਉਥੋਂ ਮੁੜ ਪਏ ਅਤੇ ਵਾਪਸ ਹਿੰਦੁਸਤਾਨ ਨੂੰ ਆਉਣ ਦੀ ਕੀਤੀ।"[1] ਇਰਵਿਨ ਮੰਨਦਾ ਹੈ ਕਿ ਇਹ ਵਾਰਤਾ ਵਿਸਥਾਰਾਂ ਸਹਿਤ ਉੱਕਾ ਹੀ ਮੰਨਣ ਯੋਗ ਨਹੀਂ ਹੈ ਪਰ ਇਸ ਦੇ ਨਾਲ ਉਹ ਇਹ ਵੀ ਕਹਿੰਦਾ ਹੈ ਕਿ ਇਸ ਦਾ ਆਧਾਰ ਕੁਝ ਨਾ ਕੁਝ ਜ਼ਰੂਰ ਹੋਵੇਗਾ। ਸਾਨੂੰ ਨਹੀਂ ਪਤਾ ਕਿ ਉਸ ਦਾ ਇਸ ਤੋਂ ਕੀ ਭਾਵ ਹੈ ਪਰੰਤੂ ਸਾਨੂੰ ਪ੍ਰਤੀਤ ਹੁੰਦਾ ਹੈ ਕਿ ਜੇਕਰ ਅਸੀਂ ਸਿੱਖਾਂ ਅਤੇ ਮੁਸਲਮਾਨਾਂ ਦੇ ਉਲੇਖਾਂ ਨੂੰ ਇਕੱਠੇ ਕਰੀਏ ਤਾਂ ਤਿੰਨ ਗੱਲਾਂ ਸਪਸ਼ਟ ਨਿਕਲ ਆਉਂਦੀਆਂ ਹਨ : ਕਿ ਗੁਰੂ ਜੀ ਨੇ ਸ਼ਹਿਨਸ਼ਾਹ ਨੂੰ ਸੰਦੇਸ਼ ਭੇਜਿਆ ਸੀ, ਕਿ ਕਿਸੇ ਪ੍ਰਕਾਰ ਦਾ ਸਮਝੌਤਾ ਕੀਤਾ ਗਿਆ ਸੀ ਅਤੇ ਉਸ ਸਮਝੌਤੇ ਦੇ ਫਲਸਰੂਪ ਗੁਰੂ ਜੀ ਦੱਖਣ ਵਲ ਰਵਾਨਾ ਹੋਏ ਸਨ। ਜਿਨ੍ਹਾਂ ਪ੍ਰਮਾਣਾਂ ਦੀ ਅਸੀਂ ਚਰਚਾ ਕੀਤੀ ਹੈ ਉਹ ਸਾਨੂੰ ਇਸ ਤੋਂ ਜ਼ਿਆਦਾ ਹੋਰ ਕੁਝ ਕਹਿਣ ਯੋਗ ਨਹੀਂ ਬਣਾਉਂਦੇ।

ਇਸ ਤੋਂ ਅੱਗੇ, ਹੁਣ ਅਸੀਂ ਗੁਰ ਸੋਭਾ ਨੂੰ ਲੈਂਦੇ ਹਾਂ ਜਿਹੜੀ ਕਿ ਗੁਰੂ ਗੋਬਿੰਦ ਸਿੰਘ ਜੀ ਬਾਰੇ, ਸਾਡੇ ਵਿਚਾਰ ਅਨੁਸਾਰ, ਸਭ ਤੋਂ ਗੰਭੀਰ ਅਤੇ ਅਧਿਕ ਭਰੋਸੇ ਯੋਗ ਰਚਨਾ ਹੈ। ਸੈਨਾ ਪਤ ਕਹਿੰਦਾ ਹੈ ਕਿ ਖਿਦਰਾਣੇ[2] ਦੀ ਜੰਗ ਤੋਂ ਤੁਰੰਤ ਬਾਅਦ ਗੁਰੂ ਜੀ ਨੇ ਵਾਪਰ ਰਹੀਆਂ ਘਟਨਾਵਾਂ ਦੇ ਸਹੀ ਵੇਰਵਿਆਂ ਬਾਰੇ ਸ਼ਹਿਨਸ਼ਾਹ ਨੂੰ ਜਾਣੂ ਕਰਾਉਣ ਦਾ ਸੰਕਲਪ ਕੀਤਾ। ਇਸ ਮੰਤਵ ਨੂੰ ਸਾਮ੍ਹਣੇ ਰੱਖ ਕੇ ਹੀ ਉਨ੍ਹਾਂ ਨੇ ਦਇਆ ਸਿੰਘ ਨੂੰ

1. ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 88, 89
2. ਕੋਈ ਨਾਂ ਨਹੀਂ ਦਿੱਤਾ ਪਰੰਤੂ ਇਸ ਦਾ ਭਾਵ ਖਿਦਰਾਣਾ, ਸਪਸ਼ਟ ਹੈ। (ਦੇਖੋ ਗੁਰ ਸਭਾ, xiii, 9-13)

ਔਰੰਗਜ਼ੇਬ ਕੋਲ ਭੇਜਿਆ ਸੀ ਅਤੇ ਦਇਆ ਸਿੰਘ ਪੱਤਰ ਨੂੰ ਪਗੜੀ ਹੇਠਾਂ ਛੁਪਾ ਕੇ ਰਵਾਨਾ ਹੋ ਗਿਆ ਸੀ। ਉਸ ਨੂੰ ਇਹ ਵਿਸ਼ੇਸ਼ ਚਿਤਾਵਨੀ ਦਿੱਤੀ ਗਈ ਸੀ ਕਿ ਪੱਤਰ ਔਰੰਗਜ਼ੇਬ ਦੇ ਆਪਣੇ ਹੱਥਾਂ ਵਿਚ ਪਹੁੰਚਾਇਆ ਜਾਵੇ ਅਤੇ ਕਿਸੇ ਹਾਲਤ ਵਿਚ ਵੀ ਕਿਸੇ ਹੋਰ ਨੂੰ ਨਾ ਦਿੱਤਾ ਜਾਵੇ। ਦਇਆ ਸਿੰਘ ਆਪਣੀ ਯਾਤਰਾ ਤੇ ਤੁਰ ਪਿਆ ਅਤੇ ਕੁਝ ਸਮੇਂ ਪਿਛੋਂ ਦਿੱਲੀ ਪਹੁੰਚ ਗਿਆ। ਫਿਰ ਆਗਰੇ ਆਇਆ; ਇਥੋਂ ਉਹ ਗਵਾਲੀਅਰ, ਉਜੈਨ ਅਤੇ ਮਾਲਵਾ ਦੇਸ਼ ਵਿਚੋਂ ਦੀ ਹੁੰਦਾ ਹੋਇਆ ਦੱਖਣ ਵਲ ਚਲਾ ਗਿਆ ਅਤੇ ਆਖਰ ਬੁਰਹਾਨਪੁਰ ਆ ਪਹੁੰਚਾ। ਇਥੋਂ ਉਹ ਔਰੰਗਾਬਾਦ ਰਾਹੀਂ ਹੁੰਦਾ ਹੋਇਆ ਆਖਰ ਅਹਿਮਦਾਬਾਦ ਪਹੁੰਚ ਗਿਆ। ਦਇਆ ਸਿੰਘ ਦਾ ਅਹਿਮਦਾਬਾਦ ਦੀ ਸੰਗਤ ਕੋਲ ਜਾਣਾ ਸੁਭਾਵਿਕ ਸੀ ਅਤੇ ਉਸ ਨੇ ਸਥਾਨਕ ਸਿੱਖਾਂ ਕੋਲ ਆਪਣੇ ਮਿਸ਼ਨ ਦੇ ਆਸ਼ੇ ਨੂੰ ਬਿਆਨਿਆ। ਜਾਪਦਾ ਹੈ ਕਿ ਉਸ ਨੂੰ ਸਥਾਨਕ ਸਿੱਖਾਂ ਕੋਲੋਂ ਕੋਈ ਭਰੋਸੇਯੋਗ ਸਹਾਇਤਾ ਪ੍ਰਾਪਤ ਨਾ ਹੋਈ ਅਤੇ ਉਨ੍ਹਾਂ ਵਿਚੋਂ ਕੁਝ ਗੁਰੂ ਜੀ ਦੀ ਨੀਤੀ ਅਤੇ ਕਾਰਵਾਈਆਂ ਦੀ ਖੁਲ੍ਹਮ ਖੁਲ੍ਹੀ ਆਲੋਚਨਾ ਕਰਦੇ ਸਨ। ਸੋ ਕਾਫੀ ਸਮਾਂ ਬੀਤ ਗਿਆ ਅਤੇ ਦਇਆ ਸਿੰਘ ਆਪਣਾ ਪੱਤਰ ਔਰੰਗਜ਼ੇਬ ਕੋਲ ਪਹੁੰਚਾਉਣ ਦਾ ਰਾਹ ਲੱਭਣ ਵਿਚ ਨਿਸਫਲ ਹੋ ਗਿਆ। ਇਸ ਸੰਕਟ ਸਮੇਂ ਦਇਆ ਸਿੰਘ ਨੇ ਅਗਲੀਆ ਹਦਾਇਤਾਂ ਪੁਛਣ ਲਈ ਗੁਰੂ ਜੀ ਵਲ ਦੂਤ ਭੇਜਿਆ। ਇਹ ਅਨੋਖੀ ਗੱਲ ਹੈ ਕਿ ਜਿਉਂ ਹੀ ਦਇਆ ਸਿੰਘ ਨੇ ਦੂਤ ਭੇਜਿਆ, ਦਇਆ ਸਿੰਘ ਦੀ ਇਕ ਸਿੱਖ ਨਾਲ ਜਾਣਕਾਰੀ ਹੋ ਗਈ ਜਿਸਦਾ ਉਚ-ਹਲਕਿਆਂ ਵਿਚ ਕੁਝ ਰਸੂਖ ਜਾਪਦਾ ਸੀ ਅਤੇ ਔਰੰਗਜ਼ੇਬ ਨੂੰ ਪੱਤਰ ਪਹੁੰਚਾਉਣ ਦਾ ਪ੍ਰਬੰਧ ਕਰ ਲਿਆ ਗਿਆ। ਇਸ ਪੱਤਰ ਵਿਚ ਗੁਰੂ ਜੀ ਸ਼ਹਿਨਸ਼ਾਹ ਨੂੰ ਸੂਚਿਤ ਕਰਦੇ ਹਨ ਕਿ ਉਹ ਆਪਣਾ ਸਿੰਘ ਉਸ ਵਲ ਭੇਜ ਰਹੇ ਹਨ ਤਾਂ ਕਿ ਉਸ ਨੂੰ ਆਪਣੇ ਬਾਰੇ, ਸ਼ਾਹੀ ਅਫਸਰਾਂ ਅਤੇ ਪਹਾੜੀ ਰਾਜਿਆਂ ਬਾਰੇ ਸੱਚੀ ਵਾਰਤਾ ਨੂੰ ਜਾਣੂ ਕਰਵਾਇਆ ਜਾਵੇ। ਉਹ ਸੰਖੇਪ ਵਿਚ ਦਸਦੇ ਹਨ ਕਿ ਕਿਵੇਂ ਉਨ੍ਹਾਂ ਉਤੇ ਅਕਾਰਨ ਹੀ ਪਹਾੜੀ ਰਾਜਿਆਂ ਨੇ ਰਲ ਕੇ ਹਮਲਾ ਕੀਤਾ ਅਤੇ ਕਿਵੇਂ ਸਥਾਨਕ ਅਫਸਰਾਂ ਨੇ ਉਨ੍ਹਾਂ ਦੀ ਤਰਫਦਾਰੀ ਕੀਤੀ। ਗੁਰੂ ਜੀ ਬਾਦਸ਼ਾਹ ਤੋਂ ਪੁਛਦੇ ਹਨ ਕਿ ਕੀ ਉਹ ਇਸ ਨੂੰ ਨਿਆਇਕਾਰੀ ਸਮਝਦਾ ਹੈ। ਗੁਰੂ ਜੀ ਫਿਰ ਕਹਿੰਦੇ ਹਨ ਕਿ ਸੱਚੀ ਇਜ਼ਤ ਵਾਲਾ ਆਦਮੀ ਸਦਾ ਆਪਣੇ ਕੋਲ ਨੂੰ ਪਾਲਦਾ ਹੈ ਭਾਵੇਂ ਅਜਿਹਾ ਕਰਨ ਨਾਲ ਉਸ ਦੀ ਜਾਨ ਚਲੀ ਜਾਵੇ ਪਰੰਤੂ ਧੋਖੇਬਾਜ਼ ਆਦਮੀ ਕਹਿੰਦਾ ਕੁਝ ਹੈ ਅਤੇ ਕਰਦਾ ਕੁਝ ਹੈ ਅਤੇ ਬਾਦਸ਼ਾਹ ਦੇ ਕਰਮਚਾਰੀਆਂ ਨੇ ਧੋਖੇਬਾਜ਼ਾਂ ਦਾ ਵਿਵਹਾਰ ਅਪਣਾਇਆ ਅਤੇ ਜਾਣ ਬੁਝ ਕੇ ਆਪਣੇ ਪ੍ਰਣਾਂ ਨੂੰ ਤੋੜਿਆ। ਇਸ ਦੀ ਜ਼ਿੰਮੇਵਾਰੀ ਬਾਦਸ਼ਾਹ ਤੇ ਹੋਵੇਗੀ ਅਤੇ ਗੁਰੂ ਜੀ ਬਾਦਸ਼ਾਹ ਤੋਂ ਪੁਛਦੇ ਹਨ ਕਿ ਇਕ ਧਾਰਮਿਕ ਪੁਰਖ ਹੋਣ ਦੇ ਨਾਤੇ ਉਹ ਪਰਮਾਤਮਾ ਦੇ ਸਾਮ੍ਹਣੇ ਕੀ ਉੱਤਰ ਦੇਵੇਗਾ। ਗੁਰੂ ਜੀ ਇਸ ਪੱਤਰ ਨੂੰ ਸਮਾਪਤ ਕਰਦੇ ਸਮੇਂ ਇਹ ਕਹਿੰਦੇ ਹਨ ਕਿ ਉਹ ਬਾਦਸ਼ਾਹ ਨੂੰ ਆਪ, ਇਕ ਹਜ਼ਾਰ ਘੋੜ ਸਵਾਰਾਂ ਸਮੇਤ ਮਿਲਣਾ ਚਾਹੁੰਦੇ ਹਨ ਅਤੇ ਬਾਦਸ਼ਾਹ ਨੂੰ ਹੁਕਮ ਜਾਰੀ ਕਰਨ ਲਈ ਕਿਹਾ ਕਿ ਉਨ੍ਹਾਂ ਦੇ ਰਾਹ ਵਿਚ ਰੁਕਾਵਟਾਂ ਨਾ ਪਾਈਆਂ ਜਾਣ। ਸਾਨੂੰ ਦਸਿਆ ਗਿਆ ਹੈ ਕਿ ਪੱਤਰ ਪੜ੍ਹ ਕੇ ਅਤੇ ਦਇਆ ਸਿੰਘ ਨੂੰ ਸੁਣ ਕੇ ਬਾਦਸ਼ਾਹ ਨੇ ਇਹ ਫੁਰਮਾਨ ਜਾਰੀ ਕਰ ਦਿੱਤਾ ਕਿ ਗੁਰੂ ਜੀ ਨੂੰ ਕਿਸੇ

ਵੀ ਤਰ੍ਹਾਂ ਤੰਗ ਨਾ ਕੀਤਾ ਜਾਵੇ ਅਤੇ ਜਿਥੇ ਵੀ ਉਹ ਜਾਣਾ ਚਾਹੁੰਦੇ ਹਨ ਉਨ੍ਹਾਂ ਨੂੰ ਜਾਣ ਦੇਣਾ ਚਾਹੀਦਾ ਹੈ ।[1]

ਇਹ ਦੇਖਿਆ ਜਾਵੇਗਾ ਕਿ ਸੈਨਾ ਪਤ ਅਨੁਸਾਰ ਗੁਰੂ ਜੀ ਦੀ ਸ਼ਿਕਾਇਤ ਮੂਲ ਰੂਪ ਵਿਚ ਸ਼ਾਹੀ-ਕਰਮਚਾਰੀਆਂ ਵਿਰੁਧ ਸੀ ਜੋ ਜਾਣ ਬੁਝ ਕੇ ਆਪਣੀਆਂ ਪ੍ਰਤਿਗਿਆਵਾਂ ਨੂੰ ਭੰਗ ਕਰਦੇ ਸਨ ਅਤੇ ਬਾਦਸ਼ਾਹ ਨੂੰ ਇਸ ਭਾਵ ਵਿਚ ਜ਼ਿੰਮੇਵਾਰ ਠਹਿਰਾਇਆ ਗਿਆ ਸੀ ਕਿਉਂਕਿ ਆਪਣੇ ਕਰਮਚਾਰੀਆਂ ਦੀ ਕਾਰਵਾਈ ਦੀ ਜ਼ਿੰਮੇਵਾਰੀ ਬਾਦਸ਼ਾਹ ਨੂੰ ਸਵੀਕਾਰ ਕਰਨੀ ਹੋਵੇਗੀ । ਉਨ੍ਹਾਂ ਨੇ ਬਾਦਸ਼ਾਹ ਦੀ ਨਿਆਇ-ਸੂਝ ਅਤੇ ਧਾਰਮਿਕ ਨੇਕ ਨੀਤੀ ਨੂੰ ਅਪੀਲ ਕੀਤੀ ਸੀ । ਇਹ ਗੱਲ ਸਹਿਜੇ ਹੀ ਸਮਝ ਵਿਚ ਆ ਜਾਂਦੀ ਹੈ ਕਿ ਬਾਦਸ਼ਾਹ ਨੂੰ ਪੰਜਾਬ ਦੇ ਪਿਛਲੇ ਮੁਆਮਲਿਆਂ ਦੀ ਨਵੀਂ ਜਾਣਕਾਰੀ ਪ੍ਰਾਪਤ ਹੋਣ ਕਰਕੇ, ਜਿਸ ਬਾਰੇ ਸੰਭਵ ਹੈ ਉਹ ਅਗਿਆਤ ਸੀ, ਉਹ ਹੁਣ ਨਰਮ ਹੋ ਗਿਆ ਅਤੇ ਜਿਵੇਂ ਉਪਰ ਕਿਹਾ ਗਿਆ ਹੈ ਉਸ ਨੇ ਫ਼ੁਰਮਾਨ ਜਾਰੀ ਕੀਤਾ । ਇਸ ਵਿਚ ਯਾਦ ਰੱਖਣ ਵਾਲੀ ਮਹੱਤਵਪੂਰਨ ਗੱਲ ਇਹ ਹੈ ਕਿ ਗੁਰੂ ਜੀ ਦੀ ਸ਼ਿਕਾਇਤ ਬਾਦਸ਼ਾਹ ਵਿਰੁਧ ਨਹੀਂ ਸਗੋਂ ਉਸ ਦੇ ਕਰਮਚਾਰੀਆਂ ਵਿਰੁਧ ਸੀ । ਪਰੰਤੂ ਜ਼ਫ਼ਰਨਾਮੇ ਦਾ ਲਹਿਜਾ ਅਤੇ ਭਾਵ ਉੱਕਾ ਹੀ ਭਿੰਨ ਹੈ । ਇਸ ਵਿਚ ਬਾਦਸ਼ਾਹ ਤੇ, ਆਪਣੀ ਕੁਰਾਨ ਦੀ ਸੁਗੰਧ ਤੋੜਨ ਦਾ ਦੋਸ਼ ਅਰੋਪਿਆ ਗਿਆ ਹੈ ਅਤੇ ਉਸ ਨੂੰ ਬੇਦੀਨ, ਮਾਇਆ-ਪੂਜ ਅਤੇ ਝੂਠੀ ਸਹੁੰ ਖਾਣ ਵਾਲਾ ਦਰਸਾਇਆ ਗਿਆ ਹੈ । ਬਾਦਸ਼ਾਹ ਨੂੰ ਸਾਫ ਸਾਫ ਕਹਿ ਦਿੱਤਾ ਗਿਆ ਹੈ ਕਿ ਪਰਮਾਤਮਾ ਦਾ ਉਸ ਨੂੰ ਕੋਈ ਇਲਮ ਨਹੀਂ ਅਤੇ ਮੁਹੰਮਦ ਤੇ ਉਸ ਦਾ ਕੋਈ ਯਕੀਨ ਨਹੀਂ । ਉਹ ਮਹਾਨ ਬਾਦਸ਼ਾਹ ਹੋ ਸਕਦਾ ਹੈ ਪਰ ਧਰਮ ਉਸ ਤੋਂ ਕੋਹਾਂ ਦੂਰ ਹੈ । ਸਮੁਚੀ ਲਿਖਤ ਵਿਚ ਇਹੀ ਰੰਗ ਹੈ ਅਤੇ ਇਹ ਅਨੁਮਾਨ ਲਗਾਣਾ ਕਠਿਨ ਨਹੀਂ ਕਿ ਕੀ ਇਹ ਬਾਦਸ਼ਾਹ ਦੇ ਮਨ ਵਿਚ ਗੁੱਸਾ ਜਾਂ ਪਛਤਾਵਾ ਪੈਦਾ ਕਰਨ ਵਾਲੀ ਸੀ । ਦੂਜੇ ਪਾਸੇ ਮੁਸਲਮਾਨ ਲੇਖਕਾਂ ਦੇ ਦਾਅਵੇ ਕਿ ਗੁਰੂ ਜੀ ਨੇ ਈਨ ਮੰਨ ਲਈ ਅਤੇ ਇਸਲਾਮ ਕਬੂਲ ਕਰਨ ਦਾ ਵਚਨ ਦਿੱਤਾ ਸੀ, ਬੇਥਵ੍ਹੇ ਹਨ ਅਤੇ ਤੁਰੰਤ ਹੀ ਅਪ੍ਰਵਾਨ ਕੀਤੇ ਜਾ ਸਕਦੇ ਹਨ । ਪਰੰਤੂ ਇਹ ਸੱਚ ਹੈ ਕਿ ਔਰੰਗਜ਼ੇਬ ਦੀ ਮੌਤ ਤੋਂ ਕੁਝ ਮਹੀਨੇ ਪਹਿਲਾਂ ਗੁਰੂ ਜੀ ਖੁਲ੍ਹਮ ਖੁਲ੍ਹਾ ਵਿਚਰਨ ਲੱਗ ਪਏ ਸਨ ਅਤੇ ਸਾਡੇ ਵਿਚਾਰ ਅਨੁਸਾਰ ਇਸ ਦੀ ਵਿਆਖਿਆ ਇਸ ਮਨੌਤ ਦੇ ਆਧਾਰ ਤੇ ਕੀਤੀ ਜਾ ਸਕਦੀ ਹੈ ਕਿ ਇਸ ਸਮੇਂ ਦੇ ਦੌਰਾਨ ਅਵੱਸ਼ ਹੀ ਕੁਝ ਅਜੇਹਾ ਹੀ ਵਾਪਰਿਆ ਹੋਵੇਗਾ ਜਿਸ ਤਰ੍ਹਾਂ ਕਿ ਸੈਨਾ ਪਤ ਬਿਆਨ ਕਰਦਾ ਹੈ ।[2]

ਪਰੰਤੂ ਇਹ ਪ੍ਰਸ਼ਨ ਅਜੇ ਬਣਿਆ ਰਹਿੰਦਾ ਹੈ ਕਿ ਗੁਰੂ ਜੀ ਨੇ ਬਾਦਸ਼ਾਹ ਨਾਲ ਭੇਂਟ ਕਿਉਂ ਕਰਨੀ ਚਾਹੀ ਸੀ । ਪਿਛਲੇ ਸਿੱਖ ਉਲੇਖ, ਨਿਰਸੰਦੇਹ, ਪਹਾੜੀ ਰਾਜਿਆਂ

1. ਗੁਰ ਸੋਭਾ, xiii
2. ਜੇਕਰ ਇਹ ਸੱਚ ਹੈ ਤਾਂ ਜ਼ਫ਼ਰਨਾਮੇ ਨੂੰ ਔਰੰਗਜ਼ੇਬ ਵਲ ਲਿਖੀ ਮੂਲ ਚਿੱਠੀ ਦਾ ਸੋਧਿਆ ਹੋਇਆ ਅਤੇ ਪਿਛਲੇਰੀ ਲਿਖਤ ਮੰਨਣਾ ਚਾਹੀਦਾ ਹੈ ।

ਵਲੋਂ ਬਾਦਸ਼ਾਹ ਨੂੰ ਬਹੁਤ ਵਾਰ ਕੀਤੀਆਂ ਅਪੀਲਾਂ ਬਾਰੇ ਦਸਦੇ ਹਨ ਅਤੇ ਸਾਨੂੰ ਇਹ ਪ੍ਰਭਾਵ ਦਿੰਦੇ ਹਨ ਕਿ ਗੁਰੂ ਜੀ ਵਿਰੁਧ ਸਾਰੀ ਮੁਹਿੰਮ ਦਾ ਉਸ ਨੂੰ ਪੂਰਨ ਗਿਆਨ ਸੀ, ਅਤੇ ਇਹ ਮੁਹਿੰਮ ਉਸ ਦੀ ਰਜ਼ਾਮੰਦੀ ਨਾਲ ਚਲਾਈ ਗਈ ਸੀ। ਪਰੰਤੂ ਜੇ ਇਸ ਤੱਥ ਨੂੰ ਵਿਚਾਰੀਏ ਕਿ ਇਸ ਸਮੇਂ ਵਿਚ ਬਾਦਸ਼ਾਹ ਦੂਰ ਦੱਖਣ ਵਿਚ ਅਹਿਮਦਨਗਰ ਵਿਖੇ ਰਹਿ ਰਿਹਾ ਸੀ ਤਾਂ ਪੰਜਾਬ ਦੇ ਛੋਟੇ ਛੋਟੇ ਅਤੇ ਅਪ੍ਰਸਿੱਧ ਰਾਜਿਆਂ ਵਲੋਂ ਉਸ ਨੂੰ ਅਪੀਲਾਂ ਕਰਨ ਦੀ ਵਾਰਤਾ ਮੰਨਣ ਯੋਗ ਨਹੀਂ ਜਾਪਦੀ। ਵਾਸਤਵ ਵਿਚ ਇਹ ਦੇਖਣਾ ਮਹੱਤਵਪੂਰਨ ਹੈ ਕਿ ਸੈਨਾ ਪਤ ਇਕੋ ਵਾਰ ਹੀ ਸੁਲਤਾਨ ਵਲ ਦੂਤ ਭੇਜੇ ਜਾਣ ਦਾ ਜ਼ਿਕਰ ਕਰਦਾ ਹੈ ਪਰੰਤੂ ਕੀ ਉਸ ਦਾ ਭਾਵ ਬਾਦਸ਼ਾਹ ਤੋਂ ਸੀ, ਇਹ ਸੰਦੇਹਮਈ ਹੈ।[1] ਸੋ ਅਸੀਂ ਕਹਿ ਸਕਦੇ ਹਾਂ ਕਿ ਇਹ ਸਾਰੀ ਵਾਰਤਾ ਸਥਾਨਕ ਕਰਮਚਾਰੀਆਂ ਦੀ ਘੜੀ ਹੋਈ ਸੀ ਜਿਨ੍ਹਾਂ ਵਿਚੋਂ ਸਰਹਿੰਦ ਦਾ ਵਜ਼ੀਰ ਖਾਂ ਇਸ ਵਿਚ ਉੱਘਾ ਭਾਗ ਲੈਂਦਾ ਪ੍ਰਤੀਤ ਹੁੰਦਾ ਹੈ। ਆਮ ਵਾਕਫੀ ਜਾਂ ਸਥਾਨਕ ਕਰਮਚਾਰੀਆਂ ਵਲੋਂ ਦੱਸੀ ਸੂਚਨਾ ਤੋਂ ਬਿਨਾਂ, ਬਾਦਸ਼ਾਹ ਨੂੰ ਇਸ ਤੋਂ ਵਧ ਮਾਮਲੇ ਦੀ ਅਸਲੀਅਤ ਦਾ ਪਤਾ ਨਹੀਂ ਸੀ। ਦਇਆ ਸਿੰਘ ਦੀ ਅਹਿਮਦਨਗਰ ਦੀ ਸਫਾਰਤ ਦਾ ਵੀ ਇਹੋ ਕਾਰਨ ਸੀ। ਗੁਰੂ ਜੀ ਇਹ ਗੱਲ ਕਹਿਣਾ ਚਾਹੁੰਦੇ ਸਨ ਕਿ ਪਹਾੜੀ ਰਾਜਿਆਂ ਵਲੋਂ ਉਨ੍ਹਾਂ ਉਪਰ ਠੋਸੀ ਗਈ ਲੜਾਈ ਵਿਚ ਸਥਾਨਕ ਕਰਮਚਾਰੀ ਬੇਲੋੜਾ ਅਤੇ ਨਹੱਕ ਦਖਲ ਦੇ ਰਹੇ ਹਨ, ਅਤੇ ਰਾਜਿਆਂ ਦੀ ਇਕ ਵਾਰ ਤਰਫਦਾਰੀ ਕਰਨ ਉਪਰੰਤ ਉਨ੍ਹਾਂ ਨੇ ਉਹ ਅਤਿਆਚਾਰ ਕੀਤੇ ਜਿਨ੍ਹਾਂ ਨੂੰ ਹਕੂਮਤ ਦੀ ਸਦਾਚਾਰ ਨੀਤੀ ਦਾ ਕੋਈ ਵੀ ਨਿਯਮ ਸਹੀ ਸਿੱਧ ਨਹੀਂ ਕਰ ਸਕਦਾ ਸੀ। ਖਾਸ ਕਰਕੇ ਵਜ਼ੀਰ ਖਾਂ ਦਾ ਹੁਕਮ ਇਤਨਾ ਘ੍ਰਿਣਤ ਅਤੇ ਵਹਿਸ਼ੀ ਸੀ ਕਿ ਜੇਕਰ ਗੁਰੂ ਜੀ ਉਸ ਪਾਪੀ ਨੂੰ ਦੰਡ ਦੇਣ ਲਈ ਕੋਈ ਕਦਮ ਨਾ ਚੁਕਦੇ ਤਾਂ ਉਹ ਆਪਣੇ ਆਪ ਪ੍ਰਤੀ ਅਤੇ ਆਪਣੇ ਬੁਨਿਆਦੀ ਆਦਰਸ਼ਾਂ ਪ੍ਰਤੀ ਝੂਠੇ ਹੁੰਦੇ। ਉਨ੍ਹਾਂ ਦੇ ਅਲਪ ਸਾਧਨਾਂ ਨੇ ਅਤੇ ਸਾਰੇ ਢੰਗ ਖਤਮ ਹੋ ਜਾਣ ਤੇ ਤਲਵਾਰ ਉਠਾਉਣ ਦੇ ਪ੍ਰਵਾਨਿਤ ਸਿੱਧਾਂਤ ਨੇ ਉਨ੍ਹਾਂ ਨੂੰ ਰਾਜਨੀਤੀ ਦਾ ਰਾਹ ਅਪਣਾਉਣ ਲਈ ਪ੍ਰੇਰਿਆ ਅਤੇ ਇਹ ਸਹਿਜੇ ਹੀ ਸਮਝਿਆ ਜਾ ਸਕਦਾ ਹੈ ਕਿ ਇਸੇ ਮੰਤਵ ਲਈ ਗੁਰੂ ਜੀ ਬਾਦਸ਼ਾਹ ਨਾਲ ਭੇਂਟ ਕਰਨਾ ਚਾਹੁੰਦੇ ਸਨ। ਔਰੰਗਜ਼ੇਬ ਦੀ ਮੌਤ ਨੇ ਉਨ੍ਹਾਂ ਨੂੰ ਕੁਝ ਚਿਰ ਡੱਕ ਰਖਿਆ ਪਰੰਤੂ ਇਸੇ ਹੀ ਮੰਤਵ ਲਈ ਉਨ੍ਹਾਂ ਨੇ ਬਹਾਦਰ ਸ਼ਾਹ ਦੀ ਜੈਜੋ ਵਿਖੇ ਸਹਾਇਤਾ ਕੀਤੀ ਅਤੇ ਆਪਣੇ ਜੀਵਨ ਦੇ ਅੰਤ ਤਕ ਉਹ ਬਾਦਸ਼ਾਹ ਨਾਲ ਰਹੇ। ਸਿੱਖ ਲਿਖਤਾਂ ਵਿਚ ਇਹ ਦ੍ਰਿੜ੍ਹਾਇਆ ਗਿਆ ਹੈ ਕਿ ਗੁਰੂ ਜੀ ਦਾ ਬਹਾਦਰ ਸ਼ਾਹ ਨਾਲ ਮਿਲਣ ਦਾ ਇਹੋ ਮੰਤਵ ਸੀ। ਗੁਰੂ ਜੀ ਸਾਮ੍ਹਣੇ ਬਾਦਸ਼ਾਹ ਨਾਲ ਰਲਣ ਲਗਿਆਂ ਇਕ ਨਿਸ਼ਚਿਤ ਮੰਤਵ ਸੀ ਅਤੇ ਇਸ ਮੰਤਵ ਦੀ ਪੂਰਤੀ ਲਈ ਗੱਲ-ਬਾਤ ਚਲ ਰਹੀ ਸੀ। ਇਹ ਗੱਲ ਗੁਰੂ ਜੀ ਦੇ ਧੌਲ ਦੇ ਸਿੱਖਾਂ ਨੂੰ ਲਿਖੇ ਪੱਤਰ

---

1. ਗੁਰ ਸੋਭਾ, ix, 10

ਸੈਨਾ ਪਤ ਬਾਦਸ਼ਾਹ ਲਈ 'ਸ਼ਾਹ' ਦਾ ਪ੍ਰਯੋਗ ਕਰਦਾ ਹੈ ਅਤੇ ਸੁਲਤਾਨ ਤੋਂ ਭਾਵ ਕੋਈ ਹੋਰ ਵਿਅਕਤੀ ਹੈ, ਅਤੇ ਸੰਭਵ ਹੈ ਕਿ ਦਿੱਲੀ ਵਿਚ ਬਾਦਸ਼ਾਹ ਦਾ ਪ੍ਰਤਿਨਿਧ ਹੋਵੇ।

ਤੋਂ ਪੱਕੀ ਤਰ੍ਹਾਂ ਸਿੱਧ ਹੋ ਜਾਂਦੀ ਹੈ। ਇਸ ਪੱਤਰ ਦੀ ਮਿਤੀ 15 ਅਕਤੂਬਰ, 1707 ਈ. ਹੈ ਅਤੇ ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ "ਪੁਰਾਣੀ ਗੱਲ-ਬਾਤ, ਜਿਸ ਦੁਆਰਾ ਉਹ ਇਥੇ ਤਕ ਪਹੁੰਚੇ ਸਨ, ਅਜੇ ਚਲ ਰਹੀ ਸੀ ਅਤੇ ਉਨ੍ਹਾਂ ਨੂੰ ਛੇਤੀ ਹੀ ਪੰਜਾਬ ਪਰਤ ਜਾਣ ਦੀ ਆਸ ਸੀ।"[1] ਪਰੰਤੂ ਜਦ ਬਾਦਸ਼ਾਹ ਰਾਜਪੂਤਾਨੇ (12 ਨਵੰਬਰ, 1707) ਵਲ ਰਵਾਨਾ ਹੋਇਆ ਤਾਂ ਇਹ ਮੁਆਮਲਾ ਅਜੇ ਖਤਮ ਨਹੀਂ ਸੀ ਹੋਇਆ, ਸੋ ਗੁਰੂ ਜੀ ਨੂੰ ਵੀ ਉਸ ਦੇ ਨਾਲ ਜਾਣਾ ਪਿਆ। ਐਪਰ ਬਾਦਸ਼ਾਹ ਨੇ, ਆਨੇ ਬਹਾਨੇ, ਉਨ੍ਹਾਂ ਨੂੰ ਟਾਲਣਾ ਚਾਹਿਆ।[2] ਸੋ ਜਦ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੇ ਯਤਨ ਅਸਫਲ ਹੋ ਗਏ ਹਨ ਅਤੇ ਉਨ੍ਹਾਂ ਦਾ ਆਪਣਾ ਅੰਤ ਨੇੜੇ ਆ ਰਿਹਾ ਹੈ ਤਾਂ ਉਨ੍ਹਾਂ ਨੇ ਬੰਦੇ ਨੂੰ ਉਸ ਕਾਰਜ ਦੀ ਪੂਰਤੀ ਸ਼ਕਤੀ ਦੁਆਰਾ ਕਰਨ ਲਈ ਨਿਯਤ ਕੀਤਾ ਜਿਸ ਦੀ ਪੂਰਤੀ ਨਿਆਇ ਦੁਆਰਾ ਕਰਨ ਵਿਚ ਉਹ ਅਸਫਲ ਹੋਏ ਸਨ। ਜੇਕਰ ਇਸ ਦ੍ਰਿਸ਼ਟੀ ਨੂੰ ਪ੍ਰਵਾਨ ਕਰ ਲਿਆ ਜਾਵੇ ਤਾਂ ਸਾਰੀਆਂ ਅਸੰਗਤੀਆਂ ਲੁਪਤ ਹੋ ਜਾਂਦੀਆਂ ਹਨ ਅਤੇ ਗੁਰੂ ਜੀ ਦੇ ਜੀਵਨ ਦੇ ਅੰਤਲੇ ਦੋ ਸਾਲਾਂ ਦੀਆਂ ਸਰਗਰਮੀਆਂ, ਜੋ ਹੁਣ ਤਕ ਉਲਝਣ ਬਣੀਆਂ ਹੋਈਆਂ ਸਨ, ਸੁਲਝ ਜਾਂਦੀਆਂ ਹਨ।

ਭਾਵੇਂ ਉਹ ਕੁਝ ਵੀ ਹੋਵੇ ਪਰ ਸਾਨੂੰ ਦਸਿਆ ਗਿਆ ਹੈ ਕਿ ਗੁਰੂ ਜੀ ਨੂੰ ਔਰੰਗਜ਼ੇਬ ਦੀ ਮੌਤ ਦੀ ਖਬਰ, ਮਾਰਵਾੜ ਦੇਸ਼ ਵਿਚ ਬਗੌਰ[3] ਦੇ ਸਥਾਨ ਤੇ ਪਹੁੰਚਣ ਤੋਂ ਕੁਝ ਸਮਾਂ ਪਹਿਲਾਂ ਮਿਲੀ। ਇਸ ਮਗਰੋਂ ਗੁਰੂ ਜੀ ਦੀਆਂ ਕਾਰਵਾਈਆਂ ਕੁਝ ਧੁੰਦਲੀਆਂ ਹਨ ਪਰ ਸੈਨਾ ਪਤ ਸਾਨੂੰ ਦਸਦਾ ਹੈ ਕਿ ਫਿਰ ਉਹ ਕਿਚੱਕ ਦੇ ਸਥਾਨ ਤੇ ਗਏ ਜਿਥੇ ਸਥਾਨਕ ਲੋਕਾਂ ਨਾਲ ਉਨ੍ਹਾਂ ਦੀ ਲੜਾਈ ਹੋਈ।[4] ਉਹ ਅਵੱਸ਼ ਹੀ ਪਿਛਲੇ ਪੈਰੀਂ ਮੁੜ ਪਏ ਹੋਣਗੇ, ਅਤੇ ਇਰਵਿਨ ਦੇ ਦੱਸਣ ਅਨੁਸਾਰ, "ਇਹ ਨਿਸ਼ਚਿਤ ਜਾਪਦਾ ਹੈ ਜਦ ਬਹਾਦਰ ਸ਼ਾਹ ਲਾਹੌਰ ਤੋਂ ਆਜ਼ਮ ਸ਼ਾਹ ਨਾਲ ਤਖਤ ਪ੍ਰਾਪਤੀ ਦੀ ਜੰਗ ਕਰਨ ਲਈ ਆਗਰੇ ਵਲ ਆ ਰਿਹਾ ਸੀ ਤਾਂ ਗੁਰੂ ਜੀ ਵੀ ਕਿਧਰੇ ਕਿਸੇ ਸਥਾਨ ਤੇ ਬਹਾਦਰ ਸ਼ਾਹ ਨਾਲ ਰਲੇ ਸਨ।"[5] ਬਹਾਦਰ ਸ਼ਾਹ ਦੀ ਗੁਰੂ ਜੀ ਨਾਲ ਮਿੱਤਰਤਾ ਪਹਿਲੋਂ ਵੀ ਇਕ ਵਾਰ ਦੇਖੀ ਜਾ ਸਕਦੀ ਹੈ ਜਦ ਪਹਾੜੀ ਰਾਜਿਆਂ ਨੂੰ ਸਖਤ ਸਜ਼ਾਵਾਂ ਦਿੱਤੀਆਂ ਗਈਆਂ ਸਨ ਪਰ ਗੁਰੂ ਜੀ ਸਹੀ-ਸਲਾਮਤ ਬਚ ਗਏ ਸਨ ਭਾਵੇਂ ਉਨ੍ਹਾਂ ਦੇ ਦੂਸ਼ਨ ਜੇਕਰ ਪਹਾੜੀ ਰਾਜਿਆਂ ਨਾਲੋਂ ਗੰਭੀਰ ਨਹੀਂ ਸਨ ਤਾਂ ਉਹੋ ਜਿਹੇ ਜ਼ਰੂਰ ਸਨ। ਜਿਵੇਂ ਅਸੀਂ ਦੇਖ ਚੁਕੇ ਹਾਂ, ਸਿੱਖ ਲੇਖਕ ਇਸ ਦਾ ਕਾਰਨ ਸ਼ਹਿਜ਼ਾਦੇ ਦੇ ਸਕੱਤਰ ਨੰਦ ਲਾਲ ਦੇ ਅਸਰ-ਰਸੂਖ ਨੂੰ ਮੰਨਦੇ ਹਨ ਅਤੇ ਸਾਨੂੰ ਦਸਿਆ ਗਿਆ ਹੈ ਕਿ

---

1. ਗੰਡਾ ਸਿੰਘ, ਬੰਦਾ ਸਿੰਘ ਬਹਾਦਰ, ਪੰਨਾ 11
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 234, 235
3. ਗੁਰ ਸੋਭਾ, xiv, 29, ਗੁਰ ਬਿਲਾਸ, xxiv, 102
4. ਗੁਰ ਸੋਭਾ, xiv
   ਇਹ ਕਹਿਣਾ ਬੜਾ ਮੁਸ਼ਕਿਲ ਹੈ ਕਿ ਇਹ ਕਿਚੱਕ ਕੌਣ ਸੀ ਅਤੇ ਸੈਨਾ ਪਤ ਵਾਸਤਵ ਵਿਚ ਕਿਸ ਸਥਾਨ ਦਾ ਭਾਵ ਲੈਂਦਾ ਹੈ।
5. ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 89

ਇਹ ਨੰਦ ਲਾਲ ਸੀ ਜਿਸ ਨੇ ਬਹਾਦਰ ਸ਼ਾਹ ਨੂੰ ਗੁਰੂ ਜੀ ਨੂੰ ਸਹਾਇਤਾ ਲਈ ਬੁਲਾਉਣ ਦੀ ਸਲਾਹ ਦਿੱਤੀ ਸੀ। ਇਸ ਦੀ ਸਚਾਈ ਕੁਝ ਵੀ ਹੋਵੇ ਇਸ ਗੱਲੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਲੜਾਈ ਦੇ ਬਾਅਦ ਛੇਤੀ ਹੀ ਗੁਰੂ ਜੀ ਆਗਰੇ ਵਿਚ ਨਵੇਂ ਬਾਦਸ਼ਾਹ ਨਾਲ ਸਨ। ਸਿੱਖਾਂ ਦਾ ਕਹਿਣਾ ਹੈ ਕਿ ਬਾਦਸ਼ਾਹ ਨੇ ਗੁਰੂ ਜੀ ਨੂੰ ਕੁਝ ਵਡਮੁਲੇ ਤੁਹਫੇ ਦਿੱਤੇ[2] ਅਤੇ 2 ਅਗਸਤ, 1707 ਈ. ਦੇ ਬਹਾਦਰ-ਸ਼ਾਹ ਨਾਮੇ ਵਿਚ ਦਰਜ ਹੋਇਆ ਇਹ ਵਾਕ, "ਜਦ ਗੋਬਿੰਦ ਸਿੰਘ ਨੂੰ ਹੀਰੇ ਮੋਤੀਆਂ ਵਾਲਾ ਭੇਛਣ ਦਿੱਤਾ ਗਿਆ"[3] ਇਸ ਗੱਲ ਦੀ ਪੁਸ਼ਟੀ ਕਰਦਾ ਹੈ। ਸਾਨੂੰ ਦਸਿਆ ਗਿਆ ਹੈ ਕਿ ਜਦ ਗੁਰੂ ਜੀ ਆਗਰੇ ਸਨ ਤਾਂ ਉਹ ਸ਼ਾਹੀ ਨਿਵਾਸ ਤੋਂ ਚਾਰ ਮੀਲ ਦੂਰ ਇਕ ਬਾਗ ਵਿਚ ਰਹਿੰਦੇ ਸਨ ਅਤੇ ਕਦੇ ਕਦੇ ਬਾਦਸ਼ਾਹ ਨੂੰ ਮਿਲਣ ਵੀ ਆਉਂਦੇ ਸਨ।[4] ਕੁਝ ਮਹੀਨੇ ਇਸ ਤਰ੍ਹਾਂ ਗੁਜ਼ਰ ਗਏ ਜਦ ਕਿ ਬਹਾਦਰ ਸ਼ਾਹ ਆਪਣੀ ਰਾਜਪੁਤਾਨੇ ਦੀ ਮੁਹਿੰਮ ਤੇ 12 ਨਵੰਬਰ, 1707 ਈ. ਨੂੰ ਚਲ ਪਿਆ। ਇਸ ਵਿਚ ਰਤਾ ਸ਼ੱਕ ਨਹੀਂ ਸੀ ਕਿ ਗੁਰੂ ਜੀ ਬਾਦਸ਼ਾਹ ਨਾਲ ਗਏ। ਸੈਨਾ ਪਤ ਇਸ ਬਾਰੇ ਸਪਸ਼ਟ ਹੈ ਅਤੇ ਖਾਫੀ ਖਾਂ ਕਹਿੰਦਾ ਹੈ : "ਉਸ ਸਮੇਂ ਦੇ ਦੌਰਾਨ ਜਦ ਬਹਾਦਰ ਸ਼ਾਹ ਨੇ ਆਪਣਾ ਖਿਆਲ ਹੈਦਰਾਬਾਦ ਵਲ ਕੀਤਾ ਜਾਂ ਜਦ ਉਹ ਉਸ ਸਥਾਨ ਲਈ ਰਵਾਨਾ ਹੋ ਚੁਕਾ ਸੀ, ਤਾਂ ਉਸ ਬਦਨਾਮ ਜਾਤੀ ਦਾ ਗੋਬਿੰਦ ਨਾਂ ਦਾ ਇਕ ਆਗੂ ਬਾਦਸ਼ਾਹ ਕੋਲ ਦੋ ਜਾਂ ਤਿੰਨ ਸੋ ਸਵਾਰਾਂ, ਜਿਨ੍ਹਾਂ ਨੇ ਬਰਛੇ ਚੁਕੇ ਹੋਏ ਸਨ, ਅਤੇ ਕੁਝ ਪਿਆਦਿਆਂ ਨਾਲ ਆ ਹਾਜ਼ਰ ਹੋਇਆ ਅਤੇ ਬਾਦਸ਼ਾਹ ਦੇ ਨਾਲ ਚਲ ਪਿਆ।" ਇਸ ਤੋਂ ਅੱਗੋਂ ਦੀਆਂ ਗੁਰੂ ਜੀ ਦੀਆਂ ਕਾਰਵਾਈਆਂ ਬਹਾਦਰ ਸ਼ਾਹ ਦੀਆਂ ਕਾਰਵਾਈਆਂ ਨਾਲ ਬੱਝ ਗਈਆਂ, ਅਤੇ ਭਾਵੇਂ ਸੈਨਾ ਪਤ ਇਹ ਦਸਦਾ ਹੈ ਕਿ ਕਈ ਅਵਸਰਾਂ ਤੇ ਗੁਰੂ ਜੀ ਮੁਖ ਸੈਨਾ ਨੂੰ ਛਡ ਕੇ ਆਪਣੀ ਮਰਜ਼ੀ ਅਨੁਸਾਰ ਕੁਝ ਦੂਰ ਚਲੇ ਜਾਂਦੇ ਸਨ ਪਰ ਉਹ ਬਾਦਸ਼ਾਹ ਦੀ ਫੌਜ ਨਾਲ ਫਿਰ ਆ ਰਲਦੇ ਸਨ, ਅਤੇ ਜਿਹੜਾ ਸਫ਼ਰ-ਚੱਕਰ ਉਸ ਨੇ ਦਿੱਤਾ ਹੈ, ਉਹ ਜੋ ਕੁਝ ਸਾਨੂੰ ਮੁਗ਼ਲ ਲਿਖਤਾਂ ਵਿਚੋਂ ਮਿਲਦਾ ਹੈ ਉਸ ਨਾਲ ਮੋਟੇ ਮੋਟੇ ਰੂਪ ਵਿਚ ਮਿਲਦਾ ਹੈ ਪਰੰਤੂ ਇਸ ਸਾਰੇ ਸਮੇਂ ਵਿਚ ਸਾਨੂੰ ਗੁਰੂ ਜੀ ਦੇ ਅਜੇਹੀ ਕਾਰਵਾਈ ਵਿਚ ਭਾਗ

---

1 ਗੁਰ ਬਿਲਾਸ, XXV ਮੈਕਾਲਿਫ, ਉਹੀ, ਸੈਂਚੀ ਪੰਜਵੀਂ, ਪੰਨਾ 230

ਐਪਰ ਇਹ ਦੇਖਣਾ ਚਾਹੀਦਾ ਹੈ ਕਿ ਸਿੱਖ ਲੇਖਕ ਇਹ ਨਹੀਂ ਕਹਿੰਦੇ ਕਿ ਗੁਰੂ ਜੀ ਨੇ ਜੈਜੋ ਦੀ ਲੜਾਈ ਵਿਚ ਆਪ ਭਾਗ ਲਿਆ। ਉਨ੍ਹਾਂ ਨੇ ਕੇਵਲ ਆਪਣੇ ਕੁਝ ਆਦਮੀ ਹੀ ਭੇਜੇ ਸਨ। ਜੰਗ ਖਤਮ ਹੋਣ ਮਗਰੋਂ ਹੀ ਗੁਰੂ ਜੀ ਦਿੱਲੀ, ਮਥਰਾ ਅਤੇ ਬਿੰਦਰਾਬਨ ਰਾਹੀਂ ਹੁੰਦੇ ਹੋਏ ਆਗਰੇ ਗਏ। (ਗੁਰ ਬਿਲਾਸ, xxvi; ਮੈਕਾਲਿਫ, ਉਹੀ, ਪੰਨਾ 230-231, ਗੁਰ ਸੋਭਾ, xv)। ਪਹਿਲੀ ਗੱਲ ਸੰਬੰਧੀ ਸੈਨਾ ਪਤ ਕੇਵਲ ਏਨਾ ਹੀ ਕਹਿੰਦਾ ਹੈ ਕਿ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਪੱਤਰ ਭੇਜਿਆ ਸੀ ਅਤੇ ਗੁਰੂ ਜੀ ਨੇ ਉੱਤਰ ਵਿਚ ਉਸ ਨੂੰ ਯਕੀਨ ਦਵਾਇਆ ਸੀ ਕਿ ਤਖਤ ਉਸ਼ੇ ਦਾ ਹੋਵੇਗਾ (xv, 7-9)।

2. ਗੁਰ ਸੋਭਾ, xvi, 35, ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 232

3. ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 90

4. ਗੁਰ ਸੋਭਾ, xvi

ਲੈਣ ਬਾਰੇ ਕੋਈ ਪ੍ਰਮਾਣ ਨਹੀਂ ਮਿਲਦਾ ਜਿਸ ਵਿਚ ਬਾਦਸ਼ਾਹ ਆਪ ਲਗਿਆ ਹੋਇਆ ਸੀ। ਸੋ ਇਹ ਵਧੇਰੇ ਸੰਭਵ ਜਾਪਦਾ ਹੈ ਕਿ ਉਹ ਕੇਵਲ ਸਾਥੀ ਦੇ ਤੌਰ ਤੇ ਹੀ ਬਾਦਸ਼ਾਹ ਨਾਲ ਫਿਰ ਰਹੇ ਸਨ ਅਤੇ ਜਿਵੇਂ ਕਿ ਕੁਝ ਲੇਖਕ ਕਹਿੰਦੇ ਹਨ[1] ਉਨ੍ਹਾਂ ਨੂੰ ਕੋਈ ਕਮਾਨ ਨਹੀਂ ਦਿੱਤੀ ਹੋਈ ਸੀ।

IV. ਗੁਰੂ ਜੀ ਦਾ ਅਕਾਲ ਚਲਾਣਾ

ਗੁਰੂ ਜੀ, ਬਹਾਦਰ ਸ਼ਾਹ ਦੀ ਫ਼ੌਜ ਨਾਲ, ਕੁਝ ਸਮੇਂ ਵਿਚ ਨੰਦੇੜ ਪਹੁੰਚ ਗਏ। "ਇਹ ਸਥਾਨ ਵਰਤਮਾਨ ਹੈਦਰਾਬਾਦ ਪ੍ਰਾਂਤ ਵਿਚ ਦਰਿਆ ਗੁਦਾਵਰੀ ਦੇ ਕੰਢੇ ਉਤੇ ਸਥਿਤ ਹੈ ਅਤੇ ਇਸ ਦੀ ਰਾਜਧਾਨੀ ਦੇ ਉੱਤਰ ਪੱਛਮ ਵਿਚ ਲੱਗ ਭੱਗ ਇਕ ਸੌ ਪੰਜਾਹ ਮੀਲ ਦੀ ਦੂਰੀ ਉਤੇ ਹੈ।" ਇਥੇ ਗੁਰੂ ਜੀ ਨੂੰ ਇਕ ਪਠਾਣ ਨੇ ਘਾਇਲ ਕਰ ਦਿੱਤਾ। ਜਿਨ੍ਹਾਂ ਪਰਿਸਥਿਤੀਆਂ ਵਿਚ ਇਹ ਘਟਨਾ ਹੋਈ ਉਹ ਭੇਦ ਭਰੀਆਂ ਹਨ ਅਤੇ ਜੋ ਕੁਝ ਵਾਪਰਿਆ ਉਸ ਦੇ ਸਾਨੂੰ ਵੱਖ ਵੱਖ ਬਿਰਤਾਂਤ ਮਿਲਦੇ ਹਨ। ਭਾਈ ਸੁਖਾ ਸਿੰਘ ਦਸਦੇ ਹਨ ਕਿ ਇਕ ਦਿਨ ਦੋ ਨੌਜਵਾਨ ਪਠਾਣਾਂ ਨੇ ਆ ਕੇ ਗੁਰੂ ਜੀ ਨੂੰ ਨਮਸਕਾਰ ਕੀਤਾ। ਉਨ੍ਹਾਂ ਨੂੰ ਪੁਛਿਆ ਗਿਆ ਕਿ ਉਹ ਕੌਣ ਹਨ ਅਤੇ ਕਿਥੋਂ ਆਏ ਹਨ। ਉਨਾਂ ਨੇ ਉੱਤਰ ਦਿੱਤਾ ਕਿ ਉਹ ਪੈਂਦੇ ਖਾਂ ਦੇ ਪੁੱਤਰ ਹਨ[2] ਅਤੇ ਛੋਟਾ ਮੀਰ ਦੇ ਰਹਿਣ ਵਾਲੇ ਹਨ ਜੋ ਕਿ ਜਲੰਧਰ ਦੁਆਬ ਵਿਚ ਜਲੰਧਰ ਸ਼ਹਿਰ ਦੇ ਨੇੜੇ ਇਕ ਪਿੰਡ ਹੈ। ਗੁਰੂ ਜੀ ਨੇ ਉਨ੍ਹਾਂ ਦਾ ਦਇਆ ਪੂਰਵਕ ਸੁਆਗਤ ਕੀਤਾ ਅਤੇ ਖਰਚ ਲਈ ਉਨ੍ਹਾਂ ਨੂੰ ਕੁਝ ਪੈਸੇ ਵੀ ਦਿੱਤੇ। ਦੋ ਤਿੰਨਾਂ ਦਿਨਾਂ ਮਗਰੋਂ ਇਹ ਨੌਜਵਾਨ ਫਿਰ ਆਏ ਅਤੇ ਪਹਿਲੋਂ ਵਾਂਗ ਹੀ ਉਨ੍ਹਾਂ ਨਾਲ ਵਰਤਾਉ ਕੀਤਾ ਗਿਆ। ਗੁਰੂ ਜੀ ਨੇ ਇਕ ਤਲਵਾਰ, ਜਿਹੜੀ ਕਿ ਕਿਸੇ ਨੇ ਉਨ੍ਹਾਂ ਨੂੰ ਭੇਂਟ ਕੀਤੀ ਸੀ ਅਤੇ ਉਨ੍ਹਾਂ ਦੇ ਲਾਗੇ ਪਈ ਹੋਈ ਸੀ, ਇਕ ਨੌਜਵਾਨ ਨੂੰ ਦੇ ਦਿੱਤੀ ਅਤੇ ਗੁਰੂ ਜੀ ਨੇ ਤਲਵਾਰ ਵਾਲੇ ਨੌਜਵਾਨ ਨੂੰ ਜੋ ਕਿ ਆਪਣੇ ਪਿਤਾ ਜਾਂ ਦਾਦਾ ਦੇ ਵੈਰੀ ਨੂੰ ਸਾਮ੍ਹਣੇ ਦੇਖ ਰਿਹਾ ਸੀ ਪਰ ਫਿਰ ਵੀ ਬਦਲਾ ਲੈਣੋਂ ਅਸਮਰਥ ਸੀ, ਕਿਹਾ ਕਿ ਉਸ ਨੇ ਵਿਅਰਥ ਹੀ ਜਨਮ ਲਿਆ। ਨੌਜਵਾਨ ਘਬਰਾ ਗਿਆ ਅਤੇ ਘਰ ਜਾ ਕੇ ਉਸ ਨੇ ਆਪਣੀ ਮਾਤਾ ਤੋਂ ਗੁਰੂ ਜੀ ਦੇ ਭਾਵ ਬਾਰੇ ਪੁਛਿਆ। ਮਾਤਾ ਨੇ ਉੱਤਰ ਦਿੱਤਾ ਕਿ ਜੋ ਕੁਝ ਗੁਰੂ ਜੀ ਨੇ ਕਿਹਾ ਸੀ ਸੱਚ ਹੈ ਪਰ ਫਿਰ ਵੀ ਉਸ ਨੂੰ ਗੁਰੂ ਜੀ ਨਾਲ ਲੜਨਾ ਨਹੀਂ ਚਾਹੀਦਾ ਕਿਉਂਕਿ ਗੁਰੂ ਜੀ ਬਹੁਤ ਸ਼ਕਤੀਸ਼ਾਲੀ ਹਨ। ਪਠਾਣ ਨੌਜਵਾਨ ਫਿਰ ਗੁਰੂ ਜੀ ਕੋਲ ਆਇਆ ਅਤੇ ਗੁਰੂ ਜੀ ਨੇ ਫਿਰ ਪਹਿਲੇ ਸ਼ਬਦਾਂ ਨੂੰ ਦੁਹਰਾਇਆ। ਨੌਜਵਾਨ ਨੂੰ, ਆਖਰ ਜੋਸ਼ ਆ ਗਿਆ ਅਤੇ ਉਸ ਨੇ ਗੁਰੂ ਜੀ ਤੇ ਵਾਰ ਕਰ ਦਿੱਤਾ ਅਤੇ ਤੀਜਾ ਵਾਰ ਗੁਰੂ ਜੀ ਦੀਆਂ ਅੰਤੜੀਆਂ ਤੱਕ ਜਾ ਪਹੁੰਚਾ। ਇਸ ਤੇ ਰੌਲਾ ਪੈ ਗਿਆ ਅਤੇ ਇਕ ਸਿੱਖ ਨੇ ਆ ਕੇ ਪਠਾਣ ਦਾ ਸਿਰ ਲਾਹ ਸੁਟਿਆ। ਜ਼ਖਮ ਸਿਉਂ ਦਿੱਤਾ ਗਿਆ ਅਤੇ ਬਹਾਦਰ ਸ਼ਾਹ ਨੇ ਗੁਰੂ ਜੀ ਨੂੰ ਕਿਹਾ ਕਿ ਜੇਕਰ

---

1. ਕਨਿੰਘਮ, ਉਪਰੋਕਤ ਰਚਨਾ, ਪੰਨਾ 81, ਟਰੰਪ, ਉਪਰੋਕਤ ਰਚਨਾ, ਪੰਨਾ xciv, ਫਾਰਸਟਰ, ਉਪਰੋਕਤ ਰਚਨਾ, ਪੰਨਾ 262, 263.
2. ਗੁਰ ਬਿਲਾਸ, xxix

ਉਨ੍ਹਾਂ ਦੀ ਇੱਛਾ ਹੈ ਤਾਂ ਉਹ ਦੂਜੇ ਅਪਰਾਧੀਆਂ ਨੂੰ ਦੰਡ ਦੇਣ ਲਈ ਤੱਤਪਰ ਹੈ। ਪਰੰਤੂ ਗੁਰੂ ਜੀ ਨੇ ਕਿਹਾ ਕਿ ਇਸ ਦੀ ਕੋਈ ਲੋੜ ਨਹੀਂ ਕਿਉਂਕਿ ਜ਼ਖਮ ਉਨ੍ਹਾਂ ਦੀ ਸ੍ਵੈ-ਇੱਛਾ ਅਨੁਸਾਰ ਹੋਇਆ ਹੈ। ਗੁਰੂ ਜੀ ਰਾਜ਼ੀ ਹੋਣ ਲੱਗ ਪਏ ਪਰ ਕਮਾਣ ਦਾ ਚਿੱਲਾ ਚੜ੍ਹਾਣ ਦੇ ਯਤਨ ਵਿਚ ਉਨ੍ਹਾਂ ਦਾ ਜ਼ਖਮ ਫਿਰ ਉਧੜ ਗਿਆ ਅਤੇ ਇਸ ਪਿਛੋਂ ਸ਼ੀਘਰ ਹੀ ਜੋਤੀ ਜੋਤ ਸਮਾ ਗਏ।

ਇਹ ਦੇਖਿਆ ਜਾਵੇਗਾ ਕਿ ਉਕਤ ਵਾਰਤਾ ਵਿਚੋਂ ਚਾਰ ਗੱਲਾਂ ਪ੍ਰਗਟ ਹੁੰਦੀਆਂ ਹਨ: ਗੁਰੂ ਜੀ ਨੂੰ ਕਤਲ ਕੀਤਾ ਗਿਆ ਸੀ, ਕਾਤਲ ਪਠਾਣ ਸੀ, ਵਾਰ ਸੂਇਛਿੱਤ ਸੀ ਅਤੇ ਪਠਾਣ ਪੈਂਦੇ ਖਾਂ ਦਾ ਪੁੱਤਰ ਜਾਂ ਪੋਤਰਾ ਸੀ। ਪੈਂਦਾ ਖਾਂ ਦਾ, ਜਿਹੜਾ 1636 ਈ. ਵਿਚ ਮਰ ਗਿਆ ਸੀ, ਪੁੱਤਰ 1708 ਈ. ਵਿਚ ਕਿਸੇ ਹਾਲਤ ਵਿਚ ਵੀ ਨੌਜਵਾਨ ਨਹੀਂ ਹੋ ਸਕਦਾ ਸੀ, ਅਤੇ ਇਹ ਵੀ ਸੰਦੇਹ ਕੀਤਾ ਜਾ ਸਕਦਾ ਹੈ ਕਿ ਉਸ ਦਾ ਪੋਤਰਾ ਵੀ ਜਵਾਨ ਨਹੀਂ ਹੋ ਸਕਦਾ। ਸੋ ਇਸ ਵਾਰਤਾ ਦੇ ਹੋਰ ਰੂਪਾਂਤਰਾਂ ਵਿਚ ਪੈਂਦੇ ਖਾਂ ਦਾ ਨਾਂ ਛਡ ਦਿੱਤਾ ਗਿਆ ਅਤੇ ਸਾਨੂੰ ਉਸ ਪਠਾਣ ਬਾਰੇ ਦਸਿਆ ਗਿਆ ਹੈ ਜਿਸ ਨੇ ਗੁਰੂ ਜੀ ਪਾਸ ਅਨੰਦਪੁਰ ਵਿਖੇ ਘੋੜੇ ਵੇਚੇ ਸਨ। ਇਸ ਰੂਪਾਂਤਰ ਦੇ ਅਗੋਂ ਹੋਰ ਕਈ ਰੂਪਾਂਤਰ ਹਨ। ਵਾਰਤਾ ਇਉਂ ਹੈ: ਜਦ ਗੁਰੂ ਜੀ ਕੋਲ ਪੈਸਿਆਂ ਦੀ ਥੁੜ ਸੀ ਤਾਂ ਪਠਾਣ ਨੇ ਇਕ ਦਿਨ ਆ ਕੇ ਘੋੜਿਆਂ ਦੇ ਮੁਲ ਦੀ ਅਦਾਇਗੀ ਦੀ ਮੰਗ ਕੀਤੀ। ਗੁਰੂ ਜੀ ਨੇ ਉਸ ਨੂੰ ਕਿਸੇ ਹੋਰ ਦਿਨ ਆਉਣ ਲਈ ਆਖਿਆ ਪਰੰਤੂ ਪਠਾਣ ਨੇ ਤੁਰੰਤ ਪੈਸੇ ਦੇਣ ਲਈ ਜ਼ੋਰ ਦਿੱਤਾ। "ਉਸ ਨੇ ਕ੍ਰੋਧਮਈ ਇਸ਼ਾਰਾ ਕੀਤਾ, ਉਸ ਦੀ ਹਿੰਸਕ ਬੁੜ ਬੁੜ ਨੇ ਗੋਬਿੰਦ (ਜੀ) ਨੂੰ ਉਸ ਨੂੰ ਜਾਣੋਂ ਮਾਰ ਦੇਣ ਲਈ ਉਕਸਾ ਦਿੱਤਾ। ਕਤਲ ਹੋਏ ਪਠਾਣ ਦੀ ਲਾਸ਼ ਚੁਕ ਕੇ ਦਫਨਾ ਦਿੱਤੀ ਗਈ ਅਤੇ ਉਸ ਦੇ ਪਰਿਵਾਰ ਨੇ ਆਪਣੇ ਮੁਖੀ ਦੀ ਇਸ ਭਾਵੀ ਤੇ ਸੁਲਾਹ-ਸਫਾਈ ਕਰ ਲਈ ਜਾਪਦੀ ਸੀ। ਪਰੰਤੂ ਉਸ ਦੇ ਪੁੱਤਰਾਂ ਨੇ ਇਸ ਵੈਰ ਨੂੰ ਦਿਲ ਵਿਚ ਰਖਿਆ ਅਤੇ ਇਸ ਦਾ ਬਦਲਾ ਲੈਣ ਲਈ ਮੌਕੇ ਦੀ ਤਾੜ ਵਿਚ ਰਹਿਣ ਲੱਗੇ। ਉਹ ਚੋਰੀ ਚੋਰੀ ਗੁਰੂ ਜੀ ਦੇ ਵਿਸ਼ਰਾਮ-ਸਥਾਨ ਅੰਦਰ ਜਾਣ ਵਿਚ ਸਫਲ ਹੋ ਗਏ ਅਤੇ ਜਦ ਗੁਰੂ ਜੀ ਸੁੱਤੇ ਪਏ ਸਨ, ਜਾਂ ਜਦ ਉਨ੍ਹਾਂ ਕੋਲ ਕੋਈ ਸੇਵਾਦਾਰ ਨਹੀਂ ਸੀ, ਤਾਂ ਉਨ੍ਹਾਂ ਉਤੇ ਘਾਤਕ ਵਾਰ ਕਰ ਦਿੱਤਾ।"[1] ਇਹ ਕੁਝ ਕਨਿੰਘਮ ਲਿਖਦਾ ਹੈ ਪਰੰਤੂ ਹੋਰਨਾਂ ਦਾ ਕਥਨ ਹੈ ਕਿ ਪਸ਼ਚਾਤਾਪ ਕਾਰਨ ਮਰ ਚੁਕੇ ਪਠਾਣ ਦੀ ਪਤਨੀ ਅਤੇ ਲੜਕੇ ਨੂੰ ਗੁਰੂ ਜੀ ਨੇ ਆਪਣੀ ਰਖਿਆ ਹੇਠ ਲੈ ਲਿਆ ਸੀ ਅਤੇ ਲੜਕੇ ਨੂੰ ਆਪਣੇ ਪੁੱਤਰਾਂ ਵਾਂਗ ਪਾਲਿਆ ਸੀ। ਕਿਹਾ ਜਾਂਦਾ ਹੈ, ਜਿਵੇਂ ਕਿ ਪਹਿਲੀ ਵਾਰਤਾ ਵਿਚ ਦਸਿਆ ਗਿਆ ਸੀ, ਗੁਰੂ ਜੀ ਨੇ ਇਸ ਲੜਕੇ ਨੂੰ ਆਪ ਵਾਰ ਕਰਨ ਲਈ ਉਕਸਾਇਆ ਅਤੇ ਉਸ ਦਾ ਵਾਰ ਘਾਤਕ ਸਿੱਧ ਹੋਇਆ।[2] ਇਥੇ ਵੀ ਇਹ ਸਾਂਝੇ ਉਪਕਰਨ ਦੇਖੇ ਜਾ ਸਕਦੇ ਹਨ: ਗੁਰੂ ਜੀ ਨੂੰ

---

1. ਕਨਿੰਘਮ, ਉਪਰੋਕਤ ਰਚਨਾ, ਪੰਨਾ 82
2. Macgregor, *History of the Sikhs*, vol. I, pp. 99, 100. See also Kartar Singh, *op. cit.*, p. 248.

ਕਤਲ ਕੀਤਾ ਗਿਆ, ਕਾਤਲ ਪਠਾਣ ਸੀ ਅਤੇ ਵਾਰ ਸ੍ਵੈਇੱਛਿਤ ਸੀ। ਇਸ ਸ੍ਵੈਇੱਛਿਤ ਵਾਰ ਦੀ ਕਹਾਣੀ ਕਿਵੇਂ ਪੈਦਾ ਹੋ ਗਈ, ਨੂੰ ਅਨੁਮਾਨਣਾ ਕਠਿਨ ਨਹੀਂ ਹੈ। ਸਿੱਖ ਜਿਹੜੇ ਗੁਰੂ ਜੀ ਨੂੰ ਪਰਮਾਤਮਾ ਦਾ ਸਾਧਨ ਮੰਨਦੇ ਸਨ ਅਤੇ ਕਦੀ ਕਦੀ ਗੁਰੂ ਜੀ ਦੇ ਆਪਣੇ ਮਨਾਹੀ ਹੁਕਮ ਦੇ ਵਿਰੁਧ ਉਨ੍ਹਾਂ ਨੂੰ ਅਵਤਾਰ ਵੀ ਮੰਨਦੇ ਸਨ,[1] ਇਸ ਤੱਥ ਨੂੰ ਮੰਨਣ ਲਈ ਤਿਆਰ ਨਹੀਂ ਸਨ ਕਿ ਗੁਰੂ ਜੀ ਇਕ ਹਥਿਆਰੇ ਦੀ ਖੰਜਰ ਦੇ ਸ਼ਿਕਾਰ ਹੋ ਗਏ ਸਨ ਅਤੇ ਇਸ ਨੂੰ ਕੁਝ ਕੁ ਵਧੇਰੇ ਮੰਨਣਯੋਗ ਬਣਾਉਣ ਲਈ ਸ੍ਵੈਇੱਛਿਤ ਵਾਰ ਦੀ ਕਥਾ ਨੂੰ ਪ੍ਰਚਲਿਤ ਕੀਤਾ ਗਿਆ। ਵਾਸਤਵ ਵਿਚ, ਦੂਜੇ ਰੂਪਾਂਤਰਾਂ ਵਿਚ, ਜੋ ਅਸੀਂ ਹੁਣ ਬਿਆਨ ਕਰਾਂਗੇ, ਇਸ ਕਥਾ ਲਈ ਕੋਈ ਥਾਂ ਨਹੀਂ ਹੈ।

ਮੈਕਾਲਿਫ ਦਾ ਕਥਨ ਹੈ ਕਿ ਗੁਰੂ ਜੀ ਦੇ ਅਕਾਲ ਚਲਾਣੇ ਬਾਰੇ ਅਧਿਕ ਮੰਨਣਯੋਗ ਵਰਣਨ ਬਹਾਦਰ ਸ਼ਾਹ ਦੇ ਇਤਿਹਾਸ ਦੇ ਇਕ ਸੰਸ਼ੋਧਿਤ ਪਾਠਾਂਤਰ ਵਿਚ ਹੈ। ਸਾਨੂੰ ਦਸਿਆ ਗਿਆ ਹੈ: "ਗੁਰੂ ਜੀ ਦੁਨੀਆਦਾਰਾਂ, ਕੱਟੜ ਧਰਮੀਆਂ, ਵਾਸਤਵ ਵਿਚ ਹਰ ਵੰਨਗੀ ਦੇ ਲੋਕਾਂ ਦੀਆਂ ਸਭਾਵਾਂ ਨੂੰ ਸੰਬੋਧਿਤ ਕਰਿਆ ਕਰਦੇ ਸਨ। ਇਕ ਦਿਨ ਇਕ ਅਫਗਾਨ, ਜਿਹੜਾ ਕਿ ਇਨ੍ਹਾਂ ਸਭਾਵਾਂ ਵਿਚ ਆਮ ਆਉਂਦਾ ਸੀ, ਬੈਠਾ ਉਨ੍ਹਾਂ ਨੂੰ ਸੁਣ ਰਿਹਾ ਸੀ, ਜਦ ਕਿ ਗੁਰੂ ਜੀ ਦੇ ਮੁਖ ਚੋਂ ਕੋਈ ਅਜੇਹਾ ਵਾਕ ਨਿਕਲਿਆ ਜਿਹੜਾ ਕਿ ਦੀਨਦਾਰਾਂ ਦੇ ਕੰਨਾਂ ਨੂੰ ਅਣਸੁਖਾਂਦਾ ਸੀ। ਅਫਗਾਨ ਕ੍ਰੋਧ ਵਿਚ ਆ ਗਿਆ ਅਤੇ ਉਸ ਨੇ, ਗੁਰੂ ਜੀ ਦੀ ਗੌਰਵਤਾ ਅਤੇ ਮਹੱਤਵ ਤੋਂ ਲਾਪਰਵਾਹ ਹੋ ਕੇ, ਕਟਾਰ ਨਾਲ ਦੋ ਤਿੰਨ ਵਾਰ ਗੁਰੂ ਜੀ ਤੇ ਕੀਤੇ।"[2] ਪਰੰਤੂ, ਜਿਥੋਂ ਤਕ ਸਾਨੂੰ ਗਿਆਨ ਹੈ, ਗੁਰੂ ਜੀ ਦੇ ਜੀਵਨ ਅਤੇ ਰਚਨਾਵਾਂ ਵਿਚੋਂ ਇਹ ਪ੍ਰਗਟ ਨਹੀਂ ਹੁੰਦਾ ਕਿ ਉਹ ਇਸਲਾਮ ਦੇ ਕੱਟੜ ਵੈਰੀ ਸਨ ਜਾਂ ਇਰਵਿਨ ਦੀ ਗਵਾਹੀ ਦੀ ਪੁਸ਼ਟੀ ਕਰਦੇ ਉਨ੍ਹਾਂ ਦੇ ਆਪਣੇ ਉਪਦੇਸ਼ਾਂ ਨੇ ਉਨ੍ਹਾਂ ਨੂੰ ਮੁਸਲਮਾਨਾਂ ਨਾਲ ਮਿਤਰਾਚਾਰੀ ਰਖਣੋਂ ਮਨ੍ਹਾਂ ਕੀਤਾ ਸੀ।[3] ਸੰਭਾਵਨਾ ਇਹ ਹੋ ਸਕਦੀ ਹੈ ਕਿ ਧਾਰਮਿਕ ਵਿਖਿਆਨ ਵਿਚ ਕੋਈ ਅਜੇਹੀ ਗੱਲ ਕਹੀ ਗਈ ਹੋਏਗੀ ਜਿਸ ਨੇ ਇਕ ਹਠਧਰਮੀ ਦੇ ਕ੍ਰੋਧ ਨੂੰ ਟੁੰਬ ਦਿੱਤਾ ਹੋਵੇਗਾ ਕਿਉਂਕਿ ਹਠ-ਧਰਮੀ, ਹਠ-ਧਰਮੀ ਹੀ ਹੁੰਦੇ ਹਨ ਅਤੇ ਉਨ੍ਹਾਂ ਨੂੰ ਕੋਈ ਵੀ ਚੀਜ਼ ਚਿੜ੍ਹਾ ਸਕਦੀ ਹੈ।

ਗੁਰ ਸੋਭਾ ਵਿਚ ਵੀ ਅੰਕਿਤ ਹੈ ਕਿ ਜਦ ਗੁਰੂ ਜੀ ਨੰਦੇੜ ਸਨ ਤਾਂ ਧਾਰਮਿਕ ਵਿਖਿਆਨ ਦਿਆ ਕਰਦੇ ਸਨ ਅਤੇ ਬਹੁਤ ਸਾਰੇ ਲੋਕ ਉਨ੍ਹਾਂ ਦੁਆਲੇ ਆ ਜੁੜਦੇ ਸਨ ਪਰੰਤੂ ਸੈਨਾ ਪਤ ਦਾ ਬਿਆਨ ਉੱਕਾ ਹੀ ਭਿੰਨ ਹੈ। ਸਾਨੂੰ ਦਸਿਆ ਗਿਆ ਹੈ ਕਿ ਇਕ ਦਿਨ ਇਕ ਪਠਾਣ ਕਤਲ ਕਰਨ ਦੇ ਇਰਾਦੇ ਨਾਲ ਸੰਗਤ ਵਿਚ ਆਇਆ ਜਿਹੜੀ ਕਿ ਰੋਜ਼ ਗੁਰੂ ਜੀ ਦੇ ਦੁਆਲੇ ਜੁੜੀ ਹੁੰਦੀ ਸੀ। ਉਸ ਨੇ ਉਥੇ ਦੋ ਤਿੰਨ ਘੰਟੇ ਇੰਤਜ਼ਾਰ

1. ਇਹ ਸਾਨੂੰ ਗੁਰ ਸੋਭਾ ਦੇ ਸਮੇਂ ਵੀ ਦਿਖਾਈ ਦੇਂਦਾ ਹੈ (v. 46; xiv, 1)।
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 241, ਦੇਖੋ, ਤਾਰੀਖ-ਏ-ਬਹਾਦਰ ਸ਼ਾਹੀ, ਈਲੀਅਟ, ਸੈਂਚੀ ਸੱਤਵੀਂ, ਪੰਨਾ 566
3. ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 91

ਕੀਤੀ ਪਰ ਬਹੁਤ ਸਾਰੇ ਆਦਮੀਆਂ ਦੇ ਮੌਜੂਦ ਹੋਣ ਕਾਰਨ ਕੋਈ ਨੁਕਸਾਨ ਨਾ ਪਹੁੰਚਾ ਸਕਿਆ। ਉਹ ਘਰ ਨੂੰ ਪਰਤ ਗਿਆ ਅਤੇ ਦੋ ਤਿੰਨ ਦਿਨਾਂ ਮਗਰੋਂ ਫਿਰ ਆਇਆ। ਉਹ ਤਿੰਨ ਚਾਰ ਘੰਟੇ ਲਗਾਤਾਰ ਬੈਠ ਕੇ ਫਿਰ ਚਲਾ ਗਿਆ। ਇਸ ਪਿਛੋਂ ਉਹ ਕਈ ਦਿਨ ਆਉਂਦਾ ਰਿਹਾ, ਸਥਿਤੀ ਨੂੰ ਘੋਖਦਾ ਅਤੇ ਆਪਣੀ ਭੈੜੀ-ਨੀਤ ਨੂੰ ਪੂਰਾ ਕਰਨ ਲਈ ਚੰਗੇ ਮੌਕੇ ਨੂੰ ਤਾੜਦਾ ਰਿਹਾ। ਉਸ ਨੇ ਨਿਰਣਾ ਕੀਤਾ ਕਿ ਸ਼ਾਮ ਦਾ ਸਮਾਂ ਵਧੇਰੇ ਰਾਸ ਆਵੇਗਾ। ਸੋ ਇਕ ਦਿਨ ਫਿਰ ਸ਼ਾਮ ਨੂੰ ਆਇਆ ਅਤੇ ਗੁਰੂ ਜੀ ਨੇ ਉਸ ਨੂੰ ਕੋਲ ਬੁਲਾ ਕੇ ਪ੍ਰਸ਼ਾਦ ਦਿੱਤਾ ਜੋ ਕਿ ਉਸ ਪਾਪੀ ਨੇ ਖਾ ਲਿਆ। ਉਸ ਸਮੇਂ ਉਥੇ ਹੋਰ ਕੋਈ ਸਿੱਖ ਨਹੀਂ ਸੀ। ਜਿਹੜਾ ਸੇਵਕ ਗੁਰੂ ਜੀ ਦੀ ਟਹਿਲ ਵਿਚ ਸੀ ਉਹ ਵੀ ਸੌਂ ਚੁਕਾ ਸੀ। ਗੁਰੂ ਜੀ ਵਿਸ਼ਰਾਮ ਕਰਨ ਲਈ ਆਪਣੇ ਬਿਸਤਰ ਤੇ ਲੇਟੇ ਹੋਏ ਸਨ ਅਤੇ ਪਠਾਣ ਨੇ, ਮੌਕਾ ਤਾੜ ਕੇ ਆਪਣੀ ਖੰਜਰ ਗੁਰੂ ਜੀ ਦੇ ਪੇਟ ਵਿਚ ਖੋਭ ਦਿੱਤੀ। ਉਸ ਨੂੰ, ਦੁਬਾਰਾ ਵਾਰ ਕਰਨ ਤੋਂ ਪਹਿਲਾਂ ਹੀ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਗੁਰੂ ਜੀ ਨੇ ਆਪਣੀ ਤਲਵਾਰ ਖਿਚੀ ਅਤੇ ਪਠਾਣ ਨੂੰ ਮਾਰ ਦਿੱਤਾ। ਗੁਰੂ ਜੀ ਨੇ ਫਿਰ ਆਪਣੇ ਸਿੱਖਾਂ ਨੂੰ ਬੁਲਵਾਇਆ। ਉਹ ਸਾਰੇ ਪਾਸਿਆਂ ਵਲੋਂ ਗੁਰੂ ਜੀ ਕੋਲ ਦੌੜੇ ਆਏ। ਪਠਾਣ ਦੇ ਦੋ ਜੁੰਡੀਦਾਰ ਬਾਹਰ ਇੰਤਜ਼ਾਰ ਕਰ ਰਹੇ ਸਨ। ਉਨ੍ਹਾਂ ਨੇ ਹੁਣ ਦੌੜਨ ਦਾ ਯਤਨ ਕੀਤਾ ਪਰ ਸਿੱਖਾਂ ਨੇ ਉਨ੍ਹਾਂ ਨੂੰ ਪਕੜ ਲਿਆ ਅਤੇ ਇਕ ਦਮ ਮੌਤ ਦੇ ਘਾਟ ਉਤਾਰ ਦਿੱਤਾ। ਜਦ ਸਿੱਖਾਂ ਨੇ ਪਠਾਣ ਦਾ ਧੜ ਦੇਖਿਆ ਤਾਂ ਉਸ ਨੂੰ ਉਹ ਇਕ ਹੋਰ ਜੁੰਡੀਦਾਰ ਸਮਝ ਕੇ ਮਾਰਨ ਹੀ ਲਗੇ ਸਨ ਕਿ ਗੁਰੂ ਜੀ ਨੇ ਇਹ ਕਹਿੰਦੇ ਹੋਏ ਰੋਕ ਦਿੱਤਾ ਕਿ ਇਹ ਪਾਪੀ ਪਹਿਲੋਂ ਹੀ ਆਪਣਾ ਲੇਖਾ ਦੇ ਚੁਕਾ ਹੈ। ਗੁਰੂ ਜੀ ਦੇ ਜ਼ਖ਼ਮੀ ਹੋਣ ਬਾਰੇ ਅਜੇ ਕਿਸੇ ਸਿੱਖ ਨੂੰ ਪਤਾ ਨਹੀਂ ਸੀ ਪਰੰਤੂ ਜਦ ਉਨ੍ਹਾਂ ਨੂੰ ਉਠਣ ਤੇ ਘੇਰਨੀ ਆਈ ਤਾਂ ਉਨ੍ਹਾਂ ਨੂੰ ਇਸ ਖੇਦਜਨਕ ਖਬਰ ਦਾ ਪਤਾ ਲੱਗਾ। ਸਿੱਖ ਸ਼ੋਕ ਅਤੇ ਚਿੰਤਾ ਵਿਚ ਡੁਬ ਗਏ ਪਰੰਤੂ ਗੁਰੂ ਜੀ ਨੇ ਉਨ੍ਹਾਂ ਨੂੰ ਧਰਵਾਸ ਦਿੱਤਾ ਅਤੇ ਕਿਹਾ ਕਿ ਅਕਾਲ ਪੁਰਖ ਨੇ ਉਨ੍ਹਾਂ ਨੂੰ ਬਚਾ ਲਿਆ ਹੈ ਅਤੇ ਹੁਣ ਚਿੰਤਾ ਕਰਨ ਦੀ ਲੋੜ ਨਹੀਂ। ਜ਼ਖ਼ਮ ਧੋ ਕੇ ਸਿਉਂ ਦਿੱਤਾ ਗਿਆ ਪਰ ਜਦ ਗੁਰੂ ਜੀ ਨੇ ਆਪਣੇ ਭਾਰ ਉਠਣ ਦਾ ਯਤਨ ਕੀਤਾ ਤਾਂ ਜ਼ਖ਼ਮ ਉਧੜ ਗਿਆ। ਜ਼ਖ਼ਮ ਫਿਰ ਦੋਬਾਰਾ ਸੀਤਾ ਗਿਆ। ਸਵੇਰ ਨੂੰ ਮਲ੍ਹਮ ਲਗਾਈ ਗਈ। ਤਿੰਨ ਚਾਰ ਦਿਨ ਇਸੇ ਤਰ੍ਹਾਂ ਲੰਘ ਗਏ ਅਤੇ ਬਹੁਤ ਸਾਰੇ ਸਿੱਖ ਗੁਰੂ ਜੀ ਦੇ ਦਰਸ਼ਨਾਂ ਲਈ ਆ ਪਹੁੰਚੇ। ਉਨ੍ਹਾਂ ਦੇ ਬੇਨਤੀ ਕਰਨ ਤੇ ਗੁਰੂ ਜੀ ਫਿਰ ਦਰਬਾਰ ਵਿਚ ਹਾਜ਼ਰ ਹੋਏ। ਫਿਰ ਕੁਝ ਦਿਨ ਹੋਰ ਬੀਤ ਗਏ। ਸਿੱਖਾਂ ਨੇ ਬਹੁਤ ਖੁਸ਼ੀਆਂ ਮਨਾਈਆਂ। ਪਰੰਤੂ ਗੁਰੂ ਜੀ ਜਾਣਦੇ ਸਨ ਕਿ ਉਨ੍ਹਾਂ ਦਾ ਅੰਤ ਨੇੜੇ ਆ ਰਿਹਾ ਹੈ ਅਤੇ ਇਕ ਰਾਤ ਨੂੰ ਉਹ ਥੋੜ੍ਹਾ ਜਿਹਾ ਭੋਜਨ ਖਾਣ ਮਗਰੋਂ ਬਿਸਤਰ ਤੇ ਲੇਟ ਗਏ। ਅੱਧੀ ਰਾਤ ਬੀਤਣ ਤੇ ਕੋਈ ਡੇਢ ਘੰਟਾ ਮਗਰੋਂ ਗੁਰੂ ਜੀ ਉਠ ਕੇ ਗੁਰਬਾਣੀ ਦਾ ਜਾਪ ਕਰਨ ਲੱਗੇ। ਫਿਰ ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਉਚੀ ਆਵਾਜ਼ ਵਿਚ ਬੁਲਾਇਆ ਅਤੇ ਉਨ੍ਹਾਂ ਤੋਂ ਅੰਤਿਮ ਵਿਦਾਇਗੀ ਲਈ।

ਆਖਰ, ਇਹ ਸਾਡੇ ਕੋਲ ਇਕ ਅਜੇਹਾ ਬਿਰਤਾਂਤ ਹੈ ਜੋ ਸਾਰੇ ਭਰਮਾਂ ਤੋਂ ਮੁਕਤ ਹੈ ਅਤੇ ਜਿਹੜਾ ਪੂਰਨ ਭਾਂਤ ਗੰਭੀਰ ਅਤੇ ਤਰਕਸ਼ੀਲ ਹੈ। ਇਸ ਤੋਂ ਇਲਾਵਾ, ਇਹ ਉਲੇਖ,

ਉਨ੍ਹਾਂ ਦੇ ਇਕ ਸੰਗੀ ਅਤੇ ਸਮਕਾਲੀ ਦਾ ਹੈ ਜਿਹੜਾ ਘਟਨਾਵਾਂ ਤੋਂ ਅੱਵਸ਼ ਹੀ ਗਿਆਤ ਹੋਵੇਗਾ ਅਤੇ ਇਸ ਨੂੰ ਨਾ ਮੰਨਣ ਦਾ ਸਾਨੂੰ ਕੋਈ ਕਾਰਨ ਨਹੀਂ ਜਾਪਦਾ। ਐਪਰ, ਸੈਨਾਪਤ, ਪਠਾਣ ਦੀ ਜਾਣ ਪਛਾਣ ਬਾਰੇ ਅਤੇ ਉਸ ਦੇ ਘਾਤਕ ਵਾਰ ਪਿਛੇ ਲੁਕੇ ਮੰਤਵ ਬਾਰੇ ਕੁਝ ਨਹੀਂ ਕਹਿੰਦਾ। ਇਹ ਸੁਝਾਇਆ ਗਿਆ ਹੈ ਕਿ ਉਹ ਸਰਹਿੰਦ ਦੇ ਵਜ਼ੀਰ ਖਾਂ ਦਾ ਭਾੜੇ ਤੇ ਕੀਤਾ ਹੋਇਆ ਆਦਮੀ ਸੀ, ਜਿਹੜਾ ਕਿ ਇਸ ਅਪਰਾਧ ਦਾ ਅਸਲੀ ਉਕਸਾਣ ਵਾਲਾ ਸੀ।[1] ਬਾਦਸ਼ਾਹ ਦੀ ਗੁਰੂ ਜੀ ਨਾਲ ਵਧ ਰਹੀ ਮਿੱਤਰਤਾ ਨੇ ਅੱਵਸ਼ ਹੀ ਉਸ ਨੂੰ ਪਰੇਸ਼ਾਨ ਕਰ ਦਿੱਤਾ ਹੋਵੇਗਾ ਕਿਉਂਕਿ ਉਸ ਲਈ ਬਾਦਸ਼ਾਹ ਨਾਲ ਗੂੜੇ ਸੰਬੰਧ ਰੱਖਣ ਅਤੇ ਉਸ ਨਾਲ ਰਾਜਪੂਤਾਨੇ ਅਤੇ ਦੱਖਣ ਵਲ ਜਾਣ ਪਿਛੇ ਗੁਰੂ ਜੀ ਦੇ ਮੰਤਵ ਨੂੰ ਸਮਝਣਾ ਔਖਾ ਨਹੀਂ ਸੀ। ਗੁਰੂ ਜੀ ਦੇ ਕੱਟੜ ਵੈਰੀਆਂ ਵਿਚੋਂ ਉਹ ਜੀਉਂਦਾ ਵਿਅਕਤੀ ਸੀ ਅਤੇ ਉਸ ਨੇ ਇਹ ਅੱਵਸ਼ ਅਨੁਭਵ ਕੀਤਾ ਹੋਵੇਗਾ ਕਿ ਜਦ ਤਕ ਗੁਰੂ ਜੀ ਜੀਉਂਦੇ ਹਨ ਉਦੋਂ ਤਕ ਉਹ ਸੁਰੱਖਿਅਤ ਨਹੀਂ ਹੈ। ਉਸ ਦਾ ਗੁਰੂ ਜੀ ਦੇ ਦੋ ਛੋਟੇ ਸਾਹਿਬਜ਼ਾਦਿਆਂ ਦਾ ਕਤਲ ਨਾ-ਬਖਸ਼ਣ ਯੋਗ ਅਤੇ ਅਭੁਲ ਸੀ ਅਤੇ ਉਸ ਨੇ ਆਪਣੇ ਅੰਤਰਆਤਮੇ ਵਿਚ ਜ਼ਰੂਰ ਹੀ ਇਸ ਨੂੰ ਪਰਤੀਤ ਕਰ ਲਿਆ ਸੀ। ਸੋ ਸਾਡਾ ਵਿਚਾਰ ਹੈ ਕਿ ਇਸ ਕਹਾਣੀ ਵਿਚ ਕੋਈ ਵੀ ਬੇਪਰਤੀਤੀ ਵਾਲੀ ਗੱਲ ਨਹੀਂ ਹੈ ਕਿ ਵਜ਼ੀਰ ਖਾਂ ਹੀ ਇਸ ਘਾਤਕ ਹਮਲੇ ਦਾ ਅਸਲੀ ਉਕਸਾਊ ਸੀ, ਜੋ ਕਿ ਗੁਰੂ ਜੀ ਦੇ ਅਕਾਲ ਚਲਾਣੇ ਦਾ ਕਾਰਨ ਬਣਿਆ।

ਗੁਰੂ ਜੀ, ਕਤਕ ਸੁਦੀ ਪੰਚਮੀ ਸੰਮਤ 1765 ਨੂੰ ਜੋਤੀ ਜੋਤ ਸਮਾਏ ਸਨ ਜੋ ਕਿ ਵੀਰਵਾਰ 18 ਅਕਤੂਬਰ, 1708 ਈ. ਦੇ ਬਰਾਬਰ ਹੈ।[2] ਸਾਰੇ ਲੇਖਕ ਇਸ ਗੱਲ ਤੇ ਸਹਿਮਤ ਹਨ ਕਿ ਗੁਰੂ ਜੀ ਬਹਾਦਰ ਸ਼ਾਹ ਦੀਆਂ ਫੌਜਾਂ ਨਾਲ ਨੰਦੇੜ ਆਏ ਸਨ ਅਤੇ ਇਰਵਿਨ ਦੇ ਉਲੇਖ ਤੋਂ ਇਹ ਪਰਤੀਤ ਹੁੰਦਾ ਹੈ ਕਿ ਬਹਾਦਰ ਸ਼ਾਹ ਦੀਆਂ ਫੌਜਾਂ ਨੇ ਨੰਦੇੜ ਤੋਂ 7 ਅਕਤੂਬਰ ਨੂੰ ਦਰਿਆ, ਜਿਹੜਾ ਕਿ ਗੁਦਾਵਰੀ ਹੀ ਸੀ, ਪਾਰ ਕੀਤਾ ਸੀ। "ਕਿਉਂਕਿ ਉਹ ਆਪਣੇ ਬਾਗੀ ਭਰਾ ਕਾਮ ਬਖ਼ਸ਼ ਵਿਰੁਧ ਬੜੀ ਤੇਜ਼ੀ ਨਾਲ ਫੌਜੀ ਮੁਹਿੰਮ ਹੈਦਰਾਬਾਦ ਵਲ ਲਿਜਾ ਰਿਹਾ ਸੀ ਇਸ ਲਈ ਉਹ ਇਥੇ ਬਹੁਤ ਦਿਨ ਪਹਿਲਾਂ ਨਹੀਂ ਪਹੁੰਚ ਸਕਦਾ ਸੀ। ਸੋ ਇਹ ਆਸਾਨੀ ਨਾਲ ਮੰਨਿਆ ਜਾ ਸਕਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ, ਜਿਹੜੇ ਸਿੱਖ ਅਤੇ ਦੂਜੀਆਂ ਲਿਖਤਾਂ ਅਨੁਸਾਰ ਸ਼ਾਹੀ ਫੌਜਾਂ ਨਾਲ ਨੰਦੇੜ ਤਕ ਆਏ ਸੀ, ਅਵੱਸ਼ ਹੀ ਇਥੇ ਸਤੰਬਰ 1708 ਈ. ਦੇ ਆਖਰੀ ਹਫਤੇ ਵਿਚ ਪਹੁੰਚੇ ਸਨ।[3] ਸੋ ਗੁਰੂ ਜੀ ਨੰਦੇੜ ਵਿਚ ਤਿੰਨ ਹਫਤੇ ਠਹਿਰੇ ਸਨ ਅਤੇ ਗੁਰੂ ਜੀ ਨੇ ਇਹ ਦਿਨ ਕਿਵੇਂ

1. ਇਸ ਦ੍ਰਿਸ਼ਟੀਕੋਣ ਦੀ ਪੁਸ਼ਟੀ ਭਗਵਾਨ ਸਿੰਘ ਕ੍ਰਿਤ ਪੁਰਾਣੀ ਹੱਥ ਲਿਖਤ 'ਚਤਰ ਜੁਗੀ' ਕਰਦੀ ਹੈ। ਇਹਦੀ ਭਾਈ ਵੀਰ ਸਿੰਘ ਅੰਮ੍ਰਿਤਸਰ ਵਾਲਿਆਂ ਨੇ ਖੋਜ ਕੀਤੀ ਸੀ। (ਕਰਤਾਰ ਸਿੰਘ, ਉਪਰੋਕਤ ਰਚਨਾ, ਪੰਨਾ 225। ਗੰਡਾ ਸਿੰਘ, ਉਪਰੋਕਤ ਰਚਨਾ, ਪੰਨਾ 22)।
2. ਤਾਰੀਖਾਂ ਦੀ ਬਦਲੀ ਲਈ ਮੈਂ ਸ੍ਰੀ ਪੀ. ਸੀ. ਸੰਨ ਗੁਪਤਾ ਦਾ ਆਭਾਰੀ ਹਾਂ, ਜੋ ਕਿ ਹਿੰਦੂ ਗਣਿਤ ਦੇ ਪ੍ਰਸਿੱਧ ਲੇਖਕ ਹਨ।
3. ਗੰਡਾ ਸਿੰਘ, ਉਪਰੋਕਤ ਰਚਨਾ, ਪੰਨਾ 12, ਪਦ ਟਿਪਣੀ 9

ਬਿਤਾਏ ਸਨ, ਉਸ ਬਾਰੇ ਸੈਨਾ ਪਤ ਸਾਨੂੰ ਸਪਸ਼ਟ ਵਿਚਾਰ ਦਿੰਦਾ ਹੈ। ਪਰੰਤੂ ਸਾਨੂੰ ਇਹ ਗੱਲ ਮਹੱਤਵਪੂਰਨ ਜਾਪਦੀ ਹੈ ਕਿ ਉਹ ਬੰਦੇ ਬਾਰੇ ਜਾਂ ਉਸ ਦੇ ਸਿੱਖੀ ਧਾਰਨ ਕਰਨ ਬਾਰੇ ਕੁਝ ਨਹੀਂ ਦਸਦਾ। ਸਿੱਖ ਰਵਾਇਤ ਅਨੁਸਾਰ ਨੰਦੇੜ ਪਹੁੰਚਣ ਦੇ ਪਹਿਲੇ ਦਿਨ ਹੀ ਗੁਰੂ ਜੀ ਨੇ ਬੰਦੇ ਦਾ ਉਧਾਰ ਕਰ ਕੇ ਖਾਲਸੇ ਦੀ ਪੰਗਤੀ ਵਿਚ ਲੈ ਆਂਦਾ ਸੀ ਅਤੇ ਗੁਰੂ ਜੀ ਨੇ ਉਥੇ ਇਹੋ ਇਕ ਮਹੱਤਵਪੂਰਨ ਕੰਮ ਕੀਤਾ। ਸੈਨਾ ਪਤ ਦਾ ਇਸ ਮਹੱਤਵ-ਪੂਰਨ ਮਾਮਲੇ ਬਾਰੇ ਬਿਲਕੁਲ ਹੀ ਚੁਪ ਰਹਿਣਾ ਬੜਾ ਅਲੋਕਾਰ ਜਾਪਦਾ ਹੈ ਕਿਉਂਕਿ ਖਾਸ ਕਰਕੇ ਪਿਛੋਂ ਹੋਏ ਕੁਝ ਇਕ ਭਿਆਨਕ ਸਿੱਟਿਆਂ ਨੂੰ ਉਸ ਨੇ ਅੱਖੀਂ ਦੇਖਿਆ ਹੋਵੇਗਾ। ਇਸ ਲਈ ਅਸੀਂ ਇਸ ਗੱਲ ਦਾ ਨਿਰਣਾ ਪਾਠਕਾਂ ਤੇ ਛਡਦੇ ਹਾਂ ਕਿ ਕੀ ਰੋਜ਼ ਦੇ ਇਸ ਦਾਹਵੇ ਵਿਚ ਕੋਈ ਸਚਾਈ ਹੈ ਕਿ "ਇਹ ਮੰਨਣ ਦਾ ਕੁਝ ਕਾਰਨ ਜਾਪਦਾ ਹੈ ਕਿ ਬੰਦਾ ਗੁਰੂ ਜੀ ਦੇ ਅਕਾਲ ਚਲਾਣੇ ਤੋਂ ਪਹਿਲਾਂ ਹੀ ਕਰਮਸ਼ੀਲ ਸੀ ਅਤੇ ਸੰਭਵ ਹੈ ਇਹੀ ਕਾਰਨ ਸੀ ਕਿ ਗੁਰੂ ਜੀ ਦੇ ਅਕਾਲ ਚਲਾਣੇ ਨੇ, ਆਗੂ ਰਹਿਤ ਸਿੱਖਾਂ ਨੂੰ ਉਸ ਦੇ ਝੰਡੇ ਹੇਠਾਂ ਇੱਕਤ੍ਰ ਕੀਤਾ।"[1]

V. ਉਪਸੰਹਾਰ

ਅਸੀਂ ਇਹ ਚਰਚਾ ਇਸ ਸੁਝਾ ਨਾਲ ਆਰੰਭ ਕੀਤੀ ਸੀ ਕਿ ਜੱਟਾਂ ਦੇ ਸੁਭਾ ਦੀਆਂ ਪ੍ਰਬਲ ਪਰਵਿਰਤੀਆਂ ਅਤੇ ਖਾਲਸੇ ਨਾਲ ਸੰਬੰਧਿਤ ਵਿਸ਼ੇਸ਼ ਘਟਨਾਵਾਂ ਵਿਚਕਾਰ ਅਨੁਸਾਰਤਾ ਬਹੁਤ ਹੀ ਗੂੜ੍ਹੀ ਦਿਖਾਈ ਦਿੰਦੀ ਹੈ; ਸੋ ਸਿੱਖ ਮਤ ਦਾ ਪਰਿਵਰਤਨ, ਧਾਰਮਿਕ ਪੱਧਤੀ ਅਤੇ ਲੋਕਾਂ ਦੀਆਂ ਜਮਾਂਦਰੂ ਪਰਵਿਰਤੀਆਂ ਦੇ ਸਮੀਕਰਣ ਦੀ ਉੱਘੀ ਉਦਾਹਰਣ ਪੇਸ਼ ਕਰਦਾ ਹੈ।[2] ਜਿਵੇਂ ਕਿ ਅਸੀਂ ਦੇਖ ਚੁਕੇ ਹਾਂ, ਪ੍ਰਤਿਕਰਮ ਪਹਿਲੋਂ ਗੁਰੂ ਹਰਿਗੋਬਿੰਦ ਜੀ ਦੇ ਸਮੇਂ ਪ੍ਰਗਟ ਹੋਣ ਲੱਗ ਪਏ ਸਨ ਅਤੇ ਇਸ ਦੇ ਫਲਸਰੂਪ ਇਕ ਪਾਸੇ ਕੁਝ ਛੋਟਾਂ ਦਿੱਤੀਆਂ ਗਈਆਂ ਅਤੇ ਦੂਜੇ ਪਾਸੇ ਕਾਫ਼ੀ ਗਲਤ ਫਹਿਮੀਆਂ ਪੈਦਾ ਹੋ ਗਈਆਂ। ਇਸ ਤਰ੍ਹਾਂ ਨਾਲੋਂ ਨਾਲ ਦੋ ਪਰਵਿਰਤੀਆਂ ਬਹੁਤ ਦੇਰ ਤਕ ਨਹੀਂ ਚਲ ਸਕਦੀਆਂ ਸਨ ਅਤੇ ਅਸੀਂ ਸਿੱਖ ਮਤ ਦੇ ਇਤਿਹਾਸ ਦੇ ਅਨਿਸ਼ਚਿਤ ਦੌਰ ਵਿਚੋਂ ਲੰਘਦੇ ਹਾਂ। ਗੁਰੂ ਜੀ ਦੀ ਸਿਰਜਨਾਤਮਕ ਪ੍ਰਤਿਭਾ ਦਾ ਸਭ ਤੋਂ ਵੱਡਾ ਪ੍ਰਮਾਣ ਉਹ ਮਹੱਤਵਪੂਰਨ ਤੱਥ ਹੈ ਕਿ ਸਥਿਤੀ ਦੀ ਹਰ ਜ਼ਰੂਰੀ ਵਸਤੂ ਤੇ ਉਹ ਹਾਵੀ ਹੋ ਸਕਦੇ ਸਨ ਅਤੇ, ਜਿਵੇਂ ਕਨਿੰਘਮ ਕਹਿੰਦਾ ਹੈ, ਦੈਵੀ ਅਗਨੀ ਨਾਲ ਪ੍ਰਦੀਪਤ

---

1. ਰੋਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 698, ਪਦ ਟਿਪਣੀ 5

ਅਸੀਂ ਇਹ ਜਾਣਦੇ ਹਾਂ ਕਿ ਨਕਾਰਾਤਮਕ ਗਵਾਹੀ ਕਦੇ ਵੀ ਨਿਰਣੇਜਨਕ ਖਿਆਲ ਨਹੀਂ ਕੀਤੀ ਜਾ ਸਕਦੀ ਅਤੇ ਸਾਡਾ ਇਹ ਭਾਵ ਨਹੀਂ ਕਿ ਬੰਦੇ ਦਾ ਗੁਰੂ ਗੋਬਿੰਦ ਸਿੰਘ ਜੀ ਨਾਲ ਕੋਈ ਸੰਬੰਧ ਨਹੀਂ ਸੀ ਕਿਉਂਕਿ ਇਹ ਸਾਡੇ (ਉਕਤ, ਪੰਨਾ 151) ਪਹਿਲੇ ਕਥਨ ਦੇ ਵਿਰੁਧ ਹੋਵੇਗੀ ਕਿ ਗੁਰੂ ਜੀ ਨੇ ਉਸ ਪ੍ਰਾਪਤੀ ਲਈ ਬੰਦੇ ਨੂੰ ਨਿਯਤ ਕੀਤਾ ਸੀ ਜਿਹੜੀ ਉਹ ਰਾਜਨੀਤੀ ਦੁਆਰਾ ਪ੍ਰਾਪਤ ਕਰਨੋ ਅਸਫਲ ਰਹੇ ਸਨ। ਸਾਡਾ ਕਹਿਣ ਦਾ ਭਾਵ ਇਹ ਹੈ ਕਿ ਇਸ ਮੁਆਮਲੇ ਦੀ ਜ਼ਾਂਚ ਪੜਤਾਲ ਹੋਣੀ ਚਾਹੀਦੀ ਹੈ।

2. ਇਸੇ ਰਚਨਾ ਦੀ ਪਹਿਲੀ ਸੈਂਚੀ, ਪੰਨਾ 17

ਕਰ ਸਕਦੇ ਸਨ ।[1] ਸਿੱਖ ਮਤ ਦੀ ਗੌਰਵਤਾ, ਇਕ ਸੱਚੇ ਰੱਬ ਦੀ ਪੂਜਾ, ਸ਼ਬਦ ਅਤੇ ਨਾਮ, ਭਗਤੀ ਭਾਵ ਅਤੇ ਆਤਮ ਤਿਆਗ ਦੇ ਜਜ਼ਬੇ ਨੂੰ ਨਵੇਂ ਧਰਮ-ਪ੍ਰਬੰਧ ਵਿਚ ਯੋਗ ਥਾਂ ਮਿਲੀ, ਜਿਸ ਵਿਚ ਅੱਗੋਂ ਜੱਟਾਂ ਦੇ ਸੁਤੰਤਰਤਾ ਲਈ ਪਿਆਰ ਅਤੇ ਸੈਨਿਕ ਸੁਭਾ ਨੂੰ ਵੀ ਪੂਰੀ ਪੂਰੀ ਮਾਨਤਾ ਮਿਲੀ । ਜੱਟਾਂ ਵਿਚ ਲੁਟ-ਮਾਰ ਕਰਨ ਦੀ ਜਮਾਂਦਰੂ ਪਰਵਿਰਤੀ ਨੂੰ ਇਕ ਧਾਰਮਿਕ ਪੱਧਤੀ ਦੇ ਸਦਾਚਾਰ ਦੇ ਅਨੁਕੂਲ ਕਰਨਾ ਭਾਵੇਂ ਇਕ ਬਹੁਤ ਵੱਡੀ ਆਸ ਸੀ ਪਰ ਫਿਰ ਵੀ ਬਹੁਤ ਹੱਦ ਤਕ ਇਸ ਨੂੰ ਧਾਰਾ-ਬਧ ਕੀਤਾ ਗਿਆ । ਸਿੱਖ ਮਤ ਨੇ ਉਨ੍ਹਾਂ ਨੂੰ ਆਦਰਸ਼ ਦਿੱਤਾ ਅਤੇ ਜੱਟਾਂ ਨੇ ਸਾਮਗ੍ਰੀ ਦਿੱਤੀ ਅਤੇ ਦੋਹਾਂ ਨੂੰ ਇਕੱਠਾ ਕਰ ਕੇ ਉਨ੍ਹਾਂ ਨੇ ਇਕ ਗਤੀਸ਼ੀਲ ਸ਼ਕਤੀ ਦੀ ਸਿਰਜਨਾ ਕੀਤੀ ਜਿਸ ਨੂੰ ਅੱਗੋਂ ਲਈ ਕੋਈ ਅੱਖੋਂ ਪ੍ਰੋਖੇ ਨਹੀਂ ਕਰ ਸਕਦਾ ਸੀ । ਤਰਕਮਈ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਸਿੱਖ ਮਤ ਇਕ ਪ੍ਰਬੰਧ ਸੀ ਅਤੇ ਜੱਟ ਪ੍ਰਤਿਪੱਖ ਸਨ ਅਤੇ ਦੋਹਾਂ ਦੇ ਸੰਸਲੇਸ਼ਨ ਨਾਲ ਖਾਲਸੇ ਦਾ ਜਨਮ ਹੋਇਆ ।

ਟਰੰਪ ਕਹਿੰਦਾ ਹੈ : "ਅਜੇਹੇ ਤੱਤਾਂ ਵਾਲੀ ਕੋਈ ਵੀ ਸੰਸਥਾ ਸ਼ਾਂਤ ਨਹੀਂ ਰਹਿ ਸਕਦੀ ਸੀ; ਉਨ੍ਹਾਂ ਦਾ ਮਾਰਗ ਉਨ੍ਹਾਂ ਲਈ ਨਿਯਤ ਸੀ ਅਤੇ ਵਾਸਤਵ ਵਿਚ ਜਿੱਤਣ ਜਾਂ ਜਿੱਤੇ ਜਾਣ ਤੋਂ ਸਿਵਾਏ ਕੋਈ ਹੋਰ ਰਾਹ ਉਨ੍ਹਾਂ ਕੋਲ ਨਹੀਂ ਸੀ ।"[2] ਅਠਾਰ੍ਹਵੀਂ ਸਦੀ ਵਿਚ ਸੁਤੰਤਰਤਾ ਪ੍ਰਾਪਤੀ ਲਈ ਸਿੱਖ ਸੰਘਰਸ਼ ਦਾ ਇਤਿਹਾਸ, ਉਪਰੋਕਤ ਕਥਨ ਦੀ ਸਚਾਈ ਦੀ ਪੂਰਨ ਭਾਂਤ ਪੁਸ਼ਟੀ ਕਰਦਾ ਹੈ । ਉਹ ਵਾਰ ਵਾਰ ਪਛਾੜੇ ਗਏ, ਉਨ੍ਹਾਂ ਨੂੰ ਭਾਂਜ ਦਿੱਤੀ ਗਈ, ਉਨ੍ਹਾਂ ਦੇ ਸਿਰਾਂ ਦੇ ਮੁਲ ਰੱਖੇ ਗਏ, ਉਨ੍ਹਾਂ ਦੇ ਪਵਿੱਤਰ ਸਥਾਨ ਪਲੀਤ ਕੀਤੇ ਗਏ, ਮੰਦਰ ਢਾਹ ਢੇਰੀ ਕਰ ਦਿੱਤੇ ਗਏ, ਹਜ਼ਾਰਾਂ ਦੀ ਸੰਖਿਆ ਵਿਚ ਉਨ੍ਹਾਂ ਨੂੰ ਕਤਲ ਕੀਤਾ ਗਿਆ ਅਤੇ ਜੰਗਲਾਂ ਵਲ ਭਜਾ ਦਿੱਤਾ ਗਿਆ । ਇਕ ਪਾਸੇ ਮੁਗਲਾਂ ਦੁਆਰਾ ਤੰਗ ਕੀਤੇ ਜਾਣ ਅਤੇ ਦੂਜੇ ਪਾਸੇ ਦੁਰਾਨੀ ਦੁਆਰਾ ਲੁੱਟੇ ਜਾਣ ਤੇ ਵੀ ਸਿੱਖ ਆਪਣੀ ਪ੍ਰਭੁਤਾ ਸਥਾਪਿਤ ਕਰਨ ਵਿਚ ਸਫਲ ਹੋ ਗਏ, ਜਿਸ ਨੂੰ ਨਾਰੰਗ, "ਹਿੰਦੂ ਗੌਰਵਤਾ ਦੇ ਤੂਫਾਨੀ ਦਿਨ ਦੇ ਸੂਰਜ ਨੂੰ ਸ਼ਾਨਦਾਰ ਢੰਗ ਨਾਲ ਅਸਤ ਕਰਨਾ" ਕਹਿੰਦਾ ਹੈ ।

ਪਰੰਤੂ ਸਿੱਖਾਂ ਦੀਆਂ ਪ੍ਰਾਪਤੀਆਂ ਨੂੰ ਛੁਟਿਆਉਣ ਦੇ ਯਤਨ ਕੀਤੇ ਗਏ ਹਨ ਅਤੇ ਉਨ੍ਹਾਂ ਨੂੰ ਇਤਿਹਾਸ ਵਿਚ ਉਚਿਤ ਸਥਾਨ ਦੇਣ ਤੋਂ ਬੜੀ ਕਾਰੀਗਰੀ ਨਾਲ ਇਨਕਾਰ ਕੀਤਾ ਗਿਆ ਹੈ । ਉਦਾਹਰਣ ਵਜੋਂ, ਸਰਕਾਰ ਲਿਖਦਾ ਹੈ, "ਔਰੰਗਜ਼ੇਬ ਸਮੇਂ ਮੁਗਲ ਸਰਕਾਰ ਗੁਰੂ ਜੀ ਦੀ ਸ਼ਕਤੀ ਨੂੰ ਖੰਡਤ ਕਰਨ ਵਿਚ ਸਫਲ ਹੋ ਗਈ । ਇਸ ਨੇ ਸਿੱਖਾਂ ਤੋਂ ਉਨ੍ਹਾਂ ਦਾ ਸਾਂਝਾ ਆਗੂ ਅਤੇ ਇਕਤ੍ਰਤਾ ਕੇਂਦਰ ਖੋਹ ਲਿਆ । ਇਸ ਪਿਛੋਂ ਸਿੱਖ ਲਗਾਤਾਰ ਲੋਕ-ਸ਼ਾਂਤੀ ਨੂੰ ਭੰਗ ਕਰਦੇ ਰਹੇ ਪਰੰਤੂ ਅਜੇਹਾ ਉਹ ਇਕੱਲੇ ਇਕੱਲੇ ਟੋਲਿਆਂ ਵਿਚ ਕਰਦੇ ਸਨ । ਉਹ ਹੁਣ ਇਕ ਆਗੂ ਥੱਲੇ ਕਿਸੇ ਵਿਸ਼ੇਸ਼ ਰਾਜਨੀਤਕ ਆਸ਼ੇ ਲਈ ਲੜ ਰਹੀ ਫੌਜ ਨਹੀਂ ਰਹੇ ਸਨ ਸਗੋਂ ਧਾੜਵੀਆਂ ਦੇ ਚਲਦੇ ਫਿਰਦੇ ਸਮੂਹ ਸਨ ਜੋ ਅਤਿ ਬਹਾਦਰ, ਜੋਸ਼ੀਲੇ ਅਤੇ ਅਖੱੜ ਸਨ । ਪਰੰਤੂ ਮੂਲ ਰੂਪ ਵਿਚ ਉਹ ਲੁਟੇਰੇ ਸਨ ਜੋ ਦੇਸ਼ ਵਿਚ ਰਾਜ ਪ੍ਰਬੰਧ ਸਥਾਪਿਤ

1. ਕਨਿੰਘਮ, ਉਪਰੋਕਤ ਰਚਨਾ, ਪੰਨਾ 84
2. ਟਰੰਪ, ਉਪਰੋਕਤ ਰਚਨਾ, ਪੰਨਾ xcvi

ਕਰਨ ਦੇ ਕਿਸੇ ਆਸ਼ੇ ਲਈ ਪ੍ਰੇਰਿਤ ਨਹੀਂ ਸਨ। ਜੇਕਰ ਔਰੰਗਜ਼ੇਬ ਦੇ ਜਾਨਸ਼ੀਨ ਚੰਗੇ ਹੁੰਦੇ ਤਾਂ ਸਿੱਖਾਂ ਦੇ ਇਨ੍ਹਾਂ ਟੋਲਿਆਂ ਨੂੰ ਨਿਸ਼ਚਿਤ ਹੀ ਪਛਾੜ ਦਿੱਤਾ ਜਾਣਾ ਸੀ ਜਿਵੇਂ ਭੂਤ ਵਿਚ ਮਿਰਜ਼ਿਆਂ ਅਤੇ ਚੰਪਤ ਰਾਏ ਬੁੰਦੇਲਾ ਨੂੰ ਪਛਾੜਿਆ ਗਿਆ ਸੀ, ਅਤੇ ਢੂੰਧੀਆ ਵੇਗ ਅਤੇ ਤਾਂਤੀਆ ਟੋਪੀ ਨੇ ਅੰਗ੍ਰੇਜ਼ ਰਾਜ ਅਧੀਨ ਹੋਣਾ ਸੀ।"[1] ਇਹ ਕਥਨ ਗੁਰੂ ਜੀ ਦੇ ਜੀਵਨ-ਕਾਰਜ ਅਤੇ ਵਿਚਾਰਧਾਰਾ ਨੂੰ ਉੱਕਾ ਹੀ ਗਲਤ ਸਮਝਦੇ ਹਨ। ਇਸ ਲਈ ਇਨ੍ਹਾਂ ਨੂੰ ਕੋਈ ਵੀ ਗੰਭੀਰਤਾ ਨਾਲ ਨਹੀਂ ਲੈਂਦਾ। ਮੁਗਲਾਂ ਨੇ ਸਿੱਖਾਂ ਤੋਂ ਉਨ੍ਹਾਂ ਦਾ ਸਾਂਝਾ ਆਗੂ ਨਹੀਂ ਖੋਹਿਆ ਸੀ ਸਗੋਂ ਗੁਰੂ ਜੀ ਨੇ ਉਨ੍ਹਾਂ ਦੀ ਅਗਵਾਈ ਭਾਈਚਾਰੇ ਦੀ ਸਮੂਹਿਕ ਸਿਆਣਪ ਉਤੇ ਛੱਡ ਦਿੱਤੀ ਸੀ ਅਤੇ ਉਨ੍ਹਾਂ ਨੂੰ ਪੂਰਨ ਗਿਆਨ ਸੀ ਕਿ ਲੋੜ ਪੈਣ ਤੇ ਆਪਣੇ ਆਗੂ ਇਹ ਆਪ ਪੈਦਾ ਕਰੇਗੀ। ਸੁਤੰਤਰਤਾ ਲਈ ਸਿੱਖ ਸੰਗਰਾਮ ਵਿਚ ਕਪੂਰ ਸਿੰਘ ਅਤੇ ਜੱਸਾ ਸਿੰਘ ਕਲਾਲ ਵਰਗੇ ਗੁਮਨਾਮ ਬੰਦਿਆਂ ਨੇ ਜੋ ਹਿੱਸਾ ਪਾਇਆ ਉਸ ਤੋਂ ਪ੍ਰਗਟ ਹੁੰਦਾ ਹੈ ਕਿ ਗੁਰੂ ਜੀ ਦੀਆਂ ਆਸਾਂ ਨੂੰ ਝੁਠਲਾਇਆ ਨਹੀਂ ਗਿਆ ਸੀ। "ਧਾੜਵੀਆਂ ਦੇ ਚਲਦੇ ਫਿਰਦੇ ਟੋਲਿਆਂ" ਨੇ ਅਬਦਾਲੀ ਦੀ ਧਾੜਵੀ ਸ਼ਕਤੀ ਦਾ ਮੂੰਹ ਮੋੜ ਦਿੱਤਾ, ਜਿਸ ਦਾ ਮਰਹਟੇ ਵੀ ਟਾਕਰਾ ਨਹੀਂ ਕਰ ਸਕੇ ਸਨ, ਅਤੇ ਉਨ੍ਹਾਂ ਨੇ ਪਾਨੀਪਤ ਦੀ ਮਹਾਨ ਜਿੱਤ ਨੂੰ ਨਿਸਫਲ ਵਿਚ ਬਦਲ ਦਿੱਤਾ। ਅਠ੍ਹਾਰਵੀਂ ਸਦੀ ਵਿਚ ਮੁਗਲਾਂ ਦੀ ਪੁਨਰ ਸਥਾਪਨਾ ਲਈ ਔਰੰਗਜ਼ੇਬ ਦੇ ਕੁਝ ਇਕ ਯੋਗ ਜਾਨਸ਼ੀਨਾਂ ਦੀ ਲੋੜ ਸੀ, ਇਸ ਤਜਬੀਜ਼ ਨੂੰ ਕੋਈ ਵੀ ਵਿਅਕਤੀ ਜਿਹੜਾ ਇਸ ਮਾਮਲੇ ਦੇ ਤਥਾਂ ਬਾਰੇ ਥੋੜ੍ਹੀ ਜਿੰਨੀ ਵੀ ਜਾਣਕਾਰੀ ਰਖਦਾ ਹੈ, ਸਵੀਕਾਰ ਨਹੀਂ ਕਰੇਗਾ ਅਤੇ ਕੋਈ ਵੀ ਯੋਗ ਜਾਨਸ਼ੀਨ ਸਿੱਖਾਂ ਨੂੰ ਜੜ੍ਹੋਂ ਪੁਟਣ ਲਈ ਇਸ ਤੋਂ ਵਧ ਨਹੀਂ ਕਰ ਸਕਦਾ ਸੀ ਜੋ ਕੁਝ ਲਾਹੌਰ ਦੇ ਗਵਰਨਰਾਂ ਨੇ ਕੀਤਾ ਸੀ। ਅੰਤ ਵਿਚ ਸਿੱਖਾਂ ਨੂੰ ਮਿਰਜ਼ਿਆਂ ਜਾਂ ਚੰਪਤ ਰਾਏ ਨਾਲ ਤੁਲਨਾ ਦੇਣਾ ਸਿੱਖਾਂ ਦੇ ਸੁਤੰਤਰਤਾ ਯੁੱਧ ਦੇ ਸਮੁਚੇ ਪ੍ਰਸ਼ਨ ਨੂੰ ਗਲਤ ਸਮਝਣਾ ਅਤੇ ਸਿੱਧਾਂਤਕ ਉਪਕਰਨਾਂ ਨੂੰ ਉੱਕਾ ਹੀ ਅੱਖੋਂ ਪ੍ਰੋਖੇ ਕਰਨਾ ਹੋਵੇਗਾ[2] ਅਤੇ ਇਹ ਭੁਲਣਾ ਨਹੀਂ ਚਾਹੀਦਾ ਕਿ ਮਗ਼ਰਲੀ ਹਾਲਤ ਵਿਚ "ਇਕ ਕੌਮ ਆਪਣੇ ਵੈਰੀਆਂ ਵਿਰੁਧ ਸ਼ਸਤਰ-ਬੱਧ ਹੋਈ ਸੀ ਅਤੇ ਇਕ ਵਿਅਕਤੀ ਦੀਆਂ ਪ੍ਰਾਪਤੀਆਂ ਨਾਲੋਂ ਵਧੇਰੇ ਇਹ ਜਨਤਾ ਦੇ ਸਮੂਹਕ ਜਤਨ ਸਨ ਜਿਨ੍ਹਾਂ ਨੇ ਅਖੀਰ ਵਿਚ ਕ੍ਰਾਂਤੀ ਨੂੰ ਸਫਲ ਬਣਾਇਆ।"[3]

ਸਰਕਾਰ ਹੋਰ ਕਹਿੰਦਾ ਹੈ: "ਜੇਕਰ ਰਣਜੀਤ ਸਿੰਘ ਨਾ ਪੈਦਾ ਹੁੰਦਾ ਤਾਂ ਸਿੱਖ ਰਾਜ ਅਧੀਨ ਵਿਸ਼ਾਲ ਅਤੇ ਸੰਯੁਕਤ ਰਾਜ ਨਹੀਂ ਹੋਣਾ ਸੀ ਸਗੋਂ ਸਿੱਖ ਯੋਧਿਆਂ ਦੇ ਕੁਲੀਨਤੰਤਰ ਅਧੀਨ ਪੰਜਾਬ ਵਿਚ ਛੋਟੀਆਂ ਅਨੇਕਾਂ ਜਾਗੀਰਾਂ ਹੋਣੀਆਂ ਸਨ, ਜਿਹੜੇ ਆਪਣੇ

1. ਸਰਕਾਰ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 320, 321
2. ਇਸ ਨੂੰ ਅਹਿਮਦ ਸ਼ਾਹ ਅਬਦਾਲੀ ਨੇ ਅਨੁਭਵ ਕਰ ਲਿਆ ਸੀ ਕਿਉਂਕਿ ਉਹ ਜਾਣਦਾ ਸੀ ਕਿ ਅਸਲ ਸਮਸਿਆ ਕੀ ਹੈ। ਉਸ ਨੇ "ਕਿਹਾ ਜਾਂਦਾ ਹੈ ਕਿ ਇਹ ਵੀ ਕਿਹਾ ਸੀ ਕਿ ਸਿੱਖ ਸ਼ਕਤੀ ਦੀ ਪੂਰਨ ਬਰਬਾਦੀ ਲਈ, ਜਦ ਤਕ ਉਨ੍ਹਾਂ ਦਾ ਧਾਰਮਿਕ ਜੋਸ਼ ਖਤਮ ਨਹੀਂ ਹੁੰਦਾ, ਉਦੋਂ ਤਕ ਉਡੀਕਣਾ ਪਵੇਗਾ।" (N. K. Sinha, *Rise of the Sikh Power* (Second edition), p. 67.
3. ਐਨ. ਕੇ. ਸਿਨਹਾ, ਉਹੀ, ਪੰਨਾ 2

ਜਥੇਬੰਦ ਧਾੜਵੀਆਂ ਨੂੰ ਹਰ ਸਾਲ ਦਿੱਲੀ, ਸਹਾਰਨਪੁਰ ਅਤੇ ਹਰਦੁਆਰ ਤਕ ਲੁੱਟਮਾਰ ਕਰਨ ਲਈ ਭੇਜਦੇ ਜਾਂ ਆਪਣੇ ਕਬੀਲਿਆਂ ਦੀਆਂ ਪਰਸਪਰ ਘਾਤਕ ਲੜਾਈਆਂ ਵਿਚ ਲੱਗੇ ਰਹਿੰਦੇ। ਇਹ, ਵਿਸਤ੍ਰਿਤ ਹੋ ਰਹੇ ਅੰਗ੍ਰੇਜ਼ੀ ਰਾਜ ਵਿਚ ਚੁਪ ਚੁਪੀਤੇ ਖਪ ਜਾਣੇ ਸਨ। ਸਿੱਖਾਂ ਨੇ ਨਹੀਂ ਸਗੋਂ ਇਰਾਨੀਆਂ ਨੇ ਮੁਗਲ ਸਾਮਰਾਜ ਨੂੰ ਮਾਰੂ ਸੱਟ ਲਾਈ ਸੀ, ਅਤੇ ਸਿੱਖਾਂ ਨੇ ਪੰਜਾਬ ਨੂੰ ਨਾਦਰ ਸ਼ਾਹ ਦੇ ਅਫਗਾਨ ਵਾਰਸਾਂ ਤੋਂ ਫਤਹਿ ਕੀਤਾ ਸੀ, ਔਰੰਗਜ਼ੇਬ ਦੇ ਜਾਨਸ਼ੀਨਾਂ ਤੋਂ ਨਹੀਂ।"[1] ਇਹ ਫਿਰ ਇਕ ਤਰਕ ਦੀ ਗੁੰਝਲ ਹੈ ਅਤੇ ਅਸੀਂ ਮੰਨਦੇ ਹਾਂ ਕਿ ਅਸੀਂ ਇਸ ਵਿਚ ਪ੍ਰਵੇਸ਼ ਕਰਨੋਂ ਅਸਮਰਥ ਹਾਂ। ਲੋਕੀਂ ਇਹ ਕਹਿਣਗੇ ਕਿ ਉਨ੍ਹਾਂ ਦੀਆਂ ਕਾਰਵਾਈਆਂ ਹੋਰ ਵੀ ਪ੍ਰਸੰਸਾਯੋਗ ਸਨ ਕਿਉਂਕਿ ਅਫਗਾਨ ਬਦੇਸ਼ੀ ਸਨ ਜਦ ਕਿ ਮੁਗਲ ਭਾਰਤੀ ਬਣ ਗਏ ਸਨ ਅਤੇ ਉਨ੍ਹਾਂ ਦਾ ਰਾਜ ਸੁਦੇਸ਼ੀ ਰਾਜ ਸੀ। ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਅੰਗ੍ਰੇਜ਼ਾਂ ਨੇ ਪੰਜਾਬ ਅਫਗਾਨਾਂ ਤੋਂ ਨਹੀਂ ਸਿੱਖਾਂ ਤੋਂ ਜਿੱਤਿਆ ਸੀ ਅਤੇ ਜਦ ਉਨ੍ਹਾਂ ਨੇ ਇਸ ਤੇ ਕਬਜ਼ਾ ਕੀਤਾ ਤਾਂ ਉਨ੍ਹਾਂ ਨੇ ਸਰਹੱਦਾਂ ਨੂੰ ਅਤੇ ਇਨ੍ਹਾਂ ਦੇ ਅੰਦਰ ਚਪਾ ਚਪਾ ਭਾਰਤੀ ਧਰਤੀ ਨੂੰ ਸੁਰੱਖਿਅਤ ਪਾਇਆ ਸੀ। ਹੋਰ ਇਹ ਕਿ ਵਾਸਤਵ ਵਿਚ ਰਣਜੀਤ ਸਿੰਘ ਮਾਰਗ ਤੋਂ ਹਟਕਿਆ ਹੋਇਆ ਸੀ ਕਿਉਂਕਿ ਸੈਨਿਕ ਰਾਜਤੰਤਰ ਗੁਰੂ ਜੀ ਨੇ ਕਦੇ ਚਿਤਵਿਆ ਨਹੀਂ ਸੀ। ਜੇਕਰ, ਅਫਗਾਨਾਂ ਨੂੰ ਪੂਰੀ ਤਰ੍ਹਾਂ ਇਥੋਂ ਕੱਢਣ ਮਗਰੋਂ, ਸਿੱਖਾਂ ਨੂੰ ਸਥਾਪਿਤ ਹੋਣ ਲਈ ਕੁਝ ਹੋਰ ਸਮਾਂ ਮਿਲ ਸਕਦਾ, ਅਤੇ ਗੁਰੂ ਜੀ ਦੇ ਆਦਰਸ਼ਾਂ ਨੂੰ ਪ੍ਰਫੁੱਲਤ ਹੋਣ ਲਈ ਹੋਰ ਅਵਸਰ ਮਿਲ ਜਾਂਦਾ ਤਾਂ ਅਸੀਂ ਲੜਦੇ ਝਗੜਦੇ ਕਬੀਲਿਆਂ ਦੀ ਥਾਂ, ਜਿਹੜੇ ਹਰ ਸਾਲ ਲੁੱਟ-ਮਾਰ ਦੀਆਂ ਮੁਹਿੰਮਾਂ ਭੇਜਦੇ ਸਨ, ਸੰਘੀ ਗਣਤੰਤਰ ਵਰਗੀ ਕੋਈ ਅਦੁਤੀ ਅਤੇ ਅਲੋਕਾਰ ਵਸਤੂ ਦੇਖਦੇ ਪਰੰਤੂ ਅਜੇਹੀ ਪੂਰਤੀ ਲਈ ਪਰਿਸਥਿਤੀਆਂ ਉੱਕਾ ਹੀ ਅਨੁਕੂਲ ਨਹੀਂ ਸਨ ਅਤੇ ਇਸ ਦੀ ਬਜਾਏ ਰਣਜੀਤ ਸਿੰਘ ਉਠਿਆ।

ਪਰੰਤੂ ਇਹ ਕੁਝ ਵੀ ਹੋਵੇ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਸਾਰੇ ਯੁੱਗਾਂ ਦੇ ਮਹਾਨ ਭਾਰਤੀਆਂ ਵਿਚ ਗਿਣਿਆ ਜਾਣਾ ਚਾਹੀਦਾ ਹੈ। "ਜਿਸ ਮੰਤਵ ਦੀ ਪੂਰਤੀ ਦਾ ਉਨ੍ਹਾਂ ਯਤਨ ਕੀਤਾ ਸੀ, ਉਹ ਮਹਾਨ ਅਤੇ ਸ਼ਲਾਘਾ ਯੋਗ ਸੀ। ਇਹ ਆਪਣੇ ਭਾਈਚਾਰੇ ਨੂੰ ਜ਼ੁਲਮ ਅਤੇ ਅਤਿਆਚਾਰ ਤੋਂ ਮੁਕਤ ਕਰਨਾ ਸੀ ਅਤੇ ਜਿਹੜੇ ਸਾਧਨ ਉਨ੍ਹਾਂ ਅਪਣਾਏ ਸਨ, ਉਨ੍ਹਾਂ ਨੂੰ ਉਨ੍ਹਾਂ ਵਰਗਾ ਸਰਬੰਗੀ ਮਨ ਹੀ ਸੁਝਾ ਸਕਦੀ ਸੀ।" ਉਦਾਸੀਨ ਅਤੇ ਪੂਰਨ ਅਧੋਗਤੀ ਦੇ ਵਾਤਾਵਰਨ ਵਿਚ ਉਨ੍ਹਾਂ ਨੇ ਆਸ਼ਾ ਅਤੇ ਮੁਕਤੀ ਦਾ ਸੰਦੇਸ਼ ਦਿੱਤਾ ਅਤੇ ਕਰ ਜਾਂ ਮਰ ਮਿਟਣ ਵਾਲੀ ਇੱਛਾ-ਸ਼ਕਤੀ ਪੈਦਾ ਕੀਤੀ। ਉਨ੍ਹਾਂ ਨਾ ਕੇਵਲ ਤੀਬਰ ਗਤੀਸ਼ੀਲ ਸੁਭਾ ਵਾਲੀ ਨੈਤਿਕ ਸ਼ਕਤੀ ਨੂੰ ਹੀ ਹੋਂਦ ਵਿਚ ਲਿਆਂਦਾ ਸਗੋਂ ਜਿੰਨਾ ਸੰਭਵ ਹੋ ਸਕਦਾ ਸੀ ਇਸ ਦੀ ਪਦਾਰਥਕ ਸਹਾਇਤਾ ਵਲੋਂ ਵੀ ਚੇਤੰਨ ਸੀ। ਉਹ ਸੰਤ ਵੀ ਸਨ ਅਤੇ ਸਿਪਾਹੀ ਵੀ ਸਨ ਅਤੇ ਉਨ੍ਹਾਂ ਦਾ ਆਦਰਸ਼ ਸੰਤ-ਸਿਪਾਹੀ-ਭਾਈਚਾਰਾ ਸੀ। ਜਿਵੇਂ ਕਿ ਉਹ ਆਪ ਕਹਿੰਦੇ ਹਨ ਕਿ ਉਨ੍ਹਾਂ ਦਾ ਕਿਸੇ ਨਾਲ ਵੈਰ ਨਹੀਂ ਪਰੰਤੂ ਉਹ ਜ਼ੁਲਮ ਅਤੇ

1. ਸਰਕਾਰ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 321

ਅਤਿਆਚਾਰ ਦੇ, ਭਾਵੇਂ ਉਸ ਦਾ ਕੋਈ ਰੂਪ ਹੋਵੇ, ਸਦੀਵੀ ਵੈਰੀ ਸਨ । ਉਨ੍ਹਾਂ ਨੇ ਇਸ ਵਿਰੁਧ ਨਿਰੰਤਰ ਜੰਗ ਦਾ ਐਲਾਨ ਕੀਤਾ ਅਤੇ ਇਸ ਨੂੰ ਜਾਰੀ ਰੱਖਣ ਲਈ ਖਾਲਸੇ ਦੀ ਸਿਰਜਨਾ ਕੀਤੀ ।

ਉਨ੍ਹਾਂ ਦੇ ਰਾਜਸੀ ਸਿੱਧਾਂਤ ਇਸ ਬੁਨਿਆਦੀ ਆਦਰਸ਼ ਵਿਚੋਂ ਪੈਦਾ ਹੁੰਦੇ ਸਨ । ਉਨ੍ਹਾਂ ਦਾ ਮੁਗਲ ਸਰਕਾਰ ਨਾਲ ਕੋਈ ਝਗੜਾ ਨਹੀਂ ਸੀ ਜਿਵੇਂ ਕਿ ਅਸੀਂ ਬਚਿਤ੍ਰ ਨਾਟਕ ਵਿਚ ਦੇਖ ਚੁਕੇ ਹਾਂ ਕਿ ਉਹ ਬਾਬੁਰ ਦੇ ਉੱਤਰਾਧਿਕਾਰੀਆਂ ਦੀ ਸੰਸਾਰਿਕ ਪ੍ਰਭੁਤਾ ਨੂੰ ਮੰਨਦੇ ਹਨ ।[1] ਪਰੰਤੂ ਕੁਝ ਵਿਸ਼ੇਸ਼ ਸੀਮਾਵਾਂ ਹੁੰਦੀਆਂ ਹਨ ਜੋ ਕਿ ਇਕ ਚੰਗੀ ਸਰਕਾਰ ਨੂੰ ਉਲੰਘਣੀਆਂ ਨਹੀਂ ਚਾਹੀਦੀਆਂ, ਇਹ ਨਿਆਇਸ਼ੀਲ ਹੋਣੀ ਚਾਹੀਦੀ ਹੈ, ਇਹ ਨਿਰਪੱਖ ਹੋਣੀ ਚਾਹੀਦੀ ਹੈ ਅਤੇ ਆਪਣੀ ਪ੍ਰਜਾ ਉਤੇ ਕਿਸੇ ਵੀ ਤਰ੍ਹਾਂ ਇਸ ਨੂੰ ਜ਼ੁਲਮ ਨਹੀਂ ਕਰਨਾ ਚਾਹੀਦਾ । ਅਜੇਹੀਆਂ ਉਲੰਘਣਾਂ ਨੂੰ ਗੁਰੂ ਜੀ ਸਹਿਨ ਕਰਨ ਲਈ ਤਿਆਰ ਨਹੀਂ ਸਨ ਅਤੇ ਉਨ੍ਹਾਂ ਦੀ ਇਨ੍ਹਾਂ ਨਾਲ ਜੰਗ ਸਥਾਈ ਸੀ । ਜੇਕਰ ਇਸ ਗੱਲ ਨੂੰ ਚੰਗੀ ਤਰ੍ਹਾਂ ਸਮਝ ਲਿਆ ਜਾਵੇ ਅਤੇ ਇਹ ਵੀ ਯਾਦ ਰਖਿਆ ਜਾਵੇ ਕਿ ਗੁਰੂ ਜੀ ਦਾ ਹਥਿਆਰ ਉਠਾਣ ਦਾ ਸਿੱਧਾਂਤ ਅੰਤਿਮ ਸਾਧਨ ਸੀ, ਤਾਂ ਜੀਵਨ ਦੇ ਆਖਰੀ ਦੋ ਸਾਲਾਂ ਵਿਚ ਉਨ੍ਹਾਂ ਦੇ ਬਾਦਸ਼ਾਹ ਨਾਲ ਸੰਬੰਧ ਸਾਡੇ ਲਈ ਉਲਝਣ ਨਹੀਂ ਬਣਨਗੇ ਅਤੇ ਬੰਦੇ ਦਾ ਜੀਵਨ ਆਪਣੇ ਆਪ ਸਹੀ ਥਾਂ ਤੇ ਪ੍ਰਗਟ ਹੋ ਜਾਵੇਗਾ । ਹੋਰ ਸਾਡਾ ਵਿਚਾਰ ਹੈ ਕਿ ਬਗਾਵਤ ਤੇ ਸੰਕਟ ਕਾਲ ਸਮੇਂ, ਆਪਣੀ ਪ੍ਰਾਧੀਨਤਾ ਤੋਂ ਐਨੀ ਛੇਤੀ ਮਗਰੋਂ, ਅੰਗ੍ਰੇਜ਼ਾਂ ਪ੍ਰਤਿ ਸਿੱਖਾਂ ਨੇ ਜੋ ਦ੍ਰਿੜ੍ਹ ਵਫਾਦਾਰੀ ਦਿਖਾਈ, ਉਸ ਨੂੰ ਵੀ ਨਵੀਂ ਰੋਸ਼ਨੀ ਵਿਚ ਵਿਚਾਰਿਆ ਜਾਵੇਗਾ । ਕੁਝ ਵੀ ਹੋਵੇ, ਅਠ੍ਹਾਰਵੀਂ ਸਦੀ ਦੀਆਂ ਪਰਿਸਥਿਤੀਆਂ ਵਿਚ ਇਸ ਮਹੀਨ ਅੰਤਰ ਦੀ ਪੁਸ਼ਟੀ ਕਰਨੀ ਕਠਿਨ ਸੀ ਅਤੇ ਸਾਰੇ ਵਿਵਹਾਰਕ ਮੰਤਵਾਂ ਲਈ ਇਹ ਨਿਰਾਰਥਕ ਬਣ ਗਿਆ ਸੀ । ਮੁਗਲ ਸਰਕਾਰ ਧੁਰ ਜੜ੍ਹਾਂ ਤਕ ਨਿਕੰਮੀ ਹੋ ਚੁਕੀ ਸੀ ਅਤੇ ਇਸ ਦੇ ਕਰਮਚਾਰੀਆਂ ਤੋਂ ਕਿਸੇ ਨਿਆਂ ਦੀ ਆਸ ਰੱਖਣਾ ਨਿਰਮੂਲ ਸੀ । ਇਕ ਮੁਸ਼ਕਿਲ ਤੋਂ ਦੂਜੀ ਮੁਸ਼ਕਿਲ ਉਗਮਦੀ ਰਹੀ ਅਤੇ ਛੇਤੀ ਹੀ ਸਿੱਖ ਮੁਸਲਮਾਨਾਂ ਨਾਲ ਨਾ ਖਤਮ ਹੋਣ ਵਾਲੀ ਲੜਾਈ ਵਿਚ ਉਲਝ ਗਏ । ਇਸ ਸੰਘਰਸ਼ ਨੇ, ਜ਼ਰੂਰ ਹੀ, ਪਿਛਲੇਰੇ ਲੇਖਕਾਂ ਦੀ ਰਾਇ ਨੂੰ ਰੰਗ ਦਿੱਤਾ ਸੀ ਅਤੇ ਅਜੇਹੇ ਸਿੱਧਾਂਤ ਅਤੇ ਨੀਤੀਆਂ ਗੁਰੂ ਜੀ ਦੇ ਨਾਂ ਨਾਲ ਜੋੜੀਆਂ ਗਈਆਂ ਜਿਨ੍ਹਾਂ ਦਾ ਉਨ੍ਹਾਂ ਦੇ ਜੀਵਨ ਅਤੇ ਰਚਨਾਵਾਂ ਵਿਚੋਂ ਕੋਈ ਸਮਰਥਨ ਨਹੀਂ ਮਿਲਦਾ । ਕਿਹਾ ਗਿਆ ਹੈ ਕਿ ਉਹ ਮੁਸਲਮਾਨਾਂ ਦੇ ਜਾਨੀ ਦੁਸ਼ਮਨ ਸਨ ਅਤੇ ਉਨ੍ਹਾਂ ਦਾ ਮੰਤਵ "ਖਾਲਸੇ ਨੂੰ ਸਾਮਰਾਜ ਬਖਸ਼ਣਾ ਸੀ ।" ਇਸ ਦਾ ਨਤੀਜਾ ਇਹ ਹੋਇਆ ਕਿ ਇਰਵਿਨ ਵਰਗਾ ਲੇਖਕ ਵੀ ਅਜੇਹਾ ਅਨੋਖਾ ਕਥਨ ਦੇਣ ਲਈ ਪ੍ਰੇਰਿਆ ਗਿਆ ਕਿ ਗੁਰੂ ਜੀ ਦੇ ਉਪਦੇਸ਼ਾਂ ਨੇ ਮੁਸਲਮਾਨਾਂ ਨਾਲ ਹਰ ਤਰ੍ਹਾਂ ਦੇ ਮੈਤ੍ਰਿਕ ਸੰਬੰਧਾ ਦੀ ਮਨਾਹੀ ਕਰ ਦਿੱਤੀ ਸੀ ।[2]

ਸਾਨੂੰ ਨਹੀਂ ਭੁਲਣਾ ਚਾਹੀਦਾ ਕਿ ਭਾਵੇਂ ਹੋਰ ਕੁਝ ਵੀ ਹੋਣ, ਗੁਰੂ ਗੋਬਿੰਦ ਸਿੰਘ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 305
2. ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 91

ਜੀ ਪ੍ਰਥਮ ਦਰਜੇ ਤੇ ਮਹਾਨ ਧਾਰਮਿਕ ਨੇਤਾ ਸਨ। ਜਿਸ ਤਰ੍ਹਾਂ ਉਹ ਆਪਣੇ ਜੀਵਨ ਦੇ ਅਤਿ ਸੰਕਟ ਵਿਚ ਵਿਚਰੇ ਸਨ, ਕੋਈ ਸੰਤ ਸੁਭਾ, ਉਚ-ਆਤਮਾ ਅਤੇ ਪਰਮਾਤਮਾ ਦੇ ਭਾਣੇ ਵਿਚ ਪੂਰਨ ਵਿਸ਼ਵਾਸ ਰੱਖਣ ਵਾਲਾ ਵਿਅਕਤੀ ਹੀ ਇਸ ਤਰ੍ਹਾਂ ਵਿਚਰ ਸਕਦਾ ਸੀ। ਆਪਣਾ ਘਰ ਅਤੇ ਸਭ ਕੁਝ ਵੈਰੀਆਂ ਦੇ ਹੱਥਾਂ ਵਿਚ ਛੱਡ ਕੇ ਉਹ ਅਨੰਦਪੁਰ ਤੋਂ ਵਿਦਾ ਹੋਏ। ਉਨ੍ਹਾਂ ਦੀ ਫ਼ੌਜ ਥੋੜ੍ਹੀ ਰਹਿ ਗਈ। ਪਰਿਵਾਰ ਵਿਛੜ ਗਿਆ। ਉਨ੍ਹਾਂ ਦੀਆਂ ਪਤਨੀਆਂ ਇਕ ਪਾਸੇ ਚਲੀਆਂ ਗਈਆਂ। ਉਨ੍ਹਾਂ ਦੀ ਮਾਤਾ ਅਤੇ ਦੋ ਛੋਟੇ ਬੱਚਿਆਂ ਦਾ ਉਨ੍ਹਾਂ ਨੂੰ ਕੋਈ ਪਤਾ ਨਹੀਂ ਸੀ ਕਿ ਕਿਥੇ ਗਏ। ਇਸ ਦੇ ਉਪਰੰਤ ਉਹ ਚਮਕੌਰ ਪਹੁੰਚੇ ਅਤੇ ਮੁਗਲਾਂ ਅਤੇ ਪਹਾੜੀ ਰਾਜਿਆਂ ਨੇ ਤੁਰੰਤ ਹੀ ਉਨ੍ਹਾਂ ਦੁਆਲੇ ਘੇਰਾ ਪਾ ਲਿਆ। ਵਿਖਮ ਪਰਿਸਥਿਤੀਆਂ ਵਿਰੁਧ ਪਰਾ-ਮਨੁਖੀ ਲੜਾਈ ਮਗਰੋਂ, ਜਿਸ ਵਿਚ ਉਨ੍ਹਾਂ ਦੇ ਦੋ ਪਿਆਰੇ ਪੁੱਤਰ ਅਤੇ ਪਿਆਰੇ ਸਿੱਖ ਇਕ ਦੂਜੇ ਮਗਰੋਂ ਉਨ੍ਹਾਂ ਦੀਆਂ ਅੱਖਾਂ ਸਾਹਮਣੇ ਸ਼ਹੀਦ ਹੋ ਗਏ ਸਨ, ਉਹ ਚੁਪ ਚਾਪ ਉਥੋਂ ਨਿਕਲ ਗਏ ਅਤੇ ਕੁਝ ਚਿਰ ਉਨ੍ਹਾਂ ਦਾ ਪਿੱਛਾ ਜੰਗਲੀ ਜਾਨਵਰਾਂ ਵਾਂਗ ਹੁੰਦਾ ਰਿਹਾ। ਕਦੀ ਉਹ ਇਕ ਭੇਸ ਵਿਚ ਕਦੀ ਦੂਜੇ ਭੇਸ ਵਿਚ ਬਚ ਕੇ ਨਿਕਲਦੇ ਰਹੇ। ਤਦ ਉਨ੍ਹਾਂ ਨੂੰ ਆਪਣੇ ਦੋ ਛੋਟੇ ਪੁੱਤਰਾਂ ਦੇ ਨਿਰਦਈ ਅਤੇ ਵਹਿਸ਼ੀਆਨਾ ਕਤਲ ਦੀ ਅਤੇ ਆਪਣੀ ਮਾਤਾ ਦੇ ਦੁਖਦਾਈ ਮੌਤ ਦੀ ਖਬਰ ਪਹੁੰਚੀ। ਉਨ੍ਹਾਂ ਨੇ ਇਸ ਸਭ ਕੁਝ ਨੂੰ ਅਤਿ ਠਰ੍ਹਮੇ ਨਾਲ ਸਹਿਨ ਕੀਤਾ ਅਤੇ ਸ਼ਾਂਤੀ ਨਾਲ ਆਪਣਾ ਕਾਰਜ ਕਰਦੇ ਰਹੇ ਜਿਵੇਂ ਕਿ ਕੁਝ ਵਾਪਰਿਆਂ ਹੀ ਨਹੀਂ ਹੁੰਦਾ। ਉਨ੍ਹਾਂ ਨੇ ਗ੍ਰੰਥ ਸਾਹਿਬ ਦੀ ਨਵੀਂ ਬੀੜ ਸੰਕਲਿਤ ਕੀਤੀ, ਆਪਣੀਆਂ ਰਚਨਾਵਾਂ ਵਿਚ ਵ੍ਰਿਧੀ ਕੀਤੀ ਅਤੇ ਮਾਲਵਾ ਦੇਸ਼ ਵਿਚ ਸਿੱਖ ਮਤ ਦੀਆਂ ਨੀਹਾਂ ਮਜ਼ਬੂਤ ਕਰਨ ਵਿਚ ਰੁਝੇ ਰਹੇ। ਨਿਸ਼ਚੇ ਹੀ, ਕੋਈ ਨੀਤੀਵੇਤਾ ਜਾਂ ਸਿਪਾਹੀ ਇਹ ਕੁਝ ਨਹੀਂ ਕਰ ਸਕਦਾ ਸੀ। ਇਹ ਗੱਲ ਮਹਤਵਪੂਰਨ ਹੈ ਕਿ ਗੁਰੂ ਜੀ ਨਾਲ ਇਕ ਸਾਲ ਤੋਂ ਵੀ ਵਧ ਸਮਾਂ ਨਿਕਟ ਸੰਬੰਧ ਰੱਖਣ ਉਪਰੰਤ ਬਹਾਦਰ ਸ਼ਾਹ ਨੇ ਉਨ੍ਹਾਂ ਨਾਲ ਦਰਵੇਸ਼ਾਂ ਵਾਲਾ ਵਿਵਹਾਰ ਕੀਤਾ ਅਤੇ ਪਿਛੇ ਰਹਿ ਗਈ ਉਨ੍ਹਾਂ ਦੀ ਚਲ-ਸੰਪਤੀ ਨੂੰ ਉਨ੍ਹਾਂ ਦੇ ਵਾਰਸਾਂ ਵਿਚ ਵੰਡਣ ਦਾ ਹੁਕਮ ਦਿੱਤਾ ਸੀ ਜੋ ਕਿ ਨਿਯਮ ਅਨੁਸਾਰ ਜ਼ਬਤ ਹੋਣੀ ਚਾਹੀਦੀ ਸੀ।[1] ਸੋ ਇਹ ਸਪਸ਼ਟ ਹੈ ਕਿ ਗੁਰੂ ਜੀ ਦੇ ਸੁਭਾਉ ਦਾ ਪ੍ਰਬਲ ਗੁਣ ਇਹ ਸੀ ਕਿ ਉਹ ਪਰਮਾਤਮਾ ਦੇ ਬੰਦੇ ਸਨ ਅਤੇ ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਅਜੇਹਾ ਪੁਰਖ ਜਿਸ ਨੇ ਇਹ ਪ੍ਰਚਾਰ ਕੀਤਾ ਹੋਵੇ ਕਿ

"ਦੇਹੁਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ
ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ
ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਏਕੈ ਕਾਨ ਦੇਹ ਏਕੈ ਬਾਨ
ਖਾਕ ਬਾਦ ਆਸਤ ਸੌ ਆਬ ਕੋ ਰਲਾਉ ਹੈ ॥

1. ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 90

ਅਲਹ ਅਭੇਖ ਸੋਈ ਪੁਰਾਨ ਔ ਕੁਰਾਨ ਓਈ
ਏਕ ਹੀ ਸਰੂਪ ਸਬੈ ਏਕ ਹੀ ਬਨਾਉ ਹੈ ॥"[1]

ਕਿਸੇ ਜਾਤੀ ਜਾਂ ਸ਼੍ਰੇਣੀ ਦਾ ਕੱਟੜ ਦੁਸ਼ਮਣ ਹੋਵੇ। ਅਸੀਂ ਇਥੇ ਫਿਰ ਦੁਹਰਾਵਾਂਗੇ ਕਿ ਅਜਿਹੇ ਨਿਰਣੇ ਦੀ ਪੁਸ਼ਟੀ ਲਈ ਗੁਰੂ ਜੀ ਦੇ ਆਪਣੇ ਜੀਵਨ ਅਤੇ ਲਿਖਤਾਂ ਵਿਚੋਂ ਕੁਝ ਨਹੀਂ ਮਿਲਦਾ। ਕੇਵਲ ਸਰਹਿੰਦ ਦੇ ਵਜ਼ੀਰ ਖਾਂ ਵਿਰੁਧ ਗੁਰੂ ਜੀ ਦੀ ਵੈਰਤਾ ਨੂੰ ਇਥੇ ਵਰਣਿਤ ਕੀਤਾ ਜਾ ਸਕਦਾ ਹੈ ਪਰੰਤੂ ਇਹ ਬਿਲਕੁਲ ਹੀ ਇਕ ਵੱਖਰਾ ਮੁਆਮਲਾ ਹੈ ਕਿਉਂਕਿ ਵਜ਼ੀਰ ਖਾਂ ਨੂੰ ਸਜ਼ਾ ਦਿੱਤੇ ਬਿਨਾਂ ਛੱਡਣਾ ਉਨ੍ਹਾਂ ਨੇ ਧਰਮ ਦੇ ਬੁਨਿਆਦੀ ਅਸੂਲਾਂ ਦੇ ਵਿਰੁਧ ਸੀ।

ਸੋ ਗੁਰੂ ਜੀ ਪ੍ਰਥਮ ਰੂਪ ਵਿਚ ਧਾਰਮਿਕ ਪੁਰਖ ਸਨ ਪਰੰਤੂ ਉਹ ਬਹੁ-ਪਾਸੀ ਪ੍ਰਾਪਤੀਆਂ ਦੇ ਵੀ ਮਾਲਕ ਸਨ ਜਿਨ੍ਹਾਂ ਵਿਚ ਉਨ੍ਹਾਂ ਦਾ ਸਾਨੀ ਲਭਣਾ ਮੁਸ਼ਕਿਲ ਹੈ। ਉਹ ਕੋਈ ਮਾਮੂਲੀ ਕਵੀ ਨਹੀਂ ਸਨ ਅਤੇ ਰਵਾਇਤ ਇਸ ਗੱਲ ਦੀ ਸਮਰਥਕ ਹੈ ਕਿ ਉਨ੍ਹਾਂ ਦੀਆਂ ਰਚਨਾਵਾਂ ਦੇ ਬਹੁਤ ਸਾਰੇ ਭਾਗ ਅਨੰਦਪੁਰ ਤੋਂ ਚਮਕੌਰ ਜਾਣ ਸਮੇਂ ਸਰਸਾ ਦਰਿਆ ਵਿਚ ਗੁਆਚ ਗਏ ਸਨ[2] ਪਰੰਤੂ ਜੋ ਕੁਝ ਬਚਿਆ ਹੈ ਉਹ ਉਨ੍ਹਾਂ ਦੇ ਸਾਹਿਤਕਾਰ ਹੋਣ ਦੇ ਦਾਅਵੇ ਨੂੰ ਸਥਾਪਿਤ ਕਰਨ ਲਈ ਕਾਫੀ ਹੈ। ਕਿਹਾ ਜਾਂਦਾ ਹੈ ਕਿ ਉਨ੍ਹਾਂ ਦੀਆਂ ਕੁਝ ਰਚਨਾਵਾਂ ਦਾ "ਹਿੰਦੀ ਦੇ ਮਹਾਂ ਕਾਵਿ ਅਤੇ ਬਿਆਨੀਆਂ ਕਵਿਤਾ ਵਿਚ ਬਹੁਤ ਉੱਚਾ ਦਰਜਾ ਹੈ"[3] ਪਰੰਤੂ ਇਹ ਤੱਥ ਵਧੇਰੇ ਮਹੱਤਵਪੂਰਨ ਹੈ ਕਿ ਕਿਸ ਤਰ੍ਹਾਂ ਗੁਰੂ ਜੀ ਨੇ ਪੂਰੀ ਤਰ੍ਹਾਂ ਅਨੁਭਵ ਕੀਤਾ ਕਿ ਹਾਰ ਚੁਕੇ ਅਤੇ ਸਿਥਲ ਲੋਕਾਂ ਦੀਆਂ ਲੁਪਤ ਸ਼ਕਤੀਆਂ ਨੂੰ ਪ੍ਰਜਵਲਤ ਕਰਨ ਲਈ ਕਿੰਨਾ ਮਹੱਤਵਪੂਰਨ ਭਾਗ ਪਾ ਸਕਦਾ ਹੈ। ਪੁਰਾਤਨ ਸੰਸਕ੍ਰਿਤ ਸਾਹਿਤ ਵਿਚੋਂ ਜਿਹੜੀਆਂ ਕਹਾਣੀਆਂ ਉਨ੍ਹਾਂ ਨੇ ਹਿੰਦੀ ਵਿਚ ਪ੍ਰਚਲਤ ਕੀਤੀਆਂ ਸਨ ਇਨ੍ਹਾਂ ਨੇ ਉਨ੍ਹਾਂ ਦੇ ਉਸਾਰੂ ਕਾਰਜ ਲਈ ਇਕ ਸੁਚੱਜੀ ਗੋਲੀ ਦਾ ਕੰਮ ਕੀਤਾ ਅਤੇ ਇਸ ਦੇ ਨਾਲ ਨਾਲ ਆਪਣੇ ਅਨੁਯਾਈਆਂ ਵਿਚ ਸਾਖਰਤਾ ਅਤੇ ਵਿਦਿਆ ਦੀ ਮੰਗ ਨੂੰ ਉਤਪੰਨ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਮਹਾਨ ਯੋਧਾ ਅਤੇ ਮਹਾਨ ਜਰਨੈਲ ਸਨ ਅਤੇ ਜੋ ਕੋਈ ਵੀ ਉਨ੍ਹਾਂ ਦੇ ਫੌਜੀ ਕਾਰਨਾਮਿਆਂ ਦੀ ਵਾਰਤਾ ਤੋਂ ਮਾਮੂਲੀ ਜਿਹਾ ਵੀ ਵਾਕਫ ਹੈ, ਉਹ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦਾ। ਬਚਿਤ੍ਰ ਨਾਟਕ ਵਿਚ ਗੁਰੂ ਜੀ ਆਪਣੇ ਕਰਤਵਾਂ ਦੇ ਸੰਬੰਧ ਵਿਚ ਕੁਝ ਨਿਮਰ ਹਨ ਅਤੇ ਜਿਵੇਂ ਕਿ ਆਸ ਹੋਣੀ ਚਾਹੀਦੀ ਹੈ, ਗੁਰੂ ਜੀ ਆਪਣੀ ਸਫਲਤਾ ਨੂੰ ਪਰਮਾਤਮਾ ਦੀ ਰਜ਼ਾ ਮੰਨਦੇ ਹਨ ਪਰੰਤੂ ਜੋ ਥੋੜ੍ਹਾ ਬਹੁਤ ਉਨ੍ਹਾਂ ਨੇ ਕਿਹਾ ਹੈ ਉਸ ਤੋਂ ਇਹ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਕਿ ਉਹ ਕਿੰਨੇ ਨਿਪੁੰਨ ਤੀਰ ਅੰਦਾਜ਼ ਸਨ ਅਤੇ ਵਰ੍ਹ ਰਹੀ ਮੌਤ ਦੇ ਦਰਮਿਆਨ ਵੀ ਬਿਨਾਂ ਘਬਰਾਹਟ ਕਿੰਨੇ ਨਿਧੜਕ ਸਨ। ਗੁਰੂ ਗੋਬਿੰਦ ਸਿੰਘ ਦੀਆਂ ਫੌਜੀ ਯੋਗਤਾਵਾਂ ਦਾ ਅਨੁਮਾਨ ਲਗਾਣ ਲਈ ਇਹ ਕਦੇ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 275, 276
2. ਕਰਤਾਰ ਸਿੰਘ, ਉਪਰੋਕਤ ਰਚਨਾ, ਪੰਨਾ 264
3. ਨਾਰੰਗ, ਉਪਰੋਕਤ ਰਚਨਾ, ਪੰਨਾ 364

ਵੀ ਭੁੱਲਣਾ ਨਹੀਂ ਚਾਹੀਦਾ ਕਿ ਉਨ੍ਹਾਂ ਅਤੇ ਉਨ੍ਹਾਂ ਦੇ ਵੈਰੀਆਂ ਦੀ ਸੰਖਿਆ ਅਤੇ ਸਾਧਨਾਂ ਵਿਚ ਭਾਰੀ ਅੰਤਰ ਸੀ ਪਰੰਤੂ ਹੈਰਾਨੀ ਵਾਲੀ ਗੱਲ ਇਹ ਨਹੀਂ ਕਿ ਉਹ ਹਾਰੇ ਸਗੋਂ ਇਹ ਹੈ ਕਿ ਉਹ ਇਤਨੀ ਦੇਰ ਲੜਦੇ ਰਹੇ। ਬਿਨਾਂ ਤਿਆਰੀ ਤੋਂ ਉਨ੍ਹਾਂ ਨੇ ਚਮਕੌਰ ਵਿਖੇ ਜੋ ਮੋਰਚਾਬੰਦੀ ਕੀਤੀ, ਅਦੁਤੀ ਹੈ। ਇਕ ਰਵਾਇਤ ਇਸ ਗੱਲ ਦੀ ਸਾਖੀ ਭਰਦੀ ਹੈ ਕਿ ਗੁਰੂ ਜੀ ਨੇ ਕੇਵਲ ਚਾਲੀ ਚੋਣਵੇਂ ਸਾਥੀਆਂ ਸਮੇਤ ਵਿਰੋਧੀ ਸੈਨਾ ਦੀਆਂ ਵਹੀਰਾਂ ਨੂੰ ਕਈ ਘੰਟੇ ਲਾਗੇ ਨਾ ਆਉਣ ਦਿੱਤਾ ਅਤੇ ਖਿਦਰਾਣੇ ਦੀ ਲੜਾਈ ਲਈ ਜਿਸ ਸੁਚੇਤ ਤੀਖਣ ਸੂਝ ਨਾਲ ਲੜਾਈ ਦਾ ਸਥਾਨ ਚੁਣਿਆ ਅਤੇ ਵਜ਼ੀਰ ਖਾਂ ਦੀਆਂ ਫੌਜਾਂ ਨੂੰ ਪਿਛਾਂਹ ਹਟਣ ਲਈ ਮਜਬੂਰ ਕਰ ਦਿੱਤਾ ਸੀ, ਇਸ ਤੋਂ ਸਾਨੂੰ ਗੁਰੂ ਜੀ ਦੀਆਂ ਜੰਗੀ ਚਾਲਾਂ ਦੀ ਪ੍ਰਤਿਭਾ ਬਾਰੇ ਕੋਈ ਸੰਦੇਹ ਨਹੀਂ ਰਹਿੰਦਾ। ਜਿਵੇਂ ਕਨਿੰਘਮ ਕਹਿੰਦਾ ਹੈ, "ਸਫਲਤਾ ਸਦਾ ਮਹਾਨਤਾ ਦਾ ਮਾਪ ਨਹੀਂ ਹੁੰਦੀ" ਅਤੇ ਗੁਰੂ ਜੀ ਦੀਆਂ ਪ੍ਰਾਪਤੀਆਂ ਨੂੰ ਪਰਖਣ ਲਈ ਇਸ ਕਥਨ ਨੂੰ ਸਾਹਮਣੇ ਰੱਖਣਾ ਚਾਹੀਦਾ ਹੈ।

ਸਾਡਾ ਖਿਆਲ ਹੈ ਕਿ ਗੁਰੂ ਜੀ ਦੇ ਅਦੁਤੀ ਉਸਰਈਏ ਹੋਣ ਦੇ ਦਾਹਵੇ ਨੂੰ ਪੂਰਨ ਭਾਂਤ ਸਥਾਪਿਤ ਕਰਨ ਲਈ ਕਾਫੀ ਕੁਝ ਕਿਹਾ ਜਾ ਚੁਕਿਆ ਹੈ। ਉਨ੍ਹਾਂ ਨੇ ਇਕ ਨਵੀਂ ਕੌਮ ਨੂੰ ਹੋਂਦ ਵਿਚ ਲਿਆਂਦਾ ਅਤੇ ਇਕ ਨਵੀਂ ਗਤੀਸ਼ੀਲ ਸ਼ਕਤੀ ਨੂੰ ਭਾਰਤੀ ਇਤਿਹਾਸ ਦੇ ਪਿੜ ਵਿਚ ਨਿਤਾਰਿਆ। ਉਸ ਸ਼ਕਤੀ ਨੇ ਕੀ ਪ੍ਰਾਪਤ ਕੀਤਾ ਇਹ ਇਤਿਹਾਸਕ ਵਿਸ਼ਾ ਹੈ ਪਰੰਤੂ ਅਨੇਕਾਂ ਢੰਗ, ਜਿਨ੍ਹਾਂ ਦੁਆਰਾ ਉਨ੍ਹਾਂ ਦੇ ਦਬੇ ਅਤੇ ਲਿਤਾੜੇ ਹੋਏ ਲੋਕਾਂ ਨੂੰ ਉਤਾਂਹ ਚੁੱਕਣ ਦਾ ਜਤਨ ਕੀਤਾ, ਬਹੁਤ ਘਟ ਜਾਣੇ ਜਾਂਦੇ ਹਨ। ਮੈਕਾਲਿਫ ਕਹਿੰਦਾ ਹੈ: "ਪੁਸ਼ਤਾਂ ਤੋਂ ਹੀ ਨੀਚ-ਜਾਤੀਏ ਨੂੰ ਇਕ ਬਹਾਦਰ ਅਤੇ ਦ੍ਰਿੜ੍ਹ ਸਿਪਾਹੀ ਵਿਚ ਬਦਲਣ ਵਿਚ ਗੁਰੂ ਜੀ ਦੀ ਸਿਖਿਆ ਦਾ ਜਾਦੂਮਈ ਅਸਰ ਸੀ, ਜਿਵੇਂ ਕਿ ਮਜ਼ਬੀ ਸਿੱਖਾਂ ਦੀ ਰੈਜਮੈਂਟ ਦਾ ਇਤਿਹਾਸ ਨਿਰਣਈ ਤੌਰ ਤੇ ਇਸ ਗੱਲ ਨੂੰ ਸਿੱਧ ਕਰਦਾ ਹੈ। ਇਹ ਕਾਇਆ ਕਲਪ ਪੁਰਾਤਨ ਹਿੰਦੂ ਧਾਰਮਿਕ ਪੱਧਤੀ ਦੇ ਪੁਰਾਣੇ ਕੱਟੜ ਪੱਖਪਾਤ ਅਤੇ ਰੂੜੀਵਾਦ ਵਿਰੁਧ ਪਰਿਪੂਰਨ ਕੀਤੀ ਗਈ ਸੀ। ਸਿੱਖ ਗੁਰੂਆਂ ਦੇ ਸਮੇਂ ਤੋਂ ਪਹਿਲਾਂ ਕਿਸੇ ਜਰਨੈਲ ਨੇ ਉਨ੍ਹਾਂ ਲੋਕਾਂ ਦੀ ਫੌਜ ਖੜੀ ਕਰਨ ਦਾ ਸੋਚਿਆ ਵੀ ਨਹੀਂ ਸੀ ਜਿਨ੍ਹਾਂ ਨੂੰ ਜਨਮ ਤੋਂ ਹੀ ਪਲੀਤ ਅਤੇ ਭਰਿਸ਼ਟੇ ਹੋਏ ਵਿਸ਼ਵਾਸ ਕੀਤਾ ਜਾਂਦਾ ਸੀ ਪਰੰਤੂ ਸਿੱਖਾਂ ਦੇ ਸੰਕੇਤ-ਸ਼ਬਦ ਅਤੇ ਜੰਗੀ ਜੈਕਾਰੇ "ਵਾਹਿ-ਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ" ਨੇ ਦਸਵੇਂ ਗੁਰੂ ਜੀ ਦੇ ਉਤੇਜਨਾ ਭਰਪੂਰ ਉਪਦੇਸ਼ਾਂ ਨੇ ਅਜੇਹੇ ਪੁਰਸ਼ਾਂ ਨੂੰ ਵੀ, ਜਿਨ੍ਹਾਂ ਨੂੰ ਅੱਜ ਤਕ ਮਨੁੱਖਤਾ ਦੀ ਰਹਿੰਦ ਖੂੰਹਦ ਸਮਝਿਆ ਜਾਂਦਾ ਸੀ, ਯੋਧਿਆਂ ਵਿਚ ਬਦਲ ਦਿੱਤਾ, ਜਿਨ੍ਹਾਂ ਦੀ ਤਾਕਤ ਅਤੇ ਵਫਾ-ਦਾਰੀ ਨੇ ਆਪਣੇ ਆਗੂਆਂ ਨੂੰ ਕਦੇ ਧੋਖਾ ਨਾ ਦਿੱਤਾ।"[1] ਗੁਰੂ ਜੀ ਦੁਆਰਾ ਪੈਦਾ ਕੀਤੀ ਗਈ ਨੈਤਿਕ ਸ਼ਕਤੀ ਦੀ ਬੇਓੜਕ ਸੰਚਾਲਕ ਸ਼ਕਤੀ ਨੂੰ ਸਿੱਧ ਕਰਨ ਲਈ ਕਿਸੇ ਹੋਰ ਚੀਜ਼ ਦੀ ਲੋੜ ਨਹੀਂ। ਕਨਿੰਘਮ ਲਿਖਦਾ ਹੈ: "ਇਕ ਜਿਉਂਦੀ ਰੂਹ ਸਾਰੇ ਸਿੱਖਾਂ ਵਿਚ ਪਸਰ ਗਈ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਭਾਵ ਨੇ ਨਾ ਕੇਵਲ ਉਨ੍ਹਾਂ ਦੀ ਮਾਨਸਿਕ ਪ੍ਰਕ੍ਰਿਤੀ ਨੂੰ ਉੱਚਾ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 99, 100

ਅਤੇ ਪਰਿਵਰਤਨ ਕੀਤਾ ਸਗੋਂ ਉਨ੍ਹਾਂ ਉਤੇ ਭੌਤਿਕ ਅਸਰ ਵੀ ਕੀਤਾ ਅਤੇ ਉਨ੍ਹਾਂ ਦੀਆਂ ਸਰੀਰਕ ਬਣਤਰਾਂ ਵਿਚ ਬਹੁਲਤਾ ਪ੍ਰਦਾਨ ਕੀਤੀ। ਸਮੁਚੀ ਕੌਮ ਦਾ ਚਿਹਨ-ਚੱਕਰ ਅਤੇ ਬਾਹਰੀ ਸਰੂਪ ਹੀ ਸੁਧਰ ਗਿਆ ਅਤੇ ਇਕ ਸਿੱਖ ਸਰਦਾਰ ਦੀ ਸ਼ਾਨ, ਸੁਤੰਤਰਤਾ ਅਤੇ ਮਰਦਊਪੁਣਾ, ਉਸ ਦੇ ਧਰਮ ਦੇ ਉਪਦੇਸ਼ਕਾਂ ਦੇ ਉਚ-ਵਿਚਾਰਵਾਨ ਚਿਹਰੇ, ਜੋ ਕਿ ਉਸ ਦੀ ਆਤਮਾ ਦਾ ਜੋਸ਼ ਪ੍ਰਗਟ ਕਰਦਾ ਅਤੇ ਉਸ ਦੇ ਪਰਮਾਤਮਾ ਦੇ ਲਾਗੇ ਹੋਣ ਦੇ ਨਿਸ਼ਚੇ ਦਾ ਪ੍ਰਤੀਕ ਸੀ, ਨਾਲੋਂ ਬਹੁਤੇ ਵਖਰੇ ਨਹੀਂ ਸਨ।" ਇਥੇ ਫਿਰ ਸਾਡੇ ਕੋਲ ਇਕ ਅਜੇਹੇ ਲੇਖਕ ਦੀ ਗਵਾਹੀ ਹੈ ਜੋ ਕਿ ਸਿੱਖਾਂ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਕਿ ਗੁਰੂ ਜੀ ਦੇ ਆਦਰਸ਼ਾਂ ਨੇ ਉਨ੍ਹਾਂ ਦੇ ਅਨੁਯਾਈਆਂ ਵਿਚ ਬਹੁ-ਪੱਖੀ ਪਰਿਵਰਤਨ ਲਿਆਂਦਾ। ਇਨ੍ਹਾਂ ਆਦਰਸ਼ਾਂ ਦੀ ਸ਼ਕਤੀ ਨੂੰ ਪਰਖਿਆ ਗਿਆ, ਕਿਉਂਕਿ ਕੁਝ ਆਦਰਸ਼ ਸਦਾ, ਸੁਤੰਤਰਤਾ ਲਈ ਸਿੱਖਾਂ ਦੀ ਜੰਗ ਅਤੇ ਅਤਿ ਸੰਕਟ ਸਮੇਂ ਉਨ੍ਹਾਂ ਦੇ ਸਾਮ੍ਹਣੇ ਸਨ ਅਤੇ ਇਹ ਇਤਿਹਾਸਕ ਤੱਥ ਹੈ ਕਿ ਇਨ੍ਹਾਂ ਨੇ ਸਿੱਖਾਂ ਨੂੰ ਸਫਲ ਬਣਾਇਆ।

ਪਰੰਤੂ ਜਿਵੇਂ ਕਿ ਅਸੀਂ ਪਹਿਲਾਂ ਕਿਹਾ ਹੈ, ਉਨ੍ਹਾਂ ਦੇ ਅਨੁਯਾਈਆਂ ਨੂੰ ਵਿਰਸੇ ਵਿਚ ਇਕ ਵਿਸ਼ੇਸ਼ ਲੱਛਣ ਮਿਲਿਆ ਸੀ ਜਿਸ ਨੂੰ ਗੁਰੂ ਜੀ ਆਪ ਵੀ ਪੂਰੀ ਤਰ੍ਹਾਂ ਖਤਮ ਨਾ ਕਰ ਸਕੇ। ਇਹ ਕਹਿਣਾ ਕਠਿਨ ਹੈ ਕਿ ਪਹਾੜੀ ਰਾਜਿਆਂ ਦਾ ਪ੍ਰਜਾ ਉਤੇ ਜ਼ੁਲਮ ਅਤੇ ਉਨ੍ਹਾਂ ਦਾ ਮਾਲ ਧਨ ਲੁੱਟਣਾ ਕਿਥੋਂ ਤਕ ਸਥਿਤੀਆਂ ਦੀਆਂ ਲੋੜਾਂ ਅਨੁਸਾਰ ਸੀ ਜਾਂ ਜਵਾਬੀ ਹਮਲੇ ਵਜੋਂ ਸੀ ਪਰੰਤੂ ਇੱਕੇ ਦੁੱਕੇ ਇਸ਼ਾਰੇ ਮਿਲਦੇ ਹਨ ਕਿ ਗੁਰੂ ਜੀ ਸਦਾ ਇਨ੍ਹਾਂ ਦੀ ਪ੍ਰਵਾਨਗੀ ਨਹੀਂ ਦਿੰਦੇ ਸਨ। ਹੋਰ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਜਦ ਗੁਰੂ ਜੀ ਬਹਾਦਰ ਸ਼ਾਹ ਦੀ ਫੌਜ ਨਾਲ ਰਾਜਪੂਤਾਨੇ ਅਤੇ ਦੱਖਣ ਵਿਚੋਂ ਦੀ ਲੰਘ ਰਹੇ ਸਨ ਤਾਂ ਕਦੇ ਕਦੇ ਅਜੇਹੀਆਂ ਘਟਨਾਵਾਂ ਵਾਪਰੀਆਂ ਜਿਨ੍ਹਾਂ ਵਿਚ ਗੁਰੂ ਜੀ ਦੇ ਅਨੁਯਾਈਆਂ ਨੇ ਪਿੰਡਾਂ ਦੇ ਲੋਕਾਂ ਤੋਂ ਜ਼ਬਰਦਸਤੀ ਅਨਾਜ ਖੋਹ ਖਿੰਝ ਲਿਆ ਸੀ।[1] ਜਿਵੇਂ ਕਿ ਅਸੀਂ ਪਹਿਲਾਂ ਸੰਕੇਤ ਕਰ ਚੁਕੇ ਹਾਂ, ਇਹ ਲੁੱਟ ਮਾਰ ਕਰਨ ਦੀ ਪ੍ਰਵਿਰਤੀ ਬਹੁਤ ਮੁਸ਼ਕਿਲ ਨਾਲ ਧਰਮ ਪੱਧਤੀ ਦੇ ਅਨੁਕੂਲ ਹੋ ਸਕਦੀ ਸੀ ਅਤੇ ਸਾਨੂੰ ਦਿਖਾਈ ਦਿੰਦਾ ਹੈ ਕਿ ਗੁਰੂ ਜੀ ਦੁਆਰਾ ਕੀਤੇ ਗਏ ਸੰਸਲੇਸ਼ਣ ਵਿਚ ਇਹ ਸਦਾ ਇਕ ਫੋਟਕ ਤੱਤ ਬਣਿਆ ਰਿਹਾ। ਨਵੀਂ ਵਿਚਾਰਧਾਰ ਨੇ, ਨਿਰਸੰਦੇਹ, ਇਸ ਨੂੰ ਦਬਾਈ ਰਖਿਆ ਅਤੇ ਕਦੇ ਕਦੇ ਇਸ ਨੂੰ ਵਿਸ਼ਾਲ ਮੰਤਵ ਅਤੇ ਸੇਧ ਵੀ ਦਿੱਤੀ ਜਿਸ ਦੀ ਸਿੱਖ-ਸੁਤੰਤਰਤਾ ਯੁੱਧ ਵਿਚ ਕਾਫੀ ਵਿਆਖਿਆ ਕੀਤੀ ਮਿਲਦੀ ਹੈ ਪਰੰਤੂ ਜਦ ਮੰਤਵ ਪੂਰਾ ਹੋ ਜਾਂਦਾ ਹੈ ਅਤੇ ਨਿਸ਼ਾਨਾ ਪ੍ਰਾਪਤ ਹੋ ਜਾਂਦਾ ਹੈ ਤਾਂ ਫਿਰ ਇਹ ਪਰਸਪਰ ਖਾਨਾ-ਜੰਗੀ ਵਿਚ ਪ੍ਰਗਟ ਹੋ ਜਾਂਦੀ ਹੈ ਜੋ ਕਿ ਸਿੱਖ ਮਿਸਲਾਂ ਦੇ ਸਮੇਂ ਦਾ ਵਿਸ਼ੇਸ਼ ਲੱਛਣ ਸੀ। ਰਣਜੀਤ ਸਿੰਘ ਨੇ ਵਿਸਤਾਰ ਅਤੇ ਜਿੱਤਾਂ ਦੀ ਨਿਯਮਕ ਯੋਜਨਾ ਵਿਚ ਇਸ ਨੂੰ ਰੁਝਾਈ ਰਖਿਆ ਪਰੰਤੂ ਉਸ ਦੇ ਅਕਾਲ ਚਲਾਣੇ ਮਗਰੋਂ ਛੇਤੀ ਹੀ ਕੁਝ ਇਕ ਆਗੂਆਂ ਦੇ ਅਧਿਕ ਗੁੱਝੇ ਸੁਆਰਥਾਂ ਅਧੀਨ ਇਹ ਖਾਲਸਾ ਫੌਜ ਦੀ ਲਾਅ ਕਾਨੂੰਨੀ ਅਤੇ ਲੁੱਟ ਮਾਰ ਵਿਚ ਪ੍ਰਗਟ ਹੋ ਗਈ ਅਤੇ ਉਨ੍ਹੀਵੀਂ ਸਦੀ ਦੇ ਅੱਧ ਵਿਚ ਸਿੱਖਾਂ ਦੀ ਰਾਜਸੀ

1. ਗੁਰ ਸੁਭਾ, xiv, 19, xviii, 21

ਅਧੋਗਤੀ ਦੇ ਮੁੱਖ ਕਾਰਨਾਂ ਵਿਚੋਂ ਇਕ ਕਾਰਨ ਬਣੀ।

ਸਭ ਕੁਝ ਕਹੇ ਜਾਣ ਉਪਰੰਤ ਵੀ ਇਹ ਤੱਥ ਬਣਿਆ ਰਹਿੰਦਾ ਹੈ ਕਿ ਗੁਰੂ ਜੀ ਦੀ ਕਿਰਤ ਅਰਥਾਤ ਖਾਲਸੇ ਨੇ ਨਾਮਣਾ ਅਤੇ ਗੌਰਵਤਾ ਪ੍ਰਾਪਤ ਕੀਤੀ ਅਤੇ ਭਾਰਤੀ ਇਤਿਹਾਸ ਵਿਚ ਉੱਚਾ ਭਾਗ ਪਾਇਆ ਹੈ। ਸਾਡੇ ਵਿਚਾਰ ਵਿਚ ਖਾਲਸੇ ਦੀ ਭਾਰਤ ਨੂੰ ਸਭ ਤੋਂ ਵੱਡੀ ਦੇਣ ਪੰਜਾਬ ਅਤੇ ਇਸ ਦੇ ਨਾਲ ਲਗਦੇ ਸਰਹੱਦ ਤਕ ਦੇ ਇਲਾਕਿਆਂ ਨੂੰ ਅਫ਼ਗਾਨਾਂ ਦੇ ਪੰਜੇ ਵਿਚੋਂ ਛੁਡਾਉਣਾ ਹੈ। ਇਹ ਅਸੰਭਵ ਨਹੀਂ ਕਿ ਜੇਕਰ ਉਹ ਅਜੇਹਾ ਨਾ ਕਰਦੇ ਤਾਂ ਪੂਰਵਕਾਲ ਦੇ ਕੁਝ ਇਲਾਕਿਆਂ ਵਾਂਗ ਇਨ੍ਹਾਂ ਵਿਚੋਂ ਵੀ ਕੁਝ ਇਲਾਕੇ ਭਾਰਤ ਤੋਂ ਭੂਗੋਲਿਕ ਤੌਰ ਤੇ ਕਟ ਜਾਣੇ ਸਨ। ਗੁਰੂ ਜੀ ਦੇ ਅਨੁਯਾਈਆਂ ਨੇ ਸਰਹੱਦਾਂ ਨੂੰ ਸੁਰੱਖਿਅਤ ਰਖਿਆ ਅਤੇ ਇਸ ਸੇਵਾ ਤੋਂ ਕੋਈ ਹੋਰ ਵੱਡੀ ਸੇਵਾ ਨਹੀਂ ਹੋ ਸਕਦੀ। ਉਨ੍ਹਾਂ ਦੀਆਂ ਰਾਜਸੀ ਸਿਰਜਨਾਵਾਂ ਮਨੁੱਖੀ ਵਸਤਾਂ ਵਾਂਗ ਬੀਤ ਚੁਕੀਆਂ ਹਨ ਅਤੇ ਉਨ੍ਹਾਂ ਨੂੰ ਬਹੁਤ ਉਤਾਰਾਂ ਚੜ੍ਹਾਵਾਂ ਵਿਚੋਂ ਲੰਘਣਾ ਪਿਆ ਹੈ, ਪਰੰਤੂ ਅੱਜ ਵੀ ਜਦ ਕਿ ਉਹ ਭਾਰਤੀ ਵਸੋਂ ਦਾ ਲਗ ਭਗ ਇਕ ਪ੍ਰਤਿਸ਼ਤ ਭਾਗ ਹਨ, ਉਹ ਪਦਵੀਆਂ ਦੇ ਮਾਲਕ ਹਨ ਅਤੇ ਆਪਣੀ ਸੰਖਿਆ ਤੋਂ ਕਈ ਗੁਣਾ ਵੱਧ ਪ੍ਰਭਾਵ ਰਖਦੇ ਹਨ। ਇਹ ਸਭ ਕੁਝ, ਮੂਲ ਰੂਪ ਵਿਚ, ਉਨ੍ਹਾਂ ਵਿਚ ਉਨ੍ਹਾਂ ਦੇ ਗੁਰੂ ਜੀ ਦੁਆਰਾ ਦ੍ਰਿੜ੍ਹ ਕਾਰਵਾਈ ਗਈ ਨੇਕ ਨੀਤੀ ਅਤੇ ਆਤਮ-ਤਿਆਗ, ਨਿਯੰਤ੍ਰਣ ਅਤੇ ਪਰਮਾਤਮਾ ਭਾਵੀ ਹੋਣ ਕਰਕੇ ਹੈ ਅਤੇ ਉਨ੍ਹਾਂ ਦੀ ਭਵਿੱਖ ਵਿਚ ਮੁਕਤੀ, ਜਿਵੇਂ ਕਿ ਭੂਤਕਾਲ ਵਿਚ ਸੀ, ਆਪਣੇ ਬਾਨੀ ਦੇ ਉਦੇਸ਼ਾਂ ਦੀ ਦ੍ਰਿੜ੍ਹ ਪਾਲਣਾ ਵਿਚ ਹੀ ਹੈ।

ਪਰਿਸ਼ਿਸ਼ਟ ੳ

ਗੁਰੂ ਹਰਿਗੋਬਿੰਦ ਜੀ ਦਾ ਕਾਲ-ਕ੍ਰਮ

ਗੁਰੂ ਹਰਿਗੋਬਿੰਦ ਜੀ ਦੇ ਕਾਲ-ਕ੍ਰਮ ਸੰਬੰਧੀ ਕਠਿਨਾਈਆਂ ਖਾਸ ਤੌਰ ਤੇ ਦੋ ਕਾਰਨਾਂ ਵਿਚੋਂ ਉਪਜਦੀਆਂ ਹਨ : ਪਹਿਲਾ ਇਹ ਕਿ ਮੋਹਸਿਨ ਫਾਨੀ ਅਨੁਸਾਰ ਗੁਰੂ ਜੀ ਦੀ ਨਜ਼ਰਬੰਦੀ ਦਾ 12 ਸਾਲ ਦਾ ਸਮਾਂ ਇਸ ਵਿਚ ਢੁਕਦਾ ਨਹੀਂ ਅਤੇ ਦੂਜਾ ਸਿੱਖਾਂ ਦੇ ਵਰਣਨ ਨੂੰ ਸਮਕਾਲੀ ਮੁਸਲਮਾਨੀ ਇਤਿਹਾਸ ਨਾਲ ਅਨੁਕੂਲਣਾ ਬਹੁਤ ਵਾਰ ਅਸੰਭਵ ਹੋ ਜਾਂਦਾ ਹੈ। ਮੋਟੀ ਰੂਪ-ਰੇਖਾ ਕਾਫੀ ਸਪੱਸ਼ਟ ਹੈ ਅਤੇ ਸਹਿਜੇ ਹੀ ਪ੍ਰਵਾਨ ਕੀਤੀ ਜਾ ਸਕਦੀ ਹੈ। ਗੁਰੂ ਹਰਿਗੋਬਿੰਦ ਜੀ, ਪਿਤਾ ਜੀ ਦੀ ਗੱਦੀ ਉਤੇ ਜੂਨ 1606 ਈ. ਵਿਚ ਬੈਠੇ ਸਨ ਜਦ ਕਿ ਉਹ ਗਿਆਰਾਂ ਵਰ੍ਹਿਆਂ ਦੇ ਸਨ ਅਤੇ ਉਨ੍ਹਾਂ ਦਾ ਜਨਮ 1595 ਈ. ਵਿਚ ਹੋਇਆ। ਉਨ੍ਹਾਂ ਦਾ ਅੱਗੋਂ ਦਾ ਜੀਵਨ, ਸਾਡੇ ਵਿਚਾਰ ਵਿਚ ਤਿੰਨ ਸਪੱਸ਼ਟ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ। ਪਹਿਲਾ ਕਾਲ ਜਹਾਂਗੀਰ ਦੇ ਨਾਲ ਮੇਲ ਖਾਂਦਾ ਹੈ ਅਤੇ ਉਸ ਦੀ ਮੌਤ ਨਾਲ ਅਕਤੂਬਰ 1627 ਈ. ਨਾਲ ਅੰਤ ਹੋ ਜਾਂਦਾ ਹੈ। ਦੂਜਾ ਕਾਲ ਗੁਰੂ ਜੀ ਦੀਆਂ ਮੁਗਲ-ਅਧਿਕਾਰੀਆਂ ਨਾਲ ਲੜਾਈਆਂ ਦਾ ਹੈ, ਇਸ ਵਿਚ ਸ਼ਾਹਜਹਾਨ ਦੇ ਰਾਜ ਦੇ ਪਹਿਲੇ ਛੇ ਸੱਤ ਸਾਲ ਵੀ ਸ਼ਾਮਲ ਹਨ। ਆਖਰੀ ਕਾਲ ਗੁਰੂ ਹਰਿਗੋਬਿੰਦ ਜੀ ਦਾ ਪਹਾੜਾਂ ਵਿਚ ਏਕਾਂਤ-ਵਾਸ ਹੈ, ਜਿਹੜਾ ਉਨ੍ਹਾਂ ਦੇ ਜੋਤੀ ਜੋਤ ਸਮਾਉਣ ਨਾਲ 1645 ਈ. ਵਿਚ ਖ਼ਤਮ ਹੁੰਦਾ ਹੈ। ਇਥੋਂ ਤਕ ਕੋਈ ਕਠਿਨਾਈ ਪੇਸ਼ ਨਹੀਂ ਆਉਂਦੀ ਪਰ ਜਿਉਂ ਹੀ ਅਸੀਂ ਵੇਰਵੇ ਵਿਚ ਜਾਂਦੇ ਹਾਂ ਤਾਂ ਸਥਿਤੀ ਉੱਕਾ ਹੀ ਵਿਭਿੰਨ ਹੋ ਜਾਂਦੀ ਹੈ।

ਹੁਣ ਗੁਰੂ ਹਰਿਗੋਬਿੰਦ ਜੀ ਦੇ ਜੀਵਨ ਦੇ ਪਹਿਲੇ ਕਾਲ ਵਿਚ ਅਧਿਕ ਮਹੱਤਾ ਵਾਲੀ ਘਟਨਾ ਉਨ੍ਹਾਂ ਦਾ ਜਹਾਂਗੀਰ ਨੇ ਆਦੇਸ਼ ਨਾਲ ਨਜ਼ਰਬੰਦ ਕੀਤਾ ਜਾਣਾ ਹੈ। ਸਿੱਖ ਜਾਂ ਗ਼ੈਰ-ਸਿੱਖ ਸਾਰੇ ਉਲੇਖ ਇਸ ਗਲ ਉਤੇ ਸਹਿਮਤ ਹਨ ਕਿ ਉਨ੍ਹਾਂ ਦੀ ਗ੍ਰਿਫਤਾਰੀ ਅਤੇ ਰਿਹਾਈ ਦੋਵੇਂ ਜਹਾਂਗੀਰ ਦੇ ਰਾਜ ਵਿਚ ਹੋਈਆਂ, ਕੇਵਲ ਭੇਦ ਨਜ਼ਰਬੰਦੀ ਦੇ ਸਮੇਂ ਬਾਰੇ ਹੈ। ਸਿੱਖ ਲਿਖਤਾਂ, ਬਹੁਤੇ ਕਰਕੇ, ਇਸ ਬਾਰੇ ਅਸਪੱਸ਼ਟ ਹਨ, ਕੁਝ ਇਕ ਵਿਚ ਸੰਕੇਤ ਹੈ ਕਿ ਇਹ ਸਮਾਂ ਚਾਲੀ ਦਿਨ ਦਾ ਸੀ ਜਦ ਕਿ ਦੂਜੇ ਦੋ ਮਹੀਨੇ ਤੋਂ ਥੋੜ੍ਹਾ ਜਿਹਾ ਅਧਿਕ ਦਸਦੇ ਹਨ।[1] ਇਸ ਦੇ ਉਲਟ ਮੋਹਸਿਨ ਫਾਨੀ ਨੇ ਸਪੱਸ਼ਟ ਰੂਪ ਵਿਚ ਕਿਹਾ ਹੈ ਕਿ ਗੁਰੂ ਜੀ ਨੂੰ ਬਾਰਾਂ ਸਾਲ ਕੈਦ ਵਿਚ ਰਖਿਆ ਗਿਆ। ਸਾਰੀਆਂ ਸਿੱਖ ਲਿਖਤਾਂ ਕਾਫੀ ਪਿਛ-

---

1. ਪੰਥ ਪ੍ਰਕਾਸ਼, ਪੰਨਾ 103, ਇਤਿਹਾਸ ਗੁਰੂ ਖਾਲਸਾ, ਪੰਨਾ 125

ਲੇਰੀਆਂ ਹਨ ਜਦ ਕਿ ਮੋਹਸਿਨ ਫਾਨੀ ਗੁਰੂ ਹਰਿਗੋਬਿੰਦ ਜੀ ਦਾ ਮਿੱਤਰ ਅਤੇ ਸਮਕਾਲੀ ਸੀ। ਇਸ ਲਈ ਅਸੀਂ ਉਸ ਦੇ ਕਥਨ ਨੂੰ ਸਹੀ ਮੰਨ ਕੇ ਤੁਰਾਂਗੇ ਅਤੇ ਦੇਖਾਂਗੇ ਕਿ ਇਹ ਸਾਨੂੰ ਕਿਸ ਨਿਰਣੇ ਤੇ ਖੜਦਾ ਹੈ।

ਇਹ ਸਪੱਸ਼ਟ ਹੈ ਕਿ ਇਹ ਬਾਰਾਂ ਸਾਲ ਦਾ ਸਮਾਂ 1606 ਈ. ਤੋਂ ਜਹਾਂਗੀਰ ਦੇ ਮਰਨ ਸਾਲ 1627 ਈ. ਵਿਚਾਲੇ ਢੁਕਣਾ ਚਾਹੀਦਾ ਹੈ ਕਿਉਂਕਿ ਉਨ੍ਹਾਂ ਦੀ ਗ੍ਰਿਫਤਾਰੀ ਅਤੇ ਰਿਹਾਈ ਦੋਵੇਂ ਉਸ ਦੇ ਰਾਜ ਵਿਚ ਹੋਈਆਂ ਸਨ। ਹੁਣ ਮੋਹਸਿਨ ਫਾਨੀ ਅਨੁਸਾਰ ਗੁਰੂ ਜੀ ਜਹਾਂਗੀਰ ਦੀ ਨੌਕਰੀ ਵਿਚ ਸਨ ਅਤੇ ਉਸ ਦੀ ਮੌਤ ਤੇ ਉਨ੍ਹਾਂ ਦੀ ਨੌਕਰੀ ਆਪਮੁਹਾਰੀ ਉਸ ਦੇ ਪੁੱਤਰ ਅਤੇ ਉੱਤਰਾਧਿਕਾਰੀ ਸ਼ਾਹਜਹਾਨ ਅਧੀਨ ਚਲੀ ਗਈ। 1627 ਈ. ਵਿਚ ਅਵੱਸ਼ ਹੀ ਗੁਰੂ ਜੀ ਕੈਦੀ ਨਹੀਂ ਸਨ ਅਤੇ ਉਨ੍ਹਾਂ ਨੂੰ 1614 ਈ. ਤੋਂ ਬਾਅਦ ਗ੍ਰਿਫਤਾਰ ਨਹੀਂ ਸੀ ਕੀਤਾ ਜਾ ਸਕਦਾ ਕਿਉਂਕਿ ਨਜ਼ਰਬੰਦੀ ਦਾ ਸਮਾਂ ਬਾਰਾਂ ਸਾਲ ਸੀ। ਪਰੰਤੂ ਜਦ ਦੂਜੇ ਤਥਾਂ ਨੂੰ ਵਿਚਾਰ ਗੋਚਰ ਕਰੀਏ ਤਾਂ ਇਹ ਹੇਠਲੀ ਹੱਦ ਹੋਰ ਵੀ ਹੇਠਾਂ ਚਲੀ ਜਾਂਦੀ ਹੈ। ਇਹ ਪਹਿਲੋਂ ਹੀ ਦਸਿਆ ਜਾ ਚੁਕਿਆ ਹੈ ਕਿ ਲਾਹੌਰ ਦੇ ਕਾਜ਼ੀ ਦੀ ਧੀ ਕੌਲ ਗੁਰੂ ਜੀ ਦੀ ਸ਼ਰਨ ਲੈ ਚੁਕੀ ਸੀ। ਉਸ ਦੇ ਅੰਮ੍ਰਿਤਸਰ ਆਉਣ ਤੋਂ ਕੁਝ ਸਮਾਂ ਪਿਛੋਂ ਗੁਰੂ ਜੀ ਨੇ ਉਸ ਦੀ ਯਾਦ ਵਿਚ ਪ੍ਰਸਿੱਧ ਸਰੋਵਰ ਕੌਲਸਰ ਖੁਦਵਾਇਆ। ਇਹ 1621[1] ਵਿਚ ਹੋਇਆ ਦਸਿਆ ਜਾਂਦਾ ਹੈ। ਜਿਵੇਂ ਮੈਕਾਲਿਫ ਸੰਕੇਤ ਕਰਦਾ ਹੈ, ਕੌਲਾਂ 1620 ਵਿਚ ਵੀ ਅੰਮ੍ਰਿਤਸਰ ਵਿਚ ਸੀ ਜਦ ਨਾਨਕੀ ਦੀ ਕੁਖੋਂ ਗੁਰੂ ਜੀ ਦੇ ਦੂਜੇ ਪੁੱਤਰ ਅਟਲ ਰਾਏ ਨੇ ਜਨਮ ਲਿਆ ਸੀ।[2] ਇਸ ਤੋਂ ਪੂਰਵ ਉਨ੍ਹਾਂ ਕੁਝ ਸਮਾਂ ਫੌਜਦਾਰ ਯਾਰ ਖਾਂ ਨਾਲ ਬਿਤਾਇਆ ਅਤੇ ਕੁਝ ਸਮਾਂ ਦੂਜੇ ਢੰਗਾਂ ਵਿਚ ਗੁਜ਼ਾਰਿਆ, ਜਿਨ੍ਹਾਂ ਪ੍ਰਤਿ ਵਿਸ਼ੇਸ਼ ਰੂਪ ਵਿਚ ਦੱਸਣਾ, ਸਾਡੇ ਲਈ ਕਠਿਨ ਹੈ। ਗੁਰੂ ਜੀ ਦੇ ਤੀਜੇ ਪੁੱਤਰ ਅਣੀ ਰਾਇ ਦਾ ਜਨਮ 1618 ਵਿਚ ਹੋਇਆ, ਦੂਜਾ ਪੁੱਤਰ ਸੂਰਜ ਮੱਲ 1617 ਵਿਚ ਅਤੇ ਵੱਡਾ ਪੁਤਰ ਬਾਬਾ ਗੁਰਦਿੱਤਾ 1613 ਦੇ ਅੰਤ ਵਿਚ ਜਨਮਿਆ। ਸੋ ਇਹ ਸਪੱਸ਼ਟ ਹੈ ਕਿ ਅਜੇਹੀ ਵਿਥ ਲੱਭਣੀ ਅਸੰਭਵ ਹੈ ਜਿਥੇ ਉਨ੍ਹਾਂ ਬਾਰਾਂ ਸਾਲਾਂ ਨੂੰ ਢੁਕਾਇਆ ਜਾ ਸਕੇ।

ਦੂਜੇ ਪਾਸੇ ਜੋ ਕੁਝ ਸਿੱਖ ਇਤਿਹਾਸਕਾਰ ਕਹਿੰਦੇ ਹਨ ਉਹ ਵੀ ਭਰੋਸੇ ਰਹਿਤ ਹੈ। ਮੈਕਾਲਿਫ ਅਨੁਸਾਰ ਗੁਰੂ ਜੀ ਨੂੰ 1612 ਵਿਚ ਦਿੱਲੀ ਬੁਲਾਇਆ ਗਿਆ। ਜਦ ਉਨ੍ਹਾਂ ਦੇ ਮਾਤਾ ਜੀ ਨੇ ਦੇਖਿਆ ਕਿ ਉਹ ਸਮੇਂ ਸਿਰ ਵਾਪਸ ਨਹੀਂ ਆਏ ਤਾਂ ਉਹ ਪ੍ਰੇਸ਼ਾਨ ਹੋਏ ਅਤੇ ਭਾਈ ਜੇਠਾ ਨੂੰ ਦਿੱਲੀ ਭੇਜਿਆ। "ਉਹ ਸ਼ਹਿਨਸ਼ਾਹ ਨੂੰ ਭੈੜੇ ਸੁਪਨਿਆਂ ਤੋਂ ਛੁਟਕਾਰਾ ਦਿਵਾਉਣ ਵਿਚ ਸਫਲ ਹੋ ਗਿਆ", ਅਤੇ ਇਵਜ਼ਾਨੇ ਵਜੋਂ, ਜਹਾਂਗੀਰ, ਜਿਹੜਾ ਪਹਿਲਾਂ ਹੀ ਵਜ਼ੀਰ ਖਾਂ ਦੀ ਪ੍ਰੇਰਨਾ ਕਰਕੇ ਗੁਰੂ ਜੀ ਦੇ ਹੱਕ ਵਿਚ ਸੀ, ਨੇ ਗੁਰੂ ਹਰਿਗੋਬਿੰਦ ਜੀ ਦੀ ਰਿਹਾਈ ਦਾ ਹੁਕਮ ਦੇ ਦਿੱਤਾ। ਨਜ਼ਰਬੰਦੀ ਦਾ ਸਮਾਂ ਸਪੱਸ਼ਟ ਭਾਂਤ ਦਿੱਤਾ ਨਹੀਂ ਗਿਆ ਪਰ ਜਿਵੇਂ ਕਿ ਅਸੀਂ ਕਹਿ ਚੁੱਕੇ ਹਾਂ ਚਾਲੀ ਦਿਨਾਂ ਵਲ ਸੰਕੇਤ ਕੀਤਾ ਗਿਆ ਹੈ।

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 48
2. ਉਹੀ, ਪੰਨਾ 49, ਪਦ ਟਿਪਣੀ 1

ਪਰੰਤੂ ਇਸ ਵਿਚ ਰੱਤਾ ਜਿੰਨਾ ਸ਼ੱਕ ਨਹੀਂ ਹੋ ਸਕਦਾ ਕਿ ਗੁਰੂ ਜੀ ਨੂੰ ਗਵਾਲੀਅਰ ਵਿਚ ਇਸ ਤੋਂ ਅਧਿਕ ਲੰਮੇ ਸਮੇਂ ਲਈ ਰਹਿਣਾ ਪਿਆ ਅਤੇ ਸ਼ਹਿਨਸ਼ਾਹ ਦਾ ਦਿਲ ਨਰਮ ਕਰਨ ਲਈ ਕਰੜੇ ਯਤਨ ਕਰਨੇ ਪਏ। ਅਸੀਂ ਮੋਹਸਿਨ ਫਾਨੀ ਦੇ ਕਥਨ ਦਾ ਪਹਿਲਾਂ ਵੀ ਹਵਾਲਾ ਦੇ ਚੁੱਕੇ ਹਾਂ ਕਿ ਗੁਰੂ ਜੀ ਦੇ ਨਜ਼ਰਬੰਦੀ ਦੇ ਸਮੇਂ ਨਾਇਬ ਅਤੇ ਦੂਜੇ ਸਿੱਖ ਉਥੇ ਆਉਂਦੇ ਸਨ ਅਤੇ ਕਿਲ੍ਹੇ ਦੀਆਂ ਕੰਧਾਂ ਨੂੰ ਮੱਥਾ ਟੇਕਦੇ ਸਨ। ਜਦ ਇਸ ਤਰ੍ਹਾਂ ਕੁਝ ਸਮਾਂ ਹੁੰਦਾ ਰਿਹਾ ਤਾਂ ਸ਼ਹਿਨਸ਼ਾਹ ਦਾ ਮਨ ਪਸੀਜ ਗਿਆ ਅਤੇ ਗੁਰੂ ਜੀ ਨੂੰ ਰਿਹਾ ਕਰ ਦਿੱਤਾ ਗਿਆ ਅਤੇ ਇਹ ਵੀ ਸੰਭਵ ਹੈ ਕਿ ਇਸ ਮੰਤਵ ਲਈ ਸੰਤ ਮੀਆਂ ਮੀਰ ਨੂੰ ਵਿਚੋਲਾ ਬਣਾਉਣ ਦੀ ਲੋੜ ਪਈ ਹੋਵੇ। ਇਸ ਲਈ ਮਾਮਲਾ ਏਨਾ ਸੌਖਾ ਨਹੀਂ ਸੀ ਜਿੰਨਾ ਕਿ ਸਿੱਖ ਇਤਿਹਾਸਕਾਰ ਸਾਨੂੰ ਮੰਨਣ ਲਈ ਕਹਿੰਦੇ ਹਨ। ਦੂਜੇ ਪਾਸੇ ਸਿੱਖਾਂ ਦੀਆਂ ਕੁਝ ਲਿਖਤਾਂ ਦਸਦੀਆਂ ਹਨ ਗੁਰੂ ਜੀ ਨੂੰ 1616 ਵਿਚ ਦਿੱਲੀ ਬੁਲਾਇਆ ਗਿਆ ਸੀ। ਪਰੰਤੂ, ਜਿਵੇਂ ਕਿ ਅਸੀਂ ਪਹਿਲਾਂ ਹੀ ਕਹਿ ਚੁੱਕੇ ਹਾਂ, ਇਨ੍ਹਾਂ ਵਰਣਨਾਂ ਨੂੰ ਸਮਕਾਲੀ ਮੁਸਲਮਾਨੀ ਇਤਿਹਾਸ ਦੇ ਅਨੁਕੂਲ ਕਰਨਾ ਅਸੰਭਵ ਹੈ। ਜਹਾਂਗੀਰ ਨੇ 1613 ਦੀ ਪਤਝੜ ਨੂੰ ਆਗਰੇ ਤੋਂ ਚਲ ਕੇ ਅਜਮੇਰ ਵਿਖੇ ਆਪਣਾ ਡੇਰਾ ਅਤੇ ਦਰਬਾਰ ਜਾ ਲਗਾਇਆ ਤਾਂ ਕਿ ਮੇਵਾੜ ਵਿਰੁਧ ਸੈਨਿਕ ਕਾਰਵਾਈ ਦੇ ਨਾਲ ਵਧੇਰੇ ਤਾਲ-ਮੇਲ ਰੱਖ ਸਕੇ। ਨਵੰਬਰ 1616 ਨੂੰ ਉਸ ਨੇ ਅਜਮੇਰ ਤੋਂ ਕੂਚ ਕੀਤਾ ਅਤੇ 6 ਮਾਰਚ 1617 ਈ. ਨੂੰ ਮੰਡੂ ਵਿਚ ਦਾਖਲ ਹੋਇਆ। ਫਿਰ ਜਹਾਂਗੀਰ ਨੇ ਗੁਜਰਾਤ ਦਾ ਦੌਰਾ ਕੀਤਾ ਅਤੇ ਅਪ੍ਰੈਲ 1619 ਦੇ ਅੱਧ ਵਿਚ ਕੋਈ ਸਾਢੇ ਪੰਜ ਸਾਲ ਮਗਰੋਂ ਵਾਪਸ ਆਗਰੇ ਆ ਪਹੁੰਚਾ।[1] ਸੋ ਸਿੱਖ ਲਿਖਤਾਂ ਨੂੰ ਵੀ ਸਮੁੱਚੇ ਰੂਪ ਵਿਚ ਪ੍ਰਵਾਨ ਨਹੀਂ ਕੀਤਾ ਜਾ ਸਕਦਾ ਅਤੇ ਸਾਨੂੰ ਗੁਰੂ ਹਰਿਗੋਬਿੰਦ ਜੀ ਦੀ ਨਜ਼ਰਬੰਦੀ ਦੀ ਕੋਈ ਨਵੀਂ ਮਿਤੀ ਲੱਭਣੀ ਹੋਵੇਗੀ।

ਗੁਰੂ ਜੀ ਦੀ ਨਜ਼ਰਬੰਦੀ ਦਾ ਸਮਾਂ 1607 ਜਾਂ ਇਸ ਦੇ ਲਗਭਗ[2] ਨੂੰ ਅਸੀਂ ਕਿਉਂ ਵਧੇਰੇ ਸੰਭਵ ਸਮਝਦੇ ਹਾਂ, ਇਸ ਦੇ ਕੁਝ ਕਾਰਨ ਪਹਿਲੋਂ ਅਸੀਂ ਦੇ ਚੁੱਕੇ ਹਾਂ। ਸਾਡਾ ਵਿਚਾਰ ਹੈ ਕਿ ਗੁਰੂ ਜੀ ਦੀ ਬੀਬੀ ਨਾਨਕੀ ਨਾਲ ਸ਼ਾਦੀ ਦਾ ਮੁਲਤਵੀ ਕਰਨਾ ਵੀ ਇਸ ਦ੍ਰਿਸ਼ਟੀਕੋਨ ਦਾ ਸਮਰਥਨ ਕਰਦਾ ਹੈ। ਬੀਬੀ ਨਾਨਕੀ ਦੀ ਗੁਰੂ ਹਰਿਗੋਬਿੰਦ ਜੀ ਨਾਲ ਮੰਗਣੀ ਗੁਰੂ ਅਰਜਨ ਜੀ ਦੇ ਜੀਉਂਦੇ[3] ਜੀਅ ਹੋ ਗਈ ਸੀ। ਸ਼ਾਦੀ ਨੂੰ ਮੁਲਤਵੀ ਕਰਨ ਦਾ ਕਾਰਨ ਬੀਬੀ ਨਾਨਕੀ ਦੀ ਕਿਸ਼ੋਰ ਅਵਸਥਾ ਅਤੇ ਦਿੱਲੀ, ਆਗਰੇ ਅਤੇ ਹੋਰ ਸਥਾਨਾਂ ਉਤੇ ਜਾਣ ਕਾਰਨ ਗੁਰੂ ਜੀ ਦੀ ਗੈਰਹਾਜ਼ਰੀ ਦਸਦੇ ਹਨ।[4] ਪਰੰਤੂ ਜੇਕਰ ਗੁਰੂ ਹਰਿਗੋਬਿੰਦ ਜੀ ਨੂੰ 1612 ਈ. ਵਿਚ ਦਿੱਲੀ ਬੁਲਾਇਆ ਗਿਆ ਹੋਵੇ ਤਾਂ ਉਨ੍ਹਾਂ ਕੋਲ ਪੂਰੇ ਛੇ ਸਾਲ ਸਨ ਜਿਨ੍ਹਾਂ ਵਿਚ ਉਨ੍ਹਾਂ ਦੀ ਬੀਬੀ ਨਾਨਕੀ ਨਾਲ ਸ਼ਾਦੀ ਮਨਾਈ ਜਾ ਸਕਦੀ ਸੀ। ਕਿਸ਼ੋਰ

---

1. ਬੈਨੀ ਪ੍ਰਸਾਦ, ਉਪਰੋਕਤ ਰਚਨਾ, ਪੰਨਾ 237, 277, 300
2. ਪਿਛੇ, ਪੰਨਾ 60
3. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਤੀਜੀ, ਪੰਨਾ 77
4. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 50

ਅਵਸਥਾ ਦਾ ਪ੍ਰਸ਼ਨ ਸਹਿਜੇ ਹੀ ਅੱਖੋਂ ਉਹਲੇ ਕੀਤਾ ਜਾ ਸਕਦਾ ਹੈ ਕਿਉਂਕਿ ਸਿੱਖ ਲਿਖਤਾਂ ਇਸ ਅਵਸਥਾ ਦੀਆਂ ਕੁੜੀਆਂ ਦੀਆਂ ਸ਼ਾਦੀਆਂ ਦੇ ਹਵਾਲਿਆਂ ਨਾਲ ਭਰਪੂਰ ਹਨ। ਸੋ ਵਧੇਰੇ ਉਚਿਤ ਵਿਆਖਿਆ ਇਹ ਹੋਵੇਗੀ ਕਿ ਗੱਦੀ ਉਪਰ ਬੈਠਣ ਉਪਰੰਤ ਗੁਰੂ ਜੀ ਕੋਲ ਸ਼ਾਦੀ ਬਾਰੇ ਸੋਚਣ ਲਈ ਬਹੁਤ ਥੋੜ੍ਹਾ ਸਮਾਂ ਸੀ। ਉਨ੍ਹਾਂ ਨੂੰ ਬਹੁਤ ਛੇਤੀ ਹੀ ਗਵਾਲੀਅਰ ਭੇਜ ਦਿੱਤਾ ਗਿਆ ਸੀ ਇਸ ਲਈ ਰਿਹਾਈ ਤੋਂ ਪਹਿਲਾਂ ਵਿਆਹ ਨਹੀਂ ਰਚਾਇਆ ਜਾ ਸਕਦਾ ਸੀ। ਸਿੱਖ ਲਿਖਤਾਂ ਤੋਂ ਇਹ ਪਤਾ ਲਗਦਾ ਹੈ ਕਿ ਬੀਬੀ ਨਾਨਕੀ ਦੀ ਸ਼ਾਦੀ ਬਾਬਾ ਗੁਰਦਿੱਤਾ[1] ਦੇ ਜਨਮ ਤੋਂ ਕੁਝ ਸਮਾਂ ਪਹਿਲਾਂ ਹੋਈ ਸੀ। ਸੋ ਇਹ ਸੰਭਵ ਜਾਪਦਾ ਹੈ ਕਿ ਮੋਟੇ ਤੌਰ ਤੇ ਗੁਰੂ ਜੀ ਦੀ ਨਜ਼ਰਬੰਦੀ ਦਾ ਸਮਾਂ 1607 ਤੋਂ 1612 ਤਕ, ਲਗਭਗ ਪੰਜ ਸਾਲ ਦਾ ਹੈ।

ਗੁਰੂ ਹਰਿਗੋਬਿੰਦ ਜੀ ਦੀ ਕੈਦ ਦੇ ਕਾਰਨ, ਜਿਹੜੇ ਕਿ ਮੋਹਸਿਨ ਫਾਨੀ ਦਿੰਦਾ ਹੈ, ਪਹਿਲੋਂ ਹੀ ਵਿਚਾਰ ਗੋਚਰ ਕੀਤੇ ਜਾ ਚੁੱਕੇ ਹਨ ਅਤੇ ਹੁਣ ਇਹ ਵਿਚਾਰਨਾ ਆਵੱਸ਼ਕ ਹੈ ਕਿ ਦਬਿਸਤਾਨ ਵਿਚ ਸੰਕੇਤਿਤ ਪਰਿਸਥਿਤੀਆਂ 1607 ਦੇ ਆਲੇ-ਦੁਆਲੇ ਸਨ, ਜੇ ਨਹੀਂ ਤਾਂ ਸਾਨੂੰ ਕੋਈ ਵੱਖਰੀ ਮਿਤੀ ਲੱਭਣੀ ਹੋਵੇਗੀ। ਪਰ ਥੋੜ੍ਹੀ ਜਿੰਨੀ ਚਰਚਾ ਪ੍ਰਗਟ ਕਰ ਦੇਵੇਗੀ ਕਿ ਮੁਹਸਿਨ ਫਾਨੀ ਦੁਆਰਾ ਪੇਸ਼ ਕੀਤੇ ਕਾਰਨ ਗੁਰੂ ਹਰਿਗੋਬਿੰਦ ਜੀ ਦੀ ਗੁਰਿਆਈ ਦੇ ਆਰੰਭ ਵਿਚ ਹੀ ਵਿਦਮਾਨ ਸਨ। ਅਸੀਂ ਪਹਿਲੋਂ ਹੀ ਵੇਖ ਚੁੱਕੇ ਹਾਂ ਕਿ ਗੁਰੂ ਹਰਿਗੋਬਿੰਦ ਜੀ ਨੇ ਗੱਦੀ ਤੇ ਬੈਠਣ ਉਪਰੰਤ ਤੁਰੰਤ ਹੀ ਇਕ ਸਿਪਾਹੀ ਦਾ ਰੰਗ-ਢੰਗ ਅਪਣਾ ਲਿਆ ਸੀ ਅਤੇ ਬਾਕਾਇਦਾ ਸ਼ਿਕਾਰ ਵਲ ਧਿਆਨ ਦੇਣਾ ਆਰੰਭ ਕਰ ਦਿੱਤਾ ਸੀ। ਸ਼ੀਘਰ ਹੀ ਉਨ੍ਹਾਂ ਨੇ ਇਕ ਫੌਜ ਇਕੱਠੀ ਕਰ ਲਈ ਸੀ ਅਤੇ ਮਸੰਦਾਂ ਪ੍ਰਤਿ ਉਨ੍ਹਾਂ ਦੇ ਫੁਰਮਾਨ ਨੇ, ਗੋਲੀ ਸਿੱਕੇ ਅਤੇ ਘੋੜਿਆਂ ਦੀ ਪ੍ਰਾਪਤੀ ਦੀ ਮੁਸ਼ਕਿਲ ਨੂੰ ਹੱਲ ਕਰ ਦਿੱਤਾ ਸੀ। ਅਸੀਂ ਜਾਣਦੇ ਹਾਂ ਕਿ ਗੁਰੂ ਅਰਜਨ ਜੀ ਤੇ ਲਾਇਆ ਗਿਆ ਜੁਰਮਾਨਾ ਅਦਾ ਨਹੀਂ ਕੀਤਾ ਗਿਆ ਸੀ। ਇਸ ਲਈ ਮੋਹਸਿਨ ਫਾਨੀ ਦੁਆਰਾ ਪੇਸ਼ ਕੀਤੇ ਗਏ ਕਾਰਨ 1607 ਵਿਚ ਸਾਰੇ ਦੇ ਸਾਰੇ ਵਿਦਮਾਨ ਸਨ। ਇਹ ਤਥ ਕਿ ਗੁਰੂ ਅਰਜਨ ਦੇਵ ਜੀ ਤੇ ਲਗਾਇਆ ਜੁਰਮਾਨਾਂ ਉਨ੍ਹਾਂ ਦੇ ਪੁੱਤਰ ਨੂੰ ਗਵਾਲੀਅਰ ਭੇਜਣ ਦਾ ਬਹਾਨਾ ਬਣਾਇਆ ਗਿਆ ਸੀ, ਵੀ ਕਿਸੇ ਪੂਰਵ ਮਿਤੀ ਵਲ ਸੰਕੇਤ ਕਰਦਾ ਹੈ ਕਿਉਂਕਿ ਇਹ ਸੰਭਵ ਨਹੀਂ ਕਿ ਇਕ ਵਾਰ ਉਕਾਈ ਕਰਨ ਮਗਰੋਂ ਅਚਾਨਕ ਦੁਬਾਰਾ ਮੰਗ ਕੀਤੀ ਜਾ ਸਕਦੀ ਸੀ। ਸੋ ਸਾਨੂੰ ਉਨ੍ਹਾਂ ਦੇ ਇਕ ਮਿੱਤਰ ਅਤੇ ਸਮਕਾਲੀ ਦੀ ਰਾਇ ਨੂੰ ਇਕ ਮਹੱਤਵਪੂਰਨ ਮਾਮਲੇ ਵਿਚ ਰੱਦ ਕਰਨ ਲਈ ਕਿਹਾ ਜਾਂਦਾ ਹੈ ਪਰ ਇਹ ਸੋਚਿਆ ਨਹੀਂ ਜਾ ਸਕਦਾ ਕਿ ਉਸ ਨੇ ਇਹ ਗਲਤੀ ਕੀਤੀ ਹੋਵੇਗੀ। ਪਰ ਇਹ ਵੀ ਨਿਰਣਾਜਨਕ ਹੈ ਕਿ 12 ਸਾਲ ਦੇ ਸਮੇਂ ਨੂੰ ਕਿਤੇ ਢੁਕਾਇਆ ਨਹੀਂ ਜਾ ਸਕਦਾ। ਇਹ ਵੀ ਸੰਭਵ ਹੋ ਸਕਦਾ ਹੈ ਕਿ ਪਿਛੋਂ ਉਤਾਰਾ ਕਰਨ ਵਾਲਿਆਂ ਨੂੰ 'ਦਬਿਸਤਾਨ' ਦੇ ਪਾਠ ਵਿਚ ਗਲਤੀ ਕਰ ਦਿੱਤੀ ਹੋਵੇ। ਇਸ ਦੇ ਨਾਲ ਸਾਨੂੰ ਇਹ ਵੀ ਸਪੱਸ਼ਟ ਕਹਿਣਾ ਹੋਵੇਗਾ ਕਿ ਸਾਡੇ ਕੋਲ ਆਪਣੇ ਸੁਝਾ ਦੀ ਪੁਸ਼ਟੀ ਲਈ ਕੋਈ ਪ੍ਰਤੱਖ ਪ੍ਰਮਾਣ

1. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਚੌਥੀ, ਪੰਨਾ 50

ਨਹੀਂ ਹੈ ਪਰ ਜਦ ਸਾਰੇ ਸੰਬੰਧਿਤ ਤੱਥਾਂ ਤੇ ਨਿਰਪੱਖ ਹੋ ਕੇ ਪੁਨਰ ਵਿਚਾਰ ਕੀਤੀ ਜਾਵੇ ਤਾਂ ਸਾਨੂੰ ਇਹ ਸਾਰਿਆਂ ਨਾਲੋਂ ਅਧਿਕ ਸੰਭਵ ਪ੍ਰਤੀਤ ਹੁੰਦਾ ਹੈ। ਪਰ ਇਸ ਦੇ ਵਿਰੁਧ ਇਹ ਕਿਹਾ ਜਾ ਸਕਦਾ ਹੈ ਕਿ 1607 ਵਿਚ ਗੁਰੂ ਜੀ ਏਨੇ ਛੋਟੇ ਸਨ ਕਿ ਉਨ੍ਹਾਂ ਨੂੰ ਗੰਭੀਰਤਾ ਸਹਿਤ ਨਹੀਂ ਦੇਖਿਆ ਜਾ ਸਕਦਾ ਸੀ ਪਰੰਤੂ ਇਹ ਨਿੱਜੀ ਸਵਾਲ ਮਹੱਤਾ ਵਾਲਾ ਨਹੀਂ ਹੈ। ਸ਼ਾਹਜਹਾਨ ਦਾ ਮੰਤਵ ਉਨ੍ਹਾਂ ਦੇ ਸ਼ਰਧਾਲੂਆਂ ਨੂੰ ਤਾਬੇ ਕਰਨ ਲਈ ਜਵਾਨ ਗੁਰੂ ਜੀ ਨੂੰ ਕੈਦੀ ਬਣਾਉਣਾ, ਅਤੇ ਉਨ੍ਹਾਂ ਦੇ ਪਿਤਾ ਉਤੇ ਲਗਾਏ ਜੁਰਮਾਨੇ ਦੀ ਵਸੂਲੀ ਲਈ ਜ਼ੋਰ ਦੇਣਾ ਜਾਪਦਾ ਹੈ।

ਇਸ ਨਾਲ ਅਸੀਂ ਗੁਰੂ ਹਰਿਗੋਬਿੰਦ ਜੀ ਦੇ ਦੂਜੇ ਕਾਲ ਵਿਚ ਪਹੁੰਚ ਜਾਂਦੇ ਹਾਂ। ਸਿੱਖ ਲਿਖਤਾਂ ਦਾ ਅਧਿਐਨ ਸਪੱਸ਼ਟ ਕਰ ਦਿੰਦਾ ਹੈ ਕਿ ਸ਼ਾਹਜਹਾਨ ਦੇ ਤਖਤ ਉਤੇ ਬੈਠਣ ਮਗਰੋਂ ਛੇਤੀ ਹੀ ਉਨ੍ਹਾਂ ਦੀ ਮੁਸਲਮਾਨੀ ਸਰਕਾਰ ਨਾਲ ਵਿਰੋਧਤਾ ਆਰੰਭ ਹੋ ਗਈ। ਇਹ ਪ੍ਰਤੱਖ ਹੈ ਕਿ ਅਲਪ ਸਾਧਨਾਂ ਕਰਕੇ ਗੁਰੂ ਜੀ ਦੀ ਸ਼ਾਹਜਹਾਨ ਸਰਕਾਰ ਨਾਲ ਟੱਕਰ ਬਹੁਤ ਦੇਰ ਨਹੀਂ ਚਲ ਸਕਦੀ ਸੀ ਅਤੇ ਜਿਵੇਂ ਅਸੀਂ ਦੇਖ ਚੁੱਕੇ ਹਾਂ, ਉਨ੍ਹਾਂ ਦਾ ਥਾਂ ਥਾਂ ਪਿੱਛਾ ਕੀਤਾ ਗਿਆ ਜਦ ਤਕ ਕਿ ਅੰਤ ਉਨ੍ਹਾਂ ਨੇ ਪਹਾੜਾਂ ਵਿਚ ਟਿਕਾਣਾ ਨਾ ਭਾਲ ਲਿਆ। ਗੁਰੂ ਜੀ ਦੀਆਂ ਤਿੰਨ ਅਧਿਕ ਮਹੱਤਾ ਵਾਲੀਆਂ ਲੜਾਈਆਂ ਵਿਚ ਸਿੱਖ ਇਤਿਹਾਸਕਾਰਾਂ ਅਨੁਸਾਰ ਅੰਮ੍ਰਿਤਸਰ ਦੀ ਲੜਾਈ 1628 ਵਿਚ ਲੜੀ ਗਈ; ਦੂਜੀ ਲਹਿਰਾਂ ਦੀ 1631 ਵਿਚ; ਅਤੇ ਆਖਰੀ ਕਰਤਾਰਪੁਰ ਦੀ 1634 ਵਿਚ। ਇਨ੍ਹਾਂ ਨਾਲ ਸੰਬੰਧਿਤ ਤੱਤਾਂ ਨੂੰ ਪਹਿਲਾਂ ਹੀ ਵਿਚਾਰਿਆ ਜਾ ਚੁੱਕਾ ਹੈ ਅਤੇ ਸਾਡਾ ਵਿਚਾਰ ਹੈ ਕਿ ਇਨ੍ਹਾਂ ਨੂੰ ਸਹੀ ਮੰਨਣ ਵਿਚ ਕੋਈ ਕਠਿਨਾਈ ਨਹੀਂ ਹੈ। ਕਰਤਾਰਪੁਰ ਦੀ ਲੜਾਈ ਮਗਰੋਂ ਗੁਰੂ ਜੀ ਪਹਾੜਾਂ ਵਿਚ ਚਲੇ ਗਏ ਅਤੇ 1645[1] ਵਿਚ ਜੋਤੀ ਜੋਤ ਸਮਾਉਣ ਤਕ ਕੀਰਤਪੁਰ ਹੀ ਸ਼ਾਂਤੀ ਪੂਰਬਕ ਜੀਵਨ ਬਿਤਾਂਦੇ ਰਹੇ।

---

1. ਪਿਛੇ, ਪੰਨਾ 31, ਪਦ ਟਿਪਣੀ 1

ਪਰਿਸ਼ਿਸ਼ਟ ਅ

ਗੁਰੂ ਗੋਬਿੰਦ ਸਿੰਘ ਦਾ ਕਾਲ-ਕ੍ਰਮ

ਗੁਰੂ ਗੋਬਿੰਦ ਸਿੰਘ ਜੀ ਦੇ ਕਾਲ-ਕ੍ਰਮ ਬਾਰੇ ਰੋਲ ਘਚੋਲਾ ਮੂਲ ਰੂਪ ਵਿਚ ਦੋ ਕਾਰਨਾਂ ਤੋਂ ਉਤਪੰਨ ਹੁੰਦਾ ਹੈ; ਪਹਿਲਾ ਸਿੱਖ ਲਿਖਤਾਂ ਦਾ ਅਧੂਰਾਪਨ ਅਤੇ ਕਾਲ-ਕ੍ਰਮ ਦੇ ਮਹੱਤਵ ਬਾਰੇ ਜ਼ਰੂਰੀ ਵਿਸ਼ਿਆਂ ਸੰਬੰਧੀ ਇਨ੍ਹਾਂ ਦੀ ਚੁਪ ਹੈ। ਦੂਜਾ, ਇਹ ਮਨੌਤ ਹੈ ਕਿ ਗੁਰੂ ਜੀ ਨੇ ਗੁਰਿਆਈ ਦੇ ਪਹਿਲੇ ਵੀਹ ਵਰ੍ਹੇ ਪਹਾੜਾਂ ਵਿਚ ਏਕਾਂਤਵਾਸ ਵਿਚ ਬਿਤਾਏ ਸਨ। ਪਹਿਲਾ ਕਾਰਨ, ਜਿਉਂ ਜਿਉਂ ਅਸੀਂ ਅੱਗੇ ਚੱਲਾਂਗੇ, ਸਪੱਸ਼ਟ ਹੁੰਦਾ ਜਾਏਗਾ ਪਰ ਦੂਜੇ ਕਾਰਨ ਸੰਬੰਧੀ ਤੁਰੰਤ ਹੀ ਇਹ ਕਿਹਾ ਜਾ ਸਕਦਾ ਹੈ ਕਿ ਇਸ ਨੇ ਅਧਿਕ ਪ੍ਰਸਿੱਧ ਅਜੋਕੇ ਲੇਖਕਾਂ ਨੂੰ, ਗੁਰੂ ਜੀ ਦੇ ਕੌਮੀ ਜੀਵਨ ਨੂੰ 1695 ਤੋਂ ਸ਼ੁਰੂ ਕਰਨ ਲਈ ਪ੍ਰੇਰਿਆ ਹੈ ਜਦ ਕਿ ਗੁਰੂ ਜੀ ਆਪਣੇ ਪਿਤਾ ਦੀ ਸ਼ਹੀਦੀ ਉਪਰੰਤ 1675 ਈ. ਵਿਚ ਗੁਰਗੱਦੀ ਉਤੇ ਬੈਠੇ ਸਨ। ਕਨਿੰਘਮ, ਨਾਰੰਗ ਅਤੇ ਇਰਵਿਨ ਸਾਰੇ ਇਸੇ ਆਧਾਰ ਉਤੇ ਚਲਦੇ ਹਨ, ਭਾਵੇਂ ਕਨਿੰਘਮ ਇਹ ਵੀ ਕਹਿੰਦਾ ਹੈ : "ਇਹ ਕਾਲ ਅੰਗ੍ਰੇਜ਼ ਜਾਂ ਭਾਰਤੀ ਲੇਖਕਾਂ ਨੇ ਨਿਸ਼ਚਿਤ ਰੂਪ ਵਿਚ ਨਹੀਂ ਦਿੱਤਾ ਹੈ; ਪਰੰਤੂ ਤਾਰੀਖਾਂ ਅਤੇ ਪਰਿਸਥਿਤੀਆਂ ਦੀ ਤੁਲਨਾ ਕਰਨ ਤੋਂ ਪਤਾ ਲਗਦਾ ਹੈ ਕਿ ਸੰਭਵ ਹੈ ਕਿ ਗੁਰੂ ਜੀ ਨੇ ਆਪਣੇ ਪੈਂਤੀਵੇਂ ਵਰ੍ਹੇ ਤਕ ਜਾਂ 1695 ਈ. ਤਕ ਮਨੁੱਖਾਂ ਦੇ ਗੁਰੂ ਹੋਣ ਦਾ ਕੋਈ ਵਿਸ਼ੇਸ਼ ਸੁਭਾਉ ਗ੍ਰਹਿਣ ਨਹੀਂ ਕੀਤਾ ਸੀ।"[1] ਇਹ ਸਾਰੇ ਲੇਖਕ ਨਾ ਕੇਵਲ ਗੁਰੂ ਜੀ ਦੇ ਕੌਮੀ ਜੀਵਨ ਨੂੰ 1695 ਈ. ਦੇ ਲਗਭਗ ਆਰੰਭ ਹੁੰਦਾ ਦਸਦੇ ਹਨ ਸਗੋਂ ਇਹ ਵੀ ਦਾਹਵਾ ਕਰਦੇ ਹਨ ਕਿ ਗੁਰੂ ਜੀ ਦਾ ਪ੍ਰਥਮ ਕੌਮੀ ਕਾਰਜ ਖਾਲਸੇ ਦੀ ਸਿਰਜਨਾ ਸੀ ਅਤੇ ਉਨ੍ਹਾਂ ਦੇ ਬਾਕੀ ਸਾਰੇ ਕਾਰਨਾਮੇ ਇਸ ਘਟਨਾ ਤੋਂ ਬਾਅਦ ਦੇ ਹਨ।

ਪਰੰਤੂ ਸ਼ਾਇਦ ਮੈਲਕਮ[2] ਦੁਆਰਾ ਦਿੱਤੇ ਗਏ ਇਕੋ ਇਕ ਹਵਾਲੇ ਤੋਂ ਛੁਟ ਸਿੱਖ ਲਿਖਤਾਂ ਸਰਬਸੰਮਤੀ ਨਾਲ ਗੁਰੂ ਗੋਬਿੰਦ ਸਿੰਘ ਜੀ ਦੇ ਸੁਧਾਰਾਂ ਦਾ ਆਰੰਭ 1699 ਵਿਚ ਦਸਦੀਆਂ ਹਨ ਅਤੇ ਇਨ੍ਹਾਂ ਦੀ ਪੁਸ਼ਟੀ ਉਸ ਸਮਾਚਾਰ-ਲੇਖਕ ਦੁਆਰਾ ਕੀਤੀ ਗਈ ਹੈ ਜਿਸ ਦਾ ਪਹਿਲਾਂ ਹਵਾਲਾ ਦਿੱਤਾ ਜਾ ਚੁੱਕਾ ਹੈ। ਸਾਰੀਆਂ ਸਿੱਖ-ਲਿਖਤਾਂ ਇਹ ਵੀ ਨਿਸ਼ਚਿਤ ਰੂਪ ਵਿਚ ਕਹਿੰਦੀਆਂ ਹਨ ਕਿ ਬਚਿਤ੍ਰ-ਨਾਟਕ ਵਿਚ ਵਰਣਿਤ ਘਟਨਾਵਾਂ ਪੂਰਵ-ਖਾਲਸਾ

---

1. ਕਨਿੰਘਮ, ਉਪਰੋਕਤ ਰਚਨਾ, ਪੰਨਾ 67, ਪਦ ਟਿਪਣੀ 2
2. ਮੈਲਕਮ, ਉਪਰੋਕਤ ਰਚਨਾ, ਪੰਨਾ 186, ਪਦ ਟਿਪਣੀ 1

ਕਾਲ ਵਿਚ ਵਾਪਰੀਆਂ ਹਨ।[1] ਪਰੰਤੂ ਇਨ੍ਹਾਂ ਲਿਖਤਾਂ ਦੀ ਸਰਬ ਸਾਂਝੀ ਗਵਾਹੀ ਤੋਂ ਇਲਾਵਾ ਅਨੇਕ ਹੀ ਅਜੇਹੇ ਤੱਥ ਹਨ ਜਿਹੜੇ ਇਸ ਮਾਮਲੇ ਦੀ ਸਚਾਈ ਬਾਰੇ ਸਾਡਾ ਸ਼ੱਕ ਨਿਵਿਰਤ ਕਰ ਦਿੰਦੇ ਹਨ। ਵਾਸਤਵ ਵਿਚ ਬਚਿਤ੍ਰ ਨਾਟਕ ਵਿਚ ਹੀ ਇਕ ਅਜੇਹਾ ਨਿਖੇਧ-ਵਾਚਕ ਪ੍ਰਮਾਣ ਹੈ ਜਿਹੜਾ ਸਾਨੂੰ ਘਟ ਵਧ ਰੂਪ ਵਿਚ ਨਿਰਣਾਜਨਕ ਪ੍ਰਤੀਤ ਹੁੰਦਾ ਹੈ। ਲੜਾਈਆਂ ਦੇ ਵਰਣਨ ਕਰਦੇ ਸਮੇਂ ਗੁਰੂ ਜੀ ਆਪਣੇ ਸਿੱਖਾਂ ਦੀ ਪੂਰੀ ਪੂਰੀ ਪ੍ਰਸੰਸਾ ਕਰਦੇ ਹਨ ਅਤੇ ਉਨ੍ਹਾਂ ਵਿਚੋਂ ਬਹੁਤਿਆਂ ਦੇ ਵੱਖ ਵੱਖ ਨਾਂ ਵੀ ਲਏ ਗਏ ਹਨ। ਸ੍ਰੀ ਸ਼ਾਹ, ਨੰਦ ਚੰਦ, ਕ੍ਰਿਪਾਲ, ਦਇਆ ਰਾਮ, ਮਾਹਿਰੀ ਚੰਦ, ਸੰਗਤੀਆ ਅਤੇ ਹੋਰਨਾਂ ਦੇ ਵੀ ਕਾਰਨਾਮੇ ਅੰਕਿਤ ਕੀਤੇ ਗਏ ਹਨ ਪਰੰਤੂ ਕਿਤੇ ਵੀ 'ਸਿੰਘ' ਦਾ ਸਾਂਝਾ ਪਦ ਨਹੀਂ ਵਰਤਿਆ ਗਿਆ। ਇਹ ਨਿਸ਼ਚਿਤ ਕਰ ਦਿੰਦਾ ਹੈ ਕਿ ਇਹ ਸਾਰੀਆਂ ਲੜਾਈਆਂ ਖਾਲਸੇ ਦੀ ਸਿਰਜਨਾ ਤੋਂ ਪਹਿਲਾਂ ਹੋਈਆਂ। ਇਤਨਾ ਹੀ ਨਿਰਣਾਜਨਕ ਬਿਲਾਸਪੁਰ ਬਸਵਾਰ ਵਿਚਲਾ ਪ੍ਰਮਾਣ ਹੈ, ਇਸ ਵਿਚ ਅੰਕਿਤ ਹੈ ਕਿ ਰਾਜਾ ਭੀਮ ਚੰਦ ਨੇ ਆਪਣੇ ਪੁੱਤਰ ਅਜਮੇਰ ਚੰਦ ਜਿਹੜਾ ਕਿ 1692 ਈ.[2] ਵਿਚ ਪੈਂਤੀਵਾਂ ਰਾਜਾ ਬਣਿਆ, ਦੇ ਹੱਕ ਵਿਚ ਰਾਜ ਤਿਆਗ ਕੇ, ਆਪਣੇ ਜੀਵਨ ਦੇ ਆਖਰੀ ਸਾਲ ਫਕੀਰੀ ਵਿਚ ਬਿਤਾਏ ਸਨ। ਹੁਣ ਗੁਰੂ ਜੀ ਦੇ ਬਿਰਤਾਂਤ ਵਿਚ ਬਿਲਾਸਪੁਰ (ਕਹਿਲੂਰ) ਦੇ ਰਾਜਾ ਭੀਮ ਚੰਦ ਦਾ ਵਰਣਨ ਅਧਿਕ ਹੈ। ਨਾਦੌਣ ਦੀ ਜੰਗ, ਹੁਸੈਨ ਖਾਂ ਨਾਲ ਗੱਲਬਾਤ ਅਤੇ ਗੁਲੇਰ ਦੇ ਰਾਜਾ ਗੋਪਾਲ ਵਿਰੁਧ ਲੜਾਈ, ਭੀਮ ਚੰਦ ਇਨ੍ਹਾਂ ਸਾਰੀਆਂ ਘਟਨਾਵਾਂ ਵਿਚ ਮਹੱਤਵਪੂਰਨ ਭਾਗ ਅਦਾ ਕਰਦਾ ਹੈ; ਜੇਕਰ ਉਸ ਨੇ 1692 ਈ. ਵਿਚ ਰਾਜ ਭਾਗ ਤਿਆਗ ਦਿੱਤਾ ਹੋਵੇ ਤਾਂ ਸਿੱਟਾ ਇਹ ਹੋਇਆ ਕਿ ਇਹ ਸਾਰੀਆਂ ਘਟਨਾਵਾਂ ਇਸ ਸਾਲ ਤੋਂ ਪਹਿਲੇ ਵਾਪਰੀਆਂ ਸਨ।[3]

ਰੋਜ਼ ਪਹਿਲਾ ਵਿਅਕਤੀ ਹੈ ਜਿਸ ਨੇ ਇਸ ਪ੍ਰਸ਼ਨ ਨੂੰ ਗਹੁ ਨਾਲ ਵਿਚਾਰਿਆ ਹੈ। ਉਸ ਦੀ ਰਾਇ ਹੈ ਕਿ ਬਚਿਤ੍ਰ ਨਾਟਕ ਵਿਚ ਵਰਣਿਤ ਘਟਨਾਵਾਂ ਅਵੱਸ਼ ਹੀ 1691 ਅਤੇ 1698 ਵਿਚਾਲੇ ਵਾਪਰੀਆਂ ਹੋਣਗੀਆਂ।[4] ਉਹ ਇਸ ਨਿਰਣੇ ਉਤੇ ਮੁੱਖ ਕਰਕੇ ਦੋ ਵੱਖ ਆਧਾਰਾਂ ਦੁਆਰਾ ਪਹੁੰਚਦਾ ਹੈ। ਉਹ ਬਚਿਤ੍ਰ ਨਾਟਕ ਦੀ ਰਚਨਾ ਸੰਮਤ 1755 (1698 ਈ.) ਦੀ ਮੰਨਦਾ ਹੈ। ਦੂਜਾ, ਉਹ ਗੁਰਬਖਸ਼ ਸਿੰਘ ਦੇ ਕਥਨ ਨੂੰ ਸਵੀਕਾਰ

---

1. ਸਿਵਾਏ ਗੁਰਬਿਲਾਸ ਦੇ, ਜਿਹੜਾ ਇਸ ਆਖਰੀ ਘਟਨਾ ਨੂੰ ਅਰਥਾਤ ਸ਼ਹਿਜ਼ਾਦਾ ਮਿਰਜ਼ਾ ਬੇਗ ਅਤੇ ਉਸ ਦੇ ਚਾਰ ਜਾਨਸ਼ੀਨਾਂ ਨੂੰ 1701 ਵਿਚ ਦਸਦਾ ਹੈ।
2. ਸ਼ਿਮਲਾ ਹਿਲ ਸਟੇਟਸ ਗਜ਼ੇਟੀਅਰ, ਬਿਲਾਸਪੁਰ, ਪੰਨਾ 6
3. ਪਰ ਗੁਰ ਬਿਲਾਸ ਭੀਮ ਚੰਦ ਨੂੰ ਅਨੰਦਪੁਰ ਦੇ ਘੇਰੇ ਵਿਚ ਵੀ ਹਿੱਸਾ ਲੈਂਦਾ ਦਸਦਾ ਹੈ ਜਿਹੜਾ ਕਿ 1702 ਈ. ਦੇ ਲਾਗੀ ਹੋਇਆ ਸੀ। ਪਰੰਤੂ ਬੰਸਵਾਰ ਦੀ ਪੁਸ਼ਟੀ ਕੁਝ ਹੋਰ ਸਿੱਖ ਲਿਖਤਾਂ ਵੀ ਕਰਦੀਆਂ ਹਨ। ਗੁਰੂ ਜੀ ਦੇ ਸੁਧਾਰਾਂ ਦੀ ਵਿਰੋਧਤਾ ਦੇ ਸੰਬੰਧ ਵਿਚ ਮੈਕਾਲਿਫ, (ਉਪਰੋਕਤ ਰਚਨਾ ਸੈਂਚੀ ਪੰਜਵੀਂ, ਪੰਨਾ 99) ਅਤੇ ਪੰਥ ਪ੍ਰਕਾਸ਼ (ਪੰਨਾ 204) ਵੀ ਇਹੋ ਕੁਝ ਕਹਿੰਦਾ ਹੈ ਪਰ ਇਹ ਪੁਸ਼ਟੀ ਬਹੁਤ ਕਰਕੇ ਬੇਲੋੜੀ ਹੈ ਕਿਉਂਕਿ ਬੰਸਵਾਰ, ਜਿਹੜਾ ਕਿ ਰਾਜ ਪੁਰਾਲੇਖ ਉਤੇ ਆਧਾਰਿਤ ਹੈ, ਦੀ ਗਵਾਹੀ ਅੰਤਿਮ ਮੰਨਣੀ ਚਾਹੀਦੀ ਹੈ।
4. ਰੋਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 690, ਪਦ ਟਿਪਣੀ 2

ਕਰਦਾ ਹੈ ਕਿ ਉਸ ਦੁਆਰਾ ਢਾਕੇ ਤੋਂ ਲਭੀਆਂ ਗਈਆਂ ਗੁਰੂ ਗੋਬਿੰਦ ਸਿੰਘ ਜੀ ਦੀਆਂ ਚਿੱਠੀਆਂ ਵਿਚੋਂ ਪਹਿਲੀ ਚਿੱਠੀ ਉਸ ਸਮੇਂ ਲਿਖੀ ਗਈ ਸੀ, "ਜਦ ਅਜੇ ਸ਼ਾਂਤੀ ਸੀ, ਭਾਵੇਂ ਦਾਰੂ ਸਿੱਕਾ ਇਕੱਠਾ ਕੀਤਾ ਜਾ ਰਿਹਾ ਸੀ।" ਪਰੰਤੂ ਕਿਉਂਕਿ ਰੋਜ਼ ਵੀ 'ਬੰਸਵਾਰ' ਕਥਨਾਂ ਨੂੰ ਪ੍ਰਵਾਨ ਕਰਦਾ ਹੈ ਕਿ ਰਾਜਾ ਭੀਮ ਚੰਦ ਨੇ 1692[1] ਈ. ਵਿੱਚ ਰਾਜ ਤਿਆਗਿਆ ਸੀ, ਸੋ ਇਸ ਲਈ ਉਸ ਦੇ ਦ੍ਰਿਸ਼ਟੀਕੋਣ ਨੂੰ ਮੰਨਣਾ ਔਖਾ ਹੋ ਜਾਂਦਾ ਹੈ। ਉਹ ਕਹਿੰਦਾ ਹੈ ਕਿ ਸੰਭਵ ਹੈ ਕਿ ਝਗੜਾ 1692 ਵਿਚ ਆਰੰਭ ਹੋਇਆ ਹੋਵੇ ਜਿਹੜਾ ਕਿ ਭੀਮ ਚੰਦ ਦੇ ਜਨਤਕ-ਜੀਵਨ ਦਾ ਆਖਰੀ ਵਰ੍ਹਾ ਸੀ ਪਰੰਤੂ ਇਸ ਹਾਲਤ ਵਿਚ ਭੰਗਾਣੀ, ਨਾਦੌਣ, ਖਾਨਜ਼ਾਦਾ ਅਤੇ ਹੁਸੈਨ ਖਾਂ ਦੀਆਂ ਲੜਾਈਆਂ ਨੂੰ ਇਕੋ ਸਾਲ ਵਿਚ ਸੁਕੇੜਨਾ ਪੈਂਦਾ ਹੈ ਜਿਹੜਾ ਕਿ ਪ੍ਰਗਟ ਤੌਰ ਤੇ ਅਸੰਭਵ ਹੈ ਗੁਰੂ ਜੀ ਦੇ ਆਪਣੇ ਬਿਰਤਾਂਤ ਤੋਂ ਇਉਂ ਜਾਪਦਾ ਹੈ ਕਿ ਇਨ੍ਹਾਂ ਵਿਚੋਂ ਘਟੋ ਘੱਟ ਪਹਿਲੀ ਅਤੇ ਦੂਜੀ ਘਟਨਾ ਕਾਫੀ ਵਕਫੇ ਪਿਛੋਂ ਹੋਈਆਂ ਹਨ; ਇਕ ਸਾਲ ਦਾ ਸਮਾਂ ਬਹੁਤ ਘਟ ਹੋਵੇਗਾ। ਹੋਰ ਇਹ ਕਿ 1691 ਈ. ਵਿਚ ਝਗੜੇ ਦਾ ਆਰੰਭ ਨਾ ਹੋਣ ਦੇ, ਸ. ਗੁਰਬਖਸ਼ ਸਿੰਘ ਜੋ ਕਾਰਨ ਦਿੰਦੇ ਹਨ, ਤਸੱਲੀਬਖਸ਼ ਨਹੀਂ ਹਨ। ਵਿਚਾਰ ਅਧੀਨ ਚਿੱਠੀ ਵਿਚ "ਸੰਗਤ ਵਲੋਂ ਕੁਝ ਪ੍ਰਤਿਨਿਧਾਂ ਰਾਹੀਂ ਭੇਜੀਆਂ ਤਲਵਾਰਾਂ, ਕਪੜੇ ਅਤੇ ਪੈਸੇ ਦੀ ਪਹੁੰਚ ਬਾਰੇ ਅਤੇ ਹੋਰ ਕਪੜੇ, ਢਾਲਾਂ, ਅਤੇ ਜੰਗੀ ਦਾਰੂ ਸਿੱਕੇ ਲਈ ਕਿਹਾ ਗਿਆ ਹੈ।"[2] ਸੋ ਆਪਣੇ ਆਪ ਚਿੱਠੀ ਵਿੱਚ ਕੋਈ ਅਜੇਹਾ ਸੁਝਾ ਨਹੀਂ ਹੈ ਕਿ ਇਹ ਉਸ ਸਮੇਂ ਲਿਖੀ ਗਈ ਜਦ ਕਿ ਅਜੇ ਅਮਨ ਸ਼ਾਂਤੀ ਸੀ। ਦਾਰੂ ਸਿੱਕਾ ਅਵੱਸ਼ ਹੀ ਜੰਗ ਤੋਂ ਪਹਿਲਾਂ ਇਕੱਠਾ ਕੀਤਾ ਗਿਆ ਹੋਵੇਗਾ ਪਰੰਤੂ ਇਹ ਉਦੋਂ ਵੀ ਜਦ ਕਿ ਜੰਗ ਚਲ ਰਹੀ ਹੋਵੇਗੀ ਅਤੇ ਕਈ ਹਾਲਤਾਂ ਵਿਚ ਜੰਗ ਖਤਮ ਹੋਣ ਦੇ ਮਗਰੋਂ ਵੀ ਇਕੱਠਾ ਕੀਤਾ ਗਿਆ ਹੋਵੇਗਾ। ਪਰ ਗੁਰਬਖਸ਼ ਸਿੰਘ ਆਪਣੀ ਦਲੀਲ, ਅਸਲ ਵਿਚ, ਦੂਜੀ ਅਤੇ ਤੀਜੀ ਚਿੱਠੀ ਉਤੇ ਆਧਾਰਿਤ ਕਰਦੇ ਹਨ। ਇਨ੍ਹਾਂ ਚਿੱਠੀਆਂ ਉਤੇ ਮਿਤੀ ਅੰਕਿਤ ਨਹੀਂ ਪਰੰਤੂ ਗੁਰਬਖਸ਼ ਸਿੰਘ ਕਹਿੰਦਾ ਹੈ ਕਿ ਪ੍ਰਤੱਖ ਰੂਪ ਵਿਚ ਇਹ 1691 ਵਾਲੀ ਚਿੱਠੀ ਦੇ ਕੁਝ ਮਹੀਨੇ ਮਗਰੋਂ ਲਿਖੀਆਂ ਗਈਆਂ ਸਨ। ਦੂਜੀ ਚਿੱਠੀ ਵਿਚ ਗੁਰੂ ਜੀ ਨੇ ਇਕ ਅਤਿ ਵਧੀਆ ਜੰਗੀ ਹਾਥੀ ਦੀ ਮੰਗ ਕੀਤੀ ਹੈ ਅਤੇ ਇਸ ਤੋਂ ਪਿਛੋਂ ਦੀ ਚਿੱਠੀ[3] ਵਿਚ ਉਪਰੋਕਤ ਲਿਖਤ ਵਿਚੋਂ ਇਹ ਸਪੱਸ਼ਟ ਹੈ ਕਿ ਹਾਥੀ ਸੱਚੀ ਹੀ ਭੇਜਿਆ ਗਿਆ ਸੀ। ਗੁਰਬਖਸ਼ ਸਿੰਘ ਇਹ ਵੀ ਕਹਿੰਦਾ ਹੈ ਕਿ, "ਗੁਰੂ ਜੀ ਵਿਰੁਧ ਬਿਲਾਸਪੁਰ ਦੇ ਪਹਾੜੀ ਰਾਜਿਆਂ ਦੀ ਵੈਰਤਾ ਸ਼ੁਰੂ ਹੋਣ ਦਾ ਮੂਲ ਕਾਰਨ ਇਕ ਹਾਥੀ ਵੀ ਸੀ, ਅਤੇ ਉਨ੍ਹਾਂ ਨੇ ਪਿਛੋਂ ਆਪਣੀ ਸਹਾਇਤਾ ਲਈ ਮੁਗਲਾਂ ਨੂੰ ਸਦਿਆ ਸੀ। ਸਿੱਖ ਗ੍ਰੰਥਾਂ ਵਿਚ ਲਿਖਿਆ ਹੈ ਕਿ ਇਹ ਇਕ ਮੇਘਨਾ ਹਾਥੀ ਸੀ ਅਤੇ ਇਸ ਹਾਥੀ ਨੂੰ ਆਸਾਮ

---

1. ਰੋਜ਼, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 690, ਪਦ ਟਿਪਣੀ 4
2. ਢਾਕਾ ਰੀਵੀਊ, 1915, ਪੰਨਾ 231
3. ਉਹੀ, 1916, ਪੰਨਾ 316

ਦੇ ਰਾਜਾ ਰਤਨ ਰਾਇ ਨੇ ਭੇਟ ਕੀਤਾ ਹੋਇਆ ਸੀ। ਕਿਉਂ ਕਿ ਸਮਕਾਲੀ ਇਤਿਹਾਸ, ਸਿੱਖ ਰਵਾਇਤ ਦੀ ਪੁਸ਼ਟੀ ਨਹੀਂ ਕਰਦਾ, ਹੋ ਸਕਦਾ ਹੈ ਕਿ ਵਿਚਾਰ ਅਧੀਨ ਹਾਥੀ ਢਾਕੇ ਤੋਂ ਭੇਜਿਆ ਗਿਆ ਹੋਵੇ ਅਤੇ ਸੰਭਵ ਹੈ ਕਿ ਚਿਟਾਗਾਂਗ ਦੇ ਰਾਜਾ ਮਾਨਿਕ ਰਾਇ ਨੇ ਢਾਕੇ ਦੀ ਸੰਗਤ ਰਾਹੀਂ ਭੇਜਿਆ ਹੋਵੇ।[1] ਇਸ ਮਨੌਤ ਦੇ ਆਧਾਰ ਤੇ ਗੁਰੂ ਜੀ ਅਤੇ ਬਿਲਾਸਪੁਰ ਦੇ ਰਾਜਾ ਭੀਮ ਚੰਦ ਵਿਚਾਲੇ ਲੜਾਈ ਦਾ ਤੱਤਕਾਲੀ ਕਾਰਨ ਜਿਹੜਾ ਦੋਖੀ ਮੰਨਿਆ ਜਾਂਦਾ ਹੈ, ਢਾਕਾ ਸੰਗਤ ਨੇ 1691 ਪਿਛੋਂ ਭੇਜਿਆ ਸੀ ਤੇ ਸਾਨੂੰ ਇਹ ਪ੍ਰਵਾਨ ਕਰਨ ਲਈ ਕਿਹਾ ਗਿਆ ਹੈ ਕਿ ਇਸ ਵਰ੍ਹੇ ਹਾਲੇ ਝਗੜਾ ਸ਼ੁਰੂ ਨਹੀਂ ਹੋਇਆ ਸੀ। ਗੁਰਬਖਸ਼ ਸਿੰਘ ਦੀ ਦਲੀਲ ਦਾ ਪਹਿਲਾ ਹਿੱਸਾ ਹੀ ਸੰਭਵ ਜਾਪਦਾ ਹੈ ਅਤੇ ਇਸ ਨੂੰ ਪਹਿਲੋਂ ਹੀ ਵਿਚਾਰ ਗੋਚਰ ਕੀਤਾ ਜਾ ਚੁੱਕਿਆ ਹੈ। ਪਰੰਤੂ ਇਹ ਵੀ ਦੇਖ ਚੁੱਕੇ ਹਾਂ ਕਿ ਰਾਜਾ ਭੀਮ ਚੰਦ ਦਾ ਭੰਗਾਣੀ ਦੇ ਯੁੱਧ ਨਾਲ, ਜਿਥੋਂ ਕਿ ਵੈਰਤਾ ਆਰੰਭ ਹੁੰਦਾ ਹੈ ਸੰਬੰਧ ਵੀ ਅਤਿ ਸੰਦੇਹ-ਜਨਕ ਹੈ ਅਤੇ ਇਸ ਵੈਰਤਾ ਦੇ ਪਹਿਲੋਂ ਹੀ ਸ਼ੁਰੂ ਹੋਣ ਸੰਬੰਧੀ ਸਿੱਖ ਰਵਾਇਤਾਂ ਦੀ ਸਰਬ ਸੰਮਤੀ ਸਾਹਮਣੇ ਗੁਰਬਖਸ਼ ਸਿੰਘ ਦੇ ਕਥਨ ਨੂੰ ਸਵੀਕਾਰ ਕਰਨਾ ਔਖਾ ਹੋ ਜਾਂਦਾ ਹੈ।

ਆਮ ਕਰਕੇ ਸਿੱਖ-ਲਿਖਤਾਂ ਇਸ ਗੱਲ ਤੇ ਸਹਿਮਤ ਹਨ ਕਿ ਭੰਗਾਣੀ ਦਾ ਯੁੱਧ, ਜਿਥੇ ਗੁਰੂ ਜੀ ਨੇ ਅਗਨੀ-ਪਹੁਲ ਲਈ ਸੀ, 1687 ਈ. ਵਿਚ ਹੋਇਆ। ਪਰੰਤੂ ਇਸ ਤੋਂ ਬਿਨਾਂ ਇਕ ਬਹੁਤ ਰੋਚਕ ਪ੍ਰਮਾਣ ਹੈ ਜਿਸ ਦਾ ਅਸੀਂ ਮਹੱਤਵ ਜਾਣਨ ਲਈ ਇਥੇ ਵਰਣਨ ਕਰਾਂਗੇ। ਸਾਨੂੰ ਦਸਿਆ ਗਿਆ ਹੈ ਕਿ ਲੜਾਈ ਖਤਮ ਹੋਣ ਉਪਰੰਤ ਜਿਨ੍ਹਾਂ ਸਿੱਖਾਂ ਨੇ ਸੋਹਣੇ ਹੱਥ ਵਿਖਾਏ ਸਨ ਗੁਰੂ ਜੀ ਨੇ ਉਨ੍ਹਾਂ ਨੂੰ ਇਨਾਮ ਪ੍ਰਦਾਨ ਕੀਤੇ ਸਨ। ਇਨ੍ਹਾਂ ਕੁਝ ਖੁਸ਼ਕਿਸਮਤ ਵਿਅਕਤੀਆਂ ਵਿਚ ਗੁਰੂ ਜੀ ਦਾ ਜਵਾਨੀ ਦੇ ਸਮੇਂ ਦਾ ਮਿੱਤਰ ਬ੍ਰਾਹਮਣ ਦਇਆ ਰਾਮ ਸੀ ਜਿਸ ਦੀ ਗੁਰੂ ਜੀ ਨੇ ਸਿਫਤ ਕੀਤੀ ਹੈ ਕਿ 'ਉਸ ਨੇ ਦ੍ਰੋਣਾ-ਚਾਰਯ ਵਾਂਗ ਬਹਾਦਰੀ ਨਾਲ ਜੰਗ ਕੀਤਾ।" ਉਸ ਨੂੰ ਗੈਂਡੇ ਦੀ ਖਲ ਦੀ ਢਾਲ ਦਿੱਤੀ ਗਈ ਜਿਹੜੀ ਕਿ ਅੱਜ ਵੀ ਉਸ ਦੇ ਖਾਨਦਾਨ ਵਿਚ ਅਨੰਦਪੁਰ ਵਿਖੇ ਸਾਂਭੀ ਹੋਈ ਹੈ। ਇਹ ਦੋ ਫੁੱਟ ਤਿੰਨ ਇੰਚ ਚੋੜੀ ਹੈ ਅਤੇ ਇਸ ਨਾਲ ਬਰਛੇ ਦੇ ਫਾਲੇ ਵਰਗਾ ਤਿਕੋਨਾ ਹਥਿਆਰ ਲੱਗਿਆ ਹੋਇਆ ਹੈ। ਫਾਲੇ ਉਤੇ ਅਨੁਦਾਨ ਦਾ ਵੇਰਵਾ ਉਕਰਿਆ ਹੋਇਆ ਹੈ; ਇਸ ਉੱਤੇ ਸੰਮਤ 1744 (1687 ਈ.)[2] ਅੰਕਿਤ ਹੈ। ਇਸ ਉਕਰਾਈ ਸੰਬੰਧੀ ਸਾਡੇ ਕੋਲ ਵਿਸ਼ੇਸ਼ੱਗ ਦੀ ਰਾਇ ਨਾ ਹੋਣ ਕਰਕੇ ਸਾਨੂੰ ਇਸ ਉਤੇ ਬਹੁਤ ਯਕੀਨ ਕਰਨ ਦੀ ਲੋੜ ਨਹੀਂ ਪਰੰਤੂ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹ ਨਿਸ਼ਚਿਤ ਰੂਪ ਵਿਚ ਇਕ ਤਕੜੀ ਸਿੱਖ ਰਵਾਇਤ ਦੀ ਹੋਂਦ ਨੂੰ ਸਿੱਧ ਕਰਦੀ ਹੈ ਕਿ ਭੰਗਾਣੀ ਦਾ ਯੁੱਧ 1687 ਈ. ਵਿਚ ਹੋਇਆ।[3] ਦਿਲਾਵਰ ਖ਼ਾਂ ਦੇ ਪੁੱਤਰ ਦੀ ਅਸਫਲਤਾ ਪਿਛੋਂ ਛੇਤੀ ਹੀ ਹੁਸੈਨ ਖ਼ਾਂ ਨੇ

1. ਢਾਕਾ ਰੀਵੀਊ, 1916, ਪੰਨਾ 316
2. T. Banerjee, *Life of Guru Gobind Singh* (in Bengali), pp. 170, 171.
3. ਮੈਕਾਲਿਫ, ਉਪਰੋਕਤ ਰਚਨਾ, ਜੈਂਹੀ ਪੰਜਵੀਂ, ਪੰਨਾ 55

ਚੜ੍ਹਾਈ ਕੀਤੀ ਅਤੇ ਪੰਥ ਪ੍ਰਕਾਸ਼ ਅਨੁਸਾਰ 1691 ਈ. ਤੱਕ ਇਹ ਖਤਮ ਹੋ ਗਈਆਂ ਸਨ। ਜੇਕਰ ਅਸੀਂ ਇਨ੍ਹਾਂ ਘਟਨਾਵਾਂ ਨੂੰ 1692 ਈ. ਤੋਂ ਪਹਿਲਾਂ ਰੱਖੀਏ, ਜਿਹੜਾ ਕਿ ਭੀਮ ਚੰਦ ਦਾ ਰਾਜ ਤਿਆਗਣ ਦਾ ਵਰ੍ਹਾ ਸੀ, ਤਾਂ ਅਸੀਂ ਆਪਣੇ ਟੀਚੇ ਤੋਂ ਦੂਰ ਨਹੀਂ ਜਾ ਸਕਦੇ ਅਤੇ ਭਾਵੇਂ ਕਹਿਲੂਰ ਦੇ ਰਾਜੇ ਦਾ ਜੁਝਾਰ ਸਿੰਘ ਦੀ ਮੁਹਿਮ ਨਾਲ ਕੋਈ ਵਾਸਤਾ ਨਹੀਂ ਸੀ, ਫਿਰ ਵੀ ਇਹ ਚੰਗੀ ਤਰ੍ਹਾਂ ਸਪੱਸ਼ਟ ਹੈ ਕਿ ਜੁਝਾਰ ਖ਼ਾਂ ਦੀ ਹਾਰ ਅਤੇ ਹੁਸੈਨ ਖ਼ਾਂ ਦੀ ਮੁਹਿਮ ਦੀ ਨਾਕਾਮੀ ਵਿਚਾਲੇ ਬਹੁਤੀ ਵਿਥ ਨਹੀਂ ਹੋ ਸਕਦੀ। ਫਿਰ ਪੰਜਾਬ ਵਿਚ ਔਰੰਗਜ਼ੇਬ ਦੇ ਇਕ ਪੁੱਤਰ ਦੇ ਆਉਣ ਬਾਰੇ ਸਾਨੂੰ ਦਸਿਆ ਗਿਆ ਹੈ[1], ਜੋ ਇਥੇ ਬਹੁਤਾ ਸਮਾਂ ਰਿਹਾ ਦਿਖਾਈ ਨਹੀਂ ਦਿੰਦਾ ਅਤੇ ਉਸ ਦੀ ਥਾਂ ਛੇਤੀ ਹੀ ਮਿਰਜ਼ਾ ਬੇਗ ਆ ਗਿਆ ਸੀ। ਉਸ ਨੇ ਸ਼ਹਿਜ਼ਾਦੇ ਦੇ ਆਉਣ ਦੀ ਖਬਰ ਸੁਣ ਕੇ ਪਹਾੜਾਂ ਵਿਚ ਲੁਕੇ ਲੋਕਾਂ ਨੂੰ ਲੁਟਣਾ ਸ਼ੁਰੂ ਕਰ ਦਿੱਤਾ। ਜਿਹੜੇ ਲੋਕ ਮਿਰਜ਼ਾ ਬੇਗ ਦੇ ਹੱਥੋਂ ਬੱਚ ਗਏ ਸਨ ਉਨ੍ਹਾਂ ਨੂੰ ਉਸ ਦੇ ਚਾਰ ਉਤਰਾਧਿਕਾਰੀਆਂ ਨੇ, ਜਿਹੜੇ ਕਿ ਉਸ ਵਾਂਗ ਹੀ ਜ਼ਾਲਮ ਸਨ, ਪਿਛੋਂ ਸਜ਼ਾਵਾਂ ਦਿੱਤੀਆਂ। ਸਾਡੇ ਕੋਲ ਕੋਈ ਸਾਧਨ ਨਹੀਂ ਹੈ ਜਿਸ ਨਾਲ ਅਸੀਂ ਪਤਾ ਲਗਾ ਸਕੀਏ ਕਿ ਕਿੰਨਾ ਚਿਰ ਇਹ ਅਫਸਰ ਪਹਾੜਾਂ ਵਿਚ ਰਹੇ ਅਤੇ ਕਿੰਨਾ ਚਿਰ ਉਨ੍ਹਾਂ ਦੀ ਕਾਰਵਾਈ ਜਾਰੀ ਰਹੀ।

ਮੈਕਾਲਿਫ ਸ਼ਹਿਜ਼ਾਦੇ ਦੀ ਆਮਦ ਦੇ ਸਮੇਂ ਬਾਰੇ ਚੁਪ ਹੈ ਪਰੰਤੂ, ਕਿਉਂਕਿ ਉਹ ਬਚਿਤ੍ਰ ਨਾਟਕ ਦੀ ਰਚਨਾ 1692 ਵਿਚ ਹੋਈ ਮੰਨਣ ਲਈ ਤਿਆਰ ਹੈ,[2] ਉਸ ਦਾ ਵਿਸ਼ਵਾਸ ਹੈ ਕਿ ਸ਼ਹਿਜ਼ਾਦੇ ਦੀ ਮੁਹਿਮ, ਮਿਰਜ਼ਾ ਬੇਗ ਅਤੇ ਉਸ ਪਿਛੋਂ ਆਏ ਚਾਰ ਅਫਸਰਾਂ ਦੀਆਂ ਮੁਹਿਮਾਂ ਅਵੱਸ਼ ਹੀ ਇਸ ਸਾਲ ਤੋਂ ਪਹਿਲਾਂ ਹੋਈਆਂ ਹਨ। ਇਹ ਦਿੱਤਾ ਗਿਆ ਸਮਾਂ ਬਹੁਤ ਹੀ ਘਟ ਹੈ ਪਰ ਇਸ ਨੂੰ ਕਿਥੋਂ ਤਕ ਵਧਾਇਆ ਜਾਏ, ਇਸ ਬਾਰੇ ਅਸੀਂ ਕੁਝ ਨਹੀਂ ਕਹਿ ਸਕਦੇ ਕਿਉਂਕਿ ਸਿੱਖ-ਲਿਖਤਾਂ ਇਸ ਮਾਮਲੇ ਵਿਚ ਸਾਡੀ ਕੋਈ ਸਹਾਇਤਾ ਨਹੀਂ ਕਰਦੀਆਂ। ਦੂਜੇ ਪਾਸੇ, ਇਹ ਲਿਖਤਾਂ ਇਨ੍ਹਾਂ ਘਟਨਾਵਾਂ ਦੇ ਅੰਤ ਤੋਂ ਲੈ

---

1. ਬਚਿਤ੍ਰ ਨਾਟਕ ਵਿਚ ਸ਼ਹਿਜ਼ਾਦੇ ਦਾ ਨਾਂ ਨਹੀਂ ਦਸਿਆ ਗਿਆ ਪਰੰਤੂ ਮੈਕਾਲਿਫ ਕਹਿੰਦਾ ਹੈ ਕਿ ਇਹ ਸ਼ਹਿਜ਼ਾਦਾ ਮੁਅਜ਼ਮ ਸੀ ਜੋ ਬਹਾਦਰ ਸ਼ਾਹ ਦੇ ਨਾਂ ਨਾਲ ਔਰੰਗਜ਼ੇਬ ਪਿਛੋਂ ਤਖਤ ਉਤੇ ਬੈਠਾ ਸੀ। ਮੈਲਕਮ ਦੀ ਰਾਏ ਹੈ ਕਿ ਇਹ ਜ਼ਰੂਰ 1701 ਦੀ ਘਟਨਾ ਹੈ ਅਤੇ ਅਲੋਖੀ ਗੱਲ ਹੈ ਕਿ ਗੁਰਬਿਲਾਸ ਇਸ ਦੀ ਪੁਸ਼ਟੀ ਕਰਦਾ ਹੈ (xii, 143-185)। ਭਾਈ ਸੁਖਾ ਸਿੰਘ ਦਾ ਕਹਿਣਾ ਹੈ ਕਿ ਖਾਲਸੇ ਦੀ ਸਿਰਜਣਾ ਤੋਂ ਤੁਰੰਤ ਹੀ ਮਗਰੋਂ ਪਹਾੜੀ ਰਾਜਿਆਂ ਨਾਲ ਔਕੜਾਂ ਸ਼ੁਰੂ ਹੋ ਗਈਆਂ ਅਤੇ ਉਨ੍ਹਾਂ ਦੀ ਮੰਗ ਤੇ ਮੁਗਲਾਂ ਨੇ ਉਪਰੋਥਲੀ ਦੋ ਮੁਹਿੰਮਾਂ ਭੇਜੀਆਂ। ਪਰੰਤੂ ਉਨ੍ਹਾਂ ਦੋਨਾਂ ਨੂੰ ਹਾਰ ਹੋਈ। ਫਿਰ ਸ਼ਹਿਜ਼ਾਦਾ ਭੇਜਿਆ ਗਿਆ। ਇਸ ਪਿਛੋਂ ਮਿਰਜ਼ਾ ਬੇਗ ਅਤੇ ਚਾਰ ਹੋਰ ਅਫਸਰ ਭੇਜੇ ਗਏ। ਪਰ ਜਿਵੇਂ ਬਚਿਤ੍ਰ ਨਾਟਕ ਵਿਚ ਸ਼ਹਿਜ਼ਾਦੇ ਦੇ ਪੰਜਾਬ ਵਿਚ ਹੋਣ ਦੇ ਹਾਲਾਤ ਵਰਣਿਤ ਹਨ, ਉਹ 1701 ਦੇ ਹਾਲਾਤ ਨਾਲੋਂ ਉੱਕਾ ਹੀ ਵੱਖਰੇ ਹਨ। ਪਰ ਸੁਖਾ ਸਿੰਘ ਵੀ ਬਚਿਤ੍ਰ ਨਾਟਕ ਵਿਚ ਵਰਣਿਤ ਦੂਜੀਆਂ ਘਟਨਾਵਾਂ ਗੁਰੂ ਜੀ ਦੇ ਸੁਧਾਰਾਂ ਤੋਂ ਪਹਿਲਾਂ ਰਖਦਾ ਹੈ ਅਤੇ ਇਹ ਸਮਝਣਾ ਔਖਾ ਹੋ ਜਾਂਦਾ ਹੈ ਕਿ ਗੁਰੂ ਜੀ ਅਨੇਕਾਂ ਪ੍ਰਕਾਰ ਦੀਆਂ ਰੁਚੀਆਂ ਭਰਪੂਰ ਕਾਲ ਨੂੰ ਕਿਉਂ ਛਡ ਗਏ ਹਨ ਅਤੇ ਆਪਣੇ ਬਿਰਤਾਂਤ ਨੂੰ ਇਕ ਅਜੇਹੀ ਘਟਨਾ ਨਾਲ ਸਮਾਪਤ ਕੀਤਾ ਜਿਸ ਨਾਲ ਉਨ੍ਹਾਂ ਦਾ ਕੋਈ ਸਿੱਧਾ ਸੰਬੰਧ ਨਹੀਂ ਸੀ।
2. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 1, ਪਦ ਟਿਪਣੀ 1.

ਕੇ 1699 ਵਿਚ ਕੇਸਗੜ੍ਹ ਵਿਖੇ ਹੋਏ ਦੀਵਾਨ ਤਕ ਗੁਰੂ ਜੀ ਦੀਆਂ ਜਨਤਕ-ਕਾਰਵਾਈਆਂ ਵਿਚ ਇਕ ਪੱਖ ਵਲ ਸੰਕੇਤ ਕਰਦੀਆਂ ਹਨ। ਘੱਟੋ ਘੱਟ ਇਸ ਧੁੰਧਲੇ ਕਾਲ ਦੇ ਪਿਛਲੇਰੇ ਹਿੱਸੇ ਵਿਚ ਗੁਰੂ ਜੀ ਨੈਣਾ ਦੇਵੀ ਦੇ ਸਿਹਤ ਬਖਸ਼ ਜਲਵਾਯੂ ਵਿਚ ਵਿਚਰਦੇ ਰਹੇ ਅਤੇ ਸਾਹਿਤਕ ਰੁਝੇਵਿਆਂ ਵਿਚ ਰੁਝੇ ਰਹੇ।[1] ਗੁਰੂ ਜੀ ਦੇ ਪਹਾੜਾਂ ਵਿਚ ਰਹਿਣ ਦੇ ਸਮੇਂ ਬਾਰੇ ਸਾਨੂੰ ਕੁਝ ਨਹੀਂ ਦਸਿਆ ਗਿਆ ਪਰੰਤੂ ਪ੍ਰਤੀਤ ਇਹ ਹੁੰਦਾ ਹੈ ਕਿ ਉਹ ਇਥੇ ਬਹੁਤ ਦੇਰ ਨਹੀਂ ਠਹਿਰੇ, ਕਿਉਂ ਕਿ ਉਨ੍ਹਾਂ ਦੀ ਫੂਲਕੀਆਂ ਦੇ ਸਰਦਾਰਾਂ ਦੇ ਵਡੇਰਿਆਂ ਨੂੰ ਲਿਖੀ ਚਿੱਠੀ (ਜਿਸ ਵਿਚ ਘੋੜ ਚੜ੍ਹਿਆਂ ਨਾਲ ਉਨ੍ਹਾਂ ਦੀ ਮਦਦ ਦਾ ਸੱਦਾ ਸੀ) ਵਿਚ ਸੰਮਤ 1753 ਜਾਂ 1696 ਈ. ਅੰਕਿਤ ਹੈ।[2] ਅਸੀਂ ਅਗਿਆਤ ਹਾਂ ਕਿ ਇਸ ਸਮੇਂ ਗੁਰੂ ਜੀ ਨੂੰ ਕੀ ਕਠਿਨਾਈਆਂ ਸਨ ਅਤੇ ਉਨ੍ਹਾਂ ਨੂੰ ਸਹਾਇਤਾ ਦੀ ਕਿਉਂ ਲੋੜ ਸੀ। ਗੁਰੂ ਜੀ ਸਾਨੂੰ ਇਹ ਸਪੱਸ਼ਟ ਨਹੀਂ ਕਰਦੇ ਕਿ ਮਿਰਜ਼ਾ ਬੇਗ ਦੇ ਚਾਰ ਜਾਨਸ਼ੀਨ ਇਕੋ ਵਾਰ ਇਕੱਠੇ ਆਏ ਸਨ ਜਾਂ ਇਕ ਇਕ ਕਰ ਕੇ। ਜੇਕਰ ਉਹ ਸੱਚੀ ਹੀ ਇਕ ਇਕ ਕਰ ਕੇ ਆਏ ਹੋਣ ਤਾਂ ਇਹ ਸੰਭਵ ਹੋ ਸਕਦਾ ਹੈ ਕਿ ਉਨ੍ਹਾਂ ਵਿਚੋਂ ਇਕ ਦੀਆਂ ਅਨੰਦਪੁਰ ਲਾਗੇ ਦੀਆਂ ਪਹਾੜੀਆਂ ਵਿਚ ਸਰਗਰਮੀਆਂ ਕਾਰਨ ਹੀ ਗੁਰੂ ਜੀ 1696 ਈ. ਵਿਚ ਤਿਆਰੀ ਕਰਨ ਹਿੱਤ ਚਿੰਤਾਗ੍ਰਸਤ ਹੋਣ।

ਇਸ ਨਾਲ ਹੀ ਸਾਡਾ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਸੰਬੰਧੀ ਪੂਰਵ ਖਾਲਸਾ ਕਾਲ ਦਾ ਕਾਲ-ਕ੍ਰਮ-ਸਰਵੇਖਣ ਖਤਮ ਹੋ ਜਾਂਦਾ ਹੈ। ਇਥੇ ਅਸੀਂ ਭੰਗਾਣੀ ਦੇ ਯੁੱਧ ਤੋਂ ਪਹਿਲੇ ਸਮੇਂ ਬਾਰੇ ਕੁਝ ਨਹੀਂ ਕਿਹਾ ਕਿਉਂਕਿ ਮੁਖ ਗੱਲਾਂ ਗੁਰੂ ਜੀ ਦੇ ਕਾਰਨਾਮਿਆਂ ਵਿਚ ਵਿਚਾਰੀਆਂ ਜਾ ਚੁੱਕੀਆਂ ਹਨ। ਇਹ ਦੇਖਿਆ ਜਾਵੇਗਾ ਕਿ ਭਾਵੇਂ ਇਕ ਪ੍ਰਕਾਰ ਦੀ ਸੰਭਵ ਵਿਉਂਤ ਬਣਾਈ ਜਾ ਸਕਦੀ ਹੈ ਜਿਸ ਦਾ ਆਧਾਰ ਬਹੁਤ ਹੱਦ ਤਕ ਨਿਸ਼ਚਿਤ ਹੈ ਪਰ ਫਿਰ ਵੀ ਕੁਝ ਅਨਿਸ਼ਚਿਤਾਵਾਂ ਰਹਿ ਗਈਆਂ ਹਨ ਅਤੇ ਇਕ ਜਾਂ ਦੋ ਖੱਪਿਆਂ ਨੂੰ ਭਰਨਾ ਤਾਂ ਕਠਿਨ ਹੀ ਹੈ। ਉਦਾਹਰਣ ਵਜੋਂ, ਨਿਸ਼ਚਿਤ ਰੂਪ ਵਿਚ ਇਹ ਕਹਿਣਾ ਅਸੰਭਵ ਹੈ ਕਿ ਗੁਰੂ ਜੀ ਆਪਣੇ ਪਿਤਾ ਜੀ ਦੀ ਸ਼ਹੀਦੀ ਮਗਰੋਂ ਮਾਖੋਵਾਲ ਕਿੰਨਾ ਚਿਰ ਠਹਿਰੇ ਅਤੇ ਉਹ ਪੌਂਟੇ ਕਦੋਂ ਗਏ, ਭਾਵੇਂ ਅਸੀਂ ਆਪਣੇ ਇਸ ਵਿਚਾਰ ਦੇ ਕਾਰਨ ਦਸੇ ਹਨ ਕਿ ਉਨ੍ਹਾਂ ਦਾ

---

1. ਇਹ ਪਹਿਲੋਂ ਕਿਹਾ ਜਾ ਚੁਕਿਆ ਹੈ ਕਿ 'ਰਾਮ ਅਵਤਾਰ' ਇਥੇ 1698 ਵਿਚ ਸੰਪੂਰਨ ਕੀਤਾ ਗਿਆ ਸੀ ਅਤੇ ਸਾਡਾ ਵਿਚਾਰ ਹੈ ਕਿ 'ਬਚਿਤ੍ਰ ਨਾਟਕ' ਵੀ ਇਸ ਸਮੇਂ ਦੇ ਆਲੇ ਦੁਆਲੇ ਰਚਿਆ ਗਿਆ ਸੀ। (ਇੰਡੀਅਨ ਹਿਸਟੌਰੀਕਲ ਕੁਆਰਟਰਲੀ, ਸਤੰਬਰ 1925 ਵਿਚ ਮੇਰਾ ਲੇਖ ਦੇਖੋ)।
2. ਮੂਲ ਪੱਤਰ, ਭਾਈ ਕਾਨ੍ਹ ਸਿੰਘ ਅਨੁਸਾਰ, ਪਟਿਆਲੇ ਵਿਚ ਆਲਾ ਸਿੰਘ ਬੁਰਜ ਵਿਚ ਸੁਰੱਖਿਅਤ ਹੈ ਅਤੇ ਇਕ ਕਾਪੀ ਨਾਭੇ ਹੈ। ਇਸ ਦਾ ਪਾਠ ਮਹਾਨ ਕੋਸ਼ ਦੀ ਤੀਜੀ ਸੈਂਚੀ, ਪੰਨਾ 1773 ਉਤੇ ਦਿੱਤਾ ਹੋਇਆ ਹੈ। ਇਹ ਤਲੋਕਾ ਅਤੇ ਰਾਮਾ ਨੂੰ ਸੰਬੋਧਿਤ ਹੈ। ਗੁਰੂ ਜੀ ਫੁਰਮਾਂਦੇ ਹਨ ਕਿ ਉਹ ਉਨ੍ਹਾਂ ਤੋਂ ਬਹੁਤ ਖੁਸ਼ ਹਨ ਅਤੇ ਉਨ੍ਹਾਂ ਦਾ ਘਰ ਉਨ੍ਹਾਂ (ਗੁਰੂ ਜੀ) ਦਾ ਘਰ ਹੈ। ਫਿਰ ਗੁਰੂ ਜੀ ਉਨ੍ਹਾਂ ਨੂੰ ਆਪਣੇ ਘੋੜ ਸਵਾਰਾਂ ਸਮੇਤ ਆਉਣ ਲਈ ਕਹਿੰਦੇ ਹਨ ਅਤੇ ਇਸ ਦੀ ਇਕ ਤੋਂ ਵੱਧ ਵਾਰ ਤਾਕੀਦ ਕੀਤੀ ਹੈ। ਪੱਤਰ ਨਾਲ ਇਕ ਸਰੋਪਾ ਭੀ ਭੇਜਿਆ ਸੀ। ਇਹ ਮਿਤੀ ਪਈ ਹੈ, ਭਾਦੋਂ 2, ਸੰਮਤ 1753 (ਅਗਸਤ, 1696)।

ਪਹਿਲਾ ਅਨੰਦਪੁਰ-ਮਾਖੋਵਾਲ ਵਿਚ ਟਿਕਾ ਥੋੜ੍ਹ-ਚਿਰਾ ਸੀ[1] ਅਤੇ ਪਿਛੋਂ ਸਿੱਖ ਲਿਖਤਾਂ ਵਿਚ ਸੰਕੇਤਿਤ ਸਮੇਂ ਨਾਲੋਂ ਉਹ ਅਧਿਕ ਸਮਾਂ ਪੌਂਟੇ ਰਹੇ ਸਨ। ਦੂਜਾ ਖੱਪਾ ਇਹ ਹੈ ਜਿਸ ਨੂੰ ਅਸੀਂ ਹੁਣੇ ਹੀ ਵਿਚਾਰਿਆ ਹੈ ਅਤੇ ਜਿਹੜਾ ਬਚਿਤ੍ਰ ਨਾਟਕ ਵਿਚ ਵਰਣਿਤ ਘਟਨਾਵਾਂ ਬਾਅਦ ਪੈਂਦਾ ਹੈ। ਦੋਹਾਂ ਖੱਪਿਆਂ ਵਿਚ ਪਹਾੜਾਂ ਵਿਚ ਰਹਿਣ ਦਾ ਕਾਲ ਧੁੰਦਲਾ ਹੈ ਅਤੇ ਅਸੀਂ ਆਪਣਾ ਵਿਸ਼ਵਾਸ ਦੁਹਰਾਉਂਦੇ ਹਾਂ ਕਿ ਪਿਛਲੇਰੀਆਂ ਸਿੱਖ ਰਿਵਾਇਤਾਂ ਵਿਚ ਇਨ੍ਹਾਂ ਦੋਹਾਂ ਨੂੰ ਮਿਲਾ ਦਿੱਤਾ ਗਿਆ ਸੀ ਜੋ ਪਿਛੋਂ ਇਸ ਮਨੌਤ ਦਾ ਆਧਾਰ ਬਣੇ ਕਿ ਗੁਰੂ ਜੀ ਨੇ ਗੁਰਿਆਈ ਦੇ ਪਹਿਲੇ ਵੀਹ ਸਾਲ ਪਹਾੜਾਂ ਵਿਚ ਇਕਾਂਤਵਾਸ ਵਿਚ ਗੁਜ਼ਾਰੇ।

ਹੁਣ ਅਸੀਂ ਖਾਲਸਾ-ਪਸ਼ਚਾਤ ਕਾਲ ਨੂੰ ਵਿਚਾਰਾਂਗੇ ਜਿਹੜਾ ਕਿ ਬਹੁਤ ਛੋਟਾ ਹੈ ਅਤੇ ਜਿਸ ਵਿਚ ਘਟਨਾਵਾਂ ਉਪਰੋਥਲੀ ਵਾਪਰਦੀਆਂ ਹਨ ਪਰੰਤੂ ਫਿਰ ਵੀ ਕਾਲ-ਕ੍ਰਮ, ਕਿਸੇ ਤਰ੍ਹਾਂ ਵੀ, ਸੰਦੇਹ-ਰਹਿਤ ਨਹੀਂ ਹੈ। ਕੇਵਲ ਇਕ ਲੇਖਕ, ਜੋ ਸਾਡੀ ਭਰੋਸੇ-ਯੋਗ ਸਹਾਇਤਾ ਕਰ ਸਕਦਾ ਸੀ, ਮੰਦੇ ਭਾਗਾਂ ਨੂੰ, ਵਧੇਰੇ ਨਾਜ਼ਕ ਮਾਮਲਿਆਂ ਬਾਰੇ ਚੁਪ ਹੈ। ਜੇਕਰ ਅਸੀਂ ਪਿਛਲੇਰੀਆਂ ਸਿੱਖ ਲਿਖਤਾਂ ਉਤੇ ਨਿਰਭਰ ਹੋਈਏ ਤਾਂ ਬਹੁਤ ਵਾਰ ਅਸੰਗਤ ਸਥਿਤੀਆਂ ਉਤੇ ਜਾ ਪਹੁੰਚਦੇ ਹਾਂ ਅਤੇ ਕਦੇ ਕਦੇ ਸਮਕਾਲੀ ਮੁਸਲਮਾਨ ਇਤਿਹਾਸ ਦੀਆਂ ਵਧੇਰੇ ਸਹੀ ਮੰਨੀਆਂ ਤਾਰੀਖਾਂ ਨਾਲ ਮਤ-ਭੇਦ ਹੋ ਜਾਂਦਾ ਹੈ। ਪ੍ਰਮਾਣ ਵਜੋਂ, ਕਰਤਾਰ ਸਿੰਘ, ਜਿਸ ਨੇ ਪ੍ਰਗਟ ਰੂਪ ਵਿਚ ਸਿੱਖ-ਲਿਖਤਾਂ ਦਾ ਆਸਰਾ ਲਿਆ ਹੈ, ਚਮਕੌਰ ਦੀ ਜੰਗ 1705 ਈ. ਦੇ ਸ਼ੁਰੂ ਵਿਚ ਹੋਈ ਦਸਦਾ ਹੈ ਅਤੇ ਨਾਲ ਹੀ ਇਹ ਕਹਿੰਦਾ ਹੈ ਕਿ ਗੁਰੂ ਜੀ ਨੇ ਮਾਲਵਾ ਦੇਸ਼ ਨੂੰ 1704 ਈ. ਵਿਚ ਅਸੀਸ ਦਿੱਤੀ ਜਦ ਕਿ ਉਹ ਦਮਦਮੇ ਸਨ।[2] ਫ਼ਿਰ ਉਹ ਅਤੇ ਮੈਕਾਲਿਫ ਦੋਨੋਂ ਕਹਿੰਦੇ ਹਨ ਕਿ ਗੁਰੂ ਜੀ ਅਗਸਤ 1707 ਵਿਚ ਨੰਦੇੜ ਪਹੁੰਚੇ ਅਤੇ ਉਥੇ ਇਕ ਸਾਲ ਦੋ ਜਾਂ ਤਿੰਨ ਮਹੀਨੇ ਠਹਿਰੇ।[3] ਪਰੰਤੂ ਸਾਨੂੰ ਮੁਸਲਮਾਨੀ ਸੋਮਿਆਂ ਤੋਂ ਪਤਾ ਚਲਦਾ ਹੈ ਕਿ ਅਗਸਤ 1707 ਵਿਚ ਗੁਰੂ ਜੀ ਅਜੇ ਆਗਰੇ ਵਿਚ ਹੀ ਸਨ। ਪਰ ਕਰਤਾਰ ਸਿੰਘ ਅਤੇ ਮੈਕਾਲਿਫ ਇਸ ਗੱਲ ਉਤੇ ਸਹਿਮਤ ਹਨ ਕਿ ਗੁਰੂ ਜੀ ਬਹਾਦਰ ਸ਼ਾਹ ਨਾਲ ਉਸ ਦੀ ਰਾਜਪੁਤਾਨਾ ਮੁਹਿਮ ਸਮੇਂ ਗਏ ਅਤੇ ਪਿਛੋਂ ਉਸ ਦੇ ਨਾਲ ਹੀ ਦੱਖਣ ਨੂੰ ਚਲੇ ਗਏ। ਹੁਣ ਸਾਨੂੰ ਮੁਸਲਮਾਨੀ ਸਰੋਤਾਂ ਤੋਂ ਪਤਾ ਲਗਦਾ ਹੈ ਕਿ ਮੁਹਿਮ ਦੇ ਖਾਤਮੇ ਮਗਰੋਂ ਬਹਾਦਰ ਸ਼ਾਹ ਨੇ ਦੱਖਣ ਜਾਣ ਲਈ 17 ਮਈ, 1708[4] ਨੂੰ ਨਰਬਦਾਂ ਨੂੰ ਪਾਰ ਕੀਤਾ ਅਤੇ ਕਾਮ ਬਖਸ਼ ਦੀ ਬਗਾਵਤ ਨਾਲ ਨਿਪਟਣ ਲਈ ਦੱਖਣ ਵਲ ਨੂੰ ਵਧਿਆ। ਉਸ

---

1. ਸੈਨਾ ਪਤ ਅਟਕਲ ਪਚੂ ਲਾ ਕੇ ਹੀ ਕਹਿੰਦਾ ਹੈ ਕਿ ਗਰੂ ਜੀ ਪੌਂਟੇ ਜਾਣ ਤੋਂ ਪਹਿਲਾਂ ਕੁਝ ਸਾਲ ਮਾਖੋਵਾਲ ਰਹੇ (ਗੁਰ ਸੋਭਾ, ii, 8)।
2. ਕਰਤਾਰ ਸਿੰਘ, ਉਪਰੋਕਤ ਰਚਨਾ, ਪੰਨਾ 224
3. ਕਰਤਾਰ ਸਿੰਘ, ਉਹੀ, ਪੰਨਾ 247; ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 236; ਸਾਨੂੰ ਸਮਝ ਨਹੀਂ ਆਉਂਦੀ ਕਿ ਜੇ. ਐਨ. ਸਰਕਾਰ, ਜਿਸ ਨੂੰ ਵਧੇਰੇ ਪਤਾ ਹੋਣਾ ਚਾਹੀਦਾ ਹੈ, ਇਉਂ ਇਹੋ ਗੱਲ ਕਹਿੰਦਾ ਹੈ।
4. ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 50

ਨੇ ਬਾਨ-ਗੰਗਾ ਨੂੰ 13 ਅਗਸਤ, 1708[1] ਨੂੰ ਪਾਰ ਕੀਤਾ ਅਤੇ ਉਸ ਸਾਲ 5 ਨਵੰਬਰ ਨੂੰ ਹੈਦਰਾਬਾਦ ਤੋਂ 67 ਮੀਲ ਉੱਤਰ ਵਲ ਜਫਰਾਬਾਦ ਬਿਦਰ ਵਿਚ ਜਾ ਡੇਰਾ ਲਾਇਆ ।[2] ਇਸ ਲਈ ਗੁਰੂ ਜੀ ਨੰਦੇੜ ਬਹੁਤ ਥੋੜ੍ਹਾ ਚਿਰ ਟਿਕੇ ਹੋਣਗੇ ਕਿਉਂਕਿ 18 ਅਕਤੂਬਰ 1708[3] ਨੂੰ ਉਹ ਅਕਾਲ ਚਲਾਣਾ ਕਰ ਗਏ ਸਨ । ਸੋ ਇਹ ਸਪੱਸ਼ਟ ਹੈ ਕਿ ਸਿੱਖ-ਲਿਖਤਾਂ ਉਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਅਤੇ ਜਿਥੋਂ ਤਕ ਕਹਾਣੀ ਦੇ ਪ੍ਰਮੁਖ ਬਾਗਾਂ ਦਾ ਸੰਬੰਧ ਹੈ ਸਾਨੂੰ ਬਾਹਰੀ ਸੋਮੇ ਵੀ ਕੋਈ ਸਹਾਇਤਾ ਨਹੀਂ ਦਿੰਦੇ, ਸਾਰੇ ਨਿਰਣੇ ਪਰਤਾਵੀ ਸਮਝਣੇ ਚਾਹੀਦੇ ਹਨ ।

ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ-ਪਸ਼ਚਾਤ ਜੀਵਨ ਸਹਿਜੇ ਹੀ ਕਈ ਕਾਲਾਂ ਵਿਚ ਵੰਡਿਆ ਜਾ ਸਕਦਾ ਹੈ । ਪਹਿਲਾਂ, ਗੁਰੂ ਜੀ ਦਾ ਪਹਾੜੀ ਰਾਜਿਆਂ ਅਤੇ ਮੁਗਲ ਅਧਿਕਾਰੀਆਂ ਨਾਲ ਵੈਰ ਵਿਰੋਧਤਾ ਦਾ ਸਮਾਂ ਹੈ ਜਿਹੜਾ ਅਨੰਦਪੁਰ ਛਡਣ ਨਾਲ ਖਤਮ ਹੁੰਦਾ ਹੈ । ਦੂਜਾ ਸਮਾਂ ਉਨ੍ਹਾਂ ਦੇ ਭ੍ਰਮਣ ਦਾ ਹੈ ਜੋ ਚਮਕੌਰ ਦੀ ਜੰਗ ਨਾਲ ਸ਼ੁਰੂ ਹੁੰਦਾ ਹੈ ਅਤੇ ਖਿਦਰਾਣੇ ਜਾਂ ਮੁਕਤਸਰ ਦੀ ਜੰਗ ਨਾਲ ਖਤਮ ਹੁੰਦਾ ਹੈ । ਤੀਜਾ ਕਾਲ ਗੁਰੂ ਜੀ ਦਾ ਦਮਦਮੇ ਟਿਕਣ ਦਾ ਹੈ । ਅੰਤਲਾ ਕਾਲ ਉਨ੍ਹਾਂ ਦਾ ਦਖਣ ਵਲ ਜਾਣਾ ਅਤੇ ਬਹਾਦਰ ਸ਼ਾਹ ਦੀ ਸੰਗਤ ਵਿਚ ਭ੍ਰਮਣ ਅਤੇ ਕਾਰਨਾਮਿਆਂ ਭਰਪੂਰ ਹੈ । ਹੁਣ, ਸਾਨੂੰ ਦਸਿਆ ਗਿਆ ਹੈ ਕਿ ਵੈਰਤਾ 1700 ਈ.[4] ਵਿਚ ਆਰੰਭ ਹੁੰਦੀ ਹੈ ਅਤੇ ਗੁਰੂ ਜੀ 1704[5] ਈ: ਵਿਚ ਅਨੰਦਪੁਰ ਨੂੰ ਅੰਤਲੀ ਵਾਰ ਛੱਡ ਦਿੰਦੇ ਹਨ । ਸਾਨੂੰ ਇਹ ਵੀ ਦਸਿਆ ਗਿਆ ਹੈ ਕਿ ਸੰਗ੍ਰਾਮ ਦਾ ਪਹਿਲਾ ਦੌਰ, ਜਿਸ ਵਿਚ ਉਹ ਬਸੌਲੀ ਵਿਚ ਅਰਜ਼ੀ ਨਿਵਾਸ ਉਪਰੰਤ ਅਨੰਦਪੁਰ ਵਿਖੇ ਆਉਂਦੇ ਹਨ, 1702 ਈ.[6] ਵਿਚ ਖਤਮ ਹੁੰਦਾ ਹੈ । ਪਰੰਤੂ ਗੁਰ ਸੋਭਾ ਵਿਚ ਦਿੱਤਾ ਉਲੇਖ ਪਹਾੜੀ ਰਾਜਿਆਂ ਨਾਲ ਜੰਗ ਲਈ ਤਿੰਨ ਸਾਲ ਦੇ ਲੰਮੇ ਸਮੇਂ ਨੂੰ ਪਹਿਲੇ ਦੌਰ ਵਿਚ ਨਹੀਂ ਗਿਣਦਾ । ਸੈਨਾਪਤ, ਜਿਹੜਾ ਕਿ ਉਸ ਸਮੇਂ ਹੋ ਸਕਦਾ ਹੈ ਅਨੰਦਪੁਰ ਰਹਿ ਰਿਹਾ ਸੀ, ਦੋ ਸਾਲਾਂ ਤੋਂ ਜਿਆਦਾ ਸਮਾਂ ਸ਼ਾਂਤੀ ਦਾ ਦਸਦਾ ਹੈ ਪਰੰਤੂ ਪਿਛਲੇਰੇ ਉਲੇਖਾਂ ਵਿਚ ਇਹ ਸਮਾਂ, ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਅਨੰਦਪੁਰ ਦੇ ਲਾਗੇ ਅਤੇ ਇਧਰ ਉਧਰ ਦੀਆਂ ਕਈ ਲੜਾਈਆਂ ਨਾਲ ਭਰਿਆ ਹੋਇਆ ਹੈ । ਜੇਕਰ ਗੁਰ ਸੋਭਾ ਨੂੰ ਆਪਣੀ ਅਗਵਾਈ ਲਈ ਵਰਤੀਏ, ਜਿਵੇਂ ਕਿ ਸਾਨੂੰ ਚਾਹੀਦਾ ਹੈ, ਤਾਂ ਇਹ ਸਪੱਸ਼ਟ ਦਿਖਾਈ ਦਿੰਦਾ ਹੈ ਕਿ ਪਿਛਲੇਰੇ ਇਤਿਹਾਸਕਾਰਾਂ ਨੇ ਪਹਿਲੇ ਜੰਗੀ ਦੌਰ ਨੂੰ ਸ਼ਾਂਤੀ ਦੇ ਸਮੇਂ ਨਾਲ ਰਲਗੱਡ ਕਰ ਦਿੱਤਾ ਹੈ ਅਤੇ ਇਸ ਦੌਰ ਵਿਚ ਉਹ ਸਮਾਂ ਗਿਣਿਆ ਹੈ ਜਿਹੜਾ ਕਿ

---

1. ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 59
2. ਉਹੀ
3. ਉਹੀ, ਪੰਨਾ 90
4. ਕਰਤਾਰ ਸਿੰਘ, ਉਪਰੋਕਤ ਰਚਨਾ, ਪੰਨਾ 145
5. ਉਹੀ, ਪੰਨਾ 179; ਗੁਰ ਬਿਲਾਸ, xxi, 14
6. ਕਰਤਾਰ ਸਿੰਘ, ਉਹੀ, ਪੰਨਾ 152

ਦੋਹਾਂ ਦਾ ਸੀ। ਇਸ ਲਈ ਦੁਬਾਰਾ ਜੰਗ ਦਾ ਸਮਾਂ 1703 ਦੇ ਆਰੰਭ ਵਿਚ ਸ਼ੁਰੂ ਹੋਣਾ ਚਾਹੀਦਾ ਹੈ ਅਤੇ ਇਹ ਦੌਰ, ਜੋ ਹੁਣ ਸ਼ੁਰੂ ਹੁੰਦਾ ਹੈ, ਹਰ ਹਾਲਤ ਵਿਚ ਇਕ ਸਾਲ ਦਾ ਹੋਵੇਗਾ। ਸੋ ਇਹ ਪ੍ਰਤੱਖ ਹੈ ਕਿ ਚਮਕੌਰ ਦੀ ਜੰਗ 1704 ਈ. ਦੇ ਆਰੰਭ ਵਿਚ ਹੋਣੀ ਚਾਹੀਦੀ ਹੈ ਨਾ ਕਿ 1705 ਈ. ਦੇ ਆਰੰਭ ਵਿਚ।

ਚਮਕੌਰ ਦੀ ਜੰਗ ਤੋਂ ਪਿਛਲਾ ਕਾਲ ਗੁਰੂ ਜੀ ਦੇ ਜੀਵਨ ਦਾ ਸਭ ਤੋਂ ਵਧ ਹਨੇਰਾ ਕਾਲ ਹੈ। ਵਜ਼ੀਰ ਖ਼ਾਂ ਦੇ ਬੰਦੇ ਉਨ੍ਹਾਂ ਦੀ ਹਰ ਪਾਸੇ ਭਾਲ ਕਰ ਰਹੇ ਸਨ ਅਤੇ ਗੁਰੂ ਜੀ ਭਗੌੜਿਆਂ ਵਾਂਗ ਇਕ ਥਾਂ ਤੋਂ ਦੂਜੀ ਥਾਂ, ਕਦੇ ਕਿਸ ਭੇਸ ਵਿਚ, ਕਦੇ ਦੂਜੇ ਭੇਸ ਵਿਚ ਜਾਂਦੇ ਸਨ। ਮੁਕਤਸਰ ਦੀ ਜੰਗ ਪਿਛੋਂ ਉਨ੍ਹਾਂ ਨੂੰ ਸ਼ਾਂਤੀ ਦਾ ਸਾਹ ਮਿਲਿਆ ਅਤੇ ਦਮਦਮੇ ਵਿਖੇ ਉਨ੍ਹਾਂ ਨੇ ਕੁਝ ਸ਼ਾਂਤੀ ਦੇ ਦਿਨ ਬਿਤਾਏ ਸਨ। ਦਮਦਮੇ ਤੋਂ ਉਹ ਦੱਖਣ ਵਲ ਰਵਾਨਾ ਹੋ ਪਏ। ਉਹ ਅਜੇ ਥੋੜ੍ਹੀ ਦੂਰ ਹੀ ਗਏ ਸਨ ਜਦ ਕਿ ਔਰੰਗਜ਼ੇਬ ਦੀ ਮੌਤ ਦੀ ਖ਼ਬਰ ਆ ਗਈ ਜਿਹੜੀ ਕਿ 3 ਮਾਰਚ, 1707 ਨੂੰ ਹੋਈ।[1] ਸੋ ਇਸ ਤਰ੍ਹਾਂ ਉਨ੍ਹਾਂ ਦੇ ਸੰਕਟਾਂ ਅਤੇ ਦਮਦਮੇ ਠਹਿਰਣ ਦਾ ਸਮਾਂ 1704 ਦੇ ਆਰੰਭ ਤੋਂ ਲੈ ਕੇ 1706 ਦੇ ਅੰਤ ਤਕ, ਤਿੰਨ ਸਾਲ ਦਾ ਬਣਦਾ ਹੈ। ਹੁਣ ਗੁਰਬਿਲਾਸ ਵਿਚ ਦਸਿਆ ਹੈ ਕਿ ਗੁਰੂ ਜੀ ਦਮਦਮੇ ਨੌਂ ਮਹੀਨੇ ਅਤੇ ਨੌਂ ਦਿਨ ਠਹਿਰੇ ਸਨ।[2] ਇਸ ਨਾਲ ਸਾਨੂੰ ਇਹ ਪ੍ਰਤੀਤ ਹੁੰਦਾ ਹੈ ਕਿ ਗੁਰੂ ਜੀ ਦਾ ਦਮਦਮੇ ਠਹਿਰਣ ਦਾ ਸਮਾਂ ਬਹੁਤ ਥੋੜ੍ਹਾ ਹੈ ਅਤੇ ਉਨ੍ਹਾਂ ਦਾ ਸੰਕਟ ਕਾਲ ਫਿਰ ਲੰਬਾ ਬਣ ਜਾਂਦਾ ਹੈ। ਪਰ ਇਕ ਹੋਰ ਰਵਾਇਤ ਵੀ ਹੈ ਜਿਸ ਅਨੁਸਾਰ ਗੁਰੂ ਜੀ ਦਮਦਮੇ ਕੁਝ ਮਹੀਨੇ ਅਤੇ ਦਿਨ[3] ਘਟ ਤਿੰਨ ਸਾਲ ਠਹਿਰੇ ਸਨ। ਸਾਨੂੰ ਇਉਂ ਪਰਤੀਤ ਹੁੰਦਾ ਹੈ ਕਿ ਇਹ ਦੂਜੀ ਰਵਾਇਤ ਸ਼ਾਇਦ ਸਚਾਈ ਦੇ ਨੇੜੇ ਹੈ। ਗੁਰੂ ਜੀ ਦਾ ਦਮਦਮੇ ਵਿਚ ਠਹਿਰਣ ਦਾ ਸਮਾਂ ਉਨ੍ਹਾਂ ਵਲੋਂ ਕੀਤੀਆਂ ਸਾਹਿਤਕ ਸਰਗਰਮੀਆਂ ਵਜੋਂ ਪ੍ਰਸਿੱਧ ਹੈ। ਇਥੇ ਗੁਰੂ ਗ੍ਰੰਥ ਸਾਹਿਬ ਦੀ ਇਕ ਨਵੀਂ ਸੋਧੀ ਹੋਈ ਬੀੜ ਸੰਕਲਿਤ ਕੀਤੀ ਗਈ ਜਿਸ ਵਿਚ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਅਤੇ ਆਪਣਾ ਇਕ ਸ਼ਲੋਕ ਵੀ ਪਾਇਆ ਗਿਆ ਅਤੇ ਇਹ ਵੀ ਨਿਰਸੰਦੇਹ ਹੈ ਕਿ ਉਨ੍ਹਾਂ ਦੀਆਂ ਕ੍ਰਿਤਾਂ ਦਾ ਘੱਟੋ ਘੱਟ ਇਕ ਭਾਗ ਇਥੇ ਲਿਖਿਆ ਗਿਆ।[4] ਦੂਜੇ ਪਾਸੇ, "ਆਪਣੇ ਨਵੇਂ ਟਿਕਾਣੇ" (ਦਮਦਮੇ) ਵਿਚ ਸੁਰੱਖਿਅਤ ਹੋ ਕੇ ਗੁਰੂ ਜੀ ਨੇ ਆਪਣਾ ਦਰਬਾਰ ਫਿਰ ਸਥਾਪਿਤ ਕਰ ਲਿਆ ਅਤੇ ਆਪਣੇ ਦੁਆਲੇ ਸ਼ਾਹੀ ਜਲੌ ਦਾ ਪਸਾਰ ਕਰ ਲਿਆ। ਦਮਦਮਾ ਸਿੱਖ ਮਤ ਦਾ ਕੇਂਦਰ ਬਣ ਗਿਆ ਅਤੇ ਦੇਸ਼ ਦੇ ਸਾਰੇ ਭਾਗਾ ਦੇ ਵਿਦਵਾਨਾਂ ਦੀ ਠਾਹਰ ਬਣ ਗਿਆ। ਅਣਗਿਣਤ ਨਵੇਂ ਸਿਪਾਹੀ ਖਾਲਸੇ ਵਿਚ ਆ ਭਰਤੀ ਹੋਏ ਅਤੇ ਗੁਰੂ ਗੋਬਿੰਦ ਸਿੰਘ ਦੀ ਸਥਿਤੀ ਪਹਿਲਾਂ ਨਾਲੋਂ ਵੀ ਸ਼ਕਤੀਸ਼ਾਲੀ ਹੋ ਗਈ। ਇਹ ਸਭੋ ਕੁਝ ਕੇਵਲ ਨੌਂ ਮਹੀਨਿਆਂ ਦੇ ਥੋੜ੍ਹੇ ਜਿਹੇ ਸਮੇਂ ਵਿਚ, ਨਿਸ਼ਚਿਤ ਹੀ ਪ੍ਰਾਪਤ ਨਹੀਂ ਕੀਤਾ ਜਾ ਸਕਦਾਂ ਸੀ

1. ਇਰਵਿਨ, ਉਪਰੋਕਤ ਰਚਨਾ, ਸੈਂਚੀ ਪਹਿਲੀ, ਪੰਨਾ 1
2. ਗੁਰਬਿਲਾਸ, xxiii, 166
3. ਸਾਖੀ ਪੁਸਤਕ, ਸਰਦਾਰ ਅਤਰ ਸਿੰਘ ਦਾ ਅਨੁਵਾਦ, ਨੰ: 59
4. ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 223

ਅਤੇ ਘੱਟੋ ਘੱਟ ਇਸ ਨੁਕਤੇ ਤੋਂ ਪਿਛਲੇਰੀ ਰਵਾਇਤ ਨਿਸ਼ਾਨੇ ਤੋਂ ਦੂਰ ਨਹੀਂ ਜਾਪਦੀ।

ਜਿਵੇਂ ਕਿ ਅਸੀਂ ਦੇਖ ਚੁੱਕੇ ਹਾਂ, ਗੁਰੂ ਜੀ ਦੱਖਣ ਵਲ ਦਮਦਮੇ ਤੋਂ ਰਵਾਨਾ ਹੋਏ ਸਨ। ਪਰੰਤੂ ਜਦ ਉਨ੍ਹਾਂ ਨੂੰ ਔਰੰਗਜ਼ੇਬ ਦੀ ਮੌਤ ਦੀ ਸੂਚਨਾ ਮਿਲੀ ਤਾਂ ਉਹ ਵਾਪਸ ਦਮਦਮੇ ਪਰਤ ਆਏ ਜਾਪਦੇ ਹਨ। ਜੈਜੋ ਦੀ ਲੜਾਈ, ਜਿਹੜੀ ਕਿ 18 ਜੂਨ, 1707 ਨੂੰ ਹੋਈ, ਪਿਛੋਂ ਉਹ ਬਹਾਦਰ ਸ਼ਾਹ ਨਾਲ ਮਿਲੇ ਹੋਣਗੇ। ਇਸ ਤੋਂ ਬਾਅਦ ਗੁਰੂ ਜੀ ਦੀਆਂ ਕਾਰਵਾਈਆਂ ਬਹਾਦਰ ਸ਼ਾਹ ਦੀਆਂ ਕਾਰਵਾਈਆਂ ਨਾਲ ਸੰਮਿਲਤ ਹੁੰਦੀਆਂ ਹਨ ਅਤੇ ਮੁਗਲ ਇਤਿਹਾਸ ਦਾ ਅਧਿਕ ਨਿਸ਼ਚਿਤ ਰੂਪ ਵਿਚ ਨਿਰਧਾਰਿਤ ਕਾਲ-ਕ੍ਰਮ ਸਾਡੀ ਸਹਾਇਤਾ ਕਰਦਾ ਹੈ।

ਪਰਿਸ਼ਿਸ਼ਟ ੲ

ਬਚਿਤ੍ਰ ਨਾਟਕ

'ਬਚਿਤ੍ਰ ਨਾਟਕ' ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਸ੍ਵੈਜੀਵਨੀ ਸਮਝਿਆ ਜਾ ਸਕਦਾ ਹੈ, ਦਾ ਮੁੱਖ ਇਤਿਹਾਸਕ ਭਾਵ ਇਸ ਦੇ ਸੱਤ ਭਾਗਾਂ ਵਿਚ ਸਿਮਟਿਆ ਹੈ ਅਰਥਾਤ ਸੱਤਵੇਂ ਤੇ ਤੇਰਵੇਂ ਭਾਗਾਂ ਵਿਚ। ਮੈਕਾਲਿਫ ਸਾਨੂੰ ਇਸ ਕ੍ਰਿਤ[1] ਦੇ ਪਹਿਲੇ ਸੱਤਾਂ ਅਤੇ ਅੰਤਲੇ ਅਧਿਆਇ ਦਾ ਅੰਗ੍ਰੇਜ਼ੀ ਅਨੁਵਾਦ ਦਿੰਦਾ ਹੈ ਪਰ ਇਨ੍ਹਾਂ ਮਹੱਤਵਪੂਰਨ ਭਾਗਾਂ ਨੂੰ ਛੱਡ ਦਿੰਦਾ ਹੈ। ਇਸ ਦਾ ਕਾਰਨ ਦੇਂਦੇ ਹੋਏ ਉਹ ਕਹਿੰਦਾ ਹੈ ਕਿ ਇਨ੍ਹਾਂ ਵਿਚ ਵਰਣਿਤ ਸਾਰੇ ਵੇਰਵੇ ਗੁਰੂ ਜੀ ਦੀ ਸਾਮਾਨਯ ਜੀਵਨੀ ਵਿਚ ਸੰਮਿਲਿਤ ਕਰ ਲਏ ਗਏ ਹਨ ਇਸ ਲਈ ਇਨ੍ਹਾਂ ਦੇ ਵੱਖਰੇ ਅਨੁਵਾਦ ਦੀ ਲੋੜ ਨਹੀਂ ਭਾਸਦੀ। ਪਰ ਖੇਦ ਹੈ ਕਿ ਗੁਰੂ ਜੀ ਦੇ ਜੀਵਨ ਸੰਬੰਧੀ ਮੈਕਾਲਿਫ ਦੇ ਵਰਣਨ ਤੋਂ ਇਹ ਨਿਰਣਾ ਕਰਨਾ ਸੰਭਵ ਨਹੀਂ ਕਿ ਇਸ ਦੇ ਕਿਹੜੇ ਭਾਗ ਬਚਿਤ੍ਰ ਨਾਟਕ ਉਤੇ ਆਧਾਰਿਤ ਹਨ ਅਤੇ ਕਿਥੇ ਦੂਸਰੀਆਂ ਸਿੱਖ ਲਿਖਤਾਂ ਦੀ ਸਹਾਇਤਾ ਲਈ ਗਈ ਹੈ। ਸੀਮਿਤ ਹੋਣ ਦੇ ਬਾਵਜੂਦ ਵੀ, ਬਚਿਤ੍ਰ ਨਾਟਕ ਨਿਰਸੰਦੇਹ ਗੁਰੂ ਗੋਬਿੰਦ ਸਿੰਘ ਸੰਬੰਧੀ ਸਾਰੇ ਉਲੇਖਾਂ ਵਿਚੋਂ ਅਧਿਕ ਮਹੱਤਵਪੂਰਨ ਹੈ; ਅਤੇ ਜੋ ਕੁਝ ਸਵਤੰਤਰ ਰੂਪ ਵਿਚ ਕਿਹਾ ਗਿਆ ਹੈ, ਉਸ ਨੂੰ ਸਮਝਣਾ ਸਾਡੇ ਲਈ ਜ਼ਰੂਰੀ ਹੈ। ਸੋ ਬਚਿਤ੍ਰ ਨਾਟਕ ਦੇ ਇਨ੍ਹਾਂ ਭਾਗਾਂ ਦੇ ਅੰਗ੍ਰੇਜ਼ੀ ਅਨੁਵਾਦ ਦੀ ਲੋੜ ਹੈ ਪਰ ਗੁਰੂ ਜੀ ਦਾ ਵਰਣਨ ਜੋਸ਼ ਭਰਪੂਰ ਅਤੇ ਕਦੇ ਕਦੇ ਦੁਹਰਾਉ ਭਰਪੂਰ ਹੈ। ਇਸ ਲਈ ਅਸੀਂ ਇਨ੍ਹਾਂ ਵਿਚੋਂ ਕੁਝ ਇਕ ਨੂੰ ਛੱਡ ਦਿੱਤਾ ਹੈ, ਪਰੰਤੂ ਸਮੁੱਚੇ ਤੌਰ ਉਤੇ ਸਾਡਾ ਵਿਸ਼ਵਾਸ ਹੈ ਕਿ ਰਾਜਨੀਤਿਕ ਇਤਿਹਾਸ ਦੇ ਵਿਦਿਆਰਥੀ ਲਈ ਜੋ ਕੁਝ ਲਾਭਦਾਇਕ ਹੋ ਸਕਦਾ ਹੈ, ਉਸ ਨੂੰ ਛਡਿਆ ਨਹੀਂ ਗਿਆ ਹੈ।

---

1. ਕਿਵੇਂ ਵੀ ਤੀਜਾ ਭਾਗ ਵਿਚੋਂ ਛੱਡ ਦਿੱਤਾ ਗਿਆ ਹੈ ਪਰ ਦੂਜੇ ਪਾਸੇ ਅੱਠਵੇਂ ਭਾਗ ਦੇ ਪਹਿਲੇ ਤਿੰਨ ਬੰਦਾਂ ਦਾ ਅਨੁਵਾਦ ਦੇ ਦਿੱਤਾ ਹੈ, ਜਿਸ ਵਿਚ ਮੈਕਾਲਿਫ ਨੇ ਭੰਗਾਣੀ ਦੇ ਯੁੱਧ ਦਾ ਵਰਨਣ ਦਿੱਤਾ ਹੈ। ਮੈਲਕਮ ਆਪਣੀ ਪੁਸਤਕ ***Sketch of the Sikhs*** ਵਿਚ ਇਸ ਭਾਵ ਵਿਚੋਂ ਇਕ ਹੋਰ ਬੰਦ ਅੰਕਿਤ ਕਰਦਾ ਹੈ। ਅਸੀਂ ਇਨ੍ਹਾਂ ਦੀ ਖੁਲ੍ਹੀ ਵਰਤੋਂ ਕੀਤੀ ਹੈ ਅਤੇ ਇਨ੍ਹਾਂ ਲੇਖਕਾਂ ਦੇ ਆਭਾਰੀ ਹਾਂ। ਮੈਂ ਪ੍ਰੋ: ਤੇਜਾ ਸਿੰਘ ਦਾ ਧੰਨਵਾਦ ਵੀ ਕਰਦਾ ਹਾਂ ਜਿਨ੍ਹਾਂ ਇਹ ਅਨੁਵਾਦ ਤਿਆਰ ਕਰਨ ਵਿਚ ਮੇਰੀ ਕਾਫੀ ਸਹਾਇਤਾ ਕੀਤੀ ਹੈ। ਇਹ ਵੀ ਕਹਿਣਾ ਚਾਹੁੰਦਾ ਹਾਂ ਕਿ ਇਸ ਅਨੁਵਾਦ ਲਈ ਗੁਲਾਬ ਸਿੰਘ ਐਂਡ ਸੰਨਜ਼ ਦੁਆਰਾ ਪ੍ਰਕਾਸ਼ਿਤ ਛਾਪ ਅਤੇ ਬਿਸ਼ਨ ਸਿੰਘ ਗਿਆਨੀ ਦੁਆਰਾ ਟੀਕਾ ਕੀਤੀ ਛਾਪ ਨੂੰ ਆਧਾਰ ਬਣਾਇਆ ਗਿਆ ਹੈ।

ਭਾਗ 8

ਭੰਗਾਣੀ ਦਾ ਯੁੱਧ

ਰਾਜ ਸਾਜ ਹਮ ਪਰ ਜਬ ਆਯੋ ॥
ਜਥਾ ਸਕਤਿ ਤਬ ਧਰਮੁ ਚਲਾਯੋ ॥
ਭਾਂਤਿ ਭਾਂਤਿ ਬਿਨਿ ਖੇਲਿ ਸਿਕਾਰਾ ॥
ਮਾਰੇ ਰੀਛ ਰੋਝ ਝੰਖਾਰਾ ॥ 1 ॥

ਦੇਸ ਚਾਲ ਹਮ ਤੇ ਪੁਨਿ ਭਈ ॥
ਸਹਰ ਪਾਵਟਾ ਕੀ ਸੁਧਿ ਲਈ ॥
ਕਾਲਿੰਦ੍ਰੀ ਤਟਿ ਕਰੇ ਬਿਲਾਸਾ ॥
ਅਨਿਕ ਭਾਂਤਿ ਕੇ ਪੇਖਿ ਤਮਾਸਾ ॥ 2 ॥

ਤਹਕੇ ਸਿੰਘ ਘਨੇ ਚੁਕਿ ਮਾਰੇ ॥
ਰੋਝ ਰੀਛ ਬਹੁ ਭਾਂਤਿ ਬਿਦਾਰੇ ॥
ਫਤੇ ਸ਼ਾਹ ਕੋਪਾ ਤਬਿ ਰਾਜਾ ॥
ਲੋਹ ਪਰਾ ਹਮਸੋ ਕਿਨੁ ਕਾਜਾ ॥ 3 ॥

ਤਹਾ ਸਾਹ ਸ੍ਰੀਸਾਹ ਸੰਗ੍ਰਾਮਕੋਪੇ ॥
ਪੰਚੋ ਬੀਰ ਬੰਕੇ ਪ੍ਰਿਥੀ ਪਾਇ ਰੋਪੇ ॥
ਹਠੀ ਜੀਤਮੱਲੰ ਸੁ ਗਾਜੀ ਗੁਲਾਬੰ ॥
ਰਣੰ ਦੇਖੀਐ ਰੰਗ ਰੂਪੰ ਸਹਾਬੰ ॥ 4 ॥

ਗਠਿਯੋ ਮਾਹਰੀਚੰਦਯੰ ਗੰਗਰਾਮੰ ॥
ਜਿਨੇ ਕਿਤਿਯੰ ਜਿਤੀਯੰ ਫੌਜ ਤਾਮੰ ॥
ਕੁਪੇ ਲਾਲ ਚੰਦ ਕੀਏ ਲਾਲ ਰੂਪੰ ॥
ਜਿਨੈ ਗਜੀਯੰ ਗਰਬ ਸਿੰਘ ਅਨੂਪੰ ॥ 5 ॥

ਕੁਪਿਯੋ ਮਾਹਰੁ ਕਾਹਰੂ ਰੂਪ ਧਾਰੇ ॥
ਜਿਨੈ ਖਾਂਨ ਕਾਵੀਨੀਯੰ ਖੇਤ ਮਾਰੇ ॥
ਕਪਿਓ ਦੇਵਤੇਸੰ ਦਯਾਰਾਮ ਜੁੱਧੰ ॥
ਕੀਯੰ ਦ੍ਰੋਣ ਕੀ ਜਿਉ ਮਹਾਂ ਜੁੱਧ ਸੁੱਧੰ ॥ 6 ॥

ਕ੍ਰਿਪਾਲ ਕੋਪੀਯੰ ਕੁਤਕੋ ਸੰਭਾਰੀ ॥
ਹਠੀ ਖ਼ਾਨ ਹੱਯਾਤ ਕੇ ਸੀਸ ਝਾਰੀ ॥ 7 ॥

* * *

ਤਹਾਂ ਨੰਦ ਚੰਦੰ ਕੀਯੋ ਕੋਪੁ ਭਾਰੋ ॥
ਲਗਾਈ ਬਰੱਛੀ ਕ੍ਰਿਪਾਣੰ ਸੰਭਾਰੋ ॥
ਤੁਟੀ ਤੇਗ ਤ੍ਰਿੱਖੀ ਕਢੇ ਜੱਮਦੱਢੰ ॥
ਹਠੀ ਰਾਖੀਯੰ ਲੱਜ ਬੰਸੰ ਸਨੱਢੰ ॥ 8 ॥

ਤਹਾਂ ਮਾਤਲੇਯੰ ਕ੍ਰਿਪਾਲੰ ਕ੍ਰੁੱਧੰ ॥
ਛਕਿਯੋ ਛੋਭ ਛਤ੍ਰੀ ਕਰਯੋ ਜੁੱਧ ਸੁੱਧੰ ॥
ਸਹੇ ਦੇਹ ਆਪੰ ਮਹਾਬੀਰ ਬਾਣੰ ॥
ਕਰਯੋਖਾਨ ਬਾਨੀਨ ਖਾਲੀ ਪਲਾਣੰ ॥ 9 ॥

ਹਠਿਯੋ ਸਾਹਬੰ ਚੰਦ ਖੇਤੰ ਖਤ੍ਰਿਯਾਣੰ ॥
ਹਨੇ ਖ਼ਾਨ ਖ਼ੂਨੀ ਖੁਰਾਸਾਨ ਭਾਨੰ ॥
ਤਹਾਂ ਬੀਰ ਬੰਕੇ ਭਲੀ ਭਾਂਤਿ ਮਾਰੇ ॥
ਬੱਚੇ ਪ੍ਰਾਨ ਲੈ ਕੇ ਸਿਪਾਹੀ ਸਿਧਾਰੇ ॥ 10 ॥

ਤਹਾਂ ਸਾਹਸੰਗ੍ਰਾਮ ਕੀਨੇ ਅਖ਼ਾਰੇ ॥
ਘਨੇ ਖੇਨ ਮੋ ਖ਼ਾਨ ਖੂਨੀ ਲਤਾਰੇ ॥
ਨ੍ਰਿਪੰ ਗੋਪ ਲਾਯੰ ਖਰੋ ਖੇਤ ਗਾਜੈ ॥
ਮ੍ਰਿਗਾ ਝੁੰਡ ਮੱਧਿਯੰ ਮਨੋ ਸਿੰਘ ਰਾਜੈ ॥ 11 ॥

ਤਹਾਂ ਏਕ ਬੀਰੰ ਹਰੀ ਚੰਦ ਕੋਪਯੋ ॥
ਭਲੀ ਭਾਂਤਿ ਸੌ ਖੇਤ ਮੋ ਪਾਂਵ ਰੋਪਯੋ ॥
ਮਹਾਂ ਕ੍ਰੋਧ ਕੇ ਤੀਰ ਤੀਖੇ ਪ੍ਰਹਾਰੇ ॥
ਲਗੈ ਜੌਨਿ ਕੇ ਤਾਹਿ ਪਾਰੈ ਪਧਾਰੇ ॥ 12 ॥

* * *

ਤਬੈ ਜੀਤ ਮੱਲੰ ॥ ਹਰੀਚੰਦ ਭੱਲੰ ॥
ਹ੍ਰਿਦੈ ਐਂਚ ਮਾਰਯੋ ॥ ਸੁ ਜੇਤੰ ਉਤਾਰਯੋ ॥ 15 ॥

* * *

ਖੁਲੈ ਖਾਨਖੂਨੀ ਖੁਰਾਸਾਨ ਖੱਗੰ ॥
ਪਰੀ ਸਸਤ੍ਰ ਧਾਰੰ ਉਠੀ ਝਾਲ ਅੱਗੰ ॥
ਭਈ ਤੀਰ ਭੀਰੰ ਕਮਾਣੰ ਰੜੱਕੇ ॥
ਗਿਰੇ ਬਾਜ ਤਾਜੀ ਲਗੇ ਧੀਰ ਧੱਕੇ ॥ 17 ॥

ਕਹਾ ਲਗੇ ਬਰਨਨ ਕਰੋ ਮਚਿਯੋ ਜੁੱਧੁ ਅਪਾਰ ॥
ਜੇ ਲੁੱਝੇ ਜੁੱਝੇ ਸਬੈ ਭੱਜੇ ਸੂਰ ਹਜਾਰ ॥ 19 ॥

ਭਜਿਯੋ ਸਾਹ ਪਾਹਾੜ ਤਾਜੀ ਤ੍ਰਿਪਾਯੰ ॥
ਚਲਿਯੋ ਬੀਰੀਯਾ ਤੀਰੀਯਾ ਨਾ ਚਲਾਯੰ ॥
ਜਸੋ ਡੱਢਵਾਲ ਮਧੁੱਕਰ ਸੁ ਸ਼ਾਹੰ ॥
ਭਜੇ ਸੰਗਿ ਲੈਕੇ ਸੁ ਸਾਰੀ ਸਿਪਾਹੰ ॥ 20 ॥

ਚੱਕ੍ਰਤ ਚੋਪਿਯੋ ਚੰਦ ਗਾਜੀ ਚੰਦੇਲੰ ॥
ਹਠੀ ਹਰੀਚੰਦੰ ਗਹੇ ਹਾਥ ਸੇਲੰ ॥
ਕਰਿਯੋ ਸੁਆਮ-ਧਰਮੰ ਮਹਾ ਰੋਸ ਰੁੱਝਿਯੰ ॥
ਗਿਰਿਯੋ ਟੂਕ ਟੂਕ ਹ੍ਵੈ ਇਸੋ ਸੂਰ ਝੁੱਝਿਯੋ ॥ 21 ॥

ਤਹਾਂ ਖਾਨ ਨੈਜਾਬਤੈ ਆਨ ਕੈ ਕੈ ॥
ਹਨਿਓ ਸਾਹ ਸੰਗ੍ਰਾਮ ਕੋ ਸਸਤ੍ਰ ਲੈ ਕੇ ॥
ਕਿਤੈ ਖਾਨ ਬਾਨੀਨ ਹੂੰ ਅਸਤ੍ਰ ਝਾਰੇ ॥
ਸਹੀ ਸਾਹ ਸੰਗ੍ਰਾਮ ਸੁਰੰਗ ਸਿਧਾਰੇ ॥ 22 ॥

ਮਾਰਿ ਨਿਜਾਬਤ ਖਾਨ ਕੋ ਸੰਗੋ ਜੁਝੈ ਜੁਝਾਰ ॥
ਹਾ ਹਾ ਇਹ ਲੋਕੋ ਭਇਓ ਸੁਰਗ ਲੋਕ ਜੈਕਾਰ ॥ 23 ॥

ਲਖੇ ਸਾਹ ਸੰਗ੍ਰਾਮ ਜੁੱਝੇ ਜੁਝਾਰੰ ॥
ਤਵੰ ਕੀਟ ਬਾਣੰ ਕਮਾਣੰ ਸੰਭਾਰੰ ॥
ਹਨਿਯੋ ਏਕ ਖਾਨੰ ਖਿਆਲੰ ਖਤੰਗੰ ॥
ਡਸਿਯੋ ਸਤ੍ਰ ਕੋ ਜਾਨੁ ਸਯਾਮੰ ਭੁਜੰਗੰ ॥ 24 ॥

ਗਿਰਿਯੋ ਭੂਮਿ ਸੋ ਬਾਣ ਦੂਜੋ ਸੰਭਾਰਯੋ ॥
ਮੁਖੰ ਭੀਖਨੰ ਖਾਨ ਕੇ ਤਾਨਿ ਮਾਰਯੋ ॥
ਭਜਿਯੋ ਖਾਨ ਖ਼ੂਨੀ ਰਹਿਯੋ ਖੇਤਿ ਤਾਜੀ ॥
ਤਜੇ ਪ੍ਰਾਣ ਤੀਜੇ ਲਗੇ ਬਾਣ ਬਾਜੀ ॥ 25 ॥

ਛੁਟੀ ਮੂਰਛਨਾ ਹਰੀਚੰਦੰ ਸੰਭਾਰੋ ॥
ਗਹੇ ਬਾਣ ਕਾਮਾਣ ਭੇ ਐਚ ਮਾਰੇ ॥
ਲਗੇ ਅੰਗਿ ਜਾ ਕੇ ਰਹੇ ਨਾ ਸੰਭਾਰੰ ॥
ਤਨੰ ਤਿਜਾਗ ਤੇ ਦੇਵਲੋਕੰ ਪਧਾਰੰ ॥ 26 ॥

* * *

ਹਰੀਚੰਦ ਕੋਪੇ ਕਮਾਣੰ ਸੰਭਾਰੰ ॥
ਪ੍ਰਥਮ ਬਾਜੀਯੰ ਤਾਣ ਬਾਣੰ ਪ੍ਰਹਾਰੰ ॥
ਦੁਤੀਯ ਤਾਕ ਕੈ ਤੀਰ ਸੋਂ ਕੋ ਚਲਾਯੰ ॥
ਰਖਿਓ ਦਈਵ ਮੈ ਕਾਨਿ ਛ੍ਵੈ ਕੈ ਸਿਧਾਯੰ ॥ 29 ॥

ਤ੍ਰਿਤੀਯ ਬਾਣ ਮਾਗਯੋ ਸੁ ਪੇਟੀ ਮਝਾਰੰ ॥
ਬਿਧਿਅੰ ਚਿਲਕਤੰ ਦੁਆਲ ਪਾਰੰ ਪਧਾਰੰ ॥
ਚੁਭੀ ਚਿੰਚ ਚਰਮੰ ਕਛੂ ਘਾਇ ਨਾ ਆਯੰ ॥
ਕਲੰ ਕੇਵਲ ਜਾਨ ਦਾਸੰ ਬਚਾਯੰ ॥ 30 ॥

ਜਬੈ ਬਾਣ ਲਾਗਯੋ ॥ ਤਬੈ ਰੋਸ ਜਾਗਯੋ ॥
ਕਰੰ ਲੈ ਕਮਾਣੰ ॥ ਹਨੰ ਬਾਣ ਤਾਣੰ ॥ 31 ॥

ਹਰੀ ਚੰਦ ਮਾਰੇ ॥ ਸੁ ਜੋਧਾ ਲਤਾਰੇ ॥
ਸੁ ਕਾਰੋੜ ਰਾਯੰ ॥ ਵਹੈ ਕਾਲ ਘਾਯੰ ॥ 33 ॥

ਰਣੰ ਤਿਆਗ ਭਾਗੇ ॥ ਸਬੈ ਤ੍ਰਾਸ ਪਾਗੇ ॥
ਭਈ ਜੀਤ ਮੇਰੀ ॥ ਕ੍ਰਿਪਾ ਕਾਲ ਕੇਰੀ ॥ 34 ॥

ਰਣੰ ਜੀਤਿ ਆਏ ॥ ਜਯੰ ਗੀਤ ਗਾਏ ॥
ਧਨੰਧਾਰ ਬਰਖੇ ॥ ਸਬੈ ਸੂਰ ਹਰਖੇ ॥ 35 ॥

ਜੁਧ ਜੀਤ ਆਏ ਜਬੈ ਟਿਕੈ ਨ ਤਿਨ ਪੁਰ ਪਾਂਵ ॥
ਕਾਹਲੂਰ ਮੈ ਬਾਂਧਿਯੋ ਆਨਿ ਅਨੰਦਪੁਰ ਗਾਂਵ ॥ 36 ॥

ਜੇ ਜੇ ਨਰ ਤੱਹ ਨਾ ਭਿਰੇ ਦੀਨੇ ਨਗਰ ਨਿਕਾਰ ॥
ਜੇ ਤਿਹ ਠਉਰ ਭਲੇ ਭਿਰੇ ਤਿਨੈ ਕਰੀ ਪ੍ਰਤਿਪਾਰ ॥ 37 ॥

ਬਹੁਤ ਦਿਵਸ ਇਹ ਭਾਂਤਿ ਬਿਤਾਏ ॥
ਸੰਤ ਉਬਾਰਿ ਦੁਸਟ ਸਭ ਘਾਏ ॥ 38 ॥

ਭਾਗ 9

ਨਾਦੌਣ ਦਾ ਯੁੱਧ

ਬਹੁਤ ਕਾਲ ਇਹ ਭਾਂਤਿ ਬਿਤਾਯੋ ॥
ਮੀਆ ਖਾਨ ਜੰਮੂ ਕਹ ਆਯੋ ॥
ਅਲਿਫਖਾਨ ਨਾਦੌਣ ਪਠਾਵਾ ॥
ਭੀਮਚੰਦ ਤਨ ਬੈਰ ਬਢਾਵਾ ॥ 1 ॥

ਜੁੱਧ ਕਾਜ ਨ੍ਰਿਪ ਹਮੈ ਬੁਲਾਯੋ ॥
ਆਪਿ ਤਵਨ ਕੀ ਓਰ ਸਿਧਾਯੋ ॥
ਤਿਨ ਕਠ ਗੜ੍ਹ ਨਵਰਸ ਪਰ ਬਾਂਧੋ ॥
ਤੀਰ ਤੁਫੰਗ ਨਰੇਸਨ ਸਾਂਧੋ ॥ 2 ॥

ਤਹਾਂ ਰਾਜ ਸਿੰਘ ਬਲੀ ਭੀਮ ਚੰਦੰ ॥
ਚੜਿਓ ਰਾਮ ਸਿੰਘ ਮਹਾਂ ਤੇਜਵੰਦੰ ॥
ਸੁਖੰਦੇਵ ਗਾਜੀ ਜਸਾਰੋਟ ਰਾਜੰ ॥
ਚੜੇ ਕਰੁਧ ਕੀਨੇ ਕਰੇ ਸਰਬ ਕਾਜੰ ॥ 3 ॥

ਪ੍ਰਿਥੀ ਚੰਦ ਚਢਿਓ ਡਢੇ ਡਢਵਾਰੰ ॥
ਚਲੇ ਸਿੱਧ ਹੁਐ ਕਾਜ ਰਾਜੰ ਸੁਧਾਰੰ ॥
ਕਰੀ ਢੂਕ ਢੋਅੰ ਕਿਰਪਾਲ ਚੰਦੰ ॥
ਹਟਾਏ ਸਬੈ ਮਾਰਿਕੈ ਬੀਰ ਬ੍ਰਿੰਦੰ ॥ 4 ॥

ਦੁਤੀਯ ਢੋਅ ਢੂਕੈ ਵਹੈ ਮਾਰਿ ਉਤਾਰੀ ॥
ਖਰੇ ਦਾਂਤ ਪੀਸੇ ਛੁਭੈ ਛੱਤ੍ਰਧਾਰੀ ॥
ਉਤੈ ਵੈ ਖਰੇ ਬੀਰ ਬੰਬੈ ਬਜਾਵੈ ॥
ਤਰੇ ਭੂਪ ਠਾਢੇ ਬਡੋ ਸੋਕੁ ਪਾਵੈ ॥ 5 ॥

ਤਬੇ ਭੀਮ ਚੰਦੰ ਕੀਯੋ ਕੋਪ ਆਪੰ ॥
ਹਨੂਮਾਨ ਕੇ ਮੰਤ੍ਰ ਕੋ ਮੁਖਿ ਜਾਪੰ ॥
ਸਬੈ ਬੀਰ ਬੋਲੇ ਹਮੈ ਭੀ ਬੁਲਾਯੰ ॥
ਤਬੈ ਢੋਅ ਕੈ ਕੈ ਸੁ ਨੀਕੇ ਸਿਧਾਯੰ ॥ 6 ॥

ਸਬੈ ਕੋਪ ਕੈ ਕੈ ਮਹਾਂਬੀਰ ਢੂਕੇ ॥
ਚਲੋ ਬਾਰਿਬੇ ਬਾਰ ਕੋ ਜਿਉਂ ਭਭੂਕੇ ॥
ਤਹਾਂ ਬਿਝੜਿਆਲੰ ਹਠਿਯੋ ਬੀਰ ਦਿਆਲੰ ॥
ਉਨਿਯੋ ਸੈਨ ਲੈ ਸੰਗਿ ਸੰਗਿ ਸਾਰੀ ਕ੍ਰਿਪਾਲੰ ॥ 7 ।

* * *

ਕ੍ਰਿਪਾਲ ਕੋਪਿਯੰ ॥ ਹਠੀ ਪਾਵ ਰੋਪਿਯੰ ॥
ਸਰੋਗੰ ਚਲਾਏ ॥ ਬਡੇ ਬੀਰ ਘਾਏ ॥ 11 ॥

* * *

ਕਰੋ ਜੁੱਧ ਚੰਡੰ ॥ ਸੁਣਿਯੋ ਨਾਵ ਖੰਡੰ ॥
ਚਲਿਯੋ ਸਸਤ੍ਰ ਬਾਹੀ ॥ ਰਜੌਤੀ ਨਿਬਾਹੀ ॥ 14 ॥

ਕੋਪ ਭਰੇ ਰਾਜਾ ਸਬੈ, ਕੀਨੋ ਜੁੱਧ ਉਪਾਇ ॥
ਸੈਨ ਕਟੋਚਨ ਕੀ ਤਬੈ, ਘੇਰ ਲਈ ਅਰ ਰਾਇ ॥ 15 ॥

ਚਲੇ ਨਾਂਗਲੂ ਪਾਂਗਲੂ ਵੇ ਦੜੋਲੰ ॥
ਜਸਵਾਰੇ ਗੁਲੇਰੇ ਚਲੇ ਬਾਂਧ ਟੋਲੰ ॥

ਤਹਾਂ ਏਕ ਬਾਜਿਯੋ, ਮਹਾਂਬੀਰ ਦਿਆਲੰ ॥
ਰਖੀ ਲਾਜ ਜੌਨੈ ਸਬੈ ਬਿਝੜਵਾਲੰ ॥ 16 ॥

ਤਵੰ ਕੀਟ ਤੌ ਲੌ, ਤੁਫੰਗੰ ਸੰਭਾਰੋ ॥
ਹ੍ਰਿਦੈ ਏਕ ਰਾਵੰਤ ਕੇ, ਤੱਕਿ ਮਾਰੋ ॥
ਗਿਰਿਯੋ ਝੂਮਿ ਭੂਮੇ ਕਰਯੋ ਜੁੱਧ ਸੁੱਧੰ ॥
ਤਊ 'ਮਾਰ' ਬੋਲਯੋ ਮਹਾਂ ਮਾਨਿ ਕਰੁੱਧੰ ॥ 17 ॥

ਟਜਿਯੋ ਤੁਪਕੰ, ਬਾਨ ਪਾਨੰ ਸੰਭਾਰੇ ॥
ਚਤੁਰ ਬਾਨਯੰ ਲੈ, ਸੁ ਸੱਬਿਯੰ ਪ੍ਰਹਾਰੇ ॥
ਤ੍ਰਿਯੋ ਬਾਣ ਲੈ, ਬਾਮ ਪਾਣੰ ਚਲਾਏ ॥
ਲਗੇ ਯਾ ਲਗੇ ਨਾ, ਕਛੂ ਜਾਨਿ ਪਾਏ ॥ 18 ॥

ਸੁ ਤਉ ਲਉ ਦਈਵ, ਜੁੱਧ ਕੀਨੋ ਉਝਾਰੰ ॥
ਤਿਨੇ ਖੇਦਕੈ, ਬਾਰਿ ਕੇ ਬੀਚ ਡਾਰੰ ॥ 19 ॥

* * *

ਭੱਜਯੋ ਆਲਿਰ ਖਾਨੰ, ਨ ਖਾਨਾ ਸੰਭਾਰਿਯੋ ॥
ਭਜੇ ਔਰ ਬੀਰੰ ਨ ਧੀਰੰ ਬਿਚਾਰਯੰ ॥
ਨਦੀ ਪੈ ਦਿਨੰ ਅਸਟ, ਕੀਨੇ ਮੁਕਾਮੰ ॥
ਭਲੀ ਭਾਂਤ ਦੇਖੇ, ਸਬੈ ਰਾਜ ਧਾਮੰ ॥ 22 ॥

ਹਿਤ ਹਮ ਹੋਇ ਬਿਦਾ ਘਰਿ ਆਏ ॥
ਸੁਲਹ ਨਮਿਤ ਵੈ ਉਤਹਿ ਸਿਧਾਏ ॥
ਸੰਧਿ ਇਨੈ ਉਨ ਕੈ ਸੰਗਿ ਕਈ ॥
ਹੇਤ ਕਥਾ ਪੂਰਨ ਇਤ ਭਈ ॥ 23 ॥

ਆਲਸੂਨ ਕੱਹ ਮਾਰਿਕੋ, ਇਹ ਦਿਸਿ ਕੀਯੋ ਪਯਾਨ ॥
ਭਾਂਤਿ ਅਨੇਕਨ ਕੇ ਕਰੇ ਪੁਰਿ ਅਨੰਦ ਸੁਖ ਆਨਿ ॥ 24 ॥

ਭਾਗ 10

ਖਾਨਜ਼ਾਦੇ ਦੀ ਮੁਹਿਮ

ਬਹੁਤ ਬਰਖ ਇਹ ਭਾਂਤਿ ਬਿਤਾਏ ॥
ਚੁਨਿ ਚੁਨਿ ਚੋਰ ਸਬੈ ਗਹਿ ਘਾਏ ॥
ਕੇਤ ਕਿ ਭਾਜਿ ਸਹਿਰ ਤੇ ਗਏ ॥
ਭੂਖਿ ਮਰਤ ਫਿਰਿ ਆਵਤ ਭਏ ॥ 1 ॥

ਤਬ ਲੌ ਖਾਮ ਦਿਲਾਵਰ ਆਇ ॥
ਪੂਤ ਆਪਨ ਹਮ ਓਰਿ ਪਠਾਏ ॥
ਦ੍ਵੈਕ ਘਰੀ ਬੀਬੀ ਨਿਸਿ ਜਬੈ ॥
ਚੜ੍ਹਤ ਕਰ ਹੀ ਖਾਨਨ ਮਿਲੀ ਤਬੈ ॥ 2 ॥

ਜਬ ਦਲ ਪਾਰ ਨਦੀ ਕੇ ਆਯੋ ॥
ਆਨਿ ਆਲਮੈ ਹਮੈ ਜਗਾਯੋ ॥
ਸੋਰੁ ਪੂਰਾ ਸਭ ਹੀ ਨਰ ਜਾਗੇ ॥
ਗਹਿ ਗਹਿ ਸਸਤ੍ਰ ਬੀਰ ਰਿਸ ਪਾਗੇ ॥ 3 ॥

ਛੂਟਨ ਲਗੀ ਤੁਫੰਗੈਂ ਤਬਹੀ ॥
ਗਹਿ ਗਹਿ ਸਸਤ੍ਰ ਰਿਸਾਨੇ ਸਬਹੀ ॥
ਕਰੂਰ ਭਾਂਤਿ ਤਿਨ ਕਰੀ ਪੁਕਾਰਾ ॥
ਸੋਰੁ ਸੁਨਾ ਸਰਤਾ ਕੇ ਪਾਰਾ ॥ 4 ॥

ਬਜੀ ਭੇਰ ਭੁੰਕਾਰ, ਧੁੰਕੇ ਨਗਾਰੇ ॥
ਮਹਾਂ ਬੀਰ ਬਾਨੈਤ, ਬੰਕੇ ਬਕਾਰੇ ॥
ਭਏ ਬਾਹੁ ਆਘਾਤ, ਨੱਚੇ ਮਰਾਲੰ ॥
ਕ੍ਰਿਪਾ ਸਿੰਧੁ ਕਾਲਿ, ਗਰੱਜੀ ਕਰਾਲੰ ॥ 5 ॥

ਨਦੀਯੰ ਲਖਯੋ ਕਾਲਰਾਤ੍ਰੰ ਸਮਾਨੰ ॥
ਕਰੇ ਸੂਰਮਾ ਸੀਤ ਪਿੰਗੰ ਪ੍ਰਮਾਨੰ ॥
ਇਤੇ ਬੀਰ ਗੱਜੇ, ਭਏ ਨਾਦ ਭਾਰੇ ॥
ਭਜੇ ਖ਼ਾਨ ਖੂਨੀ, ਬਿਨਾ ਸਸਤ੍ਰ ਝਾਰੇ ॥ 6 ॥

* * *

ਬਰਵਾ ਗਾਂਉ ਉਜਾਰ ਕੇ ਕਰੇ ਮੁਕਾਮ ਭਲਾਨ ॥
ਪ੍ਰਭ-ਬਲ ਹਮੈ ਨ ਛੁਇ ਸਕੈ ਭਾਜਤ ਪਏ ਨਿਦਾਨ ॥ 9 ॥

ਭਾਗ 11

ਹੁਸੈਨ ਖਾਂ ਦੀ ਮੁਹਿੰਮ

ਗਯੋ ਖ਼ਾਨਜਾਦਾ, ਪਿਤਾ ਪਾਸ ਭੱਜੰ ॥
ਸਕੈ ਜੁਾਬੂ ਦੇ ਨਾ ਹਨੇ ਸੂਰ ਲੱਜੰ ॥
ਤਹਾਂ ਠੋਕਿ ਬਾਹਾ, ਹੁਸੈਨੀ ਗਰੱਜਿਯੰ ॥
ਸਬੈ ਸੂਰ ਲੈ ਲੈ, ਸਿਲਾ ਸਾਜ ਸੱਜਿਯੰ ॥ 1 ॥

ਕਰਿਯੋ ਜੋਰਿ ਸੈਨੰ, ਹੁਸੈਨੀ ਪਯਾਨੰ ॥
ਪ੍ਰਥਮ ਕੂਟਿ ਕੈ, ਲੂਟ ਲੀਨੇ ਅਵਾਨੰ ॥
ਪੁਨਰਿ ਡੱਢਵਾਲੰ ਕੀਯੋ ਜੀਤਿ ਜੇਰੰ ॥
ਕਰੇ ਬੰਦਿ ਕੈ ਰਾਜ ਪੁਤ੍ਰਾਨ ਚੇਰੰ ॥ 2 ॥

ਪੁਨਿਰ ਦੂਨ ਕੋ, ਲੂਅ ਲੀਨੋ ਸੁਧਾਰੰ ॥
ਕੋਈ ਸਾਮੁਹੇ ਹ੍ਵੈ ਸਕਿਯੋ ਨ ਗਵਾਰੰ ॥
ਲੀਯੋ ਛੀਨ ਐਨੰ ਦਲੰ ਬਾਟਿ ਦੀਯੰ ॥
ਮਹਾਂ ਮੂੜਿਯੰ, ਕੁਤਸਤੰ ਕਾਜ ਕੀਯੰ ॥ 3 ॥

ਕਿਤਕ ਦਿਵਸ ਬੀਤਤ ਭਏ, ਕਰਤ ਉਸੈ ਉਤਪਾਤ ॥
ਗੁਆਲੇਰੀਯਨ ਕੀ ਪਰਤੇ ਭੀ, ਆਨਿ ਮਿਲਨ ਕੀ ਬਾਤ ॥ 4 ॥

ਜੋ ਦਿਨ ਦੁਇਕ ਨਵੇ ਮਿਲਤ, ਤਬ ਆਵਤ ਅਰਿਰਾਇ ॥
ਕਾਲਿ ਤਿਨੂ ਕੇ ਘਰ ਬਿਖੈ, ਡਾਰੀ ਕਲਹ ਬਨਾਇ ॥ 5 ॥

ਗੁਆਲੇਰੀਯਾ ਮਿਲਨ ਕਹੁ ਆਏ ॥
ਰਾਮ ਸਿੰਘ ਭੀ ਸੰਗਿ ਸਿਧਾਏ ॥
ਚਤੁਰਥ ਆਨਿ ਮਿਲਤ ਭਏ ਜਾਮੰ ॥
ਫੂਟਿ ਗਈ ਲਖਿ ਨਜਰਿ ਗੁਲਾਮੰ ॥ 6 ॥

ਜੈਸੇ ਰਵਿ ਕੇ ਤੇਜ ਤੇ ਰੇਤ ਅਧਿਕ ਤਪਤਾਇ ॥
ਰਵਿ ਬਲ ਛੁਦ੍ਰ ਨਾ ਜਾਨਈ, ਆਪਨ ਹੀ ਗਰਬਾਇ ॥ 7 ॥

ਤੈਸੇ ਹੀ ਫੂਲ ਗੁਲਾਮ ਜਾਤਿ ਭਯੋ ॥
ਤਿਨੈ ਨ ਦ੍ਰਿਸਟ ਤਰੇ ਆਨਤ ਭਯੋ ॥
ਕਹਲੂਰੀਯਾ ਕਟੌਚ ਸੰਗਿ ਲਹਿ ॥
ਜਾਨਾ ਆਨ ਨ ਮੋ ਸਰਿ ਮਹਿ ਮਹਿ ॥ 8 ॥

ਤਿਨ ਜੋ ਧਨ ਆਨੋ ਥੋ ਸਾਥਾ ॥
ਤੇ ਦੇ ਰਹੇ ਹੁਸੈਨੀ ਹਾਥਾ ॥
ਦੇਤ ਲੇਤ ਆਪਨ ਕੁਰਰਾਨੇ ॥
ਤੇ ਧੰਨਿ ਲੈ ਨਿਜਿ ਧਾਮ ਸਿਧਾਨੇ ॥ 9 ॥

ਚੇਰੋ ਤਬੈ ਤੇਜ ਤਨ ਤਯੋ ॥
ਭਲਾ ਬੁਰਾ ਕਛੁ ਲਖਤ ਨ ਭਯੋ ॥
ਛੰਦਬੰਦ ਨਹ ਨੈਕੁ ਬਿਚਾਰਾ ॥
ਜਾਤ ਭਯੋ ਦੇ ਤਬਹਿ ਨਗਾਰਾ ॥ 10 ॥

ਦਾਵ ਘਾਵ ਤਿਨ ਨੈਕੁ ਨ ਕਰਾ ॥
ਸਿੰਘਹਿ ਘੇਰਿ ਸਸਾ ਕਹੁ ਡਰਾ ॥
ਪੰਦ੍ਰਹ ਪਹਰਿ ਗਿਰਦ ਤਿਹ ਕੀਯੋ ॥
ਖਾਨ ਪਾਨਿ ਤਿਨ ਸਾਨ ਨ ਦੀਯੋ ॥ 11 ॥

ਖਾਨ ਪਾਨ ਬਿਨੁ ਸੂਰ ਰਿਸਾਏ ॥
ਸਾਮ ਕਰਨ ਹਿਤ ਦੂਤ ਪਠਾਏ ॥
ਦਾਸ ਨਿਰਖਿ ਸੰਗ ਸੈਨ ਪਠਾਨੀ ॥
ਫੂਲਿ ਗਯੋ ਤਿਨ ਕੀ ਨਹੀਂ ਮਾਨੀ ॥ 12 ॥

ਦਸ ਸਹੰਸ੍ਰ ਅਬ ਹੀ ਕੈ ਦੈਹੂ ॥
ਨਾਤਰ ਮੀਚ ਮੂੰਡ ਪਰ ਲੈਹੁ ॥
ਸਿੰਘ ਸੰਗਤੀਯਾ ਤਹਾਂ ਪਠਾਏ ॥
ਗੋਪਾਲੈ ਸੁ ਧਰਮੁ ਦੇ ਲਯਾਏ ॥ 13 ॥

ਤਿਨਕੇ ਸੰਗਿ ਨ ਉਨਕੀ ਬਾਨੀ ॥
ਤਬ ਕ੍ਰਿਪਾਲ ਚਿਤ ਮੋ ਇਹ ਗਨੀ ॥
ਐਸਿ ਘਾਤਿ ਫਿਰਿ ਹਾਥ ਨ ਐ ਹੈ ॥
ਸਬਹੂੰ ਫੇਰਿ ਸਮੋ ਛਲਿ ਜੈ ਹੈ ॥ 14 ॥

ਗੋਪਾਲੇ ਸੁ ਅਬੈ ਗਹਿ ਲੀਜੈ ॥
ਕੈਦ ਕੀਜੀਐ ਕੈ ਬਧ ਕੀਜੈ ॥
ਤਨਿਕ ਭਨਕ ਜਬਤਿਨ ਸੁਨਿ ਪਾਈ ॥
ਨਿਜ ਦਲ ਜਾਤ ਭਯੋ ਭਟ ਰਾਈ ॥ 15 ॥

ਜਬ ਗਯੋ ਗੁਪਾਲ ॥ ਕੁੱਪਿਯੋ ਕ੍ਰਿਪਾਲ ॥
ਹਿੰਮਤ ਹੁਸੈਨ ॥ ਜੰਮੇ ਲੁਝੈਨ ॥ 16 ॥

* * *

ਤਬੈ ਕੋਪੀਯੰ ਕਾਂਗੜੇਸੰ ਕਟੋਚੰ ॥
ਮੁਖੰ ਰਕਤ ਨੈਨੰ ਤਜੇ ਸਰਬ ਸੋਚੰ ॥
ਉਤੈ ਉਠੀਯੰ ਖਾਨ ਖੇਤੰ ਖਤੰਗੰ ॥
ਮਨੋ ਬਿਹਚਰੇ ਮਾਸ ਹੇਤੰ ਪਲੰਗੰ ॥ 26 ॥

* * *

ਹਰੀ ਸਿੰਘ ਧਾਯੋ ਤਹਾਂ ਏਕ ਬੀਰੰ ॥
ਸਹੇ ਦੇਹੇ ਆਪੰ ਭਲੀ ਭਾਂਤਿ ਤੀਰੰ ॥

ਮਹਾਂ ਕੋਪ ਕੈ ਬੀਰ ਬ੍ਰਿੰਦੰ ਸੰਘਾਰੈ ॥
ਬਡੋਕੇ ਜੁੱਧ ਕੈ ਦੇਵ ਲੋਕੰ ਪਧਾਰੇ ॥ 31 ॥

ਹਠਿਯੋ ਹਿੰਮਤੰ ਕਿੰਮਤੰ ਲੈ ਕ੍ਰਿਪਾਨੰ ॥
ਲਏ ਗੁਰਜ ਚਲੰ ਸੁ ਜੱਲਾਲ ਖਾਨੰ ॥
ਹਠੇ ਸੂਰਮਾ ਮੱਤ ਜੋਧਾ ਜੁਝਾਰੰ ॥
ਪਰੀ ਕੁੱਟ ਕੁੱਟੰ ਉਠੀ ਸਸਤ੍ਰ ਝਾਰੰ ॥ 32 ॥

ਜਸੰਵਾਲ ਧਾਏ ॥ ਤੁਰੰਗੰ ਨਚਾਏ ॥
ਲਯੋ ਘੇਰਿ ਹੁਸੈਨੀ ॥ ਹਨਯੋ ਸਾਂਗ ਪੈਨੀ ॥ 33 ॥

* * *

ਤਹਾ ਆਪ ਕੀਨੋ, ਹੁਸੈਨੀ ਉਤਾਰੰ ॥
ਸਭੁੰ ਹਾਥਿ ਬਾਣੰ ਕਮਾਣੰ ਸੰਭਾਰੰ ॥
ਰੁਪੇ ਖ਼ਾਨ ਖ਼ੂਨਿ, ਕਰੈ ਲਾਗ ਜੁੱਧੰ ॥
ਮੁਖੰ ਰਕਤ ਨੈਣੰ, ਭਰੇ ਸੂਰ ਕਧੰ ॥ 45 ॥

ਜਗਿਯੋ ਜੰਗ ਜਾਲਮ, ਸੁ ਜੋਝੰ ਜੁਝਾਰੰ ॥
ਬਹੇ ਬਾਣ ਬਾਂਕੇ ਬਰੱਛੀ ਢਧਾਰੰ ॥
ਮਿਲੇ ਬੀਰ ਬੀਰੰ ਮਹਾਂਧੀਰ ਬੰਕੇ ॥ 46 ॥

* * *

ਪਰਿਯੋ ਘੋਰ ਜੁੱਧੰ, ਸੁ ਸੈਨਾ ਪਰਾਨੀ ॥
ਤਹਾਂ ਖਾ ਹੁਸੈਨੀ ਮੰਡਿਓ ਬੀਰ ਬਾਨੀ ॥
ਉਤੈ ਬੀਰ ਧਾਏ ਸੁ ਬੀਰੰ ਜਸ੍ਵਾਰੰ ॥
ਸਬੈ ਬਿਉਂਤ ਡਾਰੇ, ਬਗਾ ਸੇ ਅਸ੍ਵਾਰੰ ॥ 50 ॥

ਤਹਾਂ ਖਾਂ ਹੁਸੈਨੀ, ਰਹਿਯੋ ਏਕ ਠਾਢੰ ॥
ਮਨੋ ਜੁੱਧ ਖੰਭੰ ਰਣੰਭੂਮ ਗਾਡੰ ॥
ਜਿਸੈ ਕੋਪ ਕੈ ਕੈ, ਹਨੀ ਬਾਨਿ ਮਾਰਿਯੋ ॥ 51 ॥

ਸਹੇ ਬਾਣ ਸੂਰੰ, ਸਭੈ ਆਣ ਢੂਕੇ ॥
ਚਹੂੰ ਓਰ ਤੈ ਮਾਰ ਹੀ ਮਾਰ ਕੂਕੈ ॥
ਭਲੀ ਭਾਂਤਿ ਸੋ ਅਸਤ੍ਰ ਅਉ ਸਸਤ੍ਰ ਝਾਰੇ ॥
ਗਿਰੇ ਭਿਸਤ ਕੋ, ਖਾਂ ਹੁਸੈਨੀ ਸਿਧਾਰੇ ॥ 52 ॥

ਕੋਪਿ ਕਟੋਚਿ ਸਬੈ ਮਿਲਿ ਧਾਏ ॥
ਹਿੰਮਤਿ ਕਿੰਮਤਿ ਸਹਿਤ ਰਿਸਾਏ ॥

ਹਰੀ ਸਿੰਘ ਤਬ ਕੀਯਾ ਉਠਾਨਾ ॥
ਚੁਨਿ ਚੁਨਿ ਹਨੇ ਪਖਰੀਯਾ ਜੁਆਨਾ ॥ 54 ॥
ਤਬੈ ਕਟੋਚ ਕੋਪੀਯੰ ॥ ਸੰਭਾਰ ਪਾਂਵ ਰੋਪੀਯੰ ॥
ਸਰੱਕ ਸਸਤ੍ਰ ਝਾਰ ਹੀ ॥ ਸੁਮਾਰਿ ਮਾਰਿ ਉਕਾਰ ਹੀ ॥ 55 ॥

ਚੰਦੇਲ ਚੋਪੀਯੰ ਤਬੈ ॥ ਰਿਸਾਤ ਧਾਤ ਭੇ ਸਬੈ ॥
ਜਿਤ ਗਏ ਸੁ ਮਾਰੀਯੰ ॥ ਬਚੇ ਤਿਤੇ ਸਿਦਾਰੀਯੰ ॥ 56 ॥

ਸਾਤ ਸਵਾਰਨ ਕੇ ਸਹਿਤ, ਦੂਝੇ ਸੰਗਤ ਰਾਇ ॥
ਦਰਸੋ ਸੁਨਿ ਜੁੱਝ ਤਿਨੈ ਬਹੁਰ ਜੁੱਝਤ ਭਯੋਆਇ ॥ 57 ॥

* * *

ਰਣ ਜੁੱਝਤ ਕਿਰਪਾਲ ਕੈ, ਨਾਚਤ ਭਯੋ ਗੁਪਾਲ ॥
ਸੈਨ ਬਬੈ ਸਿਰਦਾਰ ਦੈ ਭਾਜਤ ਭਈ ਬਿਹਾਲ ॥ 65 ॥

* * *

ਇਹਿ ਬਿਧਿ ਸਤ੍ਰ ਸਬੇ ਚੁਨਿ ਮਾਰੇ ॥
ਗਿਰੇ ਆਪਨੇ ਸੂਰ ਸੰਭਾਰੇ ॥
ਤਹ ਘਾਇਲ ਹਿੰਮਤ ਕੌਹ ਲਹਾ ॥
ਰਾਮ ਸਿੰਘ, ਗੋਪਾਲ ਸਿਉਂ ਕਹਾ ॥ 67 ॥

ਜਿਨਿ ਹਿੰਮਤ ਅਸ ਕਲਹ ਬਢਾਯੋ ॥
ਘਾਇਲ ਆਜੁ ਹਾਥ ਵਹ ਆਯੋ ॥
ਜਬ ਗੁਪਾਲ ਐਸੇ ਸੁਨਿ ਪਾਵਾ ॥
ਮਾਰਿ ਦੀਯੋ ਜੀਅਤ ਨ ਉਠਾਵਾ ॥ 68 ॥

ਜੀਤ ਭਈ ਰਨ ਭਯੋ ਉਜਾਰਾ ॥
ਸਿਮ੍ਰਿਤ ਕਰਿ ਸਭ ਘਰੋਂ ਸਿਧਾਰਾ ॥
ਰਾਖਿ ਲੀਯੋ ਹਮ ਕੋ ਜਗਰਾਈ ॥
ਲੋਹ ਘਟਾ ਅਨ ਤੇ ਬਰਸਾਈ ॥ 69 ॥

ਭਾਗ 12

ਜੁਝਾਰ ਸਿੰਘ ਦੀ ਮੁਹਿਮ

ਜੁੱਧ ਭਯੋ ਇਹ ਭਾਂਤਿ ਅਪਾਰਾ ॥
ਤੁਰਕਨ ਕੋ ਮਾਰਯੋ ਸਿਰਦਾਰਾ ॥
ਰਿਸ ਤਨ ਖ ਾਨ ਦਿਲਾਵਰ ਤਸੇ ॥
ਇਤੈ ਸਉਰ ਪਠਾਵਤ ਤਏ ॥ 1 ॥

ਉਤੈ ਪਠਿਉ ਉਨਿ ਸਿੰਘ ਜੁਝਾਰਾ ॥
ਤਿੱਹ ਭਲਾਨ ਤੇ ਖੇਦਿ ਨਿਕਾਰਾ ॥
ਇਤ ਗਜ ਸਿੰਘ, ਪੰਮਾ ਦਲ ਜੋਰਾ ॥
ਧਾਇ ਪਰੇ ਤਿਨ ਊਪਰ ਭੋਰਾ ॥ 2 ॥

ਉਤੇ ਜੁਝਾਰ ਸਿੰਘ ਭਯੋ ਆਡਾ ॥
ਜਿਮ ਰਨਖੰਭ ਭੂਮਿਰਨਿ ਗਾਡਾ ॥
ਗਾਡਾ ਚਲੈ ਨ ਹਾਡਾ ਚਲਿ ਹੈ ॥
ਸਾਮੁਹਿ ਸੇਲ ਸਮਰ ਮੋ ਝਲਿ ਹੈ ॥ 3 ॥

ਬਾਟਿ ਚੜੈ ਦਲ ਦੋਊ ਜੁਝਾਰਾ ॥
ਉਤੈ ਚੰਦੇਲ ਇਤੇ 'ਜਸਵਾਰਾ' ॥
ਮੰਡਿਯੋ ਬੀਰ ਖੇਤ ਮੇ ਜੁੱਧਾ ॥
ਉਪਜਿਯੋ ਸਮਰ ਸੂਰਮਨ ਕਰੁੱਧਾ ॥ 4 ॥

* * *

ਇਹ ਬਿਧਿ ਹੋਤ ਭਯੋ ਸੰਗ੍ਰਾਮਾ ॥
ਜੂਝੈ ਚੰਦ ਨਰਾਇਨ ਨਾਮਾ ॥
ਤਬ ਜੁਝਾਰ ਏਕਲ ਹੀ ਧਯੋ ॥
ਬੀਰਨ ਘੇਰਿ ਦਸੋਦਿਸ ਲਯੋ ॥ 10 ॥

ਧਸਯੋ ਕਟਕ ਮੇ ਝਟਕ ਦੈ, ਕਛੂ ਨ ਸੰਕ ਬਿਚਾਰ ॥
ਗਾਹਤ ਭਯੋ ਸੁਭਟਨ ਬਡਿ, ਬਾਹਤਿ ਭਯੋ ਹਥਿਯਾਰ ॥ 11 ॥

ਇਹੀ ਬਿਧਿ ਘਨੇ ਘਰਨ ਕੋ ਗਾਰਾ ॥
ਭਾਂਤਿ ਭਾਂਤਿ ਕੇ ਕਰੇ ਹਥਿਆਰਾ ॥
ਚੁਨਿ ਚੁਨਿ ਬੀਰ ਪਖਰੀਆ ਮਾਰੇ ॥
ਅੰਤਿ ਦੇਵਪੁਰਿ ਆਪ ਪਧਾਰੇ ॥ 12 ॥

ਭਾਗ 13

ਸ਼ਹਜ਼ਾਦੇ ਦਾ ਆਗਮਨ

ਇਹ ਬਿਧਿ ਸੋ ਬਧ ਭਯੋ ਜੁਝਾਰਾ ॥
ਆਨ ਬਸੇ ਤਬ ਧਾਮ ਲੁਝਾਰਾ ॥
ਤਬ ਅਉਰੰਗ ਮਨ ਮਾਹਿ ਰਿਸਾਵਾ ॥
ਮੱਦ੍ਰ ਦੇਸ ਕੋ ਪੂਤ ਪਠਾਵਾ ॥ 1 ॥

ਤਿੱਹ ਆਵਤ ਸਭ ਲੋਕ ਡਰਾਨੇ ॥
ਬਡੇ ਬਡੇ ਗਿਰਿ ਹੀਰੇ ਲੁਕਾਨੇ ॥
ਹਮ ਹੂ ਲੋਗਨ ਅਧਿਕ ਡਰਾਯੋ ॥
ਕਾਲ ਕਰਮ ਕੋ ਮਰਮ ਨ ਪਾਯੋ ॥ 2 ॥

ਕਿਤਕ ਲੋਕ ਤਜਿ ਸੰਗਿ ਸਿਧਾਰੇ ॥
ਜਾਇ ਬਸੇ ਗਿਰਿਵਰ ਜੱਹ ਭਾਰੇ ॥
ਚਿਤ ਮੂਜ਼ੀਯਨ ਕੋ ਅਧਿਕ ਡਰਾਨਾ ॥
ਤਿਨੈ ਉਬਾਰ ਨ ਅਪਨਾ ਜਾਨਾ ॥ 3 ॥

ਤਬ ਅਉਰੰਗ ਜੀਅ ਮਾਂਝ ਰਿਸਾਏ ॥
ਏਕ ਅਹਦੀਆਂ ਈਹਾਂ ਪਠਾਏ ॥
ਹਮ ਤੇ ਭਾਜਿ ਬਿਮੁਖ ਜੇ ਗਏ ॥
ਤਿਨਕੇ ਧਾਮ ਗਿਰਾਵਤ ਭਏ ॥ 4 ॥

'ਬਾਬੇ ਕੇ' 'ਬਾਬਰ ਕੇ' ਦੋਊ ॥
ਆਪ ਕਰੇ ਪਰਮੇਸਰ ਸੋਊ ॥
ਦੀਨਸ਼ਾਹ ਇਨ ਕੋ ਪਹਿਚਾਨੋ ॥
ਦੁਨੀਪੱਤਿ ਉਨ ਕੋ ਅਨੁਮਾਨੋ ॥ 9 ॥

ਜੋ ਬਾਬੇ ਕੇ ਦਾਮ ਨ ਦੈ ਹੈ ॥
ਤਿਨ ਤੇ ਗਹਿ ਬਾਬਰ ਕੇ ਲੈ ਹੈ ॥
ਦੈ ਦੈ ਤਿਨ ਕੋ ਬਡੀ ਸਜਾਇ ॥
ਪੁਨਿ ਲੈ ਹੈ ਗ੍ਰਿਹਿ ਲੂਟ ਬਨਾਇ ॥ 10 ॥

* * *

ਮਿਰਜਾ ਬੇਗ ਹੁਤੋ ਇਹ ਨਾਮੰ ॥
ਜਿਨ ਢਾਹੇ ਬੇਮੁਖਨ ਕੇ ਧਾਮੰ ॥
ਸਭ ਸਨਮੁਖ ਗੁਰ ਆਪ ਬਚਾਏ ॥
ਤਿਨਕੇ ਬਾਰ ਨ ਬਾਂਕਨ ਪਾਏ ॥ 16 ॥

ਉਤ ਅਉਰੰਗ ਜੀਯ ਅਧਿਕ ਰਿਸਾਯੋ ॥
ਚਾਰ ਅਹਦੀਯਨ ਅਉਰ ਪਠਾਯੋ ॥
ਜੇ ਬੇਮੁਖ ਤਾ ਤੇ ਬਚਿ ਆਏ ॥
ਤਿਨ ਕੇ ਗ੍ਰਿਹ ਪੁਨਿ ਇਨੈ ਗਿਰਾਏ ॥ 17 ।

ਪਰਿਸ਼ਿਸ਼ਟ ਸ

ਪੁਸਤਕਾਵਲੀ

ਉਹ ਕ੍ਰਿਤਾਂ ਜੋ ਪਹਿਲੀ ਸੈਂਚੀ ਦੀ ਪੁਸਤਕਾਵਲੀ ਵਿਚ ਗਿਣੀਆਂ ਜਾ ਚੁਕੀਆਂ ਹਨ ਅਤੇ ਜਿਨ੍ਹਾਂ ਦਾ ਇਸ ਸੈਂਚੀ ਅਧੀਨ ਲਏ ਗਏ ਕਾਲ ਨਾਲ ਵੀ ਸੰਬੰਧ ਹੈ, ਛਡ ਦਿੱਤੀਆਂ ਗਈਆਂ ਹਨ।

1. ਗੁਰਮੁਖੀ

—ਦਸ਼ਮ ਪਾਤਸ਼ਾਹ ਕਾ ਗ੍ਰੰਥ

ਗੁਰੂ ਗੋਬਿੰਦ ਸਿੰਘ ਜੀ ਦੁਆਰਾ ਗ੍ਰੰਥ ਸਾਹਿਬ ਦੀ ਰਚਨਾ ਬਾਰੇ ਇਕ ਸਿੱਖ ਰਵਾਇਤ ਦੇ ਦੋ ਵੱਖ ਵੱਖ ਰੂਪ ਹਨ। ਵਾਰਤਾ ਇਹ ਹੈ ਕਿ ਆਪਣੇ ਪਿਤਾ ਦੀ ਗੱਦੀ ਤੇ ਬੈਠਣ ਮਗਰੋਂ ਗੁਰੂ ਜੀ ਨੇ ਗੁਰੂ ਅਰਜਨ ਜੀ ਵਾਲੀ ਬੀੜ, ਜਿਹੜੀ ਕਿ ਕੀਰਤਪੁਰ ਵਿਖੇ ਧੀਰ ਮਲ ਕੋਲ ਸੀ, ਮੰਗਵਾਉਣ ਲਈ ਬੰਦਾ ਭੇਜਿਆ। ਇਹ ਪ੍ਰਤੱਖ ਹੈ ਕਿ ਧੀਰ ਮਲ ਦੀ ਗੁਰੂ ਤੇਗ ਬਹਾਦੁਰ ਜੀ ਨਾਲ ਕੋਈ ਮਿੱਤਰਾਚਾਰੀ ਨਹੀਂ ਸੀ ਅਤੇ ਕਿਹਾ ਜਾਂਦਾ ਹੈ ਕਿ ਉਸਨੇ ਉੱਤਰ ਭੇਜਿਆ ਕਿ ਜੇਕਰ ਗੁਰੂ ਗੋਬਿੰਦ ਸਿੰਘ ਸੱਚੇ ਗੁਰੂ ਹਨ ਅਤੇ ਜੇ ਉਨ੍ਹਾਂ ਵਿਚ ਗੁਰੂ ਨਾਨਕ ਦੀ ਜੋਤ ਹੈ ਤਾਂ ਅਜੇਹੇ ਗ੍ਰੰਥ ਦੀ ਰਚਨਾ ਉਹ ਸਹਿਜੇ ਹੀ ਕਰ ਸਕਦੇ ਹਨ। ਗੁਰੂ ਜੀ ਨੇ ਇਸ ਵੰਗਾਰ ਨੂੰ ਸਵੀਕਾਰ ਕਰ ਲਿਆ, ਪਰੰਤੂ ਇਥੇ ਰਵਾਇਤ ਵਿਚ ਅੰਤਰ ਆ ਜਾਂਦਾ ਹੈ ਅਤੇ ਜੋ ਕੁਝ ਪਿਛੋਂ ਵਾਪਰਦਾ ਹੈ ਉਸ ਦੇ ਸਾਡੇ ਕੋਲ ਦੋ ਰੂਪ ਹਨ। ਕੁਝ ਕਹਿੰਦੇ ਹਨ ਇਸ ਅਨੁਸਾਰ ਗੁਰੂ ਜੀ ਨੇ 'ਦਸਮ ਪਾਤਸ਼ਾਹ ਕਾ ਗ੍ਰੰਥ' ਦੀ ਰਚਨਾ ਕੀਤੀ (ਟੀ. ਬੈਨਰਜੀ, ਉਪਰੋਕਤ ਰਚਨਾ, ਪੰਨਾ 216; ਕੋਰਟ, ਉਪਰੋਕਤ ਰਚਨਾ, ਪੰਨਾ 43) ਜਦ ਕਿ ਦੂਜੇ ਇਹ ਦਾਹਵਾ ਕਰਦੇ ਹਨ ਕਿ ਧੀਰ ਮਲ ਦੇ ਗੁਰੂ ਅਰਜਨ ਵਾਲੀ ਬੀੜ ਦੇਣ ਤੋਂ ਇਨਕਾਰ ਕਰਨ ਨੇ ਹੀ ਗੁਰੂ ਜੀ ਨੂੰ ਦਮਦਮੇ ਵਿਖੇ ਭਾਈ ਮਨੀ ਸਿੰਘ ਨੂੰ ਸਾਰਾ ਗ੍ਰੰਥ ਲਿਖਵਾਉਣ ਲਈ ਉਕਸਾਇਆ (ਪੰਥ ਪ੍ਰਕਾਸ਼, ਪੰਨਾ 255; ਮੈਕਾਲਿਫ਼, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 223; ਇਤਿਹਾਸ ਗੁਰੂ ਖਾਲਸਾ, ਪੰਨਾ 338)।

ਕਨਿੰਘਮ ਪਹਿਲੀ ਵਿਆਖਿਆ ਨੂੰ ਸਵੀਕਾਰ ਕਰਦਾ ਜਾਪਦਾ ਹੈ, ਕਿਉਂਕਿ ਉਹ ਕਹਿੰਦਾ ਹੈ ਕਿ ਗੁਰੂ ਜੀ ਦਮਦਮੇ ਵਿਖੇ ਜ਼ਿਮਨੀ ਗ੍ਰੰਥ ਦੀ ਰਚਨਾ ਵਿਚ ਰੁਝੇ ਹੋਏ ਸਨ ਤਾਂਕਿ ਦੀਨਦਾਰਾਂ ਵਿਚ ਬਲ ਪੈਦਾ ਕੀਤਾ ਜਾ ਸਕੇ (ਉਪਰੋਕਤ ਰਚਨਾ, ਪੰਨਾ 80)। ਪਰੰਤੂ ਇਹ ਸਾਰੇ ਦਾ ਸਾਰਾ ਸੱਚ ਨਹੀਂ ਹੋ ਸਕਦਾ। ਦਸਮ ਗ੍ਰੰਥ ਇਕ ਵੱਡੀ ਅਤੇ ਭਾਰੀ ਰਚਨਾ ਹੈ ਜਿਸ ਵਿਚ ਵਿਕੋਲਿਤਰੇ ਵਿਸ਼ਿਆਂ ਦਾ ਰਲਗਡ ਜਿਹਾ ਹੈ ਅਤੇ ਅੰਦਰਲੀ ਗਵਾਹੀ ਤੋਂ

ਇਹ ਸਪਸ਼ਟ ਹੈ ਕਿ ਇਸ ਦੇ ਵੱਖ ਵੱਖ ਭਾਗ ਵੱਖਰੇ ਵੱਖਰੇ ਲੇਖਕਾਂ ਨੇ ਵੱਖ ਵੱਖ ਸਮਿਆਂ ਉਪਰ ਲਿਖੇ ਹਨ। ਦਸਿਆ ਗਿਆ ਹੈ ਕਿ ਗੁਰੂ ਜੀ ਨੇ ਆਪਣੀ ਸੇਵਾ ਵਿਚ ਬਵੰਜਾ ਕਵੀ ਰੱਖੇ ਹੋਏ ਸਨ ਅਤੇ ਉਨ੍ਹਾਂ ਵਿਚੋਂ ਬਹੁਤਿਆਂ ਦੇ ਨਾਂ 'ਪੰਥ ਪ੍ਰਕਾਸ਼' (ਪੰਨਾ 164 ਪਦ-ਟਿਪਣੀ) ਵਿਚ ਦਿੱਤੇ ਹੋਏ ਹਨ। ਇਸ ਦੇ ਨਾਲ ਨਾਲ ਗੁਰੂ ਜੀ ਨੇ ਅਧਿਕ ਮਹੱਤਾ ਵਾਲੇ ਹਿੰਦੂ ਮਿਥਿਹਾਸਕ ਗ੍ਰੰਥਾਂ ਦਾ ਅਨੁਵਾਦ ਅਤੇ ਸੰਖੇਪ ਰੂਪ ਕਰਨੇ ਆਰੰਭ ਕਰ ਦਿੱਤੇ ਸਨ ਅਤੇ ਕੁਝ ਇੱਕੇ ਦੁੱਕੇ ਪ੍ਰਮਾਣਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਦਾ ਬਹੁਤਾ ਹਿੱਸਾ 1699 ਤੋਂ ਵੀ ਪਹਿਲਾਂ ਪੂਰਾ ਹੋ ਗਿਆ ਸੀ (ਪੰਥ ਪ੍ਰਕਾਸ਼, ਪੰਨਾ 164; ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 67; ਕਰਤਾਰ ਸਿੰਘ, ਉਪਰੋਕਤ ਰਚਨਾ, ਪੰਨਾ 98, 99)। ਪਰੰਤੂ ਇਸ ਨਾਲ ਇਹ ਸੰਭਾਵਨਾ ਕਿ ਇਸ ਦਾ ਕੁਝ ਹਿੱਸਾ ਦਮਦਮੇ ਲਿਖਿਆ ਗਿਆ ਹੋਵੇ, ਖਤਮ ਨਹੀਂ ਹੁੰਦੀ। ਨਾਰੰਗ ਦਾ ਕਹਿਣਾ ਹੈ ਕਿ ਗੁਰੂ ਜੀ ਨੇ ਦਸਮ ਗ੍ਰੰਥ ਦਮਦਮੇ ਵਿਚ ਸੰਪੂਰਨ ਕੀਤਾ (ਉਪਰੋਕਤ ਰਚਨਾ, ਪੰਨਾ 166) ਪਰੰਤੂ ਸਾਨੂੰ ਸਿੱਖ ਉਲੇਖਾਂ ਤੋਂ ਪਤਾ ਚਲਦਾ ਹੈ ਕਿ ਭਾਈ ਮਨੀ ਸਿੰਘ ਵਾਲਾ ਸੰਕਲਨ, ਗੁਰੂ ਜੀ ਦੇ ਅਕਾਲ-ਚਲਾਣੇ ਤੋਂ ਛੱਬੀ ਵਰ੍ਹੇ ਪਿਛੋਂ ਹੋਇਆ (ਮੈਕਾਲਿਫ, ਉਪਰੋਕਤ ਰਚਨਾ, ਸੈਂਚੀ ਪੰਜਵੀਂ, ਪੰਨਾ 233, ਪਦ ਟਿਪਣੀ)।

ਨਾਰੰਗ ਕਹਿੰਦਾ ਹੈ : "ਸੰਗ੍ਰਹਿ ਗੁਰੂ ਜੀ ਨੂੰ ਸੋਭਾ ਨਹੀਂ ਦਿੰਦਾ ਅਤੇ ਸਵਾਏ ਗੁਰੂ ਜੀ ਦੀਆਂ ਆਪਣੀਆਂ ਰਚਨਾਵਾਂ ਦੇ ਇਸ ਦਾ ਬਹੁਤ ਸਾਰਾ ਹਿੱਸਾ ਛਡਿਆ ਜਾ ਸਕਦਾ ਹੈ। ਪੜ੍ਹੇ ਲਿਖੇ ਸਿੱਖਾਂ ਵਿਚ ਇਸ ਗ੍ਰੰਥ ਦੀ ਬਹੁਤੀ ਮਾਨਤਾ ਨਹੀਂ ਅਤੇ ਇਸ ਦੀ ਬਹੁਤੀ ਸਾਮਗ੍ਰੀ ਨੂੰ ਜਾਹਲੀ ਸਮਝਦੇ ਹਨ।" (ਉਪਰੋਕਤ ਰਚਨਾ, ਪੰਨਾ 364)। ਇਹ ਸੱਚ ਵੀ ਹੋ ਸਕਦਾ ਹੈ ਪਰ ਫਿਰ ਵੀ 'ਬਚਿਤ੍ਰ ਨਾਟਕ' ਦੀ ਮਹੱਤਾ ਨੂੰ ਪਹਿਲੋਂ ਦ੍ਰਿੜਾਇਆ ਜਾ ਚੁਕਿਆ ਹੈ ਅਤੇ ਹੋਰਨਾਂ ਵਿਸ਼ਿਆਂ ਪ੍ਰਤੀ ਗੁਰੂ ਜੀ ਦਾ ਦ੍ਰਿਸ਼ਟੀਕੋਣ ਜਾਨਣ ਲਈ ਦੂਜੀਆਂ ਪੁਸਤਕਾਂ ਦੀ ਉਪਯੋਗਤਾ ਨੂੰ ਘਟਾਇਆ ਨਹੀਂ ਜਾ ਸਕਦਾ। ਕੁਝ ਅਨੁਵਾਦਾਂ, ਜਿਹੜੇ ਕਿ ਗੁਰੂ ਜੀ ਨੇ ਆਪ ਕੀਤੇ ਸਨ, ਦੀਆਂ ਭੂਮਿਕਾਵਾਂ ਵਿਚ ਦਿੱਤੀ ਟਿਪਣੀ ਅਤੇ ਇਨ੍ਹਾਂ ਦੇ ਅੰਤ ਵਿਚ ਇਨ੍ਹਾਂ ਦੀ ਰਚਨਾ ਦੀ ਮਿਤੀ ਵਿਵਾਦ ਗ੍ਰਸਤ ਮਾਮਲਿਆਂ ਉਤੇ ਰੋਸ਼ਨੀ ਪਾਉਂਦੇ ਹਨ। ਕੁਝ ਹੋਰ ਕ੍ਰਿਤਾਂ, ਜਿਹੜੀਆਂ ਗੁਰੂ ਜੀ ਦੀ ਸੇਵਾ ਵਿਚ ਲੱਗੇ ਕਵੀਆਂ ਦੀਆਂ ਦਸੀਆਂ ਜਾਂਦੀਆਂ ਹਨ, ਵੀ ਬਿਲਕੁਲ ਅਨਉਪਯੋਗੀ ਨਹੀਂ ਹਨ ਕਿਉਂਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਉਨ੍ਹਾਂ ਦੀਆਂ ਸਰਗਰਮੀਆਂ ਵਿਚ, ਹਿੰਦੂ ਧਰਮ, ਮਿਥਿਹਾਸ ਦਰਸ਼ਨ, ਇਤਿਹਾਸ ਅਤੇ ਸਾਹਿਤ ਨੇ ਜੋ ਭਾਗ ਪਾਇਆ ਹੈ, ਦੀਆਂ ਸੋਹਣੀਆਂ ਸੂਚਕ ਹਨ। ਦੂਜੇ ਪਾਸੇ ਇਸ ਕ੍ਰਿਤ ਦੇ ਕਈ ਵੱਡੇ ਭਾਗ ਸਾਡੇ ਲਈ ਬੇਲੋੜੇ ਹਨ ਜਿਵੇਂ ਕਿ 'ਇਸਤ੍ਰੀ ਚ੍ਰਿਤਰ', ਭਾਵੇਂ ਇਨ੍ਹਾਂ ਦੀ ਮਹੱਤਾ ਸਾਹਿਤਕ ਵਿਦਿਆਰਥੀਆਂ ਲਈ ਕਿੰਨੀ ਹੀ ਕਿਉਂ ਨਾ ਹੋਵੇ।

ਇਸ ਦੇ ਵਿਸ਼ਿਆਂ ਦਾ ਤਤਕਰਾ ਨਾਰੰਗ (ਉਪਰੋਕਤ ਰਚਨਾ, ਪਰਿਸ਼ਿਸ਼ਟ 1, ਪੰਨਾ 365, 367) ਅਤੇ ਟੀ. ਬੈਨਰਜੀ (ਉਪਰੋਕਤ, ਰਚਨਾ, ਅਧਿਆਇ xvii ਦੁਆਰਾ ਦਿੱਤਾ ਗਿਆ ਹੈ।

—ਗੁਰ ਸੋਭਾ ਕ੍ਰਿਤ ਸੈਨਾ ਪਤ

ਗੁਰੂ ਜੀ ਦੀਆਂ ਆਪਣੀਆਂ ਰਚਨਾਵਾਂ ਤੋਂ ਇਲਾਵਾ ਗੁਰੂ ਜੀ ਸੰਬੰਧੀ ਇਹ ਮਹੱਤਵ-ਪੂਰਨ ਰਚਨਾ ਹੈ। ਲੇਖਕ ਸੈਨਾ ਪਤ, ਗੁਰੂ ਜੀ ਦੀ ਸੇਵਾ ਵਿਚ ਇਕ ਕਵੀ ਸੀ, ਇਸ ਲਈ ਉਨ੍ਹਾਂ ਦਾ ਗੂੜ੍ਹਾ ਸੰਗੀ ਸੀ। ਕੁਝ ਘਟਨਾਵਾਂ ਦਾ ਉਹ ਆਪ ਗਵਾਹ ਪ੍ਰਤੀਤ ਹੁੰਦਾ ਹੈ ਅਤੇ ਦੂਜੀਆਂ ਦਾ ਉਹ ਭਰੋਸੇ ਯੋਗ ਵਿਅਕਤੀਆਂ ਤੋਂ ਸੁਣ ਕੇ ਵਰਣਨ ਕਰਦਾ ਹੈ (viii, 7)। ਅਮਲੀ ਤੌਰ ਤੇ, ਜਿਥੋਂ ਤਕ ਗੁਰੂ ਜੀ ਦੇ ਖਾਲਸਾ-ਪਸ਼ਚਾਤ ਕਾਲ ਦਾ ਸੰਬੰਧ ਹੈ, ਇਹ ਇਕੋ ਇਕ ਸਮਕਾਲੀ ਬਿਰਤਾਂਤ ਹੈ, ਸੋ ਇਸ ਦੀ ਮਹੱਤਾ ਪ੍ਰਤੱਖ ਹੈ। ਸੈਨਾਪਤ ਕਹਿੰਦਾ ਹੈ ਕਿ ਇਹ ਰਚਨਾ ਉਸਨੇ ਭਾਦੋਂ ਸੰਮਤ 1758 ਵਿਚ ਆਰੰਭ ਕੀਤੀ ਸੀ ਜਿਹੜਾ ਕਿ ਅਗਸਤ-ਸਤੰਬਰ 1701 ਦੇ ਬਰਾਬਰ ਹੈ। (ਗੁਰ ਸੋਭਾ i, 6)। ਐਪਰ ਕੁਝ 'ਅਠਾਵਨ' ਨੂੰ 'ਅਠਾਨਵ' ਪੜ੍ਹਦੇ ਹਨ ਅਤੇ ਇਸ ਨੂੰ 1741 ਵਿਚ ਸੰਪੂਰਨ ਹੋਈ ਦਸਦੇ ਹਨ। ਪਰ ਅਸੀਂ ਪਹਿਲੀ ਮਿਤੀ ਨੂੰ ਵਧੇਰੇ ਮੰਨਣ ਲਈ ਤਿਆਰ ਹਾਂ ਕਿਉਂਕਿ ਸਾਨੂੰ ਹੋਰ ਕੋਈ ਅਜੇਹਾ ਕਾਰਨ ਨਹੀਂ ਸੁਝਦਾ ਕਿ ਸੈਨਾ ਪਤ ਵਰਗੇ ਕਵੀ ਅਤੇ ਵਿਦਵਾਨ ਵਿਅਕਤੀ ਨੇ ਇਸ ਦੀ ਰਚਨਾ ਨੂੰ ਅੱਗੇ ਕਿਉਂ ਪਾਇਆ ਹੋਵੇਗਾ, ਜਦ ਕਿ ਉਹ ਬੁੱਢਾ ਹੋ ਗਿਆ ਹੋਵੇਗਾ। ਪਰੰਤੂ ਫਿਰ ਵੀ ਇਹ ਸਚਾਈ ਬਣੀ ਰਹਿੰਦੀ ਹੈ ਕਿ ਕੇਵਲ ਇਹੋ ਇਕ ਹੀ ਬਿਰਤਾਂਤ ਹੈ ਜੋ ਗੁਰੂ ਜੀ ਤੇ ਗੂੜ੍ਹੇ ਸੰਗੀ ਦੀ ਰਚਨਾ ਹੈ। ਇਸ ਲਈ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਅਤੇ ਕਾਰਨਾਮਿਆਂ ਸੰਬੰਧੀ ਰਚਨਾਵਾਂ ਵਿਚੋਂ ਇਸ ਨੂੰ ਪ੍ਰਥਮ ਥਾਂ ਦੇਣੀ ਚਾਹੀਦੀ ਹੈ।

—ਗੁਰ ਬਿਲਾਸ (ਛੇਵੇਂ ਗੁਰੂ ਜੀ ਦਾ ਜੀਵਨ)

ਲੇਖਕ ਦਾ ਨਾਂ ਪਤਾ ਨਹੀਂ ਹੈ। ਐਪਰ ਉਥਾਨਕਾ ਵਿਚ ਇਹ ਕਿਹਾ ਗਿਆ ਹੈ ਕਿ ਉਸ ਨੇ ਕਹਾਣੀ ਇਕ ਧਰਮ ਸਿੰਘ ਨਾਮੀ ਵਿਅਕਤੀ ਤੋਂ ਸੁਣੀ ਸੀ ਜਿਹੜਾ ਕਿ ਨਨਕਾਣੇ ਵਿਚ ਹਾਜ਼ਰ ਸੀ ਜਦ ਮਨੀ ਸਿੰਘ ਨੇ ਇਹ ਵਾਰਤਾ ਸੁਣਾਈ ਸੀ। ਮਨੀ ਸਿੰਘ ਨੇ ਇਹ ਵਾਰਤਾ ਅੱਗੋਂ ਭਾਈ ਦਇਆ ਸਿੰਘ ਤੋਂ ਸੁਣੀ ਸੀ ਜਿਸਨੇ ਅਗੋਂ ਗੁਰੂ ਗੋਬਿੰਦ ਸਿੰਘ ਜੀ ਤੋਂ ਸੁਣੀ ਸੀ। ਰਚਨਾ 1718 ਈ. ਵਿਚ ਸੰਪੂਰਨ ਹੋਈ ਦੱਸੀ ਜਾਂਦੀ ਹੈ। ਐਪਰ ਮੈਕਾਲਿਫ ਕਹਿੰਦਾ ਹੈ ਕਿ ਭਾਈ ਕਾਹਨ ਸਿੰਘ ਦੇ ਵਿਚਾਰ ਅਨੁਸਾਰ "ਇਸ ਰਚਨਾ ਦਾ ਸੰਕਲਨ ਭਾਈ ਗੁਰਮੁਖ ਸਿੰਘ ਅਤੇ ਭਾਈ ਦਰਬਾਰਾ ਸਿੰਘ ਨੇ ਕੀਤਾ ਸੀ ਜਿਹੜੇ ਕ੍ਰਮਵਾਰ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਗ੍ਰੰਥੀ ਅਤੇ ਗਵੱਈਆ ਸਨ। ਇਨ੍ਹਾਂ ਨੇ ਕੰਮ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਆਰੰਭ ਕੀਤਾ ਅਤੇ ਮਹਾਰਾਜਾ ਸ਼ੇਰ ਸਿੰਘ ਦੇ ਸਮੇਂ ਖਤਮ ਕੀਤਾ ਸੀ।" ਇਸ ਦੇ ਮੂਲ ਬਾਰੇ ਸਚਾਈ ਕੁਝ ਵੀ ਹੋਵੇ ਐਪਰ ਇਸ ਵਿਚ ਕਥਾਵਾਂ ਅਤੇ ਮਿਥਿਹਾਸ ਦੀ ਭਰਪੂਰਤਾ ਹੈ ਅਤੇ ਇਤਿਹਾਸ ਦੇ ਮੰਤਵ ਲਈ ਬਹੁਤੀ ਲਾਭਦਾਇਕ ਨਹੀਂ ਹੈ।

—ਗੁਰ ਬਿਲਾਸ (ਦਸਵੇਂ ਗੁਰੂ ਜੀ ਦਾ ਜੀਵਨ) ਕ੍ਰਿਤ ਭਾਈ ਸੁਖਾ ਸਿੰਘ

ਭਾਈ ਸੁਖਾ ਸਿੰਘ ਅਨੰਦਪੁਰ ਦਾ ਵਸਨੀਕ ਸੀ ਅਤੇ ਕੇਸਗੜ੍ਹ ਵਿਖੇ ਗ੍ਰੰਥ ਸਾਹਿਬ ਦਾ ਵਿਆਖਿਆਕਾਰ ਸੀ ਜਿਥੇ ਗੁਰੂ ਗੋਬਿੰਦ ਸਿੰਘ ਜੀ ਨੇ 'ਪਹੁਲ' ਦੁਆਰਾ ਅੰਮ੍ਰਿਤ ਪਾਨ

ਕਰਨ ਦਾ ਨਵਾਂ ਢੰਗ ਚਲਾਇਆ ਸੀ। ਇਸ ਲਈ ਉਹ ਉਸ ਇਲਾਕੇ ਦਾ ਚੰਗੀ ਤਰ੍ਹਾਂ ਵਾਕਫ ਸੀ ਜਿਥੇ ਗੁਰੂ ਜੀ ਦੇ ਜੀਵਨ ਦੇ ਅਤਿ ਮਹੱਤਾ ਵਾਲੇ ਕਾਰਨਾਮੇ ਹੋਏ ਸਨ। ਉਸ ਨੇ ਆਪਣੀ ਰਚਨਾ 1797 ਵਿਚ ਸੰਪੂਰਨ ਕੀਤੀ ਸੀ। ਇਸ ਸਮੇਂ ਦੇ ਦੌਰਾਨ ਵਿਚ ਗੁਰੂ ਗੋਬਿੰਦ ਸਿੰਘ ਸੰਬੰਧੀ ਕਈ ਕਥਾਵਾਂ ਬਣ ਚੁਕੀਆਂ ਸਨ, ਅਤੇ ਨਿਰਸੰਦੇਹ ਇਨ੍ਹਾਂ ਵਿਚੋਂ ਕੁਝ ਦਾ ਸੁਖਾ ਸਿੰਘ ਦੇ ਬਿਰਤਾਂਤ ਵਿਚ ਰਲਾ ਹੈ। ਫਿਰ ਵੀ ਇਹ ਸਭ ਤੋਂ ਪਹਿਲਾ ਅਤੇ ਪਿਛਲੇਰੇ ਉਲੇਖਾਂ ਵਿਚੋਂ ਸਭ ਤੋਂ ਚੰਗਾ ਹੈ। ਜੇਕਰ ਇਸ ਦੀ ਵਰਤੋਂ ਸਮਝ ਸੋਚ ਕੇ ਕੀਤੀ ਜਾਵੇ ਤਾਂ ਕੁਝ ਨਤੀਜੇ ਕੱਢੇ ਜਾ ਸਕਦੇ ਹਨ।

2. ਫਾਰਸੀ

ਇਸ ਸਿਰਲੇਖ ਹੇਠ ਆਏ ਉਲੇਖਾਂ ਵਿਚੋਂ ਕੁਝ ਸਿੱਖ ਹਨ ਅਤੇ ਕੁਝ ਗੈਰ ਸਿੱਖ। ਪਹਿਲਾਂ ਪ੍ਰਕਾਰ ਦੇ ਉਲੇਖਾਂ ਵਿਚੋਂ ਹੇਠ ਲਿਖੇ ਅਧਿਕ ਮਹੱਤਾ ਵਾਲੇ ਹਨ :—

(1) ਜ਼ਫਰਨਾਮਾ ਜਾਂ ਔਰੰਗਜ਼ੇਬ ਨੂੰ ਫਾਰਸੀ ਵਿਚ ਲਿਖੀ ਚਿੱਠੀ

ਵਿਸ਼ਵਾਸ ਕੀਤਾ ਜਾਂਦਾ ਹੈ ਕਿ ਇਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਦੀਨੇ ਲਿਖਿਆ ਸੀ ਜਿਥੇ ਕਿ ਉਹ ਚਮਕੌਰ ਅਤੇ ਖਿਦਰਾਣੇ ਵਿਚਾਲੇ ਕੁਝ ਸਮਾਂ ਠਹਿਰੇ ਸਨ। ਸਾਡਾ ਵਿਚਾਰ ਹੈ ਕਿ ਇਹ ਪਿਛਲੇਰਾ ਅਤੇ ਸੋਧਿਆ ਹੋਇਆ ਰੂਪ ਹੈ ਅਤੇ ਇਸ ਦੀ ਪ੍ਰਮਾਣਿਕਤਾ ਉਤੇ ਵੀ ਸਾਨੂੰ ਪੂਰਾ ਨਿਸ਼ਚਾ ਨਹੀਂ ਹੈ।

(2) ਜ਼ਿੰਦਗੀ ਨਾਮਾ

ਇਹ ਫਾਰਸੀ ਕਵਿਤਾਵਾਂ ਭਾਈ ਨੰਦ ਲਾਲ ਦੀ ਕ੍ਰਿਤ ਹਨ। ਇਹ ਉਹੀ ਵਿਅਕਤੀ ਜਾਪਦਾ ਹੈ ਜਿਹੜਾ ਗੁਰੂ ਜੀ ਅਤੇ ਬਹਾਦਰ ਸ਼ਾਹ ਵਿਚਾਲੇ ਵਿਚੋਲਾ ਸੀ। ਜਿਥੋਂ ਤਕ ਗੁਰੂ ਜੀ ਦੇ ਜੀਵਨ ਦੀਆਂ ਵਾਸਤਵਿਕ ਘਟਨਾਵਾਂ ਦਾ ਸੰਬੰਧ ਹੈ, ਇਨ੍ਹਾਂ ਦੀ ਬਹੁਤੀ ਮਹੱਤਾ ਨਹੀਂ ਹੈ ਪਰੰਤੂ "ਉਸ ਦੀਆਂ ਇਹ ਰਚਨਾਵਾਂ ਪ੍ਰਗਟ ਕਰਦੀਆਂ ਹਨ ਕਿ ਗੁਰੂ ਜੀ ਦੇ ਦਰਸ਼ਕਾਂ ਵਿਚ ਉਨ੍ਹਾਂ ਦਾ ਵਿਅਕਤਿਤਵ ਕਿੰਨਾ ਡੂੰਘਾ ਸਤਿਕਾਰ ਪੈਦਾ ਕਰਦਾ ਸੀ, ਅਤੇ ਸਿੱਖ ਧਰਮ ਦੇ ਬਹੁਤ ਸਾਰੇ ਸਿੱਧਾਂਤਾਂ ਦੀ ਵਿਆਖਿਆ ਵੀ ਕਰਦੀਆਂ ਹਨ।"

ਦੂਜੀ ਵੰਨਗੀ ਦੀਆਂ ਅਨੇਕਾਂ ਕ੍ਰਿਤਾਂ ਪੁਸਤਕ ਦੇ ਪਾਠ ਅਤੇ ਪਦ-ਟਿਪਣੀਆਂ ਵਿਚ ਗਿਣੀਆਂ ਗਈਆਂ ਹਨ। ਮੰਦੇ ਭਾਗਾਂ ਨੂੰ ਸਮਕਾਲੀ ਮੁਸਲਮਾਨੀ ਲਿਖਤਾਂ ਸਿੱਖ ਇਤਿਹਾਸ ਦੀਆਂ ਘਟਨਾਵਾਂ ਸੰਬੰਧੀ ਚੁਪ ਹਨ। ਸਾਨੂੰ ਕਿਤੇ ਕਿਤੇ ਇਕੇ ਦੁੱਕੇ ਹਵਾਲੇ ਮਿਲਦੇ ਹਨ, ਇਹ ਵੀ ਟਾਵੇਂ ਟਾਵੇਂ ਹਨ। ਨਿਰਸੰਦੇਹ ਇਹ ਕੁਝ ਮਸਲਿਆਂ ਉਤੇ ਰਵਾਇਤੀ ਉਲੇਖਾਂ ਦੀ ਪੜਤਾਲ ਕਰਨ ਵਿਚ, ਅਤੇ ਕੁਝ ਹੱਦ ਤਕ ਕਾਲ-ਕ੍ਰਮ ਵਿਚ ਸਾਡੀ ਸਹਾਇਤਾ ਕਰਦੇ ਹਨ। ਪਰੰਤੂ ਸਮੁਚੇ ਤੌਰ ਤੇ ਇਹ ਇੰਨੇ ਅਲਪ ਹਨ ਕਿ ਸਹੀ ਅਰਥਾਂ ਵਿਚ ਇਨ੍ਹਾਂ ਨੂੰ ਸਰੋਤ ਨਹੀਂ ਕਿਹਾ ਜਾ ਸਕਦਾ। ਇਹ ਇਨ੍ਹਾਂ ਲਈ ਰਾਹ ਦੱਸਣ ਵਾਲੇ ਹੋ ਸਕਦੇ ਹਨ ਜਿਨ੍ਹਾਂ ਨੇ ਸਿੱਖ ਲਿਖਤਾਂ ਨੂੰ ਕਦੇ ਵਾਚਿਆ ਨਹੀਂ ਹੈ। ਇਸ ਤੱਥ ਤੋਂ ਇਲਾਵਾ ਕਿ ਸਿੱਖ ਸਾਹਿਤ ਦਾ ਅਧਿਐਨ ਕੀਤੇ ਬਿਨਾਂ ਸਿੱਖ ਇਤਿਹਾਸ ਦੀ ਸੂਝ ਪ੍ਰਾਪਤ ਨਹੀਂ ਕੀਤੀ ਜਾ ਸਕਦੀ, ਮੁਸਲਮਾਨ ਉਲੇਖਾਂ ਦੀ ਵਕਾਲਤ ਕਰਨ ਵਾਲਿਆਂ ਨੂੰ ਇਹ ਯਾਦ ਰੱਖਣਾ ਚਾਹੀਦਾ

ਹੈ ਕਿ ਇਤਿਹਾਸਿਕ ਅਧਿਐਨ ਲਈ ਕੋਈ ਬਣਿਆ ਬਣਾਇਆ ਸਿੱਧਾ ਢੰਗ ਨਹੀਂ ਹੈ। ਇਸ ਵਿਚ ਸ਼ੱਕ ਨਹੀਂ ਕਿ ਕੁਝ ਮੋਟੇ ਸਿੱਧਾਂਤ ਹੁੰਦੇ ਹਨ ਜਿਨ੍ਹਾਂ ਦੀ ਸਭਨਾ ਘਟਨਾਵਾਂ ਵਿਚ ਪਾਲਣਾ ਕਰਨੀ ਪੈਂਦੀ ਹੈ ਪਰੰਤੂ ਵਿਧੀ, ਮਿਲਦੀ ਸਾਮਗ੍ਰੀ ਦੇ ਸੁਭਾ ਅਨੁਸਾਰ ਸਮੇਂ ਸਮੇਂ ਅਤੇ ਵਿਸ਼ੇ ਵਿਸ਼ੇ ਅਨੁਸਾਰ ਅੱਵਸ਼ ਬਦਲਣੀ ਚਾਹੀਦੀ ਹੈ। ਜੇਕਰ ਇਹ ਲੋਕ ਕੁਝ ਆਪਣੇ ਆਪ ਉਗਮ ਆਵੇਗਾ ਦੀ ਉਡੀਕ ਕਰ ਰਹੇ ਹਨ ਤਾਂ ਇਨ੍ਹਾਂ ਨੂੰ ਕਿਆਮਤ ਦੇ ਦਿਨ ਤਕ ਉਡੀਕ ਕਰਨੀ ਪਵੇਗੀ।

3. ਅੰਗ੍ਰੇਜ਼ੀ

Later Mughals, Vol. I, by William Irvine.

ਗੁਰੂ ਜੀ ਦੇ ਸਮੇਂ ਦੇ ਸਿੱਖਾਂ ਦਾ ਉਲੇਖ, ਸਿੱਖ ਉਲੇਖਾਂ ਦੇ ਮੁਕਾਬਲੇ ਵਿਚ ਬਹੁਤ ਹੀ ਥੋੜਾ ਅਤੇ ਸਿਥਲ ਹੈ। ਪਰੰਤੂ ਸਮਕਾਲੀ ਫਾਰਸੀ ਉਲੇਖਾਂ ਦੇ ਕੁਝ ਇਕ ਹਵਾਲੇ ਦੇਣ ਕਾਰਨ ਇਹ ਵਡਮੁਲੀ ਕ੍ਰਿਤ ਹੈ।

Life of Guru Gobind Singh by Kartar Singh.

ਗੁਰੂ ਜੀ ਦੇ ਜੀਵਨ ਦਾ ਵਾਸਤਵਿਕ ਉਲੇਖ ਦੇਣ ਨਾਲੋਂ ਲੇਖਕ ਸਗੋਂ ਉਨ੍ਹਾਂ ਗੱਲਾਂ ਨੂੰ ਦੂਰ ਕਰਨ ਨਾਲ ਵਾਸਤਾ ਰਖਦਾ ਹੈ ਜਿਨ੍ਹਾਂ ਨੂੰ ਉਹ ਗੁਰੂ ਜੀ ਦੀ ਯਾਦ ਉਤੇ ਦਾਗ ਸਮਝਦਾ ਹੈ।

Sikhism—its Ideals Institutions, by Teja Singh.

ਇਕ ਅਤਿ ਚੰਗੀ ਅਤੇ ਲਾਭਦਾਇਕ ਪੁਸਤਕ ਹੈ।

ਹੇਠ ਲਿਖੀਆਂ ਪੁਸਤਕਾਂ ਵੀ, ਇਕ ਜਾਂ ਦੂਜੇ ਨਾਲ ਲਾਭਦਾਇਕ ਸਿੱਧ ਹੋਈਆਂ ਹਨ :—

Punjab Castes by Denzil Ibbetson.
Punjab Customary Law by Tupper.
Simla Hill States Gazetteer.

ਖਾਲਸੇ ਦੀ ਉਤਪਤੀ

ਜਿਲਦ ਦੂਜੀ

ਇੰਦੂਭੂਸ਼ਨ ਬੈਨਰਜੀ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਅਨੁਕ੍ਰਮਣਿਕਾ